# ਸੰਤਾਂ ਦੇ ਕੌਤਕ...?

## (ਗੁਰਮਤਿ ਦੀ ਕਸਵੱਟੀ 'ਤੇ)

ਭਾਗ - ਦੂਜਾ



ਲੇਖਕ:
ਭਾਈ ਸੁਖਵਿੰਦਰ ਸਿੰਘ 'ਸਭਰਾ'

# SANTAN DE KAUTAK...?

**Part II**

*by*

**Bhai Sukhwinder Singh 'Sabhra'**

ਨੋਟ : ਜੇਕਰ ਕੋਈ ਚਾਹੇ ਤਾਂ ਇਸ ਕਿਤਾਬ ਨੂੰ ਹੂ-ਬ-ਹੂ ਛਾਪ ਕੇ ਵੰਡ ਸਕਦਾ ਹੈ।


ਪਹਿਲੀ ਵਾਰ : ਅਪ੍ਰੈਲ 2005

ਗਿਣਤੀ : 3000

ਮੁੱਲ : 50 ਰੁਪਏ

ਪ੍ਰਕਾਸ਼ਕ

**ਭਾਈ ਸੁਖਵਿੰਦਰ ਸਿੰਘ 'ਸਭਰਾ'**

ਨਿਸ਼ਕਾਮ ਪ੍ਰਚਾਰਕ ਗੁਰਮਤਿ ਸਿਧਾਂਤ,

ਪਿੰਡ ਤੇ ਡਾਕਖਾਨਾ ਸਭਰਾ, ਤਹਿ: ਪੱਟੀ, ਜ਼ਿਲਾ ਅੰਮ੍ਰਿਤਸਰ

ਫ਼ੋਨ : 01851-257728 ਮੋਬਾਈਲ : **9814645442**

ਇਸ ਪੁਸਤਕ ਦੇ ਵਿਚਾਰਾਂ
ਨਾਲ ਨਾਮਧਾਰੀ ਈ-ਲਾਇਬ੍ਰੇਰੀ
ਦੀ ਸਹਿਮਤੀ ਨਹੀ ਹੈ।
ਸਿਰਫ ਪਾਠਕਾਂ ਦੀ ਜਾਣਕਾਰੀ
ਵਾਸਤੇ ਪੇਸ਼ ਕੀਤੀ ਹੈ।

Disclaimer

Some books on Sikhism may contain some contents which may not be as per Namdhari doctrines. These books have been included in this library purely for research and exploration purposes.

The views expressed in this Library is purely authors own and we cannot accept any liabilities. Some of the books have been included for their significance as part of developing historic events.

The readers need to use their fair judgment as to the true facts of history and not be carried away by the writer's own prejudices.

# ਸੰਤਾਂ ਦੇ ਕੌਤਕ....?

## ਇਥੋਂ ਕਿਤਾਬ ਪ੍ਰਾਪਤ ਹੋ ਸਕਦੀ ਹੈ

1. ਖਾਲਸਾ ਪੰਚਾਇਤ ਚੰਡੀਗੜ੍ਹ। ਫ਼ੋਨ: 98141-04726
2. ਨਿਆਰਾ ਖਾਲਸਾ ਜਥੇਬੰਦੀ, ਦਫ਼ਤਰ ਪੰਜਾਬੀ ਬਾਗ, ਲੁਧਿਆਣਾ।
3. ਭਾਈ ਸੁਖਵਿੰਦਰ ਸਿੰਘ ਲੁਧਿਆਣਾ, ਫ਼ੋਨ: 98551-11984
4. ਦਫ਼ਤਰ ਮਨੁੱਖੀ ਅਧਿਕਾਰ ਸੰਗਠਨ, ਪੱਟੀ। ਫ਼ੋਨ: 94173-93633
5. ਨੌਜਵਾਨ ਵਿਕਾਸ ਸਭਾ, ਗੋਇੰਦਵਾਲ, ਫ਼ੋਨ: 94171-58446
6. ਅਕਾਲ ਸਹਾਇ ਸੋਸਾਇਟੀ, ਚੰਡੀਗੜ੍ਹ ਮਾਰਫ਼ਤ ਜਸਬੀਰ ਕੌਰ, ਮਕਾਨ ਨੰ: 420, ਪੁਲਿਸ ਕਲੋਨੀ, ਸੈਕਟਰ 26, ਚੰਡੀਗੜ੍ਹ, ਫ਼ੋਨ: 0172-2793920, 5187045
7. ਗੁਰਮਤਿ ਪ੍ਰਚਾਰ ਕੇਂਦਰ, ਭਿੱਖੀਵਿੰਡ, ਫ਼ੋਨ: 98721-97473
8. ਗੁਰਮਤਿ ਸਿਧਾਂਤ ਪ੍ਰਚਾਰਕ ਜਥੇਬੰਦੀ, ਪਿੰਡ ਤੇ ਡਾਕਖਾਨਾ, ਸਭਰਾਂ ਫ਼ੋਨ: 01851-257728 (ਮੋਬਾਈਲ) :


**AZAD BOOK DEPOT**

**HALL BAZAR, AMRITSAR. TEL.: 0183- 2292513**

# ਤਤਕਰਾ

ਪਹਿਲੀ ਪੁਸਤਕ ਬਾਰੇ ਆਏ ਵਿਚਾਰ 8
ਮੇਰੇ ਵੀਰ 12
ਜੋੜਦੇ ਹਨ ਕਿ ਤੋੜਦੇ ਹਨ 15
ਇਕ ਭਰਮ ਹੋਰ ਵੀ 16
ਸ਼ਰਧਾ ਕਿ ਅੰਧਵਿਸ਼ਵਾਸ 16
ਪੰਥਕ ਮਰਯਾਦਾ ਵਿਰੁੱਧ ਸੰਤਾਂ ਦੀ ਮਰਯਾਦਾ 18
ਖਾਲਸਾ ਜੀ ਜਾਗੋ, ਸੰਤ ਬਾਬੇ ਤਿਆਗੋ 21
ਸੰਤ ਬਾਬਿਆਂ ਦੀ ਪ੍ਰਸਿੱਧੀ ਫੈਲਣ ਦਾ ਕਾਰਨ 22
ਖ਼ੁਦਗਰਜ਼ੀ ਕਿ ਮਰਯਾਦਾ 24
ਸੰਤ ਪਦ ਨਿਰਣੇ (ਲਿਖਤ ਭਾਈ ਰਣਧੀਰ ਸਿੰਘ) 26
ਐਸੇ ਸੰਤ ਨ਼ਾ ਮੋਕਉ ਭਾਵਹਿ 47
ਪਰ ਅੱਜ ਦੀ ਹਾਲਤ 53
ਅਜਮਾਓ ਤੇ ਪਰਖੋ 53
ਸਾਧ ਨ ਦਿਸੈ ਜਗ ਵਿਚ ਕੋਆ 55
ਨਾਨਕਸਰੀਆ ਅਮਰ ਸਿੰਘ 58
ਬਾਬਾ ਵਿਰਸਾ ਸਿੰਘ ਦਿੱਲੀ ਵਾਲਾ 62
ਸੰਤ ਮੰਗਲ ਸਿੰਘ ਸਤਲਾਣੀ 64
ਸੰਤਾਂ ਦੇ ਦੀਵਾਨ ਜਾਂ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ 66
ਪਾਖੰਡੀ ਸਾਧ 66
ਸੰਤ ਦਲੇਰ ਸਿੰਘ ਖੇੜੀ (ਸੰਗਰੂਰ) 67
ਸੰਤ ਮਹਿੰਦਰ ਸਿੰਘ ਗਨੇਸ਼ਪੁਰ (ਅੰਬਾਲਾ) 68
ਸੰਤ ਧਨਵੰਤ ਸਿੰਘ 71
ਸੰਤ ਨਰਿੰਦਰ ਸਿੰਘ ਗਰੇਵਾਲ 71
ਨਾਨਕਸਰੀਏ ਸਾਧ 73
ਬਾਬਾ ਪਿਤਾ ਸ਼ਹੀਦ ਢਾਬਸਰੀਆ 75
ਮੁੰਡੇ ਦੇਣ ਵਾਲਾ ਬਾਬਾ 77
ਬਾਬਾ ਮੇਜਰ ਸਿੰਘ ਵਾਂ ਵਾਲਾ 78
ਸੰਤ ਸ਼ਮਸ਼ੇਰ ਸਿੰਘ ਜਗੇੜਾ 79
ਸੰਤ ਪ੍ਰਮਜੀਤ ਸਿੰਘ ਮਾਹਲਪੁਰ, ਸੰਤ ਅਮਰ ਸਿੰਘ 81
ਪ੍ਰਗਟ ਸਿੰਘ ਝਾੜੂਸਾਬੀਆ 82
ਮੁਆਫ਼ੀਨਾਮਾ 84

| | |
|---|---|
| ਸੰਤ ਬਲਜੀਤ ਸਿੰਘ ਦਾਦੂਵਾਲ | 85 |
| ਜੋਰਾ ਸਿੰਘ ਬੱਧਨੀਕਲਾਂ ਵਾਲਾ | 85 |
| ਰਤਵਾੜੇ ਵਾਲੇ | 86 |
| ਪਬਲਿਕ ਨੋਟਿਸ | 87 |
| ਪਬਲਿਕ ਨੋਟਿਸ | 87 |
| ਬਾਬਾ ਬੁੱਢਾ ਜੀ ਦੇ ਨਾਂ ਨੂੰ ਕਲੰਕਤ ਕਰਨ ਵਾਲੇ | 88 |
| ਕਿਉਂ ਜਾਂਦੀਆਂ ਨੇ ਔਰਤਾਂ ਪਾਖੰਡੀ ਸਾਧੂਆਂ ਦੇ ਡੇਰਿਆਂ 'ਤੇ | 90 |
| ਜਦੋਂ ਲੈਚੀਆਂ ਕੰਮ ਆਈਆਂ | 93 |
| ਸੰਤ ਵਰਿਆਮ ਸਿੰਘ ਰਤਵਾੜਾ | 96 |
| ਸੰਤ ਰਣਜੀਤ ਸਿੰਘ ਢੱਡਰੀਆਂ ਵਾਲਾ | 103 |
| ਦੇਹਧਾਰੀ ਗੁਰੂਡੰਮ / ਅਜੋਕਾ ਸੰਤਡੰਮ } ਦੋਹਾਂ ਦੇ ਇਕੋ ਕੰਮ | 110 |
| ਸੰਤ ਦਰਸ਼ਨ ਸਿੰਘ ਤਪੋਬਨ ਢੱਕੀ ਵਾਲਾ | 113 |
| ਸੰਤ ਬਲਵਿੰਦਰ ਸਿੰਘ ਕੋਰਾਲੀ | 113 |
| ਬਾਬਾ ਠਾਕੁਰ ਸਿੰਘ ਦਮਦਮੀ ਟਕਸਾਲ (ਮਹਿਤਾ) | 114 |
| ਸੰਤ ਬਾਬਾ ਹਰਨਾਮ ਸਿੰਘ ਧੁੰਮਾਂ | 117 |
| ਬਾਬਾ ਸਰਬਜੋਤ ਸਿੰਘ ਬੇਦੀ | 118 |
| ਸੰਤ ਮਾਨ ਸਿੰਘ ਪਿਹੋਵਾ ਵਾਲੇ | 118 |
| ਕਾਰ ਸੇਵਾ ਵਾਲੇ ਬਾਬੇ | 120 |
| ਕਾਰਸੇਵਾ ਦੇ ਨਾਂ ਤੇ ਠੱਗੀ | 123 |
| ਕਾਰਸੇਵਾ ਵਾਲਾ ਬਾਬਾ ਸੁੱਖਾ ਸਿੰਘ, ਹਾਕਮ ਸਿੰਘ ਸਰਹਾਲੀ | 123 |
| ਕੀ ਕਾਰਸੇਵਾ ਵਾਲੇ ਗੁਰੂ ਸਾਹਿਬਾਂ ਦੇ ਅਵਤਾਰ ਹਨ? | 123 |
| ਬਾਬਾ ਦਰਸ਼ਨ ਸਿੰਘ ਬੀੜ ਸਾਹਿਬ | 125 |
| ਨਿਹੰਗ ਅਜੀਤ ਸਿੰਘ ਪੂਹਲਾ | 125 |
| ਕੁਝ ਜਥੇਦਾਰਾਂ ਬਾਰੇ | 126 |
| ਧਰਮ ਪ੍ਰਚਾਰ ਕਮੇਟੀ ਦੀ ਅਗਿਆਨਤਾ ਕਿ ਗੋਲਕ ਦਾ ਮੋਹ | 128 |
| ਕੁਝ ਹੱਡਬੀਤੀਆਂ/ਜੱਗ ਬੀਤੀਆਂ | 129 |
| ਪਹੁੰਚਿਆ ਹੋਇਆ ਬਾਬਾ | 131 |
| ਦਰਖਤਾਂ ਦੇ ਪੱਤੇ ਪ੍ਰਸ਼ਾਦ ਦੇਣ ਵਾਲਾ ਬਾਬਾ | 131 |
| ਕੀਰਤਨੀਏ ਰਾਗੀਆਂ ਵਲੋਂ ਮਨਮੱਤ ਦਾ ਪ੍ਰਚਾਰ | 132 |
| ਰਾੜੇ ਵਾਲੇ ਬਾਬੇ | 136 |
| ਸ਼ਰਾਬ ਪ੍ਰੇਮੀ ਬਾਬੇ | 133 |

ਸੇਵਾ ਗੁਰੂ ਦੀ ਜਿੰਦੜੀਏ ਬੜੀ ਔਖੀ 133
ਵਿਸ਼ਵਾਸਘਾਤ 134
ਅਖੰਡ ਕੀਰਤਨੀ ਜਥਾ ਦੋਫਾੜ 135
ਡੇਰੇਦਾਰ ਵੀ ਕਿਰਾਏ ਤੇ ਪਾਠੀ ਲਿਆਉਂਦੇ 136
ਧਰਮ ਉਹਲੇ ਕੁਕਰਮ 137
ਸੰਤ ਮਾਨ ਸਿੰਘ ਪਿਹੋਵਾ ਵਾਲੇ ਤੇ ਕਾਰਵਾਈ ਦੀ ਮੰਗ 140
ਸੰਤ ਸੁਖਚੈਨ ਸਿੰਘ ਲੱਧੂ ਵਾਲਾ 140
ਸੰਤ ਸਰੂਪ ਸਿੰਘ ਚੰਡੀਗੜ੍ਹ 141
ਇੰਗਲੈਂਡ ਵਾਸੀ ਬਾਬਾ ਕਰਨੈਲ ਸਿੰਘ ਨੌਗਜਾ 141
ਦੇਹਧਾਰੀ ਗੁਰੂਡੰਮ (ਰਾਧਾਸੁਆਮੀ) 142
ਨਕਲੀ ਨਿਰੰਕਾਰੀ 147
ਨਾਮਧਾਰੀ (ਕੂਕਾ ਡੰਮ) 153
ਪਿਆਰਾ ਭਨਿਆਰੇ ਵਾਲਾ 163
ਨਕਲੀ ਗੁਰੂ ਆਸ਼ੂਤੋਸ਼ ਨੂਰਮਹਿਲੀਆ 177
ਸੱਚੇ ਸੌਦੇ ਵਾਲਾ ਗੁਰਮੀਤ ਰਾਮ ਰਹੀਮ ਸਿੰਘ 189
ਢੇਸੀਆਂ ਵਾਲਾ ਗੁਰੂ ਗੁਰਮੇਲ ਸਿੰਘ 194
ਵਡਭਾਗ ਸਿੰਘ ਗੁਰੂਡੰਮ 195
ਦੇਹਧਾਰੀ ਗੁਰੂਡੰਮ ਦੇ ਸ਼ੰਕਿਆਂ ਦੇ ਉੱਤਰ 195
ਆਰ.ਐਸ.ਐਸ. 201
ਸ਼ੇਖ ਫੱਤਾ ਦੀ ਕਹਾਣੀ (ਅਸਲੀਅਤ) 202
ਸਾਧ ਤੇ ਸਿਆਸਤ 207
ਗੁਰਮਤ ਤੋਂ ਭਗੌੜੇ ਠੱਗਾਂ ਨੇ ਕਿਵੇਂ ਪੰਥ ਕੀਲਿਆਂ 209
ਮਰਯਾਦਾ ਨੂੰ ਚਣੌਤੀ 212
ਭਾਈ ਮਾਨ ਸਿੰਘ ਦੀ ਦਲੇਰੀ 212
ਸ਼੍ਰੋਮਣੀ ਕਮੇਟੀ ਨੇ ਬਾਬੇ ਦੀ ਕਲਗੀ ਲੁਹਾਈ 214
ਧਰਮ ਪ੍ਰਚਾਰ ਕਮੇਟੀ ਨੇ ਪਾਖੰਡੀ ਸਾਧ ਤੋਂ
ਲਿਖਤੀ ਇਕਰਾਰਨਾਮਾ ਲਿਆ 214
ਸੰਤ ਬਾਬੇ ਲੋਕਾਂ ਨੂੰ ਬੁੱਧੂ ਬਣਾ ਕੇ ਲੁੱਟ ਰਹੇ ਹਨ 216
ਡੇਰੇਵਾਦ, ਪਾਖੰਡਵਾਦ ਵਿਰੁੱਧ ਲਹਿਰ ਸ਼ੁਰੂ ਹੋਵੇ 218
ਡੇਰਿਆਂ ਵਿਚ ਫਸੇ ਸਿੱਖਾਂ ਨੂੰ ਪੰਥ ਵੱਲ ਕਿਵੇਂ ਮੋੜੀਏ 219
ਸਾਧਾਂ ਬਾਰੇ (ਕਵਿਤਾ) 222
ਇਹ ਅਜੋਕੀ ਜਥੇਦਾਰੀ (ਕਵਿਤਾ) 223

# ਜੋਦੜੀ

ਕਲਗੀ ਵਾਲਿਆ ਪੰਥ ਦਿਆ ਮਾਲਕਾ ਜੀ।
ਸਿੱਖ ਸਿਖੀਓਂ ਪਤਿਤ ਕਿਉਂ ਹੋਣ ਲੱਗ ਪਏ।
ਸਿਖੀ ਰਹਿਤ ਮਰਯਾਦਾ ਨੂੰ ਭੁੱਲ ਕੇ ਤੇ,
ਦਾੜ੍ਹੀ ਕੇਸਾਂ ਨੂੰ ਕਤਲ ਕਰਵਾਉਣ ਲੱਗ ਪਏ।
ਹੰਸ ਮਾਨ ਸਰੋਵਰ ਨੂੰ ਛੱਡ ਕੇ ਤੇ
ਢਾਬਾ ਛੱਪੜਾਂ 'ਤੇ ਡੇਰੇ ਲਾਉਣ ਲੱਗ ਪਏ।
ਚੋਗ ਛੱਡ ਕੇ ਸੁੱਚਿਆਂ ਮੋਤੀਆਂ ਦੀ
ਚਿੱਤ ਡੱਡੀਆਂ ਉਤੇ ਭਰਮਾਉਣ ਲੱਗ ਪਏ।
ਗੁਰੂ ਸਾਹਿਬ ਜੀ ਪੰਥ ਦੀ ਸਾਰ ਲੈ ਲਉ
ਤੇਰਾ ਪੰਥ ਨਿਸ਼ਾਨੇ ਤੋਂ ਹਿੱਲ ਚੱਲਿਆ,
ਜਿੰਨ੍ਹਾਂ ਵਿਚੋਂ ਕੀਤਾ ਸੀ ਵੱਖ ਇਹਨੂੰ
ਅੱਜ ਉਹਨਾਂ ਦੇ ਵਿਚ ਹੀ ਮਿਲ ਚੱਲਿਆ।
ਅੱਜ ਉਨ੍ਹਾਂ ਵ੍ਰਿਚ ਹੀ ਮਿਲ ਚੱਲਿਆ।

# ਪਹਿਲੀ ਪੁਸਤਕ ਬਾਰੇ ਆਏ ਵਿਚਾਰ

ਧਾਰਮਿਕ ਪੁਸਤਕ 'ਸੰਤਾਂ ਦੇ ਕੌਤਕ' ਭਾਗ ਪਹਿਲਾ ਦੇ ਸੰਬੰਧ ਵਿਚ ਪਾਠਕਾਂ ਵੱਲੋਂ ਸੈਂਕੜੇ ਟੈਲੀਫੋਨ ਦੇਸ਼ਾਂ ਵਿਦੇਸ਼ ਵਿਚੋਂ ਆਏ ਉਹਨਾਂ ਕੀ ਕਿਹਾ ਮੈਂ ਬਾਅਦ ਵਿਚ ਜ਼ਿਕਰ ਕਰਾਂਗਾ। ਕੇਵਲ 9 ਫੋਨ ਹੁਣ ਤੱਕ ਆਲੋਚਕਾਂ ਦੇ ਆਏ ਹਨ ਪਰ ਜਿਸ ਤਰ੍ਹਾਂ ਵੀ ਅੱਗੋਂ ਕੋਈ ਬੋਲਦਾ ਰਿਹਾ ਹੈ ਮੈਂ ਅੱਗੋਂ ਉਸੇ ਤਰ੍ਹਾਂ ਦਾ ਜਵਾਬ ਦੇਂਦਾ ਰਿਹਾ ਹਾਂ ਕਿਉਂਕਿ ਖੁਸਰਿਆਂ ਵਾਲੀ ਨਿਮਰਤਾ ਵਾਸਤੇ ਸਿੱਖ ਧਰਮ ਅੰਦਰ ਕੋਈ ਥਾਂ ਨਹੀਂ ਜਦੋਂ ਧਾਰਮਿਕ ਆਗੂ ਆਪਣੇ ਫਰਜ਼ਾਂ ਤੋਂ ਪੂਰੀ ਤਰ੍ਹਾਂ ਭੱਜੇ ਹੋਣ, ਗੁਰੂ ਦੇ ਸ਼ਰੀਕ, ਸਿੱਖਾਂ ਦੇ ਦੁਸ਼ਮਣ, ਗੁਰਮਤਿ ਸਿਧਾਂਤ ਨੂੰ ਰੋਲਣੇ ਵਾਲੇ ਮਨਮਰਜ਼ੀਆਂ ਕਰਨ ਵਾਲੇ, ਧਰਮ ਦੇ ਨਾਂ ਤੇ ਝੂਠ ਬੋਲਣ ਵਾਲੇ ਕੌਮ ਦੇ ਅੰਦਰ ਹੀ ਦੁਸ਼ਮਣ ਪੈਦਾ ਹੋ ਗਏ ਤਾਂ ਬਾਹਰ ਆਸੇ ਪਾਸੇ ਤਾਂ ਪਹਿਲਾਂ ਹੀ ਸਿੱਖੀ ਨੂੰ ਖ਼ਤਮ ਕਰਨ ਵਾਲੇ ਦੁਸ਼ਮਣ ਬੈਠੇ ਹੀ ਹਨ। ਜਦੋਂ ਸੱਜਣ ਹੀ ਦੁਸ਼ਮਣ ਬਣ ਜਾਣ ਤਾਂ ਦੁਸ਼ਮਣਾਂ ਦੀ ਕੀ ਲੋੜ ? ਜਾਨੋਂ ਮਾਰ ਦੇਣ ਦੀਆਂ ਧਮਕੀਆਂ ਵੀ ਫੋਨਾਂ ਰਾਹੀਂ ਆਈਆਂ ਹਨ। ਰਾਈਫਲਾਂ ਦੀਆਂ ਧਮਕੀਆਂ ਦੇਣ ਵਾਲਿਆਂ ਨੂੰ ਇਹੀ ਜੁਆਬ ਦਿੱਤਾ ਗਿਆ ਕਿ ਤੁਸੀਂ ਜਦੋਂ ਮਰਜ਼ੀ ਆਓ ਅਸੀਂ ਤਿਆਰੀ ਕਰਕੇ ਹੀ ਰੱਖਦੇ ਹਾਂ। ਅਖ਼ਬਾਰ ਦੇ ਵਿਚ ਵੀ ਇਕ ਅਲੋਚਨਾ ਆਈ ਸੀ ਉਸਦਾ ਜੁਆਬ ਅਖ਼ਬਾਰ ਵਿਚ ਹੀ ਦਿੱਤਾ ਹੈ।

ਪਰ ਕੁਝ ਵੀਰ ਐਸੇ ਦਲਿੱਦਰੀ ਹਨ ਉਹਨਾਂ ਨੇ ਇਕ ਸਫ਼ਾ ਵੀ ਕਿਤਾਬ ਦਾ ਪੂਰਾ ਨਹੀਂ ਪੜ੍ਹਿਆ ਅਤੇ ਕਹਿ ਦਿੱਤਾ ਕਿ ਇਸਨੇ ਸੰਤਾਂ ਦੀ ਨਿੰਦਿਆ ਕੀਤੀ ਹੈ। ਪਰ ਨਿੰਦਿਆ ਹੁੰਦੀ ਕੀ ਹੈ, ਨਿੰਦਿਆ ਕਿਸਨੂੰ ਕਹਿੰਦੇ ਹਨ, ਇਹ ਪੁਸਤਕ ਦੇ ਪਹਿਲੇ ਭਾਗ ਵਿਚ ਸਪੱਸ਼ਟ ਕੀਤਾ ਹੋਇਆ ਸੀ। ਗੁਰਬਾਣੀ ਮੁਤਾਬਿਕ ਸਪੱਸ਼ਟ ਹੈ ਕਿ ਕੋਈ ਵੀ ਮਨੁੱਖ ਸਾਧ, ਸੰਤ, ਬ੍ਰਹਮਗਿਆਨੀ ਪਦ ਆਪਣੇ ਨਾਮ ਨਾਲ ਕਤੱਈ ਨਹੀਂ ਲਾ ਸਕਦਾ (ਇਸਦੇ ਵਿਸਥਾਰ ਵਾਸਤੇ ਅੱਗੇ ਅੰਦਰ ਪੜ੍ਹੋ) ਤਾਂ ਨਿੰਦਿਆ ਕਿਵੇਂ ਹੋ ਗਈ ? ਕੀ ਗੁਰੂ ਹੁਕਮਾਂ ਵਿਰੁੱਧ ਸਾਧ, ਸੰਤ, ਬ੍ਰਹਮਗਿਆਨੀ ਪਦ ਨਾਵਾਂ ਨਾਲ ਜੋੜ ਕੇ ਇਹਨਾਂ ਅਖੌਤੀ ਸਾਧਾਂ-ਸੰਤਾਂ ਨੇ ਗੁਰੂ ਦੀ ਤੌਹੀਨ ਨਹੀਂ ਕੀਤੀ ? ਕੀ ਇਹਨਾਂ ਨੇ ਗੁਰੂ ਦੀ ਨਿੰਦਿਆ ਨਹੀਂ ਕੀਤੀ ? ਨਿੰਦਕ ਇਹ ਹਨ ਕਿ ਮੈਂ ? ਆਮ ਕਹਿੰਦੇ ਹੁੰਦੇ ਹਨ ਕਿ ਕੌਣ ਆਖੇ ਰਾਣੀਏ ! ਅੱਗਾ ਢੱਕ।

ਜੇ ਕਹਿ ਦਿੱਤਾ ਕਿ ਰਾਣੀਏ! ਅੱਗਾ ਢੱਕ ਤਾਂ ਮੈਂ ਨਿੰਦਕ ਕਿਵੇਂ ਹੋ ਗਿਆ? ਕਦੇ ਸੋਚਿਆ ਜਿਹੜੀ ਫੋਕੀ ਖੁਸ਼ਾਮਦ (ਫੋਕੀ ਪ੍ਰਸ਼ੰਸਾ) ਤੁਸੀਂ ਕਰ ਰਹੇ ਹੋ ਇਹ ਤਾਂ ਨਿੰਦਿਆ ਨਾਲੋਂ ਵੀ ਭੈੜੀ ਹੈ। ਕੀ ਲਕੀਰ ਦੇ ਫ਼ਕੀਰ ਬਣੇ ਰਹਿਣਾ ਹੀ ਸਿੱਖੀ ਹੈ? ਸਿੱਖੀ ਧਰਮ ਨਵੀਨ ਧਰਮ ਹੈ ਇਹ ਰੂੜ੍ਹੀਵਾਦੀ ਧਰਮ ਨਹੀਂ ਹੈ। ਫੋਕੇ ਖੁਸ਼ਾਮਦ ਕਰਾਉਣ ਅਤੇ ਕਰਨ ਵਾਲਿਆਂ ਨੇ ਸਿੱਖ ਧਰਮ ਨੂੰ ਰੂੜ੍ਹੀਵਾਦੀ ਧਰਮ ਬਣਾਉਣ ਵਾਸਤੇ ਪੂਰਾ ਜ਼ੋਰ ਲਾ ਰੱਖਿਆ ਹੈ। ਕਈਆਂ ਨੇ ਕਿਹਾ ਕਿ ਇਹਨੇ ਸੰਤਾਂ ਦੇ ਔਗੁਣ ਲੱਭੇ ਹਨ। ਇਹ ਸਵਾਲ ਵੀ ਬਿਨਾਂ ਕਿਤਾਬ ਪੜ੍ਹੇ ਹੀ ਇਕ ਵੀਰ ਨੇ ਕੀਤਾ ਹੈ। ਸਵਾਲ ਬੜਾ ਹਾਸੋ-ਹੀਣਾ ਹੈ। ਗੁਰੂ ਨੇ ਤਾਂ ਸਿੱਖ ਸਿੰਘ ਸਜਾਏ ਸਿੰਘ ਆਪਸ ਵਿਚ ਵੱਡੇ-ਛੋਟੇ ਭਰਾ ਹੋ ਸਕਦੇ ਹਨ, ਸੰਗਤ-ਪੰਗਤ ਬਰਾਬਰੀ ਪ੍ਰਦਾਨ ਕੀਤੀ। ਪਹਿਲਾਂ ਤਾਂ ਇਹ ਵੀਰ ਜਵਾਬ ਦੇਵੇ ਕਿ ਗੁਰੂ ਹੁਕਮਾਂ ਦੇ ਉਲਟ ਇਹ ਸੰਤ ਕਿੱਥੋਂ ਆ ਗਏ? ਜਦੋਂ ਤੋਂ ਇਹ ਆਏ ਕੀ ਪ੍ਰਾਪਤੀ ਹੋਈ? ਗੁਰੂ ਦੇ ਸਿੱਖ ਨੂੰ ਵੀ ਬੜਾ ਸਾਫ਼ ਸਪੱਸ਼ਟ, ਛਲ-ਕਪਟ ਤੋਂ ਰਹਿਤ ਬੇਈਮਾਨੀ, ਧੋਖੇਬਾਜ਼ੀ ਵਿਭਚਾਰੀ ਤੋਂ ਰਹਿਤ ਹੋਣ ਵਾਸਤੇ ਹੁਕਮ ਹੈ। ਪਰ ਇਕ ਪਾਸੇ ਗੁਰੂ ਹੁਕਮ ਉਲਟ ਇਹਨਾਂ ਨੂੰ ਸੰਤ ਸ਼੍ਰੋਮਣੀ ਬ੍ਰਹਮਗਿਆਨੀ ਆਖੀ ਜਾਂਦੇ ਹੋ, ਦੂਜੇ ਪਾਸੇ ਕਹਿੰਦੇ ਹੋ ਕਿ ਸੁਖਵਿੰਦਰ ਸਿੰਘ ਨੇ ਔਗੁਣ ਲੱਭੇ ਹਨ। ਇਹ ਔਰੰਗਜ਼ੇਬ ਵਾਲਾ ਇਨਸਾਫ ਤਾਂ ਹੋ ਸਕਦਾ ਹੈ ਧਰਮੀ ਸਿੱਖਾਂ ਵਾਲਾ ਨਹੀਂ। ਇਕ ਪਾਸੇ ਇਹੋ ਅਖੌਤੀ ਵੱਡੇ-ਵੱਡੇ ਅਡੰਬਰ ਰਚੀ ਬੈਠੇ ਹਨ, ਇਹ ਅੱਖਾਂ ਮੀਟ ਕੇ ਨਾਮ ਜਪਣ ਦੇ, ਰੱਬ ਨਾਲ ਇਕਮਿਕ ਹੋਣ ਦੇ ਝੂਠੇ ਦਾਅਵੇ ਕਰਦੇ, ਦੂਜੇ ਪਾਸੇ ਇਹਨਾਂ ਨੂੰ ਇਹ ਵੀ ਪਤਾ ਨਹੀਂ ਕਿ ਗੁਰਬਾਣੀ ਗੁਰੂ ਦੇ ਸਿਧਾਂਤ ਮੁਤਾਬਿਕ ਜ਼ਾਤ-ਪਾਤ ਹੈ ਕਿ ਨਹੀਂ, ਭੂਤ-ਪ੍ਰੇਤ ਹੈ ਕਿ ਨਹੀਂ, ਵਹਿਮ-ਭਰਮ, ਫੋਕੀਆਂ ਰੀਤਾਂ ਠੀਕ ਹਨ ਕਿ ਗ਼ਲਤ, ਕਬਰਾਂ ਮੜ੍ਹੀਆਂ ਨੂੰ ਮੰਨਣਾ ਕਿ ਨਹੀਂ, ਗੁਰੂ ਦਾ ਹੁਕਮ ਕੀ ਹੈ? ਸਾਧ, ਸੰਤ, ਬ੍ਰਹਮਗਿਆਨੀ ਪਦ ਗੁਰਬਾਣੀ ਅੰਦਰ ਕਿਸਦੇ ਵਾਸਤੇ ਵਰਤੇ ਹਨ? ਨਸ਼ੇ ਵਰਤਣੇ ਵਰਤਾਉਣੇ ਹਨ ਕਿ ਨਹੀਂ, ਗੁਰੂ ਪੰਥ ਕੀ ਹੈ, ਕਿਤੇ ਮਿਲਕੇ ਰਹਿਣਾ ਹੈ। ਸਿੱਖ ਕੌਮ ਵਾਸਤੇ ਏਕਤਾ ਜ਼ਰੂਰੀ ਕਿ ਨਹੀਂ, ਤੀਰਥਾਂ 'ਤੇ ਇਸ਼ਨਾਨ ਬਾਰੇ, ਗੁਰਮਤਿ ਸਿਧਾਂਤ ਕੀ ਹੈ? ਜਿਹੜਾ ਕਹਿੰਦਾ ਕਿ ਸੰਤਾਂ ਦੇ ਔਗੁਣ ਲੱਭੇ ਹਨ, ਕੀ ਉਹ ਕਬਰਾਂ 'ਤੇ ਤੇਲ ਪਾਉਣ ਵਾਲਾ ਸਿੱਖ ਹੈ? ਕੀ ਉਹ ਰੂੜ੍ਹੀਆਂ 'ਤੇ ਦੀਵੇ ਜਗਾਉਣ ਵਾਲਾ ਸਿੱਖ ਹੈ? ਕੀ ਉਹ ਸਿੱਖ ਕੌਮ ਨੂੰ ਨਸ਼ਈ ਕਰਨ ਵਾਲਿਆਂ ਦਾ ਸਕਾ ਮਿੱਤਰ ਹੈ? ਕੀ ਉਹ ਅੰਧਵਿਸ਼ਵਾਸ ਨੂੰ ਹੀ ਸ਼ਰਧਾ ਸਮਝੀ ਬੈਠਾ ਹੈ? ਕੀ ਉਹ ਵਿਭਚਾਰੀ ਡੇਰੇਦਾਰਾਂ ਦਾ ਸਿੱਖ ਹੈ? ਕੀ ਉਹ ਸਿੱਖਾਂ ਨੂੰ ਕਛਹਿਰੇ ਵਾਲੇ ਬਾਹਮਣ ਦੇ ਰੂਪ ਵਿਚ ਵੇਖਣਾ ਚਾਹੁੰਦਾ ਹੈ? ਕੀ ਇਹ ਭੇਖੀ ਕਰਮਕਾਂਡੀਆਂ ਦਾ ਸਿੱਖ ਹੈ? ਕੀ ਉਹ ਗੁਰੂ ਦੇ ਸ਼ਰੀਕਾਂ ਦਾ ਹਾਮੀ ਹੈ? ਕੀ ਉਹ ਸਿੱਖਾਂ ਨੂੰ ਖੇਰੂੰ-ਖੇਰੂੰ ਹੋਏ

ਦੇਖਣਾ ਚਾਹੁੰਦਾ ਹੈ ? ਕੀ ਉਹ ਧਰਮ ਨੂੰ ਦੁਕਾਨਾਂ 'ਤੇ ਵਿਕਦਾ ਵੇਖਣਾ ਪਸੰਦ ਕਰਦਾ ਹੈ ? ਕੀ ਉਹਨੂੰ ਧਰਮ ਦੇ ਨਾਂ 'ਤੇ ਝੂਠ, ਠੱਗੀ ਪਸੰਦ ਹੈ ? ਕੀ ਉਹ ਧਾਰਮਿਕ ਬੁਰਕੇ ਵਿਚ ਠੱਗ ਬੈਠਾ ਦੇਖਣਾ ਪਸੰਦ ਕਰਦਾ ਹੈ ? ਕੀ ਉਹ ਦਸਵੇਂ ਪਾਤਸ਼ਾਹ ਦੇ ਪੁੱਤਰਾਂ ਅਤੇ ਸ਼ਹੀਦਾਂ ਦੇ ਖ਼ੂਨ ਦਾ ਮੁੱਲ ਵੱਟਣ ਵਾਲਿਆਂ ਨੂੰ ਸ਼ਹਿ ਦੇ ਰਿਹਾ ਹੈ ? ਕੀ ਉਹ ਮਾਰਸ਼ਲ ਸਿੱਖ ਕੌਮ ਨੂੰ ਇਹ ਗ਼ੈਰਾਂ ਦਾ ਗ਼ੁਲਾਮ ਦੇਖਣਾ ਪਸੰਦ ਕਰਦਾ ਹੈ ? ਕਾਸ਼ ! ਕਿ ਇਹ ਵੀਰ 'ਸੰਤਾਂ ਦੇ ਕੌਤਕ' ਪੂਰੀ ਤਰ੍ਹਾਂ ਪੜ੍ਹ ਲੈਂਦਾ ਤਾਂ ਨਾਂਹ ਇਹ ਸਵਾਲ ਕਰਦਾ ਨਾਂਹ ਮੈਨੂੰ ਜਵਾਬ ਦੇਣਾ ਪੈਂਦਾ ਪਰ ਫਿਰ ਵੀ ਮੈਂ ਉਸ ਵੀਰ ਨੂੰ ਸਲਾਹ ਦਿਆਂਗਾ ਕਿ ਤੂੰ ਕਹਿਨਾਂ ਔਗੁਣ ਲੱਭੇ ਹਨ, ਇਸ ਤਰ੍ਹਾਂ ਦੇ ਕੋਈ 10 ਸਫ਼ੇ ਲਿਖ ਕੇ ਤਾਂ ਦੇਖ ਫਿਰ ਪਤਾ ਲੱਗੇਗਾ ਕਿ ਔਗੁਣ ਲੱਭੇ ਹਨ ਜਾਂ ਤਲੀ ਤੇ ਰੱਖ ਕੇ ਸੱਚ ਬੋਲਿਆ ਹੈ। ਘਰ ਵਿਚ ਤਾਂ ਸਾਰੇ ਸ਼ੇਰ ਹੁੰਦੇ ਹਨ ਜਦੋਂ ਬਿਗਾਨਿਆਂ ਪੁੱਤਾਂ ਨਾਲ ਵਾਹ ਪੈਂਦਾ ਹੈ ਤਾਂ ਫਿਰ ਪਤਾ ਲੱਗਦਾ ਹੈ ਕਿ ਕਿਸ ਭਾਅ ਤੁਲਦੀ ਹੈ। ਜੁੱਲਿਆਂ ਵਿਚ, ਕੁਰਸੀਆਂ 'ਤੇ ਬੈਠ ਕੇ ਕੇਵਲ ਗੱਲਾਂ ਕਰਨੀਆਂ ਤਾਂ ਬੜੀਆਂ ਸੌਖੀਆਂ ਹੁੰਦੀਆਂ ਹਨ ਕੀ ਤੁਸੀਂ ਜਾਣਦੇ ਹੋ ? 'ਘਰ ਕੋ ਆਗ ਲਗੀ ਘਰ ਕੇ ਚਿਰਾਗ ਸੇ'। ਯਾਦ ਰੱਖਿਓ, 'ਭੁੱਖੇ ਮੁੱਲਾਂ ਘਰੇ ਮਸੀਤਿ' ਭੁੱਖ ਦੇ ਮਾਰੇ ਮੁੱਲਾਂ ਨੇ ਘਰੇ ਮਸੀਤਾਂ ਬਣਾ ਲਈਆਂ। ਭੁੱਖ ਦੇ ਮਾਰਿਆਂ ਨੇ ਘਰੇ ਡੇਰੇ ਬਣਾ ਲਏ। ਭੁੱਖਿਆਂ ਨੇ ਸਿੱਖ ਕੌਮ ਅੰਦਰ ਸਾਰੇ ਪਾਸੇ ਭੁੱਖ ਹੀ ਵਰਤਾ ਦਿੱਤੀ ਹੈ। ਦਸਵੇਂ ਪਾਤਸ਼ਾਹ ਦਾ ਲਾਡਲਾ ਅਖਵਾਉਣ ਵਾਲਾ ਅੱਜ ਟੋਕਰੀਆਂ ਰੱਖ ਕੇ, ਬੱਸਾਂ ਵਿਚ ਅਤੇ ਹੋਰਾਂ ਥਾਵਾਂ 'ਤੇ ਰੁਪਈਆ ਰੁਪਈਆ ਮੰਗ ਰਿਹਾ ਹੈ। ਜ਼ਿੰਮੇਵਾਰ ਕੌਣ ? ਜੇ ਦਿਮਾਗੀ ਹਾਲਤ ਠੀਕ ਹੈ ਤਾਂ ਐਸੇ ਸਵਾਲ ਕਰਨ ਵਾਲੇ ਸੋਚਣ ਕਿ ਕਸੂਰ ਕਿਸਦਾ ਹੈ ? ਜੇ ਅਗਲਾ ਠੀਕ ਹੈ ਤਾਂ ਉਹਨੂੰ ਗ਼ਲਤ ਆਖੀਏ ਇਸਦਾ ਮਤਲਬ ਨਿੰਦਿਆ ਹੈ। ਪਰ ਜੇ ਅਗਲਾ ਧਰਮੀ ਕਹਾਉਂਦਾ ਹੋਇਆ ਅਧਰਮੀ ਹੈ ਤਾਂ ਗ਼ਲਤ ਨੂੰ ਗ਼ਲਤ ਕਹਿਣਾ ਕਦੇ ਵੀ ਨਿੰਦਿਆ ਨਹੀਂ ਹੈ। ਕੀ ਗੁਰੂ ਨਾਨਕ ਦੇਵ ਜੀ ਨੇ ਪੰਡਤਾਂ, ਮੁੱਲਾਂ, ਜੋਗੀਆਂ, ਜੈਨੀਆਂ, ਬੋਧੀਆਂ ਆਦਿ ਧਾਰਮਿਕ ਆਗੂਆਂ ਦੇ ਔਗੁਣ ਲੱਭੇ ਸੀ ? ਇਹਨਾਂ ਧਾਰਮਿਕ ਆਗੂਆਂ ਦੀ, ਭਗਤਾਂ ਅਤੇ ਗੁਰੂਆਂ ਨੇ ਗੁਰਬਾਣੀ ਵਿਚ ਬੜੀ ਦੁਰਦਸ਼ਾ ਕੀਤੀ ਹੋਈ ਹੈ, ਇਹਨਾਂ ਦੇ ਮੂੰਹ 'ਤੇ ਸੱਚ ਅਖਿਆ ਕੀ ਗੁਰੂ ਅਤੇ ਭਗਤਾਂ ਨੇ ਇਹਨਾਂ ਦੀ ਨਿੰਦਿਆ ਕੀਤੀ ਹੈ ? ਕੀ ਕੇਵਲ ਕੁਰਸੀਆਂ 'ਤੇ ਬੈਠ ਕੇ ਕੇਵਲ ਮੀਟਿੰਗਾਂ ਕਰਨ ਵਾਲੇ ਹੀ ਸੱਚ ਪੁੱਤਰ ਹਨ ? ਇਹਨਾਂ ਦੀ ਤਾਂ ਉਹ ਗੱਲ ਹੈ "ਗਲੀ ਹਉ ਸੁਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ"॥ ਗੱਲਾਂ ਨਾਲ ਬੜੀਆਂ ਸੁਹਾਗਣੀਆਂ ਬਣੀਆਂ ਫਿਰਦੀਆਂ ਹਨ। ਜਿਹੜੇ ਗੁਰਬਾਣੀ ਗੁਰਮਤਿ ਸਿਧਾਂਤ ਸਮਝਣ ਮੰਨਣ ਦੇ ਕਦੇ ਨੇੜੇ ਨਹੀਂ ਗਏ ਉਹ ਐਸੀਆਂ ਗੱਲਾਂ ਕਰਦੇ ਹਨ। ਐਸੇ ਬੰਦੇ ਜੇ ਪਾਠ ਵੀ ਕਰਦੇ

ਹਨ ਤਾਂ ਵਪਾਰ ਦੇਖਾ ਦੇਖੀ ਜਾਂ ਦੁਕਾਨਦਾਰੀ ਵਾਸਤੇ ਕਰਦੇ ਹਨ, ਗੁਰਮਤਿ ਦਾ ਆਸ਼ਾ ਸਮਝਣ ਮੰਨਣ, ਕਮਾਉਣ ਵਾਸਤੇ ਨਹੀਂ ਕਰਦੇ। ਜੋ ਕਿ ਇਹਨਾਂ ਦੀ ਬਦਕਿਸਮਤੀ ਹੈ। ਫਿਰ ਵੀ ਅਲੋਚਕਾਂ ਦਾਂ ਧੰਨਵਾਦ ਕਰਦਾ ਹਾਂ।

ਹੁਣ ਮੈਂ ਉਹਨਾਂ ਦੀ ਗੱਲ ਕਰਾਂ ਜਿਨ੍ਹਾਂ ਨੇ 'ਸੰਤਾਂ ਦੇ ਕੌਤਕ' ਪੁਸਤਕ ਨੂੰ ਇਕ ਵਾਰੀ ਨਹੀਂ, ਕਈ ਵਾਰੀ ਪੜ੍ਹਿਆ, ਸਮਝ ਸਮਝ ਕੇ ਪੜ੍ਹਿਆ ਅਤੇ ਸੈਂਕੜੇ ਫੋਨ ਦੇਸ਼ਾਂ ਵਿਦੇਸ਼ਾਂ ਵਿਚੋਂ ਆਏ ਕਿ ਤੁਸੀਂ ਸੈਂਕੜੇ ਸਾਲਾਂ ਤੋਂ ਪੈਂਡਿੰਗ ਪਿਆ ਕੰਮ ਕੀਤਾ ਹੈ। ਮੁਬਾਰਕਾਂ ਹਨ, ਕਿਸੇ ਨੇ ਕਿਹਾ ਕਿ ਇਹ ਬੜੀ ਵੱਡੀ ਸੇਵਾ ਤੁਹਾਡੇ ਹਿੱਸੇ ਆਈ ਹੈ, ਕਿਸੇ ਨੇ ਕਿਹਾ ਕਿ ਤੁਸੀਂ ਬੜੀ ਵੱਡੀ ਕੁਰਬਾਨੀ ਕੀਤੀ ਹੈ। ਕਿਸੇ ਨੇ ਕਿਹਾ ਕਿ ਦੂਜਾ ਭਾਗ ਕਦੋਂ ਆ ਰਿਹਾ ਹੈ ? ਕਿਸੇ ਨੇ ਕਿਹਾ ਕਿ ਇਸ ਪੁਸਤਕ ਦੇ ਕਿੰਨੇ ਭਾਗ ਹੋਣਗੇ ? ਅਸੀਂ ਆਉਣ ਵਾਲੇ ਭਾਗਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਾਂ। ਕਿਸੇ ਨੇ ਕਿਹਾ ਕਿ ਅਸੀਂ ਇਹਨਾਂ ਡੇਰੇਦਾਰਾਂ ਨੂੰ ਕਦੇ ਵੀ ਨਾ ਮੰਨਣ ਦਾ ਪ੍ਰਣ ਕੀਤਾ ਹੈ, ਕਿਸੇ ਨੇ ਕਿਹਾ ਕਿ ਅਸਲੀਅਤ ਸਾਡੇ ਸਾਹਮਣੇ ਆਈ ਹੈ, ਕਿਸੇ ਨੇ ਕਿਹਾ ਕਿ ਤੁਹਾਨੂੰ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪਿਆ ਹੋਵੇਗਾ ਅਸੀਂ ਤੁਹਾਡੇ ਨਾਲ ਹਾਂ, ਕਿਸੇ ਨੇ ਕਿਹਾ ਕਿ ਕਲਮ ਹੋਰ ਤੇਜ਼ ਕਰੋ, ਕਈਆਂ ਨੇ ਕਿਹਾ ਅਸੀਂ ਮਟੀਰੀਅਲ ਭੇਜ ਰਹੇ ਹਾਂ ਉਹ ਵੀ ਅਗਲੇ ਭਾਗਾਂ ਵਿਚ ਲਿਖ ਦਿਉ ਸੋ ਸਾਰਿਆਂ ਦਾ ਵਰਨਣ ਕਰਨਾ ਇਥੇ ਮੁਸ਼ਕਲ ਹੈ ਸਾਰਿਆਂ ਦਾ ਧੰਨਵਾਦ ਕਰਦਾ ਹਾਂ। ਦੇਸ਼ਾ-ਵਿਦੇਸ਼ਾਂ ਵਿਚੋਂ ਆਸ ਤੋਂ ਵੀ ਵੱਧ ਹੁੰਗਾਰਾ ਮਿਲਿਆ ਹੈ, ਕਈ ਮੈਗਜ਼ੀਨਾਂ ਦੇ ਐਡੀਟਰਾਂ ਨੇ ਵੀ ਮੈਗਜ਼ੀਨਾਂ ਵਿਚ ਪੁਸਤਕ 'ਸੰਤਾਂ ਦੇ ਕੌਤਕ' ਦੇ ਹੱਕ ਵਿਚ ਲਿਖ ਕੇ ਦੂਰ-ਦੂਰ ਤੱਕ ਪਹੁੰਚਾਇਆ, ਧੰਨਵਾਦ ਕਰਦੇ ਹਾਂ। ਅਖ਼ਬਾਰੀ ਪੱਤਰਕਾਰਾਂ ਦਾ ਵੀ ਧੰਨਵਾਦ ਕਰਦੇ ਹਾਂ। ਕਈਆਂ ਵੀਰਾਂ ਨੇ ਸਿੱਖੀ ਸਰੂਪ ਧਾਰਨ ਕਰਨ ਅਤੇ ਅੰਮ੍ਰਿਤਧਾਰੀ ਹੋਣ ਦਾ ਵੀ ਪ੍ਰਣ ਕੀਤਾ ਹੈ, ਕਈਆਂ ਵੀਰਾਂ ਨੇ ਕਿਹਾ ਕਿ ਲਿਖਣ ਦਾ ਤਰੀਕਾ ਬਹੁਤ ਵਧੀਆ ਹੈ। ਵਾਚਕਾਂ, ਸਿੱਖ ਪ੍ਰਚਾਰਕ ਵੀਰਾਂ ਦੇ ਫੋਨ ਵੀ ਹੱਕ ਵਿਚ ਆਏ ਹਨ, ਜਿੰਨਾਂ ਵੀਰਾਂ ਨੇ ਕਿਹਾ ਕਿ ਕੁਰਬਾਨੀ ਕੀਤੀ ਹੈ ਅਖ਼ੀਰ ਵਿਚ "ਧੰਨ ਗੁਰੂ ਗ੍ਰੰਥ ਸਾਹਿਬ" ਅੱਗੇ ਅਰਦਾਸ ਹੈ ਕਿ ਗੁਰਮਤਿ ਸਿਧਾਂਤ ਵਿਚ ਪਹਿਰੇਦਾਰੀ ਦੀ ਸੇਵਾ ਦਾ ਬਲ, ਬੁਧਿ ਬਖ਼ਸ਼ਣ ਅਤੇ ਅੰਤ ਸੱਚ ਸ਼ੁਮਾ ਤੋਂ ਕੁਰਬਾਨ ਹੋ ਜਾਣ ਦਾ ਬਲ ਬਖ਼ਸ਼ਣ ਕਿ ਮੈਂ ਵੀ "ਪਹਿਲਾਂ ਮਰਨ ਕਬੂਲ' ਵਾਲੇ ਬਚਨ ਦਾ ਧਾਰਨੀ ਹੋ ਸਕਾਂ।

-ਦਾਸ-

ਸੁਖਵਿੰਦਰ ਸਿੰਘ ਸਭਰਾ

# ਮੇਰੇ ਵੀਰ

ਕੀ ਤੈਨੂੰ ਉਹ ਵੇਲਾ ਯਾਦ ਹੈ ਜਦ ਸਾਰੀ ਸਿੱਖ ਕੌਮ ਦਾ ਰਹਿਣ-ਸਹਿਣ ਦਾ ਢੰਗ (ਮਰਯਾਦਾ) ਇਕ ਹੋਇਆ ਕਰਦੀ ਸੀ ਵਿਚਾਰ ਵੀ ਇਕ ਤਰ੍ਹਾਂ ਦੇ ਹੁੰਦੇ ਸਨ, ਨਿਸ਼ਾਨਾ ਵੀ ਇਕ ਹੀ ਹੁੰਦਾ ਸੀ। ਇਸ ਏਕਤਾ ਦਾ ਸਦਕਾ ਹੀ ਮੁੱਠੀ ਭਰ ਸਿੱਖ ਕੌਮ ਬਹੁਤ ਥੋੜ੍ਹੇ ਸਾਜੋ ਸਮਾਨ ਨਾਲ ਸੈਂਕੜੇ ਵਰ੍ਹਿਆਂ ਦੀ ਕਾਇਮ ਮੁਗ਼ਲ ਹਕੂਮਤ ਨਾਲ ਲੋਹਾ ਲੈਂਦੀ ਰਹੀ। ਉਹਨਾਂ ਦੇ ਜ਼ੁਲਮਾਂ ਵਿਰੁੱਧ ਹਮੇਸ਼ਾ ਝੰਡਾ ਚੁੱਕੀ ਰੱਖਿਆ। ਪਰ ਅੱਜ ਸਾਡੀ ਦਸ਼ਾ ਕੀ ਹੈ?

ਕੀ ਤੂੰ ਕਦੇ ਧਿਆਨ ਦਿੱਤਾ ਹੈ ਕਿ ਅੱਜ ਸਾਡੀ ਸਿੱਖ ਰਹਿਣੀ ਬਹਿਣੀ ਨੂੰ ਕਿਸ ਤਰ੍ਹਾਂ ਖੇਰੂੰ-ਖੇਰੂੰ ਕੀਤਾ ਜਾ ਰਿਹਾ ਹੈ? ਸਾਡੇ ਵਿਚ ਫੁੱਟ ਪਾਉਣ ਲਈ ਸਾਡੇ ਆਗੂਆਂ ਨੂੰ ਖਰੀਦ ਕੇ ਧੜੇਬੰਦੀਆਂ ਪੈਦਾ ਕਰਕੇ, ਸਾਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਪਹਿਲਾਂ ਵੀ ਕੀਤਾ ਜਾਂਦਾ ਸੀ ਪਰ ਉਸ ਸਮੇਂ ਸਾਡੇ ਆਗੂਆਂ ਦੇ ਸਾਹਮਣੇ ਧਾਰਮਿਕ ਏਕਤਾ ਪਹਿਲੇ ਨੰਬਰ 'ਤੇ ਹੁੰਦੀ ਸੀ।

ਜਦ ਜ਼ਾਲਮ ਮੁਗ਼ਲ ਸਰਕਾਰ ਬੇਅੰਤ ਤਾਕਤ ਹੁੰਦਿਆਂ ਲੱਖਾਂ ਯਤਨ ਕਰਕੇ ਵੀ ਸਿੰਘਾਂ ਨੂੰ ਖ਼ਤਮ ਨਾ ਕਰ ਸਕੀ, ਇਨ੍ਹਾਂ ਨੂੰ ਇਕ ਵੱਖਰਾ ਇਲਾਕਾ ਦੇ ਕੇ ਅਜ਼ਾਦ ਰਾਜ ਕਰਨ ਦਿੱਤਾ ਜਾਵੇ। ਇਸ ਤਰ੍ਹਾਂ ਜਿਥੇ ਇਹ ਆਪਸ ਵਿਚ ਲੜ ਝਗੜ ਕੇ ਕੰਮਜ਼ੋਰ ਹੋਣਗੇ ਉਥੇ ਸਾਨੂੰ ਮੁਗ਼ਲਾਂ ਨੂੰ ਵੀ ਮਨਮਰਜ਼ੀ ਕਰਨ ਵਿਚ ਖੁੱਲ੍ਹ ਮਿਲ ਜਾਵੇਗੀ। ਇਸ ਫੁੱਟ ਪਾਊ ਨੀਤੀ ਅਨੁਸਾਰ ਹੀ ਉਹਨਾਂ ਨੇ ਸਿੰਘਾਂ ਨੂੰ ਨਵਾਬੀ ਦੀ ਖਿੱਲਅਤ ਭੇਜੀ।

ਇਤਿਹਾਸ ਵਿਚ ਲਿਖਿਆ ਹੈ ਕਿ ਸਿੰਘਾਂ ਨੇ ਪਹਿਲਾਂ ਇਹ ਨਵਾਬੀ ਲੈਣੀ ਪ੍ਰਵਾਨ ਹੀ ਨਹੀਂ ਕੀਤੀ। ਪਰ ਸੋਚ ਵਿਚਾਰ ਤੋਂ ਬਾਅਦ ਇਹ ਫੈਸਲਾ ਕੀਤਾ ਕਿ ਘਰ ਆਈ ਨਵਾਬੀ ਨੂੰ ਠੁਕਰਾਉਣਾ ਵੀ ਠੀਕ ਨਹੀਂ। ਅਗਲਾ ਸਵਾਲ ਇਹ ਖੜਾ ਹੋ ਗਿਆ ਕਿ ਇਹ ਸਰਦਾਰੀ ਲਵੇ ਕੌਣ?

ਕਮਾਲ ਹੈ ਸਿੰਘਾਂ ਦੀ ਉਦਾਰਤਾ ਦਾ, ਨਿਸ਼ਕਾਮਤਾ ਦਾ, ਸਿੰਘਾਂ ਦੇ ਕਈ ਜੱਥੇ ਅਤੇ ਕਈ ਜਥੇਦਾਰਾਂ ਦੇ ਹੁੰਦਿਆਂ, ਕੋਈ ਵੀ ਜਥੇਦਾਰ ਇਹ ਨਵਾਬੀ (ਰਾਜਪਾਲ) ਦੀ ਪਦਵੀ ਲੈਣਾ ਪ੍ਰਵਾਨ ਨਹੀਂ ਕਰਦਾ। ਅਖ਼ੀਰ ਲੰਬੀ ਵਿਚਾਰ ਮਗਰੋਂ ਸਭ ਜਥੇਦਾਰਾਂ ਨੇ ਸੰਗਤ ਵਿਚ ਪੱਖਾ ਝੱਲ ਰਹੇ ਅਤੇ ਘੋੜਿਆਂ ਦੀ ਸੇਵਾ ਕਰਨ

ਵਾਲੇ ਇਕ ਸੇਵਾਦਾਰ ਨੂੰ ਜ਼ਬਰਦਸਤੀ ਨਵਾਬ ਬਣਾਉਣ ਦਾ ਮਾਣ ਸਤਿਕਾਰ ਦਿੱਤਾ। ਇਸ ਸੇਵਾਦਾਰ ਦਾ ਨਾਂ ਸਰਦਾਰ ਕਪੂਰ ਸਿੰਘ ਸੀ, ਪਰ ਅੱਜ ਅਸੀਂ ਕਿੱਥੇ ਖੜ੍ਹੇ ਹਾਂ ?

ਸੋਚੀਏ ! ਇਤਨੇ ਉੱਤੇ ਆਚਰਨ ਵਾਲੀ ਕੌਮ ਨਾਲ ਸੰਬੰਧ ਰੱਖਣ ਵਾਲਿਓ ਅੱਜ ਅਸੀਂ ਕੀ ਕਰ ਰਹੇ ਹਾਂ ?

ਜੇ ਸਾਡੇ ਅੰਦਰ ਉਹੋ ਸਿੱਖੀ ਗੁਣ ਹੋਣ, ਉਹੀ ਨਿਸ਼ਕਾਮ ਸੇਵਾ ਕਰਨ ਦੀ ਭਾਵਨਾ ਹੋਵੇ, ਪਰਉਪਕਾਰ ਅਤੇ ਨਿਮਰਤਾ ਹੋਵੇ ਤਾਂ ਛੋਟੀ ਮੋਟੀ ਪ੍ਰਧਾਨਗੀ ਜਾਂ ਸਕੱਤਰੀ ਲਈ ਅਸੀਂ ਨਾ ਲੜੀਏ, ਨਾ ਝਗੜੀਏ ਅਤੇ ਨਾ ਹੀ ਵੋਟਾਂ ਲੈਣ ਲਈ ਘਰ-ਘਰ ਜਾਂ ਹੱਟੀ-ਹੱਟੀ ਫਿਰੀਏ ਕਿ ਸਾਨੂੰ ਪ੍ਰਧਾਨ ਬਣਾਓ। ਛੋਟੀ-ਮੋਟੀ ਲੀਡਰੀ ਜਾਂ ਚੌਧਰ ਦੀ ਭੁੱਖ ਬਦਲੇ ਆਪਣੀ ਕੌਮ ਨਾਲ ਗੱਦਾਰੀ ਨਾ ਕਰੀਏ ਅਤੇ ਨਾ ਹੀ ਗ਼ਲਤ ਤਰੀਕੇ ਵਰਤੀਏ।

ਇਕ ਪਾਸੇ ਪਿੰਡਾਂ ਤੇ ਸ਼ਹਿਰਾਂ ਦੇ ਅਖਵਾਉਣ ਵਾਲੇ ਸਿੱਖ ਆਗੂ ਜਿੱਥੇ ਧੜੇਬੰਦੀ ਅਤੇ ਸੁਆਰਥ ਅਧੀਨ ਕੌਮ ਨੂੰ ਢਾਹ ਲਾਉਣ ਦਾ ਕਾਰਨ ਬਣ ਰਹੇ ਹਨ, ਉਥੇ ਦੂਜੇ ਪਾਸੇ ਦੇਹਧਾਰੀ ਅਤੇ ਡੇਰੇਦਾਰ ਸੰਤ ਅਤੇ ਇਹਨਾਂ ਦੇ ਏਜੰਟ, ਗੁਰਬਾਣੀ ਦੇ ਗ਼ਲਤ ਅਰਥ ਦੱਸ ਕੇ, ਇਤਿਹਾਸ ਨੂੰ ਤੋੜ ਮਰੋੜ ਕੇ ਅਤੇ ਕਈ ਤਰ੍ਹਾਂ ਦੀਆਂ ਗ਼ਲਤ-ਫਹਿਮੀਆਂ ਪੈਦਾ ਕਰਕੇ ਸਾਡੀ ਕੌਮੀ ਏਕਤਾ ਨੂੰ ਖੇਰੂੰ-ਖੇਰੂੰ ਕਰਨ ਵਿਚ ਵੱਧ-ਚੜ੍ਹ ਕੇ ਹਿੱਸਾ ਪਾ ਰਹੇ ਹਨ। ਇਹੋ ਕਾਰਨ ਹੈ ਕਿ ਭੋਲੀ-ਭਾਲੀ ਸਿੱਖ ਜਨਤਾ ਰਾਹੋਂ ਕੁਰਾਹੇ ਪੈ ਰਹੀ ਹੈ। ਇਹ ਚਲਾਕ ਲੋਕ ਸੰਗਤਾਂ ਨੂੰ ਗੁਰੂ ਲੜ ਲਾਉਣ ਦੀ ਥਾਂ ਆਪੋ ਆਪਣੇ ਲੜ ਲਾ ਰਹੇ ਹਨ। ਇਹਨਾਂ ਨੇ ਕਦੇ ਵੀ ਸਿੱਖ ਗੁਰੂਆਂ ਅਤੇ ਕੁਰਬਾਨੀ ਵਾਲੇ ਸਿੰਘਾਂ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਜੀ, ਬੰਦਾ ਸਿੰਘ ਬਹਾਦਰ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਮਨੀ ਸਿੰਘ ਜੀ, ਭਾਈ ਨੰਦਲਾਲ ਸਿੰਘ ਜੀ ਆਦਿ ਸਿੰਘਾਂ ਦੇ ਕਦੇ ਵੀ ਕੋਈ ਦਿਨ ਦਿਹਾੜਾ ਨਹੀਂ ਮਨਾਇਆ, ਪਰ ਆਪਣੇ ਸੰਤਾਂ ਦੀਆਂ ਬਰਸੀਆਂ, ਜਨਮ ਦਿਹਾੜੇ ਮਨਾਉਂਦੇ ਨਹੀਂ ਥੱਕਦੇ।

ਸਾਡੇ ਪਿੰਡ-ਪਿੰਡ ਸ਼ਹਿਰ-ਸ਼ਹਿਰ ਵਿਚ ਗੁਰਦੁਆਰੇ, ਡੇਰੇ ਹਨ ਹੋਰ ਧਾਰਮਿਕ ਸਭਾ ਸੁਸਾਇਟੀਆਂ, ਕਮੇਟੀਆਂ ਬਥੇਰੀਆਂ ਹਨ ਕਹਿਣ ਨੂੰ ਸਭ ਧਰਮ ਪ੍ਰਚਾਰ ਕਰ ਰਹੇ ਹਨ ਨਤੀਜਾ ਸਾਰਿਆਂ ਦੇ ਸਾਹਮਣੇ ਹੈ। ਕਾਰਨ ਕੀ ਹੈ ?

ਸਪੱਸ਼ਟ ਹੈ ਕਿ ਬਹੁਤੇ ਗੁਰਦੁਆਰੇ, ਡੇਰਿਆਂ ਵਿਚ ਗੁਰੂ ਦੇ ਬਚਨਾਂ (ਗੱਲਾਂ) ਗੁਰਮਤਿ ਦੀਆਂ ਗੱਲਾਂ ਨਾਲੋਂ ਹੋਰ ਗੱਲਾਂ ਵੱਧ ਹੋਣ ਲੱਗ ਪਈਆਂ ਹਨ। ਪਰਚਾਰ ਵਿਚ ਵੀ ਧਰਮ ਨਾਲੋਂ ਧੜੇ ਦਾ ਪੱਖ ਵੱਧ ਪੂਰਿਆ ਜਾਂਦਾ ਹੈ।

ਜੇ ਗੁਰਬਾਣੀ ਅਤੇ ਗੁਰਮਤਿ ਦੀ ਜਾਣਕਾਰੀ ਗੁਰੂ ਆਸ਼ੇ ਨੂੰ ਮੁੱਖ ਰੱਖ ਕੇ ਨਿਸ਼ਕਾਮ ਸੇਵਾ ਭਾਵ ਨਾਲ ਦਿੱਤੀ ਜਾਵੇ ਤਾਂ ਸੰਗਤਾਂ ਦੀ ਰੁਚੀ ਇਸ ਪਾਸੇ ਵਧੇ। ਸਵੇਰ ਵੇਲੇ ਸ਼ਾਮ ਵੇਲੇ ਗੁਰਦੁਆਰੇ ਖਾਲੀ ਪਏ ਹਨ, ਨਿੱਤਨੇਮ ਨਾਲੋਂ ਵੀ ਕਾਫ਼ੀ ਟੁੱਟੇ ਹੋਏ ਹਨ। ਅੰਮ੍ਰਿਤ ਵੇਲੇ ਉੱਠਣਾ ਬੋਝ ਬਣਿਆ ਪਿਆ ਹੈ। ਸਿੱਖ ਨੌਜਵਾਨ ਗੁਰਦੁਆਰਿਆਂ ਤੋਂ ਕੋਹਾਂ ਦੂਰ ਹਨ ਕੇਵਲ ਅੱਧਖੜ ਜਾਂ ਬਜ਼ੁਰਗ ਚਲੇ ਜਾਂਦੇ ਹਨ।

ਕੱਲ੍ਹ ਨੌਜਵਾਨਾਂ ਨੇ ਹੀ ਕੌਮ ਦੀ ਅਗਵਾਈ ਕਰਨੀ ਹੈ। ਜੇ ਇਹਨਾਂ ਵਿਚ ਧਰਮ ਦੀ ਰੁਚੀ ਨਾ ਉਜਾਗਰ ਹੋਈ ਤਾਂ ਕੀ ਬਣੇਗਾ ? ਸੋ ਵੇਲਾ ਹੈ ਸਿੱਖ ਨੌਜਵਾਨਾਂ ਨੂੰ ਸੰਭਾਲਣ ਦਾ। ਇਹਨਾਂ ਨੂੰ ਧਰਮ ਨਾਲ ਜੋੜਨ ਵਾਸਤੇ ਉਚੇਚੇ ਆਦਰਸ਼ਕ ਤੇ ਆਕਰਸ਼ਕ ਪ੍ਰੋਗਰਾਮ ਨੀਯਤ ਕਰਨੇ ਪੈਣਗੇ।

## ਪਰ ਇਹ ਕਰੇ ਕੌਣ ?

ਸਾਰੇ ਦੇ ਸਾਰੇ ਧਾਰਮਿਕ ਆਗੂ ਸੰਤ ਡੇਰੇਦਾਰ, ਗੁਰਦੁਆਰਿਆਂ ਦੇ ਪ੍ਰਧਾਨ, ਚੌਧਰੀ, ਚੌਧਰ ਦੇ ਭੁੱਖੇ, ਧਾਰਮਿਕ ਬੁਰਕੇ ਵਿਚ ਸਿਆਸੀ ਲਾਹਾ ਲੈਣ ਵਾਲੇ ਆਪ ਹੀ ਸੱਚ ਧਰਮ ਦੇ ਧਾਰਨੀ ਨਹੀਂ ਤਾਂ ਕੀ ਧਰਮ ਪ੍ਰਚਾਰ ਕਰਨਗੇ। ਹਰ ਸਿੱਖ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਅੰਦਰ ਝਾਤੀ ਮਾਰੇ ਕਿ ਆਪ ਸਿੱਖੀ ਨੂੰ ਕਿੰਨਾ ਕੁ ਸਮਝਿਆ ਹੈ ਅਤੇ ਮੰਨਿਆ ਹੈ ਉਸਨੂੰ ਅੱਜ ਪ੍ਰਚਾਰਨ ਵਾਸਤੇ ਕੀ ਕਰ ਰਿਹਾ ਹੈ ?

ਗੁਰੂ ਨੇ ਮਹਾਨ ਕੁਰਬਾਨੀਆਂ ਕਰਕੇ ਸਾਨੂੰ ਗਿੱਦੜਾਂ ਤੋਂ ਸ਼ੇਰ ਬਣਾਇਆ। ਅੱਜ ਦੇ ਧਾਰਮਿਕ ਆਗੂ ਸੰਤਪੁਣੇ ਦੇ ਭੁੱਖੇ ਪ੍ਰਧਾਨਗੀਆਂ ਦੇ ਭੁੱਖੇ ਸਾਨੂੰ ਫਿਰ ਸ਼ੇਰਾਂ ਤੋਂ ਗਿੱਦੜ ਬਣਾਈ ਜਾ ਰਹੇ ਹਨ।

ਇਕ ਇਕੱਲੇ ਸਿੰਘ ਦੀ ਬਹਾਦਰੀ ਵੇਖ ਕੇ ਮੁਲਤਾਨ ਦੇ ਇਕ ਜਲਸੇ ਵਿਚ ਬੋਲਦਿਆਂ 'ਪੰਡਤ ਮਦਨ ਮੋਹਨ ਮਾਲਵੀਆ ਨੇ ਕਿਹਾ ਸੀ, 'ਮੈਂ ਸਾਰੀ ਹਿੰਦੂ-ਜਨਤਾ ਨੂੰ ਸਲਾਹ ਦਿਆਂਗਾ ਕਿ ਹਰ ਹਿੰਦੂ ਟੱਬਰ ਘੱਟੋ-ਘੱਟ ਆਪਣਾ ਇਕ ਲੜਕਾ ਜ਼ਰੂਰ ਸਿੰਘ ਸਜਾਏ ਤਾਂ ਕਿ ਮੁਸੀਬਤ ਪੈਣ 'ਤੇ ਉਹ ਆਪਣੇ ਟੱਬਰ ਦੀ ਰੱਖਿਆ ਕਰ ਸਕੇ। ਕਹਿੰਦੇ ਹਨ ਕਿ ਇਕ ਵਾਰ ਸ਼ੇਰ ਦਾ ਇਕ ਛੋਟਾ ਜਿਹਾ ਬੱਚਾ ਆਪਣੇ ਮਾਂ-ਬਾਪ ਤੋਂ ਵਿਛੜ ਗਿਆ ਤੇ ਬਾਹਰ ਜੰਗਲ ਤੋਂ ਦੂਰ ਨਿਕਲ ਗਿਆ। ਉਹ ਉਥੇ ਭੇਡਾਂ ਦੇ ਇਕ ਇੱਜੜ ਵਿਚ ਜਾ ਰਲਿਆ। ਸਮਾਂ ਪਾ ਕੇ ਉਸ ਸ਼ੇਰ ਦੇ ਬੱਚੇ ਦੀ ਰਹਿਣੀ-ਬਹਿਣੀ, ਚਾਲ-ਤੋਰ, ਭੇਡਾਂ ਵਰਗੀ ਹੁੰਦੀ ਗਈ। ਇਕ ਵਾਰੀ ਇਹ ਸ਼ੇਰ ਦਾ ਬੱਚਾ ਭੇਡਾਂ ਦੇ ਇੱਜੜ ਨਾਲ ਜਾ ਰਿਹਾ ਸੀ ਤਾਂ ਦੂਰ ਪਹਾੜੀ ਤੋਂ ਸ਼ੇਰ ਦੇ ਗਰਜਣ ਦੀ ਆਵਾਜ਼ ਆਈ। ਬੱਚੇ ਦੇ ਅੰਦਰ ਸ਼ੇਰਾਂ ਦੀ

ਗਰਜ਼ ਵਾਲਾ ਦੱਬਿਆ ਹੋਇਆ ਜਜ਼ਬਾ ਉਭਰ ਆਇਆ। ਉਸ ਦੇ ਕੰਨ ਖੜ੍ਹੇ ਹੋ ਗਏ। ਉਸਦੇ ਅੰਦਰ ਅਣਖ ਜਾਗੀ ਮੈਂ ਤਾਂ ਸ਼ੇਰ ਹਾਂ ਭੇਡਾਂ ਵਿਚ ਰਲਿਆ ਫਿਰਦਾ ਹਾਂ। ਇਹ ਸ਼ੇਰ ਦਾ ਬੱਚਾ ਵੀ ਗਰਜਿਆ। ਭੇਡਾਂ ਦਾ ਇੱਜੜ ਕਿੱਧਰੇ ਭੱਜ ਗਿਆ। ਸ਼ੇਰ ਦਾ ਬੱਚਾ ਸ਼ੇਰਾਂ ਵਿਚ ਜਾ ਰਲਿਆ। ਇਸੇ ਤਰ੍ਹਾਂ ਸਾਡੇ ਵੀਰ ਜੋ ਸਿੱਖੀ ਤੋਂ ਦੂਰ ਹੋ ਗਏ ਹਨ ਉਹਨਾਂ ਅੰਦਰ ਦੱਬੀ ਹੋਈ ਸਿੱਖੀ ਸਪਿਰਟ (ਜਜ਼ਬਾ) ਤਾਂ ਹੈ ਪਰ ਗ਼ਲਤ ਲੋਕਾਂ ਦੀ ਸੰਗਤ ਵਿਚ ਪੈ ਕੇ ਉਹਨਾਂ ਦੀ ਰਹਿਣੀ-ਬਹਿਣੀ ਅੰਦਰੋਂ ਬਾਹਰੋਂ ਬਦਲ ਗਈ ਹੈ। ਉਹ ਗੁਰੂ ਤੋਂ ਦੂਰ ਹੋ ਕੇ ਅਨਮਤੀਆਂ ਨਾਲ ਰਲੇ ਫਿਰਦੇ ਹਨ। ਵੇਖੀਂ ਕਿਤੇ! ਇਤਨਾ ਦੂਰ ਨਾ ਨਿਕਲ ਜਾਂਵੀ ਕਿ "ਦਸਮ ਪਾਤਸ਼ਾਹ" ਅਤੇ "ਗੁਰੂ ਗ੍ਰੰਥ ਸਾਹਿਬ" ਦੀ ਆਵਾਜ਼ ਤੇਰੇ ਕੰਨਾਂ ਵਿਚ ਪਵੇ ਹੀ ਨਾ। ਆਵਾਜ਼ ਹੈ "ਰਹਿਣੀ ਰਹੈ ਸੋਈ ਸਿੱਖ ਮੇਰਾ" "ਬਾਣੀ ਗੁਰੂ ਗੁਰੂ ਹੈ ਬਾਣੀ..." "ਸ਼ਬਦ ਗੁਰੂ..."। ਇਨ ਪੁਰਤਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ, ਚਾਰ ਮੂਏ ਤੋ ਕਿਆ ਭਇਆ ਜੀਵਤ ਕਈ ਹਜ਼ਾਰ"

ਰਹਿਤ ਪਿਆਰੀ ਮੋਹਿ ਕੋ, ਸਿਖ ਪਿਆਰਾ ਨਾਹਿ॥
ਜਬ ਲਗ ਖ਼ਾਲਸਾ ਰਹੈ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ।
ਮੈਂ ਨ ਕਰਉ ਇਨ ਕੀ ਪਰਤੀਤ।

**ਸੁਖਵਿੰਦਰ ਸਿੰਘ ਸਭਰਾ**

## ਜੋੜਦੇ ਹਨ ਕਿ ਤੋੜਦੇ ਹਨ ?

ਕਈ ਕਹਿੰਦੇ ਹਨ ਕਿ ਅਸੀਂ ਇਹ ਜੋੜਨ ਦੀ ਬਜਾਏ ਤੋੜ ਰਹੇ ਹਾਂ ਪਰ ਕੀ ਉਹ ਦੱਸਣਗੇ ਕਿ ਇਹਨਾਂ ਸੰਤਾਂ ਨੇ ਜੋ ਅੰਧ ਵਿਸ਼ਵਾਸ, ਅੰਨ੍ਹੀ ਸ਼ਰਧਾ, ਕਰਮ-ਕਾਂਡ, ਫੋਕੀਆਂ ਮਰਯਾਦਾਵਾਂ, ਵਹਿਮ-ਭਰਮ ਫੈਲਾ ਦਿੱਤਾ ਹੈ ਉਹਨਾਂ ਕੀ ਜੋੜਿਆ ਹੈ ? "ਧੰਨ ਗੁਰੂ ਨਾਨਕ ਜੀ" ਨੇ ਸਦੀਆਂ ਤੋਂ ਹਿੰਦੂਮਤ ਵਿਚ ਚੱਲੀ ਆ ਰਹੀ ਜਨੇਊ ਦੀ ਰਸਮ ਤੋਂ ਇਕਦਮ ਇਨਕਾਰ ਕਰ ਦਿੱਤਾ ਕਿ ਮੈਂ ਜਨੇਊ ਨਹੀਂ ਪਾਉਣਾ, ਕੀ ਜਨੇਊ ਪਾਉਣ ਨਾਲ ਜ਼ਿਆਦਾ ਜੁੜਦੇ ਸੀ ਕਿ ਜਨੇਊ ਨਾ ਪਾਉਣ ਨਾਲ ? ਕੀ ਇਸ ਪ੍ਰਸ਼ਨ ਦਾ ਉੱਤਰ ਕਿਸੇ ਕੋਲ ਹੈ ? ਧੰਨ ਗੁਰੂ ਦਸਵੇਂ ਪਾਤਸ਼ਾਹ ਨੂੰ ਵੀ ਪਹਾੜੀ ਰਾਜਿਆਂ ਨੇ ਕਿਹਾ ਕਿ ਸਾਨੂੰ ਵੱਖਰਾ ਅੰਮ੍ਰਿਤ ਛਕਾਓ ਅਸੀਂ ਉੱਚੀ ਜ਼ਾਤ ਦੇ ਹਾਂ ਕੀ ਪਹਾੜੀ ਰਾਜਿਆਂ ਨੂੰ ਜੋੜਨ ਵਾਸਤੇ ਦਸਵੇਂ ਪਾਤਸ਼ਾਹ ਨੇ ਵੱਖਰਾ ਬਾਟਾ ਤਿਆਰ ਕਰ ਦਿੱਤਾ ਸੀ ? ਕਿਹੜੇ ਜੋੜਨ ਅਤੇ ਤੋੜਨ ਦੀਆਂ ਗੱਲਾਂ ਕਰਦੇ ਹੋ ? ਪਹਿਲਾਂ ਇਹਨਾਂ ਸਵਾਲਾਂ ਦੇ ਜਵਾਬ ਦਿਓ। **ਜਸਬੀਰ ਸਿੰਘ**

## ਇਕ ਭਰਮ ਹੋਰ ਵੀ

ਕਈ ਕਹਿੰਦੇ ਹਨ ਕਿ ਸੰਤ ਤਾਂ ਨਾਮ ਜਪਣ ਦੀ ਜੁਗਤੀ ਦੱਸਦੇ ਹਨ ਪਰ ਮੈਂ ਪੁੱਛਦਾ ਹਾਂ ਕਿ ਜਿਹੜੇ ਸੰਤ ਆਪ ਅੰਧ-ਵਿਸ਼ਵਾਸੀ ਹਨ ਵਹਿਮਾਂ-ਭਰਮਾਂ ਵਿਚ ਪਏ ਹਨ ਅਤੇ ਪਾ ਰਹੇ ਹਨ ਇਹਨਾਂ ਕੋਲ ਤਾਂ ਆਪਣੇ ਆਪ ਜੋਗੀ-ਜੁਗਤੀ ਨਹੀਂ ਹੈ। ਇਹਨਾਂ ਕਿਸੇ ਨੂੰ ਕੀ ਦੱਸਣਾ ਹੈ ਇਹ ਸਭ ਭੁਲੇਖੇ ਇਹਨਾਂ ਪਾਏ ਹੋਏ ਹਨ, ਇਹ "ਸੰਤਨ ਹਥਿ ਰਾਖੀ ਕੂੰਜੀ" ਦੇ ਗ਼ਲਤ ਅਰਥ ਕਰਕੇ ਕਹਿੰਦੇ ਹਨ ਕਿ ਕੁੰਜੀ ਸੰਤਾਂ ਕੋਲ ਹੈ ਪਰ ਗੁਰੂ ਜੀ ਕਹਿੰਦੇ ਹਨ "ਕੁੰਜੀ ਗੁਰ ਸਉਪਾਈ" ਇਹ ਇਹਨਾਂ ਕਦੇ ਵੀ ਨਹੀਂ ਕਿਹਾ ਕਿ ਕੁੰਜੀ ਗੁਰੂ ਕੋਲ ਹੈ ਸਪੱਸ਼ਟ ਹੈ ਕਿ ਇਹ ਗੁਰੂ ਨੂੰ ਪਿੱਛੇ ਕਰਕੇ ਆਪ ਅੱਗੇ ਲੱਗਣਾ ਚਾਹੁੰਦੇ ਹਨ, ਇਹ ਗੁਰੂ ਦੇ ਸ਼ਰੀਕ ਬਣੇ ਹੋਏ ਹਨ।

ਭਾਈ ਗੁਰਦਾਸ ਜੀ ਦੇ ਕਥਨ ਮੁਤਾਬਕ :

ਪੂਛਤ ਹੈ ਪੰਥ ਮਾਰਗ ਨਾ ਧਰੈ ਪਗ॥
ਪ੍ਰੀਤਮ ਕੈ ਦੇਸ਼ ਕੈਸੇ ਬਾਤਨ ਸੇ ਜਾਈਐ॥ (ਭਾਈ ਗੁਰਦਾਸ ਜੀ)
ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਉ ਨ ਜਾਈ॥
ਜਿਉ ਜਲ ਮਾਝੇ ਮਾਛਲੋ ਮਾਰਗੁ ਪੇਖਣੋ ਨਾ ਜਾਈ॥ (ਪੰਨਾ 525)

ਸਾਨੂੰ ਗੁਰੂ ਨੇ ਸਭ ਕੁਝ ਦੱਸਿਆ ਹੋਇਆ ਹੈ। ਸਾਨੂੰ ਇਹਨਾਂ ਸਾਧਾਂ ਦੀਆਂ ਜੁਗਤੀਆਂ ਦੀ ਲੋੜ ਨਹੀਂ ਹੈ। ਸਭ ਕੁਝ ਗੁਰੂ ਪਾਸ ਹੈ।

ਜਰਨੈਲ ਸਿੰਘ

## ਸ਼ਰਧਾ ਕਿ ਅੰਧਵਿਸ਼ਵਾਸ

ਸ਼ਰਧਾ ਅਤੇ ਵਹਿਮ (ਅੰਧਵਿਸ਼ਵਾਸ) ਦੀ ਸ਼ਕਲ ਸੂਰਤ ਵਿਚ ਕੋਈ ਫ਼ਰਕ ਨਹੀਂ ਹੁੰਦਾ ਪਰ ਅਰਥਾਂ ਅਨੁਸਾਰ ਅਸਲ ਵਿਚ ਇਹਨਾਂ ਵਿਚ ਇਤਨਾ ਫ਼ਰਕ ਹੈ ਜਿਤਨਾ ਕਿ ਅੰਮ੍ਰਿਤ ਤੇ ਜ਼ਹਿਰ ਵਿਚ ਹੈ। ਸ਼ਰਧਾ ਦੀ ਨੀਂਹ ਬੇਗਰਜ਼ੀ (ਨਿਰ ਸੁਆਰਥ) ਹੈ ਪਰ ਵਹਿਮ, ਸੁਆਰਥ ਅਤੇ ਖੁਦਗਰਜ਼ੀ ਤੇ ਖੜ੍ਹਾ ਹੁੰਦਾ ਹੈ। ਸ਼ਰਧਾਵਾਨ ਆਪਣਾ ਆਪ ਗੁਰੂ ਹਵਾਲੇ ਕਰਦਾ ਹੈ ਪਰ ਵਹਿਮੀ ਸਦਾ ਹੀ ਗੁਰੂ ਨੂੰ ਆਪਣੇ ਮਤਲਬ ਵਾਸਤੇ ਵਰਤਦਾ ਹੈ। **ਗੁਰੂ ਬਚਨ** ਹੈ "ਮਨਿ ਬੇਚੈ ਸਤਿਗੁਰ ਕੈ ਪਾਸਿ, ਤਿਸ ਸੇਵਕ ਕੇ ਕਾਰਜਿ ਰਾਸਿ॥" (**ਪੰਨਾ 286**) ਪਰ ਸੁਆਰਥੀ ਵਾਸਤੇ, "ਜਿਤੁ ਦਿਨ ਉਨ ਕਾ ਸੁਆਉ ਹੋਇ ਨ ਆਵੈ ਤਿਤ ਦਿਨ ਨੇੜੈ ਕੋ ਨ ਢੁਕਾਸਾ"॥

ਅਕਲ ਨਾਲ ਹੀ ਅਕਲ ਤਿਆਗਣੀ ਠੀਕ ਹੈ ਜੋ ਕੋਝੇ ਢੰਗ ਨਾਲ ਅਕਲ ਤਿਆਗਦਾ ਹੈ ਉਹ ਪਾਖੰਡੀ ਸਾਧਾਂ ਦੇ ਢਹੇ ਚੜ੍ਹ ਜਾਂਦਾ ਹੈ ਆਪਣੀ ਮਨ ਦੀ ਮਤ ਤਿਆਗ ਕੇ ਗੁਰਮਤਿ (ਵੱਡੀ ਸ੍ਰੇਸ਼ਟ ਮੱਤ) ਹਾਸਲ ਕਰਨੀ ਹੈ। ਇਹ ਨਾ

ਹੋਵੇ ਕਿ ਮਨ ਦੀ ਮਤਿ ਤਾਂ ਤਿਆਗ ਦਿਓ ਪਰ ਤੁਹਾਡੇ ਅੰਦਰ ਕਿਸੇ ਸ਼ੈਤਾਨ (ਸਾਧ) ਦੀ ਮੱਤ ਆ ਜਾਵੇ। ਗੁਰੂ ਫੁਰਮਾਨ ਹੈ:

ਅਕਲੀ ਸਾਹਿਬ ਸੇਵੀਐ, ਅਕਲੀ ਪਾਈਐ ਮਾਨੁ॥
ਅਕਲੀ ਪੜ੍ਹਿ ਕੈ ਬੁਝੀਐ, ਅਕਲੀ ਕੀਚੈ ਦਾਨੁ॥
ਨਾਨਕੁ ਆਖੈ ਰਾਹੁ ਏਹੁ, ਹੋਰਿ ਗਲਾਂ ਸ਼ੈਤਾਨੁ॥

ਗਿਆਨਵਾਨ ਪੁਰਸ਼ ਅੰਦਰ ਸ੍ਰੇਸ਼ਟ ਸ਼ਰਧਾ **ਹੁੰਦੀ** ਹੈ ਉਹ ਸਿਆਣਪ ਅਤੇ ਸੂਝ ਨਾਲ ਆਪਣੀ ਵਫ਼ਾਦਾਰੀ ਨਿਭਾਉਂਦਾ **ਹੈ ਨਾ ਕਿ** ਅੰਧਵਿਸ਼ਵਾਸ ਨਾਲ। **ਅੱਜ ਕੱਲ੍ਹ** ਗੁਰਦੁਆਰਿਆਂ, ਡੇਰਿਆਂ ਦੇ ਸੰਤ **ਪ੍ਰਬੰਧਕ ਵੀ** ਅੰਧਵਿਸ਼ਵਾਸੀ ਸ਼ਰਧਾ ਦੀ ਢੰਡੋਰਾ ਪਿੱਟ ਰਹੇ ਹਨ ਪਰ ਗੁਰਮਤਿ **ਦੀ ਗਿਆਨ** ਦੀ ਕਦੇ ਗੱਲ ਕਰਨ ਨੂੰ ਤਿਆਰ ਨਹੀਂ। ਸ਼ਰਧਾ ਦੀ ਗੱਲ ਉਹ ਗੋਲਕ ਭਰਨ ਵਾਸਤੇ ਕਰਦੇ ਹਨ ਕਿ ਬੰਦਿਆਂ ਨੂੰ ਮੱਥੇ ਟੇਕੋ ਖਾਲੀ ਹੱਥ ਮੱਥਾ ਨਹੀਂ ਟੇਕਣਾ। ਘੋੜਿਆਂ ਨੂੰ ਮੱਥਾ, ਹਾਥੀਆਂ ਨੂੰ ਪੈਸੇ ਰੱਖ ਕੇ ਮੱਥੇ, ਆਪਣੀਆਂ ਵਿਦੇਸ਼ੀ ਕਾਰਾਂ ਨੂੰ ਵੀ ਮੱਥੇ ਟਿਕਾ ਕੇ ਭੋਲੀ-ਭਾਲੀ ਸੰਗਤ ਦਾ ਸ਼ੋਸ਼ਣ ਕਰ ਰਹੇ ਹਨ। ਕੋਈ ਬੇਰੀ ਗੋਲਕ, ਕੋਈ ਟਾਲ੍ਹੀ ਗੋਲਕ, ਕੋਈ ਫਲਾਹੀ ਗੋਲਕ, ਕੋਈ ਜੰਡ ਗੋਲਕ, ਕੋਈ ਡੇਰੇਦਾਰ ਬਾਬਿਆਂ ਦੀ ਖੂੰਡੀ, ਜੁੱਤੀਆਂ ਜੋੜੇ, ਕੁਰਸੀਆਂ ਮੇਜ਼, ਜਿਸ ਲੈਟਰੀਨ ਵਿਚ ਬਾਬਾ ਟੱਟੀ ਬੈਠਦਾ ਸੀ ਉਸਨੂੰ ਮੱਥੇ ਟਿਕਾ ਰਹੇ ਹਨ। ਕੋਈ ਦੱਸੇ ਕਿ ਐਸੀ ਵਹਿਮੀ ਸ਼ਰਧਾ ਅੰਧਵਿਸ਼ਵਾਸੀ ਸ਼ਰਧਾ ਕਿਸੇ ਸਿੱਖ ਦਾ ਕੀ ਸਵਾਰੇਗੀ? ਇਹਨਾਂ ਪਤਾ ਨਹੀਂ ਕਿੰਨੇ ਕੁ ਟਾਲ੍ਹੀ ਸਾਹਿਬ, ਬੇਰ ਸਾਹਿਬ, ਅੰਬ ਸਾਹਿਬ, ਪੱਥਰ ਸਾਹਿਬ ਬਣਾ ਦਿੱਤੇ ਹਨ। ਡੇਰੇਦਾਰ ਸਾਧ ਆਪਣਾ ਪ੍ਰਭਾਵ ਵਧਾਉਣ ਵਾਸਤੇ ਮਨਮੱਤ ਦੇ ਹੱਦਾ-ਬੰਨੇ ਟੱਪੀ ਜਾ ਰਹੇ ਹਨ ਇਹ ਸਿਮਰਨ ਦੇ ਨਾਂ 'ਤੇ ਨਵੇਂ-ਨਵੇਂ ਢੌਂਗ ਰਚ ਰਹੇ ਹਨ। ਗੁਰਸਿੱਖਾਂ ਵਾਲੇ ਸਿਮਰਨ ਦੇ ਇਹ ਕਦੇ ਨੇੜੇ ਨਹੀਂ ਗਏ ਇਹ ਜੋਗੀਆਂ ਵਾਲਾ, ਜੈਨੀਆਂ ਵਾਲਾ, ਬੋਧੀਆਂ ਵਾਲਾ, ਬਾਹਮਣਾਂ ਵਾਲਾ, ਦਿਖਾਵੇ ਵਾਲਾ ਫੋਕਾ ਸਿਮਰਨ ਕਰਵਾ ਰਹੇ ਹਨ ਜਿਹਦਾ ਨਤੀਜਾ ਸਾਰੀ ਦੁਨੀਆਂ ਦੇ ਸਾਹਮਣੇ ਹੈ। ਸੋ ਗੁਰਬਾਣੀ ਨੂੰ ਸਮਝਣਾ ਅਤੇ ਗੁਰੂ ਦੇ ਸ਼ਰੀਕਾਂ, ਭੇਖੀਆਂ ਨੂੰ ਪਛਾੜਨਾ ਸਮੇਂ ਦੀ ਮੁੱਖ ਲੋੜ ਹੈ।

'ਧੰਨ ਗੁਰੂ ਗ੍ਰੰਥ ਸਾਹਿਬ' ਜੀ ਨੂੰ ਮੱਥਾ ਟੇਕਣਾ ਵੀ ਮਨ ਦੀ ਅਵਸਥਾ ਨਾਲ ਸੰਬੰਧਿਤ ਹੈ, ਜੇ ਸਾਡੇ ਅੰਦਰ ਸਤਿਕਾਰ ਲਈ ਸ਼ਰਧਾ ਹੈ, ਸਮਝਣ, ਮੰਨਣ ਕਮਾਉਣ ਦੀ ਸ਼ਰਧਾ ਹੈ ਤਾਂ ਹੀ ਮੱਥਾ ਟੇਕਣਾ ਸ਼ੋਭਦਾ ਹੈ ਨਹੀਂ ਤਾਂ ਸ਼ਰਧਾਹੀਣ ਹੋ ਕੇ ਪਾਖੰਡ ਹੀ ਕਰਨੇ ਹਨ ਤਾਂ ਇਹ ਬਚਨ:

ਸੀਸ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥ (ਪੰਨਾ 470)

**ਸੁਖਵਿੰਦਰ ਸਿੰਘ ਸਭਰਾ**

# ਪੰਥਕ ਮਰਯਾਦਾ ਵਿਰੁੱਧ ਸੰਤਾਂ ਦੀ ਮਰਯਾਦਾ

20ਵੀਂ ਵਾਰ ਦੀ 8ਵੀਂ ਪਉੜੀ ਵਿਚ ਭਾਈ ਗੁਰਦਾਸ ਜੀ ਇਕ ਅਕਾਲ ਪੁਰਖ ਦੀ ਟੇਕ ਨੂੰ ਇਉਂ ਦ੍ਰਿੜ ਕਰਾਉਂਦੇ ਹਨ :

ਸਜਾ ਖਬਾ ਸਉਣ ਨ ਮੰਨਿ ਵਸਾਇਆ॥
ਨਾਰਿ ਪੁਰਖ ਨੋ ਵੇਖਿ ਨ ਪੈਰ ਹਟਾਇਆ॥
ਭਾਖ ਸੁਭਾਖ ਵੀਚਾਰਿ ਨ ਛਿਕ ਮਨਾਇਆ॥
ਦੇਵੀ ਦੇਵ ਨ ਸੇਵ, ਨ ਪੂਜ ਕਰਾਇਆ॥
ਭੰਭਲ ਭੂਸੇ ਖਾਇ ਨ ਮਨ ਭਰਮਾਇਆ॥
ਗੁਰਸਿਖ ਸਚਾ ਖੇਤੁ ਬੀਜ ਫਲਾਇਆ॥

ਸਭ ਵਹਿਮਾਂ-ਭਰਮਾਂ, ਭੁਲੇਖਿਆਂ ਤੇ ਅਨ-ਉਪਾਸ਼ਨਾਵਾਂ ਤੋਂ ਉੱਪਰ ਉੱਠ ਕੇ ਕੇਵਲ ਇਕ ਨਿਰੰਕਾਰ ਵੱਲ, ਨੱਕ ਦੀ ਸੇਧੇ ਜਾਣ ਦਾ ਨਾਮ ਸਿੱਖੀ ਹੈ। 19ਵੀਂ ਸਦੀ ਦੇ ਅਖ਼ੀਰ ਵਿਚ 'ਸਿੰਘ ਸਭਾ ਗੁਰਦੁਆਰਾ ਸੁਧਾਰ ਲਹਿਰ' ਦਾ ਪੈਦਾ ਹੋਣਾ ਕੌਮੀ ਤੌਰ 'ਤੇ ਆ ਗਈਆਂ ਢਿਲਆਈਆਂ ਦਾ ਪ੍ਰਤੱਖ ਸਬੂਤ ਹੈ।

ਇਕ ਦਿਨ ਉਹ ਵੀ ਆ ਗਿਆ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਹਿੰਦੂ ਦੇਵੀ-ਦੇਵਤਿਆਂ ਦੀਆਂ ਪੱਥਰ ਦੀਆਂ ਮੂਰਤੀਆਂ ਲਿਆ ਕੇ ਟਿਕਾ ਦਿੱਤੀਆਂ ਗਈਆਂ। ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਜੋ ਇਸ ਲਹਿਰ ਦੇ ਮੋਢੀ ਸਨ ਨੇ ਉਹ ਪੱਥਰ ਦੀਆਂ ਮੂਰਤੀਆਂ ਉਥੋਂ ਚੁੱਕਵਾ ਦਿੱਤੀਆਂ। ਉਸ ਵੇਲੇ ਦੇ ਮਹੰਤਾਂ ਪੁਜਾਰੀਆਂ ਜਥੇਦਾਰਾਂ ਨੇ ਪ੍ਰੋ. ਗੁਰਮੁਖ ਸਿੰਘ ਨੂੰ ਪੰਥ ਵਿਚੋਂ ਛੇਕ ਦਿੱਤਾ। ਯਾਦ ਰਹੇ ਕਿ 1995 ਵਿਚ ਵਿਸ਼ਵ ਸਿੱਖ ਸੰਮੇਲਨ ਦੌਰਾਨ ਪ੍ਰੋ. ਗੁਰਮੁਖ ਸਿੰਘ ਹੋਰਾਂ ਨੂੰ ਪੰਥ ਵਿਚ ਸ਼ਾਮਲ ਕਰ ਲਿਆ ਸੀ ਇਥੋਂ ਉਸ ਵੇਲੇ (19ਵੀ ਸਦੀ ਵਾਲੇ) ਪੁਜਾਰੀਆਂ ਦੀ ਨਾਲਾਇਕੀ ਜੱਗ ਜਾਹਿਰ ਹੈ। ਖੈਰ! 1873 ਵਿਚ, ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਦੇ ਪੁਰਸ਼ਾਰਥ (ਜਤਨਾ) ਨਾਲ ਲਾਹੌਰ ਤੋਂ ਉਪਰੰਤ ਸ੍ਰੀ ਅੰਮ੍ਰਿਤਸਰ ਪਹਿਲੀ ਵਾਰ ਸਿੰਘ ਸਭਾ ਕਾਇਮ ਹੋਈ ਅਤੇ ਆਖ਼ਰ ਇਹ ਜਦੋ-ਜਹਿਦ 'ਅਕਾਲੀ ਲਹਿਰ' ਦਾ ਰੂਪ ਧਾਰਦੀ ਹੋਈ, ਵੱਡੀਆਂ ਕੁਰਬਾਨੀਆਂ ਉਪਰੰਤ ਸਫ਼ਲਤਾ ਸਾਹਿਤ, ਗੁਰਦੁਆਰਾ ਐਕਟ 1925 ਅਧੀਨ ਬਣੀ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀ ਕਾਇਮੀ ਦੇ ਰੂਪ ਵਿਚ ਜਾ ਨਿਬੜੀ। ਸ਼੍ਰੋਮਣੀ ਕਮੇਟੀ ਸਿੱਖਾਂ

ਦੀ ਧਾਰਮਿਕ, ਸਮਾਜਿਕ ਤੇ ਵਿੱਦਿਅਕ ਅਗਵਾਈ ਲਈ ਸਭ ਤੋਂ ਵੱਡੀ ਪ੍ਰਤੀਨਿਧ ਜਮਾਤ ਹੈ। ਭਾਵੇਂ ਹੁਣ ਇਹ ਵੀ ਸਿਆਸਤ ਦੇ ਵਹਿਣ ਵਿਚ ਵਹਿ ਗਈ, ਆਪਣੇ ਫ਼ਰਜ਼ਾਂ ਤੋਂ ਪੂਰੀ ਤਰ੍ਹਾਂ ਭੱਜੀ ਹੋਈ ਹੈ, (ਇਹ ਹਾਲਾਤ ਸੰਖੇਪ ਰੂਪ ਵਿਚ ਇਸ ਪੁਸਤਕ ਦੇ ਪਹਿਲੇ ਭਾਗ ਅੰਦਰ ਆਪ ਪੜ੍ਹ ਆਏ ਹੋ) ਇਸ ਭਾਗ ਵਿਚ ਵੀ ਲੋੜ ਪੈਣ 'ਤੇ ਪ੍ਰਕਰਣ ਮੁਤਾਬਿਕ ਜ਼ਿਕਰ ਕਰਦਾ ਰਹਾਂਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆ ਜਾਣ ਉਪਰੰਤ ਵੀ ਇਸਦੇ ਸੂਝਵਾਨ, ਸੁਘੜ ਤੇ ਦੂਰ ਅੰਦੇਸ਼ ਨੇਤਾਵਾਂ ਨੂੰ ਖਦਸ਼ਾ ਸੀ ਕਿ ਪੰਥ ਕਿਤੇ ਫੇਰ ਵੱਖ-ਵੱਖ ਮਨਮੱਤੀ ਮਨੌਤਾਂ, ਬ੍ਰਾਹਮਣੀ ਰੀਤਾਂ, ਭੰਬਲ-ਭੂਸਿਆਂ ਅਤੇ ਪਰਸਪਰ ਮੱਤਭੇਦਾਂ ਤੇ ਵਖਰੇਵੇਂ ਵਾਲੀਆਂ ਫੋਕਟ ਰੀਤਾਂ, ਰਸਮਾਂ, ਰਿਵਾਜਾਂ ਅਤੇ ਅਰਥਹੀਣ ਸੰਸਕਾਰਾਂ ਦੇ ਭੀਹਾਵਲੇ ਜੰਗਲ ਵਿਚ ਨਾ ਗਵਾਚ ਜਾਵੇ। ਸੋ ਸਤੰਬਰ 1931 ਵਿਚ ਪੰਥ ਦੇ ਸੁਹਿਰਦ ਤੇ ਸੁਘੜ ਵਿਦਵਾਨਾਂ ਦੀ ਇਕ 'ਰਹੁਰੀਤ ਕਮੇਟੀ' ਬਣਾਈ ਕਹਿਣ ਤੋਂ ਭਾਵ ਕਿ ਬੜੀ ਮਿਹਨਤ ਨਾਲ ਉਸ ਵੇਲੇ ਦੇ ਸਿੱਖ ਜਗਤ ਦੀਆਂ ਰਾਇਆਂ ਲੈ ਕੇ ਸਹਿਮਤੀ ਲੈ ਕੇ, ਸਿੱਖ ਪੰਥ ਦੀ ਏਕਤਾ ਦੀ ਪ੍ਰਤੀਕ ਸਿੱਖ ਰਹਿਤ ਮਰਯਾਦਾ ਲਾਗੂ ਕੀਤੀ। ਪਰ ਖ਼ੁਦਗਰਜ਼ੀਆਂ (ਸਵਾਰਥ) ਦਾ ਮਾਰਿਆ ਡੇਰਾਵਾਦ ਇਸ ਮਰਯਾਦਾ ਦਾ ਕੱਟੜ ਵਿਰੋਧੀ ਹੈ।

ਹਰ ਸਾਧ ਆਪਣੇ ਡੇਰੇ ਦੀ ਮਰਯਾਦਾ ਸਾਰੇ ਪੰਥ 'ਤੇ ਲਾਗੂ ਕਰਵਾ ਕੇ ਹੀਰੋ ਬਣਨਾ ਚਾਹੁੰਦਾ ਹੈ। ਹਰ ਸਾਧ ਦੇ ਡੇਰੇ ਦੀ ਮਰਯਾਦਾ ਵੱਖ਼ਰੀ-ਵੱਖਰੀ ਹੈ। ਸੰਨ 1993 ਵਿਚ ਮਨਸੂਰਾਂ ਜਿਲ੍ਹਾ ਲੁਧਿਆਣਾ ਵਿਖੇ ਇਹਨਾਂ ਸਾਧਾਂ ਨੇ ਇਕ ਇਕੱਠ ਕੀਤਾ, ਜਿਸ ਵਿਚ ਇਹਨਾਂ ਨੇ 100 ਮੈਂਬਰਾਂ ਦੀ ਕਮੇਟੀ ਵੀ ਚੁਣੀ ਇਹਨਾਂ ਨੇ ਵੱਖਰੀ ਮਰਯਾਦਾ ਦਾ ਐਲਾਨ ਕੀਤਾ ਹੋਇਆ ਹੈ ਇਥੋਂ ਸਿੱਧ ਹੁੰਦਾ ਹੈ ਕਿ ਇਹ ਸਾਧ, ਗੁਰੂ ਪੰਥ ਨਾਲ ਬਗਾਵਤ ਕਰੀ ਬੈਠੇ ਹਨ, ਇਹਨਾਂ ਦੀ ਆਪਣੀ ਹੀ ਜਾਰੀ ਕੀਤੀ ਹੋਈ ਮਰਯਾਦਾ ਨੂੰ ਵੀ ਇਹ ਕੋਈ ਸਾਧ ਨਹੀਂ ਮੰਨਦਾ, ਇਹਨਾਂ ਆਪਣੀ ਮਨਮਰਜ਼ੀ ਵਾਲੀਆਂ ਸਵਾਰਥੀ ਮਰਯਾਦਾ ਬਣਾਈਆਂ ਹੋਈਆਂ ਹਨ। ਪਤਾ ਨਹੀਂ ਕਿੰਨੇ ਕੁ ਸੰਤ ਸਮਾਜ ਇਹਨਾਂ ਬਣਾਏ ਹਨ ਇਹਨਾਂ ਅੱਗੇ ਸਵਾਲ ਖੜ੍ਹਾ ਹੈ ਕਿ ਲੋਕ ਤਾਂ ਸਰਕਾਰ ਦੇ ਵਿਰੁੱਧ ਯੂਨੀਅਨਾਂ ਬਣਾਉਂਦੇ ਹੁੰਦੇ ਹਨ ਕੀ ਤੁਸੀਂ "ਗੁਰੂ ਨਾਨਕ ਨਾਮ ਲੇਵਾ" ਗੁਰੂ ਪੰਥ ਵਿਰੁੱਧ ਯੂਨੀਅਨ ਬਣਾਈ ਹੈ ? ਤਾਂ ਕਿਉਂ ?

ਗੁਰੂ ਜੀ ਕਹਿੰਦੇ ਕੋਈ ਜ਼ਾਤ-ਪਾਤ ਨਹੀਂ ਹੈ।

ਇਹ ਸਾਧ ਕਹਿੰਦੇ ਜ਼ਾਤ-ਪਾਤ ਹੈ।

ਗੁਰੂ ਜੀ ਕਹਿੰਦੇ ਕੋਈ ਸੁੱਚ-ਭਿੱਟ, ਸੂਤਕ-ਪਾਤਕ, ਵਹਿਮ-ਭਰਮ, ਜਾਦੂ-ਟੂਣੇ ਨਹੀਂ ਹਨ।

ਇਹ ਸਾਧ ਕਹਿੰਦੇ ਇਹ ਤਾਂ ਸਾਰਾ ਕੁਝ ਹੈ।

ਗੁਰੂ ਜੀ ਕਹਿੰਦੇ ਕੋਈ ਵਰ ਸ਼ਰਾਪ ਨਹੀਂ ਹੈ।

ਇਹ ਸਾਧ ਕਹਿੰਦੇ ਇਹ ਤਾਂ ਜ਼ਰੂਰ ਹੈ।

ਗੁਰੂ ਜੀ ਕਹਿੰਦੇ ਕੋਈ, ਮਰਿਆਂ ਦੇ ਜੁੱਤੀ, ਲੀੜੇ, ਮੰਜੇ, ਬਿਸਤਰੇ ਨਹੀਂ ਦੇਣੇ।

ਇਹ ਸਾਧ ਕਹਿੰਦੇ, ਇਹੀ ਤਾਂ ਦਾਨ ਹੈ ਜੋ ਅੱਗੇ ਉਸ ਮੁਰਦੇ ਨੂੰ ਮਿਲਣਾ ਹੈ।

ਗੁਰੂ ਜੀ ਕਹਿੰਦੇ ਭਰਮ-ਭੁਲੇਖੇ ਦੂਰ ਕਰੋ।

ਇਹ ਸਾਧ ਕਹਿੰਦੇ ਭਰਮ-ਭੁਲੇਖੇ ਪਾਓ।

ਗੁਰੂ ਜੀ ਕਹਿੰਦੇ ਮੜ੍ਹੀਆਂ ਮਸਾਣਾਂ ਦੀ ਪੂਜਾ ਨਹੀਂ ਕਰਨੀ।

ਇਹ ਕਈ ਸਾਧ ਆਪ ਕਰਦੇ ਵੇਖੇ ਗਏ ਹਨ (ਜਿਹੜੇ ਨਹੀਂ ਕਰਦੇ ਉਹ ਛੱਡ ਕੇ)

ਗੁਰੂ ਜੀ ਕਹਿੰਦੇ ਦੇਵੀ-ਦੇਵਤਿਆਂ ਦੀ ਪੂਜਾ ਨਹੀਂ ਕਰਨੀ।

ਇਹ ਸਾਧ ਕਹਿੰਦੇ ਇਹ ਤਾਂ ਸਾਡੇ ਵੱਡੇ-ਵਡੇਰੇ ਹਨ।

ਗੁਰੂ ਜੀ ਕਹਿੰਦੇ, ਕੋਈ ਚੋਰੀ, ਯਾਰੀ, ਠੱਗੀ, ਛਲ, ਕਪਟ, ਬੇਈਮਾਨੀ, ਧੋਖੇ, ਧੜੇ ਨਹੀਂ ਕਰਨੇ।

ਇਹ ਸਾਧ ਕਹਿੰਦੇ ਇਹ ਸਾਰਾ ਕੁਝ ਮੁਆਫ਼ ਕਰਵਾ ਦਿਆਂਗੇ ਕਰੋ ਤਾਂ ਸਹੀ।

ਗੁਰੂ ਜੀ ਕਹਿੰਦੇ ਧਰਮ ਦੇ ਨਾਂ 'ਤੇ ਲੁੱਟ ਨਹੀਂ ਕਰਨੀ।

ਇਹ ਸਾਧ ਆਪ ਹੀ ਕਰੀ ਜਾਂਦੇ ਹਨ।

ਗੁਰੂ ਜੀ ਕਹਿੰਦੇ ਸਿੱਖੋ ਤੁਸੀਂ ਸਾਰੇ ਗੁਰੂ ਪੰਥ ਦਾ ਅੰਗ ਹੋ।

ਇਹ ਸਾਧ ਕਹਿੰਦੇ ਅਸੀਂ ਹੀਂ ਪੰਥ ਹਾਂ।

ਗੁਰੂ ਜੀ ਕਹਿੰਦੇ ਸ਼ਖਸ਼ੀ ਪੂਜਾ ਨਹੀਂ ਕਰਨੀ।

ਇਹ ਸਾਧ ਕਹਿੰਦੇ ਅਸੀਂ ਆਪਣੀ ਹੀ ਪੂਜਾ ਕਰਵਾਵਾਂਗੇ।

ਗੁਰੂ ਜੀ ਕਹਿੰਦੇ ਸਿੰਘੋ ਤੁਸੀਂ ਮੇਰੇ ਨੇੜੇ ਹੁੰਦਿਆਂ ਹੋਇਆ ਵੀ ਸੇਵਕ, ਦਾਸ, ਜਨ ਚੌਕੀਦਾਰ, ਸੇਵਾਦਾਰ ਰਹਿ ਕੇ ਸੇਵਾ ਕਰਨੀ ਹੈ।

ਪਰ ਇਹ ਸਾਧ ਆਪ ਹੀ ਬ੍ਰਹਮਗਿਆਨੀ ਪਰਮੇਸ਼ਵਰ ਬਣੇ ਬੈਠੇ ਹਨ ਆਪਣੇ ਆਪ ਨੂੰ ਗੁਰੂ ਤੋਂ ਉੱਪਰ ਦੱਸ ਰਹੇ ਹਨ।

ਗੁਰੂ ਜੀ ਕਹਿੰਦੇ ਤੱਤ-ਸੱਚ ਗੁਰਮਤਿ ਨੂੰ ਗ੍ਰਹਿਣ ਕਰਨਾ ਅਤੇ ਝੂਠੀ ਮਨਮੱਤ ਨੂੰ ਛੱਡਣਾ ਹੈ।

ਪਰ ਇਹ ਸਾਧ ਆਪ ਖੁਦ ਝੂਠ, ਮਨਮੱਤ ਪ੍ਰਚਾਰ ਰਹੇ ਹਨ।

ਗੁਰੂ ਜੀ ਕਹਿੰਦੇ ਕੋਈ ਕਰਾਮਾਤ ਨਹੀਂ ਹੈ।

ਇਹ ਸਾਧ ਆਪ ਹੀ ਝੂਠੀਆਂ ਕਹਾਣੀਆਂ ਨੂੰ ਕਰਾਮਾਤ ਬਣਾ ਰਹੇ ਹਨ।

ਸੋ ਅਵਤਾਰਵਾਦ ਨੂੰ ਵੀ ਗੁਰਬਾਣੀ ਨੇ ਨਹੀਂ ਮੰਨਿਆ ਪਰ ਇਹ ਸਾਧ ਆਪ ਹੀ ਅਵਤਾਰ ਬਣੇ ਬੈਠੇ ਹਨ। ਇਹਨਾਂ ਵਿਚੋਂ ਕਈ ਆਪਣੇ ਆਪ ਨੂੰ ਗੁਰੂਆਂ ਦੇ ਅਵਤਾਰ ਦੱਸਦੇ ਹਨ ਜਿਹੜੇ ਇਹਨਾਂ ਦੇ ਘਰ ਨਿਆਣੇ ਜੰਮਦੇ ਹਨ ਉਹਨਾਂ ਬਾਰੇ ਵੀ ਇਹ ਕਿਸੇ ਨਾ ਕਿਸੇ ਦੇ ਅਵਤਾਰ ਹੋਣ ਦਾ ਝੂਠਾ ਦਾਅਵਾ ਕਰਦੇ ਹਨ। ਇਸ ਤਰ੍ਹਾਂ ਇਹਨਾਂ ਸਾਧਾਂ ਨੇ ਸਿੱਧੀ ਬਗ਼ਾਵਤ ਕੀਤੀ ਹੋਈ ਹੈ।

**ਸੁਖਵਿੰਦਰ ਸਿੰਘ ਸਭਰਾ**

## ਖਾਲਸਾ ਜੀ ! ਜਾਗੋ
## ਸੰਤ ਬਾਬੇ ! ਤਿਆਗੋ

ਗੁਰੂ ਖਾਲਸਾ ਜੀਉ। ਐ ਸਿੱਖੀ ਦੇ ਵਾਰਸੋ ! ਗੁਰੂ ਸਾਹਿਬ ਦੇ ਪੁੱਤਰੋ, ਧੀਓ ! ਅੱਖਾਂ ਖੋਲੋ ਅਤੇ ਸੁਰਤ ਸੰਭਾਲੋ ! ਅੱਜ ਦੇ ਸੰਤ ਬਾਬੇ ਮਹਾਂਪੁਰਖ ਮਾਇਆ ਦੇ ਪੁਜਾਰੀ ਹਨੇਰਾ ਵੰਡ ਰਹੇ ਹਨ, ਪ੍ਰੰਤੂ ਰੱਬ ਨੂੰ ਪਹੁੰਚੇ ਹੋਏ ਦੱਸ ਕੇ, ਗੁਰੂ ਦੇ ਸ਼ਰੀਕ ਬਣ ਕੇ, ਇਤਿਹਾਸਕ ਵਿਸ਼ਵਾਸ਼ਘਾਤ ਦੇ ਦੋਸ਼ੀ ਮਸੰਦ ਸਾਬਤ ਹੋਏ ਹਨ। ਸਿੱਖੀ 'ਚ ਕੋਈ ਵੀ ਸੰਤ ਮਹਾਂਪੁਰਖ ਬ੍ਰਹਮਗਿਆਨੀ ਨਹੀਂ ਕਹਾ ਸਕਦਾ, ਕਹਾਉਣ ਵਾਲੇ ਗੁਰੂ ਸਿਧਾਂਤਾਂ ਤਹਿਤ ਮਰ ਕੇ ਨਕਲੀ ਦੇਹਧਾਰੀ ਗੁਰੂਆਂ ਵਾਂਗ ਹੀ, ਮਰ ਕੇ ਸੱਪ (ਸਰਾਲਾਂ) ਬਣਦੇ ਹਨ ਅਤੇ ਇਹਨਾਂ ਦੇ ਚੇਲੇ, ਚਾਟੜੇ, ਸ਼ਰਧਾਲੂ ਕੀੜੇ ਬਣ ਕੇ ਇਹਨਾਂ ਨੂੰ ਖਾਂਦੇ ਹਨ। ਸੰਤ ਬਾਬੇ ਸਿੱਖੀ ਵਾਸਤੇ ਗੰਭੀਰ ਖ਼ਤਰੇ ਦਾ ਘੜਿਆਲ, ਨਿਰਾ ਧੋਖਾ ਅਤੇ ਕੈਂਸਰ ਰੋਗ ਵਾਂਗ ਹਨ। ਸਿੱਖਾਂ ਵਾਸਤੇ ਕੇਵਲ ਸਰਬਉੱਚ ਅਕਾਲਪੁਰਖ (ਏਕਸ ਬਿਨੁ ਨਾਹੀ ਕੋ ਦੂਜਾ) ਹੀ ਹਨ। ਇਸ ਲਈ ਸੰਤ ਬਾਬੇ ਛੱਡ ਕੇ "ਵਾਹਿਗੁਰੂ" ਦੀ ਪੂਜਾ ਅਤੇ "ਗੁਰੂ ਗ੍ਰੰਥ ਸਾਹਿਬ" ਦੇ ਗੁਰਮਤਿ ਸਿਧਾਂਤ ਅਨੁਸਾਰ ਹੀ ਜੀਵਨ ਬਤੀਤ ਕਰੋ। ਨਹੀਂ ਤਾਂ ਇਤਿਹਾਸ ਵਿਚ ਸੰਸਾਰਿਕ ਪਲੇਟਫਾਰਮ 'ਚੋਂ ਸਿੱਖੀ ਨੂੰ ਮਿਟਾਉਣ ਅਤੇ ਕੰਮਜ਼ੋਰ ਕਰਨ ਦੇ ਅਸੀਂ ਜ਼ਿੰਮੇਵਾਰ ਹੋਵਾਂਗੇ।

*ਭਾਈ ਨਿਰਮਲ ਸਿੰਘ*
*ਲੋਧੀ ਮਾਜਰਾ, ਰੋਪੜ।*

## ਚਿੱਟੀ ਸਿਊਂਕ ਦੇ ਨੁਕਸਾਨ

R.S.S ਅਤੇ ਹੋਰ ਸਿੱਖ ਵਿਰੋਧੀ ਜਥੇਬੰਦੀਆਂ ਵੱਡੇ ਲੀਡਰਾਂ ਅਤੇ ਡੇਰੇਦਾਰ ਸਾਧਾਂ ਦੇ ਰਾਹੀਂ ਸਿੱਖ ਵਿਚਾਰਧਾਰਾ ਨੂੰ ਖ਼ਤਮ ਕਰਨ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਇਹ ਡੇਰੇਦਾਰ ਸਾਧ ਕਿਵੇਂ R.S.S ਵਾਲੀ ਬੋਲੀ ਬੋਲਦੇ

ਹਨ। ਇਹ ਲਿਖਤੀ ਸਬੂਤ ਅਖ਼ਬਾਰਾਂ, ਮੈਗਜ਼ੀਨਾਂ ਦੀ ਜ਼ੁਬਾਨੀ ਫੋਟੋਆਂ ਸਮੇਤ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਵੀ ਦਿੱਤੇ ਹਨ। ਹੋਰ ਵੀ ਦੇਵਾਂਗੇ ਤਾਂ ਜੋ ਸਿੱਖ ਸੰਗਤਾਂ, ਲੋਹ-ਪੁਰਸ਼ਾਂ ਦੇ ਇਸ ਖਾਲਸ ਪੰਥ ਨੂੰ ਲੱਗੀ ਸਾਧ ਰੂਪੀ ਚਿੱਟੀ ਸਿਉਂਕ ਨੂੰ ਦੇਖ, ਸਮਝ ਸਕਣ। ਸੰਤ ਸਮਾਜ ਬਣਾਉਣੇ ਅਤੇ ਆਪਣੀਆ ਹੀ ਮਰਯਾਦਾ ਬਣਾ ਕੇ ਇਹ ਸਿੱਖ ਪੰਥ ਨੂੰ ਖੇਰੂੰ-ਖੇਰੂੰ ਕਰਨ 'ਤੇ ਤੁਲੇ ਹੋਏ ਹਨ। ਇਹੀ ਸਬੂਤ ਹੈ ਕਿ ਇਹਨਾਂ ਪਿੱਛੇ ਵਿਰੋਧੀ ਧਿਰਾਂ ਅਤੇ ਸਵਾਰਥੀ ਲੋਕਾਂ ਦਾ ਹੱਥ ਹੈ। ਭਾਵੇਂ ਕਈ ਥਾਵਾਂ 'ਤੇ ਲੋਕਾਂ ਅੰਦਰ ਜਾਗ੍ਰਿਤੀ ਆਈ ਹੈ ਅਤੇ ਸਾਧਾਂ ਸੰਤਾਂ ਪ੍ਰਤੀ ਸ਼ਰਧਾ ਘੱਟ ਰਹੀ ਹੈ ਪਰ ਇਹਨਾਂ ਵੱਲੋਂ ਫੈਲਾਈ ਵਹਿਮ ਪ੍ਰਸਤੀ ਦੂਰ ਕਰਨ ਵਾਸਤੇ ਅਜੇ ਕੁਰਬਾਨੀਆਂ ਕਰਨ ਦੀ ਲੋੜ ਹੈ। ਦੁੱਖ ਉਸ ਸਮੇਂ ਹੁੰਦਾ ਹੈ ਜਦੋਂ ਤਖ਼ਤਾਂ ਦੇ ਜਥੇਦਾਰ ਇਹਨਾਂ ਡੇਰੇਦਾਰਾਂ ਦੀ ਤਾਜਪੋਸ਼ੀ ਜਾਂ ਉਹਨਾਂ ਦੇ ਜਾ-ਨਸ਼ੀਨਾਂ ਦੇ ਦਸਤਾਰ ਬੰਨ੍ਹਣ ਦੀ ਰਸਮ ਕਰਨ ਲਈ ਹਾਜ਼ਰ ਹੁੰਦੇ ਹਨ।

ਸਾਡਾ ਸ਼੍ਰੇਸ਼ਟ ਜੀਵਨ ਤਾਂ ਹੀ ਬਣ ਸਕਦਾ ਹੈ ਜੇ ਅਸੀਂ ਗੁਰਬਾਣੀ ਨੂੰ ਸਮਝ ਕੇ ਆਪਣੇ ਜੀਵਨ 'ਚ ਅਪਣਾਈਏ ਅਤੇ ਗੁਰੂ ਪੰਥ ਨੂੰ ਮਜ਼ਬੂਤ ਕਰਨ ਲਈ ਪੰਥਕ ਰਹਿਤ ਮਰਯਾਦਾ ਨੂੰ ਗੁਰੂ ਦਾ ਹੁਕਮ ਸਮਝ ਕੇ ਸਿਰ ਮੱਥੇ ਮੰਨੀਏ।

**ਬੋਹੜ ਸਿੰਘ ਫ਼ੌਜੀ**

## ਭੇਖੀ ਸੰਤ ਬਾਬਿਆਂ ਦੀ ਪ੍ਰਸਿੱਧੀ ਫੈਲਣ ਦੇ ਕਾਰਣ

ਕਹਿੰਦੇ ਹਨ ਕਿ ਬਹੁਤੇ ਸੰਤ ਮਾਲਵੇ ਵਿਚ ਹਨ ਪਰ ਸਭ ਤੋਂ ਵੱਧ ਨਸ਼ੇ ਵੀ ਮਾਲਵੇ ਵਿਚ ਕੀਤੇ ਜਾ ਰਹੇ ਹਨ। ਸਾਲ 2003 ਦੇ ਸ਼ੁਰੂ ਵਿਚ ਇਕ ਪੰਜਾਬੀ ਦੇ ਅਖ਼ਬਾਰ ਦੀ ਖ਼ਬਰ ਸੀ ਕਿ ਮਾਲਵੇ ਦੇ ਨੌਂ ਪਿੰਡ ਅਤੇ ਬਾਬੇ ਛਿਆਲੀ। ਸੰਤਾਂ ਦੀ ਪ੍ਰਸਿੱਧੀ ਇਹਨਾਂ ਵੱਲੋਂ ਰੱਖੇ ਹੋਏ ਏਜੰਟਾਂ ਰਾਹੀਂ ਫੈਲਾਈ ਜਾਂਦੀ ਹੈ। ਇਕ ਸੰਤ ਦੀ ਪ੍ਰਸਿੱਧੀ ਘੱਟ ਸੀ। ਉਸਨੇ ਇਕ ਏਜੰਟ ਨੂੰ, ਜਿੱਥੋਂ ਦੀ ਲੋਕ ਜ਼ਿਆਦਾ ਆਉਂਦੇ ਸਨ ਉਸ ਰਾਹ 'ਤੇ ਖੜ੍ਹਾ ਕਰ ਦਿੱਤਾ। ਇਕ ਦਿਨ ਉਸ ਏਜੰਟ ਨੇ ਬਾਬੇ ਦੇ ਡੇਰੇ ਵੱਲ ਜਾਂਦੇ ਲੋਕਾਂ ਨੂੰ ਪੁੱਛਿਆ ਕਿਥੇ ਜਾ ਰਹੇ ਹੋ ਉਹ ਲੋਕ ਕਹਿੰਦੇ ਅਸੀਂ ਸੰਤ ਦੇ ਡੇਰੇ ਜਾ ਰਹੇ ਹਾਂ। ਏਜੰਟ ਕਹਿੰਦਾ ਤੁਹਾਡਾ ਬਾਬਾ ਤਾਂ ਭੇਖੀ ਹੈ। ਉਸ ਕੋਲ ਕੋਈ ਸ਼ਕਤੀ ਨਹੀਂ ਚੱਲੋ ਮੈਂ ਪਰਖ ਕਰਾਂਗਾ। ਜਦੋਂ ਜਾ ਕੇ ਬੈਠ ਗਏ ਸੰਤ ਨੇ ਕਥਾ ਸ਼ੁਰੂ ਕਰ ਦਿੱਤੀ ਤਾਂ ਏਜੰਟ, ਬਣਾਈ ਯੋਜਨਾ ਮੁਤਾਬਕ ਵਿਚੋਂ ਹੀ ਉੱਠ ਕੇ ਖੜ੍ਹੋ ਗਿਆ ਅਤੇ ਉੱਚੀ ਬੋਲਿਆ ਤੂੰ ਭੇਖੀ ਹੈਂ, ਤੇਰੇ ਵਿਚ ਕੋਈ ਸ਼ਕਤੀ ਨਹੀਂ ਹੈ।

ਅੱਗੋਂ ਸੰਤ ਨਿਮਰਤਾ ਨਾਲ ਬੋਲਿਆ ਸਾਧਾਂ ਲਈ ਕੌੜਾ ਨਹੀਂ ਬੋਲੀਦਾ। ਏਜੰਟ, ਬਣਾਈ ਸਕੀਮ ਮੁਤਾਬਕ ਹੋਰ ਭਖਿਆ। ਤੂੰ ਕੌਣ ਸਾਧ ਹੈ ? ਕੀ ਹੈ ਤੂੰ ?

ਦੱਸ ਤਾਂ ਸਹੀ ਮੇਰੀ ਜੇਬ ਵਿਚ ਕਿਤਨੇ ਪੈਸੇ ਹਨ ?

ਸਾਧ ਨੇ ਕਿਹਾ ਕਿ ਸਾਧਾਂ ਦੀ ਪਰਖ ਨਹੀਂ ਕਰੀਦੀ ਹੁੰਦੀ।

ਕਿਉਂ ਨਹੀਂ ਕਰੀਦੀ, ਏਜੰਟ ਨੇ ਕਿਹਾ।

ਸੰਤ ਬੋਲਿਆ ਜੇ ਤੂੰ ਪਰਖ ਹੀ ਕਰਨੀ ਹੈ ਤਾਂ ਦੱਸ ਦਿੰਦੇ ਹਾਂ, ਤੇਰੇ ਖੀਸੇ ਵਿਚ ਦਸਾਂ ਦਾ ਨੋਟ ਹੈ। ਇਤਨਾ ਕਹਿਣ 'ਤੇ ਹੀ ਏਜੰਟ ਉਸ ਸੰਤ ਦੇ ਪੈਰਾਂ 'ਤੇ ਡਿੱਗ ਪਿਆ ਅਤੇ ਮੁਆਫ਼ੀਆਂ ਮੰਗਣ ਲੱਗਾ ਕੁਝ ਹੀ ਦਿਨਾਂ ਵਿਚ ਉਸ ਸੰਤ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ। ਇਸ ਤਰ੍ਹਾਂ ਅੰਧੀ ਲੋਕਾਈ ਦੀ ਅੰਧੀ ਸ਼ਰਧਾ ਹੈ।

ਕਹਿੰਦੇ ਇਕ ਪਿੰਡ ਵਿਚ ਇਹ ਗੱਲ ਕਿਸੇ ਨੇ ਪ੍ਰਚੱਲਿਤ ਕੀਤੀ ਹੋਈ ਸੀ ਕਿ ਇਸ ਪਿੰਡ ਵਿਚ ਪੰਜ ਸੱਤ ਸੰਤ ਹੋਇਆ ਕਰਨਗੇ, ਇਕ ਪ੍ਰਗਟ ਅਤੇ ਚਾਰ ਗੁਪਤ ਹੀ ਰਿਹਾ ਕਰਨਗੇ। ਪਰ ਗੁਰੂ ਸਾਹਿਬ ਨੇ ਤਾਂ ਕਿਸੇ ਬ੍ਰਹਮਗਿਆਨੀ ਲਈ ਵੀ ਸੰਤ ਪਦ ਨਹੀਂ ਵਰਤਿਆ ਤਾਂ ਫਿਰ ਇਹ ਛੋਛੇ ਛੱਡਣ ਵਾਲੇ ਚਲਾਕ ਲੋਕ ਕੌਣ ਹਨ ?

ਇਕ ਸਾਧ ਨੇ ਆਪਣੇ ਇਲਾਕੇ ਵਿਚ ਭੁੱਖ ਦੇ ਮਾਰੇ ਨੇ ਸਾਧ ਹੋਣ ਦਾ ਅਡੰਬਰ ਰਚਿਆ ਗੁਰ ਫੁਰਮਾਣ ਵੀ ਹੈ "ਭੁੱਖੇ ਮੁੱਲਾਂ ਦੇ ਘਰੇ ਮਸੀਤਿ"। ਭੁੱਖੇ ਮਰਦਿਆਂ ਮੁੱਲਾਂ ਨੇ ਘਰੇ ਮਸੀਤਾਂ ਬਣਾ ਲਈਆਂ। ਕੰਮ ਨਾ ਚੱਲਦਾ ਦੇਖ ਕੇ ਸਾਧ ਦੂਰ ਬਠਿੰਡੇ ਇਲਾਕੇ ਵੱਲ ਨਿਕਲ ਗਿਆ ਕਿਸੇ ਇਕ ਪਿੰਡ ਵਿਚ ਜਾ ਬੈਠਾ। ਲੱਗੇ ਲੋਕ ਘੁਸਰ-ਮੁਸਰ ਕਰਨ ਕਿ ਕੋਈ ਪਹੁੰਚਿਆ ਸਾਧ ਹੈ। ਇਹਦੇ ਪਿਛਲੇ ਪਿੰਡ ਦੀਆਂ 2 ਮਾਈਆਂ ਕਿਤੇ ਉਥੇ ਮਕਾਣੇ ਗਈਆਂ। ਉਹਨਾਂ ਨੇ ਸੁਣਿਆ ਕਿ ਕੋਈ ਸੰਤ ਕਰਨੀ ਵਾਲਾਹੈ ਅਸੀਂ ਵੀ ਦਰਸ਼ਨ ਕਰ ਆਈਏ ਜਦੋਂ ਉਥੇ ਪਹੁੰਚੀਆਂ ਤਾਂ ਕੀ ਦੇਖਿਆ ਕਿ ਉਹ ਸਾਧ ਪੁੱਠਾ ਲਟਕ ਕੇ ਤਪ ਕਰਨ ਦਾ ਪਰਪੰਚ ਰਚ ਰਿਹਾ ਸੀ। ਜਦੋਂ ਮਾਈਆਂ ਨੇ ਦੇਖਿਆ ਕਿ ਇਹ ਤਾਂ ਸਾਡੇ ਪਿੰਡ ਵਾਲਾ ਕਾਲੂ ਸਾਂਸੀ ਹੈ ਤਾਂ ਉਹਨੇ (ਸਾਧ) ਨੇ ਵੀ ਇਹਨਾਂ ਜਨਾਨੀਆਂ ਨੂੰ ਪਹਿਚਾਣ ਲਿਆ ਅਤੇ ਇਕ ਨੂੰ ਕੋਲ ਬੁਲਾ ਕੇ ਹੌਲੀ ਜਿਹੀ ਕਿਹਾ ਕਿ ਜਾਉ ਪਹਿਲਾਂ ਤੁਸੀਂ ਮੇਰੇ ਪਿੰਡ ਵਿਚ ਮੇਰਾ ਕੰਮ ਨਹੀਂ ਚੱਲਣ ਦਿੱਤਾ ਕਿਤੇ ਇਥੇ ਵੀ ਮੇਰਾ ਭਾਂਡਾ ਨਾ ਭੰਨ ਦਿਓ ਜੇ। ਜਾਓ ਰੱਬ ਦਾ ਵਾਸਤਾ ਜਾਓ। ਤਕਰੀਬਨ ਸਭ ਡੇਰੇ ਇਸ ਤਰ੍ਹਾਂ ਹੀ ਬਣੇ ਹਨ ਐਸੀਆਂ ਹੋਰ ਵੀ ਬਹੁਤ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਪੁਸਤਕ ਦਾ ਆਕਾਰ ਵਧਣ ਦੇ ਡਰੋਂ ਸੰਕੋਚ ਕਰਦਾ ਜਾ ਰਿਹਾ ਹਾਂ।

ਜਗਰਾਉਂ ਦੇ ਨੇੜੇ ਇਕ ਥਾਂ 'ਤੇ ਕਿਸੇ ਘਰੋਂ ਸੋਨੇ ਦੇ ਗਹਿਣੇ ਚੋਰੀ ਹੋ ਗਏ। ਇਕ ਡੇਰੇਦਾਰ ਬਾਬੇ ਨੂੰ ਲਿਆਂਦਾ ਗਿਆ। ਸੋਨਾ ਲੱਭਣ ਵਾਸਤੇ ਉਹ ਬਾਬਾ ਆਪਣਾ ਸਾਮਾਨ ਪੱਤਾ ਲੈ ਕੇ ਆ ਗਿਆ। ਘਰ ਵਾਲੇ ਅਤੇ ਹੋਰ ਲੋਕ

ਇਕੱਠੇ ਹੋ ਗਏ। ਬਾਬਾ ਕਹਿੰਦਾ ਅੱਗ ਬਾਲੋ, ਬਲਦੀ ਹੋਈ ਅੱਗ ਦੇ ਨੇੜੇ ਉਸਨੇ ਆਪਣੇ ਨਾਲ ਲਿਆਂਦੀ ਗੜਵੀ ਜਿਹੜੀ ਉਪਰੋਂ ਢੱਕੀ ਹੋਈ ਸੀ, ਉਹ ਰੱਖ ਦਿੱਤੀ ਲੱਗਾ ਝੂਠੇ ਮੰਤਰ ਪੜ੍ਹਨ। ਜਦੋਂ ਗੜਵੀ ਨੂੰ ਸੇਕ ਲੱਗਾ ਗੜਵੀ ਬੁੜਕਣ ਲੱਗੀ ਆਪਣੇ ਆਪ ਗੜਵੀ ਬੁੜਕਦੀ ਦੇਖ ਕੇ ਲੋਕ ਹੈਰਾਨ ਹੋਏ। ਬਾਬਾ ਬੋਲਿਆ ਕਹਿੰਦਾ ਆਹ ਦੇਖੋ ਗੜਵੀ ਆਪਣੇ ਆਪ ਬੁੜਕਦੀ ਹੈ। ਹੁਣ ਇਹ ਗੜਵੀ ਆਪਣੇ ਆਪ ਹੀ ਉਸਦੇ ਮੱਥੇ ਵਿਚ ਵੱਜਣੀ ਹੈ ਜਿਸਨੇ ਸੋਨਾ ਚੋਰੀ ਕੀਤਾ ਹੋਇਆ ਤਾਂ ਉਸ ਵੇਲੇ ਉਹਨਾਂ ਦੀ ਛੋਟੀ ਨੂੰਹ ਆਪਣੀ ਸੱਸ ਨੂੰ ਇਸ਼ਾਰਾ ਕਰਕੇ ਪਰ੍ਹੇ ਲੈ ਗਈ ਅਤੇ ਦੱਸ ਦਿੱਤਾ ਕਿ ਸੋਇਨਾ ਤਾਂ ਉਸ ਦੇ ਕੋਲ ਹੈ। ਸੋ ਇਸ ਤਰ੍ਹਾਂ ਇਹ ਗਵਾਚੇ ਹੋਏ ਸੋਇਨੇ ਲੱਭ ਲੈਂਦੇ ਹਨ।

ਨੋਟ : ਗੜਵੀ ਬੁੜਕਣ ਦਾ ਕਾਰਨ ਇਹ ਸੀ ਕਿ ਉਸ ਸਾਧ ਨੇ ਇਕ ਜਿਊਂਦਾ ਡੱਡੂ ਗੜਵੀ ਵਿਚ ਪਾ ਕੇ ਉਪਰੋਂ ਦੀ ਮੂੰਹ ਬੱਧਾ ਹੋਇਆ ਸੀ ਜਦੋਂ ਗੜਵੀ ਅੱਗ ਲਾਗੇ ਕਰਦਾ ਸੀ ਤਾਂ ਸੇਕ ਨਾਲ ਡੱਡੂ ਬੁੜਕਦਾ ਸੀ ਤਾਂ ਗੜਵੀ ਵੀ ਨਾਲ ਹੀ ਬੁੜਕਦੀ ਸੀ।

ਇਕ ਸਾਧ ਨੇ ਭੁੱਖੇ ਮਰਦੇ ਨੇ ਸੋਚਿਆ ਕਿ ਕੋਈ ਡੇਰਾ ਬਣਾਈਏ। ਬਦਕਿਸਮਤੀ ਨੂੰ ਕਿਤੇ ਰਾਤ ਘੰਮੇ ਘੁਮਿਆਰ ਦਾ ਖੋਤਾ ਖੁੱਲ੍ਹ ਗਿਆ ਉਹ ਕਿਸੇ ਵਿਹਲੇ ਜਿਹੇ ਥਾਂ ਫਿਰਦਾ ਰਿਹਾ। ਸਾਧ ਦੇ ਛੱਡੇ ਏਜੰਟਾਂ ਨੇ ਉਥੇ ਸਵੇਰੇ ਹੀ ਰੌਲਾ ਪਾ ਦਿੱਤਾ ਕਿ ਰਾਤ "ਗੁਰੂ ਗੋਬਿੰਦ ਸਿੰਘ" ਘੋੜੇ 'ਤੇ ਚੜ੍ਹੇ ਇਥੇ ਫਿਰਦੇ ਰਹੇ ਹਨ। ਆਹ ਦੇਖੋ ਘੋੜੇ ਦੇ ਪੌੜ ਲੱਗੇ ਹੋਏ ਹਨ, ਜਦੋਂ ਘੰਮੇ ਘੁਮਿਆਰ ਨੂੰ ਪਤਾ ਲੱਗਾ ਤਾਂ ਉਹ ਉਥੋਂ ਗਿਆ ਉਸਨੇ ਬੜਾ ਰੌਲਾ ਪਾਇਆ ਕਿ ਰਾਤੀਂ ਮੇਰਾ ਖੋਤਾ ਖੁੱਲ੍ਹ ਗਿਆ ਸੀ। ਇਹ ਪੈਰ ਘੋੜੇ ਦੇ ਨਹੀਂ ਇਹ ਖੋਤੇ ਦੇ ਹਨ ਪਰ ਕੌਣ ਸੁਣੇ ਉਸਦੀ ਬੜੀ ਜਲਦੀ ਹੀ ਉਥੇ ਪੌੜ ਸਾਹਿਬ ਗੁਰਦੁਆਰਾ ਬਣਾ ਦਿੱਤਾ ਗਿਆ ਅਤੇ ਲਾਗੇ ਬੰਨੇ ਪਿੰਡਾਂ ਵਿਚੋਂ ਪੌੜ ਸਾਹਿਬ ਦੀ ਯਾਤਰਾ ਵਾਸਤੇ ਟਰਾਲੀਆਂ ਦੀਆਂ ਟਰਾਲੀਆਂ ਸੰਗਤਾਂ ਆ ਕੇ ਜਨਮ ਸਫਲੇ ਕਰਨ ਲੱਗ ਪਈਆਂ।

ਸੋ 'ਜਾਗਹੁ ਜਾਗਹੁ ਸੂਤਿ ਹੋ ਚਕਿਆ ਵਣਜਾਰਾ' ਪੰਨਾ 418 ਸਦਾ ਯਾਦ ਰੱਖੋ ਪਾਰ ਬ੍ਰਹਮ ਗੁਰ ਸ਼ਬਦ ਹੈ ਸਤਸੰਗਿ ਨਿਵਾਸੀ॥ (ਭਾ. ਗੁਰਦਾਸ ਜੀ, ਵਾਰ 9)

**ਸੁਖਵਿੰਦਰ ਸਿੰਘ ਸਭਰਾ**

## ਖੁਦਗਰਜ਼ੀ ਕਿ ਮਰਯਾਦਾ

ਅਜੋਕੇ ਸੰਤਾਂ ਅਤੇ ਪੁਜਾਰੀ ਸ਼੍ਰੇਣੀ ਨੇ ਖੁਦਗਰਜ਼ੀ ਨੂੰ ਹੀ ਮਰਯਾਦਾ ਬਣਾਇਆ ਹੋਇਆ ਹੈ, ਸੁਆਰਥ ਨੂੰ ਹੀ ਮਰਯਾਦਾ ਬਣਾਇਆ ਹੈ। ਲੰਮੇ ਸਮੇਂ ਤੋਂ ਕਾਜ਼ੀ, ਯੋਗੀ, ਮੁੱਲਾਂ, ਪੰਡਿਤ, ਬਾਹਮਣ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚ ਪਾ ਕੇ ਲੁੱਟਦੇ

ਸੀ, ਭੋਲੀ-ਭਾਲੀ ਜਨਤਾ ਦੇ ਸਿਰੋਂ ਵਿਹਲੇ ਬੈਠ ਕੇ ਖਾਂਦੇ ਸੀ।

ਇਕ ਪੰਡਤ ਦੀ ਘਰ ਵਾਲੀ ਨੇ ਪੰਡਤ ਨੂੰ ਕਿਹਾ ਕਿ ਘਰ ਵਿਚ ਕਪਾਹ (ਰੂੰ) ਦੀ ਲੋੜ ਹੈ, ਪੰਡਤ ਕਹਿੰਦਾ ਕਿ ਇਕ ਆਨੰਦ-ਵਿਆਹ ਕਾਰਜ ਨੇੜੇ ਹੀ ਆ ਰਿਹਾ ਹੈ ਕੋਈ ਚਾਰਾ ਕਰਦੇ ਹਾਂ, ਕੋਈ ਫ਼ਿਕਰ ਨਾ ਕਰ। ਪੰਡਤ ਲੱਗਾ ਵਿਆਹ ਦੀ ਸੁਆਰਥੀ ਮਰਯਾਦਾ ਘੜਨ, ਉਸਨੂੰ ਕਪਾਹ ਚਾਹੀਦੀ ਸੀ ਉਸਨੇ ਲੜਕੀ ਵਾਲਿਆਂ ਨੂੰ ਕਹਿ ਦਿੱਤਾ ਕਿ ਮਰਯਾਦਾ ਆਪਾਂ ਜ਼ਰੂਰ ਕਰਨੀ ਹੈ ਕਿ ਜਦੋਂ ਵਿਆਹ ਹੋਣ ਲੱਗਾ ਤਾਂ ਦੁਆਲੇ ਦੁਆਲੇ ਕਪਾਹ ਦੀਆਂ ਪੰਡਾਂ ਰੱਖਣੀਆਂ ਹਨ ਵਿਚਕਾਰ ਵਿਆਹ ਹੋਵੇਗਾ। ਵਿਆਹ ਵਾਲਾ ਦਿਨ ਆ ਗਿਆ ਕਪਾਹ ਦੀਆਂ ਪੰਡਾਂ ਰੱਖ ਦਿੱਤੀਆਂ ਵਿਚਕਾਰ ਵਿਆਹ ਹੋਣ ਲੱਗਾ ਤਾਂ ਜੰਞ ਵਿਚ ਅਗਲੇ ਪਾਸਿਉਂ ਵੀ ਕੋਈ ਪੰਡਤ ਆਇਆ ਹੋਇਆ ਸੀ, ਉਸ ਪੰਡਤ ਨੇ ਵੇਖਿਆ ਇਹ ਕਿਹੜੀ ਮਰਯਾਦਾ ? ਇਹ ਕਪਾਹ ਹੀ ਕਪਾਹ ਨਾਲ ਕਿਉਂ ਰੱਖੀ ਹੈ ? ਤਾਂ ਉਹਨੇ ਪੰਡਤ ਵੱਲ ਮੁਖਾਤਬ ਹੋ ਕੇ ਕਿਹਾ—ਅਸਚਰਜ ਵਿਆਹੰ। ਕਪਾਹੰ ਕਪਾਹੰ। ਇਹ ਅਸਚਰਜ ਵਿਆਹ ਹੈ ਕਪਾਹ ਕਿੱਥੋਂ ਆ ਗਈ ? ਵਿਆਹ ਕਰਨ ਵਾਲਾ ਪੰਡਤ ਝੱਟ ਬੋਲਿਆ ਚੁੱਪ ਗੜੁਪੰ, ਅਰਧੋ ਅਰਧ ਕਪਾਹੰ। ਭਾਵ ਕਿ ਚੁੱਪ ਕਰ ਜਾਹ, ਆਪਾਂ ਦੋਵੇਂ ਇਹ ਕਪਾਹ ਅੱਧੋ-ਅਧ ਕਰ ਲਵਾਂਗੇ। ਸੋ ਇਹਨਾਂ ਸੰਤਾਂ ਸਮੇਤ ਪੁਜਾਰੀ ਸ਼੍ਰੇਣੀ ਨੇ ਆਪਣੇ ਸਵਾਰਥ (ਪੇਟ) ਨਾਲ ਖੁਦਗਰਜ਼ੀ ਨਾਲ ਸੰਬੰਧਿਤ ਮਰਯਾਦਾ ਬਣਾਈਆਂ ਹੋਈਆਂ ਹਨ। ਅਖੰਡ ਪਾਠਾਂ ਨਾਲ ਇਹ ਨਾਰੀਅਲ, ਘੜੇ, ਜੋਤਾਂ, ਖੱਟੇ ਸਾਫੇ, ਰੱਖੀ ਫਿਰਦੇ ਹਨ ਜਿਹੜਾ ਕੱਪੜਾ 2 ਗਿੱਠ ਦਾ ਹੁੰਦਾ ਸੀ ਅੱਜ ਉਹ 2 ਮੀਟਰ ਦਾ ਸਾਫਾ ਬਣ ਗਿਆ ਹੈ।

ਮੇਰੇ ਪਿੰਡ ਸਭਰਾ ਇਕ ਦਿਨ ਮਰਗ ਦੇ ਅਖੰਡ ਪਾਠ ਦਾ ਭੋਗ ਪਿਆ ਤਾਂ ਉਹ ਪਾਠੀ ਜਿਨ੍ਹਾਂ ਨੂੰ ਇਕ ਅੱਖਰ ਵੀ ਸ਼ੁੱਧ ਬੋਲਣਾ ਨਹੀਂ ਆਉਂਦਾ, ਭੋਗ ਉਪਰੰਤ ਨਾਰੀਅਲ ਨੂੰ ਵੱਢ ਕੇ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡ ਰਹੇ ਸੀ। ਇੰਞ ਸੰਕੇਤ ਦੇ ਰਹੇ ਸੀ ਜਿਵੇਂ ਕਹਿ ਰਹੇ ਹੋਣ ਕਿ ਇਹ ਮਰਯਾਦਾ ਅਸੀਂ ਭੁੱਖ ਦੇ ਮਾਰਿਆਂ ਨੇ ਬਣਾਈ ਹੈ। ਕਈ ਸੰਤ ਅਤੇ ਇਹ ਪੁਜਾਰੀ ਗ੍ਰੰਥੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਥਾਲੀ ਵਿਚ ਦੀਵੇ ਬਾਲ ਕੇ ਥਾਲੀ ਘੁੰਮਾ ਕੇ ਥਾਲੀ ਵਿਚ ਪੈਸੇ ਪਵਾ ਕੇ ਗੁਰੂ ਅਤੇ ਸੰਗਤਾਂ ਨੂੰ ਇਹ ਦਰਸਾ ਰਹੇ ਹੁੰਦੇ ਹਨ ਕਿ ਅਸੀਂ 500 ਸਾਲ ਬੀਤ ਜਾਣ ਤੇ ਵੀ ਰੋਜ਼ ਬਾਣੀ ਪੜ੍ਹਦੇ ਹੋਏ ਵੀ ਪੂਰਨ ਤੌਰ 'ਤੇ ਅਗਿਆਨੀ ਹਾਂ ਅਤੇ 500 ਸਾਲ ਬੀਤ ਜਾਣ 'ਤੇ ਵੀ ਸਾਡੇ ਅੰਦਰ ਉਹੀ ਬ੍ਰਾਹਮਣ ਬੈਠਾ ਹੈ ਅਤੇ ਅਜੇ ਤੱਕ ਵੀ ਭੁੱਖ ਨਹੀਂ ਨਿਕਲੀ। ਖ਼ੈਰ ਇਹ ਜ਼ਿਕਰ ਪੂਰੀ ਵਿਸਥਾਰ ਵਿਚ ਪੁਸਤਕ ਦੇ ਪਹਿਲੇ ਭਾਗ ਵਿਚ ਆ ਚੁੱਕੇ ਹਨ। ਇਸ ਭਾਗ ਵਿਚ ਸਾਰਾ ਕੁਝ ਨਵਾਂ ਹੀ ਸੰਗਤਾਂ ਦੀ ਨਜ਼ਰ ਕਰਨ ਦੀ ਕੋਸ਼ਿਸ਼ ਕਰਾਂਗਾ।

**ਸੁਖਵਿੰਦਰ ਸਿੰਘ ਸਭਰਾ**

# ਸੰਤ ਪਦ ਨਿਰਣੈ

ਇਥੇ ਭਾਈ ਰਣਧੀਰ ਸਿੰਘ ਹੋਰਾਂ ਦੀ ਲਿਖੀ ਪੁਸਤਕ ਵਿਚੋਂ ਕੁਝ ਝਾਕੀਆਂ ਦਿਖਾਵਾਂਗਾ।

ਭਾਈ ਸਾਹਿਬ ਲਿਖਦੇ ਹਨ ਇਹਨਾਂ ਲੋਕਾਂ ਦਾ ਇਹ ਨਿਸ਼ਚਾ ਵੀ ਹੈ ਕਿ ਗੁਰੂ ਤੋਂ ਉਤਰ ਕੇ ਦੂਜਾ ਦਰਜਾ ਸੰਤਾਂ ਦਾ ਹੈ। ਸਿੱਖਾਂ ਦਾ ਦਰਜਾ ਸੰਤਾਂ ਤੋਂ ਹੇਠਾਂ ਹੈ। ਇਹ ਦਰਜੇ ਪੱਦਵੀਆਂ ਵਾਲਾ ਨਿਸ਼ਚਾ ਇਹਨਾਂ ਦਾ ਮਨਘੜ੍ਹਤ ਖ਼ਿਆਲ ਹੈ। ਬਲਕਿ ਇਉਂ ਕਹੋ ਕਿ ਜਾਣ-ਬੁਝ ਕੇ ਮਨਉਕਤ ਸੰਤ ਡੰਮ੍ਹ ਪ੍ਰਚਾਰ ਕਰਨ ਲਈ ਉਹਨਾਂ ਨੇ ਇਹ ਦਰਜੇ ਖੁਦ ਬਣਾਏ ਹੋਏ ਹਨ। ਜਿਨ੍ਹਾਂ ਨੂੰ ਸੰਤ ਬਣਨ ਦੀ ਆਦਤ ਪੈ ਗਈ ਹੈ। ਉਹ ਨਿਰੇ ਸੰਤ ਬਣਨ ਉੱਤੇ ਹੀ ਨਹੀਂ ਖਲੋਂਦੇ, ਸਗੋਂ ਗੁਰੂ ਗੁਰਦੇਵ ਦਾ ਦਰਜਾ ਵੀ ਆਪਣੇ ਆਪ ਉੱਤੇ ਅਰੋਪ ਲੈਂਦੇ ਹਨ। ਗੁਰੂ ਦੀ ਹਜ਼ੂਰੀ ਵਿਚ ਗੱਦੀਆਂ ਤਕੀਏ ਲਾ ਲਾ ਬਹਿੰਦੇ ਹਨ, ਕਈ ਬੇਅਦਬ ਗੁਰੂ ਡੰਮੀਏ ਸੰਤ ਤਾਂ ਆਪਣੇ ਉੱਪਰ ਚਵਰ ਝੁਲਾਉਣ ਦੀ ਢੀਠਤਾ ਵੀ ਨਿਰਲੱਜ ਹੋ ਕੇ ਕਰਦੇ ਹਨ। ਆਪਣੇ ਪੈਰਾਂ 'ਤੇ ਮੱਥਾ ਟਿਕਾਉਂਦੇ ਹਨ, ਗੁਰੂ ਬਣ ਕੇ ਮੰਤਰ ਵੀ ਦਿੰਦੇ ਹਨ, ਇਹ ਸਾਰਾ ਕੁਝ ਹੀ ਗੁਰਮਤਿ ਦੇ ਉਲਟ ਹੈ।

*ਭਾਈ ਰਣਧੀਰ ਸਿੰਘ ਸੰਤ ਪਦ ਨਿਰਣੇ ਪੰਨਾ 9*

ਭਾਈ ਸਾਹਿਬ ਅੱਗੇ ਪੰਨਾ 10-11 'ਤੇ ਲਿਖਦੇ ਹਨ ਕਿ ਸਾਨੂੰ ਫ਼ਿਕਰ ਹੈ ਹੋਰ ਵੀ ਕਈ ਸੰਤ ਡੰਮੀਏ ਟੋਲੇ ਹਨ ਜੋ ਇਹਨਾਂ ਕੂਕਿਆਂ ਵਾਂਗੂੰ ਗੁਰੂ ਡੰਮੀਆਂ ਕੁਫ਼ਰ ਨਾ ਕਰਨ। ਤਾਂ ਤੇ ਗੁਰੂ ਪੰਥ ਦਾ ਫ਼ਰਜ ਬਣਦਾ ਹੈ ਕਿ ਉਹਨਾਂ ਨੂੰ ਇਸ ਸੰਤ ਡੰਮਤਾ ਦੀ ਬਿਮਾਰੀ ਤੋਂ ਹੁਣ ਤੋਂ ਹੀ ਅਰੋਗਤ ਕੀਤਾ ਜਾਵੇ। ਉਹਨਾਂ ਸੰਤ ਡੰਮੀਆਂ ਦੇ ਅੰਦਰ ਗੁੱਝਾ-ਗੁੱਝਾ ਇਹ ਖ਼ਿਆਲ ਸਮਾ ਗਿਆ ਹੈ ਕਿ ਨਾਮ ਜਪਾਉਣ ਵਾਲੇ ਸੰਤ ਦੀ ਵਿਅਕਤੀਗਤ ਅਵੱਸ਼ ਲੋੜ ਹੈ ਭਾਵੇਂ ਕਈਆਂ ਦਾ ਹੌਂਸਲਾ ਅਜੇ ਨਹੀਂ ਪਿਆ ਪਰ ਕੰਮ ਉਹਨਾਂ ਸੰਤਾਂ ਦੇ ਵੀ ਗੁਰੂਆਂ ਵਾਲੇ ਹੀ ਹਨ। ਇਹ ਸੰਤ ਡੰਮੀ ਇਹ ਵੀ ਕਹਿੰਦੇ ਹਨ ਕਿ ਦੇਹਧਾਰੀ ਗੁਰੂ ਦੀ ਲੋੜ ਹੈ, ਇਹ ਵੀ ਸੁਣਾਉਂਦੇ ਹਨ 'ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ-ਪੰਨਾ 286

ਉਹ ਸੰਤ ਡੰਮੀ ਇਹ ਅਰਥ ਕਰਦੇ ਹਨ ਕਿ ਜਿਸ ਕਿਸੇ ਸੰਤ ਨੇ ਸਤਿਪੁਰਖ ਨੂੰ ਜਾਣ ਲਿਆ ਹੈ ਬਸ ਉਸਦਾ ਨਾਉਂ ਸਤਿਗੁਰੂ ਹੈ ਅਤੇ ਗੁਪਤੋ ਗੁਪਤੀ ਇਹ

ਰਮਜਾਂ ਰਮਜਾਉਂਦੇ ਹਨ ਕਿ ਅਸੀਂ ਸਤਿਪੁਰਖੁ ਨੂੰ ਜਾਣ ਲਿਆ ਹੈ। ਇਸ ਲਈ ਉਹ ਆਪਣੇ ਉਪਰ ਸਤਿਗੁਰੁ ਪਦ ਨੂੰ ਘਟਾਉਂਦੇ ਹਨ। ਪਰ ਅਸੀਂ ਇਸ ਗੱਲ ਦੀ ਛਾਣਬੀਣ ਕਰਨੀ ਹੈ ਕਿ "ਸਤਿਪੁਰਖੁ ਜਿਨਿ ਜਾਨਿਆ" ਦੀ ਤੱਤ ਅਵਸਥਾ ਕੀ ਜਣੇ ਖਣੇ ਸਾਧ ਸੰਤ 'ਤੇ ਘਟ ਸਕਦੀ ਹੈ। ਕੀ ਇਹਨਾਂ ਜਾਣ ਲਿਆ ਹੈ ? ਜਾਣਨ ਜਾਣਨ ਵਿਚ ਫ਼ਰਕ ਹੈ ਜਿਹੜੀ ਜਾਣਨੀ ਸਤਿਗੁਰੂ ਨੇ ਸਤਿਪੁਰਖੁ ਨੂੰ ਜਾਣਿਆ ਹੈ ਹੋਰ ਕੋਈ ਵੀ ਨਹੀਂ ਜਾਣ ਸਕਦਾ। ਹੋਰ ਕਿਸੇ ਨੂੰ ਇਹ ਜਾਣਨਾ ਨਾ ਅੱਜ ਤੱਕ ਨਸੀਬ ਹੋਇਆ ਹੈ ਨਾ ਹੀ ਹੋਵੇਗਾ। ਕੋਈ ਵੱਡੇ ਤੋਂ ਵੱਡਾ ਸੰਤ ਗਿਆਨੀ ਵੀ ਇਹ ਨਹੀਂ ਕਹਿ ਸਕਦਾ ਕਿ ਜਾਣ ਲਿਆ ਹੈ।

*ਭਾਈ ਰਣਧੀਰ ਸਿੰਘ ਸੰਤ ਪਦ ਨਿਰਣੈ ਪੰਨਾ 10-11*

ਭਾਈ ਸਾਹਿਬ ਅੱਗੇ ਲਿਖਦੇ ਹਨ ਕਿ ਕਈ ਸੰਤਾਂ ਬਾਰੇ ਇਹ ਖ਼ਿਆਲ ਪ੍ਰਗਟ ਕੀਤਾ ਗਿਆ ਸੁਣਿਆ ਹੈ ਕਿ ਫਲਾਣੇ ਸੰਤ ਗੁਰੂ ਨਾਨਕ ਦੇ ਅਤੇ ਫਲਾਣੇ ਸੰਤ ਗੁਰੂ ਅੰਗਦ ਦੇਵ ਜੀ ਦੇ ਅਵਤਾਰ ਹਨ। ਹਾਲਾਂਕਿ ਦਸੇ ਗੁਰੂ ਜਨਮ ਮਰਨ ਤੋਂ ਰਹਿਤ ਹਨ "ਏਕਹਿ ਆਵਨ ਫਿਰਿ ਜੋਨਿ ਨ ਆਇਆ" ਪੰਨਾ-252 ਭਾਵ ਕਿ ਗੁਰੂ ਸਾਹਿਬ ਇਕ ਵਾਰ ਹੀ ਮਨੁੱਖੀ ਜਾਮੇ ਵਿਚ ਆਏ ਫਿਰ ਨਹੀਂ ਆਉਣਗੇ। ਸੋ ਕਿਸੇ ਸੰਤ ਨੂੰ ਗੁਰੂ ਦਾ ਅਵਤਾਰ ਕਹਿਣਾ ਨਿਰਾ ਧੋਖਾ ਅਤੇ ਕੁਫ਼ਰ ਹੈ। ਜਿੰਨ੍ਹਾਂ ਨੂੰ ਸਿੱਖ ਬਣਨ ਦਾ, ਸਦਾ ਹੀ ਸਿੱਖ ਬਣੇ ਰਹਿਣ ਦਾ ਚਾਉ ਉਮਾਹ ਨਹੀਂ ਹੈ ਉਹਨਾਂ ਨੇ ਪਰਮਾਰਥ ਦੀ ਅਗਾਂਹ ਅਤੇ ਅਥਾਹ ਮੰਜ਼ਲ ਨੂੰ ਤੈਅ ਕਰਨ ਦੀ ਕੀ ਸਿੱਖਿਆ ਲੈਣੀ ਹੈ। ਸਿੱਖ ਸਿੱਖਿਆ ਦਾ ਦਾਇਰਾ ਹੀ ਬੜਾ ਅਥਾਹ ਹੈ। ਸਿੱਖ ਨੂੰ ਤਾਂ ਸਿੱਖ ਬਣੇ ਰਹਿਣ ਵਿਚ ਬਹੁਤ ਹੀ ਆਨੰਦ ਹੈ। ਗੁਰ-ਸਿੱਖੀ ਛੱਡ ਕੇ ਗੁਰੂ ਦੀ ਰੀਸ ਵਾਲਿਆਂ, ਗੁਰੂ ਬਣਨ ਦਾ ਜਤਨ ਕਰ ਕਰ ਮਰਨ ਵਾਲਿਆਂ ਨੂੰ ਸਿਵਾਇ ਮਾਨ-ਪ੍ਰਤਿਸ਼ਠਾ ਦੇ ਫੋਕੇ ਚਸਕੇ ਦੇ ਹੋਰ ਕੁਝ ਵੀ ਹੱਥ ਨਹੀਂ ਆਉਣਾ।

*ਸੰਤ ਪਦ ਨਿਰਣੈ, ਪੰਨਾ 13-14*

ਭਾਈ ਰਣਧੀਰ ਸਿੰਘ ਅੱਗੇ ਲਿਖਦੇ ਹਨ ਕਿ ਸਤਿਪੁਰਖ ਦੀ ਥੋੜ੍ਹੀ ਜਾਣਨੀ ਰੂਪ ਗਿਆਨ ਤਾਂ ਹਰ ਇਕ ਸਚਿਆਰ ਸਿੱਖ ਨੂੰ ਹੋ ਹੀ ਜਾਣਾ ਹੋਇਆ। ਤਾਂ ਫਿਰ ਸਾਰੇ ਹੀ ਸਤਿਗੁਰੂ ਬਣ ਗਏ ? ਸਿੱਖ ਫਿਰ ਕੌਣ ਰਹੇਗਾ। ਸਤਿਪੁਰਖੁ ਦੀ ਬਾਣੀ ਆਖਦੀ ਹੈ ਕਿ ਇਕੋ ਵਕਤ ਕੇਵਲ ਇਕ ਗੁਰੂ ਹੀ ਟਿੱਕਿਆ ਜਾ ਸਕਦਾ ਹੈ। ਇਹਨਾਂ ਸੰਤ ਡੰਮੀਆਂ ਦੇ ਮਨਮਤੇ ਅਨੁਸਾਰ ਜਣੇ-ਖਣੇ ਸਤਿਪੁਰਖੁ ਦੇ ਜਾਨਣਹਾਰੇ ਨੂੰ ਹੀ ਗੁਰੂ ਪਦਵੀ ਦਿੱਤੀ ਜਾਣੀ ਚਾਹੀਦੀ ਹੈ। ਸੋ ਇਹ ਸੰਤ ਡੰਮੀ ਕੁਫ਼ਰ ਤੋਲ ਰਹੇ ਹਨ।

*ਸੰਤ ਪਦ ਨਿਰਣੈ, ਪੰਨਾ 15*

ਅੱਗੇ ਲਿਖਦੇ ਹਨ ਕਿ ਅੱਜਕਲ ਜਿਹੜੀ ਵੀ ਸੰਤ ਡੰਮੀ ਸ਼੍ਰੇਣੀ ਉੱਠਦੀ

ਹੈ ਉਹ ਹੀ ਆਪਣੀ ਗੁਰ-ਪ੍ਰਣਾਲੀ ਚਲਾ ਲੈਂਦੀ ਹੈ। ਹੁਣ ਇਹਨਾਂ ਦੀ ਗਿਣਤੀ ਕਰਨੀ ਵੀ ਔਖੀ ਹੋ ਗਈ ਹੈ। ਕਿਉਂ ਨਹੀਂ ਇਹਨਾਂ ਨੂੰ ਸੁਮਤਿ ਪੈਂਦੀ ਕਿ ਇਹ ਸਿੱਖ ਬਣੇ ਰਹਿਣ ਵਿਚ ਹੀ ਸ਼ਾਕਰ ਰਹਿਣ। ਅਨੇਕਾਂ ਪਿਛਲੱਗ ਅਣਜਾਨ ਲੋਕ ਇਹਨਾਂ ਬਣਾਉਟੀ ਸੰਤ ਡੰਮੀਆਂ ਦੇ ਪਿੱਛੇ ਲੱਗੇ ਫਿਰਦੇ ਹਨ। ਇਹਨਾਂ ਸੰਤ ਡੰਮੀਆਂ ਦੇ ਮੂੰਹ 'ਤੇ ਹੀ ਇਹਨਾਂ ਦੀਆਂ ਤਾਰੀਫ਼ਾਂ ਕਰੀ ਜਾਂਦੇ ਹਨ ਪਰ ਤਾਰੀਫਾਂ ਕਰਾਉਣ ਵਾਲੇ ਸੰਤ ਵੀ ਬੜੇ ਬੇਸ਼ਰਮ ਹਨ ਜੋ ਤਾਰੀਫਾਂ ਸੁਣ ਫੂਲ-ਫੂਲ ਬਹਿੰਦੇ ਹਨ। ਇਹਨਾਂ ਪਰਥਾਏ ਇਹ ਲਿਖਿਆ ਹੈ "ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥ ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥" ਪੰਨਾ-1286

ਆਪਣੇ ਆਪ ਨੂੰ ਸੱਚੇ ਪਾਤਸ਼ਾਹ ਕਹਾਉਂਦਿਆਂ ਇਹਨਾਂ ਨੂੰ ਰਤਾ ਸ਼ਰਮ ਨਹੀਂ ਆਉਂਦੀ।

*ਭਾ. ਰਣਧੀਰ ਸਿੰਘ, ਸੰਤ ਪਦ ਨਿਰਣੇ, ਪੰਨਾ 16*

ਅੱਗੇ ਭਾਈ ਰਣਧੀਰ ਸਿੰਘ ਨੇ ਸੰਤ ਪਦ ਗੁਰੂ ਪ੍ਰਥਾਇ ਸਿਰਲੇਖ ਅਧੀਨ ਇੰਝ ਲਿਖਿਆ ਹੈ: ਗੁਰਬਾਣੀ ਅੰਦਰ 'ਸੰਤ' ਪਦ ਗੁਰੂ ਪ੍ਰਥਾਇ ਭੀ ਹੈ। ਸਾਰੇ ਸੁਖਮਨੀ ਸਾਹਿਬ ਅੰਦਰ ਖਾਸ ਕਰ ਸਤਵੀਂ ਅਤੇ ਤੇਰਵੀਂ ਅਸ਼ਟਪਦੀ ਅੰਦਰ 'ਸੰਤ', 'ਸਾਧ' ਪਦ ਜੋ ਵਰਤੇ ਗਏ ਹਨ ਨਿਰੋਲ ਗੁਰੂ ਪ੍ਰਥਾਇ ਹੀ ਵਰਤੇ ਹਨ। ਹੋਰ ਵੀ ਜਿੱਥੇ ਕਿਤੇ ਸੰਤ ਦੀ ਉੱਚ ਮਹਿਮਾ ਹੈ ਉਥੇ ਸੰਤ ਪਦ ਗੁਰੂ ਪ੍ਰਥਾਇ ਹੀ ਵਰਤਿਆ ਹੈ। ਜਿਸ ਪ੍ਰਕਾਰ ਗੁਰੂ ਚੌਥੀ ਪਾਤਸ਼ਾਹੀ ਨੇ ਜਿਥੇ ਕਿਥੇ ਵੀ ਸੰਤ ਦੀ ਮਹਿਮਾ ਗੁਰੂ ਸਰੂਪ ਵਿਚ ਗਾਈ ਹੈ, ਤਿਥੇ ਉਹਨਾਂ ਦਾ ਸਨਮੁੱਖ ਨਿਸ਼ਾਨਾ ਸ੍ਰੀ ਗੁਰੂ ਅਮਰਦਾਸ ਜੀ ਦੀ ਅਲੌਕਿਕ ਪਵਿੱਤਰ ਹਸਤੀ ਉੱਤੇ ਹੀ ਹੈ। ਏਸੇ ਪ੍ਰਕਾਰ ਗੁਰੂ ਤੀਜੀ ਪਾਤਸ਼ਾਹੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰ-ਸੰਤ ਹਸਤੀ ਨੂੰ ਹੀ ਸਨਮੁੱਖ ਰੱਖ ਕੇ ਗੁਰੂ ਸਰੂਪ ਵਿਚ 'ਸੰਤ' ਪਦ ਦੀ ਉਪਮਾ ਕੀਤੀ। ਗੁਰੂ ਅੰਗਦ ਸਾਹਿਬ ਨੇ ਪਹਿਲੀ ਪਾਤਸ਼ਾਹੀ ਨੂੰ ਗੁਰੂ ਸੰਤ ਸੌਹੇਂ ਰੱਖ ਕੇ 'ਸੰਤ' ਪਦ ਨੂੰ ਗੁਰੂ ਦੇ ਥਾਉਂ ਵਰਤਿਆ ਹੈ। ਇਸ ਪਰਕਾਰ ਸ੍ਰੀ ਗੁਰੂ ਪੰਚਮ ਪਾਤਸ਼ਾਹ ਨੇ ਗੁਰ-ਮਹਿਮਾ ਮਈ ਵਾਕਾਂ ਵਿਚ ਗੁਰੂ ਰਾਮਦਾਸ ਸਾਹਿਬ ਚੌਥੀ ਪਾਤਸ਼ਾਹੀ ਦਾ ਸਰੂਪ ਹੀ ਸਨਮੁੱਖ ਰੱਖ ਕੇ ਸੰਤ ਪਦ ਦੀ ਵਡਿਆਈ ਕੀਤੀ ਹੈ।

*ਭਾ. ਰਣਧੀਰ ਸਿੰਘ, ਸੰਤ ਪਦ ਨਿਰਣੇ, ਪੰਨਾ 17*

ਗੁਰਬਾਣੀ ਪ੍ਰਮਾਣ ਹੇਠ ਲਿਖੇ ਹਨ:

1. **ਸਾਧੂ ਸਤਗੁਰੁ ਜੇ ਮਿਲੇ ਤਾ ਪਾਈਐ ਗੁਣੀ ਨਿਧਾਨੁ,** ਪੰਨਾ-21

ਗੁਰੂ ਵਾਸਤੇ

2. **ਸੰਤਨ ਮੋ ਕਉ ਹਰਿ ਮਾਰਗਿ ਪਾਇਆ।**
   **ਸਾਧ ਕਿਰਪਾਲ ਹਰਿ ਸੰਗਿ ਗਿਝਾਇਆ॥** ਪੰਨਾ-100

ਸਾਧ ਕ੍ਰਿਪਾਲ-ਗੁਰੂ ਵਾਸਤੇ

3. ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ ॥ ਸਾਧ ਰੇਣ ਮਜਨ ਸਭਿ ਧਰਮ ॥
ਸਾਧ ਕ੍ਰਿਪਾਲ ਦਇਆਲ ਗੋਵਿੰਦੁ ॥ ਸਾਧਾ ਮਹਿ ਇਹ ਹਮਰੀ ਜਿੰਦੁ ॥, ਪੰਨਾ-183

ਗੁਰੂ ਵਾਸਤੇ

4. ਸਾਧੂ, ਜਨ ਰਾਮੁ ਰਸਨ ਵਖਾਣੀ ॥ ਰਹਾਉ ॥, ਪੰਨਾ-192

ਗੁਰੂ ਵਾਸਤੇ

5. ਅਹੰਬੁਧਿ ਮਨ ਪੂਰਿ ਖਿਧਾਈ ॥ ਸਾਧ ਧੂਰਿ ਕਰਿ ਸੁਧ ਮੰਜਾਈ ॥, ਪੰਨਾ-200

ਗੁਰੂ ਵਾਸਤੇ

6. ਆਪਹੁ ਕੋਈ ਮਿਲੈ ਨ ਭੂਲੈ ॥ ਜਿਸੁ ਕ੍ਰਿਪਾਲ ਤਿਸੁ ਸਾਧ ਸੰਗਿ ਘੂਲੈ ॥

ਗੁਰੂ ਵਾਸਤੇ

7. ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥, ਪੰਨਾ-320

ਗੁਰੂ ਵਾਸਤੇ

8. ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨਾ ਭਾਈ ॥, ਪੰਨਾ-422

ਗੁਰੂ ਵਾਸਤੇ

9. ਮਿਟੇ ਅੰਦੇਸਿਆ ਹਾਂ ॥ ਸੰਤ ਉਪਦੇਸਿਆ ਮੇਰੇ ਮਨਾ ॥, ਪੰਨਾ-410

ਗੁਰੂ ਵਾਸਤੇ

10. ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ ॥, ਪੰਨਾ-532

ਗੁਰੂ ਵਾਸਤੇ

11. ਦੇਖਿ ਦੇਖਿ ਜੀਵਾ ਸਾਧ ਗੁਰ ਦਰਸ਼ਨ ਜਿਸੁ ਹਿਰਦੈ ਨਾਮ ਮੁਰਾਰੀ ॥, ਪੰਨਾ-528

ਗੁਰੂ ਵਾਸਤੇ

12. ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿੰਦ ਸਰਣਿ ਤੁਮਾਰੀ ॥, ਪੰਨਾ-607

ਗੁਰੂ ਵਾਸਤੇ

13. ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ ॥, ਪੰਨਾ-829

ਗੁਰੂ ਵਾਸਤੇ

14. ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ ਰਹਾਉ ॥,
ਪੰਨਾ 611

ਗੁਰੂ ਵਾਸਤੇ

15. ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧ ਤਬ ਹੂਟੇ ॥, ਪੰਨਾ-673

ਗੁਰੂ ਵਾਸਤੇ

16. ਆਨਿ ਤਿਆਗ ਭਏ ਇਕ ਆਸਰ ਸਰਣਿ ਸਰਣਿ ਕਰਿ ਆਏ ॥
ਸੰਤ ਅਨੁਗ੍ਰਹ ਭਏ ਮਨ ਨਿਰਮਲ ਨਾਨਕ ਹਰਿ ਗੁਨ ਗਾਏ ॥, ਪੰਨਾ-679

ਗੁਰੂ ਵਾਸਤੇ

17. ਦਰਸ਼ਨ **ਸਾਧ** ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ॥ ਪੰਨਾ 697

ਗੁਰੂ ਵਾਸਤੇ

18. ਹਰਿ ਹਰਿ ਮੇਲਿ ਮੇਲਿ ਜਨ **ਸਾਧੂ** ਹਮ **ਸਾਧ** ਜਨਾ ਦਾ ਕੀੜਾ॥
ਜਨ ਨਾਨਕ ਪ੍ਰੀਤਿ ਲਗੀ ਪਗ **ਸਾਧ ਗੁਰ** ਮਿਲਿ
**ਸਾਧੂ** ਪਾਖਾਣੁ ਹਰਿਓ ਮਨੁ ਮੂੜਾ॥, ਪੰਨਾ 698

ਗੁਰੂ ਵਾਸਤੇ

19. ਭਜੁ ਸੰਗਿ **ਸਾਧੂ** ਇਕੁ ਅਰਾਧੁ ਜਨਮ ਮਰਨ ਦੁਖ ਨਾਸਏ॥ ਪੰਨਾ-691

ਗੁਰੂ ਵਾਸਤੇ

20. ਦਰਸ਼ਨ **ਸੰਤ** ਦੇਹੁ ਸੁਖੁ ਪਾਵੈ ਪ੍ਰਭ ਲੋਚ ਪੂਰਿ ਜਨੁ ਤੁਮਗਾ॥ ਪੰਨਾ-731

ਗੁਰੂ ਵਾਸਤੇ

21. **ਸਾਧ** ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀਂ ਅਨਹੇਰਾ॥,
ਪੰਨਾ 827

ਗੁਰੂ ਵਾਸਤੇ

22. ਜਪਿ ਜਪਿ ਅੰਮ੍ਰਿਤ ਨਾਮੁ ਅਘਾਏ॥ **ਸੰਤ** ਪ੍ਰਸਾਦਿ ਸਗਲ ਫਲ ਪਾਏ॥
ਪੰਨਾ 865

ਗੁਰੂ ਵਾਸਤੇ

23. ਤਜਿ ਅਭਿਮਾਨ ਜਾਨੁ ਪ੍ਰਭੁ ਸੰਗਿ॥ **ਸਾਧ** ਪ੍ਰਸਾਦਿ ਹਰਿ ਸਿਉ ਮਨੁ ਰੰਗਿ॥
ਪੰਨਾ 866

ਗੁਰੂ ਵਾਸਤੇ

24. ਕੁੰਭ ਬਿਨਾ ਜਲੁ ਨਾ ਟੀਕਾਵੈ॥ **ਸਾਧੂ** ਬਿਨੁ ਐਸੇ ਅਬਗਤੁ ਜਾਵੈ॥
ਘੁੰਡੀ ਬਿਨੁ ਕਿਆ ਗੰਠਿ ਚੜਾਈਐ॥ **ਸਾਧੂ** ਬਿਨੁ ਤੈਸੇ ਅਬਗਤੁ ਜਾਈਐ॥
ਘੋਰ ਬਿਨਾ ਕੈਸੇ ਅਸਵਾਰ॥ **ਸਾਧੂ** ਬਿਨੁ ਨਾਹੀ ਦਰਬਾਰ॥ ਪੰਨਾ 872

ਗੁਰੂ ਵਾਸਤੇ

25. ਦਰਸਨ **ਸੰਤ** ਦੇਹੁ ਕਰਿ ਕਿਰਪਾ ਸਭ ਦਾਲਦੁ ਦੁਖੁ ਲਹਿ ਜਾਇ॥ ਪੰਨਾ 881

ਗੁਰੂ ਵਾਸਤੇ

26. **ਸਾਧੂ** ਧੂਰਿ ਕਰਉ ਨਿਤ ਮਜਨੁ ਸਭ ਕਿਲਬਿਖ ਪਾਪ ਗਵਾਇਣ॥ ਪੰਨਾ 979

ਗੁਰੂ ਵਾਸਤੇ

27. **ਸਾਧੂ** ਪੁਰਖੁ **ਸਾਧ** ਜਨ ਪਾਏ ਇਕ ਬਿਨਉ ਕਰਉ ਗੁਰ ਪਿਆਰੇ॥ ਪੰਨਾ 983

ਗੁਰੂ ਵਾਸਤੇ

28. ਗੁਰੁ ਪੂਰਾ ਵਡਭਾਗੀ ਪਾਈਐ॥ ਮਿਲਿ **ਸਾਧੂ** ਹਰਿ ਨਾਮੁ ਧਿਆਈਐ॥

ਅਵਰ ਕਰਮ ਸਭਿ ਲੋਕਾਚਾਰ॥ ਮਿਲਿ ਸਾਧੂ ਸੰਗਿ ਹੋਇ ਉਧਾਰ॥
ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ॥ ਸਾਧੂ ਧੂਰਿ ਮਿਲੈ ਨਿਸਤਰੀਐ॥
ਪੰਨਾ 804

ਗੁਰੂ ਵਾਸਤੇ

29. ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ॥ ਪੰਨਾ 1135

ਗੁਰੂ ਵਾਸਤੇ

30. ਸਾਧੂ ਧੂਰਿ ਪੁਨੀਤ ਕਰੀ॥ ਪੰਨਾ 1152

ਗੁਰੂ ਵਾਸਤੇ

31. ਪਾਰਬ੍ਰਹਮ ਜਬ ਹੋਇ ਦਇਆਲ॥ ਸਾਧ ਜਨ ਕੀ ਕਰੈ ਰਵਾਲ॥ ਪੰਨਾ 869

ਗੁਰੂ ਵਾਸਤੇ

32. ਅੰਮ੍ਰਿਤ ਬਚਨ ਸਾਧ ਕੀ ਬਾਣੀ॥
ਸਾਧੂ ਧੂਰਿ ਮੁਖਿ ਮਸਤਕਿ ਲਾਈ॥ ਨਾਨਕ ਉਧਰੇ ਹਰਿ ਗੁਰ ਸਰਣਾਈ॥
ਪੰਨਾ 744

ਗੁਰੂ ਵਾਸਤੇ

33. ਮਾਧੋ ਸਾਧੂ ਜਨ ਦੇਹੁ ਮਿਲਾਇ॥
ਸਾਧੂ ਪੁਰਖੁ ਪੁਰਖੁ ਪਤਿ ਪਾਇਆ ਅਗਿਆਨ ਅੰਧੇਰ ਗਵਾਇਆ॥
ਜਗੰਨਾਥ ਜਗਦੀਸ ਗੁਸਾਂਈ ਕਰਿ ਕਿਰਪਾ ਸਾਧੁ ਮਿਲਾਵੈ॥

ਗੁਰੂ ਵਾਸਤੇ

34. ਸਾਧ ਰੂਪ ਅਪਨਾ ਤਨੁ ਧਾਰਿਆ॥ ਮਹਾ ਅਗਨਿ ਤੇ ਆਪਿ ਉਬਾਰਿਆ॥
ਪੰਨਾ 1005

ਗੁਰੂ ਵਾਸਤੇ

35. ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ॥ ਜੋ ਕਿਛੁ ਕਰੇ ਸੁ ਆਪਣ ਭਾਣੈ॥
ਸਾਧੂ ਧੂਰਿ ਜਾਚਹਿ ਜਨ ਤੇਰੇ ਨਾਨਕ ਸਦ ਕੁਰਬਾਨਾਂ ਹੈ॥ ਪੰਨਾ 1075

ਗੁਰੂ ਵਾਸਤੇ

36. ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ ਦੁਸਟੁ ਬਿਗਾਨਾ॥ ਰਹਾਉ॥
ਪੰਨਾ 1210

ਗੁਰੂ ਵਾਸਤੇ

37. ਸਾਧ ਨਾਵ ਬੈਠਾਵਹੁ ਨਾਨਕ ਭਵ ਸਾਗਰੁ ਪਾਰਿ ਉਤਾਰਾ॥ ਪੰਨਾ 1220

ਗੁਰੂ ਵਾਸਤੇ

38. ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ॥

ਗੁਰੂ ਵਾਸਤੇ

39. **ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥**
**ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥**
ਪੰਨਾ 958-59

ਗੁਰੂ ਵਾਸਤੇ

ਸੋ ਹੋਰ ਵੀ ਐਸੇ ਪ੍ਰਮਾਣ ਦਿੱਤੇ ਜਾ ਸਕਦੇ ਹਨ ਕਿ ਇਥੇ ਸਾਧ, ਸੰਤ ਪਦ ਕੇਵਲ ਗੁਰੂ ਵਾਸਤੇ ਵਰਤੇ ਹਨ ਪੁਸਤਕ ਦਾ ਆਕਾਰ ਵਧਣ ਕਰਕੇ ਸੰਖੇਪ ਕਰਦਾ ਜਾ ਰਿਹਾ ਹੈ।

ਅੱਗੇ ਹੁਣ ਗੱਲ ਕਰਦੇ ਹਾਂ ਕਿ ਸਾਧ ਸੰਤ ਪਦ ਜਿਥੇ ਬਹੁ-ਵਚਨ ਵਿਚ ਆਇਆ ਹੈ। ਉਹ ਕੇਵਲ ਸਿੱਖਾਂ ਦੀ ਸੰਗਤਿ ਵਾਸਤੇ ਵਰਤੇ ਹਨ ਜਿਸਨੂੰ ਗੁਰਬਾਣੀ ਅੰਦਰ ਸਾਧ ਸੰਗਤਿ, ਸੰਤ ਸੰਗਤਿ, ਗੁਰ ਸੰਗਤਿ, ਸਤਿ ਸੰਗਤਿ, ਸੰਤ ਸਜਨ, ਸੰਤ ਜਨਾਂ, ਸੰਤ ਸਭਾ ਆਦਿ ਕਰਕੇ ਲਿਖਿਆ ਮਿਲਦਾ ਹੈ। ਸਾਧ ਸਰਣਿ, ਸੰਤ ਸਰਣਿ, ਗੁਰ ਸਰਣਿ ਆਦਿ ਵੀ ਇਕੋ ਹੀ ਅਰਥ ਦੇ ਲਖਾਇਕ ਹਨ, ਸੰਤਨ ਪਦ ਬਹੁਵਚਨ ਵਿਚ ਸਿੱਖਾਂ ਦੀ ਸੰਗਤਿ ਵਾਸਤੇ ਵਰਤਿਆ ਹੈ। ਕਿਸੇ ਵੀ ਇਕ ਇਕੱਲੇ ਬੰਦੇ ਦੇ ਨਾਮ ਨਾਲ ਲਾਉਣ ਵਾਸਤੇ ਇਹਨਾਂ ਵਿਚੋਂ ਇਕ ਵੀ ਪਦ ਨਹੀਂ ਹੈ। ਸੋ ਇਹ ਡੇਰੇਦਾਰ ਅਤੇ ਹੋਰ ਕਈ ਧੱਕੇਸ਼ਾਹੀ ਨਾਲ ਇਹ ਪਦ ਆਪਣੇ ਨਾਵਾਂ ਨਾਲ ਜੋੜੀ ਫਿਰਦੇ ਹਨ। ਇਹ ਇਹਨਾਂ ਨੇ ਬਹੁਤ ਵੱਡਾ ਧੋਖਾ ਕੀਤਾ ਹੈ, ਗੁਰ ਪ੍ਰਮਾਣ ਹੇਠ ਲਿਖੇ ਅਨੁਸਾਰ ਹਨ:

1. **ਸੰਤ ਸਾਜਨ ਸਿਖ ਭਏ ਸੁਹੇਲੇ ॥ ਗੁਰਿ ਪੂਰੈ ਪ੍ਰਭ ਸਿਉ ਲੈ ਮੇਲੇ ॥** ਪੰਨਾ 1340

ਇਥੇ ਇਕ ਤੋਂ ਵੱਧ ਸਤਸੰਗੀ ਸਿੱਖਾਂ ਦੀ ਗੱਲ ਕਰ ਰਹੇ ਹਨ।

2. **ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥**
**ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥** ਪੰਨਾ 783

ਇਥੇ ਵੀ ਇਕ ਤੋਂ ਵੱਧ ਸਿੱਖ ਸਤਸੰਗੀਆਂ ਦਾ ਬਚਨ ਹੈ।

3. **ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਾਸਾਰਾ ॥** ਪੰਨਾ 380

ਬਹੁਵਚਨ ਵਿਚ ਸਿੱਖਾਂ ਮਿੱਤਰਾਂ ਸਤਸੰਗੀਆਂ ਵਾਸਤੇ।

4. **ਸੰਤ ਸਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥** ਪੰਨਾ 922

ਉਪਰ ਵਾਲਾ ਹੀ ਅਰਥ।

5. **ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥**
ਆਇ ਮਿਲਹੁ **ਸੰਤੁ ਸਜਣਾ** ਨਾਮੁ ਜਪਹ ਮਨ ਮਿਤ ਜੀਉ ॥ ਪੰਨਾ 760

ਇਥੇ ਵੀ ਇਕ ਤੋਂ ਵੱਧ ਸਿੱਖਾਂ ਸਤਸੰਗੀਆਂ ਵਾਸਤੇ।

6. **ਸੰਤ ਜਨਾ** ਕੀ ਰੇਨੁ ਮਨਿ ਭਾਈ ਮਿਲਿ ਹਰਿ ਜਨ ਹਰਿ ਨਿਸਤਾਰੇ ॥ ਪੰਨਾ 983

ਸਿਖ ਸੰਗਤਾਂ ਦੀ ਰੇਨ। ਸੰਗਤ ਵਿਚ ਵਿਚਾਰ ਵਟਾਂਦਰਾ।

7. ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ ॥ ਪੰਨਾ 983
ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ ॥ ਪੰਨਾ 983

ਇਥੇ ਵੀ ਸਤਸੰਗੀ ਸਿੱਖਾਂ ਦੇ ਸਮੂਹ ਵਾਸਤੇ।

ਸਿੱਖਾਂ ਦੀ ਸੰਗਤਿ ਵਿਚ, ਗੁਰੂ ਸੰਤੁ ਦਾ ਮਿਲਾਪ, ਗੁਰੂ ਗੁਰਬਾਣੀ ਹੈ।

8. ਸੰਤ ਸੇਵਕ ਭਗਤ ਹਰਿ ਤਾ ਕੇ ਨਾਨਕ ਮਨੁ ਲਾਗਾ ਤੈ ਤਾਹੀ ॥ ਪੰਨਾ 824

ਸਿੱਖਾਂ ਸੇਵਕਾਂ ਵਾਸਤੇ।

9. **ਸੰਤ ਸਭਾ** ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ ॥ ਪੰਨਾ 1266

ਸਤਸੰਗੀਆਂ ਸਿੱਖਾਂ ਵਾਸਤੇ।

10. ਜਿਸ ਕਉ ਚਾਹਹਿ ਸੁਰਿ ਨਰ ਦੇਵ ॥ **ਸੰਤ ਸਭਾ** ਕੀ ਲਗਹੁ ਸੇਵ ॥ ਪੰਨਾ 1182

ਸਿੱਖਾਂ ਦੀ ਸਭਾ, ਸਿੰਘਾਂ ਦੀ ਸਭਾ (ਸੰਗਤਿ)

11. ਕਰਣੀ ਕੀਰਤਿ ਗੁਰਮਤਿ ਸਾਰੁ ॥ **ਸੰਤ ਸਭਾ** ਗੁਣ ਗਿਆਨ ਬੀਚਾਰੁ ॥
ਪੰਨਾ 1343

ਸਿੱਖ ਸੰਗਤਾਂ ਵਾਸਤੇ।

12. **ਸੰਤ ਸਭਾ** ਮਹਿ ਬੈਸਿ ਕਿ ਕੀਰਤਿ ਮੈਂ ਕਹਾਂ ॥ ਪੰਨਾ 1361

ਸਿੱਖ ਸੰਗਤਾਂ ਵਾਸਤੇ।

13. ਅੰਮ੍ਰਿਤ ਗੁਣ **ਸੰਤ** ਬੋਲਤੇ ਸੁਣਿ ਗ੍ਰਹਿ ਪੀਲਾਵਉ ॥
ਜਬ ਭਗਤਿ ਕਰਹਿ **ਸੰਤ ਮੰਡਲੀ** ਤਿਨ ਮਿਲਿ ਹਰਿ ਗਾਵਉ ॥
ਕਰਉ ਨਮਸਕਾਰ **ਭਗਤ ਜਨ** ਧੂਰਿ ਮੁਖਿ ਲਾਵਉ ॥ ਪੰਨਾ 813

ਇਥੇ ਵੀ ਸਾਰੇ ਥਾਈ ਸਿੱਖ ਸੰਗਤਾਂ ਵਾਸਤੇ।

14. **ਸੰਤ ਸਭਾ** ਜਹ ਬੈਸਹਿ ਪ੍ਰਭ ਪਾਸੇ ॥ ਪੰਨਾ 1077

ਸਿੱਖਾਂ ਸੰਗਤਾਂ ਵਾਸਤੇ।

15. ਰਾਮ ਨਾਮ ਗੁਰ ਬਚਨੀ ਬੋਲਹੁ ॥ **ਸੰਤ ਸਭਾ** ਮਹਿ ਇਹੁ ਰਸੁ ਟੋਲਹੁ ॥ ਪੰਨਾ 1030

ਸਿੱਖ ਸੰਗਤ ਵਾਸਤੇ।

16. **ਸੰਤਾਂ** ਸੇਤੀ ਰੰਗੁ ਨਾ ਲਾਏ। ਸਾਕਤ ਸੰਗਿ ਵਿਕਰਮ ਕਮਾਏ ॥ ਪੰਨਾ 105

ਗੁਰੂ ਦੇ ਸਿੱਖਾਂ ਦੀ ਸੰਗਤਿ ਵਾਸਤੇ।

17 ਹੁਕਮੀ ਵਰਸਣ ਲਾਗੇ ਮੇਹਾ ॥ **ਸਾਜਨ ਸੰਤ** ਮਿਲਿ ਨਾਮੁ ਜਪੇਹਾ ॥ ਪੰਨਾ 104

ਸਿੱਖ ਸੰਗਤਿ ਵਾਸਤੇ।

18. ਆਉ **ਸਾਜਨ ਸੰਤ** ਮੀਤ ਪਿਆਰੇ ॥ ਮਿਲਿ ਗਾਵਹੁ ਗੁਣ ਅਗਮ ਅਪਾਰੇ ॥
ਪੰਨਾ 104

ਸਿੱਖਾਂ ਸਤਸੰਗੀਆ ਵਾਸਤੇ।

19. **ਸਾਜਨ ਸੰਤ** ਹਮਾਰੇ ਮੀਤਾ ਬਿਨੁ ਹਰਿ ਹਰਿ ਆਨੀਤਾ ਰੇ॥
**ਸਾਧ ਸੰਗਿ** ਮਿਲਿ ਹਰਿ ਗੁਣ ਗਾਏ ਇਹੁ ਜਨਮੁ ਪਦਾਰਥ ਜੀਤਾਰੇ॥ ਪੰਨਾ 400

ਗੁਰੂ ਦੇ ਸਿੱਖਾਂ ਨੂੰ ਸਾਜਨ ਆਖਿਆ
**ਸਾਧ ਸੰਗਿ** ਤੋਂ ਭਾਵ ਸਿੱਖ ਸੰਗਤਿ ਹੀ ਹੈ।

20. **ਸਾਜਨ ਸੰਤ** ਕਰਹੁ ਇਹੁ ਕਾਮ॥ ਪੰਨਾ 290

ਸਤਸੰਗੀ ਸਿੱਖਾਂ ਤੋਂ ਭਾਵ ਹੈ।

21. ਭਾਈ ਰੇ **ਸੰਤ ਜਨਾ** ਕੀ ਰੇਣੁ॥ ਪੰਨਾ 18

ਸਿੱਖਾਂ ਸੰਗਤਾਂ ਦੀ ਧੂੜੀ ਦੀ ਗੱਲ ਹੈ।

22. **ਸੰਤ ਜਨਾ** ਮਿਲਿ ਕਰਹੁ ਬੀਚਾਰੁ॥ ਪੰਨਾ 288

ਸਿੱਖ ਸੰਗਤਿ ਵਾਸਤੇ।

23. **ਸੰਤ ਸੰਗਤਿ**, ਮੇਲਾਪੁ ਕਰਿ ਹਰਿ ਨਾਮੁ ਮਿਲੈ ਪਤਿ ਸਾਖੁ॥ ਪੰਨਾ 997

ਸਿੱਖਾਂ ਦੀ ਸੰਗਤਿ।

24. **ਸੰਤ ਸੰਗਿ** ਜਸੁ ਗਾਇਆ॥ ਇਹੁ ਪੂਰਨ ਹਰਿ ਧਨ ਪਾਇਆ॥ ਪੰਨਾ 628

ਸਤਸੰਗੀ ਸਿੱਖਾਂ ਦੀ ਸੰਗਤਿ। ਗੁਰੂ ਦੇ ਸਿੱਖਾਂ ਦੀ ਸੰਗਤਿ।

25. **ਸੰਤ ਸੰਗਤਿ** ਸਿਉ ਮੇਲ ਭਇਆ ਹਰਿ ਹਰਿ ਨਾਮਿ ਧਿਆਏ ਰਾਮ॥ ਪੰਨਾ 771

ਉਹੀ।

26. ਮਿਹਰ ਕਰੇ ਤਾ ਖਸਮ ਧਿਆਈ॥ **ਸੰਤਾਂ ਸੰਗਤਿ** ਨਰਕਿ ਨਾ ਪਾਈ॥ ਪੰਨਾ 1020

ਉਹੀ।

27. **ਸੰਤਾਂ ਸੰਗਤਿ** ਪਾਈਐ ਜੇ ਮੇਲੇ ਮੇਲਣਹਾਰ॥ ਪੰਨਾ 56

ਉਹੀ।

28. **ਸੰਤਾ ਸੰਗਤਿ** ਪਾਈਐ॥ ਜਿਤੁ ਜਮ ਕੈ ਪਥਿ ਨਾ ਪਾਈਐ॥ ਪੰਨਾ 132

ਉਹੀ।

29. **ਸੰਤਾ ਸੰਗਤਿ** ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸ਼ਿੰਦੁ॥ ਪੰਨਾ 48 49

ਉਹੀ।

30. **ਸੰਤਾ ਸੰਗਤਿ** ਮਿਲਿ ਰਹੈ ਤਾ ਸਚਿ ਲਗੈ ਪਿਆਰ॥ ਪੰਨਾ 756

ਉਹੀ।

31. **ਸੰਤਾ ਸੰਗਤਿ** ਮਿਲਿ ਰਹੇ ਜੇਪਿ ਰਾਮ ਨਾਮੁ ਸੁਖ ਪਾਇ॥ ਪੰਨਾ 37

ਉਹੀ।

32. **ਸੰਤਾ ਸੰਗਿ** ਨਿਧਾਨੁ ਅੰਮ੍ਰਿਤ ਚਾਖੀਐ॥ ਪੰਨਾ 91

ਉਹੀ।

33. ਸੰਤਹੁ ਐਸੀ ਕਥਹੁ ਕਹਾਣੀ॥ ਪੰਨਾ 883
ਸੰਬੋਧਨ ਵਾਚਕ ਹੇ ਗੁਰੂ ਦੇ ਸਿੱਖੋ! ਜਗਿਆਸੂਓ!
34. ਅੰਮ੍ਰਿਤ ਸੰਤ ਚੁਗਹਿ, ਨਹੀ ਦੂਰੇ॥ ਪੰਨਾ 685
ਗੁਰਮੁਖ ਸਿੱਖਾਂ ਵਾਸਤੇ।
35. ਸੰਤਹੁ ਸੁਖ ਹੋਆ ਸਭ ਥਾਈ॥ ਪੰਨਾ 628
ਹੇ ਗੁਰੂ ਦੇ ਸਿੱਖੋ! ਜਗਿਆਸੂਓ!
36. ਸੰਤਹੁ ਸੰਗੁ ਸੰਤ ਸੰਭਾਖਨੁ ਹਰਿ ਕੀਰਤਨ ਮਨੁ ਜਾਗੈ॥ ਪੰਨਾ 674
ਸਿੱਖਾਂ ਸੰਗਤਾਂ ਵਾਸਤੇ।
37. ਸੰਤਹ ਸੰਗਿ ਬੈਸਿ ਗੁਨ ਗਾਇ॥ ਪੰਨਾ 194
ਸਿੱਖਾਂ ਸੰਗਤਾਂ ਵਾਸਤੇ।
38. ਸੰਤਹ ਸੰਗਿ ਮਿਲੈ ਜਪਿ ਪੂਰਨ ਕਾਮਾ ਰਾਮ॥ ਪੰਨਾ 546
ਉਹੀ।
39. ਸੰਤਹੁ ਸਾਗਰੁ ਪਾਰਿ ਉਤਰੀਐ॥ ਪੰਨਾ 747
ਸੰਬੋਧਨ ਹੇ ਸਿੱਖੋ! ਜਗਿਆਸੂਓ!
40. ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ॥ ਪੰਨਾ 799-800
ਸਿੱਖ ਸੰਗਤਾਂ ਵਾਸਤੇ।
41. ਧੰਨਿ ਧੰਨਿ ਹਰਿ ਸਾਧ ਜਨ ਸਖੀਏ ਨਾਨਕ ਜਿਨੀ ਨਾਮ ਧਿਆਇਆ॥ ਪੰਨਾ 803
ਗੁਰਮੁਖ ਸਿੱਖਾਂ ਵਾਸਤੇ।
42. ਸੰਤਹੁ ਸਾਚੀ ਸਰਣ ਸੁਆਮੀ॥ ਪੰਨਾ 627
ਸੰਬੋਧਨ ਸਿੱਖਾਂ ਵਾਸਤੇ।
43. ਸੰਤਹੁ ਸਾਚੇ ਕੀ ਵਡਿਆਈ॥ ਜਿਨਿ ਅਚਰਜ ਸੋਭ ਬਣਾਈ॥ ਪੰਨਾ 629
ਉਹੀ।
44. ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ॥ ਪੰਨਾ 1326
ਉਹੀ।
45. ਸੰਤਹੁ ਪ੍ਰਭੁ ਮੇਰਾ ਸਦਾ ਦਇਆਲਾ॥ ਪੰਨਾ 629
ਉਹੀ।
46. ਸੰਤਹੁ ਹਰਿ ਹਰਿ ਹਰਿ ਆਰਾਧਹੁ॥ ਪੰਨਾ 627
ਉਹੀ।
47. ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ ਨਿਵਾਰੀ॥
ਸਿੱਖ ਸੰਗਤਾਂ ਵਾਸਤੇ।

48. ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ॥ ਪੰਨਾ 918
ਸਿੱਖ ਸੰਗਤਾਂ ਵਾਸਤੇ।
49. ਹਰਿ ਕੇ ਸੰਤ ਜਨਾ ਹਰਿ ਜਪਿਉ॥ ਪੰਨਾ 667
ਸਿੱਖ ਸੰਗਤਾਂ ਵਾਸਤੇ।
50. ਹਰਿ ਕੇ ਸੰਤ ਜਪਹੁ ਹਰਿ ਜਪਣਾ ਹਰਿ ਸੰਤੁ ਚਲੈ ਹਰਿ ਨਾਲੀ॥ ਪੰਨਾ 667
ਸਿੱਖ ਸੰਗਤਾਂ ਵਾਸਤੇ।
51. ਹਰਿ ਕੇ ਸੰਤ ਸੁਨਹੁ ਜਸੁ ਕਾਨੀ॥ ਪੰਨਾ 667
ਸਿੱਖ ਸੰਗਤਾਂ ਵਾਸਤੇ।
52. ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ॥ ਪੰਨਾ 667
ਉਹੀ।
53. ਹਰਿ ਕੇ ਸੰਤ ਜਪਿਉ ਮਨਿ ਹਰਿ ਹਰਿ ਲਗਿ ਸੰਗਤਿ ਸਾਧ ਜਨਾ ਕੀ॥
ਪੰਨਾ 668
54. ਹਰਿ ਕੇ ਸੰਤ ਜਨਾ ਹਰਿ ਜਪਿਉ ਗੁਰ ਰੰਗ ਚਲੂਲੈ ਰਾਤੀ॥ ਪੰਨਾ 668
ਉਹੀ।
55. ਸੰਤਹੁ ਹਰਿ ਹਰਿ ਨਾਮ ਧਿਆਈ॥ ਪੰਨਾ 620
ਸਿੱਖਾਂ ਵਾਸਤੇ।
56. ਸੰਤਹੁ ਗੁਰਮੁਖਿ ਦੇਇ ਵਡਿਆਈ॥ ਰਹਾਓ॥ ਪੰਨਾ 909
ਉਹੀ।
57. ਸੰਤਹੁ ਗੁਰਮੁਖਿ ਨਾਮਿ ਨਿਸਤਾਰੀ॥ ਪੰਨਾ 910
ਉਹੀ।
58. ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ॥ ਪੰਨਾ 910
ਇਸ ਸਾਰੇ ਸ਼ਬਦ ਵਿਚ 6 ਵਾਰੀ ਸੰਤਹੁ ਪਦ ਆਇਆ ਹੈ ਜੋ ਸਿੱਖਾਂ ਵਾਸਤੇ ਹੈ।
59. ਸੰਤਹੁ ਗੁਰਮੁਖਿ ਮੁਕਤਿ ਗਤਿ ਪਾਈ॥ ਪੰਨਾ 911-12
ਸਿੱਖਾਂ ਵਾਸਤੇ।
60. ਸੰਤਹੁ ਘਟਿ ਘਟਿ ਰਹਿਆ ਸਮਾਹਿਉ॥ ਪੰਨਾ 617
ਉਹੀ।
61. ਸੰਤਹੁ ਦਿਨੁ ਦਿਨੁ ਚੜੇ ਨਵਾਈ॥ ਪੰਨਾ 626
ਉਹੀ।
62. ਸੰਤਹੁ ਤ੍ਰਿਸ ਬਿਨੁ ਅਵਰ ਨ ਕੋਈ॥ ਪੰਨਾ 626
ਉਹੀ।

63. ਸਿੱਖ ਸੰਤ ਸਰਸੇ ਹੋਏ ਹਰਿ ਹਰਿ ਨਾਮੁ ਧਿਆਈ॥ ਪੰਨਾ 626
ਸਿੱਖ ਸੰਗਤਾਂ ਵਾਸਤੇ।

64. ਜੋ ਮੰਗਹਿ ਸੋ ਲੇਵਹਿ॥ ਪ੍ਰਭ ਆਪਣਿਆਂ ਸੰਤਾ ਦੇਵਹਿ॥ ਪੰਨਾ 626
ਸਿੱਖਾਂ ਵਾਸਤੇ।

65. ਸੰਤਹੁ ਬਨਜਿਆ ਨਾਮੁ ਗੋਬਿੰਦ ਕਾ ਐਸੀ ਖੇਪ ਹਮਾਰੀ॥ ਪੰਨਾ 1123
ਸਿੱਖਾਂ ਵਾਸਤੇ।

66. ਸੰਤਹੁ ਮਾਖਲੁ ਖਾਇਆ ਛਾਛਿ ਪੀਐ ਸੰਸਾਰ॥ ਪੰਨਾ 1365
ਸਿੱਖਾਂ ਵਾਸਤੇ।

67. ਸੰਤਹੁ ਮਨ ਪਵਨੈ ਸੁਖੁ ਬਨਿਆ॥ ਕਿਛੁ ਜੋਗੁ ਪਰਾਪਤਿ ਗਨਿਆ॥ ਪੰਨਾ 656
ਸਿੱਖਾਂ ਪ੍ਰਥਾਇ।

68. ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ॥ ਪੰਨਾ 614
ਇਸ ਸ਼ਬਦ ਅੰਦਰ 10 ਵਾਰ ਸੰਤਨ, ਸੰਤ ਪਦ ਆਏ ਹਨ। ਇਹ ਸਾਰੇ ਹੀ ਪਦ ਸਿੱਖ ਸੰਗਤਿ ਪ੍ਰਥਾਇ ਵਰਤੇ ਹਨ।

69. ਸੰਤਹੁ ਰਾਮ ਜਪੰਤ ਸੁਖੁ ਪਾਇਆ॥ ਪੰਨਾ 629
ਸਿੱਖਾਂ ਪ੍ਰਥਾਇ।

70. ਸੰਤ ਅਸਥਾਨਿ ਬਸੇ ਸੁਖ ਸਹਿਜੇ ਸਗਲੇ ਦੂਖ ਮਿਟਾਇਆ॥ ਪੰਨਾ 629
ਸਿੱਖ ਸੰਗਤਿ ਵਾਸਤੇ।

71. ਸੰਤਹੁ ਰਾਮਦਾਸ ਸਰੋਵਰ ਨੀਕਾ॥ ਪੰਨਾ 623
ਸਿੱਖਾਂ ਵਾਸਤੇ।

72. ਸੰਤਹੁ ਰਾਮੁ ਨਾਮਿ ਨਿਸਤਰੀਐ॥ ਪੰਨਾ 622
ਸਿੱਖਾਂ ਵਾਸਤੇ।

73. ਸੰਤਾਂ ਕੀ ਇਹ ਰੀਤਿ ਨਿਰਾਲੀ॥
ਸਿੱਖਾਂ ਵਾਸਤੇ।

74. ਸੰਤਾ ਕੀ ਹੋਇ ਦਾਸਰੀ ਇਹੁ ਅਚਾਰਾ ਸਿਖੁ ਰੀ॥ ਪੰਨਾ 400
ਸਿੱਖ ਸੰਗਤਾਂ ਵਾਸਤੇ।

75. ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ ਪੰਨਾ 783
ਸਿੱਖਾਂ ਵਾਸਤੇ।

76. ਸੰਤੀ ਜੀਤਾ ਜਨਮੁ ਅਪਾਰ॥ ਪੰਨਾ 889
ਸਿੱਖਾਂ ਵਾਸਤੇ।

77. **ਸੰਤ ਉਧਰਣੰ ਦਇਆਲੰ ਅਸਾਰੰ ਗੋਪਾਲ ਕੀਰਤਨਹ॥** ਪੰਨਾ 709
ਸਿੱਖਾਂ ਵਾਸਤੇ।

78. **ਸੰਤ ਜਨਾ ਸਿਉ ਸੰਗੁ ਪਾਈਐ ਵਡੈ ਪੁਨ॥** ਪੰਨਾ 709
ਸਿੱਖ ਸੰਗਤਿ ਵਾਸਤੇ।

79. **ਸੰਤ ਜਨਾ ਸਿਉ ਸਦਾ ਸੰਗੁ॥** ਪੰਨਾ 1183
ਉਹੀ।

80. **ਸੰਤ ਜਨਾ ਸਿਉ ਪ੍ਰੀਤਿ ਬਨਿ ਆਈ॥** ਪੰਨਾ 164
ਉਹੀਂ।

81. **ਸੰਤ ਜਨਹੁ ਸੁਣਿ ਭਾਈ ਹੋ ਛੂਟਨੁ ਸਾਚੈ ਨਾਇ॥** ਪੰਨਾ 52-53
ਸਿੱਖ ਸੰਗਤਾਂ ਵਾਸਤੇ।

82. **ਸੰਤ ਜਨਾ ਮਿਲਿ ਭਾਈਆ ਕਟਿਆੜਾ ਜਮ ਕਾਲ॥** ਪੰਨਾ 52
ਸਿੱਖ ਸੰਗਤਾਂ ਵਾਸਤੇ।

83. **ਸੰਤ ਜਨਹੁ ਮਿਲਿ ਭਾਈ ਹੋ ਸਚਾ ਨਾਮੁ ਸਮਾਲਿ॥** ਪੰਨਾ 49
ਸਿੱਖ ਸੰਗਤਾਂ ਵਾਸਤੇ।

84. **ਸੰਤ ਜਨਾ ਕਾ ਸਦਾ ਸਹਾਈ॥** ਪੰਨਾ 898
ਸਿੱਖਾਂ ਪ੍ਰਥਾਇ।

85. **ਸੰਤ ਜਨਾ ਹਰਿ ਧਨੁ ਜਸੁ ਪਿਆਰਾ॥** ਪੰਨਾ 1043
ਸਿੱਖਾਂ ਵਾਸਤੇ।

86. **ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿਰਾਮੁ ਜੀਓ॥** ਪੰਨਾ 774
ਸਿੱਖਾਂ ਵਾਸਤੇ।

87. **ਸੰਤ ਜਨਾ ਹਰਿ ਮੰਤ੍ਰ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ॥** ਪੰਨਾ 782
ਸਿੱਖਾਂ ਵਾਸਤੇ।

88. **ਸੰਤ ਜਨਾ ਕਉ ਜਮੁ ਜੋਹਿ ਨ ਸਾਕੈ ਰਤੀ ਅੰਚ ਦੂਖ ਨ ਲਾਈ॥** ਪੰਨਾ 1155
ਸਿੱਖਾਂ ਵਾਸਤੇ।

89. **ਸੰਤ ਜਨਾ ਕੈ ਸੰਗਿ ਮਿਲੁ ਬਉਰੇ ਤਉ ਪਾਵਹਿ ਮੋਖ ਦੁਆਰ॥**
ਸਿੱਖ ਸੰਗਤਾਂ ਵਾਸਤੇ।

90. **ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ॥** ਪੰਨਾ 1133
ਗੁਰੂ ਦੇ ਸਿੱਖਾਂ ਵਾਸਤੇ।

91. **ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ॥** ਪੰਨਾ 1133
ਸਿੱਖਾਂ ਵਾਸਤੇ।

92. **ਸੰਤ ਜਨਾ** ਕੇ ਹਰਿ ਜੀਉ ਕਾਰਜ ਸਵਾਰੇ॥ ਪੰਨਾ 1133
ਸਿੱਖਾਂ ਵਾਸਤੇ।
93. **ਸੰਤ ਜਨਾ** ਕੀ ਨਿੰਦਾ ਵਿਆਪਨ ਪਸੂ ਪਏ ਕਦੇ ਹੋਹਿ ਨ ਨੀਕੇ॥ ਪੰਨਾ 1126
ਸਿੱਖਾਂ ਵਾਸਤੇ।
94. **ਸੰਤ ਜਨਾ** ਕੀ ਪਗ ਪੰਕਜ ਧੂਰਿ॥ ਪੰਨਾ 1174
ਸਿੱਖ ਸੰਗਤਾਂ ਵਾਸਤੇ।
95. **ਹਰਿ ਕੇ ਸੰਤ** ਮਿਲਹਿ ਮਨਿ ਪ੍ਰੀਤਮ ਕਟਿ ਦੇਵਉ ਹੀਅਰਾ ਤੋਨ॥
ਪੰਨਾ 1294-95
ਗੁਰੂ ਦੇ ਸਿੱਖਾਂ ਵਾਸਤੇ।
96. **ਹਰਿ ਕੇ ਸੰਤ** ਮਿਲਿ ਪ੍ਰੀਤਿ ਲਗਾਨੀ ਵਿਚੇ ਗਿਰਹ ਉਦਾਸ॥ ਪੰਨਾ 1295
ਉਹੀ।
97. **ਹਰਿ ਕੇ ਸੰਤ** ਮਿਲੇ ਹਰਿ ਪ੍ਰਗਟੇ ਉਧਰਿ ਗਏ ਬਿਖਿਆਨੇ ਤਾਕ॥ ਪੰਨਾ 1295
ਉਹੀ।
98. **ਹਰਿ ਕੇ ਸੰਤ ਸੰਤ ਜਨ** ਨੀਕੇ ਜਿਨ ਮਿਲਿਆ ਮਨੁ ਰੰਗਿ ਰੰਗੀਤਿ॥
ਉਹੀ।
99. ਹਉ ਪਾਣੀ ਪਖਾ ਪੀਸਉ **ਸੰਤ** ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ॥
ਪੰਨਾ 881
ਸਿੱਖ ਸੰਗਤਾਂ ਵਾਸਤੇ।
100. **ਸੰਤ ਜਨਾ** ਕਉ ਮਿਲਿ ਰਹੈ ਧਨੁ ਧਨੁ ਜਸੁ ਗਾਏ॥ ਪੰਨਾ 422
ਸਿੱਖਾਂ ਵਾਸਤੇ। ਸੰਗਤਿ ਵਾਸਤੇ।
101. **ਸੰਤ ਜਨਾ** ਕੈ ਸੰਗਿ ਹਉਮੈ ਰੋਗੁ ਜਾਇ॥ ਪੰਨਾ 961
ਸਿੱਖ ਸੰਗਤਿ ਵਾਸਤੇ।
102. ਵਡਭਾਗੀ ਤੇ ਸੰਤਜਨ ਜਿਨ ਮਨਿ ਵੁਠਾ ਆਇ॥ ਪੰਨਾ 961
ਸਿੱਖਾਂ ਵਾਸਤੇ।
103. ਹੋਹ ਕ੍ਰਿਪਾਲ ਸੁਆਮੀ ਮੇਰੇ **ਸੰਤਾਂ** ਸੰਗਿ ਵਿਹਾਵੇ॥ ਪੰਨਾ 961
ਸਿੱਖਾਂ ਦੀ ਸੰਗਤਿ।
104. **ਸੰਤ ਜਨਾ** ਕੈ ਸੰਗਿ ਦੁਖੁ ਮਿਟਾਇਆ॥ ਪੰਨਾ 517
ਸਿੱਖ ਸੰਗਤਿ ਵਾਸਤੇ। ਗੁਰੂ ਦੇ ਸਿੱਖਾਂ ਵਾਸਤੇ।
105. **ਸੰਤ ਜਨਾ** ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰੁ ਕਰਈਆ॥
ਪੰਨਾ 835
ਸਿੱਖਾਂ ਵਾਸਤੇ।

106. ਉਕਤਿ ਸਿਆਣਪ ਸਗਲੀ ਤਿਆਗੁ॥ **ਸੰਤ ਜਨਾ** ਕੀ ਚਰਣੀ ਲਾਗੁ॥
ਪੰਨਾ 176

ਸਤਸੰਗੀ ਸਿੱਖਾਂ ਨਾਲ ਰਲ-ਮਿਲ ਕੇ ਗੁਰੂ ਦਾ ਬਚਨ ਮੰਨਣਾ ਹੀ ਚਰਣੀ ਲੱਗਣਾ ਹੈ। ਕਿਸੇ ਮਨੁੱਖ ਦੇ ਹੱਡ ਮਾਸ ਦੇ ਪੈਰਾਂ 'ਤੇ ਮੱਥਾ ਟੇਕਣਾ ਗੁਰੂ ਦੀ ਨਿਰਾਦਰੀ ਹੈ।

107. ਪ੍ਰਭ ਕੀ ਉਸਤਤਿ ਕਰਹੁ **ਸੰਤ ਮੀਤ**॥ ਪੰਨਾ 295

ਸਿੱਖ ਸੰਗਤਾਂ ਵਾਸਤੇ।

108. **ਸੰਤ ਭਗਤ** ਪਰਵਾਣੁ ਜੋ ਪ੍ਰਭਿ ਭਾਇਆ॥
**ਸੰਤ ਜਨਾ** ਕੀ ਧੂਰਿ ਮਸਤਿਕ ਲਾਇਆ॥ ਪੰਨਾ 652

ਉਪਰਲਾ ਅਰਥ ਸਿੱਖਾਂ ਵਾਸਤੇ। ਥੱਲੇ ਵਾਲੇ ਵਾਸਤੇ ਵੇਖੋ ਅਰਥ 106 ਵਾਲਾ।

109. **ਸੰਤ ਜਨਾਂ** ਕੀ ਨਿੰਦਾ ਵਿਆਪੇ ਨਾ ਉਰਿਵਾਰ ਨ ਪਾਰੀ॥ ਪੰਨਾ 507

ਸੱਚ ਦੇ ਧਾਰਨੀ ਸਿੱਖਾਂ ਵਾਸਤੇ।

110. **ਸੰਤ ਜਨਾ** ਮਿਲਿ ਕਰਹੁ ਬੀਚਾਰੁ॥ ਪੰਨਾ 288

ਸਿੱਖ ਸੰਗਤਾਂ ਵਾਸਤੇ।

111. **ਸੰਤ ਜਨਾ** ਕਾ ਮੁਖੁ ਊਜਲੁ ਕੀਨਾ॥ ਪੰਨਾ 804

ਸਿੱਖਾਂ ਵਾਸਤੇ। ਸੱਚ ਦੇ ਧਾਰਨੀ ਸਿੱਖਾਂ ਵਾਸਤੇ।

112. **ਸੰਤ ਜਨਾ** ਕੈ ਮਨਿ ਬਿਸ੍ਰਾਮ॥
ਹਰਿ ਜਸ ਕਰਤ **ਸੰਤ** ਦਿਨੁ ਰਾਤਿ॥ ਪੰਨਾ 264

ਹੁਕਮੁ ਅਨੁਸਾਰੀ ਜੀਵਨ ਬਤੀਤ ਕਰਨ ਵਾਲੇ ਸਿੱਖਾਂ ਵਾਸਤੇ।

113. **ਸੰਤ ਜਨਾ** ਕੀ ਰੇਣੁਕਾ ਲੈ ਮਾਥੈ ਲਾਵਉ॥

ਸਿੱਖਾਂ ਨਾਲ ਬੈਠ ਕੇ ਗੁਰਮਤਿ ਵਿਚਾਰਧਾਰਾ ਸਾਂਝੀ ਕਰਨੀ ਗੁਰੂ ਦਾ ਬਚਨ ਕਮਾਉਣਾ ਹੀ ਰੇਣ ਹੋ ਜਾਣਾ ਹੈ। ਧੂੜੀ ਮੱਥੇ ਲਾਉਣਾ ਇਸਨੂੰ ਹੀ ਕਿਹਾ ਹੈ। ਕਿਸੇ ਮਨੁੱਖ ਦੇ ਪੈਰਾਂ ਦੀ ਮਿੱਟੀ ਮੱਥੇ 'ਤੇ ਲਾਉਣੀ ਨਿਰੀ ਮੂਰਖਤਾਈ ਹੈ।

114. ਅੰਮ੍ਰਿਤ ਗੁਣ **ਸੰਤ** ਬੋਲਤੇ ਸੁਣਿ ਮਨਹਿ ਪੀਲਾਵਉ॥
ਜਬ ਭਗਤਿ ਕਰਹਿ **ਸੰਤ ਮੰਡਲੀ** ਤਿਨੁ ਮਿਲਿ ਹਰਿ ਗਾਵਉ॥ ਪੰਨਾ 813

ਸਿੱਖ ਸੰਗਤਿ ਵਾਸਤੇ।

115. **ਸੰਤਨ ਸੰਤ** ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ॥
**ਸੰਤੈ ਸੰਤੁ** ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ॥ ਪੰਨਾ 983

ਉਪਰ ਸਿੱਖ ਸੰਗਤਿ ਵਾਸਤੇ। ਥੱਲੇ ਗੁਰੂ ਦੇ ਸਿੱਖਾਂ ਵਾਸਤੇ ਆਪਸੀ ਮਿਲਾਪ ਵਾਸਤੇ।

116. ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿਰਾਮ ਜੀਉ॥ ਪੰਨਾ 773
ਸਿੱਖ ਸੰਗਤਾਂ ਵਾਸਤੇ।

117. ਹਰਿ ਕੇ ਸੰਤ ਸਦਾ ਪਰਵਾਣ॥ ਸੰਤ ਜਨਾ ਮਸਤਕਿ ਨੀਸਾਣ॥ ਪੰਨਾ 897
ਸਿੱਖਾਂ ਵਾਸਤੇ।

118. ਸੰਤ ਜਨਾ ਕੀ ਲੇਹੁ ਮਤੇ॥ ਸਾਧ ਸੰਗਿ ਪਾਵਹੁ ਧਰਮਗਤੇ॥ ਪੰਨਾ 1137
ਸਿੱਖ ਸੰਗਤਿ ਵਿਚ ਗੁਰਬਾਣੀ ਗੁਰੂ ਦੀ ਮੱਤਿ ਲੈਣ ਵਾਸਤੇ।

119. ਸੰਤ ਜਨਾ ਪਹਿ ਕਰਉ ਬੇਨਤੀ ਮਨਿ ਦਰਸ਼ਨ ਕੀ ਪਿਆਸਾ॥ ਪੰਨਾ 1268
ਸਿੱਖ ਸੰਗਤਿ ਜਿਥ ਗੁਰੂ ਅੱਗੇ ਅਰਦਾਸ ਕਰਨ ਵਾਸਤੇ ਕਿਹਾ ਹੈ।

120. ਧੂਰਿ ਸੰਤਨ ਕੀ ਮਸਤਕਿ ਲਾਇ॥ ਪੰਨਾ 897
ਸਿੱਖਾਂ ਸੰਗਤਾਂ ਵਾਸਤੇ ਹੈ—ਸੰਗਤਿ ਵਿਚ ਬੈਠ ਕੇ ਗੁਰਬਾਣੀ ਗੁਰੂ ਦਾ ਬਚਨ ਸੁਣਨਾ, ਸਮਝਣਾ, ਮੰਨਣਾ—ਇਹ ਹੈ ਧੂਰੀ ਨੂੰ ਮੱਥੇ 'ਤੇ ਲਾਉਣਾ। (ਇਥੇ ਮਿੱਟੀ-ਘੱਟੇ ਦੀ ਗੱਲ ਨਹੀਂ ਹੈ।

121. ਸਾਧਹ ਸਰਣੀ ਪਾਈਐ ਹਰਿ ਜੀਉ ਗੁਣ ਗਾਵਹ ਹਰਿ ਨੀਤਾ ਰਾਮ॥
ਸੰਗਤਿ ਦੀ ਸ਼ਰਣ ਆਉਣਾ ਕੀ ਹੈ? ਹਰੀ ਪ੍ਰਮਾਤਮਾ ਦੇ ਰੋਜ਼ ਗੁਣ ਗਾਉਣੇ।

122. ਸੰਤ ਜਨਾ ਮਿਲਿ ਹਰਿ ਜਸ ਗਾਇਓ॥ ਪੰਨਾ 720
ਸਿੱਖ ਸੰਗਤਾਂ ਨਾਲ ਮਿਲ ਕੇ ਹਰ ਜਸ ਗਾਉਣਾ ਗੁਰਬਾਣੀ ਪੜ੍ਹਨੀ, ਸੁਣਨੀ ਤੇ ਮੰਨਣੀ।

123. ਸੰਤ ਜਨਾ ਮਿਲਿ ਸੰਗਤੀ ਗੁਰਮੁਖਿ ਤੀਰਥੁ ਹੋਇ॥ ਪੰਨਾ 597
ਸਿੱਖ ਸੰਗਤਾਂ ਵਾਸਤੇ।

124. ਸੰਤ ਜਨਾ ਮਿਲਿ ਹਰਿ ਰਸ ਪਾਇਆ ਹਰਿ ਮਨਿ ਤਨਿ ਮੀਠ ਲਗਾਨੀ॥ ਪੰਨਾ 1199
ਸਿੱਖ ਸੰਗਤਾਂ ਵਾਸਤੇ।

125. ਸੰਤ ਜਨਾ ਮਿਲਿ ਪਾਇਆ ਸੁਣਿ ਅਕਥ ਕਥਾ ਮਨਿ ਭਾਣੀ॥ ਪੰਨਾ 997
ਸਿੱਖ ਸੰਗਤਾਂ ਵਾਸਤੇ।

126. ਸੰਤ ਜਨਾ ਮਿਲਿ ਪਾਇਆ ਮੇਰੇ ਗੋਬਿੰਦਾ ਮੇਰਾ ਹਰਿ ਪ੍ਰਭੁ ਸਜਣ ਸੈਣੀ ਜੀਉ॥ ਪੰਨਾ 173
ਸਿੱਖਾਂ ਸੰਗਤਾਂ ਵਾਸਤੇ।

127. ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ ਪੰਨਾ 133
ਉਹੀ।

128. ਸੰਤ ਜਨਾ ਮਿਲਿ ਬੋਲਹੁ ਰਾਮ॥ ਪੰਨਾ 865
ਸਿੱਖ ਸੰਗਤਾਂ ਵਾਸਤੇ।

129. **ਸੰਤ ਜਨਾ** ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ॥ ਪੰਨਾ 775
ਸਿੱਖ ਸੰਗਤ ਵਿਚ ਬੈਠ ਕੇ ਗੁਣ ਗਾਉਣ ਵਾਸਤੇ।
130. **ਸੰਤ ਜਨੀ** ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥ ਪੰਨਾ 774
ਸਿੱਖਾਂ ਵਾਸਤੇ।
131. **ਸੰਤਨ ਕੈ** ਮਨਿ ਮਹਾ ਆਨੰਦੁ॥ **ਸੰਤੁ** ਜਪਹਿ ਗੁਰਦੇਉ ਭਗਵੰਤ॥ ਪੰਨਾ 869
ਸਿੱਖ ਸੰਗਤਾਂ ਵਾਸਤੇ।
132. **ਸੰਤ ਜਨਾ** ਵਿਣੁ ਭਾਈਐ ਹਰਿ ਕਿਨੈ ਨ ਪਾਇਆ ਨਾਉ॥ ਪੰਨਾ 82
ਸਿੱਖ ਸੰਗਤਾਂ ਬਿਨਾਂ।
133. ਭਗਤ ਜਨਾ ਕਾ ਰਾਖਣਹਾਰਾ॥ **ਸੰਤ** ਜੀਵਹਿ ਜਪਿ ਪ੍ਰਾਨ ਅਧਾਰਾ॥
ਪੰਨਾ 100
ਸਿੱਖ ਸੰਗਤਾਂ ਵਾਸਤੇ।
134. **ਸੰਤ** ਜੀਵਹਿ ਪ੍ਰਭ ਓਟ ਤੁਮਾਰੀ॥ ਪੰਨਾ 182
ਸਿੱਖਾਂ ਵਾਸਤੇ।
135. ਜੋ ਜੋ ਨਿੰਦ ਕਰੇ **ਸੰਤਨ** ਕੀ ਤਿਉ ਸੰਤਨ ਸੁਖੁ ਮਾਨਾ॥ ਪੰਨਾ 381
ਗੁਰੂ ਪ੍ਰਮਾਤਮਾ ਦੇ ਸੇਵਕ ਸਿੱਖਾਂ, ਗੁਰਣਵਾਨ ਸਿੱਖਾਂ ਦੀ ਗੱਲ ਹੈ ਇਹ ਸਾਰਾ ਸ਼ਬਦ ਇਸੇ ਪ੍ਰਥਾਇ ਹੈ।
136. **ਸੰਤਨ** ਅਵਰ ਨ ਕਾਹੂ ਜਾਨੀ॥ ਪੰਨਾ 711
ਸਿੱਖਾਂ ਵਾਸਤੇ ਹੈ ਉਹ ਗੁਰੂ ਪ੍ਰਮਾਤਮਾ ਬਿਨ੍ਹਾਂ ਹੋਰ ਕਿਸੇ ਨੂੰ ਕੁਝ ਨਹੀਂ ਜਾਣਦੇ।
137. **ਸੰਤ ਪ੍ਰਹਲਾਦ** ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਉ॥ ਪੰਨਾ 846
ਰੱਬ ਵੱਲੋਂ ਸੱਚੇ ਪ੍ਰਹਲਾਦ ਦੀ, ਸੇਵਕ ਪ੍ਰਹਲਾਦ ਦੀ, ਜਨ ਪ੍ਰਹਲਾਦ ਦੀ, ਗੁਰੂ ਪ੍ਰਮਾਤਮਾ ਦਾ ਸ਼ਿਸ਼ ਪ੍ਰਹਲਾਦ, ਭਗਤ ਪ੍ਰਹਲਾਦ ਦੀ ਪੈਜ ਰੱਖੀ।

ਜਦੋਂ 275 ਸਾਲਾਂ ਦੇ ਕਰੀਬ ਕਿਸੇ ਵੀ ਸਿੱਖ ਨੇ ਸਿੰਘ ਨੇ ਆਪਣੇ ਨਾਂ ਨਾਲ ਕਦੇ ਵੀ ਸੰਤ ਪਦ ਨਾ ਲਾਇਆ। ਕੀ ਉਸ ਸਮੇਂ ਸਿੱਖਾਂ ਦੀ ਪੈਜ ਨਹੀਂ ਰਹਿੰਦੀ ਰਹੀ ? ਕਈ ਕਹਿੰਦੇ ਕਿ ਸੰਤ ਦੀ ਸੰਗਤ ਜ਼ਰੂਰੀ ਹੈ ਤਾਂ ਦੱਸੋ ਕਿ ਭਾਈ ਗੁਰਦਾਸ ਜੀ ਦੇ ਨਾਂ ਨਾਲ ਵੀ ਸੰਤ ਅੱਖਰ ਨਹੀਂ ਹੈ। ਉਸ ਵੇਲੇ ਸਿੰਘ ਕਿਹੜੇ ਸੰਤ ਦੀ ਸੰਗਤਿ ਕਰਦੇ ਰਹੇ ਹਨ। "ਧੰਨ ਗੁਰੂ ਗ੍ਰੰਥ ਸਾਹਿਬ" ਹਾਜ਼ਰ-ਨਾਜ਼ਰ ਜ਼ਾਹਰਾ ਜ਼ਹੂਰ ਹਨ। ਇਹਨਾਂ ਦੇ ਹੁੰਦਿਆਂ ਨਾ ਕੋਈ ਸੰਤ ਕਹਾ ਸਕਦਾ ਹੈ ਨਾ ਹੀ ਸੰਤ ਅੱਖਰ ਆਪਣੇ ਨਾਂ ਨਾਲ ਜੋੜ ਸਕਦਾ ਹੈ। ਜੋ ਸਿੱਖਾਂ ਵਾਸਤੇ ਸੰਗਤ ਵਾਸਤੇ ਇਹ ਪਦ ਆਏ ਹਨ ਅਤੇ ਇਕ ਵਚਨ ਵਿਚ ਗੁਰੂ ਅਤੇ ਪ੍ਰਮਾਤਮਾ ਵਾਸਤੇ ਆਏ ਹਨ ਅੱਗੇ ਚੱਲ ਕੇ ਹੋਰ ਵੀ ਸਪੱਸ਼ਟ ਕਰ ਦੇਵਾਂਗਾ।

138. ਕਾਹੂ ਬਿਹਾਵੈ ਰੰਗ ਰਸ ਰੂਪ॥ ਕਾਹੂ ਬਿਹਾਵੈ ਮਾਇ ਬਾਪ ਪੂਤ॥
ਪੰਨਾ 913

ਇਸ ਬਾਰੇ ਸ਼ਬਦ ਅੰਦਰ ਜਿਥੇ **ਸੰਤ** ਬਿਹਾਵੇ (ਬਿਹਾਵੇ) ਪਦ ਆਏ ਹਨ, ਇਹ ਕੇਵਲ ਸਿੱਖਾਂ (ਸਿੰਘਾਂ) ਵਾਸਤੇ ਹਨ।

139. **ਸੰਤਾ** ਬਿਨੁ ਤੈ ਕੋਇ ਨ ਛਾਡਿਆ **ਸੰਤ** ਪਰੇ ਗੋਬਿੰਦ ਕੀ ਪਾਖੀ॥ ਪੰਨਾ 1227
ਸਿੱਖਾਂ ਵਾਸਤੇ (ਤੱਤ ਗੁਰਮਤਿ ਦੇ ਧਾਰਨੀ ਸਿੱਖਾਂ ਵਾਸਤੇ)

140. ਜਾ ਕੀ ਭਗਤਿ ਹੇਤੁ ਮੁਖਿ ਨਾਮੁ॥ **ਸੰਤ ਭਗਤ** ਕੀ ਸੰਗਤਿ ਰਾਮ॥ ਪੰਨਾ 416
ਸਿੱਖ ਸੰਗਤ ਵਾਸਤੇ ਪ੍ਰਮਾਣ ਹੈ 'ਵਿਚਿ ਸੰਗਤਿ ਹਰਿ ਪ੍ਰਭ ਵਸੈ ਰਾਮੁ'॥

141. ਤੂੰ ਭਾਰੋ ਸੁਆਮੀ ਮੇਰਾ॥ **ਸੰਤਾਂ** ਭਰਵਾਸਾ ਤੇਰਾ॥ ਪੰਨਾ 629-30
ਸਿੱਖਾਂ ਵਾਸਤੇ।

142. **ਸੰਤ ਮੰਡਲ** ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ॥ ਪੰਨਾ 298
ਸਿੱਖ ਸੰਗਤਾਂ ਵਾਸਤੇ।

143. **ਸੰਤ ਮੰਡਲ** ਮਹਿ ਹਰਿ ਮਨਿ ਵਸੈ॥ ਸੰਤ ਮੰਡਲ ਮਹਿ ਦੁਰਤੁ ਸਭੁ ਨਸੈ॥
ਪੰਨਾ 1146

ਜੋ ਗੁਰੂ ਸਾਹਿਬਾਂ ਨੇ ਗੁਰਬਾਣੀ ਉਚਾਰੀ ਕੋਈ ਸੰਤ ਨਹੀਂ ਸੀ ਸਾਰੇ ਭਾਈ ਸਨ। ਇਹ ਸੰਤ ਮੰਡਲ ਉਦੋਂ ਕਿਥੇ ਸਨ ? ਗੁਰੂ ਨੇ ਸੰਤ ਮੰਡਲ ਸਿੱਖ ਸੰਗਤਾਂ ਦੇ ਇਕੱਠ ਨੂੰ ਆਖਿਆ ਹੈ ਕਿਸੇ ਵਿਸ਼ੇਸ਼ ਬੰਦੇ ਨੂੰ ਨਹੀਂ।

144. **ਸੰਤਾ** ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ॥ ਪੰਨਾ 969
ਗੁਰਮੁਖਾਂ ਸਿੱਖਾਂ ਵਾਸਤੇ।

145. **ਸੰਤਨ** ਸੰਗ ਜਾਤਾ ਪੁਰਖੁ ਬਿਧਾਤਾ ਘਟਿ ਘਟਿ ਨਦਰਿ ਨਿਹਾਲਿਆ॥
ਪੰਨਾ 1122

ਸਿੱਖ ਸੰਗਤਾਂ ਵਾਸਤੇ।

146. ਹਰਿ ਹਰਿ ਨਾਮੁ **ਸੰਤਨ** ਕੀ ਓਟਾ॥ ਪੰਨਾ 628
ਸਿੱਖਾਂ ਵਾਸਤੇ।

147. ਜਿਨ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ ਤੇ **ਸੰਤ** ਭਲੇ ਭਲ ਭਾਂਤ॥ ਪੰਨਾ 1246
ਗੁਰੂ ਦੇ ਸਿੱਖਾਂ ਵਾਸਤੇ।

148. **ਸੰਤ** ਸਗਲ ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੂਖ ਕਾਗਰ॥
ਸਿਖਾਂ ਵਾਸਤੇ।

149. **ਸੰਤਤ** ਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ॥ ਪੰਨਾ 1404
ਗੁਰੂ ਦੇ ਸਿੱਖਾਂ ਵਾਸਤੇ।

150. **ਸੰਤ** ਮਿਲੈ ਕਿਛੁ ਸੁਨੀਐ ਕਹੀਐ॥ ਮਿਲੈ ਅਸੰਤ ਮਸਟਿ ਕਰਿ ਰਹੀਐ॥
ਪੰਨਾ 870

ਭਾਈ ਭਾਈ ਸਿੱਖਾਂ ਦੇ ਮਿਲਣ ਦੀ ਗੱਲ ਹੈ ਮਨਮੁਖਿ ਦੀ ਸੰਗਤਿ ਨਹੀਂ ਕਰਨੀ।

151. **ਸੰਤ** ਤ੍ਰਿਪਤਾਸੇ ਹਰਿ ਹਰਿ ਧ੍ਹਾਇ॥ ਪੰਨਾ 394-95

ਸਿੱਖਾਂ ਵਾਸਤੇ।

152. **ਸਾਧ ਜਨਾ** ਤੇ ਬਾਹਰੀ ਸੇ ਰਹਿਨ ਇਕੇਲੜੀਆਹ॥ ਪੰਨਾ 135

ਸਿੱਖ ਸੰਗਤਾਂ ਵਾਸਤੇ।

153. ਲੂਟਿ ਲੇਹਿ ਸਾਕਤ ਪਤਿ ਖੋਵਹਿ॥ **ਸੰਤ ਜਨਾ** ਪਗ ਮਲਿ ਮਲਿ ਧੋਵਹਿ॥
ਪੰਨਾ 865

ਸੰਗਤਿ ਵਿਚ ਬੈਠ ਕੇ ਰੱਬੀ ਬਾਣੀ ਸੁਣਨ, ਸਮਝਣ, ਮੰਨਣ, ਕਮਾਉਣ ਨੂੰ ਹੀ ਸਿੱਖ ਸੰਗਤਾਂ ਦੀ ਸੇਵਾ ਆਖਿਆ ਹੈ ਹੋਰ ਸਹਾਇਕ ਸੇਵਾਵਾਂ ਵੀ ਹਨ ਜਿਵੇਂ, ਜੋੜੇ ਝਾੜਨੇ, ਪੱਖੇ ਝੱਲਣੇ, ਸੰਗਤਾਂ ਨੂੰ ਜਲਪਾਣੀ ਛਕਾਉਣਾ ਆਦਿ। ਜਿਵੇਂ ਬਚਨ ਹੈ "ਚਰਨ ਸਾਧ ਕੈ ਧੋਇ ਧੋਇ ਪੀਓ॥" (**ਸੁਖਮਨੀ ਸਾਹਿਬ**) ਇਸ ਸਾਰੀ ਅਸ਼ਟਪਦੀ ਅੰਦਰ ਸਾਧ ਪਦ ਗੁਰੂ ਵਾਸਤੇ ਵਰਤਿਆ ਹੈ ਕਿਸੇ ਬੰਦੇ ਵਾਸਤੇ ਨਹੀਂ। ਅਰਥ ਹੈ ਗੁਰੂ ਦੇ ਚਰਨ ਧੋ ਧੋ ਕੇ ਪੀਉ। ਗੁਰੂ ਦੇ ਚਰਨ ਕਿਹੜੇ ਹਨ ਗੁਰਬਾਣੀ ਸ਼ਬਦ। ਇਸ ਗੁਰਬਾਣੀ ਨੂੰ ਸੁਣਨਾ, ਸਮਝਣਾ, ਮੰਨਣਾ ਹੀ ਗੁਰੂ ਦੇ ਚਰਨ ਧੋ ਧੋ ਪੀਣੇ ਹਨ। ਕਿਸੇ ਬੰਦੇ ਸਾਧ ਦੇ ਪੈਰਾਂ ਦੀ ਮੈਲ ਧੋ ਕੇ ਪੀਣ ਵਾਲੀ ਕਿਤੇ ਵੀ ਕੋਈ ਗੱਲ ਨਹੀਂ ਹੈ।

154. **ਸਾਧਨ ਕਾ ਸੰਗੁ ਸਾਧ** ਸਿਉ ਗੋਸਟਿ ਹਰਿ ਸਾਧਲ ਸਿਉ ਲਿਵ ਲਾਉ॥
ਪੰਨਾ 1202

ਸਿੱਖ ਸੰਗਤਾਂ ਦੇ ਆਪਸੀ ਮਿਲਾਪ ਵਾਸਤੇ।

155. **ਸਾਧੁ** ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ॥ ਪੰਨਾ 62

ਸਿੱਖਾਂ ਦੇ ਆਪਸੀ ਮਿਲਾਪ ਵਾਸਤੇ।

'ਭਗਤ' ਪਦ ਵੀ ਗੁਰਬਾਣੀ ਅੰਦਰ ਬਹੁਤ ਆਇਆ ਹੈ ਪਰ ਕਿਸੇ ਇਕ ਨੇ ਵੀ ਭਗਤ ਅੱਖਰ, ਕਿਸੇ ਡੇਰੇਦਾਰ ਨੇ ਆਪਣੇ ਨਾਮ ਨਾਲ ਨਹੀਂ ਜੋੜਿਆ। ਇਹਨਾਂ ਨੇ ਮਨਮਰਜ਼ੀਆਂ ਕੀਤੀਆਂ ਹਨ। ਗੁਰੂ ਦਾ ਕੋਈ ਹੁਕਮ ਇਹਨਾਂ ਨਹੀਂ ਮੰਨਿਆ। ਸੰਤ ਅਤੇ ਬ੍ਰਹਮਗਿਆਨੀ ਪਦ ਇਹਨਾਂ ਨੇ ਆਪਣੇ ਨਾਵਾਂ ਨਾਲ ਜੋੜੇ ਹੋਏ ਹਨ। ਉੱਪਰ ਸਪੱਸ਼ਟ ਕਰ ਆਏ ਹਾਂ ਕਿ ਇਹ ਪਦ ਬਿਲਕੁਲ ਇਹਨਾਂ ਵਾਸਤੇ ਨਹੀਂ ਹਨ। ਭਗਤ, ਭਗਤਾਂ, ਭਗਤ ਜਨਾਂ ਇਹ ਪਦ ਵੀ ਸਿੱਖਾਂ ਵਾਸਤੇ ਸੰਗਤਾਂ ਵਾਸਤੇ ਹੀ ਗੁਰਬਾਣੀ ਅੰਦਰ ਆਏ ਹਨ। **ਜਿਵੇਂ :**

1. ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ ਪੈਨ੍ਣ ਭਗਤਿ ਬਡਾਈ॥ ਪੰਨਾ 1233

2. ਭਗਤ ਜਨਾਂ ਕਾ ਪ੍ਰੀਤਮ ਪਿਆਰਾ॥ ਪੰਨਾ 1072
3. ਸੇ ਭਗਤ ਸਚੇ ਤੇਰੈ ਮਨਿ ਭਾਏ॥
ਦਰਿ ਕੀਰਤਨ ਕਰਹਿ ਗੁਰ ਸਬਦਿ ਸੁਹਾਏ॥ ਪੰਨਾ 1056
4. ਭਗਤਾ ਕਾ ਗੁਣਕਾਰੀ ਕਰਤਾ ਬਖਸਿ਼ ਲਏ ਵਡਿਆਈ ਹੇ॥ ਪੰਨਾ 1028
5. ਨਦਰੀ ਭਗਤਾ ਲੈਹੁ ਮਿਲਾਏ॥
ਭਗਤ ਸਲਾਹਨਿ ਸਦਾ ਲਿਵ ਲਾਏ॥ ਪੰਨਾ 1068
6. ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥ ਪੰਨਾ 145
7. ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ॥ ਪੰਨਾ 816
8. ਭਗਤ ਸੋਈ ਕਲਿ ਮਹਿ ਪਰਵਾਨੁ॥
ਜਾ ਕਉ ਠਾਕੁਰਿ ਦੀਆ ਮਾਨੁ॥ ਪੰਨਾ 888
9. ਭਗਤ ਸੋਹਨਿ ਗੁਣ ਗਾਵਦੇ ਗੁਰਮਤਿ ਅਚਲੈ॥ ਪੰਨਾ 956
10. ਭਗਤ ਸੰਗਿ ਪ੍ਰਭੁ ਗੋਸਟਿ ਕਰਤ॥ ਪੰਨਾ 894
11. ਭਗਤ ਸੋਹਹਿ ਦਰਵਾਰਿ ਸਬਦਿ ਸੁਹਾਇਆ ਜੀਉ॥ ਪੰਨਾ 688-89
12. ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨੁ ਰਾਤ॥ ਪੰਨਾ 218
13. ਭਗਤ ਸਰਣਿ ਜੋ ਆਵੈ ਪ੍ਰਾਣੀ ਤਿਸੁ ਈਹਾ ਊਹਾ ਨ ਹਾਰਣਾ॥ ਪੰਨਾ 915
ਭਗਤ ਸਰਣਿ ਭਾਵ ਸੰਗਤ ਸਰਣਿ ਸਿੱਖਾਂ ਦੀ ਸੰਗਤਿ॥
14. ਭਗਤਾਂ ਕਾ ਸਹਾਈ ਜੁਗਿ ਜੁਗਿ ਜਾਣਿਆ॥ ਪੰਨਾ 398
15. ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ॥ ਪੰਨਾ 600
ਇਥੇ ਸੰਤਨ ਦੀ ਥਾਂ ਭਗਤਨ ਅੱਖਰ ਵਰਤਿਆ ਹੈ।

ਸੋ ਹੋਰ ਵੀ ਬਹੁਤ ਪ੍ਰਮਾਣ ਗੁਰਬਾਣੀ ਵਿਚੋਂ ਦਿੱਤੇ ਜਾ ਸਕਦੇ ਹਨ ਪਰ ਪੁਸਤਕ ਦਾ ਅਕਾਰ ਵੱਧ ਰਿਹਾ ਹੈ। ਕੀ ਕੋਈ ਇਹਨਾਂ ਡੇਰੇਦਾਰਾਂ ਨੂੰ ਪੁੱਛਣ ਵਾਲਾ ਹੈ ਕਿ ਭਗਤ ਅੱਖਰ ਨਾਵਾਂ ਨਾਲ ਕਿਉਂ ਨਹੀਂ ਲਾਇਆ ? ਸੋ ਇਹ ਨਿਰਣਾ ਹੋਇਆ ਕਿ ਸਾਧ, ਸੰਤ, ਗੁਰਮੁਖਿ, ਗੁਰਸਿਖ, ਭਗਤ, ਜਨ, ਸੇਵਕ, ਸਿਖ ਆਦਿ ਪਦ ਕਈ ਥਾਈਂ ਪ੍ਰਮਾਤਮਾ ਵਾਸਤੇ, ਗੁਰੂ ਵਾਸਤੇ, ਸਿੰਘਾਂ, ਸਿੱਖਾਂ ਸੰਗਤ ਵਾਸਤੇ ਆਏ ਹਨ। 'ਬ੍ਰਹਮਗਿਆਨੀ' ਪਦ ਕੇਵਲ ਪ੍ਰਮਾਤਮਾ ਵਾਸਤੇ ਹੈ। 'ਸਾਹਿਬ' ਵੀ ਕੇਵਲ ਪ੍ਰਮਾਤਮਾ ਵਾਸਤੇ ਹੈ। ਇਹਨਾਂ ਡੇਰੇਦਾਰਾਂ ਨੇ ਅਤੇ ਨਕਲੀ ਦੇਹਧਾਰੀ ਗੁਰੂਆਂ ਨੇ ਇਹ ਪਦ ਆਪਣੇ ਨਾਵਾਂ ਨਾਲ ਲਾ ਕੇ ਬਹੁਤ ਵੱਡਾ ਧੋਖਾ ਕੀਤਾ ਹੈ। "ਉਲਟੀ ਵਾੜ ਖੇਤ ਕਉ ਖਾਈ" ਵਾਲਾ ਰੋਲ ਇਹਨਾਂ ਨਿਭਾਇਆ ਹੈ। "ਮਾਇਆ ਕੀ ਕ੍ਰਿਤ ਛੋਡਿ ਗਵਾਈ ਭਗਤੀ ਸਾਰ ਨ ਜਾਨੈ "॥ (ਪੰਨਾ-381)। ਇਹਨਾਂ ਸਾਧਾਂ ਦੀ ਇਹ ਹਾਲਤ ਹੈ।

**ਨੋਟ** : ਜਿਥੇ ਪ੍ਰਮਾਤਮਾ ਨੂੰ ਹੋਰ ਕਈ ਨਾਵਾਂ ਨਾਲ ਸੰਬੋਧਨ ਕੀਤਾ ਹੋਇਆ ਹੈ ਉਥੇ ਸਤਿਪੁਰਖੁ ਅਤੇ 'ਸਤਿਗੁਰ' ਵੀ ਕਈ ਥਾਈਂ ਕੇਵਲ ਪ੍ਰਮਾਤਮਾ ਵਾਸਤੇ ਵਰਤੇ ਹਨ ਗੁਰੂ ਨੂੰ ਕਈ ਥਾਈਂ 'ਸਤਿਗੁਰ' ਵੀ ਕਿਹਾ ਹੈ। 'ਖਾਲਸਾ' ਵੀ ਸਮੂਹ ਖਾਲਸਾ ਪੰਥ ਨੂੰ ਆਖਿਆ ਹੈ। ਇਹ ਵੀ ਕਈਆਂ ਨੇ ਆਪਣੇ ਨਾਮ ਨਾਲ ਜੋੜਿਆ ਹੋਇਆ ਹੈ। ਜੋ ਸਰਾਸਰ ਗ਼ਲਤ ਹੈ। ਸੁਖਮਨੀ ਸਾਹਿਬ ਦੀ 7ਵੀਂ ਅਸ਼ਟਪਦੀ ਵਿਚ 'ਸਾਧ' ਪਦ ਕੇਵਲ ਗੁਰੂ ਵਾਸਤੇ ਹੈ ਅਤੇ 8ਵੀਂ ਅਸ਼ਟਪਦੀ ਵਿਚ ਬ੍ਰਹਮਗਿਆਨੀ ਕੇਵਲ ਪ੍ਰਮਾਤਮਾ ਵਾਸਤੇ ਹੈ। ਕਿਸੇ ਮਨੁੱਖ ਦੀ ਸਿਫਤ ਇਥੇ ਨਹੀਂ ਕੀਤੀ ਗਈ, ਭੁਲੇਖੇ ਤੋਂ ਬਚੋ। "ਨਾਨਕ ਆਪਸ ਕਉ ਆਪਹਿ ਪਹੂਚਾ" ਸੁਖਮਨੀ ਸਾਹਿਬ ਦੀ 13ਵੀਂ ਅਸ਼ਟਪਦੀ ਵਿਚ ਸੰਤ ਪਦ ਕੇਵਲ ਗੁਰੂ ਵਾਸਤੇ ਹੈ। ਪ੍ਰਮਾਤਮਾ ਵਾਸਤੇ ਗੁਰਬਾਣੀ ਅੰਦਰ ਆਏ ਸਾਧ, ਸੰਤ, ਬ੍ਰਹਮਗਿਆਨੀ ਪਦ ਆਪਿ ਉਪਦੇਸੇ ਸਮਝੇ ਆਪ ਵਾਲੇ ਪ੍ਰਮਾਣ ਹਾਜ਼ਰ ਹਨ।

1. ਭਾਗੁ ਹੋਆ ਗੁਰਿ **ਸੰਤੁ** ਮਿਲਾਇਆ॥
   ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥ ਪੰਨਾ 97
   ਪ੍ਰਮਾਤਮਾ ਵਾਸਤੇ।
2. ਨਾਨਕੁ **ਬ੍ਰਹਮਗਿਆਨੀ** ਆਪਿ ਪਰਮੇਸਰੁ॥ ਪੰਨਾ 273

   ਪ੍ਰਮਾਤਮਾ ਵਾਸਤੇ ਹੈ ਕਿ ਉਹ ਆਪ ਹੀ ਕੇਵਲ ਬ੍ਰਹਮਗਿਆਨੀ ਹੈ। ਉਸ ਵਰਗਾ ਦੂਜਾ ਹੋਰ ਕੋਈ ਹੋ ਹੀ ਨਹੀਂ ਸਕਦਾ। ਗੁਰੂ ਸਾਹਿਬ ਖੁਦ ਕਹਿੰਦੇ ਹਨ "ਤੇਰਾ ਅੰਤ ਨਾ ਪਾਰਾਵਰਿਆ" ਭਾਵ ਕਿ ਹੇ ਪ੍ਰਭੂ ! ਤੇਰਾ ਅੰਤ ਕੋਈ ਵੀ ਮਨੁੱਖ ਨਹੀਂ ਪਾ ਸਕਦਾ। "ਤੂੰ ਪਾਰਬ੍ਰਹਮ ਬੇਅੰਤ ਬੇਅੰਤ ਜੀ..। ਪੰਨਾ 348
3. **ਬ੍ਰਹਮਗਿਆਨੀ** ਪੂਰਨ ਪੁਰਖੁ ਬਿਧਾਤਾ॥ ਪੰਨਾ 273

   ਪ੍ਰਮਾਤਮਾ ਵਾਸਤੇ। ਕੀ ਕੋਈ ਮਨੁੱਖ ਡੇਰੇਦਾਰ ਪੂਰਨ ਪੁਰਖੁ ਬਿਧਾਤਾ ਹੋ ਸਕਦਾ ਹੈ। ਕਦੇ ਨਹੀਂ। ਭੁਲੇਖਿਆਂ ਤੋਂ ਬਚੋ।
4. **ਬ੍ਰਹਮਗਿਆਨੀ** ਸਭ ਸ੍ਰਿਸਟਿ ਕਾ ਕਰਤਾ॥ ਪੰਨਾ 273

   ਪ੍ਰਮਾਤਮਾ ਵਾਸਤੇ ਹੈ। ਕੀ ਕੋਈ ਡੇਰੇਦਾਰ ਮਨੁੱਖ ਸਾਰੀ ਸ੍ਰਿਸ਼ਟੀ ਦਾ ਕਰਤਾ ਹੋ ਸਕਦਾ ਹੈ ? ਕਦੇ ਵੀ ਨਹੀਂ।
5. **ਬ੍ਰਹਮਗਿਆਨੀ** ਕੀ ਕੀਮਤਿ ਨਾਹਿ॥

   ਪ੍ਰਮਾਤਮਾ ਵਾਸਤੇ। ਕਿਉਂਕਿ ਇਕ ਪ੍ਰਮਾਤਮਾ ਹੀ ਅਮੁੱਲ ਹੈ। ਇਹ ਡੇਰੇਦਾਰ ਸਾਧ ਤਾਂ 10,000 ਰੁਪਏ ਪਿਛੇ ਲੜੀ ਮਰੀ ਜਾ ਰਹੇ ਹਨ। ਇਹਨਾਂ ਨੂੰ ਕੌਣ ਦੱਸੇ ਕਿ "ਗੋਬਿੰਦ ਭਜਨ ਕੀ ਮਤਿ ਹੈ ਹੋਰਾ॥" (ਪੰਨਾ 38) ਅਤੇ ਹੁਕਮੁ ਬੂਝਿ ਰੰਗ ਰਸ ਮਾਣੇ॥ (ਪੰਨਾ 385)

   ਇਹਨਾਂ ਡੇਰੇਦਾਰਾਂ ਦੀ ਇਹ ਹਾਲਤ ਬਣੀ ਹੋਈ ਹੈ।

ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤੁ ਕਹਾਹਿ॥ (ਪੰਨਾ-491)
ਅਤੇ "ਤ੍ਰਿਸ਼ਨਾ ਮੂਲਿ ਨ ਚੂਕਈ ਅੰਤਿ ਗਏ ਪਛੁਤਾਹਿ॥"
"ਉਇ ਹਰਿ ਕੇ ਸੰਤੁ ਨ ਆਖੀਅਹਿ ਬਾਨਾਰਸਿ ਕੇ ਠਗ॥"
"ਐਸੇ ਸੰਤ ਨ ਮੋਕਉ ਭਾਵਹਿ॥" (ਪੰਨਾ 476)
ਅਤੇ "ਸਾਧੋ ਮਨ ਕਾ ਮਾਨ ਤਿਆਗੋ॥"

6. ਕਬੀਰ ਜਉ ਤੁਹਿ **ਸਾਧ** ਪਿਰੰਮ ਕੀ ਸੀਸੁ ਕਾਟਿ ਕਰਿ ਗੋਇ॥ ਪੰਨਾ 1377
ਪ੍ਰਭੂ ਪ੍ਰੇਮ ਭਾਵ ਪ੍ਰਮਾਤਮਾ ਵਾਸਤੇ ਇਥੇ ਸਾਧ ਪਦ ਵਰਤਿਆ ਹੈ।
7. ਕਬੀਰ ਜਉ ਤੁਹਿ **ਸਾਧ** ਪਿਰੰਮ ਕੀ ਪਾ ਕੇ ਸੇਤੀ ਖੇਲੁ॥
ਇਥੇ ਵੀ ਸਾਧ ਪਦ ਪ੍ਰਭੂ (ਪ੍ਰਮਾਤਮਾ) ਵਾਸਤੇ ਵਰਤਿਆ ਹੈ।
8. ਸਤਿਗੁਰਿ **ਸੰਤੁ** ਮਿਲਾਇਆ ਮਸਤਕਿ ਧਰਿ ਕੈ ਹਥੁ॥ ਪੰਨਾ 948
9. ਨਾਨਕ **ਸੰਤ ਸੰਤ** ਹਰਿ ਏਕੋ...

ਪ੍ਰਮਾਤਮਾ ਵਾਸਤੇ।

ਸੰਤ ਪਦ ਪ੍ਰਭੂ (ਪ੍ਰਮਾਤਮਾ) ਵਾਸਤੇ।

ਸੋ ਸਪੱਸ਼ਟ ਹੋ ਗਿਆ ਹੈ ਕਿ ਗੁਰਬਾਣੀ ਅੰਦਰ ਆਏ ਸਾਧ, ਸੰਤ, ਬ੍ਰਹਮਗਿਆਨੀ, ਖਾਲਸਾ ਆਦਿ ਪਦ ਕਿਸੇ ਵੀ ਮਨੁੱਖ (ਡੇਰੇਦਾਰ) ਦੇ ਨਾਮ ਨਾਲ ਨਹੀਂ ਲੱਗ ਸਕਦੇ।

# ਐਸੇ ਸੰਤ ਨਾ ਮੋ ਕਉ ਭਾਵਹਿ

—ਕੇਹਰ ਸਿੰਘ ਚੰਡੀਗੜ੍ਹ

ਅਸੀਂ ਆਮ ਤੌਰ 'ਤੇ ਉਸ ਵਿਕਅਤੀ ਨੂੰ ਸੰਤ, ਬ੍ਰਹਮਗਿਆਨੀ, ਪੂਰਨ ਬ੍ਰਹਮਗਿਆਨੀ, ਮਹਾ ਤਪੱਸਵੀ, ਮਹਾ ਜੋਗੀ, ਆਦਿਕ ਸਮਝੀ ਜਾਂਦੇ ਹਾਂ ਜਿਸਨੇ ਕੰਮ ਕਾਜ ਛੱਡ ਕੇ, ਵਿਹਲੇ ਰਹਿ ਕੇ, ਭਗਵੇਂ, ਚਿੱਟੇ, ਕਾਲੇ, ਪੀਲੇ ਆਦਿਕ ਕਿਸੇ ਖਾਸ ਇਕ ਰੰਗ ਦੇ ਕੱਪੜੇ ਪਹਿਨ ਕੇ, ਕਿਸੇ ਖਾਸ ਰੰਗ ਤੇ ਖਾਸ ਤਰੀਕੇ ਦਸਤਾਰ ਸਜਾ ਕੇ (ਜਿਵੇਂ ਗੋਲ ਚਿੱਟੀ ਦਸਤਾਰ), ਲੱਤਾਂ ਨੂੰ ਨੰਗੀਆਂ ਰੱਖ ਕੇ ਪਜਾਮਾ ਜਾਂ ਪੈਂਟ ਆਦਿ ਨਾ ਪਹਿਨ ਕੇ), ਹੱਥਾਂ ਵਿਚ ਮਾਲਾ ਫੜ੍ਹ ਕੇ ਜਾਂ ਫਿਰ ਭੋਲੀ ਭਾਲੀ ਲੋਕਾਈ ਨੂੰ ਆਪਣੇ ਕਰਮ ਕਾਂਡਾਂ ਰਾਹੀਂ ਭਰਮਾ ਕੇ ਅਸਲੀਅਤ ਤੋਂ ਦੂਰ ਰੱਖਦੇ ਹੋਏ ਆਪਣਾ ਹਲਵਾ ਮੰਡਾ ਚਲਾਉਣਾ ਸ਼ੁਰੂ ਕਰ ਦਿੱਤਾ ਹੋਵੇ। ਇਹਨਾਂ ਪਾਖੰਡੀਆਂ ਤੋਂ ਬਚਣ ਲਈ ਸਾਨੂੰ ਇਹ ਜਾਨਣਾ ਬਹੁਤ ਜ਼ਰੂਰੀ ਹੈ ਕਿ ਜੋ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ 'ਸੰਤ', 'ਬ੍ਰਹਮਗਿਆਨੀ', 'ਸਾਧ' ਵਰਤੇ ਗਏ ਹਨ ਉਹ ਕਿਸ ਲਈ ਹਨ ?

ਗੁਰੂ ਸਾਹਿਬਾਨ ਦੇ ਸੰਤ ਸ਼ਬਦ ਦੀ ਵਰਤੋਂ ਗੁਰੂ ਲਈ, ਕਿਸੇ-ਕਿਸੇ ਜਗ੍ਹਾ ਤੇ ਪ੍ਰਮਾਤਮਾ ਲਈ ਤੇ ਜਾਂ ਆਮ ਤੌਰ ਤੇ ਸਾਧ ਸੰਗਤ ਵਿਚ ਜੁੜਨ ਵਾਲੇ ਗੁਰਸਿੱਖਾਂ ਲਈ ਕੀਤੀ ਹੈ। ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਸਾਹਿਬਾਨ ਨੂੰ ਛੱਡ ਕੇ, ਕਿਸੇ ਦੇ ਵੀ ਨਾਮ ਨਾਲ ਬਾਣੀ ਅੰਦਰ ਜਾਂ ਇਤਿਹਾਸ ਅੰਦਰ ਸੰਤ ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ। ਜਿਨ੍ਹਾਂ ਦੀ ਬਾਣੀ ਨੂੰ ਅਸੀਂ ਗੁਰੂ ਮੰਨਦੇ ਹਾਂ, ਉਹਨਾਂ ਨੂੰ ਕੇਵਲ ਭਗਤ ਜਾਂ ਭਾਈ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ।

ਜੇਕਰ ਅਸੀਂ ਇਤਿਹਾਸ ਨੂੰ ਪੜ੍ਹਦੇ ਹਾਂ, ਤਦ ਸਾਨੂੰ 1900 ਤੱਕ ਕਿਸੇ ਵੀ ਸੰਤ ਦੇ ਦਰਸ਼ਨ ਨਹੀਂ ਹੁੰਦੇ। 1900 ਤੋਂ 1947 ਦੇ ਸਮੇਂ ਦੌਰਾਨ ਵਿਰਲੇ-ਵਿਰਲੇ ਸੰਤਾਂ ਦੇ ਦਰਸ਼ਨ ਹੁੰਦੇ ਹਨ। 1947 ਤੋਂ 1980 ਦੇ ਸਮੇਂ ਅੰਦਰ ਕਾਫ਼ੀ ਗਿਣਤੀ ਵੱਧਦੀ ਹੈ। 1980 ਤੋਂ ਲੈ ਕੇ 1992 (ਸਿੱਖ ਕੌਮ ਤੇ ਮੁਸ਼ਕਲ) ਦੇ ਸਮੇਂ ਦੌਰਾਨ ਇਹ ਅਲੋਪ ਜਿਹੇ ਹੋ ਗਏ ਸਨ। ਪਰੰਤੂ ਜੇਕਰ 1992 ਤੋਂ ਲੈ ਕੇ ਅੱਜ ਤੱਕ ਦੇ ਸਮੇਂ 'ਤੇ ਝਾਤ ਮਾਰੀਏ ਤਾਂ ਇਹਨਾਂ ਭੇਖੀਆਂ ਦੀ ਗਿਣਤੀ ਇਸ ਤਰ੍ਹਾਂ ਵਧੀ ਹੈ ਜਿਸ ਤਰ੍ਹਾਂ ਭਾਰਤ ਦੀ ਜਨਸੰਖਿਆ। ਅੱਜ ਤਾਂ 15 ਸਾਲਾਂ ਦਾ ਵੀ ਮਹਾਂ ਤਪੱਸਵੀ ਸੰਤ, ਜਿਸਨੂੰ ਬਾਣੀ ਦੀ ਸੋਝੀ ਨਹੀਂ ਉਹ ਪੂਰਨ ਬ੍ਰਹਮਗਿਆਨੀ ; ਜਿਹਨਾਂ ਨੇ ਅਜੇ ਤੱਕ ਅਕਾਲ ਤਖ਼ਤ ਦੀ ਪੰਥਕ ਰਹਿਤ ਮਰਯਾਦਾ ਨਹੀਂ ਮੰਨੀ, ਲਗਪਗ ਉਹ ਸਾਰੇ ਹੀ ਡਿਗਰੀਆਂ ਵਾਲੇ ਭੇਖੀ (ਸੰਤ ਜਾਂ ਬ੍ਰਹਮਗਿਆਨੀ) ਹਨ। ਪਰ ਜੇਕਰ ਪੰਥਕ ਤੌਰ 'ਤੇ ਵੇਖੀਏ, ਤਾਂ ਅਕਾਲ ਤਖ਼ਤ ਤੋਂ ਲਾਗੂ ਪੰਥਕ ਰਹਿਤ ਮਰਿਆਦਾ ਨਾਂਹ ਮੰਨਣ ਵਾਲਾ ਸਿੱਖ ਹੀ ਨਹੀਂ ਅਖਵਾ ਸਕਦਾ, ਸੰਤ ਜਾਂ ਬ੍ਰਹਮ ਗਿਆਨੀ ਤਾਂ ਬਹੁਤ ਦੂਰ ਦੀ ਗੱਲ ਹੈ।

ਆਓ ਹੋਰ ਸਿੰਘਾਂ ਬਾਰੇ ਵਿਚਾਰ ਕਰਦੇ ਹਾਂ। ਜਿਨ੍ਹਾਂ ਨੂੰ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਨਾਲ 54 ਸਾਲ ਰਹਿ ਕੇ ਰਬਾਬੀ ਦੀ ਸੇਵਾ ਕਰਦੇ ਰਹਿਣ ਦਾ ਮਾਣ ਹਾਸਲ ਹੈ, ਨੂੰ ਵੀ ਅਸੀਂ ਭਾਈ ਮਰਦਾਨਾ ਜੀ ਹੀ ਕਹਿੰਦੇ ਹਾਂ, ਜਿਨ੍ਹਾਂ ਤੋਂ ਗੁਰੂ ਅਰਜਨ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਲਿਖਾਈ ਸੀ, ਉਹਨਾਂ ਨੂੰ ਅਸੀਂ ਸਤਿਕਾਰ ਨਾਲ ਭਾਈ ਗੁਰਦਾਸ ਜੀ ਕਹਿੰਦੇ ਹਾਂ। ਜਿਸ ਗੁਰ ਸਿੱਖ ਨੂੰ ਪਹਿਲੇ ਗ੍ਰੰਥੀ ਹੋਣ ਦਾ ਮਾਣ ਹਾਸਲ ਹੈ, ਜਿਨ੍ਹਾਂ ਨੇ ਪੰਜ ਗੁਰੂ ਸਾਹਿਬਾਨਾਂ ਨੂੰ ਆਪਣੇ ਹੱਥਾਂ ਨਾਲ ਗੁਰਗੱਦੀ ਦੀ ਰਸਮ ਅਦਾ ਕੀਤੀ ਸੀ ਅਤੇ ਸਿੱਖ ਕੌਮ ਦੀ ਲਗਪਗ 110 ਸਾਲ ਸੇਵਾ ਕੀਤੀ ਹੈ, ਉਹਨਾਂ ਨੂੰ ਵੀ ਸਤਿਕਾਰ ਨਾਲ ਅਸੀਂ ਬਾਬਾ ਬੁੱਢਾ ਜੀ ਕਹਿ ਕੇ ਹੀ ਬੁਲਾਉਂਦੇ ਹਾਂ। ਅੱਗੇ ਗੁਰੂ ਤੇਗਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲਿਆਂ ਨੂੰ ਵੀ ਅਸੀਂ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਪੁਕਾਰਦੇ ਹਾਂ। ਗੁਰੂ ਜੀ

ਦੇ ਪੰਜ ਪਿਆਰੇ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਆਪਣਾ ਸੀਸ ਭੇਟ ਕਰਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ ਉਨ੍ਹਾਂ ਨੂੰ ਵੀ ਅਸੀਂ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਹੀ ਪੁਕਾਰਦੇ ਹਾਂ। ਉਸ ਤੋਂ ਬਾਅਦ ਗੁਰੂ ਜੀ ਦੇ ਚਾਰ ਸਾਹਿਬਜ਼ਾਦੇ ਜਿਨ੍ਹਾਂ ਨੇ ਆਪਣੇ ਲਈ ਨਹੀਂ, ਬਲਕਿ ਸਿੱਖ ਕੌਮ ਲਈ ਜ਼ੁਲਮ ਦਾ ਟਾਕਰਾ ਕਰਦਿਆਂ ਆਪਣੀਆਂ ਜਾਨਾਂ ਦੇ ਦਿੱਤੀਆਂ, ਉਹਨਾਂ ਨੂੰ ਵੀ ਅਸੀਂ ਸਤਿਕਾਰ ਨਾਲ ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਫਤਹਿ ਸਿੰਘ ਜੀ ਹੀ ਪੁਕਾਰਦੇ ਹਾਂ। ਗੁਰੂ ਗੋਬਿੰਦ ਸਿੰਘ ਜੀ ਨੇ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਲਿਖਵਾਈ ਕਰਵਾਈ ਤੇ ਜਿਨ੍ਹਾਂ ਨੇ ਆਪਣੇ ਬੰਦ-ਬੰਦ ਕਟਵਾਏ, ਜ਼ੁਲਮ ਨਾਲ ਲੜਦੇ ਹੋਏ ਆਪਣੇ 11 ਭਰਾ ਅਤੇ 7 ਪੁੱਤਰ ਸ਼ਹੀਦ ਕਰਵਾਏ ਸਨ, ਉਹਨਾਂ ਨੂੰ ਵੀ ਅਸੀਂ ਭਾਈ ਮਨੀ ਸਿੰਘ ਜੀ ਪੁਕਾਰਦੇ ਹਾਂ। ਗੁਰੂ ਅਰਜਨੁ ਪਾਤਸ਼ਾਹ ਨੇ ਜਿਸਨੂੰ ਗਲ ਲਾ ਕੇ ਕਿਹਾ ਸੀ ਕਿ :

ਮੰਝ ਪਿਆਰਾ ਗੁਰੂ ਕੋ ਗੁਰੂ ਮੰਝ ਪਿਆਰਾ॥
ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ।

ਉਸਨੂੰ ਵੀ ਅਸੀਂ ਭਾਈ ਕਹਿ ਕੇ ਬੁਲਾਉਂਦੇ ਹਾਂ। ਜਿਨ੍ਹਾਂ ਜ਼ਾਲਮ ਹਕੂਮਤ ਦੀ ਇੱਟ ਨਾਲ ਇੱਟ ਵਜਾ ਦਿੱਤੀ, ਪਹਿਲਾ ਸਿੱਖ ਰਾਜ ਕਾਇਮ ਕੀਤਾ ਅਤੇ ਸ਼ਹੀਦ ਹੋਣ ਸਮੇਂ ਆਪਣੇ 4 ਸਾਲ ਦੇ ਬੱਚੇ ਦਾ ਕਲੇਜਾ ਆਪਣੇ ਮੂੰਹ ਵਿਚ ਪੁਆਇਆ ਸੀ, ਉਹਨਾਂ ਨੂੰ ਵੀ ਅਸੀਂ ਬਾਬਾ ਬੰਦਾ ਸਿੰਘ ਬਹਾਦਰ ਹੀ ਕਹਿੰਦੇ ਹਾਂ। ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਬਾਰੇ ਕਿਸੇ ਨੂੰ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਉਹਨਾਂ ਨੂੰ ਇਤਨੀ ਵੱਡੀ ਉਮਰ ਵਿਚ ਆਪਣੇ ਖੰਡੇ ਦੇ ਜੌਹਰ ਦਿਖਾਏ ਸਨ। ਭਾਰਤ ਦੀ ਆਜ਼ਾਦੀ ਵਿਚ ਅਕਾਲੀ ਲਹਿਰ, ਸਮੇਂ ਵੱਡੇ ਘੱਲੂਘਾਰੇ ਵਿਚ, ਸਾਕਾ ਨਾਨਕਾਣਾ ਸਾਹਿਬ ਅਤੇ ਹਰ ਵੀ ਹਜ਼ਾਰਾ ਹੀ ਨਹੀਂ ਬਲਕਿ ਲੱਖਾਂ ਸਿੰਘ ਅੱਜ ਤੱਕ ਸ਼ਹੀਦ ਹੋਏ ਹਨ, ਪਰੰਤੂ ਅਸੀਂ ਸਭ ਨੂੰ ਹੀ ਭਾਈ ਜਾਂ ਬਾਬਾ ਕਹਿ ਕੇ ਹੀ ਪੁਕਾਰਦੇ ਆਏ ਹਾਂ। ਦਸ ਗੁਰੂ ਸਾਹਿਬਾਨਾਂ ਦੇ ਨਾਵਾਂ ਨਾਲ ਵੀ ਗੁਰਗੱਦੀ ਤੋਂ ਪਹਿਲਾਂ ਦੇ ਸਮੇਂ ਦੌਰਾਨ ਕਿਸੇ ਥਾਂ ਸੰਤ ਸ਼ਬਦ ਨਹੀਂ ਮਿਲਦਾ, ਜੇ ਮਿਲਦਾ ਹੈ ਤਾਂ ਉਹ ਨਾਮ ਗੁਰਸਿੱਖ ਹੈ ਜਿਵੇਂ ਕਿ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

"ਸਤਿਗੁਰ ਨਾਨਕ ਦੇਉ ਆਪੁ ਉਪਾਇਆ,
ਗੁਰੁ ਅੰਗਦੁ ਗੁਰਸਿਖੁ ਬਬਾਣੇ ਆਇਆ।
ਗੁਰਸਿਖੁ ਹੈ ਗੁਰ ਅਮਰੁ ਸਤਿਗੁਰ ਭਇਆ,
ਰਾਮਦਾਸੁ ਗੁਰਸਿਖੁ ਗੁਰ ਸਦਵਾਇਆ।"

ਗੁਰ ਅਰਜਨ ਗੁਰਸਿਖੁ ਪਰਗਟੀ ਆਇਆ,
ਗੁਰਸਿਖੁ ਹਰਿਗੋਵਿੰਦ ਨ ਲੁਕੈ ਲੁਕਾਇਆ।"

*(ਭਾਈ ਗੁਰਦਾਸ ਜੀ, ਵਾਰ 20 ਪਉੜੀ)*

ਆਓ ਹੁਣ ਵੇਖੀਏ ਕਿ ਬਾਣੀ ਅੰਦਰ ਸਜਾਏ 'ਸੰਤ ਸ਼ਬਦ ਦਾ ਕੀ ਅਰਥ ਹੈ। ਫੁਰਮਾਣ ਹੈ:

ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ॥
ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ॥ (ਪੰਨਾ 948)

ਕਿ ਗੁਰੂ ਨੇ ਮੈਨੂੰ ਵੱਡਾ ਸਾਹਿਬ ਮਿਲਾ ਦਿੱਤਾ ਹੈ। ਸਤਿਗੁਰੂ ਦੀ ਕ੍ਰਿਪਾ ਸਦਕਾ ਮੈਨੂੰ ਪ੍ਰਭੂ ਮਿਲ ਗਿਆ ਹੈ। ਇਸ ਸ਼ਬਦ ਅੰਦਰ ਵੀ ਸੰਤ ਸ਼ਬਦ ਕਿਸੇ ਭੇਖੀ ਮਨੁੱਖ ਲਈ ਨਹੀਂ ਬਲਕਿ ਪ੍ਰਮਾਤਮਾ ਲਈ ਵਰਤਿਆ ਹੈ। ਅੱਗੇ ਫੁਰਮਾਣ ਹੈ:

"ਭਾਗ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ॥" (ਪੰਨਾ 97)

ਇਸ ਵਿਚ ਗੁਰੂ ਸਾਹਿਬ ਨੇ ਗੁਰੂ ਸੰਤ ਦੀ ਹੀ ਗੱਲ ਕੀਤੀ ਹੈ। ਉਪਰੋਕਤ ਦੋਹਾਂ ਫੁਰਮਾਨਾਂ ਅੰਦਰ ਆਏ ਗੁਰਿ ਅਤੇ ਸਤਿਗੁਰਿ ਦੇ 'ਰ' ਨੂੰ ਲੱਗੀ ਸਿਹਾਰੀ ਗੁਰਬਾਣੀ ਵਿਆਕਰਨ ਮੁਤਾਬਕ ਗੁਰੂ ਦੁਆਰਾ ਜਾਂ ਗੁਰੂ ਨੇ, ਦੀ ਲਖਾਇਕ ਹੈ ਤੇ ਅੱਗੇ ਆ ਕੇ ਸੰਤੁ ਸ਼ਬਦ ਦੇ ਪੈਰ ਥੱਲੇ ਲੱਗੀ ਔਂਕੜ ਇਕ ਵਚਨ ਭਾਵ ਦੀ ਇਕ ਲਖਾਇਕ ਹੈ। ਇਸ ਗੱਲ ਤੋਂ ਸਪੱਸ਼ਟ ਹੈ ਕਿ ਮੈਨੂੰ ਸੱਚੇ ਗੁਰੂ ਨੇ ਜਾਂ ਮੈਨੂੰ ਗੁਰੂ ਦੁਆਰਾ ਸੰਤੁ (ਪ੍ਰਭੂ) ਮਿਲ ਗਿਆ ਹੈ। ਇੱਥੇ ਸੰਤ ਸ਼ਬਦ ਪ੍ਰਮਾਤਮਾ ਲਈ ਆਇਆ ਹੈ ਕਿਉਂਕਿ ਇਤਿਹਾਸ ਜਾਂ ਗੁਰਬਾਣੀ ਮੁਤਾਬਕ ਵੀ ਕਿਸੇ ਵੀ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਕਿਸੇ ਦੇਹਧਾਰੀ ਸੰਤ ਦੇ ਲੜ ਨਹੀਂ ਬਲਕਿ ਕੇਵਲ ਇਕ ਪਰਮਾਤਮਾ ਦੇ ਨਾਲ ਜੋੜਿਆ ਸੀ।

ਗੁਰੂ ਦਾ ਸ਼ਬਦ ਅਥਵਾ ਗਿਆਨ ਹੀ ਮਨੁੱਖ ਦਾ ਸਹਾਰਾ ਬਣਦਾ ਹੈ, ਉਸ ਦਾ ਮਾਰਗ-ਦਰਸ਼ਨ ਕਰਦਾ ਹੈ ਅਤੇ ਉਸ ਨੂੰ ਪ੍ਰਭੂ ਨਾਲ ਮਿਲਾ ਦਿੰਦਾ ਹੈ। ਗੁਰੂ ਅਰਜਨ ਸਾਹਿਬ ਜੀ ਦਾ ਬਚਨ ਹੈ:

ਜਿਉ ਮੰਦਰ ਕਉ ਥਾਮੈ ਥੰਮਨੁ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ॥
ਜਿਉ ਪਾਖਾਣੁ ਨਾਵ ਚੜਿ ਤਰੈ॥
ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ॥
ਜਿਉ ਅੰਧਕਾਰ ਦੀਪਕ ਪਰਗਾਸੁ॥

ਗੁਰ ਦਰਸਨ ਦੇਖਿ ਮਨਿ ਹੋਇ ਬਿਗਾਸ॥
ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ॥
ਤਿਨ ਸੰਤਨ ਕੀ ਬਾਛਉ ਧੂਰਿ॥
ਨਾਨਕ ਕੀ ਹਰ ਲੋਚਾ ਪੂਰਿ॥ (ਪੰਨਾ 282)

ਜਿਸ ਤਰ੍ਹਾਂ ਮਕਾਨ ਦੀ ਛੱਤ ਨੂੰ ਥੰਮ੍ਹ ਰੋਕ ਕੇ ਰੱਖਦਾ ਹੈ ਉਸੇ ਤਰ੍ਹਾਂ ਗੁਰੂ ਦਾ ਸ਼ਬਦ ਮਨ ਵਿਚ ਵੱਸ ਕੇ ਮਨ ਦਾ ਸਹਾਰਾ ਬਣਦਾ ਹੈ। ਜਿਵੇਂ ਕੋਈ ਪੱਥਰ ਬੇੜੀ ਦੇ ਸਹਾਰੇ ਪਾਰ ਹੋ ਜਾਂਦਾ ਹੈ ਉਸੇ ਤਰ੍ਹਾਂ ਪ੍ਰਾਣੀ ਗੁਰੂ ਦੇ ਚਰਨੀ ਲੱਗ ਕੇ (ਗੁਰੂ ਦਾ ਹੁਕਮ ਮੰਨ ਕੇ) ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ। ਜਿਵੇਂ ਦੀਵਾ ਹਨੇਰਾ ਦੂਰ ਕਰ ਦਿੰਦਾ ਹੈ ਤਿਵੇਂ ਹੀ ਗੁਰੂ ਦੇ ਦਰਸ਼ਨ ਕਰਕੇ ਮਨ ਖਿੜ ਜਾਂਦਾ ਹੈ (ਦਰਸ਼ਨ ਤੋਂ ਭਾਵ ਗੁਰੂ ਸਾਹਿਬ ਦਾ ਹੁਕਮ ਮੰਨਣਾ ਹੈ) ਜਿਵੇਂ ਘਣੇ ਜੰਗਲਾਂ ਅੰਦਰ ਭੁੱਲਿਆ ਰਾਹੀ ਰਾਹ ਲੱਭ ਲੈਂਦਾ ਹੈ ਤਿਵੇਂ ਸਾਧ ਸੰਗਤ ਵਿਚ ਆਉਣ ਨਾਲ ਪ੍ਰਾਣੀ ਦੇ ਹਿਰਦੇ ਵਿਚ ਅੰਦਰ ਵਾਹਿਗੁਰੂ ਦੀ ਜੋਤ ਜਗਮਗਾ ਉੱਠਦੀ ਹੈ। ਉਸ (ਗੁਰੂ) ਸੰਤ ਦੀ ਨਾਨਕ ਧੂਰ ਮੰਗਦਾ ਹੈ। ਇੱਥੇ ਕਿਸੇ ਦੁਨਿਆਵੀ ਸੰਤ ਦੀ ਨਹੀਂ ਬਲਕਿ ਉਸ ਗੁਰੂ ਦੀ ਗੱਲ ਕੀਤੀ ਜਾ ਰਹੀ ਹੈ ਜਿਸਦੀ ਸਾਰੀ ਅਸ਼ਟਪਦੀ ਅੰਦਰ ਵਿਆਖਿਆ ਕੀਤੀ ਹੈ। ਇਤਿਹਾਸਕ ਤੌਰ 'ਤੇ ਵੀ ਗੁਰੂ ਨਾਨਕ ਜੋਤ, ਕਿਸੇ ਵੀ ਦੁਨਿਆਵੀ ਸੰਤ ਜਾਂ ਬ੍ਰਹਮਗਿਆਨੀ ਕੋਲ ਪ੍ਰਮਾਤਮਾ ਦੀ ਪ੍ਰਾਪਤੀ ਲਈ ਨਹੀਂ ਗਏ।

"ਗਿਆਨ ਅੰਜਨ ਗੁਰਿ ਦੀਆ
ਅਗਿਆਨ ਅੰਧੇਰ ਬਿਨਾਸੁ,
ਹਰਿ ਕਿਰਪਾ ਤੇ ਸੰਤ ਭੇਟਿਆ
ਨਾਨਕੁ ਮਨਿ ਪਰਗਾਸੁ॥ (ਪੰਨਾ 293)

ਇਸ ਸਲੋਕ ਦੇ ਅੰਦਰ ਗੁਰੂ ਅਰਜਨ ਦੇਵੀ ਜੀ ਫੁਰਮਾ ਰਹੇ ਹਨ ਕਿ ਗੁਰੂ ਨੇ ਮੈਨੂੰ ਗਿਆਨ ਬਖ਼ਸ਼ ਦਿੱਤਾ ਹੈ ਤੇ ਮੇਰਾ ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ ਹੈ। ਪ੍ਰਮਾਤਮਾ ਦੀ ਕ੍ਰਿਪਾ ਨਾਲ ਮੈਨੂੰ ਗੁਰੂ ਸੰਤ ਮਿਲ ਗਿਆ ਹੈ ਅਤੇ ਮੇਰਾ ਮਨ ਖਿੜ ਗਿਆ ਹੈ। ਅੱਗੇ ਸਾਧ ਸ਼ੋਭਾ ਕਰਦੇ ਹੋਏ ਦੱਸਦੇ ਹਨ ਕਿ :

"ਸਾਧ ਕੀ ਸੋਭਾ ਸਾਧ ਬਣ ਆਈ
ਨਾਨਕ ਸਾਧ, ਪ੍ਰਭ ਭੇਦੁ ਨ ਭਾਈ॥" (ਸੁਖਮਨੀ ਸਾਹਿਬ)

ਸਾਧੂ ਤੇ ਪ੍ਰਮਾਤਮਾ ਵਿਚ ਕੋਈ ਫ਼ਰਕ ਨਹੀਂ ਹੈ ਜਿਵੇਂ ਗੁਰੂ ਤੇ ਪ੍ਰਮਾਤਮਾ ਵਿਚ ਕੋਈ ਫ਼ਰਕ ਨਹੀਂ ਹੈ। ਗੁਰੂ ਸਾਹਿਬਾਨ ਦਾ ਫੁਰਮਾਨ ਹੈ "ਗੁਰੁ ਪ੍ਰਮੇਸ਼ਰ ਏਕੋ ਜਾਣੁ॥" ਇਸ ਅਸ਼ਟਪਦੀ ਅੰਦਰ ਪ੍ਰਭੂ (ਸਾਧ) ਦੀ ਗੱਲ ਕੀਤੀ ਹੈ ਕਿਉਂਕਿ

ਇਹ ਸਾਰੀਆਂ ਦਾਤਾਂ ਪ੍ਰਭੂ ਤੋਂ ਹੀ ਪਾਈਆਂ ਜਾ ਸਕਦੀਆਂ ਹਨ (ਨਾ ਕਿ ਦੇਹਧ ਸਾਧ ਕੋਲੋਂ)। ਅੱਗੇ ਬ੍ਰਹਮਗਿਆਨੀ ਦੀ ਉਪਮਾ ਕਰਦੇ ਹੋਏ ਗੁਰੂ ਸਾਹਿਬ ਫ਼ਰ ਰਹੇ ਹਨ :

"ਬ੍ਰਹਮ ਗਿਆਨੀ ਸਦਾ ਨਿਰਲੇਪ ॥...
ਬ੍ਰਹਿਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥...
ਬ੍ਰਹਿਮ ਗਿਆਨੀ ਦਾ ਨਹੀ ਬਿਨਾਸ ॥...
ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰ ॥
ਬ੍ਰਹਮ ਗਿਆਨੀ ਕਉ ਖੋਜੇ ਮਹੇਸਰੁ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸਰੁ ॥...
ਬ੍ਰਹਮ ਗਿਆਨੀ ਸਰਬ ਕਾ ਠਾਕੁਰ ॥...
ਬ੍ਰਹਮ ਗਿਆਨੀ ਕਾ ਅੰਤ ਨਾ ਪਾਰੁ ॥"
"ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥੁ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਆਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥" (ਪੰਨਾ 272-74)

ਇਸ ਅਨੁਸਾਰ ਇਹ ਸਭ ਦਾਤਾਂ ਪ੍ਰਮਾਤਮਾ ਤੋਂ ਬਗੈਰ ਕਿਸੇ ਹੋਰ ਤੋਂ ਪ੍ਰਾ ਨਹੀਂ ਹੋ ਸਕਦੀਆਂ। ਪਰੰਤੂ ਇਸ਼ਤਿਹਾਰਾਂ ਵਿਚ ਕੇਵਲ ਬ੍ਰਹਮਗਿਆਨੀ ਹੀ ਨ ਬਲਕਿ ਪੂਰਨ ਬ੍ਰਹਮਗਿਆਨੀ ਦੀ ਡਿਗਰੀ ਵੀ ਸਾਨੂੰ ਪੜ੍ਹਨ ਨੂੰ ਮਿਲਦੀ ਅਸ਼ਟਪਦੀ ਵਿਚ ਬ੍ਰਹਮਗਿਆਨੀ ਸ਼ਬਦ ਪ੍ਰਮਾਤਮਾ ਲਈ ਵਰਤਿਆ ਗਿਆ ਜਦੋਂ ਬ੍ਰਹਮਗਿਆਨੀ ਹੀ ਪ੍ਰਮਾਤਮਾ ਹੈ ਫਿਰ ਅਸੀਂ ਪੂਰਨ ਬ੍ਰਹਮਗਿਆਨੀ ਕਿ ਪ੍ਰਮਾਤਮਾ ਨਾਲ ਜੋੜ ਰਹੇ ਹਾਂ ?

## ਵਰਤਮਾਨ ਯੁਗ ਦੇ ਮਨੁੱਖ ਦੀਆਂ ਸਮੱਸਿਆਵਾਂ ਦਾ ਹੱਲ : ਸੰਤ ਬਣੋ !!

ਸੰਤ ਯੁਨਿਟ ਟਰੱਸਟ

ਆਪ ਸਭ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਇਹ ਨਵਾਂ ਸੰਤ ਡਿਗਰੀ ਸੈਂਟਰ ਬਣ ਚੁੱਕਾ ਹੈ। ਇਸ ਸੈਂਟਰ ਅਧੀਨ ਤਿੰਨ ਡਿਗਰੀ ਕੋਰਸ ਸ਼ੁਰੂ ਕੀਤੇ ਗਏ ਹਨ :

1. ਸ਼੍ਰੋਮਣੀ ਸੰਤ ਡਿਗਰੀ (40 ਦਿਨਾਂ ਵਿਚ)
2. 108 ਸ਼੍ਰੋਮਣੀ ਬ੍ਰਹਮ ਗਿਆਨੀ ਸੰਤ ਬਾਬਾ ਡਿਗਰੀ (60 ਦਿਨਾਂ ਵਿਚ)
3. ਮਹਾਨ ਤਪੱਸਵੀ, ਰਾਜਯੋਗੀ, ਸੰਤ ਬਾਬਾ ਸ੍ਰੀ ਮਾਨ 108 ਮਹਾਰਾਜ ਡਿਗਰੀ (3 ਮਹੀਨਿਆਂ ਵਿਚ)

ਇਸ ਕੋਰਸ ਤੋਂ ਬਾਅਦ ਤੁਸੀਂ ਕਿਸੇ ਵੀ ਜਗ੍ਹਾ ਆਪਣਾ ਡੇਰਾ ਬਣਾ ਕੇ ਬੈਠ ਸਕਦੇ ਹੋ ਤੇ ਆਪਣੀਆਂ ਤੇ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰ ਸਕਦੇ ਹੋ। ਪ੍ਰੈਕਟੀਕਲ ਕਲਾਸਾਂ ਸਪੈਸ਼ਲ ਲੱਗਣਗੀਆਂ।

ਇਹਨਾਂ ਕੋਰਸਾਂ ਵਿਚ ਪਹਿਲਾਂ ਤਜ਼ਰਬੇਕਾਰ 4 ਸੰਤ ਟੀਚਰ, 11 ਕੀਰਤਨੀਏ ਤੇ ਕਹਾਣੀਕਾਰ, ਜੋ ਨਵੀਂ ਨਵੀਂ ਕਹਾਣੀ ਬਣਾਉਣ ਵਾਲਾ ਹੋਵੇ, ਚਕਰਮ ਕਰ ਦੇਣ ਵਾਲੀਆਂ ਕਹਾਣੀਆਂ ਬਣਾ ਸਕੇ। (ਤਨਖ਼ਾਹ 3500-7000)

## ਸਿੱਧੀ ਇੰਟਰਵਿਊ ਸੰਤ ਡਿਗਰੀ ਸੈਂਟਰ

ਸ੍ਰੀ ਮਾਨ ਸੰਤ (ਵੱਡਾ) ਬਾਬਾ 1000000000008 ਮਹਾਨ ਤਪੱਸਵੀ ਰਾਜ ਯੋਗੀ, ਸ੍ਰੋਮਣੀ ਬ੍ਰਹਮ ਗਿਆਨੀ ਨੂੰ ਮਿਲੋ।

ਫਾਰਮ ਮੰਗਵਾਉਣ ਲਈ ਫੀਸ 108 ਰੁਪਏ ਡਾਕਘਰ ਰਾਹੀਂ ਭੇਜੋ ਜਾਂ ਸੁਪਨੇ ਵਿਚ ਖੁਦ ਮਿਲੋ।

## ਅਜਮਾਓ ਤੇ ਪਰਖੋ

### ਕੀ ਤੁਸੀਂ ਵੀ ਕਿਸੇ ਸਾਧ-ਸੰਤ ਦੇ ਸ਼ਰਧਾਲੂ ਹੋ ? ਜਿਸ ਸੰਤ ਨੂੰ ਤੁਸੀਂ ਮੰਨਦੇ ਹੋ ਉਸਨੂੰ ਪਰਖਣ ਦਾ ਢੰਗ

ਅੱਜ ਬਹੁਤੇ ਸਿੱਖ ਪਰਿਵਾਰ ਸੰਤ-ਪੂਜਾ ਵਿਚ ਰੁੱਝੇ ਹੋਏ ਹਨ। ਹਰ ਕੋਈ ਆਪਣੇ ਸੰਤ ਨੂੰ ਪੂਰਨ-ਸੰਤ ਜਾਂ ਸੱਚਾ ਸੰਤ ਦੱਸਦਾ ਹੈ। ਆਮ ਸਿੱਖ ਨੂੰ ਸਮਝ ਨਹੀਂ ਆਉਂਦੀ ਕਿ ਉਹ ਕਿਸ ਸੰਤ ਦੇ ਸੰਤ-ਪੁਣੇ ਨੂੰ ਕਿਵੇਂ ਪਰਖੇ। ਕਿਰਤ ਕਰਨੀ,

ਵੰਡ ਛਕਣਾ ਤੇ ਨਾਮ ਜਪਣਾ ਸਿੱਖੀ ਦੀ ਪਰਿਭਾਸ਼ਾ ਹੈ। ਇਸ ਆਧਾਰ ਉਪਰ ਕਿਸੇ ਅਖੌਤੀ ਸਾਧ ਨੂੰ ਪਰਖਣ ਦੇ ਕੁਝ ਪੱਕੇ ਗੁਰ ਇਸ ਪ੍ਰਕਾਰ ਹਨ:

ੳ) **ਕੀ ਤੁਹਾਡਾ ਸੰਤ ਹੱਥੀਂ ਕਿਰਤ ਕਰਦਾ ਹੈ?**
ਜੇ ਨਹੀਂ ਕਰਦਾ ਤਾਂ ਉਹ 'ਸਿੱਖ' ਨਹੀਂ ਹੋ ਸਕਦਾ, ਸੰਤ ਤਾਂ ਦੂਰ ਦੀ ਗੱਲ ਹੈ। ਉਹ ਵਿਹਲੜ ਹੈ, ਭਿਖਾਰੀ ਹੈ, ਪੱਤ ਹੀਣ ਹੈ-ਸੰਤ ਨਹੀਂ।

ਅ) **ਕੀ ਤੁਹਾਡਾ ਸੰਤ ਵੰਡ ਕੇ ਛਕਦਾ ਹੈ?**
ਵੰਡ ਕੇ ਉਹੀ ਛਕ ਸਕਦਾ ਹੈ, ਜੋ ਹੱਥੀਂ ਕਿਰਤ ਕਰੇ। ਸੰਗਤ ਵੱਲੋਂ ਮਿਲੇ ਪਦਾਰਥਾਂ ਨੂੰ ਸੰਗਤ ਵਿਚ ਵੰਡ ਦੇਣਾ, ਸਿੱਖੀ ਮਾਰਗ ਨਹੀਂ ਹੈ। ਸੰਗਤ ਦੇ ਦਿੱਤੇ ਪਦਾਰਥਾਂ ਨਾਲ ਸਾਧ ਮੌਜਾਂ ਮਾਣਦੇ ਹਨ।

ੲ) **ਕੀ ਤੁਹਾਡਾ ਸੰਤ ਸ਼ਾਦੀ-ਸ਼ੁਦਾ ਗ੍ਰਿਹਸਤੀ ਹੈ?**
ਜੇ ਨਹੀਂ ਤਾਂ ਸੰਤ ਗੁਰਮਤਿ ਦਾ ਧਾਰਨੀ ਨਹੀਂ। ਬਿਹੰਗਮ ਦਾ ਗੁਰਮਤਿ ਵਿਚ ਕੋਈ ਮਹੱਤਵ ਨਹੀਂ। ਅਜਿਹੇ ਕਈ ਸਾਧਾਂ ਉਪਰ ਔਰਤਾਂ ਦੀ ਇੱਜ਼ਤ ਲੁੱਟਣ ਦੇ ਮਾਮਲੇ ਅਖ਼ਬਾਰਾਂ 'ਚ ਛਪਦੇ ਰਹਿੰਦੇ ਹਨ।

ਸ) **ਕੀ ਤੁਹਾਡਾ ਸੰਤ ਮੱਥੇ ਟਿਕਾਉਂਦਾ ਹੈ?**
ਜੇ ਟਿਕਾਉਂਦਾ ਹੈ ਤਾਂ ਸਮਝੋ ਉਹ ਆਪਣੀ ਪੂਜਾ ਦਾ ਭੁੱਖਾ ਹੈ। ਕਈ ਸਾਧ ਕਹਿੰਦੇ ਹਨ ਕਿ ਅਸੀਂ ਤਾਂ ਟਿਕਾਉਂਦੇ ਨਹੀਂ, ਸੰਗਤ ਆਪ ਟੇਕਦੀ ਹੈ। ਇਹ ਇਕ ਸੂਖ਼ਮ ਪਖੰਡ ਹੈ। ਜੇ ਕੋਈ ਮੱਥਾ ਨਾ ਟਿਕਾਉਣਾ ਚਾਹੇ, ਤਾਂ ਕੋਈ ਉਸਨੂੰ ਮੱਥਾ ਨਹੀਂ ਟੇਕ ਸਕਦਾ। ਅਸਲ 'ਚ ਸਾਧ ਚਾਹੁੰਦੇ ਹਨ ਕਿ ਸੰਗਤਾਂ ਮੱਥੇ ਟੇਕਣ।

ਹ) **ਕੀ ਤੁਹਾਡਾ ਸੰਤ, ਪਦਾਰਥਾਂ ਦੀ ਪ੍ਰਾਪਤੀ ਹਿਤ ਤੁਹਾਡੇ ਲਈ ਅਰਦਾਸ ਕਰਦਾ ਹੈ?**
ਜੇ ਕਰਦਾ ਹੈ ਤਾਂ ਉਹ ਵਿਅਕਤੀ ਇਹ ਭਰਮ ਪੈਦਾ ਕਰ ਰਿਹਾ ਹੈ ਕਿ ਉਹ ਤੁਹਾਡੇ ਤੇ ਪਰਮਾਤਮਾ ਵਿਚ ਵਿਚੋਲਾ ਹੈ। ਦਰਅਸਲ, ਅਜੋਕੇ ਸਾਧ ਤੁਹਾਡੇ ਲਈ ਅਰਦਾਸ ਕਰਦਿਆਂ ਤੁਹਾਡੀ ਜੇਬ ਉਪਰ ਨਜ਼ਰ ਰੱਖਦੇ ਹਨ। ਤੁਹਾਡੇ ਤੋਂ ਧਨ-ਪਦਾਰਥ ਬਟੋਰਨ ਵਾਲੇ, ਤੁਹਾਨੂੰ ਕੁਝ ਵੀ ਦਿਵਾ ਨਹੀਂ ਸਕਦੇ। ਦੇਣ ਵਾਲਾ ਦਾਤਾ ਵਾਹਿਗੁਰੂ ਹੈ।

**ਯਾਦ ਰੱਖੋ:** ਸੰਤ ਜਿਸ ਨਾਮ ਦੀ ਗੱਲ ਕਰਦੇ ਹਨ ਉਹ ਵੀ ਗੁਰਮਤਿ ਵਾਲਾ ਨਾਮ ਘਟ ਤੇ ਜੋਗੀਆਂ-ਰਾਧਾਸੁਆਮੀਆਂ ਵਾਲਾ ਨਾਮ ਵਧੇਰੇ ਹੈ। ਇਸ ਤਰ੍ਹਾਂ ਤਾਂ ਸਿੱਧ ਤੇ ਜੋਗੀ ਬੜੇ ਤਪ ਕਰਦੇ ਸਨ, ਗੁਰੂ ਸਾਹਿਬਾਨ ਨੇ ਉਹਨਾਂ ਨੂੰ ਪ੍ਰਵਾਨ ਨਹੀਂ ਕੀਤਾ।

# ਸਾਧ ਨ ਦਿਸੈ ਜਗ ਵਿਚ ਕੋਆ

ਯੁਗਾਂ ਯੁਗਾਂਤਰਾਂ ਤੋਂ ਉੱਤਮ ਪੁਰਖ ਸੰਸਾਰ ਦੇ ਭਲੇ ਲਈ ਆਉਂਦੇ ਰਹੇ ਹਨ ਜਿਨ੍ਹਾਂ ਨੂੰ ਵੱਖ-ਵੱਖ ਧਰਮਾਂ ਮੁਤਾਬਿਕ ਸਵਾਮੀ, ਸਾਧੂ, ਸੰਤ ਆਦਿ ਕਹਿ ਕੇ ਬੁਲਾਉਂਦੇ ਹਨ।

1984 ਦੇ ਘਲੂਘਾਰਿਆਂ ਸਮੇਂ ਕੋਈ ਵੀ ਸੰਤ/ਬਾਬਾ ਐਸਾ ਨਹੀਂ ਸੀ ਜਿਸ ਨੇ ਦਿੱਲੀ ਕਤਲੇਆਮ ਬਾਰੇ ਜਾਂ ਬਲਿਊਸਟਾਰ ਬਾਰੇ ਕੋਈ ਰੋਸ ਪ੍ਰਗਟਾਵਾ ਕਰਦਿਆਂ ਕੁੱਝ ਵੀ ਕਾਰਵਾਈ ਕੀਤੀ ਹੋਵੇ। 1991-92 ਤੋਂ ਬਾਅਦ ਬਾਬਿਆਂ ਦੇ ਡੇਰੇ ਰੂੜੀ ਉਪਰ ਉੱਗੀਆਂ ਖੁੰਬਾਂ ਵਾਂਗ ਸਾਹਮਣੇ ਆਉਣ ਲੱਗੇ। ਜੇ ਕਿਆਫ਼ਾ ਵੀ ਲਗਾਈਏ ਤਾਂ ਘੱਟੋ-ਘੱਟ 800-900 ਬਾਬੇ ਡੇਰਿਆਂ ਵਿਚ ਸੁਭਾਇਮਾਨ ਹਨ ਪ੍ਰੰਤੂ ਲੋਕਾਂ ਦੇ ਭਲੇ ਪੱਖੋਂ, ਸਿੱਖੀ ਦੀ ਸੇਵਾ ਪੱਖੋਂ, ਸੰਗਤਾਂ ਨੂੰ ਨਾਮ ਜਪਾਉਣ ਪੱਖੋਂ ਇਹਨਾਂ ਦਾ ਯੋਗਦਾਨ ਸਿਫ਼ਰ ਹੈਂ।

ਕਿਸੇ ਡੇਰੇ ਵਿਚ 101 ਅਖੰਡ ਪਾਠ ਰੱਖ ਕੇ ਉਥੇ ਸਮਾਗਮ ਰਚੇ ਜਾਂਦੇ ਹਨ, ਕਿਸੇ ਡੇਰੇ ਵਿਚ ਭੂਤਪ੍ਰੇਤ ਲਾਹੁਣ ਦਾ ਪ੍ਰਪੰਚ ਰਚਿਆ ਹੋਇਆ ਹੈ, ਕਿਸੇ ਡੇਰੇ ਵਿਚ ਬਾਬੇ ਅਰਦਾਸ ਕਰਦੇ ਸਮੇਂ ਹੀ ਲੜ ਪੈਂਦੇ ਹਨ ਤੇ ਪੁਲਿਸ ਨੂੰ ਦਖ਼ਲ ਦੇਣਾ ਪੈਂਦਾ ਹੈ ਅਤੇ ਕਿਸੇ ਡੇਰੇ ਵਿਚ ਮੁੰਡੇ ਦਿੱਤੇ ਜਾਂਦੇ ਹਨ। ਇਹਨਾਂ ਸਭ ਡੇਰਿਆਂ ਵਿਚ ਇਕ ਗੱਲ ਸਾਂਝੀ ਇਹ ਹੈ:

1. ਲਗਭਗ ਸਭ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ।
2. ਸਭ ਡੇਰਿਆਂ ਤੇ ਸਰਕਾਰੀ ਅਧਿਕਾਰੀ ਤੇ ਸਿਆਸੀ ਲੀਡਰ, ਵੋਟਾਂ ਲੈਣ ਲਈ ਲੇਲੜੀਆਂ ਕੱਢਣ ਜਾਂਦੇ ਹਨ।
3. ਸਭ ਡੇਰੇ ਆਧੁਨਿਕ ਸਹੂਲਤਾਂ ਨਾਲ ਲੈੱਸ ਹਨ ਤੇ ਡਿਸ਼ ਐਨਟੀਨੇ ਵੀ ਲੱਗੇ ਹਨ। ਬਾਬਾ ਜੀ ਸਾਰਾ ਦਿਨ ਰਿਮੋਟ ਹੱਥ ਵਿਚ ਲੈ ਕੇ ਟੀ.ਵੀ. ਦੇਖਦੇ ਰਹਿੰਦੇ ਹਨ।
4. ਸਭ ਡੇਰਿਆਂ ਦੇ ਬਾਬੇ ਆਪਣੇ ਆਪ ਨੂੰ ਸਿੱਖ ਪੰਥ ਦੇ ਅਲੰਬਰਦਾਰ ਕਹਾਉਂਦੇ ਨਹੀਂ ਥੱਕਦੇ ਪਰ ਪੰਥ ਦੇ ਅਜੋਕੇ ਸੰਕਟ ਸਮੇਂ ਢੀਠਤਾਈ ਦੀ ਹੱਦ ਤੋਂ ਵੀ ਪਰ੍ਹੇ ਚਲੇ ਗਏ ਹਨ।
5. ਲਗਪਗ 80% ਬਾਬੇ ਸਿੱਖੀ ਮਾਰਗ, ਨਾਮ ਦੇ ਮਾਰਗ ਅਤੇ ਆਤਮਕ ਪ੍ਰਾਪਤੀ ਤੋਂ ਕੋਰੇ ਹਨ ਅਤੇ ਸੰਗਤਾਂ ਨੂੰ ਕੇਵਲ ਇਹੋ ਉਪਦੇਸ਼ ਦੇ ਕੇ ਕਿ "ਸਾਧ ਸੰਗਤ ਅੰਮ੍ਰਿਤ ਛਕੋ, ਸਿੰਘ ਸਜੋ, ਬਾਣੀ ਪੜ੍ਹੋ, ਨਾਮ ਜਪੋ" ਨਾਲ ਹੀ ਆਪਣੀ ਦੁਕਾਨਦਾਰੀ, ਠੱਗੀ ਠੋਰੀ ਜਾਰੀ ਰੱਖ ਰਹੇ ਹਨ।

ਕਿੰਨੇ ਕੁ ਬਾਬੇ ਹਨ ਜਿਨ੍ਹਾਂ ਨੇ ਸੰਗਤ ਵਿਚ ਕਦੀ ਕਿਹਾ ਹੋਵੇ "ਆਤਮਕ ਮਾਰਗ ਦੀ ਕੋਈ ਮੁਸ਼ਕਿਲ ਹੋਵੇ ਤਾਂ ਸਾਂਝੀ ਕਰੋ।" ਬਾਬਾ ਤਾਂ ਵੰਨ ਸੁਵੰਨੀਆਂ ਨਵੀਆਂ ਕਾਰਾਂ ਦੇ ਝੂਟੇ, ਮੋਬਾਈਲ ਫੋਨ, ਹੋਰ ਮੁੱਖ ਸਹੂਲਤਾਂ, ਏਅਰ ਕੰਡੀਸ਼ਨਡ ਕਮਰਿਆਂ ਤੋਂ ਬਾਹਰ ਨਿਕਲਣਗੇ ਤਾਂ "ਆਤਮ ਰਸ" ਦੀ ਸੋਝੀ ਲੈ ਸਕਣਗੇ।

ਗੁਜਰਾਤ ਦੇ ਭੂਚਾਲ ਸਮੇਂ ਵੀ, ਸਭ ਬਾਬੇ ਘੂਕ ਸੁੱਤੇ ਰਹੇ। ਜਿਹੜੇ ਇਕ ਦੋ ਬਾਬੇ ਗਏ ਵੀ, ਉਹ ਵੀ ਬਾਦਲ ਵੱਲੋਂ ਜਾਣ ਦਾ ਸਿਗਨਲ ਹੋਇਆ ਤਾਂ ਗਏ। ਐਵੇਂ ਤਵੇ ਪਰਾਤ ਪਤੀਲੇ ਚੁੱਕ ਕੇ ਲੈ ਗਏ। ਕੌਮੀ ਪਰੈੱਸ ਨੇ 1% ਵੀ ਕਵਰੇਜ਼ ਨਹੀਂ ਦਿੱਤੀ। ਜੇ ਆਪਣਾ ਮਜ਼ਬੂਤ ਮੀਡੀਆਂ ਹੋਵੇ ਤਾਂ ਇਹ ਹਸ਼ਰ ਤਾਂ ਨਾ ਹੋਵੇ। ਜਿਹੜੇ ਕਾਰ ਸੇਵਾ ਵਾਲੇ ਬਾਬੇ ਹਨ, ਉਹ ਕਹਿੰਦੇ ਹਨ ਕਿ "ਸਾਡੇ ਸਾਹਮਣੇ ਕੋਈ ਪੰਥ ਵਿਰੋਧੀ ਹਰਕਤ ਹੋ ਰਹੀ ਹੋਵੇ, ਅਸੀਂ ਨਹੀਂ ਰੋਕ ਸਕਦੇ। ਸਾਡੀ ਡਿਊਟੀ ਤਾਂ ਕੇਵਲ ਗੁਰਦੁਆਰੇ ਬਣਾਉਣ ਦੀ ਹੈ।" ਕੀ ਕਾਰ ਸੇਵਾ ਵਾਲੇ ਬਾਬਿਆਂ ਦੀ ਸਿੱਖੀ ਪ੍ਰਤੀ ਕੋਈ ਡਿਊਟੀ ਨਹੀਂ ? ਉਹਨਾਂ ਦੇ ਡੇਰਿਆਂ ਉਪਰ "ਸਤਿਨਾਮ ਵਾਹਿਗੁਰੂ" ਕਰਦੀ ਸੰਗਤ 95% ਆਦਮੀ ਸਿਰ ਮੁੰਨੇ ਹੁੰਦੇ ਹਨ ਤੇ ਸੇਵਾ ਕਰਦੇ ਸਮੇਂ ਵੀ ਪਿੰਡ ਦੀਆਂ ਗੱਲਾਂ ਕਰਦੇ ਐਵੇਂ ਦੰਦੀਆਂ ਕੱਢੀ ਜਾਣਗੇ। ਜੋ ਸੰਗਤ ਸੇਵਾ ਕਰਨ ਆਈ ਹੈ, ਉਸ ਨੂੰ ਕੇਸ ਰੱਖਣ ਲਈ ਪ੍ਰੇਰਨਾ ਕੀ "ਬਾਲ ਠਾਕਰੇ" ਨੇ ਕਰਨੀ ਹੈ ? ਕਈ ਬਾਬੇ ਮਹਾਨ ਅੰਮ੍ਰਿਤ ਸੰਚਾਰ ਸਮਾਗਮ ਰਚ ਕੇ ਦੁਕਾਨ ਚਲਾਉਂਦੇ ਹਨ, ਕਥਾ ਵੇਲੇ ਵੀ ਬਚਨ ਕਰਦੇ ਹਨ 'ਅੰਮ੍ਰਿਤ ਛਕੋ' ਪਰ ਜਦ ਉਹਨਾਂ ਨੂੰ ਕਿਹਾ ਜਾਂਦਾ ਹੈ ਕਿ ਬਾਬਾ ਜੀ ਤੁਸੀਂ ਅੰਮ੍ਰਿਤ ਨਹੀਂ ਛਕਿਆ ? ਝੱਟ ਉੱਤਰ ਦੇਂਦੇ ਹਨ ਕਿ, "ਓ ਜੀ ! ਅਸੀਂ ਨਿਰਮਲੇ ਹਾਂ।" ਉਹਨਾਂ ਨੂੰ ਪੁੱਛਿਆ ਜਾਵੇ ਕੀ ਤੁਹਾਡਾ ਮਨ ਨਿਰਮਲ ਹੋ ਗਿਆ ਹੈ ? ਆਖ਼ਰ ਇਹਨਾਂ ਪਖੰਡੀ ਬਾਬਿਆਂ ਅਤੇ ਇਹਨਾਂ ਦੇ ਜੋੜੀ ਦਾਰ ਅਕਾਲੀ ਕਾਂਗਰਸੀ ਮੰਤਰੀਆਂ ਨੂੰ ਸਿੱਖ ਸੰਗਤਾਂ ਕਿੰਨੀ ਦੇਰ ਬਰਦਾਸ਼ਤ ਕਰਦੀਆਂ ਰਹਿਣਗੀਆਂ ? ਕੀ ਸੰਗਤਾਂ ਉਹਨਾਂ ਬਾਬਿਆਂ ਨੂੰ ਹਾਲੀ ਵੀ ਬਾਬੇ ਹੀ ਮੰਨੀ ਜਾਣਗੀਆਂ ਜਿਨ੍ਹਾਂ ਬਾਰੇ ਅਖ਼ਬਾਰਾਂ ਵਿਚ ਛੱਪਦਾ ਹੈ ਕਿ "ਬਾਬਾ ਜੀ ਖਿਡਾਰੀਆਂ ਨਾਲ ਜਾਣ ਪਛਾਣ ਕਰਦੇ ਹੋਏ", "ਬਾਬਾ ਜੀ ਪਟਕੇ ਦੀ ਕੁਸ਼ਤੀ ਸ਼ੁਰੂ ਕਰਨ ਸਮੇਂ", "ਬਾਬਾ ਜੀ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਦੇ ਹੋਏ", "ਬਾਬਾ ਜੀ ਪ੍ਰਕਾਸ਼ ਸਿੰਘ ਬਾਦਲ ਨੂੰ ਸਿਰੋਪਾ ਦਿੰਦੇ ਹੋਏ" ਜਾਂ "ਪ੍ਰਕਾਸ਼ ਸਿੰਘ ਬਾਦਲ ਬਾਬਾ ਜੀ ਨੂੰ ਸਿਰੋਪਾ ਦਿੰਦੇ ਹੋਏ।"

ਭਨਿਆਰੇ ਵਾਲੇ ਬਾਬੇ ਨੇ 13.04.2001 ਨੂੰ ਵਿਸਾਖੀ ਵਾਲੇ ਦਿਨ ਆਪਣੇ ਗ੍ਰੰਥ ਦਾ ਪਹਿਲਾ ਪ੍ਰਕਾਸ਼ ਉਤਸਵ ਮਨਾਇਆ ਤੇ "ਭਵਸਾਗਰ ਗ੍ਰੰਥ ਸਪਲੀਮੈਂਟ" ਜੱਗਬਾਣੀ ਅਖ਼ਬਾਰ ਨੇ ਛਾਪਿਆ ਮਿਤੀ 13.04.2001 ਨੂੰ। ਇਸੇ ਹੀ ਬਾਬੇ ਨੇ ਆਪਣੇ ਕੁਝ ਸ਼ਿਸ਼ਕਾਰੇ ਹੋਏ ਚੇਲਿਆਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ

ਅਗਨ ਭੇਟ ਕਰਵਾਈਆਂ। ਪੰਜਾਬ ਸਰਕਾਰ ਘੂਕ ਸੁੱਤੀ ਰਹੀ। ਜਦੋਂ ਗੱਲ ਖ਼ਤਰਨਾਕ ਹੱਦ ਤੱਕ ਚਲੀ ਗਈ, ਫਿਰ ਨੀਂਦ ਟੁੱਟੀ।

ਸਿੱਖ ਪੰਥ ਦੇ ਠੇਕੇਦਾਰ, ਸਾਧੂ ਬਾਬੇ ਗੂੰਗੇ ਹੋਏ, ਚੰਡੀਗੜ੍ਹ ਬਾਦਲ ਵੱਲ ਵੇਖਦੇ ਰਹੇ। ਲਾਅਨਤ ਹੈ। ਸੰਗਤਾਂ ਦੇ ਜਾਗਣ ਤੋਂ ਪਹਿਲਾ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਬਾਰੇ ਪ੍ਰੋਗਰਾਮ ਬਾਬਿਆਂ, ਸੰਤ ਸਮਾਜ ਵੱਲੋਂ ਦੇਣਾ ਬਣਦਾ ਸੀ। ਇਕ ਸੰਤ ਸਮਾਜ ਦੀ ਟੋਲੀ ਬਾਦਲ ਨਾਲ ਹੈ ਅਤੇ ਇਕ ਟੋਲੀ ਟੌਹੜੇ ਨਾਲ ਹੈ। ਗੁਰਬਾਣੀ ਸਿਧਾਂਤ ਪ੍ਰਚਾਰਕ ਸੰਤ ਸਮਾਜ ਦਾ ਮੁਖੀ ਸ਼ਮਸ਼ੇਰ ਸਿੰਘ ਜੰਗੇੜਾ ਵੀ ਤਖ਼ਤੀ ਫੜ ਕੇ ਬਾਬੇ ਭਨਿਆਰੇ ਨੂੰ ਵਧਾਈ ਦੇਂਦਾ ਰਿਹਾ। ਸ਼ਾਇਦ ਗੁਰਬਾਣੀ ਦਾ ਸਿਧਾਂਤ ਬਾਬੇ ਜੰਗੇੜਾ ਨੂੰ ਇਹੋ ਕੁਝ ਹੀ ਸਿਖਾਉਂਦਾ ਹੋਵੇ।

ਅਕਾਲੀਆਂ ਦੀ ਵੋਟ ਦੀ ਸਿਆਸਤ ਦਾ ਤੰਦੂਆ ਜਾਲ, ਸਭ ਬਾਬਿਆਂ ਨੂੰ ਗ੍ਰਿਫਤ ਵਿਚ ਲੈ ਚੁੱਕਾ ਹੈ। ਬਾਬੇ ਸਟੇਜ ਉਪਰੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਅਕਾਲੀ ਮੰਤਰੀਆਂ ਦੀ ਤਾਰੀਫ਼ ਦੇ ਝੂਠੇ ਪੁੱਲ ਬੰਨ੍ਹਦੇ ਰਹਿੰਦੇ ਹਨ। ਇਕ ਅਖੌਤੀ ਬਾਬੇ ਨੂੰ ਸ਼ਿਕਾਇਤ ਮਿਲਣ ਤੇ ਅਕਾਲ ਤਖ਼ਤ ਸਾਹਿਬ ਤੇ ਤਲਬ ਕੀਤਾ ਗਿਆ। ਦੋਸ਼ ਬਹੁਤ ਸੰਗੀਨ ਸਨ। ਬਾਬੇ ਨੇ ਆਪਣਾ ਪੱਖ ਫੈਕਸ ਤੇ ਭੇਜ ਦਿੱਤਾ ਅਤੇ ਵਿਚੋਲਾ ਪਾ ਕੇ ਮੁੱਕ ਮੁਕਾਅ ਕਰ ਦਿੱਤਾ 1,50,000 ਵਿਚ। ਹੁਣ ਉਸ ਦਾ ਕੇਸ ਠੱਪ ਹੈ। ਇਹ ਹਾਲ ਹੈ ਤੰਦੂਆ ਜਾਲ ਦਾ।

ਆਪਣੀ ਚੌਧਰ ਦੇ ਪ੍ਰਗਟਾਵੇ ਲਈ ਗੁਰੂ ਗ੍ਰੰਥ ਸਾਹਿਬ ਨੂੰ ਵੀ ਬਾਬੇ ਨਹੀਂ ਬਖਸ਼ਦੇ। ਕੀ ਗੁਰੂ ਗ੍ਰੰਥ ਸਾਹਿਬ ਰੇਲ ਯਾਤਰਾ ਵਾਲੇ ਬਾਬੇ ਦੱਸ ਸਕਦੇ ਹਨ ਕਿ ਉਹਨਾਂ ਦੀ ਰੇਲ ਯਾਤਰਾ ਨੇ ਪੰਥ ਦੀ ਸੇਵਾ ਕੀਤੀ ਜਾਂ ਹਾਸੋਹੀਣਾ ਬਣਾਇਆ ? ਕੀ ਬਾਬਿਆਂ ਦੀ ਉਸ ਰੇਲ ਨੂੰ ਕੋਈ ਸਿਆਸੀ ਲੀਡਰ ਹੀ ਝੰਡੀ ਕੇ ਕੇ ਰਵਾਨਾ ਕਰ ਸਕਦਾ ਸੀ ?

ਕਿਉਂਕਿ ਅਖੌਤੀ ਫੈਡਰੇਸ਼ਨਾਂ ਹੋਰ ਜਥੇਬੰਦੀਆਂ ਆਦਿ ਵੀ ਬਾਦਲ ਦੇ ਮੂੰਹ ਵੱਲ ਹੀ ਵੇਖਣ ਵਾਲੀਆਂ ਹਨ, ਇਸ ਲਈ ਸੰਗਤਾਂ ਹੀ ਉੱਦਮ ਕਰਨ :

1. ਸ਼ਹਿਰ/ਕਸਬਾ/ਪਿੰਡ ਪੱਧਰ 'ਤੇ ਤਿਆਰ ਬਰ ਤਿਆਰ ਸਿੰਘਾਂ ਦੇ ਜੱਥੇ ਤਿਆਰ ਕੀਤੇ ਜਾਣ ਤਾਂ ਜੋ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਨੂੰ ਠੱਲ੍ਹ ਪੈ ਸਕੇ।
2. ਇਹ ਕਮੇਟੀਆਂ ਗੁਰਸਿੱਖ ਬੁਧੀਜੀਵੀਆਂ ਦੇ ਇਕ ਪੰਥਕ ਪੈਨਲ ਨੂੰ ਜਵਾਬਦੇਹ ਹੋਣ। ਇਹ ਪੈਨਲ ਤਿਆਰ ਕਰਦੇ ਸਮੇਂ ਅਕਾਲੀ ਲੀਡਰਾਂ ਨੂੰ ਪਾਸੇ ਰੱਖਿਆ ਜਾਵੇ। ਦੂਸਰੇ ਧਰਮਾਂ ਦੇ ਸਹੀ ਸੋਚ ਵਾਲੇ ਵੀਰ ਵੀ ਲਏ ਜਾ ਸਕਦੇ ਹਨ।
3. ਬਾਬਿਆਂ ਦੇ ਸਭ ਡੇਰਿਆਂ ਦੀ ਨਜ਼ਰਸਾਨੀ ਕੀਤੀ ਜਾਵੇ। ਜਿਥੇ

ਗੁਰਮਤ ਵਿਰੋਧੀ ਕਾਰਵਾਈ ਹੋ ਰਹੀ ਹੋਵੇ, ਉਸਨੂੰ ਠੱਲ੍ਹ ਪਾਉਣ ਦੇ ਯੋਗ ਉਪਰਾਲੇ ਕੀਤੇ ਜਾਣ।

4. ਜਿਹੜੇ ਅਕਾਲੀ ਲੀਡਰ (ਟੌਹੜਾ ਬਾਦਲ ਐਂਡ ਕੰਪਨੀ) ਪੰਥ ਦਾ ਵਾਸਤਾ ਪਾ ਕੇ ਵੋਟਾ ਮੰਗਣ ਆਉਂਦੇ ਹਨ, ਇਸ ਇਲੈਕਸ਼ਨ ਵਿਚ ਵੋਟਾਂ ਮੰਗਣ ਆਉਣ ਸਮੇਂ, ਉਹਨਾਂ ਦੀ ਸਿੱਖ ਸੰਗਤਾਂ ਵੱਲੋਂ ਚੰਗੀ ਤਰ੍ਹਾਂ ਨਾਲ ਕਲਾਸ ਲਗਾਈ ਜਾਵੇ।
5. ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸਭ ਬਾਬਿਆਂ ਦਾ ਕੱਚਾ ਚਿੱਠਾ ਪੇਸ਼ ਕੀਤਾ ਜਾਵੇ ਅਤੇ ਜਥੇਦਾਰ ਨੂੰ ਵੀ ਨਿਰਪੱਖ, ਸਰਬ ਸਾਂਝਾ ਰਹਿਣ ਦੀ ਬੇਨਤੀ ਕੀਤੀ ਜਾਵੇ।
6. ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਵੀ ਮਿਲ ਕੇ ਉਪਰੋਕਤ ਬਾਰੇ ਜਾਣੂ ਕਰਵਾਇਆ ਜਾਵੇ ਤੇ ਸਹਿਯੋਗ ਲਿਆ ਜਾਵੇ।

(ਸਪੋਕਸਮੈਨ 'ਚੋਂ ਧੰਨਵਾਦ ਸਹਿਤ)

## ਨਾਨਕਸਰੀਆ ਬਾਬਾ ਅਮਰ ਸਿੰਘ ਵੱਲੋਂ ਸੁਰਿੰਦਰ ਕੌਰ ਦੀ ਕੀਮਤੀ ਜਾਇਦਾਦ ਹਥਿਆਉਣ ਅਤੇ ਅਦਾਲਤ ਵੱਲੋਂ ਜਾਇਦਾਦ ਵਾਪਸ ਕਰਵਾਉਣ ਦੀ ਵਿਥਿਆ

ਬਾਬਾ ਅਮਰ ਸਿੰਘ ਨਿਊਜ਼ੀਲੈਂਡ ਵਿਚ ਕਸੂਤਾ ਫਸਿਆ: ਵੈਨਕੂਵਰ ਅਦਾਲਤੀ ਕੇਸ ਤੋਂ ਬਾਅਦ ਬਾਬਾ ਅਮਰ ਸਿੰਘ ਨਿਊਜ਼ੀਲੈਂਡ ਵਿਚ ਕਸੂਤੀ ਸਥਿਤੀ ਵਿਚ ਫਸ ਗਿਆ ਜਾਪਦਾ ਹੈ। ਸਾਰੀਆਂ ਸਿੱਖ ਸੁਸਾਇਟੀਆਂ ਨੇ ਇਕੱਠਿਆਂ ਹੋ ਕੇ ਨਿਊਜ਼ੀਲੈਂਡ ਸਰਕਾਰ ਕੋਲ ਉਸ ਦਾ ਭਾਂਡਾ ਭੰਨ ਦਿੱਤਾ ਹੈ। ਸਾਡੇ ਸੂਤਰਾਂ ਅਨੁਸਾਰ ਪਿਛਲੇ ਹਫ਼ਤੇ ਦੌਰਾਨ ਬਾਬਾ ਅਮਰ ਸਿੰਘ ਵਿਰੁਧ 2 ਪੁਲਿਸ ਕੇਸ ਦਰਜ ਹੋ ਚੁੱਕੇ ਹਨ ਜਿਨ੍ਹਾਂ ਵਿਚ ਦੋ ਸਿੱਖ ਨੌਜੁਆਨ ਲੜਕੀਆਂ ਨੇ ਬਾਬੇ ਵਿਰੁਧ ਗੰਭੀਰ ਦੋਸ਼ ਲਾਏ ਹਨ। ਅਦਾਰਾ 'ਸਾਂਝ ਸਵੇਰਾ' ਨੂੰ ਨਿਊਜ਼ੀਲੈਂਡ ਤੋਂ ਪੁੱਜੀ ਫੈਕਸ ਅਨੁਸਾਰ ਇਹ ਕਿੱਸਾ ਉਸ ਵੇਲੇ ਸ਼ੁਰੂ ਹੋਇਆ ਜਦੋਂ 7 ਜੁਲਾਈ ਇਮੀਗਰੇਸ਼ਨ ਮਨਿਸਟਰ ਗੁਰੂ ਘਰ ਵਿਖੇ ਆਇਆ। ਇਸ ਮੌਕੇ ਇਕ ਸਿੱਖ ਨੌਜੁਆਨ ਲੜਕੀ ਨੇ ਕਮੇਟੀ ਕੋਲ ਆ ਕੇ ਆਪਣੀ ਸਾਰੀ ਦੁੱਖ ਭਰੀ ਕਹਾਣੀ ਬਿਆਨੀ ਤਾਂ ਕਮੇਟੀ ਨੇ ਉਸਨੂੰ ਸਿੱਧਾ ਮਨਿਸਟਰ ਨਾਲ ਮਿਲਾ ਦਿੱਤਾ। ਲੜਕੀ ਨੇ ਮਨਿਸਟਰ ਨੂੰ ਦੱਸਿਆ ਕਿ ਬਾਬੇ ਨੇ ਉਸ ਦੇ ਪ੍ਰਵਾਰ ਕੋਲੋਂ 5 ਲੱਖ ਰੁਪਏ ਇਥੇ ਪੱਕਿਆਂ ਕਰਵਾਉਣ ਦੇ ਲਏ ਹਨ ਤੇ ਇਥੇ ਆ ਕੇ ਉਸ ਪ੍ਰਵਾਰ ਨੂੰ ਚਿੱਠੀ ਪਾ ਦਿੱਤੀ ਕਿ 2 ਲੱਖ ਹੋਰ ਦਿਉ ਨਹੀਂ ਤਾਂ ਉਨ੍ਹਾਂ ਦੀ ਕੁੜੀ ਵਾਪਸ ਆ ਜਾਵੇਗੀ। ਉਸ ਲੜਕੀ ਨੇ ਦੱਸਿਆ ਕਿ ਉਸਦੇ ਬਾਪ ਨੇ ਜ਼ਮੀਨ ਗਹਿਣੇ ਧਰ ਕੇ ਬਾਬੇ ਨੂੰ ਪੈਸੇ ਦਿੱਤੇ ਹਨ। ਉਸ

ਲੜਕੀ ਨੇ ਦੱਸਿਆ ਕਿ "ਬਾਬਾ ਸਾਨੂੰ 5 ਲੜਕੀਆਂ ਨੂੰ ਪ੍ਰਚਾਰਕਾਂ ਬਣਾ ਕੇ ਲਿਆਇਆ ਸੀ। ਏਅਰਪੋਰਟ ਤੇ ਹੀ ਇਹਦੇ ਬੰਦਿਆਂ ਨੇ ਸਾਡੇ ਪਾਸਪੋਰਟ ਜ਼ਬਤ ਕਰ ਲਏ ਤੇ ਸਾਨੂੰ ਪੰਜਾਂ ਲੜਕੀਆਂ ਨੂੰ ਵੱਖ-ਵੱਖ ਕਮਰਿਆਂ ਵਿਚ ਰੱਖਿਆ।"

ਉਨ੍ਹਾਂ ਨਾਲ ਉਥੇ ਕੀ ਬੀਤੀ, ਇਹ ਦੱਸਣ ਵੇਲੇ ਉਹ ਫੁੱਟ ਫੁੱਟ ਕੇ ਰੋ ਪੈਂਦੀਆਂ ਹਨ। ਪ੍ਰਾਪਤੀ ਜਾਣਕਾਰੀ ਅਨੁਸਾਰ ਨਿਊਜ਼ੀਲੈਂਡ ਦਾ ਇਮੀਗ੍ਰੇਸ਼ਨ ਵਿਭਾਗ ਇਸ ਮਸਲੇ ਦੀ ਸਰਗਰਮੀ ਨਾਲ ਜਾਂਚ ਕਰ ਰਿਹਾ ਹੈ। ਇਮੀਗ੍ਰੇਸ਼ਨ ਵਿਭਾਗ ਨੇ ਸੁਸਾਇਟੀਆਂ ਦੇ ਨੁਮਾਇੰਦਿਆਂ ਨੂੰ ਦੱਸਿਆ ਕਿ ਬਾਬੇ ਨੇ ਪਿਛਲੇ 6 ਮਹੀਨਿਆਂ ਵਿਚ 40-50 ਪ੍ਰਚਾਰਕ ਇਹ ਕਹਿ ਕੇ ਮੰਗਵਾਏ ਹਨ ਕਿ ਇਥੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਈ ਜਾ ਰਹੀ ਹੈ।

**ਨਾਨਕਸਰੀਏ ਸਾਧ ਅਮਰ ਸਿੰਘ ਨੂੰ ਸ਼ਰਧਾਲੂ ਬੀਬੀ ਤੋਂ ਹੜੱਪੀ ਜ਼ਮੀਨ ਵਾਪਸ ਕਰਨੀ ਪਈ :** ਬ੍ਰਿਟਿਸ਼ ਕੁਲੰਬੀਆ ਦੀ ਸੁਪਰੀਮ ਕੋਰਟ ਨੇ ਨਾਨਕਸਾਰ ਦੇ ਮੁਖੀ ਬਾਬਾ ਅਮਰ ਸਿੰਘ ਵੱਲੋਂ ਇਕ ਸ਼ਰਧਾਲੂ ਸੁਰਿੰਦਰ ਕੌਰ ਸਿੱਧੂ ਤੋਂ ਲਈ ਜ਼ਮੀਨ ਨੂੰ ਉਸਦੀ ਬੱਚੀ ਤੇਗ ਕੌਰ ਨੂੰ ਵਾਪਸ ਕਰ ਦੇਣ ਦਾ ਫੈਸਲਾ ਦਿੱਤਾ ਹੈ।

**ਨਾਨਕਸਰੀਆਂ ਦੇ ਸੰਪਟ ਪਾਠ ਅਤੇ ਠਾਠ :** ਵਿਚਾਰ ਗੋਚਰੀ ਗੱਲ ਹੈ ਕਿ ਸਿੱਖ ਵਿਦਵਾਨਾਂ ਮੁਤਾਬਕ ਗੁਰੂ ਸ਼ਬਦ ਦਾ ਅੰਤ੍ਰੀਵ ਭਾਵ ਰਹਾਓ ਦੀ ਤੁਕ ਵਿਚ ਹੁੰਦਾ ਹੈ ਜਾਂ ਪੂਰਾ ਸ਼ਬਦ ਪੜ੍ਹਨ ਤੇ ਅਤੇ ਵਿਚਾਰ ਕਰਨ ਉਪਰੰਤ ਸੋਝੀ ਮਿਲਦੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਹੋ ਜਿਹੇ ਸੰਪਟ ਅਖੰਡ ਪਾਠ ਮੰਤਰ ਰਟਨ, ਵਾਰ ਉਹੀ ਤੁਕ ਪੜ੍ਹਨੀ ਬਿਪਰਨ ਕੀ ਰੀਤ ਦੀ ਨਕਲ ਹਨ, ਬਾਣੀ ਦਾ ਅਖੰਡ ਪਾਠ ਨਹੀਂ। ਨਿਰੰਤਰ ਬਾਣੀ ਪੜ੍ਹਦਿਆਂ 'ਸੰਪਟ' ਆਪਣੀ ਮਨਮਤ ਮੁਤਾਬਕ।

**ਗੁਰਦੁਆਰਾ ਜਾਂ ਠਾਠ :** ਇਨ੍ਹਾਂ ਡੇਰਿਆਂ ਵਿਚ ਵੱਡੇ ਸੰਤ ਮਹਾਂਪੁਰਸ਼ ਦੀ ਵੱਡੇ ਕੱਦ ਵਾਲੀ ਫੋਟੋ ਲੱਗੀ ਦੇਖੀ ਜਾ ਸਕਦੀ ਹੈ। ਅਖੌਤੀ ਸੰਤ ਆਪ ਵੀ ਵਿੰਗੇ ਟੇਢੇ ਤਰੀਕੇ ਨਾਲ ਗੁਰੂ ਨਾਨਕ ਦਾ ਅਵਤਾਰ ਅਖਵਾਂਦਾ ਹੈ। ਭਾਵੇਂ ਇਸ ਦੰਭੀ ਸੰਤ ਨੂੰ ਕਈ ਮੁਲਕਾਂ ਵਿਚ ਵਸਦੇ ਸਿੱਖਾਂ ਵੱਲੋਂ ਫਿਟ ਲਾਹਨਤਾਂ ਪਾਈਆਂ ਜਾ ਚੁੱਕੀਆਂ ਹਨ ਤੇ ਇਹਦੇ ਕੁਕਰਮਾਂ ਕਾਰਨ ਕਈ ਮੁਲਕਾਂ ਵਿਚੋਂ ਡੀਪੋਰਟ ਵੀ ਕੀਤਾ ਜਾ ਚੁੱਕਾ ਹੈ ਪਰ ਬਲਿਹਾਰ ਜਾਈਏ ਇਸ ਦੀ ਢੀਠਤਾ 'ਤੇ ਅਤੇ ਇਸਦੇ ਸ਼ਰਧਾਲੂਆਂ ਦੇ ਜਿਹੜੇ ਸਭ ਕੁਝ ਦੇਖਦੇ ਤੇ ਸੁਣਦੇ ਹੋਏ ਵੀ ਆਪਣੀਆ ਸੁਆਰਥੀ ਰੁਚੀਆਂ ਕਾਰਨ ਅਤੇ ਅੰਧ-ਵਿਸ਼ਵਾਸ ਕਾਰਨ ਮਾਰ ਖਾਈ ਜਾ ਰਹੇ ਹਨ। ਸਭ ਤੋਂ ਵੱਡੀ ਦੁੱਖੀ ਦੀ ਗੱਲ ਤਾਂ ਇਹ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਜੁਗਿੰਦਰ ਸਿੰਘ ਵੇਦਾਂਤੀ, ਜਿਹੜੇ ਕਿ ਸਿੱਖ ਮਰਯਾਦਾ ਨੂੰ ਲਾਗੂ ਕਰਨ ਲਈ ਵਚਨਬੱਧ ਹਨ, ਆਪਣੀ ਇੰਗਲੈਂਡ ਫੇਰੀ ਸਮੇਂ ਇਸ ਡੇਰੇ ਦੀ ਚਰਨ ਧੂੜ ਲੈਣ ਜਾਂ ਮਾਇਆ

ਦਾ ਗੱਫਾ ਉਗਰਾਹੁਣ ਲਈ ਇਥੇ ਪਧਾਰੇ ਸਨ। ਪ੍ਰਸਿੱਧ ਕਥਾ ਵਾਚਕ, ਗੁਰੂ ਦੇ ਕੀਰਤਨੀਏ ਸਭ ਕੁਝ ਸਮਝਦੇ ਹੋਏ ਵੀ ਮਾਇਆ ਦੇ ਖਿੱਚੇ ਇਸ ਠਾਠ ਤੇ ਜ਼ਰੂਰ ਆਉਂਦੇ ਹਨ। ਮਾਇਆ ਦੇ ਗੱਫਿਆਂ ਨਾਲ ਤ੍ਰਿਪਤ ਤਾਂ ਜ਼ਰੂਰ ਹੋ ਜਾਂਦੇ ਹੋਣਗੇ ਪਰ ਗੁਰਮਤਿ ਸਿਧਾਂਤ ਦੇ ਜੜ੍ਹੀਂ ਤੇਲ ਦੇਣ ਦੇ ਵੱਡੇ ਜ਼ਿੰਮੇਵਾਰ ਵੀ ਬਣਦੇ ਹਨ।

**ਪਾਣੀ ਦੀਆਂ ਗਗਰਾਂ** : ਕਈ ਗੁਰਦੁਆਰਿਆਂ ਵਿਚ ਪ੍ਰਬੰਧਕਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਦੇ ਨੇੜੇ ਪਾਣੀ ਨਾਲ ਭਰੀਆਂ ਗਾਗਰਾਂ, ਪਤੀਲੇ ਜਾਂ ਬੋਤਲਾਂ ਰੱਖੀਆਂ ਹੁੰਦੀਆਂ ਹਨ। ਪ੍ਰਬੰਧਕਾਂ ਅਤੇ ਅੰਧ-ਵਿਸ਼ਵਾਸੀ ਲੋਕਾਂ ਦਾ ਖ਼ਿਆਲ ਹੈ ਕਿ ਇਸ ਪਾਣੀ ਵਿਚ ਗੁਰਬਾਣੀ ਘੁਲ ਜਾਂਦੀ ਹੈ ਤੇ ਇਹ ਪਾਣੀ 'ਅੰਮ੍ਰਿਤ' ਬਣ ਜਾਂਦਾ ਹੈ। ਇਸ ਜਲ ਨੂੰ ਅੰਮ੍ਰਿਤ ਸਮਝ ਕੇ ਸੰਗਤਾ ਆਪਣੇ ਘਰਾਂ ਨੂੰ ਲੈ ਜਾਂਦੀਆਂ ਹਨ। ਗੁਰਦੁਆਰੇ ਵਿਚ ਵੀ ਲੰਗਰ ਹਾਲ ਵਿਚ 'ਅੰਮ੍ਰਿਤ' ਸੁੱਚੇ ਗਲਾਸ ਗਲਾਸ ਵਿਚ ਵੰਡਿਆ ਜਾਂਦਾ ਹੈ। ਇਸ 'ਅੰਮ੍ਰਿਤ' ਨੂੰ ਛਕ ਕੇ ਸ਼ਰਧਾਲੂ ਰਾਜ਼ੀ ਖੁਸ਼ੀ ਰਹਿਣ ਦਾ ਭਰਮ ਪਾਲਦੇ ਹਨ। ਆਪਣੇ ਘਰਾਂ ਵਿਚ ਜਲ ਦਾ ਛਿੱਟਾ ਦੇ ਕੇ ਘਰਾਂ ਨੂੰ ਪਵਿੱਤਰ ਹੋਇਆ ਸਮਝਦੇ ਹਨ। ਪ੍ਰੰਤੂ ਗੁਰੂ ਦਾ ਹੁਕਮ ਤਾਂ ਇਹ ਹੈ ਕਿ 'ਅੰਮ੍ਰਿਤ ਏਕੋ ਨਾਮ ਹੈ"। ਸਿੱਖ ਰਹਿਤ ਮਰਯਾਦਾ ਮੁਤਾਬਕ ਵੀ ਅੰਮ੍ਰਿਤ ਸਿਰਫ਼ ਉੱਚੇ ਸੁੱਚੇ ਜੀਵਨ ਵਾਲੇ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬਾਣੀ ਪੜ੍ਹ ਕੇ ਤੇ ਖੰਡੇ ਦੀ ਪਾਹੁਲ ਤਿਆਰ ਕਰਕੇ ਅਭਿਲਾਸ਼ੀ ਸਿੱਖਾਂ ਨੂੰ ਛਕਾ ਕੇ, ਗੁਰੂ ਦੇ ਲੜ ਲਾਉਂਦੇ ਹਨ। ਗਾਗਰਾਂ ਜਾਂ ਬੋਤਲਾਂ ਵਿਚ ਰੱਖਿਆ ਜਲ ਅੰਮ੍ਰਿਤ ਸਮਝ ਕੇ ਛਕਣਾ ਬਿਪਰਨ ਕੀ ਰੀਤ ਹੈ। ਇਹ ਕਰਮਕਾਂਡੀ ਰਸਮ ਸਭ ਗੁਰਦੁਆਰਿਆਂ ਵਿਚ ਚਲਦੀ ਹੈ।

**ਮੁਰਦੇ ਨੂੰ ਗੁਰਦੁਆਰੇ ਲਿਜਾਣ ਦੀ ਰਸਮ** : ਵੀ ਜ਼ੋਰ ਫੜਦੀ ਜਾ ਰਹੀ ਹੈ। ਮੇਰੀ ਤੁਛ ਬੁੱਧੀ ਅਨੁਸਾਰ ਮੁਰਦੇ ਨੂੰ ਗੁਰਦੁਆਰੇ ਲਿਆਉਣਾ, ਮੱਥਾ ਟਿਕਾਉਣਾ, ਕੀਰਤਨ ਸੁਣਾਉਣਾ ਜਾਂ ਸਿਰੋਪਾਓ ਦੀ ਬਖ਼ਸ਼ਿਸ਼ ਕਰਨੀ ਘੋਰ ਮਨਮਤਿ ਹੈ। ਤੁਸੀਂ ਹੈਰਾਨ ਹੋਵੋਗੇ ਕਿ ਇਕ ਸਮੇਂ ਜਥੇਦਾਰ ਮਨਜੀਤ ਸਿੰਘ ਭਾਈ ਨੌਰੰਗ ਸਿੰਘ (ਸਵਰਗੀ) ਦੇ ਅਕਾਲ ਚਲਾਣੇ ਸਮੇਂ ਸ੍ਰੀ ਅੰਮ੍ਰਿਤਸਰ ਤੋਂ ਆ ਕੇ ਸਿਰੋਪਾਓ ਦੀ ਬਖ਼ਸ਼ਿਸ਼ ਕਰਕੇ ਪੱਕੀ ਮੋਹਰ ਲਗਾ ਗਏ ਹਨ। ਮੁਰਦੇ ਦਾ ਬਕਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਰੱਖਿਆ ਗਿਆ। ਗਿਆਨੀ ਅਮੋਲਕ ਸਿੰਘ ਨੇ ਵੈਰਾਗਮਈ ਕੀਰਤਨ ਮੁਰਦੇ ਨੂੰ ਸੁਣਾਇਆ। ਇਥੇ ਹੀ ਬਸ ਨਹੀਂ, ਪੰਜ ਪਿਆਰਿਆਂ ਦੀ ਅਗਵਾਈ ਵਿਚ ਨੜੋਆ ਸ਼ਮਸ਼ਾਨ ਭੂਮੀ ਲਿਜਾਇਆ ਗਿਆ। ਦੋਹਾਂ ਹੀ ਥਾਵਾਂ 'ਤੇ ਜਥੇਦਾਰ ਮਨਜੀਤ ਸਿੰਘ ਨੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸੇ ਕੀਤੇ। ਜਦ ਸਾਡੇ ਜਥੇਦਾਰ ਹੀ ਇਹੋ ਜਿਹੀ ਮਨਮਤਿ ਕਰਨ ਤਾਂ ਸੰਗਤਾਂ ਦਾ ਕੀ ਹਾਲ ਹੋਵੇਗਾ ?

**ਅਨੰਦ ਵਿਵਾਹ ਤੇ ਸਿਰੋਪਾਉ** : 1909 ਵਿਚ ਵੱਡੀ ਘਾਲਣਾ ਘਾਲਣ ਬਾਅਦ ਅਨੰਦ ਵਿਵਾਹ ਨੂੰ ਸਰਕਾਰੀ ਤੌਰ 'ਤੇ ਮੰਨਿਆ ਗਿਆ। ਇੰਗਲੈਂਡ ਵਿਚ ਮਾਇਆ ਦੇ ਪਸਾਰੇ ਕਾਰਨ ਗੁਰਮਤਿ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਮੁੰਡੇ ਕੁੜੀ ਦੇ ਧਾਰਮਿਕ ਨਿਸ਼ਚੇ ਹੋਰ ਹੋਰ ਹੋਣ ਦੇ ਬਾਵਜੂਦ ਵੀ ਅਨੰਦ ਵਿਵਾਹ ਦੀ ਰਸਮ ਚਾਰ ਲਾਵਾਂ ਪੜ੍ਹ ਕੇ, ਉਪਰੰਤ ਕੀਰਤਨ ਤੇ ਪਰਕਰਮਾ ਕਰ ਕੇ ਪੂਰੀ ਕੀਤੀ ਜਾਂਦੀ ਹੈ। ਅਨੰਦ ਵਿਵਾਹ ਇਕ ਪਵਿੱਤਰ ਰਸਮ ਹੈ ਅਤੇ ਆਪਣੇ ਇਸ਼ਟ ਗੁਰੂ ਗ੍ਰੰਥ ਸਾਹਿਬ ਸਾਹਮਣੇ ਵਿਵਾਹ ਨੂੰ ਕਾਮਯਾਬ ਰੱਖਣ ਦੀ ਰਸਮ ਹੁੰਦੀ ਹੈ। ਜਦ ਮੁੰਡੇ ਕੁੜੀ ਦੇ ਇਸ਼ਟ ?ਭਤਰਖਹ! ਹੀ ਇਕ ਦੂਸ਼ਰੇ ਦੇ ਉਲਟ ਹੋਣ ਤਾਂ ਇਹ ਪਵਿੱਤਰ ਰਸਮ ਇਕ ਡਰਾਮਾ ਬਣ ਕੇ ਹੀ ਰਹਿ ਜਾਂਦੀ ਹੈ। ਇਹ ਰਸਮ ਵੀ ਗੁਰਦੁਆਰਿਆਂ ਵਿਚ ਗੋਲਕਾਂ ਭਰਨ ਲਈ ਕੀਤੀ ਜਾਂਦੀ ਹੈ। ਏਥੇ ਹੀ ਬਸ ਨਹੀਂ, ਵਿਆਹ ਦੀ ਰਸਮ ਉਪਰੰਤ ਜੋੜੀ ਨੂੰ ਕਿਸੇ ਨਾ ਕਿਸੇ ਮਹਾਂਪੁਰਸ਼ ਬਾਬੇ ਵੱਲੋਂ ਜਾਂ ਬਾਬੇ ਦੇ ਚੇਲੇ ਵੱਲੋਂ ਸਿਰੋਪਾਓ ਦਿੱਤਾ ਜਾਂਦਾ ਹੈ ਜੋ ਗੁਰਮਤਿ ਸਿਧਾਂਤ ਦੇ ਬਿਲਕੁਲ ਉਲਟ ਹੈ।

**ਸ਼ਖ਼ਸੀ ਪੂਜਾ** : ਕਈ ਸੰਤਾਂ ਦੇ ਡੇਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤਾਂ ਜ਼ਰੂਰ ਹੁੰਦਾ ਹੈ ਪ੍ਰੰਤੂ ਦੇਹਧਾਰੀ ਗੁਰੂਡੰਮ ਜ਼ਿਆਦਾ ਚਲਦਾ ਹੈ। ਬਰਮਿੰਘਮ ਦੇ ਡੇਰਿਆਂ ਵਿਚ ਸੰਤ ਜੀ ਦੇ ਆਉਣ ਦੀ ਉਡੀਕ ਵਿਚ ਸੰਗਤਾਂ ਹੱਥ ਜੋੜੀ ਦਰਸ਼ਨਾਂ ਲਈ ਬਿਹਬਲ ਹੋਈਆਂ ਖੜੀਆਂ ਹੁੰਦੀਆਂ ਹਨ। ਬਾਬਾ ਜੀ ਨੂੰ ਡੰਡਉਤ ਬੰਦਨਾ ਨਾਲ ਨਿਵਾਜਿਆ ਜਾਂਦਾ ਹੈ। ਇਥੇ ਹੀ ਬਸ ਨਹੀਂ, ਬਾਬਾ ਜੀ ਦੇ ਆਉਣ ਤੇ ਘੜਿਆਲ ਖੜਕਦੇ ਹਨ। ਉਪਰੰਤ ਬਾਬਾ ਜੀ ਆਪਣੇ ਹੱਥੀਂ ਆਪਣੀ ਸਪੈਸ਼ਨ ਲੰਗਰ ਛਕਾਉਂਦੇ ਹਨ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਗੁਰੂ ਕਾ ਲੰਗਰ ਹੇਠਾਂ ਚੱਲਦਾ ਹੈ ਪਰ ਉਪਰ ਸੰਤਾਂ ਦਾ ਸਪੈਸ਼ਲ ਲੰਗਰ ਸ਼ਰਧਾਲੂਆਂ ਲਈ ਹੁੰਦਾ ਹੈ। ਕਿੰਨਾ ਨਿਰਾਦਰ ਹੈ ਗੁਰੂ ਕੇ ਲੰਗਰ ਦਾ।

ਅਖੰਡ ਪਾਠ ਆਰੰਭ ਕਰਨ ਤੋਂ ਪਹਿਲਾਂ ਨਾਰੀਅਲ ਲਾਲ ਕੱਪੜੇ ਵਿਚ ਰੱਖਣਾ, ਜੋਤਾਂ ਜਗਾਉਣੀਆਂ, ਅੰਨ ਦੇ ਦਾਣੇ ਰੱਖਣੇ ਆਦਿ ਕਰਮਕਾਂਡ ਕੀਤੇ ਜਾਦੇ ਹਨ। ਸ਼ੰਖ ਵਜਾਉਣੇ, ਆਰਤੀ ਕਰਨੀ ਤੇ ਫੁੱਲਾਂ ਦੀ ਬਰਖਾ ਕਰਨੀ ਸਭ ਬਿਪਰਨ ਦੇ ਕਰਮਕਾਂਡ ਹਨ ਜਿਨ੍ਹਾਂ ਤੋਂ ਗੁਰੂ ਸਾਹਿਬ ਨੇ ਵਰਜਿਆ ਹੈ। ਸਿੱਖ ਧਰਮ ਸਿਰਫ਼ ਅਕਾਲ ਪੁਰਖ ਦਾ ਪੁਜਾਰੀ ਹੈ, ਸ਼ਬਦ ਦਾ ਪੁਜਾਰੀ ਹੈ। ਸੋ "ਗੁਰਦੁਆਰੈ ਹੋਇ ਸੋਝੀ ਪਾਇਸੀ" ਦਾ ਸੱਚਾ ਰਾਹ ਅਪਨਾਉਣ ਦੀ ਹੀ ਕੋਸ਼ਿਸ਼ ਹੋਣੀ ਚਾਹੀਦੀ ਹੈ ਤਾਂ ਜੋ ਗੁਰੂ ਮਿਹਰ ਦੇ ਪਾਤਰ ਬਣ ਸਕੀਏ।

## ਬਾਬਾ ਵਿਰਸਾ ਸਿੰਘ ਦਿੱਲੀ ਵਾਲਾ

ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਅਖੌਤੀ ਕੁਝ ਡੇਰਿਆਂ ਦੀ ਹਾਲਤ ਇਥੋਂ ਤੱਕ ਨਿਘਰ ਚੁੱਕੀ ਹੈ ਕਿ ਇਹਨਾਂ ਡੇਰਿਆਂ ਦੇ ਮੁਖੀ ਲੋਕਾਂ ਦੀਆਂ ਭੀੜਾਂ ਇਕੱਠੀਆਂ ਕਰਨ ਲਈ ਕੋਈ ਨਾ ਕੋਈ ਗੁਰਮਤਿ ਵਿਰੋਧੀ ਢੌਂਗ ਚਰ ਕੇ ਚੰਗੀ ਲੁੱਟ ਖਸੁੱਟ ਕਰਕੇ, ਅਮੀਰ ਡੇਰਿਆਂ ਦੀ ਕਤਾਰ ਵਿਚ ਖੜ੍ਹੇ ਹੋ ਰਹੇ ਹਨ। ਅੱਡ-ਅੱਡ ਧਰਮਾਂ ਦੇ ਲੋਕ ਇਕੱਠੇ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਹੋਕੇ ਦਿੱਤੇ ਜਾ ਰਹੇ ਹਨ ਜਿਵੇਂ, ਬਾਬਾ ਜੀ ਨੂੰ ਸੁਪਨੇ ਵਿਚ ਈਸਾ ਮਸੀਹ ਦੇ ਦਰਸ਼ਨ ਹੋਏ। ਮੁਹੰਮਦ ਸਾਹਿਬ ਨਾਲ ਗੱਲਾਂ ਹੋਈਆਂ। ਮੰਤਵ ਇਹੀ ਹੈ ਕਿ ਹੋਰ ਧਰਮਾਂ ਦੇ ਲੋਕ ਵੀ ਬਾਬੇ ਦੇ ਪੈਰੀਂ ਪੈਣ। ਧਰਮ ਨਿਰਪੱਖਤਾ ਦੇ ਬਹਾਨੇ ਇਹ ਦੂਜੇ ਧਰਮਾਂ ਦੇ ਤਿਓਹਾਰ ਵੀ ਆਪਣੇ ਡੇਰਿਆਂ ਵਿਚ ਮਨਾ ਰਹੇ ਹਨ। ਇਹ ਸਾਧ ਵਿਰਸਾ ਸਿੰਘ ਵੀ ਐਸਾ ਹੀ ਹੈ। ਇਹ ਸਾਰਾ ਪ੍ਰਚਾਰ R.S.S. ਦੇ ਹੱਕ ਵਿਚ ਕਰ ਰਿਹਾ ਹੈ ਕਿ ਕੋਈ ਮਨੁੱਖ ਕੇਸਾਂ ਤੋਂ ਬਿਨ੍ਹਾਂ ਵੀ ਸਿੱਖ ਹੋ ਸਕਦਾ ਹੈ। ਕੇਸਾਂ ਦੀ ਕੀ ਲੋੜ ਹੈ। ਇਹ ਕਿਹੜੀ ਸਿੱਖੀ ਦਾ ਪ੍ਰਚਾਰ ਹੈ ਜਿਹੜਾ ਇਹ ਸਾਧ ਕਰ ਰਿਹਾ ਹੈ।

ਮਿਤੀ 4 ਸਤੰਬਰ 2001 ਪੰਜਾਬੀ ਟ੍ਰਿਬਿਊਨ ਦੀ ਖ਼ਬਰ ਮੇਰੇ ਸਾਹਮਣੇ ਪਈ ਹੈ। ਬਾਬਾ ਵਿਰਸਾ ਸਿੰਘ ਦੇ ਅਰਾਧਨਾ ਸਥਾਨ ਗੋਬਿੰਦ ਸਦਲ ਦਿੱਲੀ ਵਿਖੇ ਸ੍ਰੀ ਚੰਦ ਦਾ ਜਨਮ ਦਿਹਾੜਾ ਮਨਾਇਆ 26 ਅਗਸਤ ਦੇ ਮੁੱਖ ਸਮਾਗਮ ਦੀ ਸ਼ੁਰੂਆਤ ਚੰਡੀ ਦੀ ਵਾਰ ਦੇ ਪਾਠ ਨਾਲ ਕੀਤੀ ਗਈ! ਅਖੰਡ ਪਾਠਾਂ ਦੇ ਭੋਗ ਪਏ। ਕੀਰਤਨ ਦਰਬਾਰ ਹਵਨ ਕੀਤੇ ਗਏ। ਮੋਮਬੱਤੀਆਂ ਵੀ ਜਗਾਈਆਂ। ਕਵਾਲਾਂ ਨੇ ਦਸਮ ਪਾਤਸ਼ਾਹ ਦੀ ਉਸਤਤ ਵਿਚ ਕਵਾਲੀਆਂ ਵੀ ਗਾਈਆਂ। ਅਤੇ ਸਦਨ ਦੇ ਸੇਵਾਦਾਰਾਂ ਵੱਲੋਂ ਭੰਗੜਾ ਅਤੇ ਕੁੜੀਆਂ ਵੱਲੋਂ ਗਿੱਧਾ ਪਾਇਆ ਗਿਆ। ਬਾਬੇ ਨੇ ਇਹ ਵੀ ਕਿਹਾ ਕਿ ਜਿੰਨੀ ਤੁਸੀਂ ਸਜਾਵਟ ਕਰਦੇ ਹੋ ਓਨੀਆਂ ਤੁਹਾਡੇ 'ਤੇ ਮਿਹਰਾਂ ਹੁੰਦੀਆਂ ਹਨ। ਇਹ ਵੀ ਕਿਹਾ ਕਿ ਜੇ ਹਰ ਪ੍ਰੋਗਰਾਮ ਦੀ ਸ਼ੁਰੂਆਤ ਚੰਡੀ ਦੇ ਪਾਠ ਨਾਲ ਕਰੋਗੇ ਤਾਂ ਬੁਰਾਈ ਦਾ ਨਾਸ਼ ਹੋਵੇਗਾ। ਕਿਉਂਕਿ ਇਹ ਇਸ ਲਈ ਕਿਹਾ ਕਿ ਉਹ ਦਸਮ ਗ੍ਰੰਥ ਨੂੰ "ਗੁਰੂ ਗ੍ਰੰਥ ਸਾਹਿਬ" ਨਾਲੋਂ ਉੱਚਾ ਦਰਜਾ ਦਿਵਾਉਣ ਵਾਸਤੇ ਤੱਤਪਰ ਹਨ। ਇਸਦੀ ਤਾਜ਼ਾ ਮਿਸਾਲ ਹੋਰ ਵੀ ਆਈ ਹੈ। 8 ਸਤੰਬਰ ਦੀ ਪੰਜਾਬੀ ਟ੍ਰਿਬਿਊਨ ਮੁਤਾਬਕ ਗੁਰਦੁਆਰਾ ਮੋਤੀ ਬਾਗ ਦਿੱਲੀ ਵਿਖੇ "ਗੁਰੂ ਗ੍ਰੰਥ ਸਾਹਿਬ" ਦੇ ਪ੍ਰਕਾਸ਼ ਪੁਰਬ ਮੌਕੇ ਵੱਖ-ਵੱਖ ਸੰਸਥਾਵਾਂ ਨੇ ਗੁਰਮਤਿ ਲਿਟਰੇਚਰ ਦੇ ਸਟਾਲ ਲਾਏ ਤਾਂ ਗੋਬਿੰਦ ਸਦਨ ਦੇ ਸਟਾਲ ਵਿਚ "ਗੁਰੂ ਗ੍ਰੰਥ ਸਾਹਿਬ" ਬਾਰੇ ਇਕ ਪੁਸਤਕ ਅਤੇ ਬਾਕੀ ਪੁਸਤਕਾਂ ਦਸਮ ਗ੍ਰੰਥ ਬਾਰੇ ਰੱਖੀਆਂ ਸਨ। ਸਮਾਗਮ ਵਿਚ ਸੁਚੇਤ ਸਿੱਖ ਸੰਗਤਾਂ ਨੇ ਪ੍ਰਬੰਧਕਾਂ ਨੂੰ ਵਾਦ-ਵਿਵਾਦ ਵਾਲੀਆਂ ਪੁਸਤਕਾਂ ਨਾ ਰੱਖਣ ਲਈ ਕਿਹਾ ਤਾਂ ਸਟਾਲ ਬੰਦ ਕਰਨਾ ਪਿਆ।

ਏਥੇ ਬਾਬਾ ਵਿਰਸਾ ਸਿੰਘ ਨੇ ਇਤਰਾਜ਼ ਕੀਤਾ ਪਰ ਸੰਗਤਾਂ ਦਾ ਇਤਰਾਜ਼ ਇਸ ਤੋਂ ਵੱਧ ਕੇ ਜਾਇਜ਼ ਸੀ। ਕਿਉਂਕਿ ਦਸਮ ਗ੍ਰੰਥ ਬਾਰੇ ਪੰਥ ਵਿਚ ਮਤਭੇਦ ਹਨ ਪਰ ਮੰਨ ਲਉ ਨਾ ਵੀ ਹੋਣ ਤਾਂ ਵੀ "ਗੁਰੂ ਗ੍ਰੰਥ ਸਾਹਿਬ ਜੀ" ਦੇ ਸਾਮਾਨ ਦਸਮ ਗ੍ਰੰਥ ਨੂੰ ਮਾਨਤਾ ਨਹੀਂ ਦਿੱਤੀ ਜਾ ਸਕਦੀ। ਕਿਉਂਕਿ ਪੰਥ ਦਾ ਗੁਰੂ ਕੇਵਲ "ਧੰਨ ਗੁਰੂ ਗ੍ਰੰਥ ਸਾਹਿਬ" ਹੀ ਹੈ।

ਕੀ ਇਸ ਬਾਬੇ ਨੂੰ ਇਹ ਨਹੀਂ ਪਤਾ ਕਿ ਚੰਡੀ ਦੀ ਵਾਰ ਤਾਂ ਹੈ ਹੀ ਹਿੰਦੂ ਮਿਥਿਹਾਸ। ਇਸ ਬਾਬੇ ਵੱਲ ਨਾ ਕਿਸੇ ਤਖ਼ਤ ਦਾ ਨਾ ਕਿਸੇ ਜਥੇਬੰਦੀ ਦਾ ਧਿਆਨ ਗਿਆ ਸ਼ਾਇਦ ਇਸ ਕਰਕੇ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਦੀ ਸਰਪ੍ਰਸਤੀ ਅਜਿਹੇ ਬਾਬਿਆਂ ਨੂੰ ਪ੍ਰਾਪਤ ਹੈ। ਇਹਨਾਂ ਨੂੰ ਨਾਰਾਜ਼ ਕਰਕੇ ਇਹਨਾਂ ਦੇ ਵੋਟ ਬੈਂਕ ਜੁ ਖ਼ਰਾਬ ਹੁੰਦੇ ਹਨ, ਸਿੱਖੀ ਤੋਂ ਇਹਨਾਂ ਕੀ ਲੈਣਾ ਹੈ।

## ਝੂਠ ਦੀ ਪੱਗ

ਇਕ ਅਖੌਤੀ ਸੰਤ ਨੇ ਸ਼ਹਿਰ ਦੇ ਮਸ਼ਹੂਰ ਗੁਰਦੁਆਰੇ ਵਿਚ ਰੋਜ਼ਾਨਾ ਕਥਾ ਦਾ ਪ੍ਰੋਗਰਾਮ ਸ਼ੁਰੂ ਕੀਤਾ ਸੀ। ਸ਼ਾਮ ਨੂੰ ਅਖੌਤੀ ਸੰਤ ਨੇ ਸ਼ਬਦ ਵਿਚਾਰ ਕੀਤੀ ਕਿ ਗੁਰਸਿੱਖ ਸ੍ਰੇਸ਼ਟ ਹਨ। "ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥ ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ॥"

ਸ਼ਬਦ ਵਿਚਾਰ ਉਪਰੰਤ ਅਖੌਤੀ ਸੰਤ ਜੀ ਆਪਣੇ ਏਅਰ ਕੰਡੀਸ਼ਨਡ ਕਮਰੇ ਵਿਚ ਲੱਗੇ ਸੁੰਦਰ ਗਦੇਲੇ ਵਾਲੇ ਆਸਣ ਤੇ ਬਿਰਾਜਮਾਨ ਹੋ ਗਏ। ਸੰਗਤਾਂ ਉਹਨਾਂ ਦੇ ਪੈਰੀਂ ਹੱਥ ਲਾਉਣ ਲੱਗ ਪਈਆਂ ਅਤੇ ਉਹ ਆਸ਼ੀਰਵਾਦ ਦੇਣ ਲੱਗ ਪਿਆ। ਕੋਲ 2-3 ਸੇਵਾਦਾਰ/ਕਮਰਾ ਏਅਰ ਕੰਡੀਸ਼ਨਡ ਹੁੰਦਿਆਂ ਹੋਇਆਂ ਵੀ ਇਕ ਸੋਹਣੀ ਜਿਹੀ ਮਹਿੰਗੀ ਵ੍ਹੱਡੀ ਸ਼ਨੀਲ ਦੀ ਬਣੀ ਪੱਖੀ ਨੂੰ ਆਸਤਾ-ਆਸਤਾ ਹਿਲਾ ਰਿਹਾ ਸੀ। ਕੋਲ ਖਲੋਤੇ ਇਕ ਗੁਰਸਿੱਖ ਨੇ ਕਿਹਾ ਕਿ ਸੰਤ ਜੀ ਹੁਣੇ ਤੁਸੀਂ ਸ਼ਬਦ ਵਿਚਾਰ ਕਰਦੇ ਹੋਏ ਸਿੱਖਾਂ ਨੂੰ ਸਭ ਤੋਂ ਉੱਚਾ ਦਰਜਾ ਦੇ ਰਹੇ ਸੀ, ਹੁਣੇ ਹੀ ਉਹਨਾਂ ਕੋਲੋਂ ਪੈਰੀਂ ਹੱਥ ਲਵਾ ਰਹੇ ਹੋ। ਸੰਤ ਕਹਿੰਦਾ ਮੈਂ ਤਾਂ ਇਹਨਾਂ ਨੂੰ ਪੈਰੀਂ ਹੱਥ ਲਾਉਣ ਵਾਸਤੇ ਨਹੀਂ ਕਿਹਾ, ਇਹ ਬਦੋਬਦੀ ਮੇਰੇ ਪੈਰੀਂ ਹੱਥ ਲਾਉਂਦੇ ਹਨ। ਗੁਰਸਿੱਖ ਨੇ ਕਿਹਾ ਕਿ ਜੇਕਰ ਬਦੋਬਦੀ ਤੇਰੀ ਪੱਗ ਉਤਾਰਨ ਲੱਗੇ ਤਾਂ ਕੀ ਉਤਾਰਨ ਦੇਵੋਗੇ ? ਉਸ ਸੰਤ ਦੇ ਦੋਵੇਂ ਹੱਥ ਸਿਰ 'ਤੇ ਬੱਝੀ ਗੋਲ ਦਸਤਾਰ 'ਤੇ ਖੜ੍ਹੋ ਗਏ। ਅਖੌਤੀ ਸੰਤ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਸੱਚਮੁੱਚ ਹੀ ਕਿਸੇ ਨੇ ਉਹਨਾਂ ਦੇ ਝੂਠ ਦੀ ਪੱਗ ਉਤਾਰ ਦਿੱਤੀ ਹੋਵੇ।

**ਨਿਰਮਲ ਸਿੰਘ ਕੇਸਗੜ੍ਹੀਆ,**
**ਨਵੀਂ ਦਿੱਲੀ।**

## ਸੰਤ ਮੰਗਲ ਸਿੰਘ ਸਤਲਾਣੀ

ਇਸ ਸੰਤ ਦੇ ਨਾਲ ਕਸ਼ਮੀਰਾ ਸਿੰਘ ਗੜ੍ਹੇਵਾਲਾ ਅਤੇ ਅਗਿਆਨੀ ਪੂਰਨ ਸਿੰਘ ਦੀ ਚੰਗੀ ਜੋਟੀ ਰਹੀ ਹੈ। R.S.S. ਦੀ ਇਹਨਾਂ ਬੜੀ ਸੇਵਾ ਕੀਤੀ ਅਤੇ ਕਰ ਰਹੇ ਹਨ। ਪੂਰਨ ਸਿੰਘ ਦੇ ਫੋਟੋਆਂ ਸਮੇਤ ਸਬੂਤ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਦਿੱਤੇ ਜਾ ਚੁੱਕੇ ਹਨ। ਇਹੀ ਮੰਗਲ ਸਿੰਘ ਸਰਕਾਰ ਨਿਵਾਜ਼ ਸੰਤ ਸਮਾਜ ਦਾ ਮੀਤ ਪ੍ਰਧਾਨ ਵੀ ਰਿਹਾ ਹੈ। ਸ਼ਹਿਰ ਗੁਨੇ ਤੋਂ ਪੂਰਨ ਸਿੰਘ ਪਾਸੋਂ ਫੈਕਸ ਤੇ ਸਿੱਖਾਂ ਅਤੇ ਹੋਰ ਅਹੁਦੇਦਾਰਾਂ ਨੂੰ ਛੇਕ ਦੇਣ ਦੇ ਹੁਕਮਨਾਮੇ ਵੀ ਇਹੀ ਜਾਰੀ ਕਰਵਾਉਂਦੇ ਰਹੇ ਹਨ ਜੋ R.S.S ਨੂੰ ਚੰਗਾ ਲੱਗਦਾ ਹੈ ਉਹੀ ਇਹਨਾਂ ਨੂੰ ਚੰਗਾ ਲੱਗਦਾ ਸੀ ਇਸਦੀ ਹਾਲਤ ਆਪ ਡੁੱਬੇ ਜਜਮਾਨ ਵੀ ਡੋਬੇ ਵਾਲੀ ਹੈ। ਅੰਦਾਜ਼ਾ ਰੋਜ਼ਾਨਾ ਜੱਗਬਾਣੀ ਜਲੰਧਰ 14 ਮਈ 2000 ਦੇ ਇਸ ਹੇਠ ਲਿਖੇ ਲਿਖਤੀ ਬਿਆਨ ਤੋਂ ਲਾਉ ਜੀ।

ਸਿੱਖ ਧਰਮ ਨੂੰ ਹਿੰਦੂ ਧਰਮ ਤੋਂ ਅਲੱਗ ਕਰਨ ਵਾਲੇ ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ ਦੇ ਲਿਖਤ ਕਥਨ ਨੂੰ ਜਾਣਨ। ਅੰਮ੍ਰਿਤਸਰ 13 ਮਈ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਨਕਸ਼ਾਹੀ ਯੰਤਰੀ ਨੂੰ ਲਾਗੂ ਕਰਵਾਉਣ ਵਾਲੇ ਅਨਸਾਰ ਅਤੇ ਓਣੰਣੰ (ਰਾਸ਼ਟਰੀ ਸਵੈਮ ਸੇਵਕ) ਸੰਘ ਦੇ ਬਿਆਨ ਦਾ ਵਿਰੋਧ ਕਰਨ ਵਾਲੇ ਅਨਰਾਂ ਨੂੰ ਲੰਬੇ ਹੱਥੀਂ ਲੈਂਦੇ ਹੋਏ ਸੰਤ ਸਮਾਜ ਦੇ ਮੀਤ ਪ੍ਰਧਾਨ ਬਾਬਾ ਮੰਗਲ ਸਿੰਘ ਨੇ ਕਿਹਾ ਹੈ ਕਿ ਉਹ ਲੋਕ ਸਿੱਖਾਂ ਨੂੰ ਹਿੰਦੂ ਧਰਮ ਤੋਂ ਅਲੱਗ ਕਰਨ ਤੇ ਤੁਲੇ ਹੋਏ ਹਨ ਜਦ ਕਿ ਇਤਿਹਾਸ ਅਤੇ ਗੁਰਬਾਣੀ ਦੇ ਮੁਤਾਬਿਕ ਸਿੱਖ ਧਰਮ ਦਾ ਪੁਰਾਤਨ ਇਤਿਹਾਸ ਦਾ ਆਧਾਰ ਹਿੰਦੂ ਧਰਮ ਹੀ ਹੈ।

ਅੱਜ ਗਿਆਨੀ ਪੂਰਨ ਸਿੰਘ ਦੇ ਘਰੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੰਤ ਸਮਾਜ ਦੇ ਮੀਤ ਪ੍ਰਧਾਨ ਬਾਬਾ ਮੰਗਲ ਸਿੰਘ ਨੇ ਦਸਮ ਗੁਰੂ ਗ੍ਰੰਥ ਸਾਹਿਬ ਸਟੀਕ ਵਿਚੋਂ ਜਾਪੁ ਸਾਹਿਬ ਸਟੀਕ, ਅਕਾਲ ਉਸਤਤ ਸਟੀਕ, ਦੇ ਪਵਿੱਤਰ ਗੁਰੂ ਬੰਸਾਵਲੀ ਦੇ ਸਫ਼ਾ ਨੰਬਰ 9 ਤੋਂ ਸਫ਼ਾ 13 ਤੱਕ ਦੀਆਂ ਕਾਪੀਆਂ ਜਾਰੀ ਕੀਤੀਆਂ। ਇਸਦੇ ਇਲਾਵਾ ਬਾਬਾ ਮੰਗਲ ਸਿੰਘ ਨੇ ਆਖਿਆ ਕਿ ਜੋ ਸਿੱਖਾਂ ਨੂੰ ਹਿੰਦੂਆਂ ਤੋਂ ਅਲੱਗ ਮੰਨਦੇ ਹਨ। ਉਹਨਾਂ ਨੂੰ 'ਗੁਰਬਾਣੀ ਪਾਠ ਦਰਸ਼ਨ' ਦੇ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਕਿਉਂਕਿ ਇਸ ਵਿਚ ਗੁਰੂਆਂ ਦੇ ਇਤਿਹਾਸ ਦੀ ਜਾਣਕਾਰੀ ਦਮਦਮੀ ਟਕਸਾਲ ਦੇ ਸਾਬਕਾ ਮੁਖੀ ਸਵਰਗੀ ਸੰਤ ਬਾਬਾ ਗੁਰਬਚਨ ਸਿੰਘ ਭਿੰਡਰਾਂਵਾਲੇ ਨੇ ਦਿੱਤੀ ਹੈ ਜੋ ਇਸ ਤਰ੍ਹਾਂ ਹੈ:

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਜੋ ਬੇਦੀ ਵੰਸ਼ ਵਿਚ ਪੈਦਾ ਹੋਏ ਸਨ। ਬੇਦੀ ਵੰਸ਼ ਦਾ ਇਤਿਹਾਸ ਇਹ ਹੈ ਕਿ ਭਗਵਾਨ ਸ਼੍ਰੀ ਰਾਮਚੰਦਰ ਦੇ ਪੁੱਤਰ ਕੁਸ਼ ਦੇ ਪੁੱਤਰ ਕਾਲਕੇਤ ਯਾਨੀ ਕਲਪਤ ਰਾਏ ਨੇ ਕਾਸ਼ੀ ਜਾ ਕੇ ਵੇਦ ਪੜ੍ਹੇ ਸਨ।

ਉਦੋਂ ਤੋਂ ਵੇਦੀ ਵੰਸ਼ ਦੀ ਸ਼ੁਰੂਆਤ ਹੋਈ ਸੀ। ਗੁਰੂ ਨਾਨਕ ਦੇਵ ਜੀ ਦੇ ਪਿਤਾ ਕਾਲੂ ਜੀ ਕਲਿਆਣ ਚੰਦ, ਮਾਤਾ ਤ੍ਰਿਪਤਾ, ਚਾਚਾ ਲਾਲੂ ਚੰਦ, ਦਾਦਾ ਸ਼ਿਵ ਰਾਮ, ਦਾਦੀ ਬਨਾਰਸੀ ਜੀ, ਬਾਬਾ ਕਲਿਆਣ ਚੰਦ ਦਾ ਦਾਦਾ ਕਲਪਤ ਰਾਏ ਸੀ ਜਦ ਕਿ ਗੁਰੂ ਨਾਨਕ ਜੀ ਦੀ ਭੈਣ ਬੇਬੇ ਨਾਨਕੀ ਗੁਰੂ ਨਾਨਕ ਦੇਵ ਜੀ ਤੋਂ 5 ਸਾਲ ਵੱਡੀ ਸੀ।

ਦੂਸਰੀ ਪਾਤਸ਼ਾਹੀ ਦੀ ਜਾਣਕਾਰੀ ਦਿੰਦੇ ਹੋਏ ਬਾਬਾ ਮੰਗਲ ਸਿੰਘ ਨੇ ਦੱਸਿਆ ਕਿ ਗੁਰੂ ਅੰਗਦ ਦੇਵ, ਤ੍ਰੇਹਨ ਵੰਸ਼ ਵਿਚੋਂ ਸਨ। ਰਾਮਚੰਦਰ ਦੇ ਭਰਾ ਲਛਮਣ ਦੇ ਤਖਨਾਮੇ ਪੁੱਤਰ ਤੋਂ ਤ੍ਰੇਹਨ ਵੰਸ਼ ਦੀ ਸ਼ੁਰੂਆਤ ਹੋਈ ਸੀ। ਇਹਨਾਂ ਦੇ ਪਿਤਾ ਦਾ ਨਾਂ ਬਾਬਾ ਫੇਰੂ ਮੱਲ ਜੀ, ਮਾਤਾ ਦਾ ਨਾਂ ਸਵਰਾਈ ਕੌਰ। ਦਾਦੇ ਦਾ ਨਾਂ ਤੀਰਥ ਮੱਲ ਸੀ।

ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਭਗਵਾਨ ਸ਼੍ਰੀ ਰਾਮਚੰਦਰ ਦੇ ਭਰਾ ਭਰਤ ਦੇ ਪੁੱਤਰ ਭਲਨ ਦੇ ਨਾਂ ਤੋਂ ਭੱਲਾ ਵੰਸ਼ ਤੋਂ ਸੀ। ਉਹਨਾਂ ਦੇ ਪਿਤਾ ਦਾ ਨਾਂ ਤੇਜਭਾਨ ਅਤੇ ਮਾਤਾ ਦਾ ਨਾਂ ਲਛਮੀ ਸੀ।

ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਸੋਢੀ ਵੰਸ਼ ਵਿਚੋਂ ਸਨ ਕਿਉਂਕਿ ਜਦੋਂ ਭਗਵਾਨ ਰਾਮ ਦੇ ਪੁੱਤਰ ਲਵ ਦੇ ਪੁੱਤਰ ਕਾਲਰਾਏ ਦੇ ਪੁੱਤਰਾਂ ਨੇ ਸਨੋਢ ਰਾਜਾ ਨੂੰ ਜਿੱਤ ਕੇ ਉਸਦੀ ਪੁੱਤਰੀ ਨਾਲ ਵਿਆਹ ਰਚਾਇਆ ਸੀ ਤਾਂ ਉਦੋਂ ਉਥੋਂ ਸੋਢੀ ਵੰਸ਼ ਚੱਲਿਆ। ਇਹਨਾਂ ਦੇ ਪਿਤਾ ਹਰਿਦਾਸ, ਮਾਤਾ ਦਯਾ ਕੌਰ ਸਨ।

ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਵੀ ਸੋਢੀ ਵੰਸ਼ ਵਿਚੋਂ ਸਨ। ਇਹਨਾਂ ਦੇ ਪਿਤਾ ਗੁਰੂ ਰਾਮਦਾਸ, ਮਾਤਾ ਭਾਨੀ ਜੀ ਸਨ। ਚੌਥੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਸੋਢੀ ਵੰਸ਼ ਹੀ ਜਾਰੀ ਰਿਹਾ।

ਬਾਬਾ ਮੰਗਲ ਸਿੰਘ ਨੇ ਦੱਸਿਆ ਕਿ ਇਤਿਹਾਸ ਦੇ ਇਹਨਾਂ ਪੰਨਿਆਂ ਨੂੰ ਮਿਟਾਉਣ ਵਾਲੇ ਗੁਰੂਆਂ ਦੇ ਉਪਾਸ਼ਕ ਨਹੀਂ ਕਹੇ ਜਾ ਸਕਦੇ। ਉਹਨਾਂ ਨੇ ਕਿਹਾ ਕਿ ਅਕਾਲ ਤਖ਼ਤ ਦੀ ਮਹਾਨਤਾ ਵੀ ਇਹਨਾਂ ਗੁਰੂਆਂ ਨਾਲ ਜੁੜੀ ਹੋਈ ਹੈ। ਜੋ ਵੀ ਇਸਦਾ ਵਿਰੋਧ ਜਾਂ ਟਕਰਾਅ ਕਰਦਾ ਹੈ, ਉਹ ਗੁਰੂ ਦੀ ਬੇਆਵਾਜ਼ ਲਾਠੀ ਦਾ ਸ਼ਿਕਾਰ 6 ਮਹੀਨਿਆਂ ਤੋਂ ਪਹਿਲਾਂ ਹੀ ਹੋ ਕੇ ਸਜ਼ਾ ਜ਼ਰੂਰ ਭੁਗਤਦਾ ਹੈ।

(ਰੋਜ਼ਾਨਾ ਜੱਗਬਾਣੀ ਵਿਚੋਂ ਧੰਨਵਾਦ ਸਾਹਿਤ)

ਮੈਂ ਪਿੱਛੇ ਵੀ ਅਰਜ਼ ਕਰ ਆਇਆਂ ਹਾਂ ਕਿ ਐਸੇ ਸੱਜਣਾਂ ਦੇ ਹੁੰਦਿਆਂ ਦੁਸ਼ਮਣਾਂ ਦੀ ਕੀ ਲੋੜ ਹੈ ? ਇਹ ਸੱਜਣ ਹੀ ਦੁਸ਼ਮਣ ਬਣੇ ਹੋਏ ਹਨ। ਇਹ ਸਾਧ ਸਿੱਖ ਕੌਮ ਵੱਖਰੀ ਮੰਨਣ ਤੋਂ ਪੱਕੇ ਇਨਕਾਰੀ ਹਨ। ਇਹ R.S.S ਦਾ ਪ੍ਰਚਾਰ ਖੁਦ ਆਪਣੀਆਂ ਲਿਖਤਾਂ ਅਤੇ ਬਿਆਨਾਂ ਵਿਚ ਕਰ ਰਹੇ ਹਨ।

ਆਪਣੀ ਜ਼ਿੰਦਗੀ ਦੀ ਆਖ਼ਰੀ ਰਾਤ ਰੋਜ਼ਾਨਾ ਦੀ ਤਰ੍ਹਾਂ ਆਪਣੇ ਡੇਰੇ ਵਿਚੋਂ ਤੜਕੇ 2 ਵਜੇ ਹਰਿਮੰਦਰ ਸਾਹਿਬ ਮੱਥਾ ਟੇਕਣ ਗਏ ਜਦੋਂ ਸਰੋਵਰ ਵਿਚੋਂ ਇਸ਼ਨਾਨ

ਕਰਕੇ ਬਾਹਰ ਆ ਕੇ ਕਛਹਿਰਾ ਬਦਲ ਰਹੇ ਸੀ ਤਾਂ ਇਸਦੇ ਆਪਣੇ ਹੀ ਸੇਵਕ ਨੇ ਇਕ ਤਿੱਖਾ ਸਰੀਆ ਕੀਰਬ 1 ਫੁੱਟ ਡੂੰਘਾ ਇਸਦੀ ਹਿੱਕ ਵਿਚ ਲੰਘਾ ਦਿੱਤਾ ਇਸਦੇ ਪੁਰਾਣੇ ਸਾਥੀ ਪੂਰਨ ਸਿੰਘ ਦੀ ਗੱਡੀ ਵਿਚ ਪਾ ਕੇ ਇਸਨੂੰ ਹਸਪਤਾਲ ਦਾਖਲ ਕਰਵਾਇਆ ਉਥੇ ਹੀ ਇਹ ਬਾਬਾ ਮੌਤ ਦੇ ਘਾਟ ਉਤਰ ਗਿਆ। ਜਿਹੜਾ ਕਹਿੰਦਾ ਸੀ ਕਿ ਜਿਹੜੇ ਸਿੱਖ ਕਹਿੰਦੇ ਹਨ ਕਿ ਸਿੱਖ ਵੱਖਰੀ ਕੌਮ ਹੈ ਉਹ ਰੱਬ ਦੇ ਬੇ-ਆਵਾਜ਼ ਲਾਠੀ ਦਾ ਸ਼ਿਕਾਰ ਹੋ ਜਾਣਗੇ ਪਰ ਇਹ ਆਪ ਹੀ ਪ੍ਰਮਾਤਮਾ ਦੀ ਬੇ-ਆਵਾਜ਼ ਲਾਠੀ ਦਾ ਸ਼ਿਕਾਰ ਹੋ ਗਿਆ। ਇਸਦੇ ਮਰਨ ਤੋਂ ਬਾਅਦ ਪੱਗ ਦੇ ਝਗੜੇ ਪੈ ਗਏ।

ਇਹ ਸਾਧ ਪੰਜਵੀਂ ਫੇਲ੍ਹ ਸੀ ਅਤੇ ਤਰਨਤਾਰਨ ਨੇੜੇ ਪਿੰਡ ਕੱਲ੍ਹਾ ਦਾ ਰਹਿਣ ਵਾਲਾ ਸੀ। ਜਿਹੜੇ ਸ਼ਾਦੀ ਕਰਵਾਉਣ ਨੂੰ ਪਾਪਾ ਸਮਝਦੇ ਹਨ ਇਹ ਵੀ ਉਹਨਾਂ ਵਿਚੋਂ ਸੀ।

## ਸੰਤਾਂ ਦੇ ਦੀਵਾਨ ਜਾਂ 'ਗੁਰੂ ਗ੍ਰੰਥ ਸਾਹਿਬ' ਦਾ ਅਪਮਾਨ

ਇਕ ਵਾਰੀ ਸਾਡੇ ਪਿੰਡ ਦੇ ਨੇੜੇ ਅਖੌਤੀ ਸੰਤ ਨੇ ਦੀਵਾਨ ਸਜਾਏ। ਦੂਰੋਂ ਨੇੜਿਉਂ ਸੰਗਤਾਂ ਟਰੈਕਟਰਾਂ, ਟਰਾਲੀਆਂ ਅਤੇ ਟਰੱਕਾਂ ਵਿਚ ਸੰਤਾਂ ਦੇ ਦੀਵਾਨ ਸੁਣਨ ਆਈਆਂ। ਸਾਡੇ ਪਿੰਡ ਦੀ ਸੰਗਤ ਨਾਲ ਸਾਡੇ ਮਾਤਾ ਜੀ ਵੀ ਗਏ। ਉਹਨਾਂ ਆ ਕੇ ਦੱਸਿਆ ਕਿ ਸਟੇਜ ਉੱਤੇ ਇਕ ਪਾਸੇ "ਗੁਰੂ ਗ੍ਰੰਥ ਸਾਹਿਬ" ਦਾ ਪ੍ਰਕਾਸ਼ ਸੀ ਅਤੇ ਇਕ ਪਾਸੇ ਦੁੱਧ ਚਿੱਟੇ ਕੱਪੜਿਆਂ ਵਿਚ ਸੰਤ ਜੀ ਕਬੂਤਰ ਵਾਂਗ ਅੱਖਾਂ ਮੀਟੀ ਚੌਂਕੜਾ ਮਾਰੀ ਬੈਠੇ ਸੀ। ਹੂੜ ਮੱਤ ਲੋਕ "ਗੁਰੂ ਗ੍ਰੰਥ ਸਾਹਿਬ" ਨੂੰ ਮੱਥਾ ਟੇਕਣ ਦੀ ਬਜਾਏ ਸੰਤ ਦੇ ਪੈਰਾਂ 'ਤੇ ਮੱਥਾ ਟੇਕ ਰਹੇ ਸਨ ਅਤੇ ਸੰਤ ਦੇ ਅੱਗੇ ਖੁੱਲ੍ਹੀ ਮਾਇਆ ਰੱਖ ਰਹੇ ਸਨ। ਸੰਤ ਖੰਘੂਰਾ ਮਾਰ ਕੇ ਨਾਲ ਪਏ ਲੋਹੇ ਦੇ ਗੜਵੇ ਵਿਚ ਥੁੱਕ ਸੁੱਟ ਰਹੇ ਸਨ। ਇਹ ਕਿਹੜਾ ਦੀਵਾਨ ਹੈ ? ਹੈਰਾਨੀ ਹੋ ਰਹੀ ਹੈ ਸਿੱਖ ਕੌਮ ਦਾ ਕੀ ਬਣੇਗਾ। ਵਾੜ ਹੀ ਖੇਤ ਨੂੰ ਖਾ ਰਹੀ ਹੈ। ਕੀ ਇਹ ਸੰਤਾਂ ਦੇ ਦੀਵਾਨ ਹਨ ਕਿ "ਗੁਰੂ" ਦਾ ਅਪਮਾਨ ?

**ਸ. ਤੇਜਿੰਦਰ ਸਿੰਘ, ਪਿੰਡ ਫਰਹਾਈ,**
**ਨੇੜੇ ਮਲੇਰਕੋਟਲਾ (ਸੰਗਰੂਰ)**

## ਪਾਖੰਡੀ ਸਾਧ

ਅਸੀਂ ਫਗਵਾੜੇ ਤੋਂ ਮਾਹਲਪੁਰ ਵਾਲੀ ਬੱਸ ਵਿਚ ਬੈਠੇ ਜਾ ਰਹੇ ਸੀ। 2 ਬੰਦੇ, ਸਾਧ ਅਤੇ ਇਕ ਉਸਦਾ ਚੇਲਾ ਬੱਸ ਵਿਚ ਬੈਠੇ ਸੀ। ਅਚਾਨਕ ਇਕ ਬਲਦਾਂ ਵਾਲਾ ਗੱਡਾ ਬੱਸ ਅੱਗੇ ਆ ਜਾਣ ਕਾਰਨ, ਡਰਾਈਵਰ ਨੇ ਬੱਸ ਇਕਦਮ ਸਾਈਡ ਨੂੰ ਕੱਟੀ ਤਾਂ ਬੱਸ ਕਿੱਕਰ ਵਿਚ ਵੱਜਣ ਤੋਂ ਮਸਾਂ ਬਚੀ। ਬੱਸ ਖੜ ਗਈ ਕੁਝ

ਸਵਾਰੀਆਂ ਦਰੱਖਤ ਦੀ ਛਾਵੇਂ ਬੈਠ ਗਈਆਂ, ਕੁਝ ਸਵਾਰੀਆਂ ਹੋਰ ਬੱਸ ਦੀ ਉਡੀਕ ਕਰ ਰਹੀਆਂ ਸਨ ਤਾਂ ਸਾਧ ਦੇ ਚੇਲੇ ਨੇ ਇਕਦਮ ਕਹਿਣਾ ਸ਼ੁਰੂ ਕੀਤਾ ਕਿ ਮਹਾਤਮਾ ਬੱਸ ਵਿਚ ਬੈਠੇ ਸਨ ਇਸ ਕਰਕੇ ਐਕਸੀਡੈਂਟ ਹੋਣ ਤੋਂ ਬਚ ਗਿਆ ਹੈ, ਨਹੀਂ ਤਾਂ ਬਹੁਤ ਨੁਕਸਾਨ ਹੋ ਜਾਣਾ ਸੀ, ਤਾਂ ਅੰਮ੍ਰਿਤਧਾਰੀ ਬੀਬੀਆਂ ਵੀ ਸਾਧ ਦੇ ਪੈਰਾਂ 'ਤੇ ਮੱਥੇ ਟੇਕਣ ਲੱਗੀਆਂ। ਮੈਂ ਖੜੀ ਨਾਲੇ ਪਾਖੰਡੀ ਸਾਧ ਦੀਆਂ ਹਰਕਤਾਂ ਦੇਖ ਰਹੀ ਸਾਂ ਅਤੇ ਨਾਲੇ ਅੰਮ੍ਰਿਤਧਾਰੀ ਬੀਬੀਆਂ ਵੱਲ ਵੇਖ ਰਹੀ ਸਾਂ ਕਿ ਜਿਹੜੇ ਗੁਰੂ ਨੇ ਇਹਨਾਂ ਨੂੰ ਸਜਾਇਆ ਹੈ, ਕਕਾਰ ਬਖ਼ਸ਼ੇ ਹਨ, ਉਸ ਗੁਰੂ 'ਤੇ ਇਹਨਾਂ ਨੂੰ ਕੋਈ ਭਰੋਸਾ ਨਹੀਂ ਹੈ। ਗੁਰੂ ਦਾ ਤਾਂ ਹੁਕਮ ਹੈ ਕਿ ਹੋਰ ਕਿਤੇ ਵੀ ਸਿਰ ਨਹੀਂ ਨਿਵਾਉਣਾ।

**ਬੀਬੀ ਕੁਲਜੀਤ ਕੌਰ**
ਪਿੰਡ ਤੇ ਡਾਕ : ਖੀਰਾਂਵਾਲੀ, ਕਪੂਰਥਲਾ

## ਸੰਤ ਦਲੇਰ ਸਿੰਘ (ਖੇੜੀ) ਸੰਗਰੂਰ ਅਤੇ ਹੋਰ ਸੰਤਾਂ ਵੱਲੋਂ ਪੰਥਕ ਰਵਾਇਤਾਂ ਦੀ ਉਲੰਘਣਾ

ਨੋਟ—ਇਸ ਸਾਧ ਦੇ ਚੇਲਿਆਂ ਨੇ ਸੰਗਰੂਰ ਤੋਂ ਫ਼ੋਨ ਕਰਕੇ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ।

18 ਅਕਤੂਬਰ ਦੇ ਅੰਕ ਵਿਚ 'ਤੇ ਸੰਤ ਜੀ ਬਹੁੜੇ ਹੀ ਨਾ' ਦੀ ਸੁਰਖ਼ੀ ਹੇਠ ਖ਼ਬਰ ਪੜ੍ਹੀ ਕਿ **ਸੰਤ ਦਲੇਰ ਸਿੰਘ** ਵੱਲੋਂ ਧਾਰਮਿਕ ਸਮਾਗਮ ਅਤੇ ਦੀਵਾਨ ਲਾਉਣ ਦਾ ਵਾਅਦਾ ਕਰਕੇ ਨਾ ਆਉਣ ਕਾਰਨ ਸੰਗਤਾਂ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਅਤੇ ਪ੍ਰਬੰਧਕੀ ਕਮੇਟੀ ਨੇ ਸੰਤ ਦਲੇਰ ਸਿੰਘ ਦੇ ਖ਼ਿਲਾਫ਼ ਸਿੱਖੀ ਸਿਧਾਂਤਾਂ ਅਨੁਸਾਰ ਕਾਰਵਾਈ ਕਰਨ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਅਤੇ ਸੰਤ ਸਮਾਜ ਨੂੰ ਪੱਤਰ ਲਿਖੇ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਪੰਥ ਪ੍ਰਵਾਨਤ ਰਹਿਤ ਮਰਯਾਦਾ ਮੁਤਾਬਕ ਅਜਿਹੇ ਸੰਤਾਂ ਦੇ ਦੀਵਾਨ ਹੀ ਗ਼ਲਤ ਹਨ, ਕਿਉਂਕਿ ਇਹ ਸੰਤ ਗੁਰਬਾਣੀ ਦਾ ਕੀਰਤਨ ਕਰਨ ਦੀ ਬਜਾਏ ਆਪਣੇ ਵੱਡੇ ਸੰਤਾਂ, ਡੇਰਿਆਂ ਅਤੇ ਮਨਘੜਤ ਧਾਰਨਾਵਾਂ ਦਾ ਹੀ ਪ੍ਰਚਾਰ ਕਰਦੇ ਹਨ। ਸਾਡੀ ਅਗਿਆਨਤਾ ਦੇ ਕਾਰਨ ਹੀ ਸੰਤਾਂ ਦੇ ਆਲੀਸ਼ਾਨ ਡੇਰੇ ਵੱਡੇ ਹੁੰਦੇ ਜਾ ਰਹੇ ਹਨ।

ਲੋਕਾਂ ਨੂੰ ਸਾਦਾ ਰਹਿਣ, ਮੌਤ ਤੋਂ ਨਾ ਡਰਨ ਤੇ ਮਿਲ ਕੇ ਰਹਿਣ ਦਾ ਉਪਦੇਸ਼ ਦੇਣ ਵਾਲੇ ਇਹ ਸੰਤ ਆਪ ਵਿਦੇਸ਼ੀ ਕਾਰਾਂ ਤੇ ਸੁਰੱਖਿਆ ਗਾਰਡਾਂ ਦੀਆਂ ਹੇੜਾਂ ਨਾਲ ਦੁਸ਼ਮਣੀਆਂ ਵੀ ਪਾਲ ਰਹੇ ਹੁੰਦੇ ਹਨ। ਕਈ ਸਾਲ ਪਹਿਲਾਂ ਸਾਡੇ ਪਿੰਡ ਵਿਚ ਵੀ **ਸੰਤ ਹਰਦੇਵ ਸਿੰਘ** (ਲੂਲੋਂਵਾਲੇ) ਪੰਜ ਦੀਵਾਨ ਦੇ ਕੇ ਤਿੰਨ ਦਿਨ ਹੀ

ਆਏ ਸਨ। ਸਾਡੇ ਪਿੰਡ ਹੀ ਕੁਲਗੀਆਂ ਦੀ ਸੰਗਤ ਨੇ ਸੰਤਾਂ ਪਾਸੋਂ ਪੰਜ ਦੀਵਾਨ ਮੰਗੇ ਤੇ ਨਾਲ ਇਹ ਵੀ ਕਿਹਾ ਕਿ ਬਾਬਾ ਜੀ, ਕਿਤੇ ਇਥੇ (ਬਹਾਦਰਪੁਰ) ਵਾਲੀ ਨਾ ਕਰਿਉ। ਸੰਤ ਕਹਿੰਦੇ ਨਹੀਂ ਭਾਈ ਜ਼ਰੂਰ ਪਹੁੰਚਾਂਗੇ। ਪਰ ਇਥੇ ਵੀ ਸੰਤ ਪੰਜੇ ਦਿਨ ਹੀ ਨਹੀਂ ਆਏ। ਲੋਕਾਂ ਨੂੰ ਹੱਥੀਂ ਕਿਰਤ ਕਰਨ ਦਾ ਉਪਦੇਸ਼ ਦੇਣ ਵਾਲੇ ਇਕ ਸੰਤ ਨੂੰ ਮੈਂ ਖ਼ੁਦ ਦੇਖਿਆ ਕਿ ਜਦੋਂ ਉਹ ਸੰਤ ਗੱਡੀ ਵਿਚੋਂ ਉਤਰਨ ਲੱਗਾ ਤਾਂ ਉਸ ਦੇ ਇਕ ਚੇਲੇ ਨੇ ਉਕਤ ਸੰਤ ਦੇ ਪੈਰਾਂ ਵਿਚ ਪਾਏ ਬੂਟਾਂ ਦੇ ਫੀਤੇ ਖੋਲ੍ਹੇ ਤੇ ਬੂਟ ਜੁਰਾਬਾਂ ਲਾਹੀਆਂ। ਦੀਵਾਨ ਦੀ ਸਮਾਪਤੀ ਤੋਂ ਬਾਅਦ ਜਦੋਂ ਸੰਤ ਗੱਡੀ ਵਿਚ ਬੈਠੇ ਤਾਂ ਉਸ ਚੇਲੇ ਨੇ ਸੰਤ ਦੇ ਪੈਰ ਪੂੰਝੇ। ਬੂਟ ਪਾਏ, ਜੁਰਾਬਾਂ ਪਾਈਆਂ, ਫੀਤੇ ਬੰਨ੍ਹੇ, ਇਹ ਹਾਲਤ ਹੈ ਇਹਨਾਂ ਦੀ।

ਸਾਰਾ ਕੁਝ ਪਤਾ ਹੋਣ ਦੇ ਬਾਵਜੂਦ ਵੀ ਅੰਨ੍ਹੀ ਸ਼ਰਧਾ ਵੱਲ। ਇਹਨਾਂ ਸੰਤਾਂ ਪਿੱਛੇ ਟਰਾਲੀਆਂ ਭਰੀ ਫਿਰਦੇ ਹਾਂ। ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਹੀਆਂ ਮਹਾਨ ਸੰਸਥਾਵਾਂ ਵੀ ਸੌੜੀ ਸਿਆਸਤ ਅਧੀਨ ਸ਼ਕਤੀਹੀਣ ਹੋ ਗਈਆਂ ਹਨ। ਸੰਤ ਸਮਾਜ ਵੀ ਵਿਰੋਧੀ ਹੈ, ਉਹਨੇ ਵੀ ਸਿੱਖ ਰਹਿਤ ਮਰਯਾਦਾ ਦੇ ਉਲਟ ਮਰਯਾਦਾ ਬਣਾਈ ਹੋਈ ਹੈ। ਸਾਨੂੰ ਸੁਚੇਤ ਹੋਣ ਦੀ ਲੋੜ ਹੈ, ਨਹੀਂ ਤਾਂ ਇਹ ਡੇਰੇਦਾਰ ਸੰਤ ਇਸੇ ਤਰ੍ਹਾਂ ਹੀ ਗੁਰਮਤਿ ਅਤੇ ਸੰਗਤਾਂ ਨਾਲ ਖਿਲਵਾੜ ਕਰਦੇ ਰਹਿਣਗੇ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਾਹਿਬ)

## ਸੰਤ ਮਹਿੰਦਰ ਸਿੰਘ ਗਨੇਸ਼ਪੁਰ (ਅੰਬਾਲਾ) ਵਾਲੇ

ਇਸ ਸੰਤ ਨੇ ਪਿੰਡ ਕਾਕਡਾਂ ਵਿਖੇ ਇਕ ਸਰਧਾਲੂ ਦੇ ਘਰ ਕੀਤੇ ਸਮਾਗਮ ਵਿਚ ਦਸਮ ਗ੍ਰੰਥ ਦੇ ਪਾਠ ਦੇ ਨਾਲ ਹਵਨ ਕਰਾਇਆ ਤੇ 7 ਦਿਨ 7 ਬੱਕਰੇ ਝਟਕਾਏ ਗਏ। ਇਹਨਾਂ ਦੇ ਸਮਾਗਮਾਂ ਵਿਚ ਮਾਸ ਤੇ ਭੰਗ ਵਰਤਾਈ ਜਾਂਦੀ ਹੈ। ਇਹ, ਇਹ ਵੀ ਕਹਿੰਦੇ ਹਨ ਕਿ ਸੰਗਤਾਂ ਸ਼ਰਾਬ ਪੀ ਕੇ ਸਮਾਗਮ ਵਿਚ ਆ ਸਕਦੀਆਂ ਹਨ। ਇਹ ਵੀ ਪਤਾ ਲੱਗਾ ਹੈ ਕਿ ਪਹਿਲਾਂ ਵੀ ਇਹ ਬਾਬਾ ਆਪਣੇ ਆਪ ਨੂੰ ਗੁਰੂ ਤੇਗ ਬਹਾਦਰ ਜੀ ਦਾ ਅਵਤਾਰ ਦੱਸ ਕੇ ਸੰਗਤਾਂ ਨੂੰ ਗੁੰਮਰਾਹ ਕਰਦਾ ਰਿਹਾ ਹੈ। ਇਹ ਆਪਣੇ ਹਰ ਸਮਾਗਮ 'ਤੇ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਦੇ ਵਿਚਕਾਰ ਕਿਸੇ ਵੱਲੋਂ ਬਣਾਈ ਹੋਈ ਆਪਣੀ ਆਦਮ ਕੱਦ ਤਸਵੀਰ ਵੀ ਲਾਉਂਦਾ ਹੈ। ਬਹੁਤ ਸਾਰੀਆਂ ਸਭਾ ਸੁਸਾਇਟੀਆਂ ਨੇ ਇਨ੍ਹਾਂ ਦੀਆਂ ਮਨਮਰਜ਼ੀਆਂ ਦਾ ਵਿਰੋਧ ਕੀਤਾ ਹੈ। ਇਸ ਬਾਰੇ ਇਹ ਵੀ ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਬਾਬਾ ਗੁਰੂ ਗੋਬਿੰਦ ਸਿੰਘ ਜੀ ਦੇ ਚਾਲੀ

ਮੁਕਤਿਆਂ ਵਿਚੋਂ ਮੋਹਨ ਸਿੰਘ ਮੁਕਤਸਰ ਦੀ ਵੰਸ਼ ਵਿਚੋਂ ਹੈ। ਜਦੋਂ ਕਿ ਗੁਰੂ ਘਰ ਵਿਚ ਵੰਸ਼ ਦੀ ਕੋਈ ਮਹਾਨਤਾ ਨਹੀਂ ਹੈ। ਐਸੇ ਬਾਬਿਆਂ ਤੋਂ ਬਚਣ ਦੀ ਕੋਸ਼ਿਸ਼ ਕਰੀਏ, ਕਿਥੇ ਰਾਜਾ ਭੋਜ ਅਤੇ ਕਿਥੇ ਗੰਗੂ ਤੇਲੀ ? ਇਹ ਬਾਬੇ, ਦੇਹਧਾਰੀ ਗੁਰੂਆਂ ਵਾਂਗ ਹੀ ਸਿੱਖੀ ਨੂੰ ਖ਼ਤਮ ਕਰਨ ਤੇ ਤੁਲੇ ਹੋਏ ਹਨ। ਇਹ ਆਪ ਵੀ ਖ਼ੁਦ ਪੁੱਠੇ ਚੱਕਰਾਂ ਵਿਚ ਪਏ ਹੋਏ ਹਨ ਅਤੇ ਹੋਰਨਾਂ ਨੂੰ ਵੀ ਚੱਕਰਾਂ ਵਿਚ ਪਾ ਰਹੇ ਹਨ। ਜਾਗਣ ਦੀ ਲੋੜ ਹੈ ਇਹ ਸਾਰੇ ਬਾਬੇ, ਗੁਰੂ ਦੇ ਸ਼ਰੀਕ ਤਪੇ ਦਾ ਰੋਲ ਨਿਭਾ ਰਹੇ ਹਨ।

ਵੱਗ ਫਿਰਨ ਪ਼ਾਖੰਡੀਆਂ ਬਾਬਿਆਂ ਦੇ,
ਰਹਿੰਦੇ ਨਸ਼ਿਆਂ ਅੰਦਰ ਧੁੱਤ ਬਾਬੇ।
ਪੁਤੋਂ ਸੱਖਣੇ ਇਹਨਾਂ 'ਚੋਂ ਕਈ ਕਈ ਬਾਬੇ,
ਜਿਹੜੇ ਹੋਰਾਂ ਨੂੰ ਬਖਸ਼ਦੇ ਪੁੱਤ ਬਾਬੇ।
ਪਾਈਆਂ ਹੱਟੀਆਂ ਇਹਨਾਂ ਪਾਖੰਡੀਆਂ ਨੇ,
ਦਿਲੋਂ ਰੱਬ ਨੂੰ ਸਮਝਦੇ ਤੁੱਛ ਬਾਬੇ।
ਲੋਕ ਲੁੱਟਣ ਨੂੰ ਹੱਟੀਆਂ ਪਾਈ ਬੈਠੇ,
ਨਾ ਵੇਖਦੇ ਰੁੱਤ ਕੁਰੱਤ ਬਾਬੇ।

## ਸੰਤ ਧਨਵੰਤ ਸਿੰਘ (ਗੁਰਦਾਸਪੁਰੀਆ)

ਇਹ ਪਹਿਲਾਂ ਕਈ ਚਿਰ ਗੁਰਦਾਸਪੁਰ, ਅੰਮ੍ਰਿਤਸਰ ਜ਼ਿਲ੍ਹੇ ਵਿਚ ਸਮਾਗਮ ਰੱਖ ਕੇ ਕਥਾ ਪ੍ਰਚਾਰ ਕਰਦਾ ਰਿਹਾ। ਬਾਅਦ ਵਿਚ ਗੁਰਮਤਿ ਪ੍ਰਚਾਰ ਦੇ ਨਾਂ 'ਤੇ ਨਵਾਂ ਸ਼ਹਿਰ ਦੇ ਨੇੜੇ, "ਨੂਰ ਵਿਸ਼ਵ ਰੂਹਾਨੀ ਚੈਰੀਟੇਬਲ ਟਰੱਸਟ" ਨਾਂ ਦੀ ਸੰਸਥਾ ਚਲਾ ਰਹੇ ਇਸ ਪਾਖੰਡੀ ਸੰਤ ਨੇ ਆਪਣੇ ਹੀ ਇਕ ਬਹੁਤ ਪੁਰਾਣੇ ਸੇਵਕ ਦੀ ਮਾਸੂਮ ਬੱਚੀ ਦੀ ਪੱਤ ਲੁੱਟ ਲਈ। ਕੁਝ ਸਮਾਂ ਪਹਿਲਾਂ ਉਕਤ ਸੰਤ ਦਾ ਡਰਾਈਵਰ ਰਹਿ ਚੁੱਕਾ ਗੁਰਦੀਪ ਸਿੰਘ ਵੀ ਉਹਨਾਂ ਦੇ ਨਾਲ ਹੀ ਸੀ। ਗੁਰਦੀਪ ਸਿੰਘ ਨੇ ਦੱਸਿਆ ਕਿ ਇਸ ਬਾਬੇ ਨੇ ਲੋਕਾਂ ਤੋਂ ਲੁਕਵਾਂ ਇਕ ਮਕਾਨ ਖਰੀਦਿਆ ਹੋਇਆ ਹੈ ਜਿਥੇ ਕਈ ਵਾਰੀ ਰਾਤ ਦੇਰ ਗਏ, ਉਹ ਬਾਬੇ ਨੂੰ ਲੈ ਕੇ ਜਾਂਦਾ ਰਿਹਾ ਹੈ। ਉਹ ਬਾਬੇ ਨੂੰ ਉਥੇ ਸ਼ਰਾਬ ਵੀ ਲਿਆ ਕੇ ਦਿੰਦਾ ਰਿਹਾ ਅਤੇ ਇਹ ਬਾਬਾ ਉਥੇ ਹੋਰ ਵੀ ਕਈ ਔਰਤਾਂ ਨਾਲ ਅਯਾਸ਼ੀ ਕਰਦਾ ਹੈ। ਉਹਨਾਂ ਵੀਰਾਂ ਨੇ ਕਿਹਾ ਕਿ ਉਹ ਖ਼ਾਲਸਾ ਪੰਚਾਇਤ ਕੋਲ ਇਸ ਵਾਸਤੇ ਆਏ ਹਨ ਤਾਂ ਕਿ ਇਸ ਕੁਕਰਮੀ ਬਾਬੇ ਨੂੰ ਯੋਗ ਸਜ਼ਾ ਮਿਲ ਸਕੇ।

ਸ਼੍ਰੋਮਣੀ ਖ਼ਾਲਸਾ ਪੰਚਾਇਤ ਦੇ ਵੀਰਾਂ ਨੇ ਉਹਨਾਂ ਪੀੜਤਾਂ ਨੂੰ ਸਲਾਹ ਦਿੱਤੀ ਕਿ ਪੁਲਿਸ ਕੋਲ ਰਿਪੋਰਟ ਦਰਜ ਕਰਵਾਉ। ਪਰ ਉਹ ਕਹਿੰਦੇ ਕਿ ਸਾਡੀ ਤਾਂ

ਪੱਤ ਪਹਿਲਾਂ ਹੀ ਰੁਲ ਚੁੱਕੀ ਹੈ। ਰਹਿੰਦੀ-ਖੂੰਹਦੀ ਥਾਣਿਆਂ ਕਚਹਿਰੀਆਂ ਵਿਚ ਬਰਬਾਦ ਹੋ ਜਾਵੇਗੀ। ਪਰ ਅਸੀਂ ਇਸਨੂੰ ਸਜ਼ਾ ਜ਼ਰੂਰ ਦਿਵਾਉਣੀ ਚਾਹੁੰਦੇ ਹਾਂ। ਨਹੀਂ ਤਾਂ ਪਤਾ ਨਹੀਂ ਇਹ ਦੁਸ਼ਟ ਹੋਰ ਕਿੰਨੀਆਂ ਬੱਚੀਆਂ ਦੀ ਪੱਤ ਬਰਬਾਦ ਕਰੇਗਾ। 3 ਮਈ 2001 ਨੂੰ ਅਕਾਲ ਤਖ਼ਤ ਸਾਹਿਬ 'ਤੇ ਫ਼ਰਿਆਦ ਪਾ ਦਿੱਤੀ ਗਈ। ਸਿੰਘ ਸਾਹਿਬ ਨੇ ਫੌਰੀ ਕਾਰਵਾਈ ਕਰਦੇ ਹੋਏ ਸਿੱਖ ਸੰਗਤਾਂ ਦੇ ਨਾਂ ਇਕ ਆਦੇਸ਼ ਜਾਰੀ ਕਰ ਦਿੱਤਾ ਕਿ ਜਿੰਨਾ ਚਿਰ ਇਹ ਪਾਖੰਡੀ ਸਾਧ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਸਪੱਸ਼ਟੀਕਰਣ ਨਹੀਂ ਦਿੰਦਾ ਇਸ ਨਾਲ ਕਿਸੇ ਕਿਸਮ ਦਾ ਮਿਲਵਰਤਣ ਨਾ ਰੱਖਿਆ ਜਾਵੇ।

13 ਮਈ 2001 ਨੂੰ ਪੀੜ੍ਹਤ ਬੱਚੀ ਨੇ ਆਪ ਜਥੇਦਾਰ ਅਕਾਲ ਤਖ਼ਤ ਨੂੰ ਸਾਰੀ ਵਿਥਿਆ ਦੱਸੀ ਅਤੇ ਇਨਸਾਫ਼ ਦੇਣ ਦਾ ਯਕੀਨ ਦਿਵਾਇਆ। ਬੱਚੀ ਦੇ ਬਿਆਨ ਲੈਣ ਦੇ ਬਾਵਜੂਦ ਜਥੇਦਾਰ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਰਾਹੀਂ ਇਕ ਪੜਤਾਲੀਆ ਕਮੇਟੀ ਬਣਾਈ, ਜਿਸਨੇ ਸੰਤ ਧਨਵੰਤ ਸਿੰਘ ਨੂੰ ਪੂਰਨ ਦੋਸ਼ੀ ਪਾਇਆ।

ਦੋਸ਼ੀ ਸਾਧ ਧਨਵੰਤ ਸਿੰਘ ਨੇ ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਕੋਲ ਲਿਖਤੀ ਰੂਪ ਵਿਚ ਬਿਆਨ ਕੀਤਾ ਕਿ ਉਸ ਨੇ ਜ਼ਿੰਦਗੀ ਵਿਚ ਕੋਈ ਗੁਨਾਹ ਨਹੀਂ ਕੀਤਾ। ਪਰ ਉਪਰੰਤ, ਰਾਮਪੁਰ ਨੇੜੇ ਦੇ ਸੰਤ ਸੇਵਾ ਸਿੰਘ ਜੀ ਦੁਆਰਾ ਆਪਣੇ ਇਕ ਸਹਿਯੋਗੀ ਰਾਹੀਂ ਬਾਬਾ ਧਨਵੰਤ ਸਿੰਘ ਦਾ ਲਿਖਤੀ ਮੁਆਫ਼ੀਨਾਮਾ (ਜਿਸ ਵਿਚ ਉਸ ਨੇ ਐਸਾ ਹੀ ਕੁਰਕਮ ਪਹਿਲਾਂ ਵੀ ਕਰਨ ਦੀ ਗੱਲ ਮੰਨੀ ਹੈ) ਪ੍ਰਾਪਤ ਹੋਣ 'ਤੇ ਵੀ ਗੁਰੂ ਪੰਥ ਅਤੇ ਸਿੰਘ ਸਾਹਿਬਾਨ ਨੂੰ ਗੁੰਮਰਾਹ ਕਰਨ ਦਾ ਦੋਸ਼ੀ ਹੀ ਠਹਿਰਾਇਆ, ਹਾਲਾਂਕਿ ਇਸ ਤੋਂ ਸਪੱਸ਼ਟ ਪਤਾ ਲੱਗਦਾ ਹੈ ਕਿ ਇਹ ਵਿਅਕਤੀ ਨੀਚ ਚਾਲ-ਚਲਣ ਵਾਲਾ ਹੈ ਅਤੇ ਇਸਨੇ ਪੰਜ ਪਿਆਰਿਆਂ ਅੱਗੇ ਝੂਠਾ ਬਿਆਨ ਦਿੱਤਾ ਹੈ।

ਅਖ਼ੀਰ 10 ਮਈ 2002 ਨੂੰ ਸੰਤ ਧਨਵੰਤ ਸਿੰਘ ਨੂੰ ਸ਼ਰਾਬ ਪੀਣ ਅਤੇ ਹੋਰ ਮਨਮਤੀ ਕਾਰਵਾਈਆਂ ਲਈ ਅਤੇ ਨਾਲ ਹੀ ਸ਼ਿਕਾਇਤ ਕਰਨ ਗਏ 5 ਵੀਰਾਂ ਨੂੰ ਇਕ-ਇਕ ਹਫ਼ਤਾ ਪੰਜਾਂ ਤਖ਼ਤ ਸਾਹਿਬਾਨ 'ਤੇ ਸੇਵਾ ਕਰਨ ਅਤੇ ਕੀਰਤਨ ਸੁਣਨ ਦੀ ਸੇਵਾ ਲਾਈ ਗਈ। ਜਿਥੇ ਸ਼ਿਕਾਇਤ ਕਰਨ ਵਾਲਿਆਂ ਨੂੰ ਵੀ ਸਜ਼ਾ ਦੇਣ ਦਾ ਨਵਾਂ ਇਤਿਹਾਸ ਸਿਰਜਿਆ ਗਿਆ। ਉਥੇ ਉਹਨਾਂ ਨੂੰ ਸਜ਼ਾ ਦੇਣ ਦਾ ਕੋਈ ਸਪੱਸ਼ਟ ਕਾਰਨ ਵੀ ਨਹੀਂ ਦੱਸਿਆ ਗਿਆ।

ਸਿੰਘ ਸਾਹਿਬਾਂ ਦੀ (ਨਿਆਂ ਨੀਤੀ) ਦਿਆਨਤਦਾਰੀ ਉਪਰ ਵੀ ਇਥੇ ਕਈ ਪ੍ਰਸ਼ਨ ਚਿੰਨ੍ਹ ਲੱਗੇ ਹੋਏ ਹਨ। ਆਖ਼ਰ ਧਾਰਮਿਕ ਸੰਸਥਾ ਤੋਂ ਕੋਈ ਨਿਆਂ ਨਾ ਮਿਲਣ ਕਾਰਨ ਕੇਸ ਦੁਨਿਆਵੀ ਕੋਰਟ ਵਿਚ ਪੰਜਾਬ ਪੁਲਿਸ ਰਾਹੀਂ ਗਿਆ। ਕੇਸ 376

(ਬਲਾਤਕਾਰ) ਦਾ ਹੈ। ਦੁਨਿਆਵੀ ਅਦਾਲਤ ਨੇ ਕੇਸ ਦਾ ਫੈਸਲਾ ਇਸ ਤਰ੍ਹਾਂ ਕੀਤਾ ਜੋ 30 ਜਨਵਰੀ 2005 ਐਤਵਾਰ।

## ਸੰਤ ਬਾਬਾ ਧਨਵੰਤ ਸਿੰਘ ਨੂੰ 10 ਸਾਲ ਦੀ ਕੈਦ

ਹੁਸ਼ਿਆਰਪੁਰ 29 ਜਨਵਰੀ (ਸੁਖਜੀਤ ਕੌਰ) ਸ੍ਰੀ ਆਰ. ਐੱਲ. ਆਹੂਜਾ ਐਡੀਸ਼ਨਲ ਸੈਸ਼ਨ ਜੱਜ (ਫਾਸਟ ਟਰੈਕ ਕੋਰਟ) ਹੁਸ਼ਿਆਰਪੁਰ ਨੇ ਇਕ ਇਤਿਹਾਸਕ ਫੈਸਲੇ ਵਿਚ ਬਾਬਾ ਧਨਵੰਤ ਸਿੰਘ ਪੁੱਤਰ ਸਵਰਨ ਸਿੰਘ ਜੱਟ ਵਾਸੀ ਦਸ਼ਮੇਸ਼ ਨਗਰ ਬਟਾਲਾ ਰੋਡ ਗੁਰਦਾਸਪੁਰ ਨੂੰ ਦੋਸ਼ੀ ਪਾਉਂਦਿਆਂ ਹੋਇਆਂ 10 ਸਾਲ ਕੈਦ ਦਾ ਹੁਕਮ ਸੁਣਾਇਆ ਅਤੇ 10 ਹਜ਼ਾਰ ਜ਼ੁਰਮਾਨਾ ਕੀਤਾ ਕਿਉਂਕਿ ਇਸ ਸੰਤ ਨੇ ਮਿਤੀ 25/26-11-2000 ਨੂੰ ਰਾਤ $2^1/_2$ ਵਜੇ ਆਪਣੇ ਹੀ ਸੇਵਕ ਦੀ ਲੜਕੀ ਨੂੰ ਆਪਣੇ ਕਮਰੇ ਵਿਚ ਬੁਲਾ ਕੇ ਉਸਦੀ ਪੱਤ ਲੁੱਟੀ ਸੀ।

## ਪਾਖੰਡੀ ਬਾਬੇ ਨੇ ਸਿੱਖ ਧਰਮ ਦਾ ਨਿਰਾਦਰ ਕਰਨਾ ਸਵੀਕਾਰ ਕੀਤਾ

**ਇਕ ਹਫ਼ਤੇ ਵਿਚ ਪੰਜ ਪਿਆਰਿਆਂ ਦੀ ਹਾਜ਼ਰੀ ਵਿਚ ਮੁਆਫ਼ੀ ਮੰਗਣ ਦਾ ਲਿਖਤੀ ਵਾਅਦਾ ਕੀਤਾ।**

ਕੈਨੇਡਾ ਵਿਚ ਵਸਦੇ ਅਖੌਤੀ ਬਾਬੇ ਨਰਿੰਦਰ ਗਰੇਵਾਲ ਨੇ ਲਿਖਤੀ ਰੂਪ ਵਿਚ ਸਿੱਖ ਧਰਮ ਦਾ ਨਿਰਾਦਰ ਕਰਨ ਦੀ ਜ਼ਿੰਮੇਵਾਰੀ ਲਈ ਹੈ ਅਤੇ ਅਗਲੇ ਇਕ ਹਫ਼ਤੇ ਵਿਚ ਗੁਰਦੁਆਰਾ ਸਾਹਿਬ ਵਿਚ ਹਾਜ਼ਰ ਹੋ ਕੇ ਆਪਣੇ ਪ੍ਰਚਾਰ ਲਈ ਮੁਆਫ਼ੀ ਮੰਗਣ ਦੇ ਇਕਰਾਰਨਾਮੇ 'ਤੇ ਦਸਤਖ਼ਤ ਕੀਤੇ ਹਨ। ਬੀਤੇ ਮਹੀਨਿਆਂ ਦੌਰਾਨ ਪਾਖੰਡੀ ਬਾਬੇ ਵੱਲੋਂ ਸਿੱਖ ਗੁਰੂਆਂ ਅਤੇ ਗੁਰਬਾਣੀ ਬਾਰੇ ਕੂੜ ਪ੍ਰਚਾਰ ਕਰਕੇ ਕਸ਼ੀਦਗੀ ਵਾਲਾ ਮਾਹੌਲ ਪੈਦਾ ਕੀਤਾ ਜਾ ਰਿਹਾ ਸੀ ਅਤੇ ਉਹ ਆਪਣੇ-ਆਪ ਨੂੰ ਸਿੱਖ ਗੁਰੂਆਂ ਦੇ ਬਰਾਬਰ ਦਾ ਗੁਰੂ ਕਹਾਇਆ ਕਰਦਾ ਸੀ।

ਟੋਰਾਂਟੋ ਲਾਗੇ ਟੈਲੇਡੋਨ/ਬੋਲਟਨ ਦੀ ਪੁਲਿਸ ਚੌਕੀ ਵਿਚ ਉਂਟੇਰਿਓ ਦੀ ਸੂਬਾ ਪੁਲਿਸ (ਓ.ਪੀ.ਪੀ), ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਜੀ.ਐੱਮ.ਪੀ) ਮੀਲ ਖੇਤਰੀ ਪੁਲਿਸ ਦੇ ਅਧਿਕਾਰੀਆਂ, ਸਿੱਖਾਂ ਦੇ ਮੋਹਤਬਰ ਸੱਜਣਾਂ ਅਤੇ ਸਿੱਖੀ ਤੋਂ ਮੁਨਕਰ ਹੋਏ ਬਾਬੇ ਵਿਚਕਾਰ ਹੋਈ ਇਕ ਮੁਲਾਕਾਤ ਵਿਚ ਆਪਣੇ ਅੱਖੜ ਰਵੱਈਏ ਨੂੰ ਤਿਆਗਦਿਆਂ ਬਾਬੇ ਨੇ ਮੰਨਿਆ ਨੂੰ ਕਿ ਉਹ ਬੀਤੇ ਸਮੇਂ ਵਿਚ ਆਪਣੇ ਅੰਦਾਜ਼ ਵਿਚ ਹੀ ਸਿੱਖਾਂ ਦੇ ਗੁਰੂ ਸਾਹਿਬਾਨਾਂ ਬਾਰੇ ਊਲ-ਜਲੂਲ ਬੋਲਦਾ ਰਿਹਾ ਹੈ। ਪਛਤਾਵਾ ਜ਼ਾਹਰ ਕਰਦਿਆਂ ਉਸ ਨੇ ਇਹ ਵੀ ਸਵੀਕਾਰ ਕੀਤਾ ਹੈ ਕਿ ਉਸਦੀ ਸ਼ਬਦਾਵਲੀ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਅਤੇ ਸਿੱਖੀ ਸਿਧਾਂਤਾਂ ਦੀ ਉਲੰਘਣਾ ਹੋਈ ਹੈ। ਬਾਬੇ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਹ

ਇਕ ਹਫ਼ਤੇ ਦੇ ਅੰਦਰ-ਅੰਦਰ ਗੁਰਦੁਆਰਾ ਸਾਹਿਬ ਵਿਚ ਜਾ ਕੇ ਪੰਜ ਪਿਆਰਿਆਂ ਦੀ ਹਾਜ਼ਰੀ ਵਿਚ ਆਪਣੀਆਂ ਭੁੱਲਾਂ ਦੀ ਮੁਆਫ਼ੀ ਮੰਗੇਗਾ। ਸਿੱਖ ਪੰਥ ਦੀ ਤਸੱਲੀ ਲਈ ਇਸ ਸਾਰੀ ਕਾਰਵਾਈ ਦੀ ਵੀਡੀਓ ਫਿਲਮ ਬਣਾ ਕੇ ਕੌਮ ਨੂੰ ਦਿਖਾਈ ਜਾਵੇਗੀ। ਉਸ ਨੇ ਇਹ ਵੀ ਮੰਨ ਲਿਆ ਹੈ ਕਿ ਉਹ ਭਵਿੱਖ ਵਿਚ ਇੰਟਰਨੈੱਟ ਰਾਹੀਂ ਸਿੱਖੀ ਦੀ ਸ਼ਾਨ ਵਿਰੁੱਧ ਪ੍ਰਚਾਰ ਨਹੀਂ ਕਰੇਗਾ ਅਤੇ ਉਹ ਸਿੱਖਾਂ ਦੇ ਗੁਰੂਆਂ, ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਨਾਲ ਕੋਈ ਪਾਖੰਡ ਨਹੀਂ ਕਰੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਵਿਚ ਭਰੋਸਾ ਪ੍ਰਗਟ ਕਰਦਿਆਂ ਢੌਂਗੀ ਬਾਬੇ ਨੇ ਸਵੀਕਾਰ ਕੀਤਾ ਹੈ ਕਿ ਇਸ ਮਸਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਿਲਣ ਵਾਲੇ ਹੁਕਮ 'ਤੇ ਫੁੱਲ ਚੜਾਏਗਾ ਅਤੇ ਅਕਾਲ ਤਖ਼ਤ ਦਾ ਫੈਸਲਾ ਹੋ ਜਾਣ ਤੱਕ ਉਹ 'ਸਤਿਨਾਮ' ਸ਼ਬਦ ਦਾ ਇਸਤੇਮਾਲ ਨਹੀਂ ਕਰੇਗਾ। ਬਾਬੇ ਦੇ ਅਖੌਤੀ ਚੇਲੇ ਅਮੀਰਕ ਲੁਬਾਣਾ ਦੇ ਇਸ ਇਕਰਾਰਨਾਮੇ 'ਤੇ ਗਵਾਹ ਵਜੋਂ ਦਸਤਖ਼ਤ ਕਰਵਾਏ ਗਏ ਹਨ। ਇਸ ਮੌਕੇ 'ਤੇ ਸਿੱਖ ਜਗਤ ਵੱਲੋਂ ਹੋਰਨਾਂ ਤੋਂ ਇਲਾਵਾ ਸੁਖਮਿੰਦਰ ਸਿੰਘ ਹੰਸਰਾ, ਸੁਖਦੇਵ ਸਿੰਘ, ਅੰਮ੍ਰਿਤਪਾਲ ਸਿੰਘ, ਜਸਬੀਰ ਸਿੰਘ, ਕੁਲਵਿੰਦਰ ਸਿੰਘ ਅਤੇ ਗੁਰਦੀਸ਼ ਸਿੰਘ ਮਾਂਗਟ ਹਾਜ਼ਰ ਸਨ। ਟੋਰਾਂਟੋ ਦੇ ਸਿੱਖ ਆਗੂਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਘਟਨਾ ਬਾਰੇ ਨਾਲੋ-ਨਾਲ ਸੂਚਿਤ ਕੀਤਾ ਜਾ ਰਿਹਾ ਹੈ।

## ਕੈਨੇਡਾ 'ਚ ਅਖੌਤੀ ਸੰਤ ਵੱਲੋਂ ਆਪਣੇ-ਆਪ ਨੂੰ ਗੁਰੂ ਅਵਤਾਰ ਦੱਸਣ ਕਾਰਨ ਸਿੱਖ ਸੰਗਤਾਂ 'ਚ ਰੋਸ

ਕੈਨੇਡਾ 'ਚ ਇਕ ਕਥਿਤ ਪਾਖੰਡੀ ਸਾਧ ਵੱਲੋਂ ਆਪਣੇ ਆਪ ਨੂੰ ਸਿੱਖ ਗੁਰੂ ਸਾਹਿਬਾਨ ਦੇ ਬਰਾਬਰ ਦਰਜਾ ਦੇਣ ਅਤੇ ਗੁਰੂ ਸਾਹਿਬਾਨਾਂ ਵਿਰੁੱਧ ਅਪਮਾਨਜਨਕ ਟਿੱਪਣੀਆਂ ਕਰਨ ਕਾਰਨ ਸਿੱਖ ਜਗਤ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਵੱਲੋਂ ਇਸ ਸੰਬੰਧੀ 14 ਜੂਨ ਨੂੰ ਇਕ ਭਾਰੀ ਇਕੱਠ ਕੀਤਾ ਜਾ ਰਿਹਾ ਹੈ।

ਕੈਨੇਡਾ 'ਚ ਟੋਰਾਂਟੋ ਤੋਂ ਛੱਪਦੇ ਇਕ ਹਫ਼ਤਾਵਾਰੀ ਅਖ਼ਬਾਰ 'ਚ ਸੰਤ ਨਰਿੰਦਰ ਗਰੇਵਾਲ ਨਾਮਕ ਕਥਿਤ ਸਾਧ ਵੱਲੋਂ ਆਪਣੇ-ਆਪ ਨੂੰ ਅਜੋਕੇ ਸਮੇਂ ਦਾ ਅਵਤਾਰ ਐਲਾਨਣ ਅਤੇ ਨਵਾਂ ਨਾਅਰਾ ਦੇਣ ਸੰਬੰਧੀ ਛਪੀ ਵਿਸਥਾਰਿਤ ਰਿਪੋਰਟ ਤੋਂ ਬਾਅਦ ਕੈਨੇਡਾ ਤੇ ਅਮਰੀਕਾ 'ਚ ਰਹਿੰਦੇ ਸਿੱਖਾਂ 'ਚ ਭਾਰੀ ਰੋਸ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਪਾਖੰਡੀ ਸੰਤ ਵੱਲੋਂ ਆਪਣੀ ਵੈੱਬਸਾਈਟ ਰਾਹੀਂ ਵੀ ਇਸ ਤਰ੍ਹਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਗੁਰਦੁਆਰਿਆਂ ਦੀਆਂ ਕਮੇਟੀਆਂ ਵੱਲੋਂ ਇਸ

ਸੰਬੰਧੀ 14 ਜੂਨ ਨੂੰ ਟੋਰਾਂਟੋ ਦੇ ਗੁਰਦੁਆਰਾ ਉਨਟਾਰੀਓ ਖਾਲਸਾ ਦਰਬਾਰ ਡਿਸਕੀ ਰੋਡ 'ਚ ਸਿੱਖ ਸੰਗਤਾਂ ਦਾ ਇਕੱਠ ਬੁਲਾਇਆ ਗਿਆ ਹੈ ਅਤੇ ਵਿਵਾਦਗ੍ਰਸਤ ਸੰਤ ਨਰਿੰਦਰ ਗਰੇਵਾਲ ਨੂੰ ਵੀ ਇਸ ਸਮੇਂ ਸਿੱਖ ਸੰਗਤਾਂ ਸਾਹਮਣੇ ਪੇਸ਼ ਹੋਣ ਦੇ ਆਦੇਸ਼ ਦਿੱਤੇ ਗਏ ਹਨ। ਹਫ਼ਤਾਵਾਰੀ ਅਖ਼ਬਾਰ 'ਚ ਇਸ ਕਥਿਤ ਸੰਤ ਨਰਿੰਦਰ ਗਰੇਵਾਲ ਵੱਲੋਂ ਆਪਣੇ ਪ੍ਰਵਚਨਾਂ, ਜਿਨ੍ਹਾਂ ਦੀਆਂ ਵੀਡਿਓ ਕੈਸਿਟਾਂ ਜਾਰੀ ਕੀਤੀਆਂ ਜਾਂਦੀਆਂ ਹਨ, ਦੇ ਕੁਝ ਮੁੱਖ ਅੰਸ਼ ਛਾਪੇ ਗਏ ਹਨ, ਜਿਨ੍ਹਾਂ 'ਚ ਇਹ ਵਿਅਕਤੀ ਆਪਣੇ ਆਪ ਨੂੰ ਸਤਿਗੁਰੂ ਦੱਸਦਾ ਹੈ। ਉਹ ਗੁਰੂ ਗੋਬਿੰਦ ਸਿੰਘ ਜੀ ਨਾਲ ਆਪਣੀ ਤੁਲਨਾ ਕਰਦਾ ਹੈ। ਇਹ ਅਖੌਤੀ ਸੰਤ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਧਾਂਦਰਾ ਦਾ ਜੰਮਪਲ ਹੈ।

## ਨਾਨਕਸਰੀਏ ਸਾਧ

ਇਹਨਾਂ ਬਾਰੇ 'ਸੰਤਾਂ ਦੇ ਕੌਤਕ' ਪੁਸਤਕ ਦੇ ਪਹਿਲੇ ਭਾਗ ਵਿਚ ਵੀ ਕਾਫ਼ੀ ਕੁਝ ਲਿਖਿਆ ਗਿਆ ਪਰ ਆਉਣ ਵਾਲੇ ਭਾਗਾਂ ਵਿਚ ਵੀ ਲਿਖਦੇ ਰਹਾਂਗੇ। ਸਿੱਖੀ ਦੀ ਤਬਾਹੀ ਵਾਸਤੇ ਜੋ ਸੈਂਕੜੇ (300) ਦੇ ਕਰੀਬ ਅਖੌਤੀ ਸੰਤ ਸਟਾਰ ਗਰੁੱਪ ਨੇ ਤਿਆਰ ਕੀਤੇ ਹਨ ਅਤੇ ਵਾਰੀ ਵਾਰੀ ਇਹਨਾਂ ਹਥਿਆਰਾਂ ਨੂੰ ਸਟਾਰ ਗਰੁੱਪ ਵਰਤ ਰਿਹਾ ਹੈ। ਇਹ ਨਾਨਸਰੀਆਂ ਦਾ ਝੁੰਡ ਸਭ ਤੋਂ ਖ਼ਤਰਨਾਕ ਹਥਿਆਰ ਹੈ ਇਹ ਨਾਨਸਰੀਏ ਕੁਝ ਹੇਠ ਲਿਖੇ ਹਥਕੰਡੇ ਵਰਤ ਕੇ ਅੱਗੇ ਵਧ ਰਹੇ ਹਨ:

1. ਇਹ ਸਿੱਖਾਂ ਨੂੰ ਹਿੰਦੂਮਤ ਦਾ ਹੀ ਇਕ ਫ਼ਿਰਕਾ ਮੰਨਦੇ ਹਨ ਜਦ ਕਿ ਗੁਰੂ ਸਾਹਿਬ ਦਾ ਫ਼ੁਰਮਾਣ ਹੈ "ਨ ਹਮ ਹਿੰਦੂ ਨ ਮੁਸਲਮਾਨ ॥"
2. ਇਹ ਦਿਖਾਵੇ ਮਾਤਰ ਗੁਰਬਾਣੀ ਪੜ੍ਹਦੇ ਹਨ। ਗੁਰਮਤਿ ਸਿੱਖਿਆ ਨੂੰ ਇਹਨਾਂ ਕਦੇ ਨੇੜੇ ਨਹੀਂ ਆਉਣ ਦਿੱਤਾ। ਗੁਰਬਾਣੀ, ਕਰਮਕਾਂਡਾਂ ਦਾ ਭਰਪੂਰ ਖੰਡਨ ਕਰਦੀ ਹੈ। ਇਹ ਬਾਹਮਣ ਵਾਂਗੂੰ ਪੱਕੇ ਕਰਮਕਾਂਡੀ ਹਨ। ਗੁਰਬਾਣੀ ਸੱਚ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਕਰਦੀ ਹੈ ਪਰ ਇਹ ਗਿਣਤੀਆਂ ਕਰਨ ਤੇ ਲੱਗੇ ਹੋਏ ਹਨ, 10 ਪਾਠ, 20 ਪਾਠ, ਮਾਲਾ 108 ਮੂਲਮੰਤਰ ਦੀਆਂ, ਇਹ ਰਾਮ ਰਾਮ ਦੇ ਜਾਪ ਵੀ ਕਰਦੇ ਕਰਵਾਉਂਦੇ ਹਨ।
3. ਸਿੱਖਾਂ ਦਾ ਅਕਾਲ ਪੁਰਖ ਅਜੂਨੀ ਹੈ ਪਰ ਇਹ ਹਿੰਦੂਮਤ ਦੇ ਅਵਤਾਰਵਾਦ ਨੂੰ ਸਿੱਖੀ ਵਿਚ ਵਾੜ ਰਹੇ ਹਨ। ਗੁਰੂ ਨਾਨਕ ਸਾਹਿਬ ਨੂੰ ਇਹ ਵਿਸ਼ਨੂੰ ਦਾ ਅਵਤਾਰ ਮੰਨਦੇ ਹਨ, ਬਾਬਾ ਨੰਦ ਸਿੰਘ ਨੂੰ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਮੰਨਦੇ ਹਨ।

4. ਇਹ "ਗੁਰੂ ਗ੍ਰੰਥ ਸਾਹਿਬ ਜੀ" ਦੀ ਪੂਜਾ ਇਕ ਮੂਰਤੀ ਵਾਂਗ ਹੀ ਕਰਦੇ ਹਨ। ਇਹ ਨਾਨਕਸਰੀਏ, ਗੁਰੂ ਦੇ ਹੁਕਮ ਸੁਨੇਹੇ ਉਪਰ ਕੋਈ ਵਿਸ਼ਵਾਸ ਨਹੀਂ ਕਰਦੇ।
5. ਇਹਨਾਂ ਨੇ ਗੁਰਬਾਣੀ ਵਿਚ ਮਿਲਾਵਟ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਕੰਮ ਇਹ ਬੜੇ ਯੋਜਨਬਧ ਤਰੀਕੇ ਨਾਲ ਕਰ ਰਹੇ ਹਨ। ਪਹਿਲੇ ਪੜਾਅ ਵਿਚ ਇਹਨਾਂ ਗੁਰਬਾਣੀ ਵਿਚ ਸਤਿਨਾਮ ਵਾਹਿਗੁਰੂ ਛਪੇ ਗੁਟਕਿਆਂ ਵਿਚ ਸ਼ਾਮਲ ਕੀਤਾ ਅਤੇ ਦੂਸਰੇ ਪੜਾਅ ਤਹਿਤ ਇਹਨਾਂ ਗੁਰਬਾਣੀ ਦੇ ਗੁਟਕਿਆਂ ਦੇ ਸ਼ੁਰੂ ਵਿਚ ਮਨਘੜ੍ਹਤ ਕਹਾਣੀਆਂ ਦਿੱਤੀਆਂ ਹਨ ਅਤੇ ਗੁਰੂ ਸਾਹਿਬਾਂ ਦੀ ਤੌਹੀਨ ਵੀ ਕੀਤੀ ਹੈ। ਗੁਰੂ ਸਾਹਿਬਾਂ ਨੂੰ ਕੋਹੜ ਹੋਇਆ ਵੀ ਇਹਨਾਂ ਨੇ ਕਹਾਣੀਆਂ ਵਿਚ ਲਿਖਿਆ ਹੈ।
6. ਇਹ ਅਰਦਾਸ ਉਪਰੰਤ ਗੁਰੂ ਮਾਨਿਓ ਗ੍ਰੰਥ ਦੋਹਰਾ ਨਹੀਂ ਪੜ੍ਹਦੇ।
7. ਇਹ ਹਿੰਦੂਆਂ ਵਾਂਗ ਭੇਖੀ ਹਨ ਚਿੱਟੇ ਭੇਖ ਪਾਉਂਦੇ ਹਨ।
8. ਆਪਣੇ ਗੁਰਦੁਆਰੇ ਨੂੰ ਠਾਠ (ਐਸ਼ ਕਰਨ ਦਾ ਥਾਂ) ਕਹਿੰਦੇ ਹਨ।
9. ਸਿੱਖੀ ਵਿਚ ਗ੍ਰਹਿਸਤ ਧਰਮ ਪ੍ਰਧਾਨ ਹੈ ਪਰ ਇਹ ਬਿਹੰਗਮ ਬਣੇ ਫਿਰਦੇ ਹਨ।
10. ਇਹ ਨਿਸ਼ਾਨ ਸਾਹਿਬ ਵੀ ਨਹੀਂ ਝੁਲਾਉਂਦੇ।
11. ਇਹ ਗੋਲਕ ਨਹੀਂ ਰੱਖਦੇ ਪਰ ਅੰਦਰ ਖਾਤੇ ਸਭ ਕੁਝ ਹੜੱਪ ਲੈਂਦੇ ਹਨ।
12. ਲੰਗਰ ਨਹੀਂ ਪਕਾਉਂਦੇ। ਲੰਗਰ ਪ੍ਰਥਾ ਦੇ ਵਿਰੋਧੀ ਹਨ।
13. ਕੜਾਹ ਪ੍ਰਸ਼ਾਦਿ ਦੀ ਥਾਂ ਜ਼ਿਆਦਾ ਮਿਸ਼ਰੀ ਪ੍ਰਸ਼ਾਦਿ ਨੂੰ ਪਹਿਲ ਦਿੰਦੇ ਹਨ। ਇਹਨਾਂ ਦੇ ਸ਼ਰਧਾਲੂ ਮਿਸ਼ਰੀ ਚੜ੍ਹਾਉਂਦੇ ਹਨ ਉਹੀ ਮਿਸ਼ਰੀ ਫਿਰ ਦੁਕਾਨਾਂ ਤੇ ਵੇਚ ਦਿੰਦੇ ਹਨ।
14. ਗੁਰੂ ਗੋਬਿੰਦ ਸਿੰਘ ਬਾਰੇ ਕਹਿੰਦੇ ਹਨ ਕਿ ਉਹਨਾਂ ਪੰਜਾਂ ਪਿਆਰਿਆਂ ਤੋ ਅੰਮ੍ਰਿਤ ਨਹੀਂ ਸੀ ਛਕਿਆ, ਅੰਮ੍ਰਿਤ ਵਿਚੋਂ ਖੰਡਾ ਕੱਢ ਕੇ ਬੂੰਦਾਂ ਹੱਥ 'ਤੇ ਪਾਈਆਂ। ਸੱਜਾ ਹੱਥ ਗੁਰੂ ਅਤੇ ਖੱਬਾ ਹੱਥ ਚੇਲਾ ਬਣਾਇਆ। ਇਹ ਅੰਮ੍ਰਿਤ ਛਕਣ ਦਾ ਦਿਖਾਵਾ ਕਰਦੇ ਹਨ। ਜਨੇਊ ਵਰਗੀ ਕ੍ਰਿਪਾਨ ਪਾਉਂਦੇ ਹਨ।
15. ਇਹ ਵਾਰਾਂ-ਕਵਾਰਾਂ, ਸ਼ੁਭ-ਅਸ਼ੁਭ, ਲਗਨ-ਮਹੂਰਤਾਂ 'ਤੇ ਵਿਸ਼ਵਾਸ ਰੱਖਦੇ ਹਨ।

16. ਸਰਕਾਰ ਵੀ ਇਹਨਾਂ ਨੂੰ ਅੱਗੇ ਲਿਆਉਣ 'ਤੇ ਲੱਗੀ ਹੋਈ ਹੈ ਜਿਵੇਂ ਸਰਕਾਰੀ ਥਾਵਾਂ 'ਤੇ ਇਹਨਾਂ ਦੇ ਗੁਰਦੁਆਰੇ (ਠਾਠ) ਬਣ ਰਹੇ ਹਨ।
17. ਟੀ. ਵੀ. ਚੈਨਲਾਂ 'ਤੇ ਇਹਨਾਂ ਦਾ ਪ੍ਰਚਾਰ ਹੋ ਰਿਹਾ ਹੈ।
18. ਇਹਨਾਂ ਦੇ ਰਾਗੀ ਜੋ ਕੀਰਤਨ ਕਰਦੇ ਹਨ ਉਹ ਬਾਬਾ ਨੰਦ ਸਿੰਘ ਦੀ ਹੀ ਉਸਤਤ ਕਰਦੇ ਹਨ। ਹਰਬੰਸ ਸਿੰਘ ਜਗਾਧਰੀ, ਚਮਨ ਲਾਲ ਅਤੇ ਹੋਰ ਵੀ ਰਾਗੀ ਸਟਾਰ ਗਰੁੱਪ ਨੇ ਕਮਿਸ਼ਨ ਕਰ ਲਏ ਹਨ। ਬਾਬਾ ਨੰਦ ਸਿੰਘ ਨੂੰ ਪਾਪੂਲਰ ਕਰਨ ਬਦਲੇ ਕਈ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

(ਮੌਨੀਟਰ, ਜਨਵਰੀ 2002)

## ਬਾਬਾ ਪਿਤਾ ਸ਼ਹੀਦ ਢਾਬਸਰੀਆ (ਪੱਧਰੀ ਵਾਲਾ)

ਇਸ ਸਾਧ ਬਾਰੇ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਵੀ ਕਾਫ਼ੀ ਕੁਝ ਲਿਖਿਆ ਗਿਆ। ਆਉਣ ਵਾਲੇ ਭਾਗਾਂ ਵਿਚ ਲਿਖਦੇ ਰਹਾਂਗੇ। ਇਹਦੇ ਬੰਦੇ ਮੇਰੇ ਕੋਲ ਆਏ ਅਤੇ ਕਿਹਾ ਕਿ ਘੋੜਾ ਅਤੇ ਮੱਝ ਕੇ ਕੇ ਸਨਮਾਨਿਤ ਕਰਨਾ ਹੈ। ਮੈਂ ਕਿਹਾ ਕਿ ਸਨਮਾਨਿਤ ਕਰਨ ਦੀ ਕੋਈ ਲੋੜ ਨਹੀਂ ਹੈ। ਇਸ ਸਾਧ ਨੇ 'ਗੁਰੂ ਗੋਬਿੰਦ ਸਿੰਘ' ਕਹਾ ਕੇ 'ਗੁਰੂ ਗ੍ਰੰਥ ਸਾਹਿਬ' ਕਹਾ ਕੇ, 'ਸ੍ਰਿਸ਼ਟੀ ਦਾ ਕਰਤਾ ਕਹਾ ਕੇ' ਗੁਰਸਿੱਖਾਂ ਦੇ ਜ਼ਖਮਾਂ 'ਤੇ ਲੂਣ ਛਿੜਕਿਆ ਹੈ। ਇਹ ਸਾਧ ਜਨਤਕ ਤੌਰ 'ਤੇ ਮੁਆਫ਼ੀ ਮੰਗੇ ਅਤੇ ਇਹਦੀ ਗੁਰਮਤਿ ਸਿਧਾਂਤਾਂ ਨਾਲ ਖ਼ਿਲਵਾੜ ਕਰਦੀ ਕਿਤਾਬ ਬੈਨ ਹੋਵੇ (ਪਾਬੰਦੀ ਲੱਗੇ)।

ਹੋਰ ਸਿੱਖ ਜਥੇਬੰਦੀਆਂ ਵੱਲੋਂ ਵੀ ਇਸਦਾ ਵਿਰੋਧ ਹੋਇਆ। ਅਖ਼ਬਾਰਾਂ ਵਿਚ ਵੀ ਆਇਆ ਕਿ ਇਹ ਸਾਧ ਸਪੱਸ਼ਟੀਕਰਨ ਦੇਵੇ, ਮੁਆਫ਼ੀ ਮੰਗੇ। ਇਹਦੀ ਕਿਤਾਬ ਗੁਰੂ ਗਰੀਬ ਨਿਵਾਜ 'ਤੇ ਪਾਬੰਧੀ ਲਾਈ ਜਾਵੇ।

ਇਹ ਸਾਧ ਭੰਗ, ਪੋਸਤ ਆਦਿ ਨਸ਼ੇ ਖਾਣ ਅਤੇ ਨਸ਼ੇ ਵੰਡਣ ਦਾ ਵੀ ਆਦੀ ਹੈ। ਇਥੇ ਇਸ ਸਾਧ ਨੇ ਅਨੰਦਪੁਰ ਸਾਹਿਬ ਹੋਲੇ ਮਹੱਲੇ 'ਤੇ ਭੁੱਕੀ (ਪੋਸਤ) ਦੇ ਲਫਾਫੇ ਅਨੋਖੇ ਤਰੀਕੇ ਨਾਲ ਵੰਡੇ, ਇਸ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ।

ਸੰਨ 2003 ਦੀ ਗੱਲ ਹੈ ਕਿ ਅਨੰਦਪੁਰ ਸਾਹਿਬ ਹੋਲੇ ਮਹੱਲੇ 'ਤੇ ਇਸ ਢਾਬਸਰੀਏ ਸਾਧ ਦਾ ਚੇਲਾ ਕਹਿ ਰਿਹਾ ਸੀ ਕਿ ਇਹ ਬਾਬਾ ਪਰਮ ਤਿਆਗੀ ਹੈ, ਇਸ ਕੋਲ ਸਾਈਕਲ ਵੀ ਨਹੀਂ ਹੈ, ਪੈਦਲ ਹੀ ਜਾਂਦੇ-ਆਉਂਦੇ ਹਨ, ਜਦੋਂ ਕਿ ਲਾਗੇ ਹੀ ਇਕ ਟਰੱਕ ਅਤੇ ਟਾਟਾ ਸੂਮੋ ਜਿਸ 'ਤੇ ਸਾਧ ਦੇ ਡੇਰੇ ਦਾ ਨਾਂ ਲਿਖਿਆ ਹੋਇਆ ਸੀ ਖੜੀਆਂ ਸਨ।

ਸਾਧ ਦੀ ਭੈਣ ਗੁਰਮੀਤ ਕੌਰ (ਛੋਟੀ ਰੱਬਣੀ) ਲੋਕਾਂ ਨੂੰ ਇਕੱਠਿਆਂ ਕਰਕੇ ਡੇਰੇ ਦੀਆਂ ਫੋਟੋਆਂ ਦਿਖਾ ਰਹੀ ਸੀ ਅਤੇ ਨਾਲ ਹੀ ਡੇਰੇ ਬਾਰੇ ਜਾਣਕਾਰੀ ਦੇ ਰਹੀ ਸੀ। ਉਹ ਕਹਿ ਰਹੀ ਸੀ ਕਿ ਸਾਡੇ ਡੇਰੇ 'ਗੁਰੂ ਗ੍ਰੰਥ ਸਾਹਿਬ' ਜੀ ਦਾ ਕੇਵਲ ਇਕ ਹੀ ਸਰੂਪ ਹੈ। 'ਗੁਰੂ ਗ੍ਰੰਥ ਸਾਹਿਬ' ਨੂੰ ਹਰ ਐਤਵਾਰ 52 ਕਲੀਆਂ ਵਾਲਾ ਚੋਲਾ ਪਵਾ ਕੇ ਸੈਰ ਕਰਵਾਈ ਜਾਂਦੀ ਹੈ। ਉਸਨੇ ਇਕ ਫੋਟੋ ਦਿਖਾ ਕੇ ਦੱਸਿਆ ਕਿ ਅਸੀਂ 'ਗੁਰੂ ਗ੍ਰੰਥ ਸਾਹਿਬ' ਨੂੰ ਟਾਈ ਲਾਈ ਹੋਈ ਹੈ। ਗੁਰੂ ਦੇ ਖੇਡਣ ਵਾਸਤੇ ਬਾਜ਼ੀਆਂ, ਖਿਡੌਣੇ ਅਤੇ ਬੰਦੂਕ, ਚਾਂਦੀ ਦੀਆਂ ਗੋਲੀਆਂ ਰੱਖੀਆਂ ਹੋਈਆ ਹਨ। ਗੁਲੇਲ ਵੀ ਰੱਖੀ ਹੋਈ ਹੈ। ਖਿਡੌਣੇ ਜ਼ਹਾਜ਼ ਵੀ ਗੁਰੂ ਅੱਗੇ ਰੱਖੇ ਹੋਏ ਹਨ, ਸੋਨੇ ਦਾ ਕੈਂਠਾ ਵੀ ਗੁਰੂ ਦੇ ਗਲ ਵਿਚ ਪਾਇਆ ਹੋਇਆ ਹੈ। ਵਿਚ ਵਿਚ ਚਲਾਕ ਸਾਧਨੀ ਭੋਲੇ-ਭੋਲੇ ਲੋਕਾਂ ਨੂੰ ਸਵਾਲ ਕਰਦੀ ਕਿ ਕਦੇ ਦੇਖਿਆ ਹੈ ਹੋਰ ਕਿਤੇ ਇਤਨਾ ਸਤਿਕਾਰ ਗੁਰੂ ਦਾ ? ਭੋਲੇ ਲੋਕ ਨਾਂਹ ਵਿਚ ਸਿਰ ਹਿਲਾ ਦੇਂਦੇ।

ਅਚਾਨਕ ਕਾਹਲੀ ਨਾਲ ਇਹ ਔਰਤ ਨੇੜੇ ਖੜ੍ਹੇ ਆਪਣੇ ਡੇਰੇ ਦੇ ਟਰੱਕ ਦੇ ਟੂਲਬਕਸ ਵਿਚ ਖੜ੍ਹ ਕੇ ਪਹਿਲਾਂ ਹੀ ਤਿਆਰ ਕੀਤੇ ਹੋਏ ਪੋਸਤ (ਭੁੱਕੀ) ਦੇ ਪੈਕਟ ਕੱਢ ਕੇ ਸਿੱਖ ਸੰਗਤਾਂ ਵੱਲ ਸੁੱਟਣ ਲੱਗ ਪਈ। ਇਸ ਤਰ੍ਹਾਂ ਉਹ ਲਗਾਤਾਰ ਪੈਕਟ ਸੁੱਟਦੀ ਰਹੀ। ਲੋਕੀਂ ਧੱਕਾ-ਮੁੱਕੀ ਹੋ ਕੇ ਵੀ ਪੋਸਤ ਦੇ ਪੈਕਟ ਲੁੱਟ ਰਹੇ ਸਨ। ਖ਼ਾਲਸੇ ਦੀ ਸਾਜਨਾ ਭੂਮੀ 'ਤੇ ਇਹ ਸਾਧ ਖ਼ਤਰਨਾਕ ਨਸ਼ਿਆਂ ਨੂੰ ਪ੍ਰਸ਼ਾਦ ਕਰਕੇ ਵੰਡ ਰਹੇ ਸਨ ਅਤੇ ਲੋਕ ਇਹਨਾਂ ਲਫਾਫਿਆਂ ਨਾਲ ਲੱਗੀ ਮਿੱਟੀ ਵੀ ਖਾਣ ਤੱਕ ਗਏ। ਨਿਹੰਗ ਉਥੇ ਕਹਿ ਰਹੇ ਸਨ ਕਿ ਇਹ ਬਾਬਿਆਂ ਦਾ ਪ੍ਰਸ਼ਾਦ ਹੈ ਅਤੇ ਉਸੇ ਨੂੰ ਹੀ ਮਿਲਦਾ ਹੈ ਜਿਸ 'ਤੇ ਬਖ਼ਸ਼ਿਸ਼ ਹੋਵੇ।

**ਵਿਚਾਰ : ਕੀ ਇਹ ਅਕ੍ਰਿਤਘਣਤਾ ਦੀ ਹੱਦ ਨਹੀਂ ਹੈ ?**

ਇਹ ਬੇਈਮਾਨ ਸਾਧ ਤਾਂ ਸਿੱਖ ਕਹਾਉਣ ਦੇ ਵੀ ਹੱਕਦਾਰ ਨਹੀਂ ਹਨ। ਯਾਦ ਰਖੋ 'ਘਰ ਕੋ ਆਗ ਲਗੀ, ਘਰ ਕੇ ਚਿਰਾਗ ਸੇ'।

ਗੁਰੂ ਸਾਹਿਬ ਨੇ ਚਾਰੇ ਸਾਹਿਬਜ਼ਾਦੇ ਕੁਰਬਾਨ ਕਰਕੇ ਸਿੱਖਾਂ ਵੱਲ ਹੱਥ ਕਰਦਿਆਂ ਬਚਨ ਕੀਤਾ "**ਇਨ ਪੁਤਰਨ ਕੇ ਸੀਸ ਪੇ ਵਾਰ ਦੀਏ ਸੁਤ ਚਾਰ, ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ**"। ਇਹ ਸਾਧ, ਸਿੱਖਾਂ ਨੂੰ ਨਸ਼ੱਈ ਬਣਾ ਕੇ ਕਿਹੜੀ ਸੇਵਾ ਕਰ ਰਹੇ ਹਨ ? ਇਹ ਸਾਧ ਗੁਰੂ ਨੂੰ ਸੋਨੇ ਦੇ ਕੈਂਠੇ, ਟਾਈਆਂ ਲਾਈ ਬੈਠੇ ਹਨ। ਗੁਰੂ ਦੇ ਬਚਨ ਹਨ "ਕੰਚਨ ਲੋਹ ਸਮਾਨ", "ਕੰਚਨ ਮਾਟੀ ਮਾਨੈ" ਮਹਾਰਾਜ ਨੇ ਸੋਨੇ ਨੂੰ ਵੀ ਕਈ ਥਾਈਂ ਮਿੱਟੀ ਆਖਿਆ ਹੈ। "ਤੇਰਾ ਦੀਆ ਤੁਝੈ ਕਿ ਅਰਪਉ", "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ਅਨੰਦ ਸਾਹਿਣਾ" ਕੀ ਇਹ ਬਚਨ ਇਸ ਸਾਧ ਨੂੰ ਕਦੇ ਚੇਤੇ ਨਹੀਂ ਆਏ "ਤੁਧਨੋ ਨਿਵਣੁ ਮੰਨਣੁ ਤੇਰਾ ਨਾਉ" (ਪੰਨਾ 878), "ਹੁਕਮਿ ਬੂਝਿ ਪਰਮਪਦੁ ਪਾਈ

ਸੁਖਮਨੀ॥" ਸਿੱਖ ਕੌਮ ਜਿਊਂਦੀ ਹੈ ਇਸ ਸਾਧ ਨੂੰ ਦੱਸੇਗੀ ਕਿ ਗੁਰੂ ਦਾ ਬਚਨ (ਹੁਕਮ) ਮੰਨਣਾ ਹੀ, ਹਿਰਦੇ ਵਿਚ ਵਸਾਉਣਾ, ਗੁਰਮਤਿ ਅਨੁਸਾਰੀ ਜੀਵਨ ਬਤੀਤ ਕਰਨਾ ਹੀ ਗੁਰੂ ਦਾ ਸਤਿਕਾਰ ਹੈ।

ਇਹਨਾਂ ਨੂੰ ਸੰਤ ਮਹਾਪੁਰਸ਼ ਕਹਿਣ ਵਾਲੇ ਲੋਕ ਵੀ ਬਰਾਬਰ ਗੁਨਾਹਗਾਰ ਹਨ "ਸਤਿਗੁਰ ਸਾਹਿਬ ਛਡਿ ਕੈ ਮਨਮੁਖ ਹੋਇ ਬੰਦੇ ਦਾ ਬੰਦਾ॥" (ਭਾਈ ਗੁਰਦਾਸ ਜੀ)

"ਗੁਰੂ ਗ੍ਰੰਥ ਸਾਹਿਬ" ਦੇ ਸਿਧਾਂਤ ਦੇ ਉਲਟ ਬੰਦਿਆਂ ਦੇ ਬੰਦੇ ਬਣਾਉਣ ਵਾਲੇ ਲੋਕਾਂ ਤੋਂ ਸੁਚੇਤ ਹੋਈਏ। ਸਿੱਖ ਤਾਂ ਗੁਰੂ ਸ਼ਬਦ ਦਾ ਬੰਦਾ ਹੈ, ਸ਼ਬਦ ਗੁਰੂ ਤੋਂ ਅਗਵਾਈ ਲੈਂਦਾ ਹੈ। ਸਿੱਖ ਕਦੇ ਵੀ ਦੇਹ ਦਾ, ਬੰਦੇ ਦਾ ਪੁਜਾਰੀ ਨਹੀਂ ਹੋ ਸਕਦਾ।

## ਮੁੰਡੇ ਦੇਣ ਵਾਲਾ ਬਾਬਾ

ਇਲਾਕੇ ਵਿਚ ਉਸ ਸਾਧ ਦੀ ਬੜੀ ਚਰਚਾ ਸੀ। ਲੋਕ ਦੂਰੋਂ ਦੂਰੋਂ ਉਸ ਸਾਧ ਕੋਲੋਂ ਮੁੰਡੇ ਦੀ ਦਾਤ ਲੈਣ ਆਉਂਦੇ ਸਨ। ਕਿਸੇ ਨੇ ਪੁਲਿਸ ਨੂੰ ਦੱਸ ਦਿੱਤਾ ਕਿ ਡੇਰੇ ਵਿਚ ਕਾਫੀ ਗ਼ਲਤ ਕੰਮ ਹੁੰਦੇ ਹਨ। ਪੁਲਿਸ ਨੇ ਛਾਪਾ ਮਾਰਿਆ, ਕਈ ਇਤਰਾਜ਼ਯੋਗ ਚੀਜ਼ਾਂ ਪ੍ਰਾਪਤ ਹੋਈਆਂ। ਪਿੰਡ ਦੇ ਕਈ ਬੰਦੇ ਇਕੱਠੇ ਹੋ ਕੇ ਥਾਣੇ ਪਹੁੰਚੇ ਤਾਂ ਜੋ ਸਾਧ ਨੂੰ ਛੁਡਾਇਆ ਜਾ ਸਕੇ। ਉਹਨਾਂ ਨੂੰ ਵਿਚੋਂ ਇਕ ਮੋਹਤਬਾਰ ਬੰਦੇ ਨੇ ਸਾਧ ਦੀ ਵਕਾਲਤ ਕਰਦੇ ਹੋਏ ਕਿਹਾ, ਜਨਾਬ ਬਾਬਾ ਜੀ ਤਾਂ ਪਹੁੰਚੇ ਹੋਏ ਸੰਤ ਹਨ, ਧਾਰਮਿਕ ਪ੍ਰਵਿਰਤੀ ਦੇ ਮਾਲਕ ਹਨ। ਤੁਹਾਨੂੰ ਕਿਸੇ ਨੇ ਐਵੇਂ ਸੰਤਾਂ ਨੂੰ ਬਦਨਾਮ ਕਰਨ ਲਈ ਖ਼ਬਰ ਦੇ ਦਿੱਤੀ ਹੈ। ਥਾਣੇਦਾਰ ਨੇ ਮੁਨਸ਼ੀ ਨੂੰ ਬਰਾਮਦ ਹੋਈਆਂ ਫੋਟੋਆਂ ਲਿਆਉਣ ਲਈ ਕਿਹਾ। ਫੋਟੋਆਂ ਵਿਚੋਂ ਇਕ ਫ਼ੋਟੋ ਕੱਢ ਕੇ ਥਾਣੇਦਾਰ ਨੇ ਉਸ ਮੋਹਤਬਰ ਬੰਦੇ ਨੂੰ ਫੜਾਈ ਅਤੇ ਕਿਹਾ ਕਿ ਦੇਖਣਾ ਇਹ ਫੋਟੋ ਕਿਸ਼ਦੀ ਹੈ? ਫੋਟੋ ਦੇਖ ਕੇ ਤਾਂ ਜਿਵੇਂ ਉਸ ਬੰਦੇ ਨੂੰ ਸੱਪ ਸੁੰਘ ਗਿਆ ਹੋਵੇ। ਉਹ ਸ਼ਰਮ ਨਾਲ ਧਰਤੀ ਵਿਚ ਗੱਡਦਾ ਜਾ ਰਿਹਾ ਸੀ। ਇਹ ਫ਼ੋਟੋ ਉਸ ਮੋਹਤਬਰ ਬੰਦੇ ਦੀ ਵੱਡੀ ਕੁੜੀ ਦੀ ਸੀ ਜੋ ਇਤਰਾਜ਼ਯੋਗ ਹਾਲਤ ਵਿਚ ਲਈ ਗਈ ਸੀ।

**ਜਨਾਬ**! ਛੱਡਣਾ ਨਹੀਂ ਏਸ ਭੇਖੀ ਨੂੰ। ਇਹਨੂੰ ਫ਼ਾਂਸੀ ਲੱਗਣੀ ਚਾਹੀਦੀ ਹੈ। ਹੁਣ ਉਹ ਬੰਦਾ ਪਾਗਲਾਂ ਵਾਂਗ ਚੀਖ਼ ਰਿਹਾ ਸੀ।

**ਸ. ਜਗਜੀਤ ਸਿੰਘ**

**ਜੀਤ ਖੁਮਾਣੋਂਵਾਲਾ, ਈ-120 ਜਗਤ ਕਲੋਨੀ, ਖੰਨਾ**

## ਬਾਬਾ ਮੇਜਰ ਸਿੰਘ ਵਾਂ ਵਾਲਾ

ਇਹ ਵੀ ਇਕ ਡੇਰੇਦਾਰ ਸਾਧ ਹੈ ਪਿੰਡ ਮਾੜੀ ਕੰਬੋਕੇ ਵਿਖੇ ਅਸੀਂ ਸਮਾਗਮ 'ਤੇ ਗਏ ਸੀ। ਇਕ ਕਮਰੇ ਦੇ ਅੰਦਰ ਇਕ ਮੰਜੇ 'ਤੇ ਸੁੱਤਾ ਪਿਆ ਸੀ ਉਪਰ ਲੋਈ ਤਾਣੀ ਹੋਈ ਸੀ। ਮੈਂ ਭੁਲੇਖੇ ਨਾਲ ਇਸਦੇ ਮੰਜੇ 'ਤੇ ਬੈਠਣ ਲੱਗਾ ਸੀ ਤਾਂ ਇਸਦੇ ਚੇਲਿਆਂ ਨੇ ਝੱਟ ਇਸ਼ਾਰਾ ਕਰਕੇ ਮੈਨੂੰ ਰੋਕ ਦਿੱਤਾ ਕਿ ਬਾਬਾ ਜੀ ਸੁੱਤੇ ਹੋਏ ਹਨ, ਹੋਰ ਕੋਈ ਵੀ ਇਹਨਾਂ ਦੇ ਮੰਜੇ 'ਤੇ ਬੈਠ ਨਹੀਂ ਸਕਦਾ। ਮੈਂ ਕਈ ਸੋਚਾਂ ਸੋਚਦਾ ਹੋਰ ਮੰਜੇ 'ਤੇ ਬੈਠ ਗਿਆ। ਸੁੱਤੇ ਪਿਆਂ ਉਠ ਕੇ ਉਸੇ ਸਮਾਗਮ 'ਤੇ ਇਸ ਇਸ ਬਾਬੇ ਨੇ ਕਥਾ ਕੀਤੀ। ਸ਼ਰਾਬ ਦੀ ਗੱਲ ਕਰਦਿਆਂ ਕਰਦਿਆਂ ਇਹ ਕਹਿ ਰਿਹਾ ਸੀ ਕਿ ਕਬੀਰ ਸਾਹਿਬ ਕਦੋਂ ਕਹਿੰਦੇ ਹਨ ਕਿ ਸ਼ਰਾਬ ਨਾ ਕੱਢੋ ਉਹ ਤਾਂ ਕਹਿੰਦੇ ਹਨ ਕਿ ਕੱਢੋ, ਭਉ ਦੀ ਭੱਠੀ ਲਾਓ, ਨਾਲੀ ਇਸ ਤਰ੍ਹਾਂ ਦੀ, ਗੁੜ ਇਸ ਤਰ੍ਹਾਂ ਦਾ, ਨਾਲ ਗੁਰਬਾਣੀ ਵਿਚਲੀਆਂ ਉਹ ਤੁਕਾਂ ਵੀ ਸੁਣਾਈਆਂ। ਪਰ ਇਹਨਾਂ ਸਾਧਾਂ ਨੂੰ ਕੌਣ ਦੱਸੇ ਕਿ ਦੁਨੀਆਂ ਤਾਂ ਪਹਿਲਾਂ ਹੀ ਕਹਿ ਰਹੀ ਹੈ ਕਿ ਬਾਬੇ ਕਹਿੰਦੇ ਹਨ ਕਿ ਹੱਥ ਦੀ ਸ਼ਰਾਬ ਕੱਢ ਕੇ ਪੀ ਲਉ। ਸੰਗਤ ਵਿਚ ਬੈਠੇ ਬਹੁ-ਗਿਣਤੀ ਸ਼ਰਾਬੀ ਲੋਕਾਂ ਨੇ ਇਸ ਸਾਧ ਵੱਲੋਂ ਸੁਣਾਈ ਤੁੱਕ ਤਾਂ ਕੋਈ ਵੀ ਨਹੀਂ ਸੁਣੀ ਹੋਵੇਗੀ। ਉਹਨਾਂ ਨੇ ਤਾਂ ਇਹੋ ਗੱਲ ਪੱਲੇ ਬੱਧੀ ਹੋਵੇਗੀ ਕਿ ਕੱਢੋ ਅਤੇ ਪੀਉ। ਹੋਰ ਵੀ ਗੁਰਮਤਿ ਸਿਧਾਂਤ ਦੇ ਉਲਟ ਕਹਾਣੀਆਂ ਇਹ ਸੁਣਾਉਂਦਾ ਹੈ। ਡੇਰਿਆਂ ਦੇ ਝਗੜੇ ਜ਼ਮੀਨਾਂ ਦੇ ਝਗੜੇ ਇਸਦੇ ਗਲ ਵਿਚ ਪਏ ਹੋਏ ਹਨ। ਇਕ ਘਟਨਾ 17 ਜਨਵਰੀ ਦੀ ਅਖ਼ਬਾਰ ਵਿਚ ਵੀ ਛਪੀ ਸੀ ਜੋ ਇਸ ਤਰ੍ਹਾਂ ਹੈ, ਸ਼੍ਰੋਮਣੀ ਕਮੇਟੀ ਅਤੇ ਬਾਬਾ ਮੇਜਰ ਸਿੰਘ ਵਿਚਾਲੇ ਝਗੜਾ ਅੱਜ ਉਸ ਵੇਲੇ ਸਥਾਨਕ ਕਚਹਿਰੀ ਕੰਪਲੈਕਸ ਵਿਚ ਹੋਇਆ ਜਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਨਿੱਜੀ ਸਹਾਇਕ ਸ. ਰਘਬੀਰ ਸਿੰਘ ਇਕ ਕੇਸ ਦੇ ਸੰਬੰਧ ਵਿਚ ਤਰੀਕ ਭੁਗਤਣ ਗਏ। ਗੋਲੀ ਬਾਬੇ ਮੇਜਰ ਸਿੰਘ ਦੇ ਸਾਥੀਆਂ ਨੇ ਚਲਾਈ। ਇਕ ਜ਼ਖਮੀ ਹੋ ਗਿਆ 7 ਵਿਅਕਤੀਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ।

# ਇੰਟਰਨੈਸ਼ਨਲ ਸੰਤ ਸਮਾਜ ਦੇ ਪ੍ਰਧਾਨ ਸੰਤ ਜਗੇੜਾ



ਵਿਵਾਦਾਂ ਦੇ ਘੇਰੇ ਵਿਚ ਰਹੇ ਇੰਟਰਨੈਸ਼ਨਲ ਸੰਤ ਸਮਾਜ ਦੇ ਪ੍ਰਧਾਨ ਸੰਤ ਸ਼ਮਸ਼ੇਰ ਸਿੰਘ ਜਗੇੜਾ ਨੂੰ ਇਕ ਔਰਤ ਨਾਲ ਬਲਾਤਕਾਰ ਕਰਦਿਆਂ ਲੋਕਾਂ ਨੇ ਮੌਕੇ 'ਤੇ ਹੀ ਫੜ ਲਿਆ ਅਤੇ ਕੁਟਾਪਾ ਚਾੜ੍ਹਿਆ। ਪੁਲੀਸ ਨੇ ਭਾਰਤੀ ਦੰਡ ਵਿਧਾਨ ਦੀ ਧਾਰਾ 376 ਅਧੀਨ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਮਾਡਲ ਟਾਊਨ ਪੁਲਿਸ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਥੇ ਡੁਗਰੀ ਰੋਡ 'ਤੇ ਸਥਿਤ ਡੇਰਾ ਮਸਤੂਆਣਾ, ਜਿਥੇ ਕਈ ਸਾਲਾਂ ਤੋਂ ਸੰਤ ਜਗੇੜਾ ਦਾ ਕਬਜ਼ਾ ਹੈ, ਵਿਖੇ ਬੀਤੀ ਅੱਧੀ ਰਾਤ ਤੋਂ ਬਾਅਦ ਵਾਪਰੀ ਇਸ ਘਟਨਾ ਦਾ ਲੋਕਾਂ ਨੂੰ ਉਸ ਵੇਲੇ ਪਤਾ ਲੱਗਾ ਜਦੋਂ ਡੇਰੇ ਦੇ ਅੰਦਰੋਂ ਇਕ ਔਰਤ ਦੀਆਂ ਚੀਕਾਂ ਸੁਣਾਈ ਦਿੱਤੀਆਂ। ਡੇਰੇ ਨਾਲ ਵਸਦੀ ਸੰਘਣੀ ਆਬਾਦੀ ਵਿਚ ਪਹਿਰਾ ਦਿੰਦੇ ਚੌਕੀਦਾਰ ਨੇ ਚੀਕਾਂ ਸੁਣੀਆਂ ਅਤੇ ਹੋਰ ਲੋਕਾਂ ਨੂੰ ਇਸ ਬਾਰੇ ਦਸਿਆ। ਡੇਰੇ ਦੇ ਬਾਹਰ ਇਕੱਠੇ ਹੋਏ ਲੋਕਾਂ ਨੇ ਪੁਲੀਸ ਨੂੰ ਸੂਚਨਾ ਦੇ ਦਿੱਤੀ। ਇਸ ਦੌਰਾਨ ਸੰਤ ਜਗੇੜਾ ਦਾ ਡਰਾਈਵਰ ਅਮਰਜੀਤ ਸਿੰਘ ਆਪਣੇ ਇਕ ਸਾਥੀ ਨਾਲ ਉਥੇ ਪੁਜਿਆ ਜਿਸ ਨੇ ਲੋਕਾਂ ਦੇ ਇਕੱਠ ਨੂੰ ਵੇਖ ਕੇ ਅੰਦਾਜ਼ਾ ਲਾਇਆ ਕਿ ਡੇਰੇ ਉੱਤੇ ਕਿਸੇ ਨੇ ਹਮਲਾ ਕਰ ਦਿੱਤਾ ਹੈ। ਉਸ ਨੇ ਆਪਣਾ ਸਕੂਟਰ ਉਥੇ ਸੁੱਟ ਕੇ ਕੰਧ ਉੱਤੋਂ ਡੇਰੇ ਅੰਦਰ ਛਾਲ ਮਾਰ ਦਿੱਤੀ। ਡਰਾਈਵਰ ਅਨੁਸਾਰ ਜਦੋਂ ਉਹ ਅੰਦਰ ਗਿਆ ਤਾਂ ਉਸ ਦੀ ਪਤਨੀ (25 ਸਾਲ) ਨਿਰਵਸਤਰ ਹੋਏ ਸੰਤ ਹੱਥੋਂ ਆਪਣੇ ਆਪ ਨੂੰ ਛੁਡਾਉਣ ਲਈ ਚੀਕਾਂ ਮਾਰ ਕੇ ਮਦਦ ਮੰਗ ਰਹੀ ਸੀ।

ਡੇਰੇ ਦੇ ਅੰਦਰ ਹੀ ਰਹਿੰਦਾ ਇਕ ਹੋਰ ਸੇਵਾਦਾਰ ਸੁਖਵਿੰਦਰ ਸਿੰਘ ਵੀ ਉਥੇ ਮੌਕੇ 'ਤੇ ਪੁੱਜ ਗਿਆ ਅਤੇ ਉਹ ਦੋਨੋਂ ਸੰਤ ਨੂੰ ਖਿੱਚ ਕੇ ਡੇਰੇ ਤੋਂ ਬਾਹਰ ਲੈ ਆਏ। ਉਸ ਸਮੇਂ ਉਥੇ ਮੌਜੂਦ ਜੁਗਿੰਦਰ ਸਿੰਘ ਅਤੇ ਬਲਵੰਤ ਸਿੰਘ ਨੇ ਬਾਅਦ ਵਿਚ ਪੱਤਰਕਾਰਾਂ ਨੂੰ ਦਸਿਆ ਕਿ ਇਸ ਘਟਨਾ ਬਾਰੇ ਪਤਾ ਲੱਗਣ ਅਤੇ ਸੰਤ ਨੂੰ ਨਗਨ ਹਾਲਤ ਵਿਚ ਵੇਖ ਕੇ ਲੋਕ ਰੋਹ ਵਿਚ ਆ ਗਏ ਅਤੇ ਉਸ ਦੀ ਮਾਰਕੁਟਾਈ ਸ਼ੁਰੂ ਕਰ ਦਿੱਤੀ। ਮੌਕੇ 'ਤੇ ਪੁੱਜੀ ਪੁਲਿਸ ਨੇ ਸੰਤ ਨੂੰ ਲੋਕਾਂ ਤੋਂ ਛੁਡਾਇਆ ਅਤੇ ਕਪੜੇ ਪੁਆ ਕੇ ਥਾਣੇ ਲੈ ਗਏ।

ਥਾਣਾ ਮਾਡਲ ਟਾਊਨ ਵਿਚ ਪੀੜਤ ਔਰਤ ਦੇ ਬਿਆਨਾਂ ਦੇ ਆਧਾਰ 'ਤੇ ਸ਼ਮਸ਼ੇਰ ਸਿੰਘ ਜਗੇੜਾ ਨੂੰ ਧਾਰਾ 376 ਅਧੀਨ ਗ੍ਰਿਫ਼ਤਾਰ ਕਰ ਲਿਆ ਗਿਆ। ਲੋਕਾਂ ਦੇ ਰੋਹ ਨੂੰ ਦੇਖਦਿਆਂ ਡੇਰੇ ਦੇ ਬਾਹਰ ਪਹਿਰਾ ਬਿਠਾ ਦਿੱਤਾ ਗਿਆ ਹੈ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇੰਟਰਨੈਸ਼ਨਲ ਧਰਮ ਪ੍ਰਚਾਰ ਕੌਂਸਲ ਦੇ ਪ੍ਰਧਾਨ ਬਲਵੰਤ ਸਿੰਘ ਮੀਨੀਆ ਨੇ ਜ਼ਿਲਾ ਪੁਲੀਸ ਮੁਖੀ ਨੂੰ ਦਿੱਤੀ ਦਰਖ਼ਾਸਤ ਦੀ ਕਾਪੀ ਦਿਖਾਉਂਦਿਆਂ ਦੋਸ਼ ਲਾਇਆ ਕਿ ਡੇਰੇ ਵਾਲੀ ਜ਼ਮੀਨ ਡੁਗਰੀ ਦੀਆਂ ਸੰਗਤਾਂ ਵਲੋਂ ਸੰਤ ਗੁਰਬਚਨ ਸਿੰਘ ਕਾਲੀ ਕੰਬਲੀ ਪਟਿਆਲਾ ਵਾਲਿਆਂ ਨੂੰ ਦਾਨ ਵਿਚ ਦਿੱਤੀ ਗਈ ਸੀ ਪਰ ਉਸ ਉੱਤੇ ਸ਼ਮਸ਼ੇਰ ਸਿੰਘ ਜਗੇੜਾ ਨੇ ਕਬਜ਼ਾ ਕਰ ਲਿਆ। ਵਰਨਣਯੋਗ ਹੈ ਕਿ ਲੋਹਾਰਾ ਰੋਡ 'ਤੇ ਮੁਹੱਲਾ ਗੋਬਿੰਦਸਰ ਵਿਖੇ ਪੁਲੀਸ ਨੇ 1992 ਵਿਚ ਇਕ ਖਾੜਕੂ ਸੁਖਵਿੰਦਰ ਸਿੰਘ ਭੋਲਾ ਦੀ ਕੋਠੀ ਕਬਜ਼ੇ ਵਿਚ ਲਈ ਸੀ। ਬਾਅਦ ਵਿਚ ਮਾਲ ਰਿਕਾਰਡ ਵਿਚ ਹੋਈ ਤਬਦੀਲੀ ਤੋਂ ਬਾਅਦ ਬਾਦਲ ਸਰਕਾਰ ਦੀਆਂ ਹਦਾਇਤਾਂ ਤੇ ਇਸ ਕੋਠੀ ਦਾ ਕਬਜ਼ਾ ਸ਼ਮਸ਼ੇਰ ਸਿੰਘ ਜਗੇੜਾ ਨੂੰ ਦੇ ਦਿੱਤਾ ਗਿਆ। ਯਾਦ ਰਹੇ ਕਿ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਵਿਚਕਾਰ ਮਤਭੇਦ ਪੈਦਾ ਹੋਣ ਤੋਂ ਬਾਅਦ ਸੰਤ ਸਮਾਜ ਵਲੋਂ ਜਦੋਂ ਜਥੇਦਾਰ ਟੌਹੜਾ ਅਤੇ ਭਾਈ ਰਣਜੀਤ ਸਿੰਘ ਦੀ ਹਮਾਇਤ ਕੀਤੀ ਗਈ ਤਾਂ ਸੰਤ ਜਗੇੜਾ ਨੇ ਇੰਟਰਨੈਸ਼ਨਲ ਸੰਤ ਸਮਾਜ ਦੀ ਸਥਾਪਨਾ ਕਰ ਕੇ ਸ. ਬਾਦਲ ਦੀ ਹਮਾਇਤ ਕੀਤੀ ਅਤੇ ਸੰਤ ਸਮਾਜ ਵਿਰੁੱਧ ਕਈ ਤਰ੍ਹਾਂ ਦੇ ਦੋਸ਼ ਲਾਏ। ਉਸ ਸਮੇਂ ਸਰਕਾਰ ਨੇ ਇਸ ਨੂੰ ਸੁਰੱਖਿਆ ਕਰਮਚਾਰੀ ਵੀ ਦਿੱਤੇ ਸਨ।

ਬਾਬਾ ਭਨਿਆਰਾ ਵਾਲਾ ਕਾਂਡ ਵਿਚ ਸ਼ਾਮਲ ਹੋਣ ਕਾਰਨ ਸੰਤ ਜਗੇੜਾ ਨੂੰ ਸ੍ਰੀ ਅਕਾਲ ਤਖ਼ਤ 'ਤੇ ਵੀ ਤਲਬ ਕੀਤਾ ਗਿਆ ਸੀ। ਸ੍ਰੀ ਮੀਨਿਆ ਨੇ ਪੁਲਿਸ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਸੰਤ ਜਗੇੜਾ ਦੇ ਪਿਛੋਕੜ ਅਤੇ ਸੰਤ ਗੁਰਬਚਨ ਸਿੰਘ ਕਾਲੀ ਕੰਬਲੀ ਵਾਲਿਆਂ ਦੀ ਮੌਤ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਇਸ ਤੋਂ ਪਹਿਲਾਂ ਵੀ ਮੁਹੱਲੇ ਦੇ ਲੋਕ ਉਸ ਖ਼ਿਲਾਫ਼ ਕਈ ਵਾਰ

ਸ਼ਿਕਾਇਤਾਂ ਕਰ ਚੁੱਕੇ ਹਨ। ਇਸੇ ਦੌਰਾਨ ਬਲਾਤਕਾਰ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤੇ ਸੰਤ ਸ਼ਮਸ਼ੇਰ ਸਿੰਘ ਜਗੇੜਾ ਨੂੰ ਪੁਲਿਸ ਨੇ ਜੁਡੀਸ਼ਲ ਮੈਜਿਸਟਰੇਟ (ਅੱਵਲ ਦਰਜਾ) ਜਸਬੀਰ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ ਜਿਥੇ ਉਸ ਨੂੰ 30 ਜੁਲਾਈ ਤਕ ਜੁਡੀਸ਼ਲ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ। ਅਦਾਲਤ ਵਿਚ ਪੇਸ਼ੀ ਸਮੇਂ ਲੋਕਾਂ ਨੇ ਉਸ ਵਿਰੁੱਧ ਰੋਸ ਮੁਜ਼ਾਹਰਾ ਕੀਤਾ। ਪੁਲੀਸ ਨੇ ਪੀੜਤ ਔਰਤ ਦਾ ਸਿਵਲ ਹਸਪਤਾਲ ਵਿਚੋਂ ਡਾਕਟਰੀ ਮੁਆਇਨਾ ਕਰਵਾਇਆ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

ਨੋਟ : ਜਿਥ ਗੁਰੂ ਦੇ ਸਿੱਖ ਸੁਚੇਤ ਹੋਣ, ਮਰਦਾਂ ਦੀ ਕੌਮ ਜਾਗਦੀ ਹੋਵੇ, ਉਥੇ ਇਸ ਤਰ੍ਹਾਂ ਨੱਥ ਪਾਈ ਜਾਂਦੀ ਹੈ। (ਉਪਰ ਫ਼ੋਟੋ ਵਿਚ ਦੇਖੋ) ਜਿਥੇ ਮਰੀ ਹੋਈ ਆਤਮਾ ਦੇ ਲੋਕ ਹੋਣ ਉੱਥੇ ਇਸ ਤਰ੍ਹਾਂ ਨਹੀਂ ਹੋ ਸਕਦਾ। ਜ਼ਰਾ ਸੋਚੋ। ਜਾਗੋ ਜਾਗੋ ਵਰਨਾ ਦੇਰ ਹੋ ਜਾਵੇਗੀ।

## ਸੰਤ ਪ੍ਰਮਜੀਤ ਸਿੰਘ ਮਾਹਲਪੁਰ ਅਤੇ ਸੰਤ ਅਮਰ ਸਿੰਘ ਦਾ ਟਾਕਰਾ

ਟਾਂਗਰਾ ਤੋਂ ਥੋੜ੍ਹੀ ਦੂਰ ਪਿੰਡ ਜੱਬੋਵਾਲ ਦੇ ਇਤਿਹਾਸਕ ਗੁਰਦੁਆਰਾ ਸਤਿਸਰ ਸਾਹਿਬ ਨੂੰ ਅੱਜ ਬਾਬਾ ਪ੍ਰਮਜੀਤ ਸਿੰਘ ਮਾਹਲਪੁਰ (ਨਵਾਂ ਸ਼ਹਿਰ) ਦੇ 35-40 ਸੇਵਾਦਾਰਾਂ ਨੇ ਤੇਜ਼ਧਾਰ ਹਥਿਆਰਾਂ ਅਤੇ ਅਸਲ੍ਹੇ ਨਾਲ ਇਸ ਗੁਰਦੁਆਰੇ ਉੱਤੇ ਜ਼ਬਰਦਸਤੀ ਕਬਜ਼ਾ ਕਰ ਲਿਆ। ਇਹ ਜਾਣਕਾਰੀ ਮੌਜੂਦਾ ਕਾਬਜ਼ ਬਾਬਾ ਅਮਰ ਸਿੰਘ ਨੇ ਅੱਜ ਪੱਤਰਕਾਰਾਂ ਨੂੰ ਦਿੱਤੀ। ਬਾਬਾ ਅਮਰ ਸਿੰਘ ਨੂੰ ਪੰਜ ਮੈਂਬਰੀ ਕਮੇਟੀ ਪਿੰਡ ਜੱਬੋਵਾਲ, ਪਿੰਡ ਮੁੱਛਲ ਅਤੇ ਪਿੰਡ ਰਾਹਗੁਰ ਦੀਆਂ ਸੰਗਤਾਂ ਨੇ ਇਹ ਸੇਵਾ ਬਖ਼ਸ਼ੀ ਸੀ। ਉਨ੍ਹਾਂ ਦਸਿਆ ਕਿ ਬਾਬਾ ਪ੍ਰਮਜੀਤ ਸਿੰਘ ਨੇ ਅੱਤਵਾਦ ਦੇ ਸਮੇਂ ਸਾਰੀ ਜ਼ਮੀਨ ਆਪਣੇ ਨਾਂਅ ਕਰਵਾ ਲਈ। ਪਿੰਡ ਦੇ ਮੋਹਤਬਰ ਲੋਕਾਂ ਅਤੇ ਸੰਗਤਾਂ ਨੇ ਕੋਰਟ ਵਿਚ ਕੇਸ ਕਰਕੇ ਇਹ ਜ਼ਮੀਨ ਵਾਪਸ ਗੁਰਦੁਆਰੇ ਦੇ ਨਾਂ ਕਰਵਾ ਦਿੱਤੀ, ਜਿਸ ਵਜੋਂ ਪ੍ਰਮਜੀਤ ਸਿੰਘ 1992 ਦੇ ਵਿਚ ਇਹ ਪਿੰਡ ਛੱਡ ਕੇ ਚਲਾ ਗਿਆ ਸੀ। ਬਾਬਾ ਅਮਰ ਸਿੰਘ ਨੇ ਦਸਿਆ ਕਿ ਤਿੰਨ ਚਾਰ ਗੱਡੀਆਂ ਭਰ ਕੇ 35-40 ਆਦਮੀਆਂ ਸਮੇਤ ਗੁਰਦੁਆਰੇ ਵਿਚ ਸ਼ਾਮਿਲ ਹੋਏ। ਜਦੋਂ ਇਹ ਗੱਡੀਆਂ ਗੁਰਦੁਆਰੇ ਵਿਚ ਸ਼ਾਮਿਲ ਹੋਈਆਂ, ਤਾਂ ਸਾਡੇ ਸੇਵਾਦਾਰ ਸੁਖਦੇਵ ਸਿੰਘ, ਸਰਬਜੀਤ ਸਿੰਘ, ਬਲਵੰਤ ਸਿੰਘ ਅਤੇ ਜਗਬੀਰ ਸਿੰਘ ਉਦੋਂ ਰੋਟੀ ਖਾ ਰਹੇ ਸਨ। ਉਦੋਂ ਪ੍ਰਮਜੀਤ ਸਿੰਘ ਮਾਹਿਲਪੁਰ ਵਾਲਿਆਂ ਦੇ ਸੇਵਾਦਾਰਾਂ ਨੇ ਸਾਡੇ ਸੇਵਾਦਾਰਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਮੈਂ ਉਸ ਸਮੇਂ ਪਿੰਡ ਤਿੰਮੋਵਾਲ ਦੇ ਗੁਰਦੁਆਰੇ ਵਿਚ ਗਿਆ ਹੋਇਆ ਸੀ। ਜਦੋਂ ਮੈਨੂੰ ਇਹ ਜਾਣਕਾਰੀ ਮਿਲੀ ਕਿ ਮੇਰੇ ਸਾਰੇ ਸੇਵਾਦਾਰ ਜ਼ਖ਼ਮੀ ਹੋਏ

ਪਏ ਸਨ। ਉਥੇ ਪਹੁੰਚੇ ਹੋਏ ਟਾਂਗਰਾ ਚੌਕੀ ਇੰਚਾਰਜ ਸਿਕੰਦਰ ਸਿੰਘ ਨੂੰ ਅਸੀਂ ਆਖਿਆ ਕਿ ਸਾਨੂੰ ਇਨ੍ਹਾਂ ਸੇਵਾਦਾਰਾਂ ਨੂੰ ਤਰਸਿੱਕੇ ਹਸਪਤਾਲ ਵਿਚ ਦਾਖ਼ਲ ਕਰਾਉਣ ਲਈ ਲਿਖ ਕੇ ਦਿਓ, ਤਾਂ ਚੌਕੀ ਇੰਚਾਰਜ ਨੇ ਲਿਖਣ ਤੋਂ ਮਨ੍ਹਾ ਕਰ ਦਿੱਤਾ। ਪਰ ਅਸੀਂ ਇਨ੍ਹਾਂ ਜ਼ਖ਼ਮੀਆਂ ਨੂੰ ਤਰਸਿੱਕੇ ਸਰਕਾਰੀ ਹਸਪਤਾਲ ਵਿਚ ਦਾਖ਼ਲ ਕਰਵਾਇਆ। ਦਾਖ਼ਲ ਕਰਵਾਉਣ ਤੋਂ ਬਾਅਦ ਸਰਪੰਚ ਬਲਵਿੰਦਰ ਸਿੰਘ ਜੱਬੋਵਾਲ, ਸਾਬਕਾ ਸਰਪੰਚ ਗੁਪਾਲ ਸਿੰਘ, ਡਾ. ਸਤਨਾਮ ਸਿੰਘ, ਬਲਵਿੰਦਰ ਸਿੰਘ ਨੇ ਟਾਂਗਰਾ ਚੌਕੀ ਵਿਖੇ ਜਾ ਕੇ ਪਰਚਾ ਦਰਜ ਕਰਾਉਣ ਦੀ ਕੋਸ਼ਿਸ਼ ਕੀਤੀ ਤੇ ਇਨ੍ਹਾਂ ਨੂੰ ਐਸ.ਐਚ.ਓ. ਖਲਚੀਆਂ ਕੋਲ ਭੇਜ ਦਿੱਤਾ। ਪਰ ਉਹਨਾਂ ਨੇ ਵੀ ਪਰਚਾ ਦਰਜ ਨਹੀਂ ਕੀਤਾ। ਖ਼ਬਰ ਲਿਖੇ ਜਾਣ ਵੇਲੇ ਤੱਕ ਐਸ.ਪੀ.ਡੀ. ਦਿਲਬਾਗ ਸਿੰਘ, ਡੀ.ਐਸ.ਪੀ. ਜੰਡਿਆਲਾ ਅਸ਼ੋਕ ਕੁਮਾਰ ਅਤੇ ਐਸ.ਐਚ.ਓ. ਖਲਚੀਆਂ ਪਿੰਡ ਵਿਚ ਮੌਜੂਦ ਸਨ, ਪਰ ਉਹਨਾਂ ਨੇ ਜ਼ਖ਼ਮੀਆਂ ਨੂੰ ਅਤੇ ਮੌਕਾ ਦੇਖ ਲਿਆ ਹੈ, ਜਦੋਂਕਿ ਅਜੇ ਤਕ ਕਬਜ਼ਾ ਬਾਬਾ ਪ੍ਰਮਜੀਤ ਸਿੰਘ ਮਾਹਿਲਪੁਰ ਦੇ ਸੇਵਾਦਾਰਾਂ ਨੇ ਕੀਤਾ ਹੋਇਆ ਹੈ। ਪਰ ਅਜੇ ਤਕ ਕੋਈ ਪਰਚਾ ਦਰਜ ਨਹੀਂ ਕੀਤਾ ਗਿਆ। ਦੂਸਰੇ ਪਾਸੇ ਪਿੰਡ ਦੇ ਲੋਕਾਂ ਨੇ ਇਕ ਭਾਰੀ ਇਕੱਠ ਕੀਤਾ, ਜੋ ਕਿ ਪੁਲਿਸ ਦੀ ਕਾਰਵਾਈ ਦੀ ਉਡੀਕ ਕਰ ਰਿਹਾ ਹੈ। ਇਕੱਠ ਨੇ ਕਿਹਾ ਕਿ ਜੇ ਪੁਲਿਸ ਨੇ ਕੋਈ ਕਾਰਵਾਈ ਨਾ ਕੀਤੀ, ਤਾਂ ਅਸੀਂ ਆਪ ਸਾਰੇ ਪਿੰਡ ਵਾਲੇ ਗੁਰਦੁਆਰਾ ਖਾਲੀ ਕਰਾਉਣ ਲਈ ਤਿਆਰ ਹਾਂ, ਜਿਸ ਵਜੋਂ ਪਿੰਡ ਜੱਬੋਵਾਲ ਦੀ ਸਥਿਤੀ ਬਹੁਤ ਹੀ ਤਨਾਵਪੂਰਨ ਬਣੀ ਹੋਈ ਹੈ।

(ਰੋਜ਼ਾਨਾ ਅਜੀਤ 'ਚੋਂ ਧੰਨਵਾਦ ਸਹਿਤ)

## ਸੰਤ ਪ੍ਰਗਟ ਸਿੰਘ ਝਾੜਸਾਬੀਆ
## ਡੇਰੇ ਦਾ ਮੁਖੀ 40 ਸਾਲਾ ਵਿਆਹੁਤਾ ਔਰਤ ਨਾਲ ਫ਼ਰਾਰ

ਖੇਮਕਰਨ—ਖੇਮਕਰਨ ਤੋਂ ਤਕਰੀਬਨ 8 ਕਿਲੋਮੀਟਰ ਦੂਰ ਸਥਿਤ ਸਰਹੱਦੀ ਪਿੰਡ ਗ਼ਜ਼ਲ ਵਿਖੇ ਇਤਿਹਾਸਕ ਡੇਰਾ ਝਾੜ ਸਾਹਿਬ ਦੇ ਮੌਜੂਦਾ ਮੁਖੀ ਵਲੋਂ ਜ਼ਿਲ੍ਹਾ ਫਿਰੋਜ਼ਪੁਰ ਦੇ ਥਾਣਾ ਮਮਦੋਟ ਅਧੀਨ ਪੈਂਦੇ ਪਿੰਡ ਤਾਰਾਵਾਲੀ ਦੀ ਇਕ ਵਿਆਹੁਤਾ ਔਰਤ ਨਾਲ ਸੰਬੰਧਾਂ ਦੀ ਚਰਚਾ ਦੇ ਚਲਦਿਆਂ ਪਿਛਲੇ ਦਿਨੀਂ ਉਕਤ ਔਰਤ ਦੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਦੁਆਰਾ ਡੇਰੇ ਨੂੰ ਘੇਰਾ ਪਾਏ ਜਾਣ ਦੇ ਬਾਵਜੂਦ ਚਕਮਾ ਦੇ ਕੇ ਉਸ ਔਰਤ ਸਮੇਤ ਲਾਪਤਾ ਹੋ ਜਾਣ ਦੀ ਸੂਚਨਾ ਮਿਲੀ ਹੈ। ਸਰਹੱਦੀ ਪਿੰਡ ਗ਼ਜ਼ਲ ਵਿਖੇ ਸਥਿਤ ਇਹ ਗੁਰਦੁਆਰਾ ਰੂਪੀ ਡੇਰਾ ਝਾੜ ਸਾਹਿਬ ਆਪਣੀ ਇਤਿਹਾਸਕ ਮਹੱਤਤਾ ਵਜੋਂ ਦੂਰ ਦੂਰ ਤਕ ਜਾਣਿਆ ਜਾਂਦਾ ਹੈ। ਹਥਾੜ (ਬੇਟ) ਅਤੇ ਦਰਿਆਈ ਖੇਤਰ 'ਚ ਸਥਿਤ ਇਹ ਡੇਰਾ ਪਹਿਲਾਂ ਗੁਰੂ ..........ਕੀ ਅਨੁਸਾਰ ਇਥੇ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਜੀ ਨੇ ਸ਼ੇਰ

ਦਾ ਸ਼ਿਕਾਰ ਕੀਤਾ ਸੀ। ਇਸ ਡੇਰੇ ਦੀ ਸੇਵਾ ਕਰਨ ਵਾਲਿਆਂ 'ਚ ਬਾਬਾ ਬੀਰ ਸਿੰਘ ਨੌਰੰਗਾਬਾਦੀ, ਬਾਬਾ ਮੋਹਰ ਸਿੰਘ, ਬਾਬਾ ਨਿੱਕਾ ਸਿੰਘ, ਬਾਬਾ ਹਰਨਾਮ ਸਿੰਘ, ਬਾਬਾ ਆਤਮਾ ਸਿੰਘ ਅਤੇ ਬਾਬਾ ਸ਼ਿੰਗਾਰਾ ਸਿੰਘ ਆਦਿ ਹਨ। ਹੁਣ ਇਸ ਦਾ ਮੁਖੀ ਬਾਬਾ ਪ੍ਰਗਟ ਸਿੰਘ ਸੀ। ਇਸ ਜਗ੍ਹਾ ਇਕ ਸ਼ਾਨਦਾਰ ਗੁਰਦੁਆਰੇ ਤੋਂ ਇਲਾਵਾ ਸਰੋਵਰ ਵੀ ਹੈ ਅਤੇ ਹਰ ਮੱਸਿਆ ਵਾਲੇ ਦਿਨ ਇਥੇ ਹਜ਼ਾਰਾਂ ਸ਼ਰਧਾਲੂ ਵੀ ਆਉਂਦੇ ਹਨ ਅਤੇ ਬਾਬਾ ਪ੍ਰਗਟ ਸਿੰਘ ਵਿਹੜੇ 'ਚ ਪਲੰਘ 'ਤੇ ਬੈਠ ਕੇ ਸ਼ਰਧਾਲੂਆਂ ਨੂੰ ਫੂਕਾਂ ਮਾਰ ਕੇ ਅਤੇ ਸੋਟੀ ਲਗਾ ਕੇ ਅਸ਼ੀਰਵਾਦ ਦਿੰਦਾ ਸੀ। ਸ਼ਰਧਾਲੂਆਂ ਖਾਸ ਕਰਕੇ ਔਰਤਾਂ ਵੱਲੋਂ ਪੈਸਿਆਂ ਨਾਲ ਮੱਥਾ ਟੇਕਿਆ ਜਾਣਾ ਵੀ ਆਮ ਗੱਲ ਸੀ। ਇਸ ਡੇਰੇ ਅਧੀਨ ਪਿੰਡ ਬੂਹ, ਕੋਟਲੀ, ਮੁੱਠਿਆਂ ਵਾਲਾ, ਪ੍ਰਗਿੜੀ, ਬੂਡਾਲਾ, ਲਹਿਰਾ ਅਤੇ ਫਤਹਿਗੜ੍ਹ, ਪੰਜਤੂਰ ਆਦਿ ਬਾਬਾ ਬੀਰ ਸਿੰਘ ਦੇ ਗੁਰਦੁਆਰੇ ਵੀ ਆਉਂਦੇ ਹਨ। ਡੇਰੇ ਅੰਦਰ ਘੋੜਿਆਂ ਦਾ ਵੱਡਾ ਦੱਲ ਵੀ ਹੈ ਅਤੇ ਡੇਰੇ ਦੇ ਨਾਂਅ ਕਾਫ਼ੀ ਜ਼ਮੀਨ ਵੀ ਹੈ। ਬਾਬਾ ਪ੍ਰਗਟ ਸਿੰਘ ਪਿਛਲੀ ਕਾਂਗਰਸ ਸਰਕਾਰ ਵੇਲੇ ਵੀ ਚਰਚਾ 'ਚ ਆਇਆ ਸੀ ਜਦੋਂ ਇਸੇ ਬਾਬਾ ਪ੍ਰਗਟ ਸਿੰਘ ਨੇ ਨੇੜਲੇ ਗੁਰਦੁਆਰਾ ਰੱਤੋਕੇ ਵਿਖੇ ਬਾਬਾ ਕਿਹਰ ਸਿੰਘ ਰਿਖੀ ਦੇ ਅਕਾਲ ਚਲਾਣੇ ਉਪਰੰਤ ਗੱਦੀ ਨਸ਼ੀਨੀ ਦੇ ਮੁੱਦੇ ਨੂੰ ਲੈ ਕੇ ਵਿਵਾਦ ਖੜਾ ਕਰ ਦਿੱਤਾ ਸੀ।.....ਸ਼੍ਰੋਮਣੀ ਗੁ.ਪ੍ਰ. ਕਮੇਟੀ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਗੁਰਦੁਆਰਾ ਰੱਤੋਕੇ ਨੂੰ ਧਾਰਾ 87 ਤਹਿਤ ਆਪਣੇ ਪ੍ਰਬੰਧਾਂ ਅਧੀਨ ਲੈ ਲਿਆ ਸੀ, ਜਿਸ ਸਬੰਧੀ ਕਾਨੂੰਨੀ ਲੜਾਈ ਬਾਬਾ ਪ੍ਰਗਟ ਸਿੰਘ ਅਤੇ ਸ਼੍ਰੋਮਣੀ ਕਮੇਟੀ ਦਰਮਿਆਨ ਅਜੇ ਵੀ ਚਲ ਰਹੀ ਹੈ। ਬਾਬਾ ਪ੍ਰਗਟ ਸਿੰਘ ਸਬੰਧੀ ਪੈਦਾ ਮੌਜੂਦਾ ਵਾਦ-ਵਿਵਾਦ ਬਾਰੇ ਜਾਣਕਾਰੀ ਲੈਣ ਲਈ 'ਅਜੀਤ' ਦੇ ਖੇਮਕਰਨ ਸਥਿਤ ਪ੍ਰਤੀਨਿਧ ਨੇ ਇਲਾਕੇ ਦੇ ਲੋਕਾਂ ਤੇ ਮੋਹਤਬਰਾਂ ਨਾਲ ਗੱਲਬਾਤ ਕਰਨ ਤੋਂ ਇਲਾਵਾ ਡੇਰੇ ਦਾ ਵੀ ਦੌਰਾ ਕੀਤਾ। ਪ੍ਰਾਪਤ ਵੇਰਵਿਆਂ ਮੁਤਾਬਿਕ ਬਾਬਾ ਪ੍ਰਗਟ ਸਿੰਘ ਦੀ ਤਾਰਾਵਾਲੀ ਦੀ ਇਕ ਸ਼ਾਦੀਸ਼ੁਦਾ ਔਰਤ ਨਾਲ ਪਿਛਲੇ ਕੁਝ ਸਮੇਂ ਤੋਂ ਕਾਫੀ ਨੇੜਤਾ ਸੀ। ਇਸ 40 ਸਾਲਾ ਔਰਤ, ਜੋ ਦੋ ਸ਼ਾਦੀਸ਼ੁਦਾ ਬੱਚਿਆਂ ਦੀ ਮਾਂ ਹੈ, ਪਿਛਲੇ 6 ਸਾਲਾਂ ਤੋਂ ਕਦੇ-ਕਦੇ ਡੇਰੇ ਆ ਰਹੀ ਸੀ ਅਤੇ ਨੇੜਲੇ ਪਿੰਡ ਗਜ਼ਲ 'ਚ ਉਸ ਦੀ ਰਿਸ਼ਤੇਦਾਰੀ ਹੋਣ ਕਰਕੇ ਉਸ ਦਾ ਆਉਣ ਜਾਣ ਹੋਰ ਵਧ ਗਿਆ ਸੀ। ਬਾਬਾ ਪ੍ਰਗਟ ਸਿੰਘ ਨੇ ਉਸ ਔਰਤ ਦੇ ਲੜਕੇ ਤੇ ਲੜਕੀ ਦੇ ਰਿਸ਼ਤੇ ਵੀ ਕਰਵਾਏ ਸਨ। ਬੀਤੇ ਦਿਨੀਂ ਉਹ ਔਰਤ ਡੇਰੇ ਵਿਖੇ ਆ ਕੇ ਬਾਬੇ ਕੋਲ ਹੀ ਰਹਿਣ ਲਗ ਪਈ, ਜਿਸ ਦਾ ਇਲਾਕੇ ਦੇ ਕੁਝ ਮੋਹਤਬਰਾਂ ਨੇ ਬੁਰਾ ਮਨਾਇਆ ਅਤੇ ਬਾਬੇ ਨੂੰ ਅਜਿਹਾ ਨਾ ਕਰਨ ਲਈ ਸਮਝਾਇਆ ਵੀ ਪਰ ਬਾਬਾ ਨਾ ਮੰਨਿਆ। ਇਸ 'ਤੇ ਉਸ ਔਰਤ ਦੇ ਪਰਿਵਾਰਕ ਮੈਂਬਰਾਂ ਤੇ ਇਲਾਕੇ ਦੇ ਮੋਹਤਬਰਾਂ ਨੇ ਡੇਰੇ ਨੂੰ ਘੇਰਿਆ ਪਰ ਸਾਧ ਪ੍ਰਗਟ ਸਿੰਘ ਜਨਾਨੀ ਲੈ ਕੇ ਨਿਕਲ

ਗਿਆ। ਉਸੇ ਦਿਨ ਤੋਂ ਬਾਅਦ ਬਾਬੇ ਦਾ ਕੋਈ ਥਹੁ ਪਤਾ ਨਹੀਂ ਲੱਗਾ। ਔਰਤ ਦੇ ਰਿਸ਼ਤੇਦਾਰਾਂ ਅਤੇ ਇਲਾਕੇ ਦੇ ਲੋਕਾਂ 'ਚ ਇਸ ਘਟਨਾ ਸਬੰਧੀ ਕਾਫ਼ੀ ਰੋਸ ਹੈ। ਥਾਣਾ ਖੇਮਕਰਨ ਦੀ ਪੁਲਿਸ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਦਸਿਆ ਕਿ ਅਜੇ ਤਕ ਪੁਲਿਸ ਨੂੰ ਇਸ ਸਬੰਧੀ ਕੋਈ ਰਸਮੀ ਸ਼ਿਕਾਇਤ ਨਹੀਂ ਮਿਲੀ, ਜਿਸ ਕਰਕੇ ਕੋਈ ਰਪਟ ਵਗੈਰਾ ਵੀ ਦਰਜ ਨਹੀਂ ਕੀਤੀ ਗਈ।

ਨੋਟ—ਇਥੇ ਜਿਹੜਾ ਸਾਧ ਮਰਦਾ ਹੈ ਉਸੇ ਦੀ ਕਬਰ (ਮੜ੍ਹੀ) ਬਣ ਜਾਂਦੀ ਹੈ। ਜੇ ਮੁਸਲਮਾਨਾਂ ਦੀਆਂ ਕਬਰਾਂ ਕਿਸੇ ਸਿਧਾਂਤ ਵਿਚ ਨਹੀਂ ਹਨ ਤਾਂ ਕੀ ਸਾਧਾਂ ਦੀਆਂ ਕਬਰਾਂ ਜਾਂਇਜ਼ ਹਨ। ਇਹ ਸਾਧ ਲੋਕਾਂ ਨੂੰ ਮੜ੍ਹੀ ਪੂਜਕ ਅਤੇ ਪਲੰਘੇ ਪੂਜਕ ਬਣਾ ਕੇ ਗੁਰੂ ਨਾਲੋਂ ਤੋੜ ਰਹੇ ਹਨ। ਇਸਦੇ ਡੇਰੇ ਵਿਚ ਇਸਦੇ ਖਾਲੀ ਪਲੰਘੇ ਨੂੰ ਮੱਥਾ ਟੇਕ ਰਹੇ ਲੋਕਾਂ ਦੀ ਮੂਰਖਤਾਈ ਦਾ ਕੀ ਬਣੇਗਾ ? 'ਗੁਰੂ ਗ੍ਰੰਥ ਸਾਹਿਬ' ਨੇੜੇ ਭਾਵੇਂ ਕੋਈ ਬੰਦਾ ਨਾ ਹੋਵੇ। ਮਰੇ ਸਾਧ ਦੇ ਖਾਲੀ ਪਲੰਘੇ ਨੇੜੇ ਬੜੀ ਸੰਗਤ ਬੈਠੀ ਰਹਿੰਦੀ ਹੈ। ਲੋਕਾਂ ਨਾਲੋਂ ਵੱਧ ਕਸੂਰ ਇਹਨਾਂ ਸਾਧਾਂ ਦਾ ਹੈ।

## ਮੁਆਫ਼ੀ ਨਾਮਾ

ਮੈਂ ਚਰਣ ਕੌਰ ਪਤਨੀ ਸ. ਦਾਰਾ ਸਿੰਘ ਪਿੰਡ ਖਾਪੜ ਖੇੜੀ (ਅੰਮ੍ਰਿਤਸਰ)। ਮੈਂ ਆਪਣੇ ਪੂਰੇ ਹੋਸ਼ੋ ਹਵਾਸ ਨਾਲ ਬਗੈਰ ਕਿਸੇ ਦਬਾਅ ਤੋਂ ਲਿਖ ਰਹੀ ਹਾਂ ਕਿ ਮੇਰੇ ਪਾਸ ਕੋਈ ਗੈਬੀ ਸ਼ਕਤੀ ਨਹੀਂ ਕੇਵਲ ਘਰ ਦੀ ਗਰੀਬੀ ਤੋਂ ਨਿਜ਼ਾਤ ਪਾਉਣ ਵਾਸਤੇ ਧਾਗੇ ਤਵੀਤ ਅਤੇ ਡੋਲੀਆਂ ਖਿਡਾਉਣ ਦਾ ਅਤੇ ਭੂਤ ਪ੍ਰੇਤ ਕੱਢਣ ਦਾ ਢਕੌਂਸਲਾ ਚਲਾ ਰਹੀ ਸਾਂ। ਕੁਝ ਸਮਾਂ ਪਹਿਲਾਂ ਨਿਰਮਲ ਸਿੰਘ ਉਰਫ਼ ਬਾਬਾ ਕਾਲਾ ਸਿੰਘ ਸੁਲਤਾਨਵਿੰਡ (ਅੰਮ੍ਰਿਤਸਰ) ਨਾਲ ਮੇਰਾ ਸੰਪਰਕ ਹੋਇਆ। ਉਸ ਨੇ ਮੈਨੂੰ ਪ੍ਰੇਰਿਆ ਕਿ ਬਾਬਾ ਵਡਭਾਗ ਸਿੰਘ ਦੀ ਗੱਦੀ ਲਗਾਉਣੀ ਸ਼ੁਰੂ ਕਰੋ। ਕਿਸੇ ਚੀਜ਼ ਦੀ ਕਮੀ ਨਹੀਂ ਰਹੇਗੀ। ਉਸ ਦੇ ਕਹਿਣ ਤੇ ਮੈਂ ਇਹ ਗੱਦੀ ਲਾਉਣੀ ਸ਼ੁਰੂ ਕਰ ਦਿੱਤੀ ਅਤੇ ਭੋਲੀਆਂ ਭਾਲੀਆਂ ਸੰਗਤਾਂ ਨੂੰ ਕਈ ਤਰ੍ਹਾਂ ਦੇ ਵਹਿਮਾਂ ਭਰਮਾਂ ਵਿਚ ਪਾ ਕੇ ਲੁੱਟਣਾ ਸ਼ੁਰੂ ਕਰ ਦਿੱਤਾ। ਅੱਜ ਮੈਂ ਪ੍ਰਣ ਕਰਦੀ ਹਾਂ ਕਿ ਅੱਗੇ ਤੋਂ ਮੈਂ ਇਹ ਸਾਰੀ ਪਾਖੰਡਬਾਜ਼ੀ ਬਿਲਕੁਲ ਨਹੀਂ ਕਰਾਂਗੀ ਅਤੇ ਪਿੱਛੇ ਹੋ ਚੁੱਕੀਆਂ ਭੁੱਲਾਂ ਦੀ ਮਾਫ਼ੀ ਮੰਗਦੀ ਹਾਂ। ਅੱਗੇ ਤੋਂ ਜੇ ਮੈਂ ਦੁਬਾਰਾ ਗੱਦੀ ਲਗਾਵਾਂਗੀ ਤਾਂ ਉਸਦੀ ਜੋ ਸਜ਼ਾ ਮੈਨੂੰ ਲਗਾਈ ਜਾਵੇਗੀ ਮੈਂ ਉਸਨੂੰ ਭੁਗਤਾਂਗੀ।

ਮੈਂ ਇਹ ਮੁਆਫ਼ੀਨਾਮਾ ਸ. ਗੁਰਮੀਤ ਸਿੰਘ ਸਟੱਡੀ ਸਰਕਲ ਪੱਟੀ, ਭਾਈ ਜਗਜੀਤ ਸਿੰਘ ਦੋਦੇ, ਭਾਈ ਬਲੇਕਾਰ ਸਿੰਘ ਬਘਿਆੜੀ, ਭਾਈ ਅਵਤਾਰ ਸਿੰਘ ਭਿੱਖੀਵਿੰਡ ਦੀ ਮੌਜੂਦਗੀ ਵਿਚ ਦਸਖ਼ਤ ਕਰ ਰਹੀ ਹਾਂ।

ਦਸਤਖ਼ਤ ਮਾਤਾ ਚਰਣ ਕੌਰ (ਨਿਸ਼ਾਨ ਅੰਗੂਠਾ)

## ਸੰਤ ਬਲਜੀਤ ਸਿੰਘ ਦਾਦੂਵਾਲ

ਸੰਤ ਸਮਾਜ ਦੇ ਪ੍ਰਮੁੱਖ ਮੈਂਬਰ ਸਮਝੇ ਜਾਂਦੇ ਇਸ ਸੰਤ ਦੀ ਖ਼ਬਰ 10 ਸਤੰਬਰ 2002 ਨੂੰ ਅਖ਼ਬਾਰ ਵਿਚ ਲੱਗੀ ਸੀ ਕਿ ਇਕ ਰਾਜਸੀ ਕਾਨਫ਼ਰੰਸ ਵਿਚ ਹਿੱਸਾ ਲੈ ਕੇ ਸੰਤ ਦਾਦੂਵਾਲ ਵਾਪਸ ਜਾ ਰਹੇ ਸਨ। ਅੱਗੋਂ ਜਗਸੀਰ ਸਿੰਘ ਮਿਲ ਪਿਆ। ਸੰਤ ਦੇ ਚੇਲੇ ਰਾਈਫਲ ਲੈ ਕੇ ਉਸ ਨੂੰ ਮਾਰਨ ਪੈ ਗਏ ਕਿ ਇਹ ਸਾਡੀ ਬਦਨਾਮੀ ਕਰਦਾ ਹੈ। ਜਗਸੀਰ ਸਿੰਘ ਨੇ ਦੌੜ ਕੇ ਫ਼ੌਜੀ ਛਾਉਣੀ ਵਿਚ ਵੜ ਕੇ ਜਾਨ ਬਚਾਈ। ਸੰਤ ਵਲੋਂ ਲਾਏ ਦੋਸ਼ਾਂ ਦਾ ਜਗਸੀਰ ਸਿੰਘ ਨੇ ਖੰਡਨ ਕੀਤਾ ਅਤੇ ਸੰਤ ਅਤੇ ਸ਼ਰਧਾਲੂਆਂ ਨੇ ਧਾਰਾ 341, 506, 511, 148, 149 ਆਈ.ਪੀ.ਸੀ. ਅਤੇ 25.54.59 ਆਰਮ ਐਕਟ ਅਧੀਨ ਪਰਚਾ ਦਰਜ ਹੋਇਆ ਹੈ।

## ਸੰਤ ਜੋਰਾ ਸਿੰਘ ਬਧਨੀ ਕਲਾਂ ਵਾਲਾ ਸੰਤ ਖਿਲਾਫ਼ ਪਰਚਾ ਦਰਜਨ ਕਰਾਉਣ ਲਈ ਮੁਜਾਹਰਾ 30 ਨੂੰ

ਜਗਰਾਉਂ, 22 ਮਾਰਚ—(ਪੱਤਰ ਪ੍ਰੇਰਕ) ਜ਼ਿਲ੍ਹਾ ਪ੍ਰਧਾਨ ਸੁਖਦੇਖ ਸਿੰਘ ਮਾਣੂੰਕੇ ਨੇ ਪ੍ਰੈਸ ਦੇ ਨਾਂ ਜਾਰੀ ਬਿਆਨ ਵਿਚ ਦਸਿਆ ਹੈ ਕਿ ਸੰਤ ਜੋਰਾ ਸਿੰਘ ਬੱਧਨੀ ਕਲਾਂ ਵਲੋਂ ਕਥਿਤ ਤੌਰ 'ਤੇ ਦਲਿਤ ਗ੍ਰੰਥੀ ਸਿੰਘਾਂ ਨੂੰ ਪਾਠ ਕਰਨ ਤੋਂ ਰੋਕਣ, ਦਲਿਤ ਸੇਵਾਦਾਰਾਂ ਨੂੰ ਲੰਗਰ ਵਿਚ ਸੇਵਾ ਤੋਂ ਮਨ੍ਹਾ ਕਰਨ ਅਤੇ ਬਾਬਾ ਜੈਤਾ ਦੀ ਤਸਵੀਰ ਦੀ ਬੇਅਦਬੀ ਕਰਨ ਦੇ ਵਿਰੋਧ ਵਿਚ, ਦਲਿਤ ਮਜ਼ਦੂਰਾਂ ਦੀ ਜਮਾਤ ਨੂੰ ਜਾਗ੍ਰਿਤ ਕਰਕੇ ਇਸ ਖਿਲਾਫ਼ ਸੰਘਰਸ਼ ਕੀਤਾ ਜਾਵੇਗਾ। ਇਸ ਸਬੰਧੀ ਪਿੰਡਾਂ ਵਿਚ ਰੈਲੀਆਂ ਅਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਸਿੱਖੀ ਸਿਧਾਂਤਾਂ ਮੁਤਾਬਿਕ ਸੰਗਤ ਅਤੇ ਪੰਗਤ ਦੀ ਮਰਯਾਦਾ ਇਕ ਹੈ ਪਰ ਇਸ ਸਾਧ ਦੇ ਡੇਰੇ ਦਲਿਤਾਂ ਦਾ ਲੰਗਰ, ਪੰਗਤ, ਬਰਤਨ ਵੱਖਰੇ ਹਨ। ਇਹ ਸਾਧ ਦਲਿਤਾਂ ਵਲੋਂ ਚੜ੍ਹਾਇਆ ਪ੍ਰਸ਼ਾਦ ਤੇ ਰਸਦ ਵੀ ਵਾਪਸ ਕਰ ਦਿੰਦਾ ਹੈ। 30 ਮਾਰਚ ਨੂੰ ਜਗਰਾਉਂ ਵਿਖੇ ਮੁਜ਼ਾਹਰਾ ਕੀਤਾ ਜਾਵੇਗਾ। ਇਸ ਸਾਧ ਬਾਰੇ ਪੁਸਤਕ ਦੇ ਪਹਿਲੇ ਭਾਗ ਵਿਚ ਵੀ ਲਿਖਿਆ ਜਾ ਚੁੱਕਾ ਹੈ। ਗੁਰੂ ਦੀ ਹਜ਼ੂਰੀ ਵਿਚ ਚਾਦਰਾਂ ਤੇ ਪੈਰ ਰਖ ਕੇ ਜਾਂਦਾ ਹੈ। ਸਟੇਜ ਤੇ ਹਰ ਬੁਲਾਰਾ ਇਸ ਸਾਧ ਦੀ ਹੀ ਸਿਫ਼ਤ ਕਰਦਾ ਹੈ। ਇਸਦੀ ਸਟੇਜ ਤੇ ਕੋਈ ਵੀ ਬੁਲਾਰਾ ਗੁਰੂ ਦੀ ਗੁਰਮਤਿ ਦੀ ਗੱਲ ਨਹੀਂ ਕਰ ਸਕਦਾ ਜਿਸਨੇ ਇਸਦੀ ਸਟੇਜ ਤੇ ਬੋਲਣਾ ਹੋਵੇ, ਉਹ ਕੇਵਲ ਇਸਦੀ ਸਿਫ਼ਤ ਕਰ ਸਕਦਾ ਹੈ। ਇਕ ਸਿੱਖ ਪ੍ਰਚਾਰਕ ਨਾਲ ਜੋ ਘਟਨਾ ਵਾਪਰੀ ਉਹ ਪੁਸਤਕ ਦੇ ਪਹਿਲੇ ਭਾਗ, ਦੂਸਰੇ ਐਡੀਸ਼ਨ ਵਿਚ ਲਿਖੀ ਜਾ ਚੁੱਕੀ ਹੈ।

## ਆਪੇ ਅੰਦਰ ਵਾੜੀ ਸੰਗਤ ਨੂੰ ਪੁਲਿਸ ਨੇ ਗੁਰਦੁਆਰੇ 'ਚੋਂ ਕੱਢਿਆ (ਰਤਵਾੜੇ ਡੇਰੇ ਦਾ ਝਗੜਾ)

ਮਾਜਰੀ/ਮੁੱਲਾਂਪੁਰ ਗਰੀਦਾਸ/ਖਰੜ, 10 ਦਸੰਬਰ—ਗੁਰਦੁਆਰਾ ਰਤਵਾੜਾ ਸਾਹਿਬ ਵਿਚ ਪਿਛਲੇ ਸਮੇਂ ਤੋਂ ਚਲ ਰਹੀ ਆਪਸੀ ਖਿੱਚੋਤਾਣ ਨੇ ਅੱਜ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਸ. ਕਰਨੈਲ ਸਿੰਘ ਉਪ-ਚੇਅਰਮੈਨ ਵਲੋਂ ਅਦਾਲਤ ਦੇ ਹੁਕਮਾਂ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਇਕ ਅਹਿਮ ਮੀਟਿੰਗ ਲਈ ਹਜ਼ਾਰਾਂ ਦੀ ਤਾਦਾਦ ਵਿਚ ਪਹੁੰਚੀ ਸੰਗਤ ਨੂੰ ਗੁਰਦੁਆਰਾ ਵਿਚ ਮੌਜੂਦ ਸੇਵਾਦਾਰਾਂ ਨੇ ਅੰਦਰ ਨਹੀਂ ਜਾਣ ਦਿੱਤਾ ਅਤੇ ਆਈ ਸਗੰਤ 'ਤੇ ਲਾਠੀਆਂ ਚਲਾਈਆਂ ਤੇ ਪਥਰਾਅ ਕੀਤਾ, ਜਿਸ ਕਰਕੇ ਕਈ ਸ਼ਰਧਾਲੂ ਸਖਤ ਜ਼ਖਮੀ ਵੀ ਹੋ ਗਏ। ਮੀਟਿੰਗ ਕਰਨ ਆਈਆਂ ਸੰਗਤਾਂ ਪੁਲਿਸ ਦੀ ਮਦਦ ਨਾਲ ਅੰਦਰ ਪਹੁੰਚ ਗਈਆਂ ਤੇ ਦੀਵਾਨ ਹਾਲ 'ਚ ਸੰਗਤਾਂ ਵਲੋਂ ਬੈਠ ਕੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਅਸਥਾਨ ਤੇ ਵਿਦਿਅਕ ਅਦਾਰਿਆਂ ਦਾ ਪ੍ਰਬੰਧ ਚਲਾਉਣ ਲਈ 11 ਮੈਂਬਰੀ ਕਮੇਟੀ ਨਿਯੁਕਤ ਕੀਤੀ ਗਈ ਜਿਸ ਦਾ ਮੁਖੀ ਬਾਬਾ ਕਰਨੈਲ ਸਿੰਘ ਨੂੰ ਥਾਪਿਆ ਗਿਆ। ਬਾਅਦ ਵਿਚ ਪੁਲਿਸ ਵਲੋਂ ਕਿਸੇ ਦਬਾਅ ਕਾਰਨ ਮੀਟਿੰਗ ਕਰ ਰਹੀ ਸੰਗਤਾਂ ਨੂੰ ਦੀਵਾਨ ਹਲਾ ਵਿਚੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਗਿਆ ਜਿਸ ਕਰਕੇ ਸੰਗਤ ਵਲੋਂ ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਜਦੋਂ ਇਸ ਦੇ ਸਬੰਧ ਵਿਚ ਸ. ਕਰਨੈਲ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਅਸੀਂ ਮੀਟਿੰਗ ਕਰਨ ਆਏ ਸੀ। ਉਨ੍ਹਾਂ ਕਿਹਾ ਹਾਈ ਕੋਰਟ ਵਲੋਂ ਹੁਕਮ ਜਾਰੀ ਕੀਤਾ ਗਿਆ ਕਿ ਜੋ ਪਹਿਲਾਂ ਟਰੱਸਟ ਦੇ ਮੈਂਬਰ ਬਣਾਏ ਸਨ ਉਹੀ ਰਹਿਣਗੇ। ਉਨ੍ਹਾਂ ਕਿਹਾ ਟਰੱਸਟ ਦੇ ਕੁਲ 30 ਮੈਂਬਰ ਹਨ ਜਿਨ੍ਹਾਂ ਵਿਚੋਂ ਮੇਰੇ ਨਾਲ 23 ਮੈਂਬਰ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਤੇ ਪੁਲਿਸ ਨੇ ਸਾਡੇ ਨਾਲ ਧੱਕਾ ਕੀਤਾ ਹੈ। ਟਰੱਸਟ ਮੈਂਬਰ ਸੰਤੋਖ ਸਿੰਘ ਨੇ ਕਿਹਾ ਕਿ ਅਦਾਲਤ ਦੇ ਅਗਲੇ ਹੁਕਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਇਸ ਸਾਧ ਦਾ ਸੇਵਕ ਬੁੱਕਣ ਸਿੰਘ ਪਿੰਡ ਸਭਰਾ ਤਹਿਸੀਲ ਪੱਟੀ ਦਾ ਰਹਿਣ ਵਾਲਾ ਹੈ, ਜੋ ਸਪੀਕਰ ਤੇ ਵੀ ਕਹਿੰਦਾ ਹੈ ਕਿ ਇਹ ਬਾਬੇ ਗੁਰਬਾਣੀ ਪੜ੍ਹਦੇ ਹਨ ਇਸ ਕਰਕੇ ਇਹਨਾਂ ਨੂੰ ਸਤਿਗੁਰੂ ਵੀ ਕਿਹਾ ਜਾ ਸਕਦਾ ਹੈ। ਇਹ ਬੁੱਕਣ ਸਿੰਘ ਨਾਲ ਤੁਕਾਂ ਸੁਣਾਉਂਦਾ ਹੈ ਕਿ ਸਤਿਪੁਰਖੁ ਜਿਨ ਜਾਨਿਆ, ਸਤਿਗੁਰ ਤਿਸਕਾ ਨਾਉਂ ਹੂ-ਬ-ਹੂ ਦੇਹਧਾਰੀ ਗੁਰੂਆਂ ਵਾਂਗੂੰ ਇਹ ਇਹਨਾਂ ਸਾਧਾਂ ਬਾਰੇ ਪ੍ਰਚਾਰ ਕਰ ਰਿਹਾ ਹੈ। ਇਹ ਬੁੱਕਣ ਸਿੰਘ ਇਹ ਵੀ ਕਹਿੰਦਾ ਹੈ ਕਿ 'ਗੁਰੂ ਗ੍ਰੰਥ ਸਾਹਿਬ' ਬੋਲਦੇ ਨਹੀਂ ਹਨ ਇਹ ਬਾਬੇ ਬੋਲਦੇ ਗੁਰੂ ਹਨ। ਇਹ ਕਹਿੰਦਾ ਹੈ ਕਿ ਵਿਚੋਲਾ

ਜ਼ਰੂਰ ਚਾਹੀਦਾ ਹੈ। ਨਕਲੀ ਦੇਹਧਾਰੀ ਗੁਰੂਆਂ ਦੇ ਚੇਲੇ ਵੀ ਇਹੀ ਗੱਲਾਂ ਆਪਣੇ ਲੈਕਚਰਾਂ ਵਿਚ ਕਹਿੰਦੇ ਹਨ ਜੋ ਇਹ ਬੁੱਕਣ ਸਿੰਘ ਇਹਨਾਂ ਸਾਧਾਂ ਬਾਰੇ ਕਹਿ ਰਿਹਾ ਹੈ। ਇਥੋਂ ਸਿੱਧ ਹੁੰਦਾ ਹੈ ਕਿ ਇਹਨਾਂ ਸਾਧਾਂ ਦੇ ਚੇਲੇ ਵੀ ਇਕ ਦਿਨ ਇਨ੍ਹਾਂ ਸਾਧਾਂ ਨੂੰ ਦੇਹਧਾਰੀ ਗੁਰੂ ਹੀ ਬਣਾ ਕੇ ਬਿਠਾ ਦੇਣਗੇ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਰਤਵਾੜਾ ਸਾਹਿਬ, ਨੇੜੇ ਚੰਡੀਗੜ੍ਹ

### ਪਬਲਿਕ ਨੋਟਿਸ

ਸਮੂਹ ਸੰਗਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 26-04-2003 ਦੇ 'ਟ੍ਰਿਬਿਊਨ' ਅਖ਼ਬਾਰ ਵਿਚ ਜੋ ਪਬਲਿਕ ਨੋਟਿਸ ਛਪਵਾਇਆ ਗਿਆ ਹੈ ਉਹ ਨਿਰਾ ਝੂਠਾ, ਬੇਬੁਨਿਆਦ ਤੇ ਸ਼ਰਾਰਤ ਭਰਿਆ ਹੈ। ਭਾਈ ਲਖਬੀਰ ਸਿੰਘ ਨੂੰ ਸੰਤ ਬਾਬਾ ਵਰਿਆਮ ਸਿੰਘ ਜੀ ਸਰੀਰ ਛੱਡਣ ਤੋਂ ਪਹਿਲਾਂ ਖੁਦ ਆਪਣਾ ਵਾਰਿਸ ਬਤੌਰ ਚੇਅਰਮੈਨ ਬਣਾ ਕੇ ਗਏ ਸੀ ਜਿਸ ਦੇ ਸਾਰੇ ਸਬੂਤ ਮੌਜੂਦ ਹਨ ਅਤੇ ਸੰਗਤ ਨੂੰ ਭਲੀਭਾਂਤ ਪਤਾ ਹੈ। ਆਪਣੀ ਜ਼ਿੰਦਗੀ ਵਿਚ ਬਾਬਾ ਜੀ ਸਰਬਅਧਿਕਾਰ ਸੰਪੰਨ ਚੇਅਰਮੈਨ ਸਨ ਅਤੇ ਆਪਣਾ ਵਾਰਿਸ ਬਣਾਉਣ ਦੇ ਕੁੱਲ ਅਧਿਕਾਰ ਕੇਵਲ ਉਨ੍ਹਾਂ ਨੂੰ ਹੀ ਸਨ। ਬੀਜੀ ਨੇ ਵੀ ਆਪਣੇ ਸਾਰੇ ਅਧਿਕਾਰ ਭਾਈ ਲਖਬੀਰ ਸਿੰਘ ਨੂੰ ਦਿੱਤੇ ਸਨ।

ਹੁਣ ਕੁਝ ਸ਼ਰਾਰਤੀ ਤੇ ਲਾਲਚੀ ਬੰਦੇ ਬੀਜੀ ਦੀ ਬਿਮਾਰੀ ਅਤੇ ਕਮਜ਼ੋਰੀ ਦੀ ਹਾਲਤ ਦਾ ਨਾਜਾਇਜ਼ ਫਾਇਦਾ ਉਠਾ ਕੇ ਝੂਠੀਆਂ ਤੇ ਬੇਬੁਨਿਆਦ ਅਫ਼ਵਾਹਾਂ ਟਰੱਸਟ ਅਤੇ ਟਰੱਸਟ ਦੇ ਸੰਸਥਾਨਾਂ ਨੂੰ ਖਰਾਬ ਕਰਨ ਵਾਸਤੇ ਫੈਲਾ ਰਹੇ ਹਨ। ਇਨ੍ਹਾਂ ਅਫ਼ਵਾਹਾਂ ਦਾ ਕੋਈ ਠੋਸ ਆਧਾਰ ਨਹੀਂ ਹੈ। ਸਮੂਹ ਸੰਗਤਾਂ ਨੋਟ ਕਰਨ।

ਜਾਰੀ ਕਰਤਾ : ਸਮੂਹ ਸੰਗਤ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ।

## ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਨੇੜੇ ਚੰਡੀਗੜ੍ਹ, ਪੰਜਾਬ, ਇੰਡੀਆ

### ਪਬਲਿਕ ਨੋਟਿਸ

ਮੈਂ ਅਤੇ ਮੇਰੇ ਪਤੀ ਸਵ. ਸੰਤ ਵਰਿਆਮ ਸਿੰਘ ਜੀ ਨੇ ਵਿਸ਼ਵ ਗੁਰਮਤਿ

ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਮਿਤੀ 15-5-1996 ਨੂੰ ਬਣਾਇਆ ਸੀ ਅੰਤੇ ਆਤਮ ਮਾਰਗ ਸਪਿਰਚੁਅਲ ਸਾਇੰਟੀਫਿਕ ਚੈਰੀਟੇਬਲ ਟਰੱਸਟ ਮਿਤੀ 25-1-2000 ਨੂੰ ਬਣਾਇਆ ਸੀ। ਮਿਤੀ 31-10-2001 ਨੂੰ ਮੇਰੇ ਪਤੀ ਸਰੀਰ ਛੱਡ ਗਏ ਅਤੇ ਸਾਡੇ ਬਹੁਤ ਸਾਰੇ ਵਿਦਿਅਕ ਅਤੇ ਸਮਾਜਿਕ ਅਦਾਰਿਆਂ ਨੂੰ ਹਮੇਸ਼ਾ ਪੈਸੇ ਦੀ ਲੋੜ ਰਹਿੰਦੀ ਹੈ। ਉਸ ਨੂੰ ਮੈਂ ਮੁਖ ਰਖਦੇ ਹੋਏ ਬੈਂਕਾਂ ਦੇ ਖਾਤੇ ਅਪਰੇਟ ਕਰਨ ਦੀ ਪਾਵਰ, ਅਧਿਕਾਰ ਮਿਤੀ 13-02-2002 ਨੂੰ ਭਾਈ ਲਖਬੀਰ ਸਿੰਘ ਜੀ ਨੂੰ ਦਿੱਤੇ ਸੀ ਅਤੇ ਮੈਂ ਮਿਤੀ 22-11-2002 ਨੂੰ ਮੈਂ ਆਪਣਾ ਪਾਵਰ/ ਅਧਿਕਾਰ ਵਾਪਸ ਲੈ ਲਏ ਹਨ ਅਤੇ ਸਾਰੇ ਸੰਬੰਧਿਤ ਲੋਕਾਂ ਨੂੰ ਚਿੱਠੀਆਂ ਰਾਹੀਂ ਸੂਚਿਤ ਕਰ ਦਿੱਤਾ ਸੀ। ਮੈਂ ਹੁਣ ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕਰ ਰਹੀ ਹਾਂ ਕਿ ਭਾਈ ਲਖਬੀਰ ਸਿੰਘ ਨਾਲ ਮਿਸ਼ਨ ਦੇ ਕੰਮਾਂ ਬਾਰੇ ਕਿਸੇ ਕਿਸਮ ਦਾ ਕੋਈ ਲੈਣ-ਦੇਣ ਨਾ ਕਰੇ, ਜੇਕਰ ਕੋਈ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ।

**ਰਣਜੀਤ ਕੌਰ, ਬਿਆਨ ਕਰਤਾ।**

**ਨੋਟ**—ਇਸ ਤਰ੍ਹਾਂ ਇਹ ਸਾਧ ਆਪਸੀ ਝਗੜਿਆਂ, ਬਿਆਨੋ-ਬਿਆਨੀ ਵਿਚ ਹੀ ਰੁੱਝੇ ਰਹਿੰਦੇ ਹਨ। ਸਿਰ ਦੇ ਕੇ ਲਈਆਂ ਸਰਦਾਰੀਆਂ ਨੂੰ ਇਹਨਾਂ ਸਾਧਾਂ ਨੇ ਮਖੌਲ ਬਣਾ ਦਿੱਤਾ ਹੈ।

## ਬਾਬਾ ਬੁੱਢਾ ਜੀ ਦੇ ਪਵਿੱਤਰ ਨਾਮ ਨੂੰ ਕਲੰਕਤ ਕਰਨ ਵਾਲਿਓ ਤੁਸਾਂ ਨੂੰ ਪ੍ਰਮਾਤਮਾ ਵੀ ਬਖਸ਼ੇਗਾ ਨਹੀਂ

*ਗਿਆਨੀ ਬਲਵੰਤ ਸਿੰਘ 'ਸੰਤ ਸਿਪਾਹੀ'*

*ਐਡੀਟਰ ਗੁਰਮਤਿ ਸਾਗਰ ਐੱਮ/90 ਰਘੁਬੀਰ ਨਗਰ ਨਵੀਂ ਦਿੱਲੀ-27*

*"ਹਰਿ ਕੇ ਸੰਤ ਨਾ ਆਖੀਏ ਬਾਨਾਰਸ ਦੇ ਠਗ"*

ਇਹ ਗੁਰਬਾਣੀ ਦਾ ਸ਼ਬਦ ਅੱਜ ਦੇ ਅਖੌਤੀ ਸੰਤਾਂ ਦੇ ਪ੍ਰਥਾਏ ਹੀ ਗੁਰਬਾਣੀ ਵਿਚ ਉਚਾਰਿਆ ਗਿਆ ਹੈ। ਜੋ ਸੰਤ ਅੱਜ ਸੰਤਾਂ ਦਾ ਬਾਣਾ ਪਾ ਕੇ ਸੰਤਾਂ ਦੇ ਨਾਮ ਨੂੰ ਕਲੰਕਤ ਕਰ ਰਹੇ ਹਨ। ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਸੰਤਾਂ ਦੀ ਮਹਿਮਾਂ ਵਰਣਨ ਕਰਦਿਆਂ ਹੋਇਆਂ ਇਹ ਸ਼ਬਦ ਕਹੇ ਹਨ ਕਿ :

ਸੰਤ ਦਾ ਨਿੰਦਕ ਮਹਾ ਹਤਿਆਰਾ॥
ਸੰਤ ਦਾ ਨਿੰਦਕ ਪ੍ਰਮੇਸ਼ਰ ਮਾਰਾ॥ (ਸੁਖਮਨੀ)

ਅਸੀਂ ਕਿਸੇ ਸੰਤ ਦੀ ਨਿੰਦਿਆ ਨਹੀਂ ਕਰ ਰਹੇ। ਜੇ ਕੋਈ ਸੱਚੀ ਗੱਲ ਆਖੇ ਤਾਂ ਉਹ ਨਿੰਦਿਆ ਨਹੀਂ ਝੂਠੀ ਗੱਲ ਕਹਿਣੀ ਨਿੰਦਿਆ ਹੈ। ਅਸੀਂ ਦਿੱਲੀ ਦੇ ਇਕ ਪਾਖੰਡੀ ਦੇ ਸੰਬੰਧ ਵਿਚ ਲਿਖ ਰਹੇ ਹਾਂ। ਪਾਠਕ ਜਨ ਪੜ੍ਹ ਕੇ ਆਪ ਫੈਸਲਾ

ਦੇਣ ਕਿ ਇਸ ਸੰਤ ਨੇ ਬਾਬਾ ਬੁੱਢਾ ਜੀ ਵਰਗੀਆਂ ਮਹਾਨ ਹਸਤੀਆਂ ਦੇ ਨਾਮ 'ਤੇ ਡੇਰਾ ਕਾਇਮ ਕਰਕੇ ਕੀ ਜੋ ਇਹ ਪਾਖੰਡ ਰਚੀ ਬੈਠਾ ਹੈ, ਇਸ ਨਾਲ ਇਹ ਬਾਬਾ ਬੁੱਢਾ ਜੀ ਦੀ ਹੇਠੀ ਤਾਂ ਨਹੀਂ ਕਰ ਰਿਹਾ। ਦਿੱਲੀ ਵਿਚ ਚੰਦਰ ਵਿਹਾਰ ਜੋ ਦਿੱਲੀ ਤਿਲਕ ਨਗਰ ਤੋਂ 6 ਕਿਲੋਮੀਟਰ ਦੀ ਦੂਰੇ 'ਤੇ ਹੈ ਉਸ ਕਾਲੋਨੀ ਵਿਚ ਇਸ ਨੇ ਬਾਬਾ ਬੁੱਢਾ ਜੀ ਦੇ ਨਾਮ 'ਤੇ ਗੁਰਦੁਆਰਾ ਬਣਾ ਕੇ ਇਹ ਜੋ ਪਾਖੰਡ ਕਰ ਰਿਹਾ ਹੈ, ਇਸ ਦੇ ਚੇਲੇ ਕਹਿੰਦੇ ਹਨ ਕਿ ਸੰਤ ਜੀ ਕੌਲੀ ਘਸਾ ਕੇ ਗੁਰਦੇ ਤੇ ਪਿੱਤੇ ਵਿਚੋਂ ਪੱਥਰੀਆਂ ਕੱਢ ਦੇਂਦਾ ਹੈ। ਤੇ ਹੋਰ ਮਨੁੱਖ, ਇਸਤਰੀਆਂ ਦੇ ਪੇਟ ਵਿਚੋਂ ਬਿਨ੍ਹਾਂ ਅਪਰੇਸ਼ਨ ਦੇ, ਜਿਥੇ ਬਾਬਾ ਜੀ ਪੱਥਰੀ ਕੱਢਦਾ ਹੈ, ਉਥੇ ਪੇਟ ਵਿਚੋਂ ਕੌਲੀ ਘਸਾ ਕੇ ਰਸੌਲੀਆਂ ਵੀ ਕੱਢਦਾ ਹੈ। ਇਸ ਡੇਰੇ ਤੇ ਮੰਗਲਵਾਰ, ਵੀਰਵਾਰ ਤੇ ਐਤਵਾਰ ਨੂੰ ਬੜਾ ਵੱਡਾ ਇਕੱਠ ਹੋਇਆ ਕਰਦਾ ਹੈ। ਡੇਰੇ ਦੇ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਜਾਣ ਵਾਲਾ ਘੱਟ ਤੋਂ ਘੱਟ ਇਕ ਰੁਪਇਆ ਗੁਰੂ ਸਾਹਿਬਾਂ ਨੂੰ ਮੱਥਾ ਟੇਕੇਗਾ। ਫਿਰ ਬਾਬਾ ਜੋ ਸਤਿਗੁਰਾਂ ਦੇ ਅੱਗੇ ਬੈਠਾ ਟੋਕਨ ਦੇਂਦਾ ਹੈ। ਉਹ ਕਹਿੰਦਾ ਹੈ ਕਿ ਬੋਤਲ ਤੇਰੇ ਪਾਸ ਹੈ। ਬੋਤਲ ਤੇ ਕੋਈ ਵੀ ਨਾਲ ਲੈ ਕੇ ਨਹੀਂ ਆਉਂਦਾ। ਮਰੀਜ਼ ਜਾਣ ਵਾਲਾ ਬੋਤਲ ਮੰਗਦਾ ਹੈ ਤਾਂ ਉਹ ਬਜ਼ੁਰਗ ਦਸ ਰੁਪਏ ਦੀ ਪਲਾਸਟਿਕ ਦੀ ਬੋਤਲ ਦੇ ਕੇ ਕਹਿੰਦਾ ਹੈ ਕਿ ਬਾਹਰੋਂ ਬੋਤਲ ਪਾਣੀ ਦੀ ਭਰ ਕੇ ਲੈ ਆਉ। ਆਵਾਜ਼ ਪੈਣ 'ਤੇ ਮਰੀਜ਼ ਜਦ ਅੰਦਰ ਜਾਂਦਾ ਹੈ ਤੇ ਅੰਦਰ 35 ਕੁ ਸਾਲ ਦਾ ਬਾਬਾ ਉਸਦੇ ਹੱਥੋਂ ਬੋਤਲ ਪਕੜ ਕੇ ਮੰਤਰ ਪੜ੍ਹ ਕੇ ਕਹਿੰਦਾ ਹੈ 21 ਦਿਨ ਇਹ ਪਾਣੀ ਪੀ ਕੇ ਆ ਜਾਣਾ ਫਿਰ ਮੈਂ ਤੇਰੀ ਪੱਥਰੀ ਕੌਲੀ ਨਾਲ ਕੱਢ ਦੇਵਾਂਗਾ। ਬਾਬਾ ਜੀ ਪਾਣੀ ਇਸ ਲਈ ਪਿਲਾਉਂਦਾ ਹੈ ਕਿ ਪੱਥਰੀ ਨਰਮ ਹੋ ਜਾਵੇ। ਅੰਦਰ ਬਾਬਾ ਜੀ ਦੇ ਨੋਟਾਂ ਦਾ ਢੇਰ ਲੱਗਾ ਹੈ। ਪੰਜ ਜਾਂ ਦਸ ਰੁਪਏ ਜਾਣ ਵਾਲਾ ਮੱਥਾ ਟੇਕੇਗਾ। 500 ਜਾਂ 600 ਦੇ ਲਗਪਗ ਦੁਖੀਏ ਉਥੇ ਰੋਜ਼ ਜਾਂਦੇ ਹਨ। ਫਿਰ ਪੁੱਛਦਾ ਹੈ ਕਿ ਕਿਥੇ ਹੈ ਪੱਥਰੀ ਜਿਥੇ ਦਰਦ ਹੁੰਦੀ ਹੈ, ਹੱਥ ਧਰ ਉਥੇ ਬਾਬਾ ਕੌਲੀ ਰੱਖ ਕੇ ਪਾਲਸ਼ ਕਰਕੇ ਪੱਥਰੀ ਕੱਢ ਦੇਂਦਾ ਹੈ। ਪੱਥਰੀ ਚਿਪਸ ਵਾਂਗ ਪਾਲਸ਼ ਕਰਕੇ ਕੱਢਦਾ ਹੈ ਕੌਲੀ ਤਾਂ ਬਾਬਾ ਗੁਰਦੇ ਤੋਂ ਬਾਹਰ ਫੇਰਦਾ ਹੈ। ਪੱਥਰੀ ਗੁਰਦੇ ਦੇ ਅੰਦਰ ਪਾਲਸ਼ ਹੋ ਕੇ ਨਿਕਲਦੀ ਹੈ। ਨਾ ਖੂਨ ਨਿਕਲੇ ਨਾ ਚੀਰਾ ਦੇਣਾ ਪਵੇ ਨਾ ਪੇਟ ਵਿਚ ਮੋਰੀ ਕਰਨੀ ਪਵੇ। ਵੇਖਿਆ ਬਾਬੇ ਦਾ ਕਮਾਲ। ਲੇਖਕ ਨੇ ਪਬਲਿਕ ਵਿਚੋਂ ਇਕ ਇਕ ਤੋਂ ਪੁੱਛਿਆ ਕਿ ਤੂੰ ਕਿੰਨੀ ਵੇਰ ਆਇਆ ਹੈਂ ਬਹੁਤ ਇਹੋ ਕਹਿ ਰਹੇ ਸਨ ਮੈਂ ਪਹਿਲੀ ਵਾਰ ਆਇਆ ਹਾਂ। ਇਕ ਮਾਈ ਨੇ ਕਿਹਾ ਕਿ ਮੈਂ ਚੌਥੀ ਵਾਰ ਆਈ ਹਾਂ। ਲੇਖਕ ਨੇ ਪੁੱਛਿਆ ਕਿ ਮਾਤਾ ਤੂੰ ਬਾਰ-ਬਾਰ ਕਿਉਂ ਆਉਂਦੀ ਹੈ ਤਾਂ ਮਾਤਾ ਨੇ ਕਿਹਾ ਕਿ ਮੇਰੇ ਗੁਰਦੇ ਵਿਚ 2 ਵੇਰ ਬਾਬੇ ਨੇ ਪੱਥਰੀਆਂ ਕੱਢੀਆਂ ਹਨ ਤਾਂ ਲੇਖਕ ਨੇ ਕਿਹਾ ਕਿ ਮਾਤਾ ਦੋ

ਪੱਥਰੀਆਂ ਤੇਰੀਆਂ ਬਾਬੇ ਨੇ ਕੱਢੀਆਂ ਹਨ। ਕੀ ਹੁਣ ਤੇਰੇ ਪੇਟ ਵਿਚੋਂ ਪਹਾੜ ਕੱਢਣਾ ਬਾਕੀ ਹੈ। ਮਾਤਾ ਤੇਰੇ ਪੇਟ ਵਿਚੋਂ ਪੱਥਰੀ ਕੱਢੀ ਕੋਈ ਪੇਟ ਵਿਚ ਮੋਰੀ ਕੀਤੀ। ਮੰਤਰ ਪੜ੍ਹ ਕੌਲੀ ਘਸਾ ਕੇ। ਬਾਬਾ ਪੱਥਰੀ ਕੱਢ ਦੇਂਦਾ ਹੈ। ਲੇਖਕ ਨੇ ਇਕ ਰੁਪਏ ਦਾ ਸਿੱਕਾ ਕੱਢ ਕੇ ਰੁਮਾਲ ਵਿਚ ਲਪੇਟ ਲਿਆ ਤੇ ਕਿਹਾ ਕਿ ਬਾਬੇ ਨੂੰ ਕਹੋ ਬਿਨ੍ਹਾਂ ਪਾੜੇ ਰੁਮਾਲ ਵਿਚੋਂ ਕੌਲੀ ਘਸਾ ਕੇ ਮੰਤਰ ਪੜ੍ਹ ਕੇ ਕੱਢ ਦੇਵੇ ਬਹੁਤ ਸਾਰੇ ਲੋਕ ਲੇਖਕ ਦੀ ਗੱਲ ਸੁਣ ਕੇ ਸੋਚਣ ਲੱਗ ਪਏ। ਲੇਖਕ ਨੇ ਕਿਹਾ ਕਿ ਜੋ ਬਾਬਾ ਕਾਮਲ ਹੈ ਤਾਂ ਮੈਂ ਇਕ ਐਕਸਰਾ ਲੱਥੇ ਹੋਏ ਆਦਮੀ ਨੂੰ ਨਾਲ ਲੈ ਕੇ ਆਉਂਦਾ ਹਾਂ ਜੇ ਇਹ ਬਾਬਾ ਪੱਥਰੀ ਕੱਢ ਦੇਵੇ ਤਾਂ ਮੈਂ 500 ਰੁਪਏ ਬਾਬੇ ਨੂੰ ਦੇਵਾਂਗਾ। ਮੈਂ ਇਹਨਾਂ ਮੰਤਰਾਂ ਜੰਤਰਾਂ ਤੇ ਕੌਲੀ 'ਤੇ ਕੋਈ ਵਿਸ਼ਵਾਸ ਨਹੀਂ ਕਰਦਾ। ਇਹ ਕਿਰਤ ਕਰਨ ਦੀ ਬਜਾਏ ਪਾਖੰਡ ਨਾਲ ਮਾਇਆ ਇਕੱਠੀ ਕਰ ਰਿਹਾ ਹੈ। ਗੁਰੂ ਸਾਹਿਬਾਂ ਤੋਂ ਵਰਸਾਏ ਬਾਬਿਆਂ ਦੇ ਨਾਮ 'ਤੇ ਇਸ ਡੇਰੇ ਦਾ ਨਾਮ ਰੱਖ ਕੇ ਬਾਬਾ ਬੁੱਢਾ ਜੀ ਦੇ ਨਾਮ 'ਤੇ ਪਾਖੰਡ ਰਚੀ ਬੈਠਾ ਹੈ। ਮੈਂ ਹੁਣ ਇਸ ਪਰਚੇ ਵਿਚ ਲਿਖ ਰਿਹਾ ਹਾਂ ਅੱਗ ਤੋਂ ਹਜਾਰਾਂ ਦੀ ਗਿਣਤੀ ਵਿਚ ਮੈਂ ਇਸ਼ਤਿਹਾਰ ਛਪਾ ਕੇ ਵੰਡਾਂਗਾ ਤੇ ਇਸ ਅਖੌਤੀ ਬਾਬੇ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਪਾਸ ਬੇਨਤੀ ਕਰਕੇ ਇਸ ਨੂੰ ਅਕਾਲ ਤਖ਼ਤ 'ਤੇ ਤਲਬ ਕਰਾਵਾਂਗਾ ਨਹੀਂ ਤੇ ਇਹ ਬਾਬਾ ਪਾਖੰਡ ਛੱਡ ਕੇ ਬੈਠ ਜਾਵੇ। ਪ੍ਰਮਾਤਮਾ ਨੇ ਇਸ ਨੂੰ ਪੈਦਾ ਕੀਤਾ ਹੈ ਉਹ ਰੋਜ਼ੀ ਦੇਵੇਗਾ, ਸਿਰ ਸਿਰ ਰਿਜਕ ਸੰਬਾਏ ਠਾਕੁਰ ਕਾਹੇ ਮਨ ਭਉ ਕਰਿਆ।

## ਕਿਉਂ ਜਾਂਦੀਆਂ ਨੇ ਔਰਤਾਂ ਪਾਖੰਡੀ ਸਾਧੂਆਂ ਦੇ ਡੇਰਿਆਂ 'ਤੇ

**ਬੀਬੀ ਗੁਰਚਰਨ ਕੌਰ**

'ਡੇਰੇ ਦਾ ਮਹੰਤ ਕਾਲਜ ਦੀ ਕੁੜੀ ਨਾਲ ਫਰਾਰ', 'ਮਹੰਤ ਵੱਲੋਂ ਡੇਰੇ ਵਿਚ ਜੁਆਨ ਕੁੜੀ ਨਾਲ ਛੇੜਛਾੜ', 'ਡੇਰੇ ਵਿਚ ਨਾਬਾਲਗ ਕੁੜੀ ਨਾਲ ਸਮੂਹਿਕ ਬਲਾਤਕਾਰ', 'ਡੇਰੇ ਦਾ ਮਹੰਤ ਚਾਰ ਬੱਚਿਆਂ ਦੀ ਮਾਂ ਨਾਲ ਉਡੰਤਰ' ਆਦਿ ਅਨੇਕਾਂ ਸੁਰਖੀਆਂ ਅਖਬਾਰਾਂ ਦੀ ਹਿੱਕ ਉੱਤੇ ਉੱਕਰੀਆਂ ਪੜ੍ਹਨ ਨੂੰ ਮਿਲਦੀਆਂ ਹਨ। ਅਖ਼ਬਾਰਾਂ ਤੋਂ ਜ਼ਰਾ ਹੱਟ ਕੇ ਸਾਹਿਤ ਦਾ ਕੋਈ ਹੋਰ ਪੰਨਾ ਪਰਤੋ। ਨਾਵਲ, ਨਾਟਕ, ਕਹਾਣੀ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਪਾਖੰਡੀ ਸਾਧੂਆਂ ਵੱਲੋਂ ਕੀਤੀਆਂ ਵਧੀਕੀਆਂ ਦਾ ਜ਼ਿਕਰ ਜ਼ਰੂਰ ਹੋਵੇਗਾ। ਇਹ ਗੱਲਾਂ ਝੂਠੀਆਂ ਨਹੀਂ, ਸੱਚੀਆਂ ਹੁੰਦੀਆਂ ਹਨ।

ਅਸੀਂ ਬੜੀ ਉਤਸੁਕਤਾ ਨਾਲ ਅਜਿਹੀਆਂ ਘਟਨਾਵਾਂ ਨੂੰ ਪੜ੍ਹਦੇ ਹਾ। ਛੇੜ-ਛਾੜ ਤੇ ਬਲਾਤਕਾਰੀ ਦੀਆਂ ਘਟਨਾਵਾਂ ਸਾਡੀ ਆਤਮਾ ਨੂੰ ਵਲੂੰਧਰਦੀਆਂ ਹਨ ਤੇ ਦੁਖੀ ਕਰਦੀਆਂ ਹਨ। ਅੱਛੀਆਂ ਖੁਰਾਕਾਂ ਨਾਲ ਰੱਜੇ-ਪੁੱਜੇ ਇਹ ਵਿਹਲੜ

ਤੇ ਪਾਖੰਡੀ ਬਾਬੇ, ਔਰਤਾਂ ਦਾ, ਕੁੜੀਆਂ ਦਾ, ਨੂੰਹਾਂ-ਧੀਆਂ ਦਾ, ਕੀ ਹਸ਼ਰ ਕਰਦੇ ਹਨ, ਕਿਸੇ ਤੋਂ ਗੁੱਝਾ ਨਹੀਂ। ਇਹ ਸਭ ਕੁਝ ਜਾਣਦਿਆਂ ਹੋਇਆਂ ਵੀ ਡੇਰੇ ਚੱਲ ਰਹੇ ਹਨ। ਔਰਤਾ ਵਹੀਰਾਂ ਘੱਤ ਕੇ ਡੇਰਿਆਂ 'ਤੇ ਪਹੁੰਚ ਰਹੀਆਂ ਹਨ। ਆਦਮੀ, ਬੱਚੇ, ਬੁੱਢੇ ਜੋ ਜੁਆਨ ਸਭ ਮੂਰਖ ਬਣ ਰਹੇ ਹਨ। ਕਾਰਨ ਸਪੱਸ਼ਟ ਹੈ ਲੋਕ ਅਨਪੜ੍ਹਤਾ ਤੇ ਅਗਿਆਨਤਾ ਦੇ ਹਨੇਰੇ ਵਿਚ ਫਸੇ ਹੋਏ ਹਨ। ਵਹਿਮਾਂ-ਭਰਮਾਂ ਨੇ ਅਜੇ ਉਹਨਾਂ ਦਾ ਖਹਿੜਾ ਨਹੀਂ ਛੱਡਿਆ। ਸਿਰਫ਼ ਅਨਪੜ੍ਹ ਹੀ ਨਹੀਂ ਸਗੋਂ ਪੜ੍ਹੇ-ਲਿਖੇ ਲੋਕ ਵੀ ਅਜਿਹੇ ਪਾਖੰਡੀਆਂ ਤੋਂ ਮੁਕਤ ਨਹੀਂ ਹੋਏ।

ਔਰਤਾਂ ਡੇਰਿਆਂ ਪ੍ਰਤੀ ਵਧੇਰੇ ਸ਼ਰਧਾਵਾਨ ਹਨ। ਇਹ ਪਰਿਵਾਰ ਦੇ ਬਾਕੀ ਜੀਆਂ ਨੂੰ ਵੀ ਇਹਨਾਂ ਰਾਹਾਂ 'ਤੇ ਚੱਲਣ ਲਈ ਪ੍ਰੇਰਿਤ ਕਰਦੀਆਂ ਹਨ। ਡੇਰਿਆਂ ਵਿਚ ਜਾ ਕੇ ਸੇਵਾ ਕਰਦੀਆਂ ਹਨ। ਬਰਤਨ ਸਾਫ਼ ਕਰਨਾ, ਲੰਗਰ ਤਿਆਰ ਕਰਨਾ, ਸਫ਼ਾਈ ਕਰਨਾ ਤਾਂ ਕੁਝ ਆਮ ਜਿਹੇ ਕੰਮ ਹਨ। ਕੁਝ ਖਾਸ ਕੰਮ ਵੀ ਕਰਦੀਆਂ ਹਨ, ਜਿਵੇਂ ਸਾਧੂਆਂ ਸੰਤਾਂ ਦੀਆਂ ਲੱਤਾਂ ਘੁੱਟਣੀਆਂ, ਮਾਲਸ਼ ਕਰਨੀ, ਇਸ਼ਨਾਨ ਕਰਾਉਣਾ, ਕੇਸ ਦਾਹੜੀ ਵਾਹੁਣੀ ਤੇ ਹੋਰ ਪਤਾ ਨਹੀਂ ਕਈ ਕੁਝ। ਇਥੇ ਹੀ ਬਸ ਨਹੀਂ ਆਪਣੇ ਮਾਸੂਮ ਬੱਚਿਆਂ ਤੇ ਟੱਬਰ ਦੇ ਹਿੱਸੇ ਦੀ ਵਧੀਆ ਖ਼ੁਰਾਕ ਦੁੱਧ, ਦਹੀਂ, ਮੱਖਣ, ਘਿਓ ਆਦਿ ਸਾਧਾਂ ਦੇ ਢਿੱਡੀਂ ਪਾਉਂਦੀਆਂ ਹਨ। ਇਸੇ ਕਰਕੇ ਤਾਂ ਕਿਹਾ ਜਾਂਦਾ ਹੈ ਕਿ ਸਾਧੂਆਂ ਦੇ ਡੇਰੇ ਤਾਂ ਚੱਲਦੇ ਹੀ ਬੀਬੀਆਂ ਦੇ ਸਿਰ 'ਤੇ ਹਨ।

ਸੋਚਣ ਵਾਲੀ ਗੱਲ ਹੈ ਕਿ ਅਜਿਹਾ ਸਭ ਕੁਝ ਕਰਨ ਪਿੱਛੇ ਕਾਰਨ ਕੀ ਹਨ ? ਔਰਤਾ ਚਾਹੁੰਦੀਆਂ ਕੀ ਹਨ ? ਇਹ ਬਾਬੇ ਕਿਹੜੇ ਕੌਤਕ ਕਰਦੇ ਹਨ ਜਿਨ੍ਹਾਂ ਕਰਕੇ ਇਹ ਮਗਰ ਲੱਗ ਤੁਰਦੀਆਂ ਹਨ। ਧਾਗੇ, ਟੂਣੇ ਤੇ ਤਵੀਤਾਂ ਦੀ ਸਹਾਇਤਾ ਨਾਲ ਆਪਣੇ ਪਤੀ ਤੇ ਪਰਿਵਾਰ ਨਾਲ ਅਣਸੁਖਾਵੇਂ ਸੰਬੰਧਾਂ ਨੂੰ ਸੁਖਾਵੇਂ ਬਣਾਉਣਾ ਚਾਹੁੰਦੀਆਂ ਹਨ। ਕਈ ਤਰ੍ਹਾਂ ਦੇ ਖੇਹ-ਸੁਆਹ ਘੋਲ-ਘੋਲ ਕੇ ਪਤੀਆਂ ਨੂੰ ਪਿਆਉਂਦੀਆਂ ਹਨ, ਤਾਂ ਜੋ ਉਹ ਵੱਸ ਵਿਚ ਹੋ ਸਕਣ। ਸਾਧੂਆਂ ਕੋਲੋਂ ਔਲਾਦ ਦਾ ਸੁੱਖ ਮੰਗਦੀਆਂ ਹਨ। ਬੁਢੇਪੇ ਵਿਚ ਸੇਵਾ ਤੇ ਜਾਇਦਾਦ ਦੀ ਪ੍ਰਾਪਤੀ ਚਾਹੁੰਦੀਆਂ ਹਨ। ਇਹਨਾਂ ਸਭ ਦੀ ਸਭ ਤੋਂ ਵੱਡੀ ਲੋੜ ਹੈ ਔਲਾਦ ਦੀ ਪ੍ਰਾਪਤੀ ਤੇ ਕੁੜੀ ਨਾਲੋਂ ਮੁੰਡੇ ਦੀ ਪ੍ਰਾਪਤੀ ਹੋਰ ਵੀ ਵੱਡੀ ਰੀਝ ਹੈ ਵਧੇਰੇ ਸਾਧੂ ਤਾਂ ਇਨਸਾਨ ਵੀ ਨਹੀਂ ਹੁੰਦੇ। ਅੱਧੇ ਇਨਸਾਨ ਤੇ ਅੱਧੇ ਹੈਵਾਨ ਤੇ ਕੁਝ ਸਿਰਫ਼ ਹੈਵਾਨ ਹੀ। ਨੰਗੇ ਪਿੰਡੇ ਰਹਿਣ ਨਾਲ, ਗੰਦੇ ਕੱਪੜੇ ਜਾਂ ਗੇਰੂਏ ਕੱਪੜੇ ਪਾਉਣ ਨਾਲ ਭੇਖੀ ਸਾਧੂ ਤਾਂ ਬਣਿਆ ਜਾ ਸਕਦਾ ਹੈ। ਇਹ ਭੇਖ਼ੀ ਤਾਂ ਸਿਰਫ਼ ਗੁਮਰਾਹ ਕਰ ਸਕਦੇ ਹਨ। ਆਪਣੀਆਂ ਕਥਿਤ ਕਰਾਮਾਤਾਂ ਨਾਲ ਔਰਤਾਂ ਨੂੰ ਡੂੰਘੇ ਖ਼ੂਹਾਂ ਦੇ ਹਨੇਰਿਆਂ ਵਿਚ ਸੁੱਟ ਸਕਦੇ ਹਨ। ਜ਼ਬਰੀ ਬਲਾਤਕਾਰ ਕਰਕੇ ਔਰਤ ਦੀ ਜ਼ਿੰਦਗੀ ਨਰਕ

ਬਣਾ ਸਕਦੇ ਹਨ। ਜੇ ਮਹੰਤ ਆਪ ਇਹਨਾਂ ਕੰਮਾਂ ਤੋਂ ਦੂਰ ਹੋਣ ਤਾਂ ਉਹਨਾਂ ਦੇ ਸੇਵਕ ਬਥੇਰੇ ਸਮਰੱਥ ਹੁੰਦੇ ਹਨ। ਜੇ ਮਾੜੇ ਕੰਮਾਂ ਦਾ ਰੌਲਾ ਪੈ ਜਾਵੇ ਤਾਂ ਡੇਰੇ ਕਲੰਕਤ, ਜੇ ਨਾ ਪਵੇ ਤਾਂ ਬਾਬਿਆਂ ਦੀ ਮਿਹਰ ਨਾਲ ਪੈਦਾ ਹੋਈ ਔਲਾਦ ਨਾਲ ਡੇਰਿਆਂ ਦੀ ਪ੍ਰਸੰਸਾ ਬਹੁਤਾ ਚਿਰ ਨਹੀਂ ਚਲਦੀ। ਸੱਚ ਕਦੇ ਨਾ ਕਦੇ ਸਾਹਮਣੇ ਆ ਜਾਂਦਾ ਹੈ। ਪੂਜਣ ਵਾਲੇ ਤੇ ਪੂਜਾਉਣ ਵਾਲੇ ਦੋਵੇਂ ਬਦਨਾਮ ਹੁੰਦੇ ਹਨ। ਅਜਿਹੇ ਸਾਧੂਆਂ ਨੂੰ ਸਾਧੂ ਨਹੀਂ ਸ਼ੈਤਾਨ ਕਹਿਣਾ ਵਧੇਰੇ ਉਚਿੱਤ ਲੱਗਦਾ ਹੈ।

ਅੱਜ ਦੀ ਦੁਨੀਆਂ ਜ਼ਿੰਦਗੀ ਦੇ ਚਾਨਣੇ ਪੱਖ ਵੱਲ ਤੇਜ਼ੀ ਨਾਲ ਦੌੜ ਰਹੀ ਹੈ। ਉੱਨਤੀ ਦੀਆਂ ਵੱਡੀਆਂ ਮੰਜ਼ਲਾਂ ਤਹਿ ਹੋ ਰਹੀਆਂ ਹਨ। ਸਾਰਾ ਕੁਝ ਆਸਾਨੀ ਨਾਲ ਨਹੀਂ ਹੋ ਰਿਹਾ। ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਮੁਸ਼ਕਿਲਾਂ ਨਾਲ ਮੁਕਾਬਲਾ ਜਾਰੀ ਹੈ। ਔਰਤ ਵੀ ਯਤਨਸ਼ੀਲ ਹੈ। ਆਪਾ ਪਛਾਣ ਰਹੀ ਹੈ। ਅੱਗੇ ਵਧ ਰਹੀ ਹੈ। ਪੜ੍ਹ-ਲਿਖ ਕ ਆਪਣੇ ਮਨ ਦੀਆਂ ਹਨੇਰੀਆਂ ਨੁੱਕਰਾਂ ਰੁਸ਼ਨਾ ਰਹੀ ਹੈ, ਪਰ ਕਿਤੇ-ਕਿਤੇ ਇਸਦੇ ਪੈਰ ਡੋਲ ਜਾਂਦੇ ਹਨ। ਘਾਟ ਵਿੱਦਿਆ ਦੀ ਹੈ, ਘਾਟ ਪੱਕੇ ਇਰਾਦੇ ਦੀ ਹੈ, ਘਾਟ ਚੇਤੰਨਤਾ ਦੀ ਹੈ, ਘਾਟ ਸਮਾਜ ਵੱਲੋਂ ਯੋਗ ਸਥਾਨ ਮਿਲਣ ਦੀ ਹੈ। ਜੇ ਸਮਾਜ ਔਰਤ ਦੀ ਪਛਾਣ ਕਰੇ, ਔਲਾਦ ਨਾ ਹੋਣ ਦੀ ਸੂਰਤ ਵਿਚ ਔਰਤ ਨੂੰ ਜ਼ਿੰਮੇਵਾਰ ਨਾ ਠਹਿਰਾਵੇ, ਵਿੱਦਿਆ ਪ੍ਰਾਪਤੀ ਦੇ ਮੌਕੇ ਦੇਵੇ, ਅਗਿਆਨਤਾ ਦੇ ਹਨੇਰੇ ਵਿਚੋਂ ਕੱਢਣ ਦਾ ਯਤਨ ਹੋਵੇ ਤਾਂ ਔਰਤਾਂ ਕੁਰਾਹੇ ਪੈਣੋਂ ਬਚ ਸਕਦੀਆਂ ਹਨ। ਸਭ ਤੋਂ ਵੱਡੀ ਲੋੜ ਹੈ ਔਰਤ ਖੁਦ ਸੁਚੇਤ ਹੋਵੇ। ਜੇ ਘਰ ਦਾ ਮਾਹੌਲ ਸੁਖਾਵਾਂ ਹੋਵੇ ਤਾਂ ਘਰ ਸੰਤਾਂ ਦੇ ਡੇਰਿਆਂ ਤੋਂ ਵੀ ਵਧੀਆ ਸਾਬਤ ਹੋ ਸਕਦੇ ਹਨ।

ਵਿਹਲੜ, ਝੂਠੇ ਤੇ ਪਾਖੰਡੀ ਸਾਧੂਆਂ ਤੋਂ ਬਚਣ ਲਈ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ 'ਤੇ ਚੱਲਣਾ ਜ਼ਰੂਰੀ ਹੈ:

ਗੁਰ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ 1245)

ਲੋਕਾਂ ਦੀ ਲੁੱਟ-ਖਸੁੱਟ ਕਰਨ ਵਾਲੇ, ਧੀਆਂ-ਭੈਣਾਂ ਉਧਾਲਣ ਵਾਲੇ, ਜਾਇਦਾਦ ਬਣਾਉਣ ਵਾਲੇ, ਬੈਂਕਾਂ ਭਰਨ ਵਾਲੇ, ਆਪਣੇ ਭਾਈ ਭਤੀਜਿਆਂ ਦੇ ਮਹੱਲ ਉਸਾਰਨ ਵਾਲੇ ਪਾਖੰਡੀ ਸਾਧੂਆਂ ਤੇ ਕੌਤਕੀ ਬਾਬਿਆਂ ਤੋਂ ਬਚਣਾ ਸਮੇਂ ਵੀ ਵੱਡੀ ਲੋੜ ਹੈ। ਲੋੜਵੰਦ ਦੀ ਸੇਵਾ ਉੱਤਮ ਸੇਵਾ ਹੈ।

(ਸਿੱਖ ਫੁਲਵਾੜੀ 'ਚੋਂ ਧੰਨਵਾਦ ਸਹਿਤ)

## ਜਦੋਂ ਲੈਚੀਆਂ ਕੰਮ ਆਈਆਂ

ਚੋਣਾਂ ਦੇ ਦਿਨਾਂ ਵਿਚ ਪੂਰੇ ਭਾਰਤ ਵਿਚ ਬਾਬਿਆਂ, ਆਪੂ ਬਣੇ ਮਹਾਰਾਜ, ਸਿਆਣਿਆਂ ਤੇ ਵੱਡੇ-ਵੱਡੇ ਜੋਤਸ਼ੀਆਂ ਦੀ ਪੂਰੀ ਚੜ੍ਹਾਈ ਹੁੰਦੀ ਹੈ ਕਿਉਂਕਿ ਭਵਿੱਖ ਦਾ ਹਰ ਨੇਤਾ, ਇਨ੍ਹਾਂ ਦੇ ਚਰਨੀਂ ਲੱਗ ਕੇ ਗੰਗਾ ਨਹਾਉਣਾ ਚਾਹੁੰਦਾ ਹੈ। ਵੋਟਾਂ ਨੂੰ ਇਹ ਪੂਰਾ ਵਿਸ਼ਵਾਸ ਹੁੰਦਾ ਹੈ ਕਿ ਉਹ ਇਨ੍ਹਾਂ ਬਾਬਿਆਂ ਦੇ ਆਸ਼ੀਰਵਾਦ ਨਾਲ ਚੋਣ ਜਿੱਤਣ ਵਾਲਾ ਮੋਰਚਾ ਬੜੀ ਆਸਾਨੀ ਨਾਲ ਫਤਹਿ ਕਰ ਸਕਦੇ ਹਨ। ਕਈ ਉਮੀਦਵਾਰ ਨਾ ਚਾਹੁੰਦੇ ਹੋਏ ਵੀ ਇਨ੍ਹਾਂ ਦੇ ਡੇਰਿਆਂ 'ਤੇ ਕੂਚ ਕਰਦੇ ਹਨ ਤਾਂ ਕਿ ਵੋਟਾਂ ਸਮੇਂ ਕਿਸੇ ਕਿਸਮ ਦਾ 'ਰਿਸਕ' ਨਾ ਲਿਆ ਜਾ ਸਕੇ। ਇਨ੍ਹਾਂ ਦਿਨਾਂ ਵਿਚ ਹੀ ਲੀਡਰਾਂ ਵੱਲੋਂ ਵੱਡੇ-ਵੱਡੇ ਚੜ੍ਹਾਵੇ ਵੀ ਭੇਟ ਹੋਣ ਲੱਗ ਪੈਂਦੇ ਹਨ ਤਾਂ ਕਿ ਬਾਬਿਆਂ ਦੀ 'ਸਵੱਲੀ ਨਜ਼ਰ' ਉਨ੍ਹਾਂ ਉਪਰ ਟਿਕੀ ਰਹੇ।

ਮੈਂਬਰ ਪੰਚਾਇਤ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਚੋਣ ਲੜਨ ਵਾਲੇ ਉਮੀਦਵਾਰ ਇਨ੍ਹਾਂ ਬਾਬਿਆਂ ਦੇ ਡੇਰਿਆਂ, ਆਸ਼ਰਮਾਂ ਜਾਂ ਕੁਟੀਆ ਵਿਚ ਜਾਂਦੇ ਆਮ ਹੀ ਦੇਖੇ ਜਾ ਸਕਦੇ ਹਨ। ਬਾਬਿਆਂ ਦੀ ਵੀ ਇਹ ਮਨੋਕਾਮਨਾ ਹੁੰਦੀ ਹੈ ਕਿ ਲੀਡਰ ਨੁਮਾ ਵਿਅਕਤੀ, ਵੱਧ ਤੋਂ ਵੱਧ ਉਨ੍ਹਾਂ ਕੋਲ ਆਉਣ ਤਾਂ ਕਿ ਆਮ ਲੋਕਾਂ ਵਿਚ ਭਰਮ ਬਣਿਆ ਰਹੇ ਕਿ ਬਾਬਾ ਜੀ ਤਾਂ ਵਾਕਿਆ ਹੀ 'ਕਰਨੀ' ਵਾਲੇ ਹਨ, ਜਿਸ ਦੇ ਸਿਰ 'ਤੇ ਹੱਥ ਧਰ ਦੇਂਦੇ ਹਨ ਉਸਦੇ ਤਾਂ ਵਾਰੇ-ਨਿਆਰੇ ਹੋ ਜਾਂਦੇ ਹਨ। ਨਤੀਜਾ ਆਉਣ ਤੇ ਭਾਵੇਂ ਬਾਜ਼ੀ ਪੁੱਠੀ ਹੀ ਕਿਉਂ ਨਾ ਪੈ ਜਾਵੇ ਪਰ ਫੇਰ ਵੀ ਹਾਰਿਆ ਵਿਅਕਤੀ ਬਾਬਾ ਜੀ ਨੂੰ ਕੁਝ ਕਹਿਣ ਦੀ ਬਜਾਇ ਆਪਣੇ ਕਰਮਾਂ ਨੂੰ ਹੀ ਦੋਸ਼ੀ ਠਹਿਰਾਉਂਦਾ ਹੈ।

ਅਸੀਂ ਅਖ਼ਬਾਰਾਂ ਵਿਚ ਅਜਿਹੀਆਂ ਫੋਟੋਆਂ ਵੀ ਆਮ ਹੀ ਦੇਖਦੇ ਹਾਂ ਜਦੋਂ ਕੋਈ ਉੱਚੇ ਕੱਦ-ਕਾਠ ਵਾਲਾ ਲੀਡਰ, ਇਨ੍ਹਾਂ ਬਾਬਿਆਂ, ਸੁਆਮੀਆਂ ਦੇ ਪੈਰ ਧੋ-ਧੋ ਕੇ ਪਾਣੀ ਪੀ ਰਿਹਾ ਹੁੰਦਾ ਹੈ। ਅਜਿਹਾ ਲੀਡਰ ਜੇ ਕਿਤੇ ਚੋਣ ਜਿੱਤ ਜਾਵੇ ਤਾਂ ਸਾਰਾ ਸਿਹਰਾ ਬਾਬਾ ਜੀ ਦੇ ਸਿਰ 'ਤੇ ਬੰਨ੍ਹ ਦਿੱਤਾ ਜਾਂਦਾ ਹੈ। ਏਨੇ ਨਾਲ ਹੀ ਬਾਬਾ ਜੀ ਦੀ 'ਧੰਨ-ਧੰਨ' ਹੋ ਜਾਂਦੀ ਹੈ। ਪੂਰੇ ਪੰਜ ਸਾਲ ਜਾਂ ਜਿੰਨੀ ਦੇਰ ਉਹ ਰਾਜ ਭਾਗ ਦਾ ਸੁੱਖ ਮਾਣਦਾ ਹੈ, ਓਨੀ ਦੇਰ ਬਾਬਾ ਜੀ ਉਸ ਰਾਹੀਂ ਆਪਣਾ ਉੱਲੂ ਸਿੱਧਾ ਕਰਦੇ ਰਹਿੰਦੇ ਹਨ। ਅਜਿਹਾ ਵਿਅਕਤੀ ਭਾਵੇਂ ਆਮ ਲੋਕਾਂ ਦੀ ਗੱਲ ਨੂੰ ਤਰਜੀਹ ਦੇਵੇ ਜਾਂ ਨਾ ਦੇਵੇ ਪਰ ਬਾਬਿਆਂ ਦੇ ਹੁਕਮ ਨੂੰ 'ਇਲਾਹੀ ਹੁਕਮ' ਮੰਨ ਕੇ ਪੂਰਾ ਕਰਨ ਦਾ ਯਤਨ ਜ਼ਰੂਰ ਕਰਦਾ ਹੈ ਤਾਂ ਕਿ ਅਗਲੀਆਂ ਚੋਣਾਂ ਵਿਚ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਜਾ ਸਕੇ।

ਇਕ ਗੱਲ ਤੁਹਾਨੂੰ ਜ਼ਰੂਰ ਮੰਨਣੀ ਪਵੇਗੀ ਕਿ ਇਹ ਬਾਬੇ ਕੋਈ ਆਮ ਜਿਹੇ ਸਿੱਧੇ-ਸਾਦੇ ਬਾਬੇ ਨਹੀਂ ਹੁੰਦੇ ਬਲਕਿ ਪੂਰੇ ਮਨੋਵਿਗਿਆਨੀ ਹੁੰਦੇ ਹਨ। ਬੰਦੇ ਦੇਖ

ਕੇ ਹੀ ਪਛਾਣ ਜਾਂਦੇ ਹਨ ਕਿ ਕਿੰਨੇ ਕੁ ਪਾਣੀ ਵਿਚ ਹੈ। ਇਸੇ ਤਰ੍ਹਾਂ ਉਮੀਦਵਾਰਾਂ ਦਾ ਵੀ ਆਪਣੇ ਭਰੋਸੇਯੋਗ ਵਸੀਲਿਆਂ ਰਾਹੀਂ ਪਤਾ ਲੈ ਲੈਂਦੇ ਹਨ ਕਿ ਜਿੱਤਣ ਦੇ ਮੌਕੇ ਕਿਸ ਉਮੀਦਵਾਰ ਦੇ ਜ਼ਿਆਦਾ ਹਨ। ਜੇ ਕੋਈ ਮਾੜਚੂ ਜਿਹਾ ਉਮੀਦਵਾਰ ਇਨ੍ਹਾਂ ਦੀ ਸ਼ਰਨ 'ਚ ਆਉਂਦਾ ਹੈ ਤਾਂ ਕਹਿਣਗੇ ਪ੍ਰਮਾਤਮਾ ਜੋ ਕੁਝ ਕਰਦਾ ਹੈ ਸਭ ਅੱਛਾ ਹੀ ਕਰਦਾ ਹੈ। ਕੋਈ ਨਾ ਹਿੰਮਤ ਰੱਖੋ ਬੰਦਾ ਡਿੱਗ-ਡਿੱਗ ਕੇ ਹੀ ਸਵਾਰ ਬਣਦਾ ਹੈ। ਇਸੇ ਤਰ੍ਹਾਂ ਤਕੜੇ ਉਮੀਦਵਾਰ ਨੂੰ ਕਹਿਣਗੇ 'ਬਾਬੇ ਦੀ ਫੁੱਲ ਕਿਰਪਾ'। ਜਿੱਤ ਕੇ ਆਪਣਾ ਮੂੰਹ ਦਿਖਾਉਂਦਾ ਰਹੀ ਪਰ ਜਿਥੇ ਮੁਕਾਬਲਾ ਬਹੁਤ ਹੀ ਫਸਵਾਂ ਹੁੰਦਾ ਹੈ ਉਥੇ ਕਈ ਵਾਰ ਬਾਬੇ ਵੀ ਕੁੜਿੱਕੀ ਵਿਚ ਫਸ ਜਾਂਦੇ ਹਨ।

ਹਾਲ ਵਿਚ ਹੋਈਆਂ ਲੋਕ ਸਭਾ ਦੀਆਂ ਚੋਣਾ ਵਿਚ ਪੰਜਾਬ ਦੀ ਇਕ ਸੀਟ 'ਤੇ ਬਾਬਾ ਖੁਦ ਚੱਕਰਾਂ ਵਿਚ ਪੈ ਗਿਆ ਕਿ ਕਿਹੜਾ ਪਾਸਾ ਭਾਰਾ ਹੈ। ਉਸ ਨੇ ਆਪਣੇ ਕਾਫ਼ੀ ਬੰਦੇ ਭੇਜੇ ਕਿ ਦੇਖ ਕੇ ਆਓ ਜਾਂ ਸੂਹ ਲੈ ਕੇ ਆਓ ਕਿ ਆਮ ਲੋਕਾਂ ਦਾ ਰੁਖ਼ ਕਿਹੜੇ ਪਾਸੇ ਹੈ। ਜਿੰਨੇ ਬੰਦੇ ਭੇਜੇ, ਇਕ ਆ ਕੇ ਕਹਿ ਦਿਆ ਕਰੇ ਕਿ 'ਕਾਂਗਰਸ' ਦਾ ਪਲੜਾ ਭਾਰੂ ਹੈ ਜਦੋਂ ਕਿ ਦੂਸਰਾ ਆ ਕੇ ਕਹਿ ਦੇਵੇ ਕਿ ਨਹੀਂ ਬਾਬਾ ਜੀ 'ਕਾਲੀਆਂ' ਦਾ ਬੰਦਾ ਜਿੱਤੇਗਾ। ਬਾਬਾ ਜੀ ਆਖ਼ਰ ਇਸ ਨਤੀਜੇ 'ਤੇ ਪੁੱਜੇ ਕਿ ਜਿਹੜਾ ਵੀ ਉਮੀਦਵਾਰ ਜਿੱਤਿਆ ਉਸ ਦਾ ਅੰਤਰ ਸਿਰਫ਼ ਦੋ ਚਾਰ ਸੌ ਵੋਟਾਂ ਦਾ ਹੀ ਹੋਵੇਗਾ। ਬਾਬਾ ਜੀ ਬੜੀ ਕਸੂਤੀ ਸਥਿਤੀ ਵਿਚ ਫਸੇ ਕਿ ਕਿਹੜੀ ਪਾਰਟੀ ਦੇ ਉਮੀਦਵਾਰ ਨੂੰ ਹਰੀ ਝੰਡੀ ਦਿੱਤੀ ਜਾਵੇ।

ਜਦੋਂ ਕਿ ਦੋਵੇਂ ਹੀ ਪਾਰਟੀਆਂ ਦੇ ਉਮੀਦਵਾਰ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਲਈ ਤਰਲੋ-ਮੱਛੀ ਹੋ ਰਹੇ ਸਨ।

ਕੁਝ ਦੇਰ ਬਾਅਦ ਬਾਬਾ ਜੀ ਦੇ ਦਿਮਾਗ ਵਿਚ ਇਕ ਬੜਾ ਹੀ ਖ਼ਰਾ ਵਿਚਾਰ ਆਇਆ। ਉਨ੍ਹਾਂ ਨੇ ਆਪਣੇ ਖਾਸ ਭਗਤ ਰਾਹੀਂ ਕਾਂਗਰਸ ਦੇ ਉਮੀਦਵਾਰ ਨੂੰ ਸੁਨੇਹਾ ਭੇਜਿਆ ਕਿ ਉਹ ਕੱਲ੍ਹ ਸਵੇਰੇ 4 ਵੱਜ ਕੇ 4 ਮਿੰਟ 'ਤੇ ਆਪਣੇ ਅੰਗ-ਰੱਖਿਅਕਾਂ ਤੋਂ ਬਗੈਰ ਮਿਲੇ। ਉਮੀਦਵਾਰ ਵਿਚਾਰਾ ਸਾਰੀ ਰਾਤ ਚੰਗੀ ਤਰ੍ਹਾਂ ਸੌਂ ਨਹੀਂ ਸਕਿਆ, ਖੌਰੇ ਸਵੇਰੇ ਅੱਖ ਹੀ ਨਾ ਖੁੱਲ੍ਹੇ ਇਹ ਸੋਚ ਕੇ। ਖ਼ੈਰ ਮਿੱਥੇ ਸਮੇਂ 'ਤੇ ਜਦੋਂ ਉਹ ਬਾਬੇ ਦੀ ਕੁਟੀਆ ਵਿਚ ਪੁੱਜਿਆ ਤਾਂ ਬੜੀ ਹੀ ਸ਼ਰਧਾ ਦੇ ਨਾਲ ਅਰਦਾਸ ਕਰਕੇ ਉਸ ਨੂੰ 20-25 ਲੈਚੀਆਂ ਦਾ ਪ੍ਰਸ਼ਾਦ ਦਿੱਤਾ ਗਿਆ ਜਿਹੜਾ ਕਿ ਛਿਲਕਿਆਂ ਸਮੇਤ ਖਾਣਾ ਸੀ। ਦੱਸਣ ਵਾਲੇ ਨੇ ਮੈਨੂੰ ਦੱਸਿਆ ਕਿ ਉਮੀਦਵਾਰ ਇਸ ਆਸ ਨਾਲ ਸਾਰੀਆਂ ਲਾਚੀਆਂ ਛਿਲਕੇ ਸਮੇਤ ਖਾ ਗਿਆ ਤਾਂ ਕਿ ਜਿੱਤ ਵਿਚ ਕੋਈ ਕਸਰ ਬਾਕੀ ਨਾ ਰਹੇ। ਇਸ ਉਮੀਦਵਾਰ ਨੂੰ ਕਿਹਾ ਗਿਆ ਕਿ ਵੈਸੇ ਤਾਂ ਜਿੱਤਣ ਵਿਚ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਪਰ ਫੇਰ ਵੀ ਜੇ ਕੋਈ ਮਾੜੀ ਮੋਟੀ ਕਸਰ ਰਹਿ ਗਈ ਤਾਂ ਅਗਲੀਆਂ ਚੋਣਾਂ ਵਿਚ ਪੂਰੀ ਹੋ ਜਾਵੇਗੀ। ਨਾਲ

ਹੀ ਉਸ ਨੂੰ ਪਿਆਰ ਨਾਲ ਸਮਝਾਇਆ ਗਿਆ ਕਿ ਤੁਹਾਡੇ ਇਥੇ ਆਉਣ ਦੀ ਭਿਣਕ ਕਿਸੇ ਨੂੰ ਨਹੀਂ ਪੈਣੀ ਚਾਹੀਦੀ।

ਬਿਲਕੁਲ ਅਜਿਹਾ ਹੀ ਵਾਕਿਆ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਨਾਲ ਵਾਪਰਿਆ। ਸਾਰਾ ਕੁਝ ਉਂਜ ਹੀ ਵਾਪਰਿਆ ਪਰ ਲੈਚੀਆਂ ਦੀ ਥਾਂ ਉਸ ਨੂੰ ਦਰਜਨ ਕੇਲੇ ਖਵਾਏ ਗਏ। ਉਸ ਨੂੰ ਕਿਹਾ ਗਿਆ ਕਿ ਜੇ ਕੋਈ ਮਾੜੀ ਮੋਟੀ ਕਸਰ ਰਹਿ ਗਈ ਤਾਂ ਅਗਲੀ ਚੋਣ ਵਿਚ ਜ਼ਰੂਰ ਪੂਰੀ ਹੋਵੇਗੀ। ਉਸ ਨੇ ਵੀ ਬਾਬਾ ਜੀ ਦੇ ਪੈਰ ਛੂਹੇ ਸ਼ਾਇਦ 'ਸੀਟ' ਨੂੰ ਹੱਥ ਪੈ ਹੀ ਜਾਵੇ।

ਪੂਰੇ ਮਹੀਨੇ ਬਾਅਦ ਜਦੋਂ ਨਤੀਜਾ ਆਇਆ ਤਾਂ ਲੈਚੀਆਂ ਵਾਲਾ ਉਮੀਦਵਾਰ ਕੁਝ ਸੌ ਵੋਟਾਂ ਨਹੀਂ ਬਲਕਿ ਕੁਝ ਹਜ਼ਾਰ ਵੋਟਾਂ ਦੇ ਫ਼ਰਕ ਨਾਲ ਬਾਜ਼ੀ ਮਾਰ ਗਿਆ। ਨਤੀਜਾ ਐਲਾਨਣ ਤੋਂ ਬਾਅਦ ਉਹ ਆਪਣੇ ਸਮਰਥਕਾਂ ਸਮੇਤ ਕਾਫ਼ਲੇ ਦੇ ਰੂਪ ਵਿਚ ਸਭ ਤੋਂ ਪਹਿਲਾਂ ਬਾਬੇ ਦੀ ਕੁਟੀਆਂ ਪਹੁੰਚਿਆ ਤੇ ਬਾਬਾ ਜੀ ਦੇ ਪੈਰ ਫੜ ਕੇ ਕਹਿਣ ਲੱਗਿਆ ਜੇ ਤੁਸਾਂ ਮੈਨੂੰ ਲਾਚੀਆਂ ਵਾਲਾ ਪ੍ਰਸ਼ਾਦ ਨਾ ਦਿੱਤਾ ਹੁੰਦਾ ਤਾਂ ਸ਼ਾਇਦ ਮੇਰੀ ਏਡੀ ਸ਼ਾਨਦਾਰ ਜਿੱਤ ਨਾ ਹੁੰਦੀ। ਜਿਹੜੀ ਅੱਜ ਮੇਰੀ ਜੈ ਜੈ ਕਾਰ ਹੋ ਰਹੀ ਹੈ, ਉਸਦਾ ਸਿਹਰਾ ਤੁਹਾਨੂੰ ਤੇ ਤੁਹਾਡੇ ਭਗਤਾਂ ਨੂੰ ਜਾਂਦਾ ਹੈ। ਬਾਬਾ ਜੀ ਨੇ ਉਸ ਨੂੰ ਘੁੱਟ ਕੇ ਜੱਫ਼ੀ ਪਾਉਂਦੇ ਹੋਏ ਕਿਹਾ ਕਿ ਸਾਨੂੰ ਤਾਂ ਉਸੇ ਦਿਨ ਹੀ ਪਤਾ ਚੱਲ ਗਿਆ ਸੀ ਕਿ ਇਸ ਵਾਰ ਪਾਰਲੀਮੈਂਟ ਦਾ ਮੂੰਹ 'ਤੂੰ' ਹੀ ਦੇਖਣਾ ਹੈ। ਤੂੰ ਤਾਂ ਐਵੇਂ ਹੀ ਫ਼ਿਕਰ ਕਰਦਾ ਰਿਹਾ। ਤੇਰਾ ਮੱਥਾ ਤਾਂ ਉਦੋਂ ਹੀ ਚਮਕਾ ਮਾਰਦਾ ਸੀ।

ਅਗਲੇ ਦਿਨ ਵਿਚ ਇਹ ਗੱਲ ਸਾਰੇ ਇਲਾਕੇ ਵਿਚ ਧੁੰਮ ਗਈ ਕਿ ਬਾਬੇ ਦੀਆਂ ਲਾਚੀਆਂ ਨੇ ਹੀ ਉਸ ਦੀ ਜਿੱਤ ਦਾ ਰਾਹ ਪੱਧਰਾ ਕੀਤਾ। ਲੋਕਾਂ ਦੀ ਸ਼ਰਧਾ ਹੋਰ ਵੀ ਵੱਧ ਗਈ ਜਦੋਂ ਉਨ੍ਹਾਂ ਨੇ ਲੈਚੀਆਂ ਵਾਲੀ ਕਹਾਣੀ ਸੁਣੀ। ਹੁਣ ਲੋਕਾਂ ਦੀਆਂ ਭੀੜਾਂ ਬਾਬਾ ਜੀ ਦੇ ਡੇਰੇ ਵੱਲ ਨੂੰ ਹੋਰ ਵੀ ਵੱਧ ਗਈਆਂ।

ਪਰ 'ਕੇਲਿਆਂ ਵਾਲੀ ਕਹਾਣੀ' ਲੈਚੀਆਂ ਦੇ ਸ਼ੋਰ ਵਿਚ ਕਿਤੇ ਗੁਆਚ ਕੇ ਰਹਿ ਗਈ। ਲੋਕਾਂ ਕੋਲ ਸੋਚਣ ਦਾ ਸਮਾਂ ਹੀ ਨਹੀਂ ਕਿ ਜੇ ਦੋ ਚਾਰ ਰੁਪਏ ਦੀਆਂ ਲਾਚੀਆਂ ਖਾ ਕੇ ਚੋਣ ਜਿੱਤੀ ਜਾ ਸਕਦੀ ਹੈ ਤਾਂ ਫੇਰ ਇਨ੍ਹਾਂ ਚੋਣਾਂ 'ਤੇ ਲੱਖਾਂ ਕਰੋੜਾਂ ਰੁਪਏ ਕਿਉਂ ਬਰਬਾਦ ਕੀਤੇ ਜਾ ਰਹੇ ਹਨ ? ਜੇ ਲੋਕਾਂ ਕੋਲ ਸੋਚਣ ਦਾ 'ਟੈਮ' ਨਹੀਂ ਤਾਂ ਲੀਡਰਾਂ ਨੂੰ ਜ਼ਰੂਰ ਇਸ ਪਾਸੇ ਵੱਲ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਅਜਿਹੇ ਡੇਰਿਆਂ ਵੱਲ ਕੂਚ ਕਰਨਾ ਹੈ ਜਾਂ ਨਹੀਂ।

**ਸ. ਕਮਲੇਸ਼ ਸਿੰਘ**

ਧੰਨਵਾਦ ਸਾਹਿਬ, ਰੋਜ਼ਾਨਾ ਅਜੀਤ

## ਸੰਤ ਵਰਿਆਮ ਸਿੰਘ ਰਤਵਾੜਾ ਵਾਲਾ

ਇਹਨਾਂ ਬਾਰੇ 'ਸੰਤਾਂ ਦੇ ਕੌਤਕ' ਇਸ ਪੁਸਤਕ ਦੇ ਪਹਿਲੇ ਭਾਗ ਵਿਚ ਵੀ ਲਿਖਿਆ ਹੈ। ਹੁਣ ਮੇਰੇ ਸਾਹਮਣੇ ਇਹਨਾਂ ਦੀ ਲਿਖੀ ਕਿਤਾਬ 'ਸੁਰਤਿਆ ਉਪਜੈ ਚਾਉ" ਪਈ ਹੈ, ਜਿਸਦੇ ਮੁੱਖ ਟਾਈਟਲ ਉੱਪਰ ਇਸ ਤਰ੍ਹਾਂ ਦੀ ਤਸਵੀਰ ਬਣਾਈ ਹੈ ਕਿ ਜੰਗਲ ਹੈ, ਜੰਗਲ ਵਿਚ ਰੁੱਖ ਹਨ। ਇਹਨਾਂ ਰੁੱਖਾਂ ਦੇ ਮੁੱਢਾਂ ਨਾਲ ਲੱਗ ਕੇ ਇਹ ਸਾਧੂ ਬੈਠੇ ਹਨ, ਸਿਰ ਮੂੰਹ ਪੂਰੀ ਤਰ੍ਹਾਂ ਢੱਕੇ ਹੋਏ ਹਨ। ਜਿਵੇਂ ਮਾਨੋ ਕਿ ਇਹ ਸ਼ੋਅ ਕੀਤਾ ਹੈ ਕਿ ਇਹ ਜੰਗਲ ਇਕਾਂਤ ਵਿਚ ਤਪ ਕਰ ਰਹੇ ਹਨ। ਮੈਂ ਪਹਿਲਾਂ ਵੀ ਅਰਜ ਕਰ ਆਇਆ ਹਾਂ ਕਿ ਇਹਨਾਂ ਸਾਧਾਂ ਨੇ ਜੋਗੀਆਂ ਵਾਲੇ ਜਪਾਂ ਤਪਾਂ ਦਾ ਢੋਂਗ ਰਚੀ ਰੱਖਿਆ ਨਾਮ ਜਪਣ ਦੇ ਨਾਂ 'ਤੇ ਇਹਨਾਂ ਬੜੇ ਭੁਲੇਖੇ ਅਤੇ ਵਹਿਮ ਭਰਮ ਫੈਲਾਏ ਹੋਏ ਹਨ। ਸੁਰਤਿਆ ਉਪਜੈ ਚਾਉ ਦੇ ਪੰਨਾ 3 'ਤੇ ਇੰਝ ਲਿਖਦੇ ਹਨ :

ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ॥
ਗੁਰਪ੍ਰਸਾਦਿ ਜਪੁ ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

(ਸੁਰਤਿਆ ਉਪਜੈ ਚਾਉ, ਪੰਨਾ 3)

**ਵਿਚਾਰ**—"ਗੁਰੂ ਗ੍ਰੰਥ ਸਾਹਿਬ" ਅੰਦਰ ਲਿਖੇ ਦੇ ਉਲਟ ਦੇਖੋ ਇਹਨਾਂ ਨੇ ਕਿਸ ਤਰ੍ਹਾਂ ਲਿਖਿਆ ਹੈ। ਸੈਭੰ ਦੇ ਅੱਗੇ 2 ਡੰਡੀਆਂ ਨਹੀਂ ਹਨ ਪਰ ਇਹਨਾਂ ਮਨਮਰਜੀ ਕਰਕੇ ਲਾਈਆਂ ਹਨ। ਗੁਰਪ੍ਰਸਾਦਿ ਦੇ ਅੱਗੇ 2 ਡੰਡੀਆਂ ਹਨ ਇਹਨਾਂ ਮਨਮਰਜੀ ਕਰਕੇ ਨਹੀਂ ਲਾਈਆਂ। ਜਪੁ ਦੇ ਪਹਿਲੇ ਵੀ 2 ਡੰਡੀਆਂ ਹਨ ਪਰ ਇਹਨਾਂ ਮਨਮਰਜੀ ਕਰਕੇ ਲਾਹ ਦਿੱਤੀਆਂ ਹਨ। ਸਿੱਖ ਰਹਿਤ ਮਰਯਾਦਾ ਮੁਤਾਬਿਕ ਮੂਲ ਮੰਤਰ ਗੁਰ ਪ੍ਰਸਾਦਿ ਤਕ ਹੈ। ਇਹਨਾਂ ਮਨਮਰਜੀ ਕਰਕੇ ਨਾਨਕ ਹੋਸੀ ਭੀ ਸਚੁ ॥ ਤਕ ਲਿਖਿਆ ਹੈ। ਇਹਨਾਂ ਸਾਧਾਂ ਨੇ ਨਾ ਹੀ ਗੁਰੂ ਦੀ ਸਭ ਤੋਂ ਪਹਿਲੀ ਗੱਲ ਮੰਨੀ ਨਾ ਹੀ ਆਖ਼ਰੀ। ਪਹਿਲੀ ਕੀ ਹੈ ? ਕਿਰਤ ਕਰਨਾ। ਇਹਨਾਂ ਨਹੀਂ ਮੰਨੀ ਇਹ ਰੁੱਖਾਂ ਦੇ ਮੁੱਢਾਂ ਨਾਲ ਲੱਗ ਲੱਗ ਕੇ ਮੂੰਹ ਸਿਰ ਵਲੇਟ ਕੇ ਜੰਗਲਾਂ ਵਿਚਲੀਆਂ ਭਗਤੀਆਂ ਕਰ ਰਹੇ ਹਨ। ਗੁਰੂ ਦਾ ਆਖ਼ਰੀ ਬਚਨ "ਗੁਰੂ ਗ੍ਰੰਥ ਸਾਹਿਬ" ਗੁਰੂ ਅਤੇ ਇਸ ਗੁਰੂ ਦੀ ਤਾਬਿਆ ਪੰਥ (ਹੁਕਮ ਮੰਨਣ ਵਾਲੇ ਸਿੰਘ) ਇਹ ਸਾਧ ਗੁਰੂ ਪੰਥ ਬਾਰੇ ਵੀ ਅਚੇਤ ਹਨ ਇਹਨਾਂ ਕਦੇ ਵੀ ਆਪਣੇ ਆਪ ਨੂੰ ਸਿੱਖ ਪੰਥ ਦਾ ਅੰਗ ਨਹੀਂ ਮੰਨਿਆ। ਨਾ ਹੀ ਕਦੇ ਏਕਤਾ ਹੋਣ ਦਿੱਤੀ, ਹਮੇਸ਼ਾਂ ਵਿਰੋਧਤਾ ਕਰਕੇ ਹਰ ਸਾਧ ਆਪਣੀ ਢਾਈ ਪਾ ਖਿਚੜੀ ਵੱਖ ਪਕਾ ਰਿਹਾ ਹੈ।

ਸੁਰਤਿਆਂ ਉਪਜੈ ਚਾਉ ਵਿਚ ਅੱਗੇ ਲਿਖਦੇ ਹਨ ਜੇ ਮਨ ਨਾ ਮੰਨੇ ਤਾਂ ਉਸ ਵਾਸਤੇ ਸਾਨੂੰ ਬਾਰ ਬਾਰ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਸੁਣਨੇ ਪੈਂਦੇ ਨੇ,

ਬਾਰ ਬਾਰ ਦਾਨ, ਪੁੰਨ, ਸਾਧਨਾ ਕਰਨੀ ਪੈਂਦੀ ਹੈ।

(ਸੁਰਤਿਆਂ ਉਪਜੈ ਚਾਉ, ਪੰਨਾ 3)

**ਵਿਚਾਰ**—ਗੁਰੂ ਦੇ ਬਚਨ ਇਹਨਾਂ ਨੂੰ ਭੁੱਲੇ ਹੋਏ ਹਨ। ਇਹ ਕੇਵਲ ਸਾਧਾਂ ਦੇ ਮਨੁੱਖਾਂ ਦੇ ਬਚਨਾਂ ਦੀ ਹੀ ਗੱਲ ਕਰਦੇ ਹਨ। ਇਹ ਗੁਰਮਤਿ ਦੇ ਉਲਟ ਦਾਨ, ਪੁੰਨ ਦੀ ਗੱਲ ਵੀ ਕਰਦੇ ਹਨ।

ਅੱਗੇ ਲਿਖਦੇ ਹਨ ਆਪਣੀ ਕਮਾਈ ਵਿਚੋਂ ਜਿੰਨੇ ਪੈਸੇ ਵੱਟੇ 100 ਰੁਪਏ ਪਿੱਛੇ ਇਕ ਰੁਪਿਆ ਗੁਰੂ ਦਾ ਹੁੰਦਾ ਹੈ, ਉਹਦੇ ਵਿਚੋਂ ਪੈਸਾ ਨਹੀਂ ਖਾਣਾ ਚਾਹੀਦਾ ਨਹੀਂ ਤਾਂ ਕਮਾਈ ਵਿਚ ਦਲਿਦਰ ਪੈ ਜਾਵੇਗਾ। ਇਹਦਾ ਫਲ ਤੁਹਾਨੂੰ ਦਰਗਾਹ ਵਿਚ ਮਿਲੇਗਾ।

(ਸੁਰਤਿਆਂ ਉਪਜੈ ਚਾਉ, ਪੰਨਾ 7)

ਵਿਚਾਰ—ਹੁਣ ਤਕ ਦਸਵੰਧ ਸੁਣਦੇ ਆਏ ਹਾਂ ਪਰ ਇਹਨਾਂ ਸਾਧਾਂ ਨੇ ਹਰ ਗੱਲ ਨਿਵੇਕਲੀ ਕਰਨੀ ਹੁੰਦੀ ਹੈ। ਇਹਨਾਂ 100 ਵਿਚੋਂ 1 ਰੁਪਏ ਲਿਖ ਦਿੱਤੇ ਹਨ। ਇਹ ਵੀ ਬਾਹਮਣ ਵਾਂਗੂੰ ਫਲਾਂ ਦੀਆਂ ਗੱਲਾਂ ਕਰਦੇ ਹਨ ਕਿ ਅੱਗੇ ਜਾ ਕੇ ਦਰਗਾਹ ਵਿਚ ਮਿਲੇਗਾ। ਗੁਰਮਤਿ ਸਿਧਾਂਤ ਦੇ ਉਲਟ ਪ੍ਰਚਾਰ ਇਹ ਕਰ ਰਹੇ ਹਨ।

ਅੱਗੇ ਲਿਖਦੇ ਹਨ ਮਹਾਂਪੁਰਖਾਂ ਨੇ ਤੱਤ ਵਿਚਾਰ ਕਰਕੇ ਇਸ ਗੱਲ ਦਾ ਤੱਤ ਕੱਢਿਆ ਹੈ ਕਿ ਜੇ ਤੀਰਥ ਤੇ ਨਹਾਉਣ ਜਾਉ ਤਾਂ ਇਕ ਫਲ ਮਿਲ ਜਾਂਦਾ ਹੈ। ਜੇ ਸੰਤਾਂ ਕੋਲ ਜਾਉ ਤਾਂ ਸੰਤਾਂ ਨੂੰ ਖੁਸ਼ ਕਰ ਲਉ ਤਾਂ ਚਾਰ ਫਲ ਮਿਲ ਜਾਂਦੇ ਹਨ। ਤੀਰਥ ਕੀਏ ਏਕ ਫਲ, ਸੰਤ ਮਿਲੇ ਫਲ ਚਾਰ॥

(ਸੁਰਤਿਆਂ ਉਪਜੈ ਚਾਉ, ਪੰਨਾ 9)

**ਵਿਚਾਰ**—ਗੁਰਬਾਣੀ ਅੰਦਰ ਸਤਿਗੁਰਾਂ ਨੇ ਬਚਨ ਕੀਤੇ ਹਨ "ਤੀਰਥ ਨਾਇ ਨਾ ਉਤਰੈ ਮੈਲ"। ਇਸ ਬਾਰੇ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਖੁੱਲ੍ਹੀ ਵਿਚਾਰ ਹੋ ਚੁੱਕੀ ਹੈ। ਜੋ ਤੁਕ ਇਥੇ ਸੰਤ ਨੇ ਲਿਖੀ ਹੈ ਇਹ ਗੁਰਬਾਣੀ ਨਹੀਂ ਹੈ, ਇਹ ਬਾਹਰੋਂ ਮਨਘੜ੍ਹਤ ਹੈ।

ਅੱਗੇ ਲਿਖਦੇ ਹਨ ਇਥੇ ਤੁਹਾਨੂੰ ਕਿੰਨਾ ਹੀ ਤਜ਼ਰਬਾ ਹੈ। ਭੂਤ-ਭਾਤ ਜ਼ਿਆਦਾ ਹੁੰਦੇ ਨੇ, ਜੀ ਫਲਾਣਾ ਬੋਲ ਰਿਹਾ ਹੈ ਫਲਾਣੇ ਦੇ ਅੰਦਰ, ਜੇ ਹੈਗਾ, ਤਾਂ ਹੀ ਬੋਲਦਾ ਹੈ, ਫੇਰ ਮਰਿਆ ਤਾਂ ਹੈ ਨਹੀਂ ਨਾ ਉਹ।

(ਸੁਰਤਿਆਂ ਉਪਜੈ ਚਾਉ, ਪੰਨਾ 15)

ਵਿਚਾਰ—ਇਹ ਸਾਧ ਦਿਖਾਵੇ ਮਾਤਰ ਅੱਖਾਂ ਮੀਟ ਕੇ ਦਿਖਾਉਂਦੇ ਹਨ। ਹੋਰ ਵੀ ਉੱਚੀਆਂ ਉੱਚੀਆਂ ਗੱਲਾਂ ਕਰਦੇ ਹਨ। ਇਸ 'ਸੁਰਤਿਆਂ ਉਪਜੈ ਚਾਉ' ਪੁਸਤਕ ਵਿਚ ਥਾਂ ਥਾਂ 'ਤੇ ਲਿਖਦੇ ਹਨ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਪਰ

ਇਹ ਭੂਤਾਂ ਪ੍ਰੇਤਾਂ ਦੀ ਵਕਾਲਤ ਕਰ ਰਹੇ ਹਨ ਕਿ ਭੂਤ ਪ੍ਰੇਤ ਹੁੰਦੇ ਹਨ। ਪਹਿਲੇ ਭਾਗ ਵਿਚ ਵੀ ਲਿਖਿਆ ਹੈ ਕਿ ਜਿੰਨੇ ਵੀ ਵਹਿਮ-ਭਰਮ ਸਮਾਜ ਵਿਚ ਅੱਜ ਫੈਲੇ ਹਨ, ਕਰਮਕਾਂਡ ਫੈਲੇ ਹਨ ਫੋਕੀਆਂ ਰੀਤੀਆਂ ਹੋ ਰਹੀਆਂ ਹਨ। ਧਰਮ ਦੇ ਨਾਂ 'ਤੇ ਪਾਖੰਡ ਹੋ ਰਿਹਾ ਹੈ। ਸਾਰਾ ਹੀ ਇਹਨਾਂ ਸਾਧਾਂ ਦਾ ਫੈਲਾਇਆ ਹੋਇਆ ਹੈ। ਗੁਰ ਫੁਰਮਾਨ ਹੈ "ਕਲਿ ਮਹਿ ਪ੍ਰੇਤ ਜਿਨੀ ਨਾਮ ਵਿਸਾਰਿਆ॥" ਭੂਤ ਪ੍ਰੇਤ ਤਾਂ ਉਹ ਬੰਦੇ ਹਨ ਜਿਹੜੇ ਤੱਤ ਸੱਚ ਨੂੰ ਪਰਮਾਤਮਾ ਨੂੰ ਭੁੱਲੇ ਹੋਏ ਹਨ। ਜਿਨ੍ਹਾਂ ਦਾ ਮਨ ਸੱਚ ਨੂੰ ਛੱਡ ਕੇ ਝੂਠ ਨਾਲ ਲੱਗਾ ਹੋਇਆ ਹੈ ਹੋਰ ਗੁਰ ਫੁਰਮਾਨ ਹੈ "ਪੂਤ ਜਿਨੂਰਾ ਧੀ ਜਿਨੂਰੀ ਜੋਰੂ ਜਿੰਨਾ ਦਾ ਸਿਕਦਾਰ॥" ਪੁੱਤ ਭੂਤਨਾ ਹੈ ਧੀ ਭੂਤਨੀ ਹੈ ਇਸਤਰੀ ਇਹਨਾਂ ਭੂਤਨਿਆਂ ਦੀ ਸਰਦਾਰਨੀ ਹੈ। ਭੂਤ ਸ਼ਬਦ ਸਮੇਂ ਵਾਸਤੇ ਵੀ ਗੁਰਬਾਣੀ ਅੰਦਰ ਆਇਆ ਹੈ 'ਭੂਤ ਭਵਿਖ ਭਵਾਨ ਜਪੈਗੇ'॥ ਪਾ. 10 ਭੂਤ ਸ਼ਬਦ ਸਰੀਰ ਵਾਸਤੇ ਵੀ ਵਰਤਿਆ ਹੈ ਸੋ ਇਹ ਸਾਰਾ ਅੰਧ ਵਿਸ਼ਵਾਸ ਇਹਨਾਂ ਸਾਧਾਂ ਨੇ ਹੀ ਫੈਲਾਇਆ ਹੋਇਆ ਹੈ। ਭੂਤ ਕੱਢਣ ਦੇ ਬਹਾਨੇ ਦੁਨੀਆਂ ਸਮਾਜ ਦੀ ਲੁੱਟ ਹੋ ਰਹੀ ਹੈ ਅਤੇ ਕਈਆਂ ਦੀਆਂ ਜਾਨਾਂ ਵੀ ਚਲੇ ਗਈਆਂ ਹਨ। ਪਰ ਇਹ ਸਾਧ ਅਜੇ ਵੀ ਭੂਤਾਂ ਪ੍ਰੇਤਾਂ ਦੀਆਂ ਗੱਲਾਂ ਕਰਨੋਂ ਨਹੀਂ ਹਟਦੇ। ਇਹ ਭਗਤੀ ਦੇ ਨਾਂ 'ਤੇ, ਨਾਮ ਜਪਣ ਦੇ ਨਾਂ 'ਤੇ, ਪਾਖੰਡ ਹੀ ਕਰਦੇ ਰਹੇ ਹਨ।

ਅੱਗੇ ਲਿਖਦੇ ਹਨ ਇਕ ਮਹਾਤਮਾ ਹਜ਼ੂਰ ਸਾਹਿਬ ਨੂੰ ਮੰਡਲੀ ਲੈ ਕੇ ਜਾ ਰਹੇ ਸੀ। ਜਦੋਂ ਜੈਪੁਰ ਪਹੁੰਚੇ ਤਾਂ ਸ਼ਹਿਰ ਦੇ ਬਾਹਰ ਨਾਸਤਕ ਬੁੱਧੀ ਵਾਲੇ ਬੱਚੇ ਬੈਠੇ ਸੀ। ਨਾਸਤਕ ਬੁੱਧੀ ਵਾਲੇ ਬੱਚਿਆਂ ਅੰਦਰ ਤਰਕ ਹੁੰਦੀ ਹੈ।

*(ਸੁਰਤਿਆਂ ਉਪਜੈ ਚਾਉ, ਪੰਨਾ 21)*

**ਵਿਚਾਰ**—ਜੋ ਕੋਈ ਵੀ ਇਹਨਾਂ ਅੰਧ ਵਿਸ਼ਵਾਸੀ ਸਾਧਾਂ ਅੱਗੇ ਨਾਂ ਝੁਕੇ ਇਹਨਾਂ ਦੇ ਕਚ ਘਰੜ ਅਗਿਆਨ ਨੂੰ ਨਾ ਮੰਨੇ ਉਹਨੂੰ ਇਹ ਕਹਿ ਦਿੰਦੇ ਹਨ ਕਿ ਇਹ ਨਾਸਤਕ ਹੈ। ਆਪ ਨੂੰ ਯਾਦ ਹੋਵੇਗਾ ਕਿ ਹਿੰਦੂ ਮਤ ਵਿਚ ਜਿਹੜਾ ਬੰਦਾ ਵੇਦਾਂ ਨੂੰ ਨਹੀਂ ਮੰਨਦਾ ਉਹਨੂੰ ਨਾਸਤਕ ਕਹਿੰਦੇ ਹਨ। ਇਹ ਤਰਕ 'ਗੁਰੂ ਨਾਨਕ ਦੇਵ' ਜੀ ਨੇ ਉਸ ਵਕਤ ਦੇ ਹਰ ਧਾਰਮਿਕ ਆਗੂ 'ਤੇ ਕੀਤੀ। ਪੰਡਤ, ਬਾਹਮਣ 'ਤੇ ਕਿਵੇਂ ਤਰਕ ਕੀਤੀ ਗੁਰਬਾਣੀ ਅੰਦਰ ਦਰਜ ਹੈ। ਜੈਨੀਆਂ ਦੇ ਕਰਮਕਾਂਡਾਂ ਨੂੰ ਖੂਬ ਭੰਡਿਆ। ਸਨਿਆਸੀ, ਉਦਾਸੀਆਂ, ਜੋਗੀਆਂ 'ਤੇ ਤਰਕਾਂ ਕੀਤੀਆਂ। ਤਰਕ 'ਤੇ ਵੀ ਤਰਕ ਕੀਤੀ ਕਿ ਜੋਗੀਆ! ਕਿਹੜੀ ਕਿੰਗ ਵਜਾ ਰਿਹਾ ਹੈ? ਜੋ ਤੇਰੇ ਅੰਦਰ ਕਿੰਗ ਵੱਜ ਰਹੀ ਹੈ, ਉਹ ਸੁਣ! ਕੀ ਇਹ ਤਰਕ ਨਹੀਂ ਹੈ। ਭਗਤ ਨਾਮਦੇਵ ਜੀ ਨੇ ਬਚਨ ਕੀਤੇ "ਹਿੰਦੂ ਅੰਨਾ ਤੁਰਕੂ ਕਾਣਾ"॥ ਕੀ ਇਹ ਤਰਕ ਨਹੀਂ ਹੈ? ਅਸੀਂ ਗੁਰਬਾਣੀ ਗੁਰੂ ਦੇ ਸਿੱਖ ਹਾਂ ਨਾ ਕਿ ਕਿਸੇ ਸਾਧ ਦੇ। ਜਿਹੜਾ ਇਹਨਾਂ ਸਾਧਾਂ ਵੱਲੋਂ ਬੋਲੇ ਝੂਠ ਕੁਫ਼ਰ ਨੂੰ ਮੰਨ ਲਵੇ ਉਹ ਆਸਤਕ

ਅਤੇ ਦੂਜਾ ਨਾਸਤਕ। ਯਾਦ ਰੱਖਣਾ ਸਾਨੂੰ ਕਿਸੇ ਡੇਰੇਦਾਰ ਸਾਧ ਤੋਂ ਆਸਤਕਪੁਣੇ ਦਾ ਸਰਟੀਫ਼ਿਕੇਟ ਲੈਣ ਦੀ ਕੋਈ ਲੋੜ ਵੀ ਨਹੀਂ ਹੈ।

ਸਫ਼ਾ 23 'ਤੇ ਇਕ ਹੋਰ ਝੂਠੀ ਕਹਾਣੀ ਲਿਖਣ ਤੋਂ ਬਾਅਦ ਅੱਗੇ ਲਿਖਦੇ ਹਨ ਕਿਉਂਕਿ ਜਿੰਨਾ ਚਿਰ ਗੁਰੂ ਧਾਰਨ ਨਹੀਂ ਕਰਦੇ ਸਾਨੂੰ ਨਾਮ ਨਹੀਂ ਮਿਲਦਾ। ਗੁਰੂ ਗ੍ਰੰਥ ਸਾਹਿਬ ਤਾਂ ਬੋਲਦੇ ਨਹੀਂ ਨਾਮ ਕਿਵੇਂ ਦੇਣਗੇ ? ਅੱਗੇ ਸਫ਼ਾ 28 'ਤੇ ਲਿਖਦੇ ਹਨ ਗੁਰੂ ਧਾਰਨ ਕਰੋ ਗੁਰੂ ਤੋਂ ਲਓ ਮੰਤਰ, ਮੰਤਰ ਦਾ ਜਾਪ ਕਰੋ।

*(ਸੁਰਤਿਆਂ ਉਪਜੈ ਚਾਉ, ਪੰਨਾ 25, 28)*

**ਵਿਚਾਰ**—ਦੇਖੋ ਇਹ ਸਾਧ ਮੁੜ ਮੁੜ ਕੇ ਸਾਧ ਦੀ ਸੰਗਤ ਅਤੇ ਨਾਮ ਦੇਣ, ਨਾਮ ਲੈਣ, ਮੰਤਰ ਲੈਣ, ਮੰਤਰ ਜਪਣ ਦੀਆਂ ਗੱਲਾਂ ਬਾਰ ਬਾਰ ਕਰ ਰਹੇ ਹਨ। ਖੰਡੇ ਬਾਟੇ ਦੀ ਪਾਹੁਲ ਛਕਣ, ਗੁਰਬਾਣੀ ਪੜ੍ਹਨ, ਸੁਣਨ, ਸਮਝਣ, ਮੰਨਣ, ਕਮਾਉਣ ਦੀ ਗੱਲ ਕਿਤੇ ਵੀ ਨਹੀਂ ਆ ਰਹੀ। ਇਥੋਂ ਹੀ ਸਿੱਧ ਹੁੰਦਾ ਹੈ ਕਿ ਇਹ ਨਾਮ ਦੇਣ ਵਾਲੇ ਗੁਰੂ ਬਣੇ ਹੀ ਸਮਝੋ। ਪਹਿਲਾਂ ਹੀ ਕੰਮ ਇਹਨਾਂ ਦੇ ਸਾਰੇ ਨਕਲੀ ਗੁਰੂਆਂ ਵਾਲੇ ਹੀ ਹਨ ਸਿਰਫ਼ ਲੇਬਲ ਅਜੇ ਨਹੀਂ ਲਾਇਆ।

ਅੱਗੇ ਲਿਖਦੇ ਹਨ ਮੈਂ ਰਸਤੇ ਵਿਚ ਜਦੋਂ ਰਾਹ ਪੁੱਛਿਆ, ਉਹਨਾਂ ਕਿਹਾ ਕਿ ਰਾਧਾ ਸੁਆਮੀਆਂ ਦੇ ਭੋਗ ਪਿਆ ਹੈ। ਉਥੇ ਜਾਣਾ ਹੈ ? ਪਰ ਮੈਨੂੰ ਤਾਂ ਸਭ ਮਾਨਸ ਹੀ ਦਿਸਦੇ ਹਨ। ਗੁਰਬਾਣੀ ਸਾਂਝੀ ਹੈ।

*(ਸੁਰਤਿਆਂ ਉਪਜੈ ਚਾਉ, ਪੰਨਾ 29)*

**ਵਿਚਾਰ**—ਇਸ ਸਾਧ ਨੇ ਇਕ ਵਾਰੀ ਇਹ ਵੀ ਕਹਿ ਦਿੱਤਾ ਸੀ ਕਿ 'ਗੁਰੂ ਗ੍ਰੰਥ ਸਾਹਿਬ' ਕੇਵਲ ਵੇਦਾਂ ਦਾ ਸਾਰ ਹੈ ਹੁਣ ਇਹ ਰਾਧਾ ਸੁਆਮੀ ਨਾਲ ਮੇਲ ਜੋਲ ਕਰ ਰਹੇ ਹਨ। ਲੋਕਾਂ ਨੂੰ ਭੁਲੇਖਿਆਂ ਵਿਚ ਰੱਖ ਰਹੇ ਹਨ। ਕੀ 'ਗੁਰੂ ਨਾਨਕ ਦੇਵ ਜੀ' ਨਹੀਂ ਸੀ ਜਾਣਦੇ ਕਿ ਗੁਰਬਾਣੀ ਸਭ ਦੀ ਸਾਂਝੀ ਹੈ। ਉਹਨਾਂ ਜਨੇਊ ਨਹੀਂ ਪਾਇਆ, ਕੀ ਇਹ ਸਾਧ ਗੁਰੂ ਨਾਲੋਂ ਵੱਡੇ ਹਨ, ਜੇ ਇਹ ਲੋਕਾਂ ਨੂੰ ਜੋੜਨ ਦੀ ਗੱਲ ਕਰਦੇ ਹਨ ਤਾਂ ਇਹਨਾਂ ਦੇ ਖ਼ਿਆਲ ਨਾਲ ਗੁਰੂ ਗਲਤ ਹੈ। ਗੁਰੂ ਜੀ ਜਨੇਊ ਪਾ ਲੈਂਦੇ ਤਾਂ ਸਭ ਜੁੜਦੇ ਸੀ। ਕੀ ਇਹਨਾਂ ਸਾਧਾਂ ਨੂੰ ਗੁਰੂ ਨਾਲੋਂ ਵੱਧ ਜਾਚ ਹੈ ਜੋੜਨ ਦੀ। ਕੀ ਇਹ ਗੁਰੂ ਨਾਲੋਂ ਵੱਧ ਜਾਣਦੇ ਹਨ ਮਨੁੱਖਤਾ ਦੀ ਗੱਲ ਕਰਨੀ। ਦਸਮ ਪਾਤਸ਼ਾਹ ਨੂੰ ਪਹਾੜੀ ਰਾਜੇ ਕਹਿੰਦੇ ਸਨ ਕਿ ਅਸੀਂ ਖੰਡੇ ਦੀ ਪਾਹੁਲ ਦੂਜਿਆਂ ਨਾਲ ਨਹੀਂ ਛਕਣੀ ਸਾਨੂੰ ਵੱਖਰੀ ਛਕਾਓ। ਦਸਮ ਪਾਤਸ਼ਾਹ ਨਹੀਂ ਮੰਨੇ। ਕੀ ਇਹਨਾਂ ਸਾਧਾਂ ਨੂੰ ਗੁਰੂ ਨਾਲੋਂ ਵੀ ਮਨੁੱਖਤਾ ਨਾਲ ਵੱਧ ਪਿਆਰ ਕਰਨਾ ਆਉਂਦਾ ਹੈ ? ਇਹਨਾਂ ਸਾਧਾਂ ਨੇ ਮਨੁੱਖਤਾ ਮਨੁੱਖਤਾ ਕਰਦਿਆਂ ਸਿੱਖੀ ਸਿਧਾਂਤ ਦਾ ਹੀ ਖਾਤਮਾ ਕਰਕੇ ਰੱਖ ਦਿੱਤਾ ਹੈ। ਕਿਸੇ ਵੀ ਸਾਧ ਦੇ ਡੇਰੇ ਵਿਚ ਗੁਰਮਤਿ ਸਿਧਾਂਤ ਦੀ ਕੋਈ ਗੱਲ ਨਹੀਂ। ਇਹ ਉਹ ਗੱਲਾਂ ਕਰਦੇ ਹਨ ਜਿਨ੍ਹਾਂ ਨੂੰ ਸੁਣ ਕੇ

ਵੱਧ ਤੋਂ ਵੱਧ ਲੋਕਾਂ ਦੀ ਭੀੜ ਇਹਨਾਂ ਦੇ ਡੇਰੇ ਆਵੇ। ਯਾਦ ਰੱਖਿਓ ਚੰਗੇ ਮਨੁੱਖਾਂ ਦੀ ਕਦੇ ਭੀੜ ਨਹੀਂ ਹੋਈ ਅਤੇ ਬਹੁਤੀ ਭੀੜ ਵਿਚ ਕਦੇ ਵੀ ਚੰਗੇ ਮਨੁੱਖ ਨਹੀਂ ਹੁੰਦੇ।

ਅੱਗੇ ਲਿਖਦੇ ਹਨ ਜਾਪ ਦੋ ਕਿਸਮ ਦੇ ਹੁੰਦੇ ਹਨ—ਇਕ ਅਪਾਸੂ ਜਿਹਨੂੰ ਬੋਲ ਕੇ ਕਹਿੰਦੇ ਹਨ ਬੋਲ ਕੇ ਦਸ ਵਾਰੀ ਕਹੇ, ਬੁੱਲਾਂ ਨੂੰ ਹਿਲਾ ਕੇ, ਰਸਨਾ ਨਾਲ ਇਕ ਵਾਰੀ ਕਹੇ, ਬਰਾਬਰ ਹੋ ਜਾਂਦਾ ਹੈ। ਕੰਨ ਵਿਚ ਇਕ ਵਾਰੀ ਕਹੇ, ਬੋਲ ਕੇ ਸੌ ਵਾਰੀ ਕਹੇ ਓਨਾ ਹੀ ਫਲ ਹੁੰਦਾ ਹੈ। ਹਿਰਦੇ ਵਿਚ ਇਕ ਵਾਰੀ ਕਹੇ ਬੋਲ ਕੇ ਹਜ਼ਾਰ ਵਾਰੀ ਕਹੇ। ਨਾਭੀ ਦੇ ਵਿਚ ਇਕ ਵਾਰੀ ਕਹੇ ਬੋਲ ਕੇ ਹਜ਼ਾਰ ਵਾਰੀ ਕਹੇ, ਇਹ ਫਲ ਵੱਧਦੇ ਹੀ ਤੁਰੇ ਜਾਂਦੇ ਹਨ।

*(ਸੁਰਤਿਆਂ ਉਪਜੈ ਚਾਉ, ਪੰਨਾ 51)*

**ਵਿਚਾਰ**—ਇਹ ਸਭ ਗਿਣਤੀਆਂ ਮਿਣਤੀਆਂ ਇਹਨਾਂ ਸਾਧਾਂ ਨੇ ਹਿੰਦੂ ਮਤ ਅਤੇ ਜੋਗ ਮੱਤ ਵਾਲੀਆਂ ਕੀਤੀਆਂ ਹਨ। ਇਹ ਜੋਗੀਆਂ ਵਾਲੇ ਨਾਮਾਂ ਦੀਆਂ ਹਿੰਦੂ ਮਤ ਵਾਲੇ ਫਲਾਂ ਦੀਆਂ ਗੱਲਾਂ ਵਿਅਰਥ ਹੀ ਕਰੀ ਜਾ ਰਹੇ ਹਨ। ਗੁਰ ਫੁਰਮਾਣ ਹੈ—"ਗਣਤੈ ਪ੍ਰਭੂ ਨ ਪਾਈਐ ਅਗਣਤੁ ਸਾਚਾ ਸੋਇ"॥ ਇਹਨਾਂ ਨੂੰ ਕੌਣ ਦੱਸੇ ਅਗਣਤ ਪਰਮਾਤਮਾ ਨੂੰ ਇਹ ਗਿਣਤੀਆਂ ਵਾਲੇ ਫਲਾਂ ਨਾਲ ਨਹੀਂ ਪਾਇਆ ਜਾ ਸਕਦਾ। ਯਾਦ ਰੱਖਣਾ ਜਿਥੇ ਦੁਨੀਆਂ ਦੀਆਂ ਸਾਰੀਆਂ ਗਿਣਤੀਆਂ, ਗਣਤ ਦੇ ਹਿੰਦਸੇ ਹੀ ਮੁੱਕ ਜਾਂਦੇ ਹਨ ਉਥੋਂ ਪਰਮਾਤਮਾ ਦੀ ਗੱਲ ਸ਼ੁਰੂ ਹੀ ਹੁੰਦੀ ਹੈ। ਇਹਨਾਂ ਗਿਣਤੀਆਂ ਵਾਲੇ ਸਾਧਾਂ ਨੇ ਨਾ ਆਪ ਕੁਝ ਖੱਟਿਆ ਨਾ ਕਿਸੇ ਹੋਰ ਨੂੰ ਖੱਟਣ ਦਿੱਤਾ। ਇਹ ਕੇਵਲ ਆਪਣੇ ਮਗਰ ਲੋਕਾਂ ਦੀਆਂ ਭੀੜਾਂ ਹੀ ਇਕੱਠੀਆਂ ਕਰਨ ਵਿਚ ਲੱਗੇ ਰਹੇ ਹਨ ਅਤੇ ਆਪਣਾ ਫੋਕਾ ਸੰਤਪੁਣਾ ਚਮਕਾਉਣ 'ਤੇ ਲੱਗੇ ਰਹੇ ਹਨ। ਆਪਣੇ ਡੇਰੇ ਅਤੇ ਕਾਰਾਂ ਵੱਡੀਆਂ ਕਰਨ ਵਿਚ ਹੀ ਲੱਗੇ ਰਹੇ ਹਨ। ਸਿੱਖ ਫੁਲਵਾੜੀ ਨੂੰ ਇਹਨਾਂ ਨੇ ਬੁਰੀ ਤਰ੍ਹਾਂ ਉਜਾੜਿਆ ਹੈ।

ਅੱਗੇ ਲਿਖਦੇ ਹਨ ਇਹ ਸਮਾਂ ਜਿਹੜਾ ਅੰਮ੍ਰਿਤ ਵੇਲੇ ਦਾ ਹੈ। ਇਹਦਾ ਫਲ ਤਾਂ ਸਾਨੂੰ ਮਿਲੇਗਾ ਹੀ। ਸਵਰਗਾਂ ਵਿਚ ਜਾਵਾਂਗੇ, ਬੜਾ ਸੁੱਖ ਪ੍ਰਾਪਤ ਹੋਵੇਗਾ।

*(ਸੁਰਤਿਆਂ ਉਪਜੈ ਚਾਉ, ਪੰਨਾ 60)*

**ਵਿਚਾਰ**—ਇਹ ਸਾਧ ਹਿੰਦੂ ਮਤ ਵਾਲੇ, ਗਰੁੜ ਪੁਰਾਣ ਵਾਲੇ ਮਨੋ ਕਲਪਿਤ ਨਰਕਾਂ ਸਵਰਗਾਂ ਦੇ ਪੱਕੇ ਹਾਮੀ ਹਨ। ਪੁਸਤਕ ਦੇ ਪਹਿਲੇ ਭਾਗ ਵਿਚ ਮੈਂ ਸਭ ਕੁਝ ਕਲੀਅਰ ਕਰ ਆਇਆ ਹਾਂ ਉਥੇ ਪੜ੍ਹਨ ਦੀ ਖੇਚਲ ਕਰੋ ਜੀ।

ਅੱਗੇ ਲਿਖਦੇ ਹਨ ਕਿ ਪੰਜਵੇਂ ਪਾਤਸ਼ਾਹ ਸਰੋਵਰ ਪੁਟਵਾ ਰਹੇ ਸੀ। ਥੱਲਿਓਂ ਇਕ ਮੱਠ ਨਿਕਲਿਆ ਸੀ। ਕਹਿੰਦੇ ਐ ਕਰੋ ਦਰਵਾਜ਼ਾ ਹੌਲੀ ਹੌਲੀ ਪੁੱਟ ਲਉ ਚਿਣਾਈ ਲਾਹ ਦਿਉ। ਜੇ ਅੰਦਰ ਕੋਈ ਹੋਇਆ ਤਾਂ ਇਹਨੂੰ ਹਵਾ ਨਾ ਲੱਗ ਜਾਵੇ

ਉਹਨੂੰ ਰੂੰ ਵਿਚ ਵਲ੍ਹੇਟ ਕੇ ਸਾਡੇ ਕੋਲ ਲਿਆਇਉ। ਉਹਨੇ ਸਾਡੇ ਨਾਲ ਬਚਨ ਕਰਨੇ ਹਨ। ਸੋ ਇਸ ਤਰ੍ਹਾਂ ਕੀਤਾ ਗਿਆ। ਉਹਨੂੰ ਲੈ ਆਏ ਰੂੰ ਵਿਚ ਵਲ੍ਹੇਟ ਕੇ ਅਤੇ ਲੱਗੇ ਮਾਲਸ਼ਾਂ ਕਰਨ। ਬਾਦਾਮ ਰੋਗਨ, ਕਸਤੂਰੀ ਆਦਿ ਦਵਾਈਆਂ, ਬੇਅੰਤ ਤਰੀਕੇ ਮਹਾਰਾਜ ਨੇ ਦੱਸੇ ਕਿ ਇਹਦੇ ਜਿਹੜੇ ਪ੍ਰਾਣ ਦਸਵੇਂ ਦੁਆਰ ਚੜ੍ਹੇ ਹੋਏ ਹਨ ਮਾਲਸ਼ਾਂ ਕਰੋ, ਮਾਲਸ਼ਾਂ ਕਰਨ ਨਾਲ ਇਹਦੇ ਪ੍ਰਾਣ ਲਹਿ ਜ਼ਾਣਗੇ। ਜਦੋਂ ਉਸਦੇ ਪ੍ਰਾਣ ਉਤਰੇ ਤਾਂ ਆਪਣੀ ਜੋ ਉਸ ਵੇਲੇ ਦੀ ਬੋਲੀ ਸੀ। ਉਹਦੇ ਵਿਚ ਪੁੱਛਿਆ ਕਿ ਹੁਣ ਕੌਣ ਯੁਗ ਹੈ ? ਬਾਬਾ ਬੁੱਢਾ ਜੀ ਨੇ ਦੱਸਿਆ ਕਿ ਹੁਣ ਕਲਜੁੱਗ ਚੱਲ ਰਿਹਾ ਹੈ। ਕਹਿੰਦੇ ਦੁਆਪਰ ਲੰਘ ਗਿਆ ? ਕਹਿੰਦੇ ਹਾਂ ਜੀ ਦੁਆਪਰ ਪੂਰਾ ਲੰਘ ਗਿਆ ਹੈ। ਉਸਨੂੰ ਕਿਹਾ ਤੁਸੀਂ ਕੌਣ ਹੋ ? ਕਹਿਣ ਲੱਗੇ ਜਿਸ ਵਕਤ ਸ੍ਰੀ ਰਾਮ ਚੰਦਰ ਦਾ ਯੁੱਧ ਹੋਇਆ ਐਥੇ ਲਵ ਅਤੇ ਕੁਛ ਨਾਲ ਮੈਂ ਇਹ ਯੁੱਧ ਦੇਖਿਆ ਸੀ। ਉਸ ਵੇਲੇ ਅੰਮ੍ਰਿਤ ਦਾ ਛਿੜਕਾਉ ਕਰਨ ਲਈ ਕਲਸ਼ ਸਵਰਗ ਲੋਕ ਵਿਚੋਂ ਲਿਆਂਦਾ ਸੀ ਅਤੇ ਅੰਮ੍ਰਿਤ ਛਿੜਕ ਕੇ ਸਾਰੀ ਮਰੀ ਹੋਈ ਫੌਜ ਜਿੰਦਾ ਕਰ ਲਈ ਸੀ। ਰਾਮ ਚੰਦਰ, ਭਰਤ, ਲਛਮਣ, ਸ਼ਤਰੂਘਣ ਇਹ ਵੀ ਸਭ ਮਰੇ ਪਏ ਸੀ। ਇਹਨਾਂ ਉੱਪਰ ਵੀ ਸਵਰਗ ਤੋਂ ਲਿਆਂਦਾ ਅੰਮ੍ਰਿਤ ਛਿੜਕਿਆ, ਸਾਰੇ ਮਰੇ, ਜਿੰਦਾ ਕਰ ਲਏ ਪਰ ਅੰਮ੍ਰਿਤ ਦਾ ਘੜਾ ਫਿਰ ਵੀ ਬਚ ਗਿਆ। ਵਾਪਸ ਸਵਰਗ ਨੂੰ ਨਹੀਂ ਖੜਿਆ। ਇਥੇ ਹੀ ਧਰਤੀ ਵਿਚ ਦੱਬ ਦਿੱਤਾ। ਪੁੱਛਿਆ ਕਿੰਨੀ ਕੁ ਦੂਰ ਦੱਬਿਆ, ਉਹਦੀ ਗਿਣਤੀ ਦੱਸ ਦਿੱਤੀ ਕਿ ਐਨੇ ਕਰਮਾਂ 'ਤੇ ਐਸ ਦਸ਼ਾ ਦੇ ਉੱਤੇ ਫਲਾਣੇ ਥਾਉਂ ਜਾ ਕੇ ਘੜਾ ਦੱਬਿਆ ਹੈ। ਉਹੀ ਥਾਂ ਹੈ ਜਿਥੇ ਗੁਰੂ ਮਹਾਰਾਜ ਨੇ ਅੰਮ੍ਰਿਤ ਦਾ ਸਰੋਵਰ ਸਥਾਪਨ ਕਰਿਆ ਸੀ। ਅੱਗੇ ਹੋਰ ਵੀ ਝੂਠੀ ਕਹਾਣੀ ਲਿਖੀ ਹੋਈ ਹੈ...।

*(ਸੁਰਤਿਆਂ ਉਪਜੈ ਚਾਉ, ਪੰਨਾ 82)*

**ਵਿਚਾਰ**—ਐਸੇ ਸੱਜਣਾਂ ਦੇ ਹੁੰਦਿਆਂ ਕਦੇ ਦੁਸ਼ਮਣਾਂ ਦੀ ਲੋੜ ਹੀ ਨਹੀਂ ਹੁੰਦੀ। ਮੈਂ ਪਹਿਲਾਂ ਵੀ ਅਰਜ ਕਰ ਆਇਆ ਹਾਂ ਇਹ ਸਾਧ R.S.S. ਦੇ ਹਿੰਦੂ ਮਤ ਦੇ, ਜੋਗ, ਜੈਨ ਮੱਤ ਦੇ ਪ੍ਰਚਾਰਕ ਹਨ, ਸਿੱਖ ਧਰਮ ਦੇ ਨਹੀਂ। ਉੱਪਰ ਲਿਖੀ ਇਸ ਸਾਧ ਦੀ ਕਹਾਣੀ ਵਿਚੋਂ ਕੋਈ ਰਤਾ ਕੁ ਵੀ ਸੱਚ ਲੱਭਣ ਦੀ ਕੋਸ਼ਿਸ਼ ਕਰੇ ਤਾਂ ਉਹ ਐਂਝ ਹੋਵੇਗਾ ਜਿਵੇਂ ਕੋਈ ਰੇਤ ਨੂੰ ਪੀੜ ਕੇ ਤੇਲ ਕੱਢਣ ਦਾ ਜਤਨ ਕਰੇ। R.S.S. ਹਿੰਦੂ ਜਥੇਬੰਦੀਆਂ ਪਹਿਲਾਂ ਹੀ ਕਹਿ ਰਹੀਆਂ ਹਨ ਕਿ ਇਹ ਹਰਿਮੰਦਰ ਸਾਹਿਬ ਗੁਰੂ ਰਾਮਦਾਸ ਦਾ ਨਹੀਂ ਇਹ ਵਿਸ਼ਨੂੰ ਭਗਵਾਨ ਦਾ ਹੈ ਅਤੇ ਤ੍ਰੇਤੇ ਜੁੱਗ ਵਿਚ ਜੋ ਅੰਮ੍ਰਿਤ ਦਾ ਘੜਾ ਇਥੇ ਦੱਬਿਆ ਸਰੋਵਰ ਉਸ ਘੜੇ ਕਰਕੇ ਹੈ। ਸ਼ਕਤੀ ਉਸ ਘੜੇ ਦੀ ਦੱਸਦੇ ਹਨ ਪਰ ਇਹ ਸਾਧ ਵੀ ਸਾਰੀ ਬੋਲੀ R.S.S. ਵਾਲੀ ਹੀ ਬੋਲ ਰਿਹਾ। ਹਿੰਦੂ ਮਿਥਿਹਾਸ ਨਾਲ ਜੁੜੀਆਂ ਕਲਪਿਤ ਕਹਾਣੀਆਂ

ਸੁਣਾ ਕੇ ਇਹ ਸਾਧ ਕਿਹੜੀ ਸਿੱਖ ਦੀ ਸੇਵਾ ਕਰ ਰਹੇ ਹਨ ? ਇਹਨਾਂ ਸਾਧਾਂ ਨੇ ਕਦੇ ਵੀ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ, ਨੌਵੇਂ ਪਾਤਸ਼ਾਹ ਦੀ ਸ਼ਹਾਦਤ, ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ, ਬਾਬਾ ਬੰਦਾ ਸਿੰਘ ਜੀ ਦੀ ਸ਼ਹਾਦਤ, ਸਿੱਖੀ ਦਾ ਲਹੂ ਭਿੱਜਾ ਇਤਿਹਾਸ, ਨਨਕਾਣਾ ਸਾਹਿਬ, ਪੰਜਾ ਸਾਹਿਬ ਦੇ ਮੋਰਚੇ, ਦਸਵੇਂ ਪਾਤਸ਼ਾਹ ਦਾ ਖ਼ਾਲਸਾ, ਜ਼ੁਲਮੀ ਹਨ੍ਹੇਰੀਆਂ ਨੂੰ ਕਿਵੇਂ ਠੱਲ੍ਹ ਪਾਉਂਦਾ ਰਿਹਾ। ਇਹ ਸਾਧ ਕਦੇ ਵੀ ਸਟੇਜਾਂ 'ਤੇ ਨਹੀਂ ਸੁਣਾਉਂਦੇ। ਇਹ ਸਾਧ ਸਦਾ ਹੀ ਮੁਰਦਿਆਂ ਦੀਆਂ ਕਹਾਣੀਆਂ ਸੁਣਾ ਰਹੇ ਹਨ ਜਿਹੜੇ ਜ਼ਿੰਦਾ ਹਨ ਮਰ ਕੇ ਵੀ ਨਹੀਂ ਮਰੇ ਅਤੇ ਨਾ ਹੀ ਕੋਈ ਮਾਰਨ ਵਾਲਾ ਜੰਮਿਆ ਹੈ। ਉਹਨਾਂ ਦੀ ਦਾਸਤਾਨ ਕਦੇ ਵੀ ਇਹਨਾਂ ਸਾਧਾਂ ਦੇ ਚੇਤੇ ਨਾ ਆਈ। ਗੁਰਬਾਣੀ ਗੁਰਮਤਿ ਸਿਧਾਂਤ ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਵੱਲੋਂ ਇਹਨਾਂ ਸਾਧਾਂ ਨੇ ਸਦਾ ਮੂੰਹ ਮੋੜੀ ਰੱਖਿਆ ਅਤੇ ਲੋਕਾਂ ਨੂੰ ਵੀ ਇਹਨਾਂ ਇਸ ਪਾਸੇ ਨਾ ਆਉਣ ਦਿੱਤਾ।

ਅੱਗੇ ਸਫ਼ਾ 84 'ਤੇ ਇਹ ਫਿਰ ਲੋਕਾਂ ਨੂੰ ਭੂਤਾਂ ਪ੍ਰੇਤਾਂ ਦੇ ਚੱਕਰਾਂ ਵਿਚ ਪਾ ਰਹੇ ਹਨ। ਪਿੱਛੇ ਵਿਚਾਰ ਕਰ ਆਇਆ ਹਾਂ। ਅੱਗੇ ਸਫ਼ਾ 90 'ਤੇ ਇਸ ਸਾਧ ਨੇ ਗਰੁੜ ਪੁਰਾਣ ਵਿਚਲੇ ਨਰਕ ਸਵਰਗ, ਧਰਮਰਾਜ, ਚਿਤਰਗੁਪਤ, ਜਮਦੂਤ ਲਿਖੇ ਹੋਏ ਹਨ। ਪਹਿਲੇ ਭਾਗ ਵਿਚ ਵਿਚਾਰ ਹੋ ਚੁੱਕੀ ਹੈ।

ਅੱਗੇ ਲਿਖਦੇ ਹਨ ਉਸ ਵੇਲੇ ਨੇੜੇ ਹੀ ਇਕ ਸੱਪ ਮਰਿਆ ਪਿਆ ਸੀ ਜੋ ਤੀਰ ਨਾਲ ਚੁੱਕਿਆ ਤੇ ਸੰਤਾਂ ਦੇ ਗਲ ਵਿਚ ਪਾ ਦਿੱਤਾ। ਆਪ ਚਲਿਆ ਜਾਂਦਾ ਹੈ ਤੇ ਪਿੱਛੋਂ ਜਦੋਂ ਉਸਦਾ ਚੇਲਾ ਆਉਂਦਾ ਹੈ ਤਾਂ ਉਸਨੇ ਦੇਖਿਆ ਕਿ ਮੇਰੇ ਸਤਿਗੁਰੂ ਦੀ ਨਿਰਾਦਰੀ ਕੀਤੀ ਹੈ। ਉਸ ਵੇਲੇ ਉਹ ਸਹਿ ਨਾ ਸਕਿਆ ਬਚਨ ਕਰ ਦਿੱਤਾ ਕਿ ਜਿਸ ਕਿਸੇ ਨੇ ਵੀ ਇਹ ਸੱਪ ਪਾਇਆ ਹੈ ਉਹ ਸੱਪ ਦੇ ਡੰਗ ਨਾਲ ਹੀ ਅੱਜ ਤੋਂ ਸਤਵੇਂ ਦਿਨ ਮਰ ਜਾਵੇਗਾ।

ਰਿਸ਼ੀ ਸਮਾਧੀ ਤੋਂ ਉਥਾਨ ਹੋਏ ਤਾਂ ਸਾਰੀ ਵਾਰਤਾ ਦਾ ਪਤਾ ਲੱਗਿਆ ਆਪਣੇ ਚੇਲੇ ਨੂੰ ਕਹਿਣ ਲੱਗਾ ਬੇਟਾ! ਉਹ ਧਰਮੀ ਰਾਜਾ ਸੀ। ਤੂੰ ਕੋਈ ਬਚਨ ਤਾਂ ਨਹੀਂ ਕਰ ਦਿੱਤਾ।

(ਸੁਰਤਿਆਂ ਉਪਜੈ ਚਾਉ, ਪੰਨਾ 168)

**ਵਿਚਾਰ**—ਜਿਹੜੇ ਰੋਟੀ ਰੋਜ਼ੀ ਦੇ ਮਾਰੇ, ਘਰੋਂ ਭਗੌੜੇ ਜੰਗਲਾਂ ਵਿਚ ਤਪ ਆਦਿਕ ਦੇ ਦਿਖਾਵੇ ਕਰਨ ਵਾਲੇ, ਕਸ਼ਟ, ਤਸੀਹੇ (ਬਿਨਾਂ ਮਤਲਬ) ਝੱਲਣ ਵਾਲੇ ਵਿਹਲੜਾਂ ਦੀ ਗੁਰਬਾਣੀ ਵਿਚ ਬੜੀ ਦੁਰਦਸ਼ਾ ਕੀਤੀ ਹੋਈ ਹੈ ਉਹਨਾਂ ਨੂੰ ਇਹ ਸਾਧ ਸਮਾਧੀ ਲੀਨ ਸੰਤ ਦੱਸ ਰਿਹਾ ਹੈ ਅਤੇ ਉਹਨਾਂ ਦੇ ਚੇਲਿਆਂ ਦੀ ਤਰਫ਼ੋਂ ਉਹਨਾਂ ਨੂੰ ਸਤਿਗੁਰੂ ਕਹਿ ਰਿਹਾ ਹੈ। ਇਹ ਆਪਣੀਆਂ ਲਿਖਤਾਂ ਵਿਚ ਸ਼ੋਅ ਕਰ ਰਹੇ ਹਨ ਕਿ ਸੰਤ ਤਾਂ ਸਤਿਗੁਰੂ ਹੀ ਹੁੰਦੇ ਹਨ ਇਹਨਾਂ ਦਾ ਨਿਰਾਦਰ ਸਭ ਤੋਂ

ਮਾੜਾ ਕੰਮ ਹੈ। ਇਹ ਆਪਣੇ ਜੋਟੀਦਾਰ ਸਾਧਾਂ ਨੂੰ ਉੱਚਿਆਂ ਅਤੇ ਗੁਰੂ ਨੂੰ ਨੀਵਾਂ ਦਿਖਾ ਰਹੇ ਹਨ। ਇਸ ਸਾਧ ਦੀ ਇਸ ਲਿਖੀ ਕਿਤਾਬ ਵਿਚ ਕਿਤੇ ਇਹ ਗੱਲ ਨਹੀਂ ਆਈ ਕਿ ਸਤਿਗੁਰੂ ਦੀ ਨਿਰਾਦਰੀ ਨਹੀਂ ਕਰਨੀ। ਥਾਂ ਥਾਂ 'ਤੇ ਲਿਖਿਆ ਹੈ ਕਿ ਸੰਤ ਦੀ ਨਿਰਾਦਰੀ ਨਹੀਂ ਕਰਨੀ। ਇਹ ਕਿਤੇ ਨਹੀਂ ਕਹਿੰਦੇ ਕਿ ਗੁਰੂ ਦਾ ਬਚਨ ਬੜਾ ਮਹਾਨ ਹੁੰਦਾ ਹੈ। ਇਹ ਕੇਵਲ ਸੰਤ ਬਚਨ ਦੀ ਹੀ ਗੱਲ ਕਰਦੇ ਹਨ। ਗੁਰ ਸੰਗਤਿ ਸਿੱਖ ਸੰਗਤਿ ਦੀ ਕਿਤੇ ਵੀ ਗੱਲ ਨਹੀਂ ਕਰਦੇ। ਇਹ ਹਮੇਸ਼ਾਂ ਸਾਧ ਦੀ ਸੰਗਤਿ ਦੀ ਗੱਲ ਹੀ ਕਰਦੇ ਹਨ। ਇਹ ਵਰਾਂ ਸਰਾਪਾਂ ਦੀਆਂ ਗੱਲਾਂ ਵੀ ਬੜੀਆਂ ਕਰਦੇ ਹਨ। ਜਦੋਂ ਕਿ ਗੁਰਮਤਿ ਸਿਧਾਂਤ ਮੁਤਾਬਕ ਕੋਈ ਵਰ ਸਰਾਪ ਨਹੀਂ ਹੈ। ਗੁਰੂ ਘਰ ਵਿਚ ਕਹਿਣੀ, ਕਰਣੀ, ਸੱਚ ਆਚਾਰ ਪ੍ਰਧਾਨ ਹੈ। ਪਿੱਛੇ ਕਹਿ ਆਏ ਹਨ ਕਿ ਇੰਦਰ ਦੀ ਕਦੇ ਮੁਕਤੀ ਨਹੀਂ ਹੁੰਦੀ ਪਰ ਇਥੇ ਸਫ਼ਾ 171 'ਤੇ ਕਹਿ ਰਹੇ ਹਨ ਕਿ ਸੁਖਦੇਵ ਮੁਨੀ ਨੇ ਰਾਜੇ ਪ੍ਰੀਸ਼ਤ ਨੂੰ ਇੰਦਰ ਦੀ ਕਥਾ ਸੁਣਾਈ ਰਾਜੇ ਨੂੰ ਮੁਕਤ ਕਰਨ ਵਾਸਤੇ। ਇਸ ਤਰ੍ਹਾਂ ਇਹ ਸਾਧ ਆਪਣਾ ਕਿਹਾ ਆਪ ਹੀ ਕੱਟ ਦਿੰਦੇ ਹਨ ਕਿਉਂਕਿ ਝੂਠ ਦੇ ਪੈਰ ਜੁ ਨਹੀਂ ਹੁੰਦੇ।

ਅੱਗੇ ਲਿਖਦੇ ਹਨ ਦੇਹ ਦੇ ਰਸਾਂ ਕਸਾਂ ਦੇ ਸੁੱਖਾਂ, ਦੇਹ ਦੀਆਂ ਪ੍ਰਾਪਤੀਆਂ ਪਦਵੀਆਂ ਵਿਚ ਮਸਤ ਹੋ ਕੇ ਸਮਾਂ ਲੰਘਾ ਲੈਂਦਾ ਹੈ। ਮਾਨਸ ਜਨਮ ਅਜਾਈਂ ਚਲਿਆ ਜਾਂਦਾ ਹੈ। ਸ਼ੁਕਰ ਹੈ ਵਾਹਿਗੁਰੂ ਜੀ ਦਾ ਅੰਮ੍ਰਿਤ ਵੇਲੇ ਦਾ ਸਤਿਸੰਗ ਬਖ਼ਸ਼ਿਆ ਹੈ। ਲੋੜ ਤਾਂ ਪ੍ਰੈਕਟੀਕਲ ਦੀ ਹੈ ਥਿਊਰੀ (ਸਿਧਾਂਤ) ਦੀ ਨਹੀਂ।

(ਸੁਰਤਿਆਂ ਉਪਜੈ ਚਾਉ, ਪੰਨਾ 202)

**ਵਿਚਾਰ**—ਪਹਿਲਾਂ ਥਿਊਰੀ ਹੁੰਦੀ ਹੈ ਬਾਅਦ ਵਿਚ ਪ੍ਰੈਕਟੀਕਲ। ਜੇ ਥਿਊਰੀ ਨਹੀਂ ਤਾਂ ਪ੍ਰੈਕਟੀਕਲ ਕਿੱਥੋਂ। ਥਿਊਰੀ ਦਾ ਹੀ ਤਾਂ ਪ੍ਰੈਕਟੀਕਲ ਹੈ ਹੋਰ ਕਿਸਦਾ ਹੈ ? ਸੋ ਇਸ ਸਾਧ ਨੇ ਸਪਸ਼ਟ ਕਹਿ ਦਿੱਤਾ ਹੈ ਸਿਧਾਂਤ ਦੀ ਲੋੜ ਨਹੀਂ। ਇਹਨਾਂ ਸਾਧਾਂ ਨੇ ਸਿੱਖ ਕੌਮ ਨੂੰ ਸਿਧਾਂਤ ਤੋਂ ਹੀਣੀ ਕਰਨ ਵਾਸਤੇ ਸਾਰਾ ਜ਼ੋਰ ਲਾਇਆ ਹੋਇਆ ਹੈ। ਸੋ ਇਹਨਾਂ ਬੁੱਕਲ ਦੇ ਸੱਪਾਂ ਨੂੰ ਪਛਾਨਣ ਦੀ ਲੋੜ ਹੈ। ਇਸ ਸਾਧ ਦੀ ਲਿਖੀ ਇਹ 202 ਸਫ਼ੇ ਦੀ ਪੁਸਤਕ ਵਿਚ ਗੁਰਬਾਣੀ ਪ੍ਰਮਾਣ ਵੀ ਨਕਲੀ ਗੁਰੂਆਂ ਵਾਂਗ ਇਹਨਾਂ ਆਪਣੇ ਆਪ 'ਤੇ ਹੀ ਘਟਾਏ ਹੋਏ ਹਨ। ਗੁਰਮਤਿ ਸਿਧਾਂਤ ਵਿਹੂਣੀ ਇਸ ਸਾਰੀ ਕਿਤਾਬ ਵਿਚ ਗੁਰ ਇਤਿਹਾਸ, ਸਿੱਖ ਇਤਿਹਾਸ ਵਿਚੋਂ ਕੋਈ ਵੀ ਨਿੱਗਰ ਪ੍ਰਮਾਣ ਨਹੀਂ ਲੱਭਦਾ। ਕੀ ਇਹ ਸਾਧ ਦੱਸਣਗੇ ਕਿ ਐਸੀਆਂ ਲਿਖਤਾਂ ਲਿਖ ਕੇ ਕੀ ਪ੍ਰਾਪਤ ਕਰਨਾ ਚਾਹੁੰਦੇ ਹਨ ?

## ਸੰਤ ਰਣਜੀਤ ਸਿੰਘ ਢੱਡਰੀਆਂ ਵਾਲਾ (ਪਟਿਆਲਾ)

ਇਸ ਬਾਰੇ ਪਹਿਲੇ ਭਾਗ ਵਿਚ ਵੀ ਲਿਖਿਆ ਜਾ ਚੁੱਕਾ ਹੈ। ਜਿਉਂ ਜਿਉਂ

ਅਸੀਂ ਖੋਜ ਕਰ ਰਹੇ ਹਾਂ ਮਟੀਰੀਅਲ ਮਿਲ ਰਹਾ ਹੈ ਤਿਉਂ ਤਿਉਂ ਇਸ ਪੁਸਤਕ 'ਸੰਤਾਂ ਦੇ ਕੌਤਕ' ਦੇ ਆਉਣ ਵਾਲੇ ਭਾਗਾਂ ਵਿਚ ਲਿਖਦੇ ਹੀ ਜਾਵਾਂਗੇ। ਪਹਿਲੇ ਭਾਗ ਵਿਚ ਇਸ ਸਾਧ ਬਾਰੇ ਜੋ ਲਿਖਿਆ ਸੀ। ਮੈਨੂੰ ਇਸਦੇ ਚੇਲਿਆਂ ਵੱਲੋਂ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਵੀ ਟੈਲੀਫ਼ੋਨਾਂ 'ਤੇ ਆਈਆਂ ਹਨ। ਇਸਦੇ ਪ੍ਰਚਾਰ ਦਾ ਅਸਰ, ਅੰਮ੍ਰਿਤ ਛਕਾਉਣ ਦਾ ਅਸਰ ਇਸਦੇ ਚੇਲੇ ਚੇਲੀਆਂ ਦੇ ਮੂੰਹੋਂ ਕਹੇ ਹੋਏ ਹੇਠ ਲਿਖੇ ਬੋਲਾਂ ਤੋਂ ਮੇਰੇ ਸਾਹਮਣੇ ਆਇਆ।

1. ਤੂੰ ਸਾਡੇ ਗੁਰੂ ਰਣਜੀਤ ਸਿੰਘ ਨੂੰ ਛੋਕਰਾ ਲਿਖਿਆ ਹੈ।
2. ਤੂੰ ਸਾਡੇ ਮਹਾਰਾਜ ਨੂੰ ਛੋਕਰਾ ਲਿਖਿਆ ਹੈ।
3. ਤੂੰ ਸਾਡੇ ਸਤਿਗੁਰੂ ਰਣਜੀਤ ਸਿੰਘ ਨੂੰ ਗਲਤ ਲਿਖਿਆ ਹੈ।

ਅਸੀਂ ਤੈਨੂੰ ਜਾਨੋਂ ਮਾਰ ਦੇਵਾਂਗੇ।

ਮੈਂ ਕਿਹਾ ਕਿ ਨੂਰ ਮਹਿਲੀਏ ਵੀ ਆਸ਼ੂ ਤੋਸ਼ ਨੂੰ ਮਹਾਰਾਜ, ਸਤਿਗੁਰੂ, ਗੁਰੂ ਕਹਿੰਦੇ ਹਨ ਤੁਸੀਂ ਵੀ ਇਹੋ ਕੁਝ ਕਹਿ ਰਹੇ ਹੋ ਕਿਹੜਾ ਅੰਮ੍ਰਿਤ ਛਕਿਆ ਤੁਸਾਂ ਨੇ ? ਤੁਹਾਨੂੰ ਤਾਂ ਅੰਮ੍ਰਿਤ ਛਕਣ ਤੋਂ ਬਾਅਦ ਇਹ ਗਿਆਨ ਵੀ ਨਹੀਂ ਹੋਇਆ ਕਿ ਸਾਡੇ ਗੁਰੂ ਸਾਹਿਬ 'ਗੁਰੂ ਗ੍ਰੰਥ ਸਾਹਿਬ" ਜੀ ਹਨ। ਕਿਹੜਾ ਅੰਮ੍ਰਿਤ ਛਕਿਆ ਤੁਸੀਂ ? ਕੀ ਸਿਖਾਇਆ ਤੁਹਾਨੂੰ ਇਸ ਨਵੇਂ ਉੱਠੇ ਸਾਧ ਨੇ ? ਸੋ ਮੈਂ ਇਹਨਾਂ ਨਾਲ ਟੈਲੀਫ਼ੋਨਾਂ 'ਤੇ ਸਵਾਲ ਜਵਾਬ ਕਰਦਾ ਰਿਹਾ। ਜਨਾਨੀਆਂ ਦੇ ਫ਼ੋਨ ਵੀ ਬੜੇ ਬੜੇ ਸਖ਼ਤ ਆ ਰਹੇ ਸਨ ਜੇ ਮੈਂ ਪੁੱਛਦਾ ਸੀ ਕਿ ਆਪਣਾ ਨਾਮ ਪਤਾ ਤਾਂ ਦੱਸੋ ? ਪਰ ਅੱਜ ਤਕ ਕਿਸੇ ਨੇ ਨਾਮ ਪਤਾ ਨਹੀਂ ਦੱਸਿਆ ਜਦੋਂ ਕਿ ਮੈਂ ਆਪਣਾ ਐਡਰੈੱਸ ਨਾਮ ਪਤਾ ਕਿਤਾਬ ਵਿਚ ਲਿਖਿਆ ਹੋਇਆ ਹੈ ਪਰ ਇਹਨਾਂ ਵਿਚੋਂ ਕਿਸੇ ਨੇ ਟੈਲੀਫ਼ੋਨ ਨੰਬਰ ਵੀ ਨਾ ਦਿੱਤਾ। ਮੈਨੂੰ ਇਹਨਾਂ ਦੀ ਬਹਾਦਰੀ ਦਾ ਅੰਦਾਜ਼ਾ ਹੋਰ ਵੀ ਲੱਗ ਗਿਆ। ਜਦੋਂ ਭਨਿਆਰੇ ਵਾਲੇ ਸਾਧ ਨੇ "ਧੰਨ ਗੁਰੂ ਗ੍ਰੰਥ ਸਾਹਿਬ" ਜੀ ਦੇ ਮੁਕਾਬਲੇ ਨਵਾਂ ਗ੍ਰੰਥ ਭਵਸਾਗਰ ਲਿਖ ਲਿਆ, ਕਈ ਥਾਈਂ "ਗੁਰੂ ਗ੍ਰੰਥ ਸਾਹਿਬ" ਜੀ ਦੇ ਸਰੂਪ ਅਗਨ ਭੇਟ ਉਸ ਭਨਿਆਰੇ ਵਾਲੇ ਸਾਧ ਨੇ ਕਰਵਾ ਦਿੱਤੇ ਉਦੋਂ ਇਹਨਾਂ ਸਾਰਿਆਂ ਸਾਧਾਂ ਦੇ ਚੇਲੇ ਚੇਲੀਆਂ ਦੇ ਫ਼ੋਨ ਕਿੱਥੇ ਸੜ ਗਏ ਸੀ ? ਇਹ ਧਮਕੀਆਂ ਦੇਣ ਵਾਲੇ ਓਦੋਂ ਕਿੱਥੇ ਸੀ। ਨਾ ਕਿਸੇ ਸਾਧ ਨੂੰ ਅਤੇ ਨਾ ਕਿਸੇ ਚੇਲੇ ਚੇਲੀ ਨੂੰ ਉਦੋਂ ਪਸੀਨਾ ਤਕ ਵੀ ਨਾ ਆਇਆ। ਇਹਨਾਂ ਦੇ ਆਪੇ ਬਣੇ ਬ੍ਰਹਮਗਿਆਨੀਆਂ ਅਤੇ ਸਾਧਾਂ (ਰੱਬਾਂ) ਨੂੰ ਹੱਥ ਪਾਇਆ ਤਾਂ ਕਿਵੇਂ ਤੜਫਦੇ ਹਨ ?

ਇਸ ਰਣਜੀਤ ਸਿੰਘ ਸਾਧ ਦਾ ਇਕ ਚੇਲਾ ਬੁੱਕਣ ਸਿੰਘ ਮੇਰੇ ਹੀ ਪਿੰਡ ਦਾ ਰਹਿਣ ਵਾਲਾ ਹੈ। ਇਥੇ ਇਕ ਗੁਰਦੁਆਰੇ ਕਥਾ ਕਰ ਰਿਹਾ ਹੈ ਅਤੇ ਸਪੀਕਰ 'ਤੇ ਕਹਿ ਰਿਹਾ ਹੈ ਇਹ ਸਾਧ ਗੁਰੂ ਹਨ, ਇਹ ਸਾਧ ਸਤਿਗੁਰੂ ਹਨ, ਇਹ ਸਾਧ ਖ਼ੁਦ ਮਹਾਰਾਜ ਹਨ, ਇਹ ਸਾਧ ਆਪ ਹੀ ਗੁਰੂ ਗ੍ਰੰਥ ਸਾਹਿਬ ਹਨ। ਗੁਰੂ ਗ੍ਰੰਥ

ਸਾਹਿਬ ਤਾਂ ਬੋਲਦਾ ਨਹੀਂ ਹੈ ਇਹ ਸਾਧ ਬੋਲਦੇ ਹਨ। ਵਿਚ ਵਿਚੋਲੇ ਦੀ ਹਰ ਹਾਲਤ ਲੋੜ ਹੈ ਨਹੀਂ ਤਾਂ "ਗੁਰੂ ਗ੍ਰੰਥ ਸਾਹਿਬ" ਕੀ ਦੱਸਣਗੇ ? ਇਹ ਸਪੀਕਰ ਵਿਚ ਇਹ ਗੱਲਾਂ ਕਰ ਰਿਹਾ ਹੈ। ਕੋਈ ਦੱਸੇ ਇਹ ਕਿਹੜੀ ਸਿੱਖੀ ਦਾ ਪ੍ਰਚਾਰ ਹੈ ? ਇਹ ਕਿਹੜੀ ਗੁਰਮਤਿ ਦਾ ਪ੍ਰਚਾਰ ਹੈ ? ਇਹ ਖਦਸ਼ਾ ਹੈ ਇਹ ਸਾਧ ਥੋੜੇ ਸਮੇਂ ਬਾਅਦ ਹੀ ਵੱਖਰੇ ਗ੍ਰੰਥ ਰਚ ਲੈਣਗੇ। ਦੇਹਧਾਰੀਆਂ ਗੱਦੀਆਂ ਲਾ ਲੈਣਗੇ। ਇਹਨਾਂ ਦੇ ਚੇਲੇ ਵੀ ਸ਼ਰ੍ਹੇਆਮ ਇਹਨਾਂ ਨੂੰ ਸਤਿਗੁਰੂ ਕਹਿਣ ਲੱਗ ਪਏ ਹਨ। ਦੁਸ਼ਮਣ ਤਾਂ ਦੁਸ਼ਮਣ ਹੀ ਹਨ। ਇਹ ਸੱਜਣ ਵੀ ਦੁਸ਼ਮਣ ਬਣੇ ਹੋਏ ਹਨ। ਇਸਦੇ ਡੇਰੇ ਵਿਚ ਵੀ ਸਾਰੇ ਇਸ ਸਾਧ ਨੂੰ ਮਹਾਰਾਜ ਕਹਿ ਕੇ ਬੁਲਾਉਂਦੇ ਹਨ। ਇਸ ਸਾਧ ਦਾ ਇਕ ਮੈਗਜੀਨ ਨਿਕਲਦਾ ਹੈ। ਜਿਸਦਾ ਨਾਮ ਇਸ ਨੇ 'ਨਿਰਵੈਰ ਖ਼ਾਲਸਾ' ਰੱਖਿਆ ਹੈ। ਇਸਦੀਆਂ ਗੱਡੀਆਂ 'ਤੇ ਵੀ ਨਿਰਵੈਰ ਖ਼ਾਲਸਾ ਲਿਖਿਆ ਹੋਇਆ ਹੈ। ਪਰ ਇਸਨੂੰ ਕੌਣ ਦੱਸੇ ਖ਼ਾਲਸਾ ਤਾਂ ਖ਼ਾਲਸਾ ਹੀ ਹੈ ਨਾਲ ਨਿਰਵੈਰ ਅੱਖਰ ਵਿਅਰਥ ਹੈ। ਨਵੰਬਰ ਦਸੰਬਰ 2004 ਦੇ ਮੈਗਜੀਨ ਨਿਰਵੈਰ ਖ਼ਾਲਸਾ ਵਿਚ ਸਫ਼ਾ 3 ਤੇ ਇੰਝ ਲਿਖਿਆ ਹੋਇਆ ਹੈ।

ਅੱਜ ਦੇ ਦੌਰ ਵਿਚ ਕਈ ਪਾਖੰਡ ਦੇ ਡੇਰੇ ਖੁੱਲ੍ਹੇ ਹਨ ਜਿਥੇ ਜਨਤਾ ਦਾ ਬਹੁਤ ਭਾਰੀ ਇਕੱਠ ਹੁੰਦਾ ਹੈ। ਬਾਬਾ ਜੀ ਨੇ ਉਹਨਾਂ ਪਾਖੰਡੀ ਦੇਹਧਾਰੀ ਗੁਰੂਆਂ ਦਾ ਪਰਦਾ ਫਾਸ਼ ਕਰਕੇ ਜੋ ਜਨਤਾ ਉਹਨਾਂ ਦੇ ਪਿੱਛੇ ਲੱਗੀ ਹੋਈ ਸੀ। ਉਸ ਜਨਤਾ ਨੂੰ ਪਾਖੰਡੀ ਬਾਬਿਆਂ ਦੀ ਅਸਲੀਅਤ ਤੋਂ ਜਾਣੂੰ ਕਰਵਾਇਆ ਅਤੇ ਸੱਚੇ ਗੁਰੂ ਨਾਲ ਜੋੜਿਆ।

*(ਨਿਰਵੈਰ ਖ਼ਾਲਸਾ 3)*

**ਵਿਚਾਰ**—ਮੈਂ ਉੱਪਰ ਦੱਸ ਆਇਆ ਹਾਂ ਕਿ ਇਹਨਾਂ ਦੇ ਕੰਮ ਵੀ ਜ਼ਿਆਦੇ ਦੇਹਧਾਰੀ ਗੁਰੂਆਂ ਵਰਗੇ ਹਨ। ਉੱਪਰ ਪ੍ਰਤੱਖ ਸਬੂਤ ਲਿਖ ਆਇਆ ਹਾਂ। ਅੱਗੇ ਚੱਲ ਕੇ ਹੋਰ ਵੀ ਕਲੀਅਰ ਕਰ ਦਿਆਂਗਾ ਇਹ ਅੰਮ੍ਰਿਤ ਛਕਾ ਕੇ ਆਪਣੇ ਨਾਲ ਜੋੜ ਰਿਹਾ ਹੈ ਅਤੇ ਦੇਹਧਾਰੀ ਨਾਮ ਦਾਨ ਦੇ ਕੇ ਆਪਣੇ ਨਾਲ ਜੋੜ ਰਹੇ ਹਨ। ਉਹਨਾਂ ਵਾਂਗੂੰ ਹੀ ਅਸ਼ੀਰਵਾਦ ਦੇ ਰਿਹਾ, ਵੰਨ-ਸੁਵੰਨੇ ਭੇਖ ਬਣਾ ਕੇ ਦਿਖਾ ਰਿਹਾ। ਘਰ ਘਰ ਫੋਟੋਆਂ ਭੇਜ ਰਿਹਾ ਹੈ। ਲੋਕ ਇਸ ਦੀਆਂ ਫੋਟੋਆਂ ਦੀ ਪੂਜਾ ਧੂਪ ਦੇ ਕੇ ਕਰ ਰਹੇ ਹਨ। ਬਹੁਤ ਵਧੀਆ ਕੀਤਾ ਇਹਨੇ ਦੇਹਧਾਰੀਆਂ ਦੇ ਪਰਦੇ ਫਾਸ਼ ਕੀਤੇ।

ਪਰ ਸਾਡੇ ਵਾਸਤੇ ਉਹ ਦੇਹਧਾਰੀ ਪੱਕੇ ਦੁਸ਼ਮਣ। ਪਰ ਇਹ ਸੱਜਣ ਹੁੰਦਾ ਹੋਇਆ ਵੀ ਦੁਸ਼ਮਣ ਹੈ। ਇਸ ਕਰਕੇ ਇਸਦੇ ਪਰਦੇ ਫਾਸ਼ ਕਰਨ ਵਾਲੇ ਵੀ ਬਹੁਤ ਬੈਠੇ ਹਨ। ਫ਼ਿਕਰ ਕਰਨ ਦੀ ਕੋਈ ਲੋੜ ਨਹੀਂ ਹੈ। ਡੇਰਾ ਰਾਧਾ ਸੁਆਮੀ ਬਿਆਸ ਦਾ ਪਿਛੋਕੜ। ਉਥੇ ਵੀ ਇਕ ਗੁਰਬਾਣੀ ਦੀ ਕਥਾ ਕਰਨ ਵਾਲਾ, "ਗੁਰੂ ਗ੍ਰੰਥ

ਸਾਹਿਬ" ਦਾ ਪ੍ਰਕਾਸ਼ ਕਰਦਾ ਹੁੰਦਾ ਸੀ। ਹੁਣ ਕਿੱਥੇ ਓਥੇ "ਗੁਰੂ ਗ੍ਰੰਥ ਸਾਹਿਬ ਉਥੇ ਦੇਹਧਾਰੀ ਗੁਰੂ ਦੀ ਗੱਦੀ ਚੱਲ ਰਹੀ ਹੈ। ਢੇਸੀਆਂ ਗੱਦੀ, ਅੰਬਾਲੇ ਗੱਦ ਨਿਰੰਕਾਰੀਏ, ਭਨਿਆਰੀਏ, ਨੂਰ ਮਹਿਲੀਏ, ਕੋਈ ਸੱਚੇ ਸੌਦੇ ਵਾਲਾ, ਕੋਈ ਝੂ ਸੌਦੇ ਵਾਲਾ ਪਤਾ ਨਹੀਂ ਕਿੰਨੇ ਹਨ। ਇਹ ਰਣਜੀਤ ਸਿੰਘ ਵੀ ਕਹਿੰਦੇ ਬਾ ਪੜ੍ਹਦਾ ਹੈ, ਮੰਨਦੇ ਹਾਂ ਬੜਾ ਕੁਝ ਸਟੇਜ 'ਤੇ ਸੁਣਾਉਂਦਾ ਹੈ। ਕਾਫ਼ੀ ਕੁਝ ਇਹ ਜ਼ਬਾਨੀ ਯਾਦ ਕੀਤਾ ਹੋਇਆ ਹੈ। ਪਰ ਇਹ ਦਾਅਵਾ ਤਾਂ ਸਾਰੇ ਦੇਹਧਾਰੀ ਬਾਣੀ ਪੜ੍ਹਨ ਦਾ ਹੀ ਕਰਦੇ ਹਨ। ਉਹ ਬਾਣੀ ਦੇ ਅਰਥ ਤੋੜ ਮਰੋੜ ਕੇ ਨਕਲ ਗੁਰੂ ਵੱਲ ਲਿਜਾਂਦੇ ਹਨ। ਇਹ ਸਾਡੇ ਡੇਰੇਦਾਰ ਅਰਥ ਤੋੜ ਮਰੋੜ ਕੇ ਸੰਤ, ਸਾ ਦੀ ਉਸਤਤ ਵੱਲ ਖਿੱਚ ਲਿਜਾਂਦੇ ਹਨ। ਇਹਨਾਂ ਦੇ ਚੇਲੇ ਵੀ ਇਹਨਾਂ ਨੂੰ ਗੁਰੂ ਸਤਿਗੁਰੂ, ਮਹਾਰਾਜ ਹੀ ਕਹਿ ਰਹੇ ਹਨ। ਆਸ਼ੂਤੋਸ਼ ਦੇ ਚੇਲੇ ਵੀ ਉਹਨੂੰ ਸਤਿਗੁ ਮਹਾਰਾਜ ਕਹਿੰਦੇ ਹਨ। ਸੋ ਸੰਗਤਾਂ ਭੁਲੇਖਿਆਂ ਵਿਚ ਨਾ ਪੈਣ ਫ਼ਰਕ ਕੋਈ ਬਹੁ ਜ਼ਿਆਦਾ ਨਹੀਂ ਹੈ।

ਸਿਆਣੇ ਕਹਿੰਦੇ ਹਨ, ਕੰਮ ਚੰਗਾ ਹੋਵੇ ਨੀਅਤ ਖੋਟੀ ਹੋਵੇ, ਕਿਸੇ ਕੰ ਨਹੀਂ। ਨੀਅਤ ਠੀਕ ਹੋਵੇ ਕੰਮ ਮਾੜਾ ਹੋਵੇ ਤਾਂ ਵੀ ਕਿਸੇ ਕੰਮ ਨਹੀਂ। ਇਹਨ ਡੇਰੇਦਾਰਾਂ ਦੀ ਭਾਵਨਾ ਵੀ ਗੁਰੂ ਬਣਨ ਦੀ ਹੀ ਹੈ।

ਅੱਗੇ ਲਿਖਦੇ ਹਨ ਹੋਜੋਮਾਜਰਾ ਪਿੰਡ ਹੈ ਜਿੱਥੇ ਗਿਆਰ੍ਹਾਂ ਪ੍ਰਾਣੀਆਂ ਦੇ ਨਾ ਅੰਮ੍ਰਤ ਛਕਣ ਵਾਸਤੇ ਆਏ ਹਨ। ਇਥੇ ਹਿਸਾਬ ਲਾਉ ਕਿੰਨੇ ਇਲਾਕੇ ਦੀਅ ਸੰਗਤਾਂ ਜੁੜੀਆਂ ਹਨ ਜੇ ਇਕ ਪਿੰਡ ਵਿਚੋਂ ਗਿਆਰ੍ਹਾਂ ਪ੍ਰਾਣੀ ਪ੍ਰੇਰ ਕੇ ਲਿਆਏ ਤਾਂ ਦੇਖੋ ਕਿੰਨੀ ਸੰਗਤ ਅੰਮ੍ਰਿਤ ਛਕਦੀ ਹੈ। ਸੋ ਕਈ ਕਈ ਦਿਨ 2-2 ਅੰਮ੍ਰਿ ਸੰਚਾਰ ਵੀ ਹੁੰਦੇ ਹਨ।

ਨਿਰਵੈਰ ਖ਼ਾਲਸਾ, ਪੰਨਾ 3

ਵਿਚਾਰ—ਪਿੱਛੇ ਜਿਹੇ ਸ਼੍ਰੋਮਣੀ ਕਮੇਟੀ ਨੇ ਵੀ ਦਾਅਵਾ ਕੀਤਾ ਸੀ ਕਿ 1999 ਦੀ ਵੈਸਾਖੀ ਤਕ ਸਾਰੀ ਸਿੱਖ ਕੌਮ ਅੰਮ੍ਰਿਤਧਾਰੀ ਬਣਾ ਦੇਣੀ ਹੈ। ਕਿੰ ਕੁ ਬਣੇ ਹਨ ? ਸਾਡੇ ਇਲਾਕੇ ਵਿਚ ਇਕ ਵਾਰੀ ਟਾਟਾ ਸੂਮੋ ਗੱਡੀਆਂ ਐਂ ਭੱਜੀਆਂ ਫਿਰਨ ਜਿਵੇਂ ਵੋਟਾਂ ਵਾਲੇ ਫਿਰਦੇ ਹਨ। ਮੈਂ ਰੋਕ ਕੇ ਪੁੱਛਿਆ ਵੀਰ ਜ ਕੀ ਕਰ ਰਹੇ ਹੋ ? ਅੱਜਕਲ੍ਹ ਕੀ ਪ੍ਰੋਗਰਾਮ ਹੈ ? ਕਹਿੰਦੇ ਸੰਤ ਮਾਨ ਸਿੰਘ ਭੇ ਵਾਲੇ ਦੀਆਂ ਗੱਡੀਆਂ ਹਨ। ਅਸੀਂ ਸਾਰੀ ਕੌਮ ਹੀ ਅੰਮ੍ਰਿਤਧਾਰੀ ਬਣਾ ਦੇਣ ਲੱ ਹਾਂ। ਸੋ ਕਿੰਨਾ ਚਿਰ ਹੋ ਗਿਆ ਕਿੱਥੇ ਹਨ ਉਹ ਅੰਮ੍ਰਿਤਧਾਰੀ ? ਕੁਝ ਸਮਾਂ ਪਹਿਲ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਤੋਂ ਪ੍ਰਭਾਵਤ ਹੋ ਕੇ ਸਕੂਲਾਂ, ਕਾਲਜ ਦੇ ਨੌਜਵਾਨਾਂ ਨੇ ਦਾੜ੍ਹੇ ਕੇਸ ਰੱਖ ਲਏ, ਹਿੰਦੂਆਂ ਨੇ ਪੱਗਾਂ ਬੰਨ੍ਹ ਲਈਆਂ। ਸਿੱਖ ਨੇ ਕੇਸਰੀ ਦਸਤਾਰੇ ਬੰਨ੍ਹ ਲਏ। ਅੱਜ ਕਿੱਥੇ ਨੇ ਉਹ ਨੌਜਵਾਨ, ਸ਼ਹਿਰਾਂ ਵਿ

ਦੇਖਿਆ ਮੁੰਡੇ ਗੁੱਤਾਂ ਕਰੀ ਫਿਰਦੇ ਹਨ। ਕੁੜੀਆਂ ਪੈਂਟਾਂ ਪਾਈ ਫਿਰਦੀਆਂ, ਸਿਰ ਮੁਨਾਈ ਫਿਰਦੀਆਂ। ਸੋ ਵੀਰ ਜੀ ਅੰਮ੍ਰਿਤ ਤਾਂ R.S.S. ਵੀ ਬੜਾ ਛਕਾ ਰਹੀ ਹੈ ਜਿਹੜੀ ਸਿੱਖਾਂ ਅੰਦਰੋਂ ਸਿੱਖੀ ਸੋਚ, ਮਾਰ ਕੇ, ਕੇਸਾਧਾਰੀ ਹਿੰਦੂ, ਬ੍ਰਾਹਮਣਵਾਦੀ ਮੰਨੂਵਾਦੀ ਸੋਚ ਦੇ ਧਾਰਨੀ ਬਣਾਉਣ 'ਤੇ ਸਾਰਾ ਜ਼ੋਰ ਲਾ ਰਹੀ ਹੈ। ਅੰਮ੍ਰਿਤ ਤਾਂ ਉਹ ਵੀ ਛਕਾ ਰਹੀ ਹੈ। ਇਹਨਾਂ ਲੋਕਾਂ ਨੇ ਡੇਰੇਦਾਰ ਸਾਧਾਂ ਨੇ ਅੰਮ੍ਰਿਤ ਨੂੰ ਪਾਖੰਡ ਬਣਾ ਕੇ ਰੱਖ ਦਿੱਤਾ ਹੈ। ਜਿਸ ਬੰਦੇ ਨੂੰ ਨਾ ਰਹਿਤ ਦਾ ਪਤਾ, ਨਾ ਨਿੱਤਨੇਮ, ਨਾ ਬਾਣੀ ਦਾ ਪਤਾ ਉਹਨੂੰ ਧੜਾਧੜ ਧੱਕੇ ਨਾਲ ਅੰਮ੍ਰਿਤ ਛਕਾ ਕੇ ਕਿਹੜੀ ਸਿੱਖੀ ਦੀ ਸੇਵਾ ਹੋ ਰਹੀ ਹੈ ? ਕਈ ਦੇਖਦੇ ਹਾਂ ਉਹਨਾਂ ਨੂੰ ਸਾਧਾਂ ਨੇ ਧੱਕੇ ਨਾਲ ਅੰਮ੍ਰਿਤ ਛਕਾਇਆ ਸੀ। ਉਹ ਹੁਣ ਸ਼ਰਾਬਾਂ ਪੀ ਰਹੇ ਹਨ ਉਹਨਾਂ ਕੋਲ ਕੋਈ ਕਕਾਰ ਨਹੀਂ ਹੈ। ਇਹ ਇਹਨਾਂ ਸਾਧਾਂ ਦੇ ਸਟੰਟ ਹਨ। ਕੇਵਲ ਆਪਣੇ ਮਗਰ ਲਾਉਣ ਵਾਸਤੇ। ਇਸ ਰਣਜੀਤ ਸਿੰਘ ਦੇ ਇਕ ਚੇਲੇ ਨੇ ਇਹਨੂੰ ਆਪਣੇ ਘਰ ਚਰਨ ਪਾਉਣ ਵਾਸਤੇ ਬੇਨਤੀ ਕੀਤੀ ਜਦੋਂ ਸੰਤ ਨੇ ਨਾਂਹ ਕੀਤੀ ਤਾਂ ਚੇਲਾ ਕਹਿਣ ਲੱਗਾ ਕਿ ਜੇ ਮੇਰੇ ਘਰ ਚਰਨ ਨਹੀਂ ਪਾਓਗੇ ਤਾਂ ਮੈਂ ਤੁਹਾਡੀ ਕਿਰਪਾਨ ਲਾਹ ਦੇਵਾਂਗਾ। ਇਥੋਂ ਅੰਦਾਜ਼ਾ ਲਾਉ ਇਹ ਸਾਰੇ ਆਪਣਾ ਅੰਮ੍ਰਿਤ ਛਕਾ ਰਹੇ ਹਨ, ਗੁਰੂ ਦਾ ਨਹੀਂ। ਇਹ ਸਾਧ ਪਵਿੱਤਰ ਅੰਮ੍ਰਿਤ ਦਾ ਮਖੌਲ ਉਡਾ ਰਹੇ ਹਨ। ਦੇਖੋ ਕਿਵੇਂ ?

ਇਕ ਸਾਡੇ ਨੇੜੇ ਸਾਧ ਹੈ ਉਹਨੇ ਘਰ ਘਰ ਜਾ ਕੇ ਧੱਕੇ ਨਾਲ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਇਹਦੇ ਚੇਲੇ ਇਕ ਪਿੰਡ ਕਿਸੇ ਦੇ ਘਰ ਜਾ ਕੇ ਇਕ ਬੰਦੇ ਨੂੰ ਕਹਿੰਦੇ ਨਾਮ ਲਿਖਾ ਅੰਮ੍ਰਿਤ ਛਕ ਲੈ। ਉਹਨੇ ਕਮੀਜ਼ ਚੁੱਕ ਕੇ ਆਪਣੇ ਡੱਬ ਵਿਚ ਤੁੰਨਿਆ ਸ਼ਰਾਬ ਦਾ ਪਊਆ ਦਿਖਾਇਆ ਕਿ ਔਹ ਦੇਖੋ ਮੈਂ ਅੰਮ੍ਰਿਤ ਨਾਲ ਹੀ ਲਈ ਫਿਰਦਾ ਹਾਂ, ਤੁਹਾਡੇ ਅੰਮ੍ਰਿਤ ਦੀ ਕੋਈ ਲੋੜ ਨਹੀਂ। ਇਕ ਹੋਰ ਥਾਂ 'ਤੇ ਜਾ ਕੇ ਇਕ ਬੰਦੇ ਨੂੰ ਕਹਿੰਦੇ ਅੰਮ੍ਰਿਤ ਛਕ ਲੈ, ਉਹ ਕਹਿੰਦਾ ਮੈਂ ਕੀ ਲੈਣਾ ਅੰਮ੍ਰਿਤ ਤੋਂ। ਤਾਂ ਸਾਧ ਦੇ ਚੇਲੇ ਕਹਿੰਦੇ ਔਹ ਜਿਹੜੀ ਭੈਣ ਹੈ ਉਹਦਾ ਨਾਮ ਲਿਖਾ ਦੇ ਅਸੀਂ ਉਹਨੂੰ ਅੰਮ੍ਰਿਤ ਛਕਾ ਦਿੰਦੇ ਹਾਂ। ਤਾਂ ਉਹ ਬੰਦਾ ਕਹਿੰਦਾ ਉਹਦਾ ਤਾਂ ਖਸਮ ਮੈਂ ਹਾਂ ਤੁਸੀਂ ਉਹਦੇ ਕੀ ਲੱਗਦੇ ਹੋ ?

ਸੋ ਕੋਈ ਦੱਸੇ ਇਹ ਸਾਧ ਅੰਮ੍ਰਿਤ ਛਕਾ ਰਹੇ ਹਨ ਕਿ ਅੰਮ੍ਰਿਤ ਦਾ ਮਖੌਲ ਉਡਾ ਰਹੇ ਹਨ। ਹੋਰ ਵੀ ਮੇਰੇ ਕੋਲ ਐਸੀਆਂ ਬਹੁਤ ਉਦਾਹਰਣਾਂ ਹਨ। ਪੁਸਤਕ ਦਾ ਆਕਾਰ ਵਧ ਰਿਹਾ ਹੈ ਸੰਖੇਪ ਕਰਦਾ ਜਾ ਰਿਹਾ ਹਾਂ।

ਅੱਗੇ ਲਿਖਦੇ ਹਨ ਕਿ ਸੰਤ ਵਰਿਆਮ ਸਿੰਘ ਨੇ ਇਸ ਅਸਥਾਨ ਦੀ ਇੱਟ ਇੱਟ ਆਪਣੇ ਹੱਥੀਂ ਲਗਾਈ। ਉਹ ਭਾਵੇਂ ਸਰੀਰ ਕਰਕੇ ਸਾਡੇ ਦਰਮਿਆਨ ਨਹੀਂ ਹਨ ਉਹ ਸੰਗਤਾਂ ਦੇ ਦਿਲਾਂ 'ਤੇ ਵੱਸੇ ਹੋਏ ਹਨ, ਮੈਂ ਵੀ ਇਸ ਅਸਥਾਨ ਦੀ ਧੂੜ ਲੈਣ ਆਇਆ ਹਾਂ। *ਨਿਰਵੈਰ ਖ਼ਾਲਸਾ, ਪੰਨਾ 61*

**ਵਿਚਾਰ**—ਇਹ ਸਾਧ ਸਟੇਜਾਂ 'ਤੇ ਇਕ ਦੂਜੇ ਦੀਆਂ ਹੱਦੋਂ ਵੱਧ ਸਿਫ਼ਤਾਂ ਗੁਰੂ ਦੀ ਹਜ਼ੂਰੀ ਵਿਚ ਹੀ ਬਿਨਾ ਕਿਸੇ ਭੈ ਤੋਂ ਅਕਸਰ ਕਰਦੇ ਦੇਖੇ, ਸੁਣੇ ਗਏ। ਇਹ ਸਾਧਾਂ ਦੀ ਚਰਨ ਧੂੜ ਅਤੇ ਜਿਥੇ ਸਾਧ ਮਰੇ ਹਨ ਉਹਨਾਂ ਅਸਥਾਨਾਂ ਦੀ ਚਰਨ ਧੂੜ ਹੀ ਲੋਚਦੇ ਰਹਿੰਦੇ ਹਨ। ਗੁਰਬਾਣੀ ਗੁਰੂ ਦੀ ਚਰਨ ਧੂੜੀ ਇਹਨਾਂ ਨੂੰ ਕਦੇ ਯਾਦ ਨਹੀਂ ਆਈ। ਜਿਨ੍ਹਾਂ ਸਿੱਖਾਂ ਨੇ ਅੰਦਰੋਂ "ਗੁਰੂ ਗ੍ਰੰਥ ਸਾਹਿਬ" ਜੀ 'ਤੇ ਪੂਰਨ ਭਰੋਸਾ ਕੀਤਾ ਹੈ। ਉਹ ਕਦੇ ਵੀ 'ਮਨਮੁਖ ਹੋਇ ਬੰਦੇ ਦਾ ਬੰਦਾ', ਨਹੀਂ ਹੁੰਦੇ।

ਅੱਗੇ ਇਸੇ ਨਿਰਵੈਰ ਖ਼ਾਲਸਾ ਮੈਗਜੀਨ ਵਿਚ ਇਹ ਫੋਟੋਆਂ ਹਨ ਜਿਥੇ ਸੰਤ ਰਣਜੀਤ ਸਿੰਘ ਲੜਕੀਆਂ ਦੇ ਵਿਆਹ ਕਰ ਰਹੇ ਹਨ।

*ਨਿਰਵੈਰ ਖ਼ਾਲਸਾ, ਪੰਨਾਂ 62*

**ਵਿਚਾਰ**—ਇਹ ਵੀ ਇਕ ਤਕੜਾ ਇਹਨਾਂ ਦਾ ਸਟੰਟ ਹੈ। ਦੇਸ਼ ਵਿਦੇਸ਼ ਵਿਚੋਂ ਇਹਨਾਂ ਕਾਰਜਾਂ ਵਾਸਤੇ ਮਾਇਆਂ ਚੰਗੀ ਇਕੱਠੀ ਹੋ ਜਾਂਦੀ ਹੈ। ਕਿਉਂਕਿ ਮਾਇਆ ਇਕੱਠੀ ਕਰਨ ਵਾਸਤੇ ਕੋਈ ਮੁੱਦੇ ਤਾਂ ਚਾਹੀਦੇ ਹੀ ਹਨ। ਇਹ ਵੀ ਇਹਨਾਂ ਨੇ ਮਾਇਆ ਦਾ ਵਪਾਰ ਬਣਾਇਆ ਹੋਇਆ ਹੈ। ਸਾਡੇ ਲਾਗੇ ਵੀ ਕਈਆਂ ਨੇ ਐਸੇ ਸਟੰਟ ਚਲਾ ਰੱਖੇ ਹਨ। ਇਹਨਾਂ ਗੱਲਾਂ (ਕੰਮਾਂ) ਤੋਂ ਕੋਈ ਬਹੁਤ ਪ੍ਰਭਾਵਤ ਹੋਣ ਦੀ ਲੋੜ ਨਹੀਂ ਹੈ। ਹੋਰ ਬਹੁਤ ਸਾਰੇ ਐਸੇ ਕਾਰਜ ਹਨ ਜਿਹੜੇ ਇਹਨਾਂ ਨੇ ਅਣਗੌਲੇ ਹੀ ਕੀਤੇ ਹੋਏ ਹਨ। ਹੋਰ ਵੀ ਕਈ ਕਿਸਮ ਦੇ ਵਪਾਰ ਇਹਨਾਂ ਬਣਾਏ ਹੋਏ ਹਨ। ਕੈਸਟਾਂ ਦਾ ਵਪਾਰ, ਫੋਟੋਆਂ ਵੇਚਣ ਦਾ ਵਪਾਰ, ਸੀਡੀਆਂ ਆਦਿ ਵੇਚਣ ਦਾ ਵਪਾਰ। ਇਹਨਾਂ ਦੇ ਡੇਰੇ ਕੇਵਲ ਇਹਨਾਂ ਦਾ ਸਮਾਨ ਹੀ ਵਿਕਦਾ ਹੈ ਹੋਰ ਕਿਸੇ ਦਾ ਨਹੀਂ, ਵੰਨ-ਸੁਵੰਨੇ ਚੇਲਿਆਂ ਦਾ ਵਪਾਰ, ਵੰਨ-ਸੁਵੰਨੀਆਂ ਕਾਰਾਂ ਗੱਡੀਆਂ ਦਾ ਵਪਾਰ। ਜਿਹੜੇ ਗੁਰੂ ਸੇਵਾ ਅਤੇ ਸਮਾਜ ਦੀ ਸੇਵਾ ਕਰਨ ਵਾਲੇ, ਘੱਟ ਰੇਟ ਵਾਲੀ ਗੱਡੀ ਤੇ ਸਫ਼ਰ ਕਰਕੇ ਵੀ ਸੇਵਾ ਕਰ ਸਕਦੇ ਹਨ, ਸਾਡੇ ਲਾਗੇ ਇਕ ਸਾਧ ਨੇ ਆਪਣੇ ਮੁੰਡੇ ਦਾ ਵਿਆਹ ਕੀਤਾ ਪਤਾ ਨਹੀਂ ਕਿੰਨੇ ਕਿੱਲੇ ਕਣਕ ਦੇ ਮਿੱਧ ਕੇ ਜੰਞ ਬਿਠਾਉਣੀ ਪਈ ਸੀ। ਲੱਖਾਂ ਰੁਪਏ ਸੋਨੇ ਚਾਂਦੀ ਦਾ ਵਪਾਰ ਉਥੇ ਕੀਤਾ ਗਿਆ। ਇਹ ਸਾਧ ਦੱਸਣਗੇ ਕਿ ਕੀ ਸੇਵਾ ਇਹ ਕਰ ਰਹੇ ਹਨ?

ਇਸ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਡੇਰੇ ਅਸੀਂ ਪਿੰਡ ਸਭਰਾ ਤੋਂ 2000 ਰੁਪਏ ਵਿਚ ਟਾਟਾ ਸੂਮੋ ਗੱਡੀ ਕਿਰਾਏ 'ਤੇ ਲੈ ਕੇ, ਇਕ ਦੰਭੀ ਪਾਖੰਡੀ ਨਕਲੀ ਗੁਰੂ ਜੋ ਕਿ ਗੁਰੂ ਅਤੇ ਸਿੱਖੀ ਦੀ ਬੇਅਦਬੀ ਕਰਨ ਵਾਲੇ ਤੋਂ ਸ਼ਰ੍ਹੇਆਮ ਦਿਨ ਦੀਵੀ ਬਦਲਾ ਲੈਣ ਵਾਲੇ ਇਕ ਅੰਮ੍ਰਿਤਧਾਰੀ ਸਿੰਘ ਦੇ ਮੁਕੱਦਮੇ ਅਤੇ ਪਰਿਵਾਰ ਦੀ ਮਦਦ ਵਾਸਤੇ ਗਏ ਤਾਂ ਇਹ ਸਾਧ ਬੀਬੀਆਂ ਅਤੇ ਬੰਦਿਆਂ ਤੋਂ ਮੱਥੇ ਟਿਕਾ ਕੇ ਅਸ਼ੀਰਵਾਦ ਦੇ ਰਿਹਾ ਸੀ ਅਤੇ ਟੋਕਰੀ ਵਿਚ ਪੈਸੇ ਪਵਾ ਰਿਹਾ

ਸੀ। ਅਸੀਂ ਮਿਲਣ ਵਾਸਤੇ ਸਮਾਂ ਮੰਗਿਆ। ਪਰ ਸੰਤ ਦੇ ਚੇਲੇ ਟਾਲ ਮਟੋਲ ਕਰਨ। ਅਸੀਂ ਕਿਹਾ ਕਿ ਬੜੀ ਦੂਰੋਂ ਖਰਚ ਕਰ ਕੇ ਆਏ ਹਾਂ ਅਸੀਂ ਪੰਥਕ ਕਾਰਜ ਵਾਸਤੇ ਸੰਤ ਨੂੰ ਮਿਲਣਾ ਹੈ ਪਰ ਕਹਿੰਦੇ ਮਿਲਣ ਦਾ ਟਾਈਮ ਹੀ ਨਹੀਂ। ਜਦ ਇਹ ਸਾਧ ਗੱਡੀ ਵਿਚ ਬਹਿਣ ਲੱਗਾ ਤਾਂ ਸਾਨੂੰ 2 ਮਿੰਟ ਗੱਲ ਕਰਨ ਵਾਸਤੇ ਮਿਲੇ। ਅਸੀਂ ਸਿੰਘ ਦੀ ਦਾਸਤਾਨ ਸੁਣਾਈ ਜੋ ਗੁਰੂ ਦੀ ਆਨ ਸ਼ਾਨ ਵਾਸਤੇ ਕੁਰਬਾਨੀ ਕਰਕੇ ਜੇਲ੍ਹ ਵਿਚ ਬੰਦ ਹੈ। ਪਰ ਸਾਧ ਨੇ ਕੋਈ ਧਿਆਨ ਨਾ ਦਿੱਤਾ। ਮੈਨੂੰ ਫੇਰ ਮਿਲਿਓ। ਫ਼ੋਨ 'ਤੇ ਗੱਲ ਕਰ ਲਿਉ। ਫਿਰ ਅਸੀਂ ਕੋਲੋਂ ਖਰਚੇ ਕਰਕੇ ਫ਼ੋਨ ਕੀਤੇ ਪਰ ਇਸ ਸਾਧ ਨੇ ਕੋਈ ਨਹੀਂ ਸੁਣੀ। ਕਿਸੇ ਸ਼੍ਰੋਮਣੀ ਕਮੇਟੀ ਦੇ ਬੰਦੇ ਨੇ, ਕਿਸੇ ਵੀ ਸਾਧ ਨੇ ਉਸ ਕੁਰਬਾਨੀ ਵਾਲੇ ਸਿੰਘ ਨਾਲ ਜੇਲ੍ਹ ਵਿਚ ਜਾ ਕੇ ਮੁਲਾਕਾਤ ਵੀ ਨਹੀਂ ਕੀਤੀ ਅਤੇ ਨਾ ਹੀ ਉਹਦੇ ਘਰ ਜਾ ਕੇ ਉਹਦੇ ਮਾਂ ਪਿਓ ਅਤੇ ਬੱਚਿਆਂ ਦੀ ਸੁਖ ਸਾਂਦ ਪੁੱਛੀ। ਇਹ ਸਾਡੇ ਨਾਲ ਗੱਲ ਤਾਂ ਕਰਨ ਅਸੀਂ ਇਹਨਾਂ ਨੂੰ ਸੰਗਤ ਦੇ ਸਾਹਮਣੇ ਪੁੱਛਾਂਗੇ ਕਿ ਇਹ ਕਿਹੜੀ ਸਿੱਖੀ ਦੀ ਸੇਵਾ ਕਰ ਰਹੇ ਹਨ, ਕਿਹੜੀ ਸਮਾਜ ਦੀ ਸੇਵਾ ਕਰ ਰਹੇ ਹਨ ? ਇਹਨਾਂ ਸਾਧਾਂ ਨੇ ਵੀ "ਧੰਨ ਗੁਰੂ ਗ੍ਰੰਥ ਸਾਹਿਬ ਜੀ" ਨੂੰ ਦੁਕਾਨਦਾਰੀ ਬਣਾਇਆ ਹੋਇਆ ਹੈ। ਇਹ ਜਦੋਂ ਸਟੇਜ 'ਤੇ ਹੁੰਦੇ ਹਨ ਤਾਂ ਗੱਲਾਂ ਕਰਦੇ ਅਸਮਾਨ ਨੂੰ ਟਾਕੀਆਂ ਲਾਉਂਦੇ ਹਨ। ਪਰ ਪਾਠਕ ਆਪ ਅੰਦਾਜ਼ਾ ਲਾਉਣ ਕਿ ਇਹਨਾਂ ਸਾਧਾਂ ਦਾ ਗੁਰੂ ਪ੍ਰਤਿ ਗੁਰੂ ਪੰਥ ਪ੍ਰਤਿ ਕੀ ਨਜ਼ਰੀਆ ਹੈ ?

ਬਹਾਦਰਗੜ੍ਹ ਇਕ ਵਾਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਜਾ ਰਿਹਾ ਸੀ। ਗੁਰੂ ਜੀ ਦੀ ਸਵਾਰੀ ਇਕ ਮੋੜ ਤੋਂ ਮੁੜੀ, ਉਸੇ ਵਕਤ ਢੱਡਰੀਆਂ ਵਾਲੇ ਸਾਧ ਦੀ ਗੱਡੀ ਪਹੁੰਚ ਗਈ। ਇਸਦੇ ਦੋ ਚੇਲੇ ਗੱਡੀ ਵਿਚੋਂ ਬਾਹਰ ਨਿਕਲ ਕੇ 'ਗੁਰੂ ਗ੍ਰੰਥ ਸਾਹਿਬ' ਨੂੰ ਮੱਥਾ ਟੇਕਣ ਸਤਿਕਾਰ ਕਰਨ ਵਾਸਤੇ ਉਤਰੇ ਪਰ ਇਹ ਢੱਡਰੀਆਂ ਵਾਲਾ ਗੱਡੀ ਵਿਚੋਂ ਨਹੀਂ ਉਤਰਿਆ। ਉਂਝ ਇਹ ਸਾਧ ਕਹਿੰਦੇ ਹਨ ਕਿ ਅਸੀਂ ਬੜਾ ਸਤਿਕਾਰ ਕਰਦੇ ਹਾਂ। ਇਸਦੇ ਇਕ ਚੇਲੇ ਨਾਲ ਗੱਲ ਹੋਈ ਕਿ ਕੀ ਸਤਿਕਾਰ ਕੀਤਾ ਇਸਨੇ ? ਤਾਂ ਉਹਨੇ ਉੱਤਰ ਦਿੱਤਾ ਕਿ ਜੇ ਸਾਡਾ ਬਾਬਾ ਗੱਡੀ ਵਿਚੋਂ ਉਤਰ ਆਉਂਦਾ ਤਾਂ ਲੋਕਾਂ ਨੇ ਉਸ ਨੂੰ ਮੱਥਾ ਟੇਕਣ ਲੱਗ ਪੈਣਾ ਸੀ, ਇਸ ਕਰਕੇ ਉਹ ਨਹੀਂ ਉਤਰਿਆ। ਇਹ ਕੇਹੀ ਦਲੀਲ ਹੈ ? ਕੀ ਇਹਦੇ ਪੈਰਾਂ ਨਾਲ ਚੁੰਬਕ ਪੱਥਰ ਲੱਗੇ ਹਨ ਕਿ ਇਹਦੇ ਵੱਲ ਹੋ ਜਾਣਾ ਸੀ ਲੋਕਾਂ ਨੇ ! ਜਿਨ੍ਹਾਂ ਦੇ ਅੰਦਰ ਕਦੇ ਵੀ ਮੱਥਾ ਟਿਕਾਉਣ ਦੀ ਭਾਵਨਾ ਪੈਦਾ ਨਹੀਂ ਹੋਈ, ਉਹਨੂੰ ਕੋਈ ਵੀ ਮੱਥਾ ਟੇਕਣ ਦੀ ਜੁਅਰਤ ਨਹੀਂ ਕਰ ਸਕਦਾ। ਇਹ ਬਾਬੇ ਕੇਵਲ ਮੱਥੇ ਟਿਕਾਉਣ ਵਾਸਤੇ ਹੀ ਹਨ।

# ਦੇਹਧਾਰੀ ਗੁਰੂ ਡੰਮ ਬਨਾਮ ਸੰਤ ਡੰਮ

## (ਦੋਹਾਂ ਦੇ ਇਕੋ ਕੰਮ)

| | |
|---|---|
| 1. ਗੁਰੂ, ਸਤਿਗੁਰੂ, ਮਹਾਰਾਜ, ਪਾਤਸ਼ਾਹ ਕਹਾਉਂਦੇ ਹਨ | 1. ਇਹ ਵੀ ਮਹਾਰਾਜ ਕਹਾਉਂਦੇ ਹਨ, ਪਾਤਸ਼ਾਹ ਕਹਾਉਂਦੇ ਹਨ। ਇਹਨਾ ਦੇ ਹਾਮੀ ਸਪੀਕਰਾਂ 'ਤੇ ਕਹਿ ਰਹੇ ਹਨ ਕਿ ਇਹ ਗੁਰੂ ਹਨ ਸਤਿਗੁਰੂ ਹਨ, ਮਹਾਰਾਜ ਹਨ |
| 2. ਵੰਨ-ਸੁਵੰਨੇ ਭੇਖ ਦਿਖਾਉਂਦੇ ਹਨ। | 2. ਇਹ ਵੀ ਵੰਨ-ਸੁਵੰਨੇ ਭੇਖ ਦਿਖਾਉਂਦੇ ਹਨ। |
| 3. ਗੱਦੀਆਂ ਲਾਉਂਦੇ ਹਨ। | 3. ਪਲੰਘੇ ਡਾਹ ਕੇ ਸਿਰਹਾਣੇ ਰੱਖ ਰੱਖ ਬੈਠਦੇ ਹਨ। |
| 4. ਮੱਥੇ ਟਿਕਾਉਂਦੇ ਹਨ। | 4. ਇਹ ਵੀ ਮੱਥੇ ਟਿਕਾਉਂਦੇ ਹਨ। |
| 5. ਧਰਮ ਨੂੰ ਦੁਕਾਨਦਾਰੀ ਬਣਾਇਆ ਹੈ। | 5. ਗੁਰੂ ਨੂੰ ਦੁਕਾਨਦਾਰੀ ਬਣਾਇਆ ਹੈ। |
| 6. ਥਾਪੜੇ, ਅਸ਼ੀਰਵਾਦ ਦਿੰਦੇ ਹਨ। | 6. ਇਹ ਵੀ ਥਾਪੜੇ ਅਸ਼ੀਰਵਾਦਾਂ ਦਿੰਦੇ ਹਨ। |
| 7. ਵੱਡੇ ਵੱਡੇ ਡੇਰੇ ਬਣਾਏ ਹੋਏ ਹਨ। | 7. ਇਹਨਾਂ ਵੀ ਵੱਡੇ ਵੱਡੇ ਡੇਰੇ ਬਣਾਏ ਹੋਏ ਹਨ। |
| 8. ਲੋਕਾਂ ਦਾ ਸ਼ੋਸ਼ਣ ਕਰਨ ਵਿਚ ਬੜੇ ਹੁਸ਼ਿਆਰ ਹਨ। | 8. ਇਹ ਵੀ ਬੜੇ ਹੁਸ਼ਿਆਰ ਹਨ ਇਸ ਕੰਮ ਵਿਚ। |
| 9. ਅੰਦਰੋਂ ਹੋਰ ਬਾਹਰੋਂ ਹੋਰ। | 9. ਇਹ ਵੀ ਅੰਦਰੋਂ ਹੋਰ ਬਾਹਰੋਂ ਹੋਰ। |
| 10. ਕਦੇ ਸਿੱਖਾਂ ਵਾਲਾ ਭੇਖ, ਕਦੇ ਮੁਸਲਮਾਨਾਂ ਵਾਲਾ, ਕਦੇ ਹਿੰਦੂਆਂ ਵਾਲਾ, ਕਦੇ ਕਿਸੇ ਵਾਲਾ। | 10. ਇਹ ਵੀ ਕਦੇ ਕਾਲੇ ਚੋਲੇ, ਕਦੇ ਲਾਲ ਚੋਲੇ, ਕਦੇ ਚਿੱਟੇ ਚੋਲੇ, ਕਦੇ ਤਾਰਾਂ ਵਾਲੀ ਪੱਗ ਕਦੇ ਗੋਲ ਕਦੇ ਕੋਈ। ਵੰਨ-ਸੁਵੰਨੇ ਪੋਜ਼ ਬਣਾ ਕੇ (ਕੱਲ ਜੰਮੀ ਭੂਤਨੀ ਸਿਵਿਆਂ 'ਚ ਅੱਧ) ਸਾਨੂੰ ਦਿਖਾਉਂਦੇ ਹਨ। |
| 11. ਇਹ 'ਗੁਰੂ ਗ੍ਰੰਥ ਸਾਹਿਬ' ਦੇ ਵੱਡੇ ਸ਼ਰੀਕ ਹਨ। | 11. ਇਹ 'ਗੁਰੂ ਗ੍ਰੰਥ ਸਾਹਿਬ' ਦੇ ਨਿੱਕੇ ਸ਼ਰੀਕ ਹਨ। |

| | |
|---|---|
| 12. ਇਹ ਪਾਸੇ ਬੈਠ ਕੇ ਦਾੜ੍ਹੀ ਖੋਂਹਦੇ ਹਨ। | 12. ਇਹ ਕੁੱਛੜ ਬੈਠ ਕੇ ਦਾੜ੍ਹੀ ਖੋਂਹਦੇ ਹਨ। |
| 13. ਇਹ ਬਾਹਰ ਦੇ ਦੁਸ਼ਮਣ ਹਨ। | 13. ਇਹ ਅੰਦਰ ਦੇ ਦੁਸ਼ਮਣ ਹਨ। (ਬੁੱਕਲ ਦੇ ਸੱਪ) |
| 14. ਦੂਰ ਬੈਠਾ ਦੁਸ਼ਮਣ ਜ਼ਿਆਦਾ ਨੁਕਸਾਨ ਨਹੀਂ ਕਰ ਸਕਦਾ। | 14. ਨੇੜੇ ਬੈਠਾ ਦੁਸ਼ਮਣ ਜ਼ਿਆਦਾ ਨੁਕਸਾਨ ਕਰ ਸਕਦਾ ਹੈ। ਇਹ ਸਾਧ ਬਹੁਤ ਨੁਕਸਾਨ ਕਰ ਰਹੇ ਹਨ। |
| 15. ਇਹ ਕਿਰਤੀ ਨਹੀਂ ਹਨ, ਵਿਹਲੜ ਹਨ। | 15. ਇਹ ਵੀ ਕਿਰਤੀ ਨਹੀਂ ਹਨ ਵਿਹਲੜ ਹਨ। |
| 16. ਇਹ ਵਲ ਛਲ ਕਰ ਕੈ ਖਾਂਵਦੇ। | 16. ਇਹ ਵੀ ਵਲ ਛਲ ਕਰ ਕੈ ਖਾਂਵਦੇ। |
| 17. ਇਹ ਸਮਾਜ ਵਿਚ ਵਹਿਮ ਭਰਮ ਫ਼ੈਲਾਉਂਦੇ ਹਨ। | 17. ਇਹ ਵੀ ਵਹਿਮ ਭਰਮ ਫੈਲਾਉਂਦੇ ਹਨ। |
| 18. ਆਪਣੇ ਆਪ ਨਾਲ ਜੋੜਦੇ ਹਨ। | 18. ਭੁਲੇਖਾ ਪਾ ਕੇ ਆਪਣੇ ਆਪ ਨਾਲ ਜੋੜਦੇ ਹਨ। |
| 19. ਤੱਤ ਸੱਚ ਗੁਰਮਤਿ ਤੋਂ ਕੋਹਾਂ ਦੂਰ ਹਨ। | 19. ਤੱਤ ਸੱਚ ਗੁਰਮਤਿ ਤੋਂ ਕੋਹਾਂ ਦੂਰ ਹਨ। |
| 20. ਵੰਨ-ਸੁਵੰਨੀਆਂ ਮਰਯਾਦਾ ਘੜਨ ਵਾਲੇ। | 20. ਇਹ ਵੀ ਵੰਨ-ਸੁਵੰਨੀਆਂ ਮਰਯਾਦਾ ਘੜਦੇ ਰਹਿੰਦੇ ਹਨ। |
| 21. ਆਪਣਾ ਗੁਰੂਪੁਣਾ ਚਮਕਾਉਣ ਵਾਸਤੇ ਸਾਰਾ ਜ਼ੋਰ ਲਾ ਰਹੇ ਹਨ। | 21. ਆਪਣਾ ਸੰਤਪੁਣਾ ਚਮਕਾਉਣ 'ਤੇ ਸਾਰਾ ਜ਼ੋਰ ਲਾ ਰਹੇ ਹਨ। ਇਹ ਵੀ ਗੁਰੂ ਬਣਨਾ ਚਾਹੁੰਦੇ ਹਨ। |
| 22. ਹੋਰ ਵੀ ਕਈ ਕੁਝ ਕਰਦੇ ਹਨ। ਜੋ ਅਖ਼ਬਾਰਾਂ ਵਿਚ ਵੀ ਆ ਜਾਂਦਾ ਹੈ। | 22. ਇਹਨਾਂ ਦਾ ਵੀ ਇਹੀ ਹਾਲ ਹੈ ਕਈ ਸੰਤ ਬਲਾਤਕਾਰਾਂ ਦੇ ਕੇਸਾਂ ਵਿਚ ਜੇਲ੍ਹ ਭੁਗਤ ਰਹੇ ਹਨ। ਕਈ ਹੋਰ ਜੇਲ੍ਹ ਜਾਣ ਦੀਆਂ ਤਿਆਰੀਆਂ ਕਰ ਰਹੇ ਹਨ। |
| 23. ਜਗਤ ਦਾ ਮਸੀਹਾ ਬਣਨਾ ਚਾਹੁੰਦੇ ਹਨ। | 23. ਇਹ ਵੀ ਜਗਤ ਦਾ ਮਸੀਹਾ ਬਣਨਾ ਚਾਹੁੰਦੇ ਹਨ। |

| | |
|---|---|
| 24. ਸੱਚ ਦੇ ਰਾਹ ਦੇ ਰੋੜੇ ਹਨ। | 24. ਇਹ ਵੀ ਸੱਚ ਦੇ ਰਾਹ ਦੇ ਰੋੜੇ ਹਨ। |
| 25. ਇਹਨਾਂ ਤੋਂ ਬਚਣ ਦੀ ਲੋੜ ਹੈ। | 25. ਇਹਨਾਂ ਤੋਂ ਬਚਣ ਦੀ ਲੋੜ ਹੈ। |
| 26. ਇਹਨਾਂ ਵਿਚੋਂ ਕਈਆਂ ਨੇ ਆਪਣੇ ਵੱਖਰੇ ਗ੍ਰੰਥ ਅਤੇ ਪੋਥੀਆਂ ਜੋ ਮਨਮੱਤ ਦਾ ਪ੍ਰਚਾਰ ਕਰ ਰਹੀਆਂ ਹਨ ਲਿਖੇ ਹਨ। | 26. ਇਹਨਾਂ ਵਿਚੋਂ ਕਈਆਂ ਨੇ ਵੱਖਰੇ ਗ੍ਰੰਥ (ਜਿਵੇਂ ਭਨਿਆਰੇ ਵਾਲੇ ਸਾਧ ਨੇ ਭਵਸਾਗਰ ਲਿਖਿਆ) ਜੇਠੂਵਾਲੀਏ ਸਾਧ ਨੇ ਵੱਖਰਾ ਗ੍ਰੰਥ ਲਿਖਿਆ ਅਤੇ ਕਈ ਸਾਧ ਪੋਥੀਆਂ ਅਤੇ ਮੈਗਜੀਨਾਂ ਰਾਹੀਂ ਮਨਮੱਤ ਦਾ ਪ੍ਰਚਾਰ, ਹਿੰਦੂ ਮੱਤ ਦਾ ਪ੍ਰਚਾਰ ਕਰ ਰਹੇ ਹਨ। |
| 27. ਲੋਕਾਂ ਨੂੰ ਮਾਨਸਿਕ ਰੋਗੀ ਬਣਾ ਰਹੇ ਹਨ। | 27. ਇਹ ਵੀ ਲੋਕਾਂ ਨੂੰ ਮਾਨਸਿਕ ਰੋਗੀ ਬਣਾ ਰਹੇ ਹਨ। |
| 28. ਇਹਨਾਂ ਦੇ ਘਰੇ ਅਵਤਾਰ ਹੀ ਜੰਮਦੇ ਹਨ। | 28. ਇਹਨਾਂ ਦੇ ਘਰੇ ਵੀ ਅਵਤਾਰ ਹੀ ਜੰਮਦੇ ਹਨ। |

## ਸੰਤ ਦਰਸ਼ਨ ਸਿੰਘ ਤਪੋਬਨ ਢੱਕੀ ਵਾਲਾ

ਇਸ ਸਾਧ ਨੇ ਲੁਧਿਆਣੇ ਜ਼ਿਲ੍ਹੇ ਵਿਚ ਮਕਸੂਦੜਾਂ ਵਿਖੇ ਡੇਰਾ ਬਣਾਇਆ। ਇਹ ਸਾਧ ਵੀ ਪੱਕਾ ਕਰਮਕਾਂਡੀ ਹੈ। ਇਹ ਵੀ ਗੁਰਮਤਿ ਦੇ ਉਲਟ ਸਿੱਧੀਆਂ ਧਾਰਨਾ ਦਾ ਕੀਰਤਨ ਕਰਦਾ ਹੈ। ਇਹਦਾ ਵੀ ਪਿੰਡ ਵਾਲਿਆਂ ਨਾਲ ਝਗੜਾ ਚੱਲਿਆਂ। ਹੈਲੀਕਪਟਰ ਵੀ ਇਹਨੇ ਆਪਣਾ ਹੀ ਰੱਖਿਆ ਹੋਇਆ ਸੀ। ਜਦੋਂ ਕਿਤੇ ਵੀ ਕੀਰਤਨ ਕਰਦਾ ਹੈ ਤਾਂ ਇਹਦੇ ਉਦਾਲੇ ਰਾਈਫ਼ਲਾਂ ਵਾਲੇ ਖੜ੍ਹੇ ਹੁੰਦੇ ਹਨ। ਗੁਰਮਤਿ ਦੇ ਉਲਟ ਅਖੰਡ ਪਾਠਾਂ ਦੀਆਂ ਲੜੀਆਂ ਵੀ ਇਹ ਚਲਾਉਂਦਾ ਹੈ। ਇਸ ਨੂੰ ਵੀ ਮੌਤ ਭੁੱਲੀ ਹੋਈ ਹੈ। ਇਹ ਅਜੇ ਵੀ ਆਪਣੇ ਜਨਮ ਦਿਹਾੜੇ ਮਨਾ ਰਿਹਾ ਹੈ। ਮਿਤੀ 15 ਮਈ 2004 ਨੂੰ ਵੀ ਇਸਨੇ ਆਪਣਾ ਜਨਮ ਦਿਨ ਮਨਾਇਆ ਸੀ। ਇਹਨਾਂ ਸਾਧਾਂ ਨੇ ਕਦੇ ਵੀ ਮਰਨ ਨੂੰ ਨਹੀਂ ਕਬੂਲਿਆ। ਇਹ ਜਨਮ ਦਿਨ ਹੀ ਮਨਾਉਂਦੇ ਰਹਿੰਦੇ ਹਨ। ਇਹ ਵੀ ਤਪ ਕਰਨ ਦੇ ਝੂਠੇ ਦਾਅਵੇ ਕਰਦਾ ਰਹਿੰਦਾ ਹੈ।

## ਸੰਤ ਬਲਵਿੰਦਰ ਸਿੰਘ ਕੁਰਾਲੀ

ਮੇਰੀ ਇਸ ਪੁਤਸਕ ਦਾ ਪਹਿਲਾ ਭਾਗ ਜਦੋਂ ਪਾਠਕਾਂ ਦੇ ਹੱਥਾਂ ਵਿਚ ਪਹੁੰਚਿਆ ਤਾਂ ਜਲਦੀ ਹੀ ਇਸ ਸਾਧ ਨੇ ਮੇਰੇ ਨਾਂਲ ਫੋਨ 'ਤੇ ਕੋਈ ਅੱਧਾ ਘੰਟਾ ਗੱਲ ਕੀਤੀ। ਮੈਂ ਪੁੱਛਿਆ ਕਿ ਤੁਸੀਂ ਕਿਤਾਬ ਪੜ੍ਹੀ ਹੈ ਕਿ ਨਹੀਂ ? ਇਹਨੇ ਕਿਹਾ ਨਹੀਂ ਮੈਂ ਅਜੇ ਨਹੀਂ ਪੜ੍ਹੀ, ਮੈਨੂੰ ਪੁਸਤਕ ਭੇਜੋ ਅਤੇ ਆਪਾਂ ਬੈਠ ਕੇ ਵੀ ਵਿਚਾਰਾਂ ਕਰਨੀਆਂ ਹਨ ਮੈਂ ਕਿਹਾ ਕਿ ਪਹਿਲਾਂ ਪੁਸਤਕ ਸਾਰੀ ਪੜ੍ਹੋ ਫਿਰ ਬੈਠ ਕੇ ਗੱਲ ਕਰਿਓ ਮੈਂ ਪੁਸਤਕ ਭਾਗ ਪਹਿਲਾ ਪਾਰਸਲ ਕਰ ਦਿੱਤੀ। ਉਹ ਪੁਸਤਕ ਪੜ੍ਹਨ ਤੋਂ ਬਾਅਦ ਇਸ ਸਾਧ ਦਾ ਅਜੇ ਤਕ ਨਾਂ ਮੈਨੂੰ ਕੋਈ ਫੋਨ ਅਤੇ ਨਾ ਕੋਈ ਬੈਠ ਕੇ ਵਿਚਾਰ ਕਰਨ ਦੀ ਗੱਲ। ਹੋ ਸਕਦਾ ਹੈ ਪੁਸਤਕ ਪੜ੍ਹ ਕੇ ਵਿਚਾਰ ਕਰਨ ਜੋਗਾ ਰਿਹਾ ਹੀ ਨਾ ਹੋਵੇ। ਆਲ ਇੰਡੀਆ ਸਿੱਖ ਸਟੂਡੈਂਟਸ ਦੇ ਪ੍ਰਧਾਨ ਕਰਨੈਲ ਸਿੰਘ, ਪੀਰ ਮੁਹੰਮਦ ਨੇ ਅਖ਼ਬਾਰ ਵਿਚ ਇਕ ਖ਼ਬਰ ਲਵਾਈ ਸੀ ਉਹ ਅਖ਼ਬਾਰ ਮੇਰੇ ਸਾਹਮਣੇ ਪਈ ਹੈ, ਲਿਖਿਆ ਹੈ ਕਿ ਇਸ ਸਾਧ ਨੇ ਬਾਬਾ ਮੋਤੀ ਸ਼ਾਹ ਦੀ ਮਜ਼ਾਰ 'ਤੇ ਲੱਗੇ ਮੇਲੇ ਦੌਰਾਨ ਕਬਰ ਤੇ ਹਰੀ ਚਾਦਰ ਚੜ੍ਹਾਈ ਅਤੇ ਲੰਗਰ ਲਾਇਆ। ਇਸ ਸਾਧ ਬਲਵਿੰਦਰ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਰਾਜ ਸਿੰਘ ਨੂੰ ਫੱਕਰ ਦੀ ਕਬਰ 'ਤੇ ਅਖੰਡ ਪਾਠ ਕਰਾਉਣ ਵਾਸਤੇ ਹੁਕਮ ਵੀ ਦਿੱਤਾ ਪਰ ਗ੍ਰੰਥੀ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਕਾਪੀ ਵਿਖਾਈ ਅਤੇ ਕਬਰ 'ਤੇ ਅਖੰਡ ਪਾਠ ਰੱਖਣ ਤੋਂ ਇਨਕਾਰ ਕਰ ਦਿੱਤਾ। ਫੈਡਰੇਸ਼ਨ ਆਗੂਆਂ ਨੇ ਇਸ ਸਾਧ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਦੀ ਮੰਗ ਵੀ ਕੀਤੀ ਸੀ।

ਇਹ ਸਾਧ ਇਹ ਵੀ ਕਹਿੰਦਾ ਕਿ ਸਾਨੂੰ ਕੱਚੀ ਬਾਣੀ ਪੜ੍ਹਦੇ ਕਹਿਣ ਵਾਲੇ ਗਲਤ ਹਨ। ਇਹ ਕਹਿੰਦਾ ਅਸੀਂ ਅੰਮ੍ਰਿਤ ਛਕਾਉਂਦੇ ਹਾਂ। ਪਰ ਕਿਹੋ ਜਿਹੇ ਅੰਮ੍ਰਿਤ ਛਕਾਉਂਦੇ ਹਨ ਕਿਵੇਂ ਅੰਮ੍ਰਿਤ ਦਾ ਮਖੌਲ ਉਡਾਉਂਦੇ ਹਨ ਇਸ ਬਾਰੇ ਪਿੱਛੇ ਖੁਲ੍ਹੀ ਵਿਚਾਰ ਲਿਖ ਆਇਆ ਹਾਂ।

## ਬਾਬਾ ਠਾਕੁਰ ਸਿੰਘ ਦਮਦਮੀ ਟਕਸਾਲ (ਮਹਿਤਾ)

ਬਹੁਤ ਜ਼ਿਆਦਾ ਸਮਾਂ ਟਕਸਾਲ ਨਾਲ ਸੰਬੰਧਤ ਰਹੇ ਵੱਡਿਆਂ ਸੰਤਾਂ ਨਾਲ ਵੀ ਰਹੇ, ਕਹਿੰਦੇ ਹਨ ਕਿ ਇਹਨਾਂ ਨੇ ਲੰਗਰ ਦੇ ਵਿਚ ਸੇਵਾ ਕਰਦਿਆਂ ਇਕ ਲੱਤ 'ਤੇ ਖੜ੍ਹੇ ਹੋ ਕੇ ਬੜੀ ਭਗਤੀ ਕੀਤੀ। ਸਮਾਂ ਲੰਘਦਾ ਗਿਆ ਟਕਸਾਲੀ ਸੰਤਾਂ ਦੀਆਂ ਦੇਹਧਾਰੀ ਗੁਰੂਆਂ ਨਾਲ ਵੀ ਕਾਫ਼ੀ ਮੁੱਠਭੇੜਾਂ ਹੁੰਦੀਆਂ ਰਹੀਆਂ ਕਾਨ੍ਹਪੁਰ, ਅੰਮ੍ਰਿਤਸਰ ਹੋਰ ਵੀ ਕਈ ਥਾਂਵਾਂ 'ਤੇ ਨਿਰੰਕਾਰੀਆਂ ਨਾਲ ਗੋਲੀਆਂ ਚੱਲੀਆਂ। ਉਸ ਵਕਤ ਸੰਤ ਜਰਨੈਲ ਸਿੰਘ ਹੋਰਾਂ ਨੇ ਸਿੱਖਾਂ ਦੇ ਗਲੋਂ ਗ਼ੁਲਾਮੀ ਲਾਹੁਣ ਵਾਸਤੇ ਮੋਰਚਾ ਲਾਇਆ ਹੋਇਆ ਸੀ। ਸਿਆਸੀ ਲੀਡਰ ਧੋਖਾ ਕਰ ਗਏ। ਉਹਨਾਂ ਸਿਆਸੀ ਲੀਡਰਾਂ ਨੇ ਦਰਬਾਰ ਸਾਹਿਬ ਉੱਤੇ ਹਮਲਾ ਕਰਵਾ ਦਿੱਤਾ। ਕਿਸੇ ਇਕ ਵੀ ਸਾਧ ਨੇ ਹਾਅ ਦਾ ਨਾਅਰਾ ਨਾ ਮਾਰਿਆ ਸਗੋਂ ਡੇਰੇਦਾਰ ਸਾਧ ਉਲਟੀਆਂ ਪੁਲਟੀਆਂ ਗੱਲਾਂ ਕਰਦੇ ਸੁਣੇ ਗਏ। ਕਿਸੇ ਇਕ ਵੀ ਸਾਧ ਦੀ ਸ਼ਕਤੀ ਨੇ ਕੱਖ ਨਾ ਸਵਾਰਿਆ। ਕਈ ਸਿੰਘਾਂ ਸਮੇਤ ਸੰਤ ਜਰਨੈਲ ਸਿੰਘ ਸੱਚ ਸ਼ਮ੍ਹਾ ਤੋਂ ਕੁਰਬਾਨ ਹੋ ਗਏ ਪਰ ਬਾਬਾ ਠਾਕੁਰ ਸਿੰਘ ਮਰਦੇ ਦਮ ਤਕ ਕਹਿੰਦੇ ਰਹੇ ਕਿ ਸੰਤ ਜਿੰਦਾ ਹਨ ਜਿਹੜਾ ਉਹਨਾਂ ਨੂੰ ਸ਼ਹੀਦ ਕਹੇਗਾ ਉਸਦੀ ਜ਼ੁਬਾਨ ਵਿਚ ਕੀੜੇ ਪੈ ਜਾਣਗੇ। ਜਿਹੜਾ ਵੀ ਸਿੰਘ ਉਹਨਾਂ ਦੀ ਸ਼ਹਾਦਤ ਦੀ ਗੱਲ ਕਰਦਾ ਰਿਹਾ ਇਹ ਟਕਸਾਲੀ ਬਾਬਾ ਉਹਨਾਂ ਨੂੰ ਬੇਇੱਜਤ ਕਰਦਾ ਰਿਹਾ ਹੈ। ਜੇ ਪੁੱਛਣਾ ਕਿ ਇਸ ਵਕਤ ਕਿੱਥੇ ਹਨ ? ਤਾਂ ਇਸ ਬਾਬੇ ਨੇ ਕਹਿਣਾ ਕਿ ਉਹ ਜਿੱਥੇ ਵੀ ਹਨ ਚੜ੍ਹਦੀ ਕਲਾ ਵਿਚ ਹਨ। ਕਿਸੇ ਨੂੰ ਕਹਿਣਾ ਕਿ ਸਵਾ ਲੱਖ ਪਾਠ ਚੌਪਈ ਸਾਹਿਬ ਦਾ ਕਰੋ ਤੁਹਾਨੂੰ ਸੰਤ ਜਰਨੈਲ ਸਿੰਘ ਆਪ ਦਰਸ਼ਨ ਦੇਣਗੇ। ਇਸ ਸਾਧ ਨੇ ਇਹ ਵੀ ਕਿਹਾ ਸੀ ਕਿ ਮੈਂ ਤੁਹਾਨੂੰ ਸੰਤ ਜਰਨੈਲ ਸਿੰਘ ਦੀ ਬਾਂਹ ਫੜਾ ਕੇ ਜਾਵਾਂਗਾ। ਇਕ ਥਾਂ ਡੇਰੋਲੀ ਵਿਖੇ ਲਗਾਤਾਰ ਅਖੰਡ ਪਾਠਾਂ ਦੀ ਲੜੀ ਚਲਾਈ ਜਾ ਰਹੇ ਹਨ ਕਿ ਇਸ ਲੜੀ ਦੇ ਭੋਗ ਸੰਤ ਜਰਨੈਲ ਸਿੰਘ ਦੇ ਆਉਣ 'ਤੇ ਪਾਏ ਜਾਣਗੇ। ਇਸ ਤਰ੍ਹਾਂ ਸਾਰੀ ਕੌਮ ਨੂੰ ਗੁਮਰਾਹ ਕਰ ਰਹੇ ਹਨ। ਇਕ ਵਾਰੀ ਮੈਂ ਮਹਿਤੇ ਬਰਸੀ 'ਤੇ ਗਿਆ। ਬੜੀ ਵੱਡੀ ਸਟੇਜ ਸੱਜੀ ਹੋਈ ਸੀ। "ਧੰਨ ਗੁਰੂ ਗ੍ਰੰਥ ਸਾਹਿਬ" ਜੀ ਦੇ ਪ੍ਰਕਾਸ਼ ਹੋਏ ਸਨ। ਗੁਰੂ ਜੀ ਦੀ ਹਜ਼ੂਰੀ ਵਿਚ ਗੁਰਬਾਣੀ ਦੇ ਕੀਰਤਨ ਹੋ ਰਹੇ ਸਨ। ਬਾਬਾ ਠਾਕੁਰ ਸਿੰਘ ਇਕ ਦਮ ਸਟੇਜ 'ਤੇ ਚੜ੍ਹ ਕੇ ਚਵਰ ਕਰਨ ਲੱਗ ਪਏ। ਗੁਰੂ ਉੱਪਰ

ਚਵਰ ਇਸ ਤਰੀਕੇ ਨਾਲ ਕਰ ਰਹੇ ਸਨ ਜਿਵੇਂ ਉਹਨਾਂ ਨੂੰ ਚਵਰ ਕਰਨ ਦਾ ਬਿਲਕੁਲ ਤਰੀਕਾ ਹੀ ਨਹੀਂ ਸੀ। ਇਕ ਪੱਠੇ ਵੱਢ ਬੰਦੇ ਵਾਂਗੂੰ ਚਵਰ ਕਰ ਰਹੇ ਸਨ ਜੋ ਵੇਖਣ ਨੂੰ ਵੀ ਬੜਾ ਬੁਰਾ ਲੱਗ ਰਿਹਾ ਸੀ। ਫਿਰ ਚਵਰ ਛੱਡ ਕੇ ਇਕ ਦਮ ਸਟੇਜ ਤੇ ਗੁਟਕਾ ਲੈ ਕੇ ਬੈਠ ਗਏ ਜਦੋਂ ਕਿ ਰਾਤ ਦੇ 11-12 ਵੱਜੇ ਹੋਏ ਸਨ। ਨਿੱਤਨੇਮ ਦਾ ਵੀ ਵਕਤ ਨਹੀਂ ਸੀ। ਉਹਨਾਂ ਵਾਸਤੇ ਗੁਰਬਾਣੀ ਦੇ ਹੋ ਰਹੇ ਕੀਰਤਨ ਦਾ ਕੋਈ ਮਤਲਬ ਨਹੀਂ ਸੀ ਜਦੋਂ ਕਿ ਦੂਜਿਆਂ ਨੂੰ ਸੰਗਤ ਕਰਨ ਦਾ ਉਪਦੇਸ਼ ਦਿੰਦੇ ਰਹੇ।

ਇਕ ਬਾਹਰਲੀ ਸਟੇਟ ਦੇ ਸਿੰਘ ਨੇ ਸਟੇਜ 'ਤੇ ਸਮਾਂ ਲੈ ਕੇ ਓਧਰ ਦੇ ਸਿੱਖਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਦਿਵਾਉਣਾ ਸ਼ੁਰੂ ਕੀਤਾ ਹੀ ਸੀ ਕਿ ਟਕਸਾਲੀਆਂ ਨੇ ਇਕ ਦਮ ਉਹਨੂੰ ਟੋਕ ਦਿੱਤਾ ਕਿ ਇਹ ਗੱਲਾਂ ਇਥੇ ਨਹੀਂ ਕਰਨੀਆਂ। ਉਹ ਸਿੰਘ ਕਹਿੰਦਾ ਕਿ ਜੇ ਸਿੱਖਾਂ ਦੀਆਂ ਮੁਸ਼ਕਲਾਂ ਇੰਨੀਆਂ ਵੱਡੀਆਂ ਸੰਪਰਦਾਈ ਟਕਸਾਲੀ ਸਟੇਜਾਂ 'ਤੇ ਸਾਂਝੀਆਂ ਨਹੀਂ ਕਰਨੀਆਂ ਤਾਂ ਹੋਰ ਕਿੱਥੇ ਕਰਾਂਗੇ ? ਜਿਹੜੇ ਕਹਿੰਦੇ ਕਿ ਟਕਸਾਲ ਦੀ ਕੁਰਬਾਨੀ ਬੜੀ ਹੈ। ਉਹ ਵਿਚਾਰ ਲੈਣ। ਜੇ ਕੋਈ ਕਿਸੇ ਨੂੰ ਚੰਗਾ ਰੋਟੀ ਪਾਣੀ ਛਕਾ ਕੇ ਮਗਰੋਂ ਕਹੇ ਕਿ ਇਹ ਲੈ ਥੋੜ੍ਹਾ ਜ਼ਹਿਰ ਵੀ ਖਾ ਲੈ ਤਾਂ ਕੀ ਕੁਰਬਾਨੀ ਹੈ ?

ਬਾਬਾ ਠਾਕੁਰ ਸਿੰਘ ਨੂੰ ਡੇਰੇ ਵਾਲੇ ਸਿੰਘਾਂ ਨੇ ਕਿਹਾ ਕਿ ਬਾਬਾ ਜੀ ! ਤੁਸੀਂ ਜ਼ਿਆਦਾ ਬਾਹਰਲੇ ਦੇਸ਼ਾਂ ਵਿਚ ਹੀ ਰਹਿੰਦੇ ਹੋ ਕਿਤੇ ਇਥੇ ਵੀ ਰਿਹਾ ਕਰੋ ਸੰਗਤਾਂ ਦੀ ਮੰਗ ਹੈ। ਅੱਗੋਂ ਠਾਕੁਰ ਸਿੰਘ ਕਹਿੰਦਾ ਹੈ ਕਿ ਬਾਹਰਲੇ ਦੇਸ਼ਾਂ ਵਿਚ ਤਾਂ ਡਾਕਟਰ ਬਹੁਤ ਸਿਆਣੇ ਹਨ। ਇੱਧਰ ਮੈਨੂੰ ਕੌਣ ਬਚਾਵੇਗਾ ? ਇਹ ਡਾਕਟਰ ਵੀ ਠੀਕ ਨਹੀਂ ਹਨ। ਇਥੋਂ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਇਹਨਾਂ ਨੂੰ ਗੁਰੂ 'ਤੇ ਕੀ ਭਰੋਸਾ ਹੈ। ਆਖ਼ਰ ਇਹ ਬਾਬਾ "ਪਹਿਲਾਂ ਮਰਣ ਕਬੂਲ" ਗੁਰ ਬਚਨ ਉੱਪਰ ਨਾਹ ਪਹਿਰਾ ਦਿੰਦਾ ਹੋਇਆ ਵੀ ਮਿਤੀ———ਨੂੰ ਸੰਸਾਰ ਤੋਂ ਕੂਚ ਕਰ ਗਿਆ। ਜੋਗੀਆਂ ਵਾਂਗ ਇਹ ਟਕਸਾਲੀ ਵੀ ਗ੍ਰਿਸਤ ਨੂੰ ਬਹੁਤ ਚੰਗਾ ਨਹੀਂ ਸਮਝਦੇ। ਬਿਹੰਗਮ (ਜੋ ਵਿਆਹ ਨਹੀਂ ਕਰਾਉਂਦੇ) ਉਹਨਾਂ ਨੂੰ ਪਹਿਲ ਦਿੰਦੇ ਹਨ। ਇਹਨਾਂ ਦਾ ਇਹ ਵੀ ਕਹਿਣਾ ਪ੍ਰਚਲਿਤ ਹੈ ਕਿ ਦਮਦਮੀ ਟਕਸਾਲ ਦਾ ਮੁਖੀ ਗ੍ਰਿਹਸਤ ਨਹੀਂ ਕਰ ਸਕਦਾ ਉਸ ਵਾਸਤੇ ਜਤੀ ਰਹਿਣਾ ਜ਼ਰੂਰੀ ਹੈ। ਇਥੋਂ ਇਹ ਵੀ ਸਿੱਧ ਹੁੰਦਾ ਹੈ ਕਿ ਗੁਰਬਾਣੀ ਦੇ ਕਥਾਕਾਰ ਟਕਸਾਲੀ ਅਜੇ ਤਕ ਜਤ ਦੇ ਅਰਥ ਵੀ ਨਹੀਂ ਜਾਣਦੇ।

ਬਾਹਰਲੇ ਦੇਸ਼ ਵਿਚ ਭਾਈ ਰਾਮ ਸਿੰਘ ਨੂੰ ਟਕਸਾਲ ਦੀ ਜਿੰਮੇਵਾਰੀ ਦੇਣਾ ਪਤਾ ਨਹੀਂ ਕਿ ਕੀ ਸਟੰਟ ਸੀ ਅਤੇ ਅਗਲੇ ਦਿਨ ਹੀ ਵਾਪਸ ਲੈ ਲਈ। ਵਿਵਾਦ ਅਖ਼ਬਾਰਾਂ ਵਿਚ ਆਇਆ ਭਾ. ਰਾਮ ਸਿੰਘ ਨੇ ਫੋਟੋਆਂ ਦਿਖਾਈਆਂ। ਮਹਿਤੇ ਵਾਲਿਆਂ ਨੇ ਫੋਟੋਆਂ ਨੂੰ ਗ਼ਲਤ ਆਖਿਆ, ਪੱਗ ਦਾ ਝਗੜਾ ਪੈ ਗਿਆ ਮਹਿਤੇ

ਵਾਲਿਆਂ ਵੱਲੋਂ ਮੁੱਖ ਉਮੀਦਵਾਰ ਤਿੰਨ ਸਨ—ਭਾਈ ਹਰਨਾਮ ਸਿੰਘ ਧੁੰਮਾ, ਭਾ. ਮੋਹਕਮ ਸਿੰਘ, ਭਾਈ ਜਸਵੀਰ ਸਿੰਘ ਰੋਡੇ। ਭਾਈ ਮੋਹਕਮ ਸਿੰਘ ਨੇ ਜਸਬੀਰ ਸਿੰਘ ਰੋਡੇ ਨੂੰ ਕਹਿ ਦਿੱਤਾ ਕਿ ਤੂੰ ਜਿਨੂੰ ਮਰਜੀ ਬਣਾ ਦੇ। ਹੁਣ ਭਾਈ ਜਸਬੀਰ ਸਿੰਘ ਤਾਂ ਪਾਸੇ ਕਰ ਦਿੱਤਾ ਗਿਆ ਕਿਉਂਕਿ ਉਹ ਆਪਣੇ ਆਪ ਨਹੀਂ ਸੀ ਕਹਿ ਸਕਦਾ ਕਿ ਮੈਂ ਬਣ ਜਾਂਦਾ ਹਾਂ। ਭਾ. ਮੋਹਕਮ ਸਿੰਘ ਉਂਞ ਗ੍ਰਿਹਸਤੀ ਸੀ, ਇਥੇ "ਜਤੀ ਸਦਾਵਹਿ...." ਚਾਹੀਦਾ ਸੀ ਸੋ ਭ. ਹਰਨਾਮ ਸਿੰਘ ਧੁੰਮਾ ਨੂੰ ਦੁਸਹਿਰੇ 'ਤੇ ਪੱਗ ਬੱਝ ਗਈ ਉਧਰ ਅਕਾਲੀ ਸ਼੍ਰੋਮਣੀ ਕਮੇਟੀ ਦੀ ਹਮਾਇਤ ਪ੍ਰਾਪਤ ਭਾ. ਰਾਮ ਸਿੰਘ ਵੀ ਜਿੱਤ ਗਿਆ ਉਹਨੂੰ ਵੀ ਇਕ ਨਵੇਂ ਹੀ ਡੇਰੇ ਲਿਜਾ ਕੇ ਪੱਗ ਬੰਨ੍ਹ ਦਿੱਤੀ। ਵਿਵਾਦ ਭਖਿਆ ਅਖ਼ਬਾਰਾਂ ਵਿਚ ਪੂਰੀ ਖਿੱਲ੍ਹੀ ਉੱਡੀ ਕਿ ਨਵਾਬੀਆਂ ਨੂੰ ਜੁੱਤੀ ਦੀ ਨੋਕ ਉੱਪਰ ਦੀ ਲੰਘਾ ਦੇਣ ਵਾਲੇ ਸਿੱਖ ਸੰਪਰਦਾਈ ਕਹਾਉਣ ਵਾਲੇ ਅੱਜ ਪੱਗਾਂ ਤੋਂ ਲੜ ਰਹੇ ਹਨ। ਇਹਨਾਂ ਸੰਪਰਦਾਵਾਂ ਨੇ ਸਿੱਖ ਕੌਮ ਨੂੰ ਕਦੇ ਵੀ ਤਰੱਕੀ ਵਾਲੇ ਪਾਸੇ ਆਉਣ ਹੀ ਨਹੀਂ ਦਿੱਤਾ। ਅਜੋਕੇ ਸਾਧਾਂ ਨੇ ਡਬਲ ਰੋਲ ਨਿਭਾਇਆ, ਦੋਹਰੀ ਨੀਤੀ 'ਤੇ ਚਲਦਿਆਂ ਇਹਨਾਂ ਸਾਧਾਂ ਨੇ ਪਹਿਲਾਂ ਮਹਿਤੇ ਪੱਗ ਬੰਨ੍ਹੀ ਫਿਰ ਸੰਗਰਾਏ (ਬਟਾਲਾ) ਜਾ ਕੇ ਰਾਮ ਸਿੰਘ ਨੂੰ ਵੀ ਬੰਨ੍ਹ ਦਿੱਤੀ। ਭਾ. ਗੁਰਦਾਸ ਜੀ ਦੇ ਕਥਨਾਂ ਮੁਤਾਬਿਕ ਜੇ ਕਿਤੇ ਅੱਗ ਲੱਗ ਜਾਵੇ ਤਾਂ ਪਾਣੀ ਨਾਲ ਬੁਝਾਈ ਜਾ ਸਕਦੀ ਹੈ ਪਰ ਜੇ ਪਾਣੀ ਨੂੰ ਹੀ ਅੱਗ ਲੱਗ ਜਾਵੇ ਤਾਂ ਕਿਸ ਨਾਲ ਬੁਝਾਵਾਂਗੇ। ਪਾਣੀ ਜ਼ਮੀਨ ਦੀ ਜਿੰਦਜਾਨ ਹੈ ਪਰ ਜਿਹੜੀ ਜ਼ਮੀਨ ਪਾਣੀ ਦੀ ਹੀ ਮਾਰੀ ਹੋਵੇ ਉਹਦਾ ਕੀ ਬਣੇਗਾ ? ਇਹਨਾਂ ਸੰਪਰਦਾਈਆਂ ਦੀ ਵੀ ਇਹੀ ਹਾਲਤ ਹੈ। ਜਿੱਥੇ ਜਿੱਥੇ ਵੀ ਇਹਨਾਂ ਦੇ ਡੇਰੇ ਹਨ ਇਹ ਸਾਰੇ ਹੀ ਪੱਗਾਂ ਬੰਨ੍ਹ ਕੇ ਮੁਖੀ ਹੋਣ ਦਾ ਦਾਅਵਾ ਕਰਨਗੇ। ਇਕ ਪ੍ਰਚਾਰਕ ਭਾਈ ਸੁਖਦੇਵ ਸਿੰਘ ਜੋ ਬਾਬਾ ਠਾਕੁਰ ਸਿੰਘ ਦਾ ਬਹੁਤ ਨਜ਼ਦੀਕੀ ਮੰਨਿਆ ਜਾਂਦਾ ਹੈ। ਉਹ ਟਕਸਾਲ ਦੇ ਸਮਾਗਮਾਂ ਦਾ ਪ੍ਰਬੰਧਕ ਹੈ। ਇਹ ਵੀਰ ਆਪਣੇ ਸਾਰੇ ਸਮਾਗਮਾਂ ਵਿਚ ਪੰਥ ਵਿਚ ਵੰਡੀਆਂ ਪਾਉਣ ਦੀ ਸੇਵਾ ਤਨਦੇਹੀ ਨਾਲ ਨਿਭਾ ਰਿਹਾ ਹੈ। ਪੰਥ ਪ੍ਰਵਾਨਤ 'ਸਿੱਖ ਰਹਿਤ ਮਰਯਾਦਾ ਨੂੰ ਇਹ ਸਦਾ ਹੀ ਭੰਡਦਾ ਨਿੰਦਦਾ ਰਹਿੰਦਾ ਹੈ, ਜਿਹੜੇ ਵੀਰ ਇਸ "ਸਿੱਖ ਰਹਿਤ ਮਰਯਾਦਾ" ਨੂੰ ਮੰਨਦੇ ਹਨ ਪਹਿਰਾ ਦਿੰਦੇ ਹਨ। ਇਹ ਉਹਨਾਂ ਨੂੰ ਬੇਇੱਜਤ ਕਰਨਾ ਆਪਣਾ ਪਰਮ ਧਰਮ ਸਮਝਦਾ ਹੈ। ਸਿੱਖ ਰਹਿਤ ਮਰਯਾਦਾ ਨੂੰ ਰੱਦ ਕਰਨ ਦੀ ਖ਼ਾਤਰ ਕਈ ਮਨਘੜਤ ਕੱਚੀਆਂ ਦਲੀਲਾਂ ਦਿੰਦਾ ਹੈ। ਮਿਸਾਲ ਵਜੋਂ, ਕੜਾਹ ਪ੍ਰਸ਼ਾਦ ਕਿਰਪਾਨ ਭੇਟ ਕਰਨ ਦੀ ਗੱਲ ਹੈ। ਇਹ ਕਹਿੰਦਾ ਹੈ ਕਿ ਟਕਸਾਲ ਮੰਨਦੀ ਹੈ ਕਿ "ਗੁਰੂ ਗ੍ਰੰਥ ਸਾਹਿਬ ਜੀ" ਦੇਹ ਸਰੂਪ ਹੋਣ ਕਰਕੇ ਕੜਾਹ ਪ੍ਰਸ਼ਾਦ ਛਕਦੇ ਹਨ। ਇਸ ਕਰਕੇ ਟਕਸਾਲੀ ਵੀਰ ਕਿਰਪਾਨ ਭੇਟ ਕਰਨ ਤੇ 'ਦਰ ਪ੍ਰਵਾਨ ਹੋਵੇ ਨਹੀਂ ਕਹਿੰਦੇ ਸਗੋਂ 'ਭੋਗ ਲਾਉਣਾ' ਕਹਿੰਦੇ

ਹਨ, ਕਹਿੰਦਾ ਇਕ ਵਾਰੀ ਸੰਤ ਸੁੰਦਰ ਸਿੰਘ ਭਿੰਡਰਾਂ ਵਾਲੇ ਜੀ ਨੇ ਪੰਜ ਕਿਲੋ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ। ਫਿਰ ਆਪ ਅਰਦਾਸ ਕੀਤੀ। ਫਿਰ 'ਭੋਗ ਲਾਉ' ਵਾਲੀਆਂ ਪੰਗਤੀਆਂ ਪੜ੍ਹੀਆ ਫਿਰ ਸੰਗਤਾਂ ਨੂੰ ਕਿਹਾ ਹੁਣ ਤੋਲੋ। ਜਦੋਂ ਪ੍ਰਸ਼ਾਦ ਤੋਲਿਆ ਤਾਂ 250 ਗ੍ਰਾਮ (ਪਾਈਆ) ਪ੍ਰਸ਼ਾਦ ਘੱਟ ਨਿਕਲਿਆ। ਇਸ ਤੋਂ ਸਿੱਧ ਹੁੰਦਾ ਹੈ ਕਿ "ਗੁਰੂ ਗ੍ਰੰਥ ਸਾਹਿਬ ਜੀ" ਪ੍ਰਸ਼ਾਦ ਛਕਦੇ ਹਨ। ਇਹ ਦਲੀਲਾਂ ਹਨ ਇਹਨਾਂ ਟਕਸਾਲੀਆਂ ਦੀਆਂ (ਇਸ ਬਾਰੇ ਖੁੱਲ੍ਹੀ ਵਿਚਾਰ) ਪੁਸਤਕ ਦੇ ਪਹਿਲੇ ਭਾਗ ਵਿਚ ਕਰ ਆਇਆ ਹਾਂ।

ਬਾਬਾ ਠਾਕੁਰ ਸਿੰਘ ਜੋ ਭਾਈ ਤਰਦੀਪ ਸਿੰਘ, ਭਾਈ ਮਨਬੀਰ ਸਿੰਘ ਅਤੇ ਭਾਈ ਧੰਨਾ ਸਿੰਘ ਦੀ ਬੋਲੀ ਵਿਚ ਇਕ 'ਬ੍ਰਹਮ ਗਿਆਨੀ' (ਪਰ ਨਵੇਂ ਯੁਗ ਦੇ) ਕਹੇ ਜਾ ਸਕਦੇ ਹਨ ਜਿਨ੍ਹਾਂ ਨੇ ਸੰਤ ਭਿੰਡਰਾਂ ਵਾਲਿਆਂ ਦੀ ਸਰਕਾਰ ਨਾਲ ਟੱਕਰ ਲੈਣ ਦੀ ਪਹੁੰਚ ਵਿਚ ਹਰ ਸਮੇਂ ਵਿਰੋਧਤਾ ਕੀਤੀ ਅਤੇ 'ਨੀਲੇ ਤਾਰੇ' ਪਿੱਛੋਂ ਗੁ. ਗੁਰਦਰਸ਼ਨ ਪ੍ਰਕਾਸ਼ ਵਿਖੇ ਸੰਮੇਲਨ ਕਰਨ ਵਿਚ ਵੀ ਰੋੜੇ ਅਟਕਾਏ। ਸਰਬੱਤ ਖ਼ਾਲਸਾ ਦੀ ਵਿਰੋਧਤਾ ਕੀਤੀ, ਨਾਨਕਸ਼ਾਹੀ ਕੈਲੰਡਰ ਦੀ ਵਿਰੋਧਤਾ ਕੀਤੀ ਹੁਣ ਵੀ ਟਕਸਾਲੀ ਪ੍ਰਚਾਰਕ ਜਿੱਥੇ ਬੋਲਦੇ ਹਨ ਨਾਨਕਸ਼ਾਹੀ ਕੈਲੰਡਰ ਦੀ ਵਿਰੋਧਤਾ ਕਰਦੇ ਹਨ ਕਿਉਂਕਿ ਇਹ ਟਕਸਾਲੀ, ਇਸਾਈ, ਹਿੰਦੂ ਕੈਲੰਡਰ ਦੇ ਹਾਮੀ ਹਨ ਪਰ ਸਿੱਖਾਂ ਦੇ ਕੈਲੰਡਰ ਦੇ ਕੱਟੜ ਵਿਰੋਧੀ। ਇਹਨਾਂ ਨੂੰ ਐਸੇ ਵਿਰੋਧ ਕਰਨ ਦੇ ਸੰਬੰਧ ਵਿਚ ਕਦੇ ਕਿਸੇ ਸ਼੍ਰੋਮਣੀ ਕਮੇਟੀ ਪ੍ਰਧਾਨ ਜਾਂ ਜਥੇਦਾਰ ਨੇ ਅਕਾਲ ਤਖ਼ਤ 'ਤੇ ਤਲਬ ਨਹੀਂ ਕੀਤਾ ਕਦੇ ਕਿਸੇ ਦੀ ਪੇਸ਼ੀ ਨਹੀਂ ਮੰਗੀ। ਜਿਸ ਕਰਕੇ ਹੀ ਮੁਆਮਲਾ ਸ਼ੱਕੀ ਜਾਪਦਾ ਹੈ।

## ਸੰਤ ਬਾਬਾ ਹਰਨਾਮ ਸਿੰਘ ਧੁੰਮਾ (ਟਕਸਾਲ)

ਇਹਨਾਂ ਨੂੰ ਮਹਿਤੇ ਪੱਗ ਬੱਝੀ ਹੈ। ਇਹ ਬਿਹੰਗਮ ਹਨ। ਜੋਗੀਆਂ ਵਾਲੇ ਜਪ, ਤਪ, ਚਾਲੀਸ਼ੇ, ਭੋਰਿਆਂ ਵਿਚ ਬੈਠ ਕੇ ਕਰ ਰਹੇ ਹਨ। ਥੋੜ੍ਹੇ ਦਿਨ ਹੋਏ ਕੰਗਾਂ ਵਾਲੇ ਸਿੰਘ ਇਹਨਾਂ ਨੂੰ ਮਿਲਣ ਗਏ। ਸਿੰਘਾਂ ਨੇ ਕਿਹਾ ਕਿ ਆਸ਼ੂਤੋਸ਼ ਨੂਰਮਹਿਲੀਆ ਅਤੇ ਹੋਰ ਦੇਹਧਾਰੀ ਸਿਰ ਤੇ ਚੜ੍ਹਦੇ ਆ ਰਹੇ ਹਨ। ਕੀ ਕੁਝ ਬਣਦਾ ਜਾ ਰਿਹਾ ਹੈ, ਇਨ੍ਹਾਂ ਹਾਲਾਤਾਂ ਵਿਚ ਆਪਣੇ ਕੀ ਫ਼ਰਜ਼ ਬਣਦੇ ਹਨ ? ਇਹਨਾਂ ਸੰਤਾਂ ਨੇ ਅੱਗੋਂ ਜਵਾਬ ਦਿੱਤਾ ਕਿ ਅਸੀਂ ਜਪ ਤਪ ਸਮਾਗਮ ਕਰ ਰਹੇ ਹਾਂ, 40 ਦਿਨ ਚਾਲੀਸਾ ਕੱਟਣਾ ਹੈ, ਕਿਸੇ ਨਾਲ ਬੋਲਣਾ ਵੀ ਨਹੀਂ ਹੈ। ਮੌਨ ਧਾਰਨਾ ਹੈ। ਸਿੱਖ ਸੰਗਤਾਂ ਅੰਦਾਜ਼ਾ ਲਾਉਣ ਕਿ ਜ਼ਿੰਮੇਵਾਰ ਕੌਣ ?

ਹੁਸ਼ਿਆਰਪੁਰ ਲਾਗੇ ਇਕ ਡੇਰ ਹੈ, ਉਥੇ ਵੀ ਸਾਧ, ਜੋਗੀਆਂ ਵਾਲੇ ਚਾਲੀਸੇ ਕੱਟ ਰਹੇ ਹਨ। ਕਮਰੇ ਬਣੇ ਹੋਏ ਹਨ। ਹਰ ਕਮਰੇ ਵਿਚ ਇਕ ਇਕ ਮੋਰੀ ਰੱਖੀ

ਹੋਈ ਹੈ ਜਿਸ ਵਿਚਦੀ ਰੋਟੀ ਵਾਲੀ ਥਾਲੀ ਲੰਘ ਜਾਵੇ। ਅੰਦਰੇ ਹੀ ਲੈਟਰੀਨਾਂ ਬਣੀਆਂ ਹੋਈਆਂ ਹਨ। ਜੇ ਕੋਈ ਬਿਮਾਰ ਹੋ ਜਾਵੇ ਤਾਂ ਉਹ ਮੂੰਹੋਂ ਕੁਝ ਨਹੀਂ ਬੋਲ ਸਕਦਾ। ਉਹ ਚਿੱਟ ਲਿਖ ਕੇ ਮੋਰੀ ਥਾਣੀਂ ਬਾਹਰ ਭੇਜਦਾ ਹੈ। ਗੱਡੀ ਆਉਂਦੀ ਹੈ, ਫਿਰ ਉਸਦਾ ਇਲਾਜ ਹੁੰਦਾ ਹੈ। ਦੱਸੋ ਇਹ ਕਿਹੜੀ ਸਿੱਖੀ ਹੈ ?

## ਬਾਬਾ ਸਰਬਜੋਤ ਸਿੰਘ ਬੇਦੀ

ਇਹ ਵੀ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੀ ਕੁੱਲ ਵਿਚੋਂ ਦੱਸਦੇ ਹਨ। ਇਹ ਸੰਤ ਸਮਾਜ ਦੇ ਪ੍ਰਧਾਨ ਵੀ ਦੱਸੇ ਜਾਂਦੇ ਹਨ। ਇਕ ਰਾਤ ਇਕ ਸਿੰਘ ਰਣਜੀਤ ਸਿੰਘ ਸੁਧਾਰਪੁਰ (ਪਟਿਆਲਾ) ਦੇ ਰਹਿਣ ਵਾਲੇ ਇਹਨਾਂ ਦੇ ਡੇਰੇ ਜੋ ਊਨਾ (H.P.) ਵਿਚ ਹੈ ਉਥੇ ਰਾਤ ਠਹਿਰਨ ਦਾ ਮੌਕਾ ਬਣਿਆ। ਇਹ ਵੀ ਸੋਚਿਆ ਕਿ ਪੰਥ ਦੀ ਮਹਾਨ ਸ਼ਖ਼ਸੀਅਤ ਨਾਲ ਮੇਲ ਹੋਵੇਗਾ। ਪੰਥ ਬਾਰੇ ਬਚਨ ਬਿਲਾਸ ਹੋਣਗੇ। ਪਰ ਉੱਥੇ ਕੁਝ ਹੋ ਰਿਹਾ ਸੀ ਉਸਨੂੰ ਦੇਖ ਕੇ ਮਨ ਕੁਰਲਾ ਉੱਠਿਆ। ਡੇਰੇ ਵਿਚ ਪੰਥਕ ਮਰਯਾਦਾ ਨੂੰ ਰੋਲਿਆ ਜਾ ਰਿਹਾ ਸੀ। ਕੋਈ 7 ਕੁ ਵਜੇ ਬਾਬਾ ਜੀ ਦੇ ਚੇਲੇ ਮੂੰਹ ਵਿਚ ਬੁਰਸ਼ ਪਾਈ ਆਉਂਦੇ ਤੁਰੇ ਵੇਖੇ। ਸਾਢੇ 7 ਇਸ਼ਨਾਨ ਕਰਕੇ ਉਹਨਾਂ ਨਾਸ਼ਤਾ ਕੀਤਾ। ਕੋਈ ਨੇਮ ਨਾ ਕੋਈ ਨਿੱਤਨੇਮ। ਕੁਝ ਹੋਰ ਸੱਜਣਾਂ ਨੇ 2 ਕੁ ਸ਼ਬਦਾਂ ਦਾ ਕੀਰਤਨ ਕੀਤਾ ਅਤੇ ਅਰਦਾਸ ਕਰਨ ਲੱਗ ਪਏ। ਅਰਦਾਸ ਵੀ ਨਵੇਂ ਤਰੀਕੇ ਦੀ। ਦਸ ਗੁਰੂ ਸਾਹਿਬਾਨ ਤੋਂ ਬਾਅਦ ਬਾਬਾ ਸ੍ਰੀ ਚੰਦ ਅਤੇ ਬਾਬਾ ਗੁਰਦਿੱਤਾ ਦਾ ਨਾਮ ਲਿਆ ਗਿਆ ਜਿਵੇਂ ਅਰਦਾਸ ਅਕਾਲ ਪੁਰਖ ਅੱਗੇ ਨਹੀਂ ਸਗੋਂ ਸ੍ਰੀ ਚੰਦ ਅੱਗੇ ਹੋ ਰਹੀ ਹੋਵੇ। ਜਿੱਥੇ ਅਰਦਾਸ ਵਿਚ ਆਉਂਦਾ ਹੈ 'ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ...ਵਾਹਿਗੁਰੂ। ਉਥੇ ਧੰਨ ਧੰਨ ਬਾਬਾ ਸ੍ਰੀ ਚੰਦ ਜੀ। ਬਾਬਾ ਗੁਰਦਿੱਤਾ ਜੀ ਆਪ ਦੇ ਹਜ਼ੂਰ ਅਰਦਾਸਿ ਹੈ ਬੋਲਿਆ ਗਿਆ। ਮਨ ਬਹੁਤ ਉਦਾਸ ਹੋਇਆ ਸੋਚਿਆ ਕਿ ਚਲੋ ਬੇਦੀ ਸਾਹਿਬ ਨਾਲ ਵਿਚਾਰ ਕਰਾਂਗਾ ਪੁੱਛਿਆ ਕਦੋਂ ਆਉਣਗੇ ? ਉੱਤਰ ਮਿਲਿਆ ਕਿ ਬਾਬਾ ਜੀ 10 ਕੁ ਵਜੇ ਦਰਸ਼ਨ ਦੇਣ ਆਉਣਗੇ। ਮਨ ਵਿਚ ਸੋਚਿਆ ਕਿ ਸਿੱਖ ਤਾਂ ਗੁਰੂ ਦੇ ਦਰਸ਼ਨ ਕਰਨ ਆਉਂਦਾ ਹੈ ਪਰ ਬੇਦੀ ਜੀ ਕੈਸੇ ਸਿੱਖ ਹਨ, ਜੋ ਦਰਸ਼ਨ ਦੇਣ ਆ ਰਹੇ ਹਨ। ਕੀ ਇਹ ਅਕਾਲ ਤਖ਼ਤ ਦੀ ਮਰਯਾਦਾ ਹੈ ? ਇਹੋ ਜਿਹੇ ਬਾਬੇ ਕਿੰਨੀ ਕੁ ਦੇਰ ਤਕ ਪੰਥ ਨੂੰ ਮੂਰਖ ਬਣਾਉਂਦੇ ਰਹਿਣਗੇ ? ਕਦੋਂ ਸਿੱਖ ਕੌਮ ਨੂੰ ਇਹਨਾਂ ਦੀ ਪਹਿਚਾਣ ਆਵੇਗੀ ? ਕਦੋਂ ਪੰਥ ਇਹਨਾਂ ਦੇ ਚੁੰਗਲ ਵਿਚੋਂ ਆਜ਼ਾਦ ਹੋਵੇਗਾ ?

## ਸੰਤ ਮਾਨ ਸਿੰਘ ਪਹੇਵਾ ਵਾਲਾ

ਇਸ ਸਾਧ ਬਾਰੇ ਪਹਿਲਾਂ ਵੀ ਕਾਫ਼ੀ ਕੁਝ ਪੁਸਤਕ ਦੇ ਪਹਿਲੇ ਭਾਗ ਵਿਚ ਲਿਖਿਆ ਗਿਆ ਹੈ। ਸਿੱਧੀਆਂ ਧਾਰਨਾ ਦਾ ਕੀਰਤਨ ਕਰਦਾ ਹੈ ਜੋ ਗੁਰਮਤਿ

ਵਿਚ ਪ੍ਰਵਾਨ ਨਹੀਂ। ਪ੍ਰਚਾਰ ਕਰਦਾ ਕਰਦਾ ਬਹੁਤ ਲਾਲ ਪੀਲਾ ਹੋ ਜਾਂਦਾ ਹੈ। ਸਿੱਖ ਰਹਿਤ ਮਰਯਾਦਾ ਦੀਆਂ ਧੱਜੀਆਂ, ਕੱਚੀਆਂ ਪਿੱਲੀਆਂ, ਬਿੱਲੀਆਂ ਕੁੱਤਿਆਂ ਵਾਲੀਆਂ ਉਦਾਹਰਣਾਂ ਦੇ ਕੇ, ਉਡਾਉਂਦਾ ਹੈ। ਅੰਮ੍ਰਿਤ ਨੂੰ ਵੀ ਇਸਨੇ ਮਖੌਲ ਬਣਾਇਆ ਹੋਇਆ ਹੈ। ਗਲਤ ਉਚਾਰਨ ਕਰਨਾ ਇਸਦੀ ਆਦਤ ਬਣ ਚੁੱਕੀ ਹੈ। ਯੂ.ਕੇ. ਵਿਚ ਹੋਏ ਇਸਦੇ ਦੀਵਾਨ ਦੀ ਇਸ ਰਿਪੋਰਟ ਮੈਗਜ਼ੀਨ ਵਿਚ ਛਪੀ ਸੀ। "ਮਾਧੋ ਹਮ ਅਈਸੇ ਤੂੰ ਅਈਸਾ" ਪੜ੍ਹਿਆ। "ਜੇ ਰਤ ਡਿਗੇ ਕਪੜੇ" ਆਦਿ ਹੋਰ ਵੀ ਤੁਕਾਂ ਗਲਤ ਬੋਲੀਆਂ। ਸੈਕਟਰੀ ਨੇ ਲਾਗੋਂ ਬੋਲ ਕੇ ਇਕ ਤੁਕ ਠੀਕ ਕਰਵਾਈ ਤਾਂ ਪੂਰੇ ਗੁੱਸੇ ਵਿਚ ਬੋਲਿਆ "ਕੋਈ ਪ੍ਰਵਾਹ ਨਹੀਂ ਐਸਾ ਹੋ ਹੀ ਜਾਂਦਾ ਹੈ।

ਇਕ ਥਾਂ 'ਤੇ ਇਸ ਸਾਧ ਨੂੰ ਪੀਣ ਵਾਸਤੇ ਦੁੱਧ ਫੜਾਉਣ ਲੱਗਿਆਂ ਦੁੱਧ ਇਸ 'ਤੇ ਡੁਲ੍ਹ ਗਿਆ। ਇਸਨੇ ਗੁੱਸੇ ਵਿਚ ਆਖਿਆ ਕਿ ਮੈਂ ਪਸ਼ੂ ਹਾਂ ਮੇਰੇ ਉੱਪਰ ਦੁੱਧ ਪਾ ਦਿੱਤਾ ਹੈ। ਇਹ ਸਾਧ ਇਹ ਵੀ ਕਹਿੰਦਾ ਹੈ ਕਿ ਜਿਹੜੇ ਕਹਿੰਦੇ ਪੰਜਾਂ ਪਿਆਰਿਆਂ ਵਿਚ ਬੀਬੀਆਂ ਨੂੰ ਵੀ ਲਾ ਲੈਣਾ ਚਾਹੀਦਾ ਹੈ ਉਹਨਾਂ ਕਦੇ ਸੋਚਿਆ ਕਿ ਜਦੋਂ ਅੰਮ੍ਰਿਤ ਛਕਾਉਣ ਵੇਲੇ ਬੀਬੀਆਂ ਨਾਲ ਗੋਡਾ ਖਹਿ ਗਿਆ ਤਾਂ ਕੀ ਬਣੇਗਾ ? ਹੋਰ ਤਾਂ ਕੋਈ ਭਾਵੇਂ ਮਹਿਸੂਸ ਨਾ ਕਰੇ ਮੈਂ ਤਾਂ ਨਹੀਂ ਰਹਿ ਸਕਦਾ।

ਇਕ ਮੈਗਜ਼ੀਨ ਵਿਚ ਵੀ ਆਇਆ ਸੀ ਕਿ ਇਹ ਪਹੇਵਾ ਵਾਲਾ ਸ਼੍ਰੋਮਣੀ ਸੰਤ ਨਹੀਂ ਹੈ। ਸ਼੍ਰੋਮਣੀ ਬਦਮਾਸ਼ ਹੈ। ਅਖ਼ਬਾਰ ਵਿਚ ਵੀ ਆਇਆ ਸੀ ਕਿ ਇਸ ਨੇ ਕਿਸੇ ਆਪਣੇ ਹੀ ਸੇਵਕ ਦੀ ਜਾਇਦਾਦ ਹੜੱਪ ਲਈ ਹੈ। ਮੁਕੱਦਮਾ ਵੀ ਚੱਲਦਾ ਹੈ। ਹੋਰ ਵੀ ਕਈ ਵਿਵਾਦਾਂ ਵਿਚ ਘਿਰਿਆ ਹੋਇਆ ਇਹ ਸਾਧ। ਇਸ ਦੇ ਚੇਲਿਆਂ ਦਾ ਕਹਿਣਾ ਹੈ ਕਿ ਸੰਨ 1990 ਵਿਚ ਇਸ ਬਾਬੇ ਕੋਲ ਇਕ ਟੁੱਟੀ ਫੀਅਟ ਕਾਰ ਸੀ ਪਰ ਅੱਜ...। 350 ਏਕੜਾਂ 'ਚ ਫਾਰਮ, 15-20 ਏਕੜਾਂ ਵਿਚ ਅਕੈਡਮੀ, 15-20 ਏਕੜਾਂ 'ਚ ਫੈਲਿਆ ਡੇਰਾ, 2600-2700 ਵਿਦਿਆਰਥੀ ਜਿਨ੍ਹਾਂ ਤੋਂ 2000 ਰੁਪਏ ਫੀਸ ਲਈ ਜਾਂਦੀ ਹੈ ਜਿਸ ਤੋਂ ਬਾਬੇ ਨੂੰ 50-60 ਲੱਖ ਸਾਲ ਦੀ ਆਮਦਨ ਹੈ। ਇਸਦੇ ਗੜਵਈ ਦਾ ਕਹਿਣਾ ਹੈ ਕਿ ਇਸੇ ਤਰ੍ਹਾਂ ਰੋਪੜ ਦੇ ਡੇਰੇ ਵਿਚ ਇਕ ਹੋਰ ਮਾਸੂਮ ਲੜਕੀ, ਜੋ ਗਰੀਬ ਘਰ ਨਾਲ ਸੰਬੰਧਤ ਸੀ ਇਸ ਨਾਲ ਬਾਬੇ ਨੇ ਜਬਰਦਸਤੀ ਕੀਤੀ। 22-23 ਸਾਲ ਦੀ ਇਹ ਲੜਕੀ ਜਿਸਨੂੰ ਬਾਬੇ ਨੇ ਵਿਹਾਉਣ ਯੋਗ ਨਹੀਂ ਰਹਿਣ ਦਿੱਤਾ। ਰੋਪੜ ਡੇਰੇ ਵਿਚ ਇਸ ਲੜਕੀ ਨਾਲ ਬੜਾ ਧੱਕਾ ਹੋਇਆ। ਜਦੋਂ ਵੀ ਇਹ ਬਾਬਾ ਰੋਪੜ ਡੇਰੇ ਆਉਂਦਾ ਸੀ ਤਾਂ ਇਹ ਬਾਬਾ ਰੋਪੜ ਡੇਰੇ ਵਿਚ ਆਉਂਦਾ ਸੀ ਤਾਂ ਇਸ ਲੜਕੀ ਦਾ ਸਰੀਰਕ ਸ਼ੋਸ਼ਣ ਕਰਿਆ ਕਰਦਾ ਸੀ। ਇਸ ਬਾਬੇ ਨੇ ਪੰਜਾਬ ਤੋਂ ਬਾਹਰ ਵੀ ਆਪਣੀਆਂ ਪੈੜਾਂ ਪਾਈਆਂ ਹੋਈਆਂ ਹਨ। ਜਿਨ੍ਹਾਂ ਦਾ ਚਿੱਠਾ ਨਿਕਟ ਭਵਿੱਖ ਵਿਚ ਖੁੱਲ੍ਹਣ ਦੀ ਆਸ ਹੈ।

ਇਸ ਦੇ ਇਕ ਸ਼ਰਧਾਲੂ ਨੇ ਦੱਸਿਆ ਕਿ ਬਾਬਾ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਦਰਸਾਉਂਦਾ ਰਹਿੰਦਾ ਸੀ ਭਾਵੇਂ ਉਹ ਸਿੱਧਾ ਨਹੀਂ ਸੀ ਕਹਿੰਦਾ ਪਰ ਟੇਢੇ ਢੰਗ ਨਾਲ ਉਹ ਹਮੇਸ਼ਾਂ ਆਪਣੇ ਚੇਲਿਆਂ ਨੂੰ ਕਹਿੰਦਾ ਸੀ ਕਿ ਉਹ ਸਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਅਨੰਦਪੁਰ ਦੇ ਕਿਲ੍ਹੇ ਵਿਚ ਰਹੇ ਸਨ। ਇਹ ਵੀ ਪਤਾ ਲੱਗਾ ਹੈ ਕਿ ਬਾਬੇ ਦਾ ਇੰਗਲੈਂਡ ਵਿਚ ਰਹਿੰਦਾ ਇਕ ਚੇਲਾ ਆਪਣੇ ਆਪ ਨੂੰ ਮੀਆਂ ਮੀਰ ਅਤੇ ਇਕ ਹੋਰ ਚੇਲਾ ਪੀਰ ਬੁੱਧੂ ਸ਼ਾਹ ਸਮਝਦਾ ਹੈ। ਕਿਉਂਕਿ ਬਾਬਾ ਉਸ ਨੂੰ ਇਹ ਯਕੀਨ ਦਿਵਾਉਣ ਲਈ ਅਚਨਚੇਤ ਬੁੱਧੂ ਕਹਿ ਕੇ ਪੁਕਾਰਦਾ ਰਹਿੰਦਾ ਹੈ।

ਲੜਕੀਆਂ ਨੂੰ ਭਰਮਾਉਣ ਦਾ ਫਾਰਮੂਲਾ ਦਸਦਿਆਂ ਇਕ ਸ਼ਰਧਾਲੂ ਨੇ ਕਿਹਾ ਕਿ ਪਹਿਲਾਂ ਉਹ ਸਹਿਜੇ-ਸਹਿਜੇ ਔਰਤ ਨੂੰ ਆਪਣੇ ਨਜ਼ਦੀਕ ਲਿਆਉਂਦਾਂ ਹੈ। ਫਿਰ ਅਚਾਨਕ ਉਸਨੂੰ ਕਾਮੁਕ ਛੇੜਖਾਨੀ ਕਰਦਾ ਹੈ। ਅਗਰ ਔਰਤ ਚੁੱਪ ਕਰ ਜਾਵੇ ਤਾਂ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਂਦਾ ਹੈ ਤੇ ਅਗਰ ਉਹ ਅਜਿਹਾ ਕਰਨ ਤੋਂ ਇਨਕਾਰ ਕਰੇ ਤਾਂ ਉਸਨੂੰ ਕਹਿ ਦਿੰਦਾ ਹੈ ਇਹ ਤਾਂ ਪਰਚਾ ਸੀ ਤੂੰ ਬੀਬੀ ਪਾਸ ਹੋ ਗਈ ਹੈਂ, ਆਦਿ ਆਦਿ!

ਅਜੇ ਹੋਰ ਵੀ ਬਹੁਤ ਕੁਝ ਸਾਹਮਣੇ ਆ ਰਿਹਾ ਹੈ, ਜਿੰਮੇਵਾਰ ਕੌਣ ? ਜਨਤਕ ਇਕੱਠ ਬੁਲਾ ਕੇ ਇਸ ਬਬੂਨੇ ਸਾਧ ਅਤੇ ਹੋਰ ਚਿਮਟੇ ਵਾਲੇ ਸਾਧਾਂ ਤੋਂ ਭਾਈਚਾਰੇ ਦਾ ਖਹਿੜਾ ਛੁਡਾਇਆ ਜਾਵੇ। ਨਹੀਂ ਤਾਂ ਬਹੁਤ ਦੇਰ ਹੋ ਜਾਵੇਗੀ।

## ਕਾਰ ਸੇਵਾ ਵਾਲੇ ਬਾਬੇ

ਕੋਈ ਸਮਾਂ ਸੀ ਜਦੋਂ ਕਾਰ ਸੇਵਾ, ਨਿਸ਼ਕਾਮ ਸੇਵਾ ਹੁੰਦੀ ਸੀ। ਹੁਣ ਬੜੀ ਯੋਜਨਾਬੱਧ ਕਾਰਵਾਈ ਬਣ ਗਈ ਹੈ। ਜੋ ਕਿ ਬਾਬੇ ਕਰ ਰਹੇ ਹਨ। ਬਾਬੇ ਇਸ ਵਪਾਰ ਸੇਵਾ ਵਿਚ ਪੂਰੇ ਸਮੇਂ ਦੇ ਵਪਾਰੀ ਹਨ। ਇਸ ਲਈ ਉਹਨਾਂ ਲਈ ਕੰਮ ਲੱਭਣਾ ਹੀ ਪੈਂਦਾ ਹੈ—ਭਾਵੇਂ ਪੁਰਾਣੇ ਗੁਰਦੁਆਰਿਆਂ ਨੂੰ ਢਾਹ ਕੇ ਉਹਨਾਂ ਦੀ ਥਾਂ ਨਵੇਂ ਗੁਰਦੁਆਰੇ ਹੀ ਕਿਉਂ ਨਾ ਉਸਾਰਨੇ ਪੈਣ। ਇਹਨਾਂ ਕਾਰ ਸੇਵਾ ਵਾਲਿਆਂ ਬਾਰੇ ਪੁਸਤਕ ਦੇ ਪਹਿਲੇ ਭਾਗ ਵਿਚ ਵੀ ਕਾਫ਼ੀ ਕੁਝ ਲਿਖ ਆਇਆ ਹਾਂ ਪਰ ਅੱਗੇ ਵੀ ਲੋੜ ਮੁਤਾਬਕ ਲਿਖਦਾ ਰਹਾਂਗਾ। ਅਖ਼ਬਾਰਾਂ ਵਿਚ ਕਾਫ਼ੀ ਪੈਸਾ (ਲੋਕਾਂ ਦਾ) ਖਰਚ ਕੇ ਇਹ ਬਰਸੀਆਂ ਦੇ ਵੱਡੇ ਵੱਡੇ ਇਸ਼ਤਿਹਾਰ ਵੀ ਕਢਾਉਂਦੇ ਹਨ। ਇਕ ਦੂਜੇ ਤੋਂ ਵੱਡੇ ਬਣਨ ਦੀ ਵਕਾਲਤ ਵੀ ਕਰਦੇ ਰਹਿੰਦੇ ਹਨ। ਇਸ਼ਤਿਹਾਰ ਇਸ ਤਰ੍ਹਾਂ ਹੁੰਦੇ ਹਨ 'ਸਿੱਖ ਸੰਗਤਾਂ ਨੂੰ ਬੜੇ ਦੁੱਖ ਲਾਲ ਸੂਚਿਤ ਕੀਤਾ ਜਾਂਦਾ ਹੈ ਕਿ ਕਾਰ ਸੇਵਾ ਸੰਪਰਦਾ ਵਾਲੇ ਬਾਬਾ...ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ, ਉਹਨਾਂ ਦੀ ਯਾਦ ਵਿਚ ਅਖੰਡ ਪਾਠ ਸਾਹਿਬ ਦੇ ਭੋਗ...ਨੂੰ ਪੈਣਗੇ...।

ਕੀ ਕਾਰ ਸੇਵਕ ਵੀ ਇਕ ਸੰਪਰਦਾ ਬਣ ਗਏ ਹਨ, ਕਾਰ ਸੇਵਾ ਦਾ ਸਿਧਾਂਤ ਗੁਰੂਆਂ ਨੇ ਸ਼ੁਰੂ ਕੀਤਾ ਸੀ ਕਿ ਹਰ ਸਿੱਖ, ਧਰਮ ਅਸਥਾਨਾਂ ਦੀ ਹੱਥੀਂ ਸੇਵਾ ਕਰ ਸਕੇ। ਪਰ ਵਪਾਰੀ ਤਬੀਅਤ ਵਾਲੇ ਬਾਬਿਆਂ ਨੇ 'ਕਾਰ ਸੇਵਾ' ਦਾ ਪੈਸੇ ਜਾਂ ਮੁਨਾਫ਼ੇ ਵਾਲਾ ਭਾਗ ਆਪਣੇ ਲਈ ਰਾਖਵਾਂ ਕਰ ਲਿਆ ਹੈ। ਇਹ ਠੇਕੇਦਾਰ ਬਣ ਗਏ ਹਨ। ਮਜ਼ਦੂਰੀ ਸੰਗਤ ਕੋਲੋਂ ਮੁਫ਼ਤ ਕਰਵਾ ਲੈਂਦੇ ਹਨ ਅਤੇ ਇਸ ਨੂੰ ਗੁਰੂ ਦੀ ਸੇਵਾ ਦਾ ਨਾਮ ਦੇ ਦੇਂਦੇ ਹਨ। ਪਰ ਕਾਰ ਸੇਵਾ ਵਾਲੇ ਬਾਬਿਆਂ ਦਾ ਇਕ ਵੱਖਰਾ ਜਥਾ ਕਿਵੇਂ ਬਣ ਗਿਆ ? ਇਹ ਪਰੰਪਰਾ ਤਾਂ ਕੇਵਲ ਸੰਗਤ ਦਾ ਹਿੱਸਾ ਪਵਾਉਣ ਵਾਸਤੇ ਸੀ, ਜੋ ਇਹ ਕਰ ਰਹੇ ਹਨ। ਇਸ ਬਾਰੇ ਤਾਂ ਕਦੇ ਸੋਚਿਆ ਵੀ ਨਹੀਂ ਸੀ। ਫਿਰ ਇਹ ਬਾਬੇ ਆਪਣੇ ਆਪ ਨੂੰ ਸੰਪਰਦਾ ਕਿਵੇਂ ਕਹਿ ਸਕਦੇ ਹਨ, ਕੀ ਇਹਨਾਂ ਦਾ ਕੋਈ ਵੱਖਰਾ ਗੁਰੂ ਹੈ ? ਇਹ ਤਾਂ ਕਾਰ ਸੇਵਾ ਵਾਲੇ ਕਈ ਅਵਤਾਰਵਾਦੀ ਕਹਾਉਂਦੇ ਹਨ। ਬਾਬਾ ਗੁਰਮੁਖ ਸਿੰਘ ਨੂੰ ਗੁਰੂ ਨਾਨਕ ਜੀ ਦਾ ਅਵਤਾਰ ਦੱਸੀ ਜਾਂਦੇ ਹਨ। ਬਾਬਾ ਤਾਰਾ ਸਿੰਘ ਨੂੰ ਪੰਜਵੇਂ ਪਾਤਸ਼ਾਹ ਦਾ ਅਵਤਾਰ ਦੱਸੀ ਜਾਂਦੇ ਹਨ। ਬਾਬਾ ਦਇਆ ਨੰਦ ਸੁਰ ਸਿੰਘ ਵਾਲੇ ਨੂੰ ਛੇਵੇਂ ਪਾਤਸ਼ਾਹ ਦਾ ਅਵਤਾਰ ਅਤੇ ਕਦੇ ਬਿਧੀ ਚੰਦ ਦੀ ਅੰਸ਼ ਬੰਸ਼ ਵੀ ਦੱਸਦੇ ਹਨ। ਕੋਈ ਕਿਸੇ ਦਾ ਅਵਤਾਰ ਕੋਈ ਕਿਸੇ ਦਾ, ਇਹਨਾਂ ਕਾਰ ਸੇਵਾ ਵਾਲਿਆਂ ਦੇ ਘਰ ਜਿਹੜੇ ਨਿਆਣੇ ਜੰਮਦੇ ਹੀ ਕੋਈ ਬੀਬੀ ਭਾਨੀ ਦੀ ਅਵਤਾਰਨੀ, ਕੋਈ ਸ੍ਰੀ ਚੰਦ ਦਾ ਅਵਤਾਰ, ਕੋਈ ਪ੍ਰਿਥੀ ਚੰਦ ਦਾ ਅਵਤਾਰ, ਸਭ ਅਵਤਾਰ ਹੀ ਇਹਨਾਂ ਦੇ ਘਰੀਂ ਜੰਮਦੇ ਹਨ, ਹੋਰ ਕੋਈ ਆਮ ਜਵਾਕ ਇਹਨਾਂ ਦੇ ਘਰੀਂ ਜੰਮਿਆ ਹੀ ਕਦੇ ਨਹੀਂ।

ਗੁਰੂ ਪਰਮਾਤਮਾ ਦੀ ਸਿਫ਼ਤ ਸਲਾਹ ਨਾਲੋਂ ਇਹ ਆਪਣੇ ਆਪ ਦੀ ਸਿਫ਼ਤ ਸੁਣ ਕੇ ਬੜੇ ਖੁਸ਼ ਹੁੰਦੇ ਹਨ। ਗੁਰੂ ਦੀ ਹਜ਼ੂਰੀ ਵਿਚ ਹੀ ਮੱਥੇ ਟਿਕਾਈ ਜਾਂਦੇ ਹਨ। ਇਕ ਦੂਜੇ ਦੇ ਕੱਟੜ ਵਿਰੋਧੀ ਹੁੰਦੇ ਹੋਏ ਵੀ ਸਟੇਜਾਂ ਉੱਤੇ ਇਕ ਦੂਜੇ ਦੀਆਂ ਹੱਦੋਂ ਵੱਧ ਸਿਫ਼ਤਾਂ ਕਰਦੇ ਹਨ। ਮੂੰਹ ਰੱਖਣੀਆਂ ਗੱਲਾਂ ਕਰਨ ਵਿਚ ਇਹ ਬੜੇ ਮਾਹਰ ਹਨ। ਇਹਨਾਂ ਦੀਆਂ ਆਪਸ ਵਿਚ ਕਿਰਪਾਨਾਂ ਅਤੇ ਗੋਲੀਆਂ ਵੀ ਚਲਦੀਆਂ ਹਨ। ਸਰਕਾਰੀ ਰਾਜਨੀਤਕਾਂ ਨਾਲ ਵੀ ਇਹਨਾਂ ਦੀਆਂ ਸਾਂਝਾਂ ਹਨ। ਕੁਝ ਸਮਾਂ ਪਹਿਲਾਂ ਗੁਰਦੁਆਰਾ ਬੰਦੀ ਛੋੜ ਗਵਾਲੀਅਰ ਵਿਖੇ ਦੋ ਬਾਬਿਆਂ ਵਿਚਕਾਰ ਲੜਾਈ ਰੋਕਣ ਲਈ ਪੁਲੀਸ ਨੂੰ ਦਖ਼ਲ ਦੇਣਾ ਪਿਆ। ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਦੀ ਕਾਰ ਸੇਵਾ ਲਈ 40 ਲੱਖ ਰੁਪਏ ਦੀ ਪ੍ਰਵਾਨਗੀ ਦੇਣ ਦਾ ਬੜਾ ਵਿਵਾਦਪੂਰਨ ਫੈਸਲਾ ਲਿਆ। ਜਦੋਂ ਜਥੇਦਾਰ ਟੌਹੜਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ ਤਾਂ ਨਾਢਾ ਸਾਹਿਬ ਗੁਰਦੁਆਰਾ (ਚੰਡੀਗੜ੍ਹ ਨੇੜੇ) ਦੀ ਕਾਰ ਸੇਵਾ ਬਾਬਾ ਹਰਬੰਸ ਸਿੰਘ ਨੂੰ ਮਿਲੀ ਹੋਈ ਸੀ। ਬੀਬੀ ਜਗੀਰ ਕੌਰ ਦੇ ਪ੍ਰਧਾਨ ਬਣਨ ਮਗਰੋਂ ਬਾਬਾ ਹਰਬੰਸ ਸਿੰਘ ਨੂੰ ਬਾਹਰ ਕੱਢ ਸੁੱਟਿਆ ਗਿਆ। ਬੀਬੀ ਜਗੀਰ ਕੌਰ ਪ੍ਰਧਾਨਗੀ

ਤੋਂ ਹਟ ਗਈ ਤਾਂ ਬਾਬਾ ਹਰਬੰਸ ਸਿੰਘ ਫਿਰ ਆਪਣੇ ਕੰਮ 'ਤੇ ਬਹਾਲ ਹੋ ਗਏ।

ਇਹ ਬਾਬੇ ਹਰ ਇਕ ਨੂੰ ਆਪਣੇ ਮਗਰ ਲਾਉਣ ਵਾਸਤੇ ਐਸੀਆਂ ਕਹਾਣੀਆਂ ਸੁਣਾਉਂਦੇ ਹਨ। ਇਕ ਸੰਤ ਸਨ, ਬੜੇ ਪੁੱਜੇ ਹੋਏ, ਕੋਈ ਲੱਥੀ ਚੜ੍ਹੀ ਨਹੀਂ ਸੀ। ਦੁੱਧ ਲਈ ਕੜਾਹਾ ਰੱਖਿਆ ਹੋਇਆ ਸੀ। ਲੋਕੀਂ ਰੋਜ਼ ਦੁੱਧ ਲਿਆਉਂਦੇ ਇਸ ਕੜਾਹੇ ਵਿਚ ਪਾਈ ਜਾਂਦੇ। ਵਿਚੋਂ ਹੀ ਸੰਤ ਛਕਦੇ ਵਿਚੋਂ ਹੀ ਸੰਗਤ ਛਕਦੀ। ਵਿਚੋਂ ਹੀ ਕਾਂ ਛਕੀ ਜਾਂਦੇ, ਵਿਚੋਂ ਹੀ ਕੁੱਤੇ ਕੁੱਤੀਆਂ ਛਕੀ ਜਾਂਦੇ। ਦੁੱਧ ਕਦੇ ਖਰਾਬ ਨਾ ਹੁੰਦਾ, ਕਦੇ ਕੜਾਹਾ ਵੀ ਨਹੀਂ ਸੀ ਧੋਂਦੇ। ਇਥੇ ਬੰਦੇ ਅਤੇ ਪਸ਼ੂ, ਜਾਨਵਰ ਵਿਚ ਕੋਈ ਫ਼ਰਕ ਨਹੀਂ। ਇਕ ਦਿਨ ਇਕ ਸੇਵਕ ਨੂੰ ਕਹਿੰਦੇ ਕਿ ਫਲਾਣੇ ਥਾਂ ਇਕ ਕੁੱਤੀ ਸੂਈ ਹੋਈ ਹੈ। ਉਸਦੇ ਕਤੂਰੇ ਇਕ ਟੋਕਰੇ ਵਿਚ ਪਾ ਕੇ ਲੈ ਆ। ਕਤੂਰੇ ਚਊਂ ਚਊਂ ਕਰ ਰਹੇ ਹਨ। ਕੁੱਤੀ ਆਪੇ ਮਗਰ ਆ ਜਾਵੇਗੀ। ਜੇ ਕੁੱਤੀ ਰੋਕੇਗੀ ਤਾਂ ਆਹ ਪ੍ਰਸ਼ਾਦ ਪਾ ਦਈਂ। ਸੇਵਕ ਹੁਕਮ ਮੰਨ ਕੇ ਕੁੱਤੀ ਕਤੂਰੇ ਲੈ ਆਇਆ। ਸੰਤਾਂ ਨੇ ਕਿਹਾ ਇਥੇ ਠੀਕ ਥਾਂ 'ਤੇ ਕਤੂਰੇ ਰੱਖ ਦੇ। ਰੋਜ਼ ਇਕ ਪਾਈਆ ਦੁੱਧ ਇਕ ਕਤੂਰੇ ਨੂੰ ਅਤੇ ਇਕ ਕਿਲੋ ਕੁੱਤੀ ਨੂੰ ਪਾਇਆ ਕਰ। ਗੁਰਮੁਖਾ ਇਹ ਕੁੱਤੀ ਸਾਡੀ ਪਿਛਲੇ ਜਨਮ ਦੀ ਮਾਸੀ ਸੀ। ਇਸਨੇ ਭਗਤੀ ਨਹੀਂ ਕੀਤੀ ਤਾਂ ਇਸਨੂੰ ਇਹ ਜੂਨ ਮਿਲੀ ਹੈ। ਮੈਂ ਸੋਚਿਆ ਇਸ ਦਾ ਹੁਣ ਉਧਾਰ ਕਰ ਦੇਈਏ, ਇਹ ਨਾ ਕਹੇ ਕਿ ਸਾਧ ਬਣਿਆ ਫਿਰਦਾ ਹੈ, ਮੇਰਾ ਕੁਝ ਨਹੀਂ ਕੀਤਾ। ਬੋਲੋ ਸ੍ਰੀ ਵਾਹਿਗੁਰੂ।

ਸੋ ਇਹ ਅਨਪੜ੍ਹ ਸਾਧ ਐਸੀਆਂ ਕਹਾਣੀਆਂ ਅਕਸਰ ਸੁਣਾਉਂਦੇ ਰਹਿੰਦੇ ਹਨ। ਇਹਨਾਂ ਦੇ ਡੇਰਿਆਂ ਵਿਚ ਗੁਰਬਾਣੀ , ਗੁਰਮਤਿ ਸਿਧਾਂਤ ਦੀ ਗੱਲ ਕੇਵਲ ਨਾਂਹ ਮਾਤਰ ਅਤੇ ਟੋਕਰੀ ਦੀ ਗੱਲ ਬਹੁਤ ਜ਼ਿਆਦਾ ਹੈ। ਜਿਹੜਾ ਕਾਰ ਸੇਵਾ ਵਾਲਾ ਸਾਧ ਮਰਦਾ ਹੈ ਉਸਦਾ ਵੀ ਗੁਰਦੁਆਰਾ ਗੁਰੂਆਂ ਦੇ ਬਰਾਬਰ ਹੀ ਬਣ ਜਾਂਦਾ ਹੈ। ਜੇ ਮੁਸਲਮਾਨ ਦੀ ਕਬਰ ਨੂੰ ਮੰਨਣ ਦਾ ਵਿਧਾਨ ਗੁਰਮਤਿ ਵਿਚ ਨਹੀਂ ਹੈ ਤਾਂ ਸਾਧ ਦੀ ਮੜ੍ਹੀ ਨੂੰ ਮੰਨਣਾ ਕਿਹੜੀ ਗੁਰਮਤਿ ਹੈ ? ਜੇ ਮੁਸਲਮਾਨ ਦੀ ਕਬਰ ਉੱਤੇ "ਗੁਰੂ ਗ੍ਰੰਥ ਸਾਹਿਬ" ਦਾ ਪ੍ਰਕਾਸ਼ ਜਾਇਜ਼ ਨਹੀਂ ਹੈ ਤਾਂ ਸਾਧ ਦੀ ਮੜ੍ਹੀ 'ਤੇ ਵੀ ਜਾਇਜ਼ ਨਹੀਂ ਹੈ। ਗੁਰੂ ਪੰਥ ਨੂੰ ਚਾਹੀਦਾ ਹੈ ਕਿ ਇਕਦਮ ਸਾਰੇ ਗੁਰਦੁਆਰੇ ਬਣਨੇ ਬੰਦ ਹੋ ਜਾਣ। ਪੁਰਾਣੇ ਗੁਰਦੁਆਰੇ ਜੋ ਕਿ ਇਤਿਹਾਸਕ ਸਰੋਤ ਹਨ। ਉਹਨਾਂ ਦੀ ਸਾਂਭ ਸੰਭਾਲ ਚੰਗੀ ਤਰ੍ਹਾਂ ਕੀਤੀ ਜਾਵੇ। ਕਾਰ ਸੇਵਾ ਅਤੇ ਸ਼੍ਰੋਮਣੀ ਕਮੇਟੀ ਕੋਲ ਜਿੰਨਾ ਵੀ ਸਰਮਾਇਆ ਹੈ। ਸਿੱਖ ਕੌਮ ਦੇ ਆਉਣ ਵਾਲੇ ਭਵਿੱਖ (ਸਿੱਖ ਬੱਚੇ) ਉੱਤੇ ਖਰਚਿਆ ਜਾਵੇ। ਨੌਜਵਾਨ, ਨਸ਼ਿਆਂ ਅਤੇ ਪਤਿਤਪੁਣੇ ਦੇ ਰੁਝਾਨ ਵਿਚ ਲੱਗੇ ਹੋਏ ਹਨ। ਇਹਨਾਂ ਨੂੰ ਸੰਭਾਲਿਆ ਜਾਵੇ ਤਾਂ ਜੋ ਇਹਨਾਂ ਨੂੰ ਗੁਰੂ ਸਿੱਖੀ ਵਾਲੇ ਪਾਸੇ ਮੋੜਿਆ ਜਾ ਸਕੇ। ਨਹੀਂ ਤਾਂ ਗੁਰਦੁਆਰਿਆਂ ਦਾ ਵੀ ਕੋਈ ਲਾਭ ਨਹੀਂ ਹੋਵੇਗਾ।

## ਕਾਰ ਸੇਵਾ ਦੇ ਨਾਂ 'ਤੇ ਰਸਦ ਇਕੱਠੀ ਕਰਨ ਵਾਲੇ ਨਕਲੀ ਨਿਹੰਗ ਸਿੰਘ ਕਾਬੂ

ਚਾਰ ਆਦਮੀ ਸਵਰਾਜ ਮਾਜ਼ਦਾ ਫੋਰ ਵੀਲਰ ਤੇ ਜੰਡਿਆਲਾ ਦੀ ਪੱਤੀ ਧੰਨੀ ਕੀ ਗੁਰਦੁਆਰੇ ਆਏ। ਮੁਖੀ ਦਾ ਬਾਣਾ ਨਿਹੰਗਾਂ ਵਾਲਾ ਸੀ। ਇਕ ਹੋਰ ਅੰਮ੍ਰਿਤਧਾਰੀ ਅਤੇ 2 ਆਦਮੀ ਮੋਨੇ ਸਨ। ਗੁਰਦੁਆਰੇ ਦੇ ਗ੍ਰੰਥੀ ਗਿ. ਸੁਖਦੇਵ ਸਿੰਘ ਨੂੰ ਅਨੰਦਪੁਰ ਸਾਹਿਬ ਤੋਂ ਕਾਰ ਸੇਵਾ ਵਾਲੇ ਬਾਬੇ ਆਉਣ ਦੀ ਅਨਾਊਂਸਮੈਂਟ ਕਰਨ ਲਈ ਕਿਹਾ ਤਾਂ ਉਹਨਾਂ ਨੂੰ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਲਰਾਜ ਸਿੰਘ ਕੋਲ ਭੇਜਿਆ ਗਿਆ। ਪੁੱਛ ਗਿੱਛ ਕਰਨ 'ਤੇ ਉਹਨਾਂ ਨੇ ਆਪਣਾ ਸੰਬੰਧ ਤਰਨਾ ਦਲ ਨਾਲ ਦੱਸਿਆ। ਸ਼ੱਕ ਪੈਣ 'ਤੇ ਪੜਤਾਲ ਕੀਤੀ ਗਈ ਜੋ ਜਾਹਲੀ ਨਿਕਲੇ। ਉਹਨਾਂ ਮੰਨਿਆ ਕਿ ਅਸੀਂ ਆਪਣੀਆਂ ਨਿੱਜੀ ਜਾਇਦਾਦਾਂ ਬਣਾ ਰਹੇ ਹਾਂ। ਪੁਲੀਸ ਹਵਾਲੇ ਕਰਕੇ 420 ਦਾ ਕੇਸ ਬਣਾ ਕੇ ਹਵਾਲਾਤ ਵਿਚ ਭੇਜ ਦਿੱਤਾ ਗਿਆ।

## ਕਾਰ ਸੇਵਾ ਵਾਲਾ ਬਾਬਾ ਸੁੱਖਾ ਸਿੰਘ, ਹਾਕਮ ਸਿੰਘ ਸਰਹਾਲੀ

ਇਹਨਾਂ ਬਾਰੇ ਪੁਸਤਕ ਦੇ ਪਹਿਲੇ ਭਾਗ ਵਿਚ ਕਾਫ਼ੀ ਲਿਖ ਚੁੱਕਾ ਹਾਂ। ਪੁਸਤਕ ਦੇ ਆਉਣ ਵਾਲੇ ਭਾਗਾਂ ਵਿਚ ਵੀ ਜ਼ਰੂਰਤ ਮੁਤਾਬਕ ਲਿਖਦਾ ਰਹਾਂਗਾ। ਇਹ ਆਪਣੇ ਡੇਰਿਆਂ ਵਿਚ ਪੰਡਤ ਨਾਲ ਰੱਖਦੇ ਹਨ। ਇਹ ਪੰਡਤ (ਬ੍ਰਾਹਮਣ) ਪੱਤਰੀਆਂ ਖੋਲ ਕੇ ਟੇਵੇ ਲਾ ਕੇ ਇਹਨਾਂ ਨੂੰ ਚੰਗੇ ਮਾੜੇ ਆਉਣ ਵਾਲੇ ਦਿਨਾਂ ਬਾਰੇ, ਸ਼ੁਭ, ਅਸ਼ੁਭ ਮਹੂਰਤਾਂ ਬਾਰੇ ਦੱਸਦੇ ਰਹਿੰਦੇ ਹਨ। ਗੁਰਮਤਿ ਦੀ ਘੋਰ ਖੰਡਨਾਂ ਵਾਲੇ ਹਵਨ ਵੀ ਪੰਡਾਂ ਤੋਂ ਕਰਵਾਉਂਦੇ ਹਨ। ਡੇਰਿਆਂ ਵਿਚ, ਇਹਨਾਂ ਨੇ ਨਾਲ ਐਸੇ ਗਰੰਥੀ ਵੀ ਰੱਖੇ ਹੋਏ ਹਨ ਜਿਹੜੇ ਮੱਝਾਂ, ਗਾਵਾਂ ਦੇ ਦੁੱਧ ਵਧਾਉਣ ਵਾਸਤੇ ਗੁਰਬਾਣੀ ਸ਼ਬਦ ਲਿਖ ਕੇ ਦਿੰਦੇ ਰਹਿੰਦੇ ਹਨ। ਮੁੰਡੇ ਜੰਮਣ ਦੇ, ਵਿਆਹ ਹੋਣ ਦੇ ਨੌਕਰੀਆਂ ਦੇਣ ਵਾਲੇ, ਮੁਕੱਦਮੇ ਜਿੱਤਣ ਵਾਲੇ ਸ਼ਬਦ, ਬਾਹਮਣਾਂ ਵਾਂਗੂੰ ਹੀ ਲਿਖਕੇ ਦਿੰਦੇ ਹਨ, ਇਹ ਜਾਤ-ਪਾਤ ਅਤੇ ਬ੍ਰਾਹਮਣੀ ਕਰਮ ਕਾਂਡਾਂ ਦੇ ਪੱਕੇ ਹਾਮੀ ਹਨ। ਬਹੁਤੇ ਕਾਰ ਸੇਵਾ ਵਾਲੇ ਡੇਰਿਆਂ ਵਿਚ ਗੁਰਮਤਿ ਸਿਧਾਂਤਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਜ਼ਿੰਮੇਵਾਰ ਕੌਣ ?

## ਕੀ ਕਾਰ ਸੇਵਾ ਵਾਲੇ ਗੁਰੂ ਸਾਹਿਬਾਨ ਦੇ ਅਵਤਾਰ ਹਨ ?

ਐਸੇ ਵੀ ਵਿਸ਼ਵਾਸਘਾਤੀ ਹਨ ਜਿਨ੍ਹਾਂ ਨੇ ਸਿੱਖਾਂ ਨੂੰ ਸਿੱਖੀ ਸਿਧਾਂਤਾਂ ਨਾਲੋਂ ਤੋੜ ਕੇ ਗੁਮਰਾਹ ਕਰਨ ਵਾਸਤੇ, ਡੇਰੇਦਾਰ ਸਾਧਾਂ ਨੂੰ ਗੁਰੂ ਦੇ ਸ਼ਰੀਕਾਂ ਵਜੋਂ ਲਿਖਿਆ ਹੈ।

ਮੌਜੂਦਾ ਦੌਰ ਅੰਦਰ ਅਸਲ ਦੀ ਨਕਲ ਉਤਾਰਨ ਦੀ ਦੌੜ ਜਿਹੀ ਲੱਗੀ ਹੋਈ ਹੈ। ਮਸ਼ੀਨੀ ਜਾਂ ਹੋਰ ਵਸਤੂਆਂ ਤੋਂ ਹੁਣ ਇਹ ਨਕਲ ਧਰਮ ਵਿਚ ਵੀ ਪਸਰ ਰਹੀ ਹੈ। ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਹਾਲੇ ਤਕ ਸਾਇੰਸਦਾਨਾਂ ਦੀਆਂ ਉਪਲਬਧੀਆਂ ਦੀਆਂ ਨਕਲਾਂ ਤਾਂ ਹੋਈਆਂ ਹਨ ਪਰ ਨਕਲੀ ਸਾਇੰਸਦਾਨ ਕੋਈ ਨਹੀਂ ਬਣਿਆ। ਸਿੱਖ ਧਰਮ ਦੀ ਨਕਲ ਕਰਨ ਵਾਲਿਆਂ ਦੀ ਬੁੱਧ ਉੱਪਰ ਤਾਂ ਤਰਸ ਆਉਂਦਾ ਹੈ। ਨਕਲਚੀਆਂ ਨੇ ਸਿੱਖ ਸਿਧਾਂਤਾਂ ਦੇ ਮੁਕਾਬਲੇ ਕਈ ਕੁਝ ਹੱਥ ਪੈਰ ਤਾਂ ਮਾਰੇ ਹਨ। ਸਿੱਖ ਗੁਰੂ ਸਾਹਿਬਾਨ ਦੀ ਵੀ ਨਕਲ ਕਰਨ 'ਚ ਕਸਰ ਨਹੀਂ ਛੱਡੀ। ਨਕਲ ਦੀ ਇਕ ਐਸੀ ਹੀ ਹਰਕਤ ਅਸੀਂ ਖ਼ਾਲਸਾ ਪੰਥ ਦੀ ਕਚਿਹਰੀ 'ਚ ਇਸ ਉਮੀਦ ਨਾਲ ਪੇਸ਼ ਕਰ ਰਹੇ ਹਾਂ ਕਿ ਕੋਈ ਯੋਗ ਕਾਰਵਾਈ ਕਰਕੇ ਨਕਲਚੀਆਂ ਨੂੰ ਵਰਜਿਆ ਜਾ ਸਕੇ।

ਤਰਨ ਤਾਰਨ ਸ਼ਹਿਰ ਦੇ ਬਾਹਰਵਾਰ ਸੰਘਿਆਂ ਵਾਲੀ ਨਹਿਰ ਦੇ ਨੇੜੇ ਇਕ ਗੁਰਦੁਆਰਾ ਸੰਤ ਸਰ ਦੇ ਨਾਂ ਦਾ ਸਥਾਪਿਤ ਹੈ। ਨਾਂ ਨੂੰ ਤਾਂ ਇਹ ਤਰਨ ਤਾਰਨ ਦਰਬਾਰ ਸਾਹਿਬ ਦੇ ਸਰੋਵਰ ਵਾਸਤੇ ਸਾਫ਼ ਪਾਣੀ ਦਾ ਪ੍ਰਬੰਧ ਕਰਦਾ ਹੈ। ਜ਼ਰਾ ਗਹੁ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਇਹ ਡੇਰਾ ਸਰੋਵਰ ਵਿਚ ਸਾਫ਼ ਪਾਣੀ ਭੇਜਣ ਦਾ ਛਲਾਵਾ ਕਰਕੇ (ਝਓਲਾ ਪਾ ਕੇ) ਸਿੱਖੀ ਅੰਦਰ ਕੁਫ਼ਰ ਦੀ ਮੈਲ ਰਲਾ ਰਿਹਾ ਹੈ।

ਗੁਰਦੁਆਰਾ ਨੁਮਾ ਬਣੇ ਡੇਰੇ ਦੀ ਦੀਵਾਰ 'ਤੇ ਅਤੇ ਇਸਦੇ ਸਾਹਮਣੇ ਬਣੇ ਸਰੋਵਰ ਜੋ ਕਿ ਚਾਰ ਦੀਵਾਰੀ ਨਾਲ ਘੇਰਿਆ ਹੈ ਤੇ ਉਸਦੀ ਦੀਵਾਰ 'ਤੇ ਹੇਠ ਲਿਖਿਆ ਕੁਫ਼ਰ ਤੋਲਿਆ। ਲਿਖਿਆ ਹੋਇਆ ਹੈ :-ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ। ਸ੍ਰੀ ਮਾਨ ਸੰਤ ਬਾਬਾ ਜਵੰਦ ਸਿੰਘ ਜੀ ਗੁਰੂ ਅਮਰਦਾਸ ਦਾਸ ਜੀ। ਸ੍ਰੀ ਮਾਨ ਸੰਤ ਬਾਬਾ ਝੰਡਾ ਸਿੰਘ ਜੀ ਸ੍ਰੀ ਗੁਰੂ ਰਾਮਦਾਸ ਜੀ।

ਇਨ੍ਹਾਂ ਚਾਰ ਪਾਤਸ਼ਾਹੀਆਂ ਨੇ ਚਰਨ ਪਾਏ ਤੇ ਹੰਸਲੀ ਬਣਵਾਈ ਤੇ ਸੇਵਾ ਕਰਵਾ ਰਹੇ ਚਰਨ ਸੇਵਕ ਸੰਤ ਬਾਬਾ ਬਸਤਾ ਸਿੰਘ। ਅਜਿਹਾ ਕੁਝ ਡੇਰੇ ਵਿਚ ਵੱਡੇ ਗੇਟਾਂ ਤੋਂ ਇਲਾਵਾ ਅੰਦਰ ਕੰਧਾਂ ਉੱਪਰ ਤਕਰੀਬਨ ਦਸ ਥਾਂਵਾਂ 'ਤੇ ਲਿਖਿਆ ਹੋਇਆ ਹੈ। ਇੱਥੇ ਹੀ ਬੱਸ ਨਹੀਂ। ਉੱਪਰ ਦਰਸਾਏ ਚਾਰ ਸੰਤ ਬਾਬਿਆਂ ਦੀਆਂ ਫੋਟੋਆਂ ਜੋ ਗੁਰਦੁਆਰੇ ਦੇ ਅੰਦਰ ਹਨ ਉਨ੍ਹਾਂ ਦੇ ਵੀ ਦਰਸ਼ਨ ਕਰੋ :-ਵੱਡੇ ਵੱਡੇ ਆਕਾਰ 'ਚ ਪਈਆਂ ਚਾਰ ਫੋਟੋਆਂ ਵਿਚੋਂ ਬਾਬਾ ਗੁਰਮੁਖ ਸਿੰਘ ਦੀ ਫੋਟੋ 'ਤੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ, ਬਾਬਾ ਸਾਧੂ ਸਿੰਘ ਦੀ ਫੋਟੋ ਉੱਪਰ ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ, ਬਾਬਾ ਜਵੰਦ ਸਿੰਘ ਦੀ ਫੋਟੋ ਤੇ ਸ੍ਰੀ ਗੁਰੂ ਅਮਰਦਾਸ ਜੀ ਅਤੇ ਬਾਬਾ ਝੰਡਾ ਸਿੰਘ ਦੀ ਫੋਟੋ 'ਤੇ ਸ੍ਰੀ ਗੁਰੂ ਰਾਮਦਾਸ

ਜੀ ਲਿਖਿਆ ਹੈ ਲਾਗੇ ਪਈ ਬਾਬਾ ਬਸਤਾ ਸਿੰਘ ਦੀ ਫੋਟੋ ਉਸੇ ਤਰ੍ਹਾਂ ਪਈ ਹੈ ਭਾਵ ਕੁਝ ਨਹੀਂ ਲਿਖਿਆ।

ਬਾਬਾ ਗੁਰਮੁਖ ਸਿੰਘ ਜੀ ਅਤੇ ਬਾਕੀ 3 ਬਾਬੇ ਚੰਗੇ ਸਿੱਖ ਤਾਂ ਹੋ ਸਕਦੇ ਹਨ ਪਰ ਗੁਰੂ ਨਾਨਕ ਸਾਹਿਬ ਦੀ ਬਰਾਬਰੀ ਬਿਲਕੁਲ ਨਹੀਂ ਕਰ ਸਕਦੇ, ਐਸਾ ਲਿਖ ਕੇ ਇਹਨਾਂ ਨੇ ਸਿੱਖ ਹਿਰਦਿਆਂ ਤੇ ਕਰਾਰੀ ਸੱਟ ਮਾਰੀ ਹੈ।

## ਬਾਬਾ ਦਰਸ਼ਨ ਸਿੰਘ ਬੀੜ ਸਾਹਿਬ ਵਾਲਾ

ਇਸ ਸਾਧ ਨੇ ਕਿਵੇਂ ਗੁਰੂ ਘਰ ਦੀ ਸਾਰੀ ਜ਼ਮੀਨ ਜਾਇਦਾਦ ਆਪਣੇ ਨਾਂ ਲਵਾ ਕੇ ਆਪਣੇ ਪੁੱਤਰਾਂ ਨਾਮ ਵਸੀਅਤ ਕਰਵਾ ਦਿੱਤੀ ਹੈ। ਇਸ ਦੀਆਂ ਧਾਂਦਲੀਆਂ ਦਾ ਕਿੱਸਾ ਬਹੁਤ ਲੰਮੇਰਾ ਹੈ ਇਸ ਸਾਧ ਦੀ ਇਕੱਲੇ ਦੀ ਇਕ ਕਿਤਾਬ ਛਾਪਣੀ ਪੈਣੀ ਹੈ। ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਸੇਵਾ ਸੰਪੂਰਨ ਕਰਨ ਤੋਂ ਬਾਅਦ ਵੀ ਇਹ ਸਾਧ ਇਥੋਂ ਨਿਕਲਦਾ ਨਾ ਦੇਖ ਕੇ ਸ਼੍ਰੋਮਣੀ ਕਮੇਟੀ ਨੇ ਸਖ਼ਤੀ ਕੀਤੀ ਕਿਉਂਕਿ ਸ਼੍ਰੋਮਣੀ ਕਮੇਟੀ ਵੀ ਗੋਲਕ ਵਾਸਤੇ ਤਾਂ ਮਰਨ ਨੂੰ ਵੀ ਤਿਆਰ ਹੈ। ਇਸ ਸਾਧ ਨੂੰ ਉਥੋਂ ਕੱਢਿਆ ਗਿਆ। ਗੁਰਦੁਆਰੇ ਦੀ ਜ਼ਮੀਨ ਹੜੱਪ ਕਰਨ ਦੇ ਕਈ ਝਗੜਿਆਂ ਵਿਚੋਂ ਇਕ F.I.R. ਦੀ ਨਕਲ ਵੀ ਮੇਰੇ ਕੋਲ ਪਈ ਹੈ। ਮੁਕੱਦਮਾ ਨੰਬਰ 73 ਮਿਤੀ 24-3-03, 25-3-03 U/S 447/427, 349/380, 148/149 I.P.C. ਥਾਣਾ ਛੇਹਰਟਾ ਵਿਚ ਦਰਜ ਹੈ। ਇਸ ਤਰ੍ਹਾਂ ਹੋਰ ਵੀ ਕਈ ਕੁਝ ਹੈ। ਗੁਰੂ ਘਰ ਦੀ ਬਹੁਤ ਜ਼ਮੀਨ ਇਸਨੇ ਆਪਣੇ ਨਾਂ ਕਰਵਾ ਕੇ ਸਾਂਭੀ ਹੋਈ ਹੈ।

## ਨਿਹੰਗ ਬਾਬਾ ਅਜੀਤ ਸਿੰਘ ਪੂਹਲਾ

ਇਕ ਅਖ਼ਬਾਰ ਦੇ ਬਿਆਨ ਮੁਤਾਬਿਕ ਤਰਨਾ ਦਲ ਮਿਸਲ ਸ਼ਹੀਦਾਂ ਬਾਬਾ ਬਕਾਲਾ ਦੇ ਮੀਤ ਜਥੇਦਾਰ ਦੀਪ ਸਿੰਘ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਜੋ ਅਜੀਤ ਸਿੰਘ ਪੂਹਲਾ ਆਪਣੇ ਆਪ ਨੂੰ ਤਰਨਾ ਦਲ ਦਾ ਮੁਖੀ ਦੱਸਦਾ ਹੈ। ਇਹਨੂੰ ਕਿਸੇ ਵੀ ਜਥੇਬੰਦੀ ਨੇ ਤਰਨਾ ਦਲ ਦਾ ਮੁਖੀ ਨਹੀਂ ਬਣਾਇਆ। ਸਾਰੀਆਂ ਨਿਹੰਗ ਜਥੇਬੰਦੀਆਂ ਨੇ ਮਨਮਾਨੀਆਂ ਕਰਨ ਕਰਕੇ ਇਸਦਾ ਬਾਈਕਾਟ ਕੀਤਾ ਹੋਇਆ ਹੈ। ਉਹਨਾਂ ਦੋਸ਼ ਲਾਇਆ ਕਿ ਜਥੇਦਾਰ ਪੂਹਲਾ ਨੇ ਮੀਤ ਜਥੇਦਾਰ ਕਾਹਨ ਸਿੰਘ ਦਾ ਕਤਲ ਇਕ ਸਾਜਿਸ਼ ਤਹਿਤ ਕਰਵਾਇਆ। ਉਸ ਤੋਂ ਬਾਅਦ ਬਾਬਾ ਕਾਹਨ ਸਿੰਘ ਅਧੀਨ ਗੁਰਦੁਆਰਿਆਂ 'ਤੇ ਕਬਜ਼ਾ ਕੀਤਾ। ਇਸਦਾ ਅਸਲੀ ਨਾਮ ਜਸਵਿੰਦਰ ਸਿੰਘ ਉਰਫ ਗੁੱਡੂ ਫਾਈਟਰ ਪੁੱਤਰ ਨਾਹਰ ਸਿੰਘ ਹੈ। ਇਸ ਨੇ ਪਿੰਡ ਪੂਹਲਾ ਵਿਖੇ ਭਾਈ ਤਾਰੂ ਸਿੰਘ ਦੇ ਅਸਥਾਨ 'ਤੇ ਨਾਜਾਇਜ਼ ਕਬਜਾ ਕੀਤਾ ਸੀ ਅਤੇ ਉਥੇ ਆਪਣਾ ਨਾਂ ਬਦਲ ਕੇ ਅਜੀਤ ਸਿੰਘ ਰੱਖ ਲਿਆ। ਉਸ ਤੋਂ ਬਾਅਦ

ਇਹ ਪੁਲੀਸ ਦਾ ਕੈਟ ਬਣ ਗਿਆ। ਕਾਫ਼ੀ ਨੌਜਵਾਨਾਂ 'ਤੇ ਤਸ਼ੱਦਦ ਕਰਵਾਇਆ ਅਤੇ ਕਈ ਕਤਲ ਕਰਵਾਏ। ਇਸ ਖਿਲਾਫ਼ ਜ਼ਿਲ੍ਹਾ ਨਵਾਂ ਸ਼ਹਿਰ ਥਾਣਾ ਬੰਗਾ 'ਚ ਐਫ.ਆਈ.ਆਰ. ਨੰਬਰ 152, 2002 ਕਤਲ ਕੇਸ 302 34IPC ਤਹਿਤ ਅਤੇ ਲੁਧਿਆਣਾ ਜ਼ਿਲ੍ਹੇ ਵਿਚ ਥਾਣਾ ਕੋਤਵਾਲੀ ਐਫ.ਆਈ.ਆਰ. ਨੰਬਰ 250, 1980 ਵਿਚ ਧਾਰਾ 307, 145, 149 ਤਹਿਤ ਪੁਲੀਸ ਜ਼ਿਲ੍ਹਾ ਤਰਨਤਾਰਨ ਦੇ P.S. ਭਿੱਖੀਵਿੰਡ ਵਿਚ ਨਿਹੰਗ ਜੱਸਾ ਸਿੰਘ ਪਿੰਡ ਵਰਮਾਲ ਕਤਲ ਕੇਸ FIR 5/2004 ਅਤੇ ਨਾਗੋ ਸ਼ਰਮਾ ਅਗਵਾ ਕੇਸ FIR169 ਸੰਨ 2003 ਦਰਜ ਹੈ ਅਤੇ ਪੱਟੀ ਦੀ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਹੋਇਆ ਹੈ। ਪਹਿਲਾਂ ਇਸ 'ਤੇ ਇਸ ਕਰਕੇ ਕਾਰਵਾਈ ਨਹੀਂ ਹੋਈ ਕਿ ਇਸਦੇ ਉੱਚ ਅਫ਼ਸਰਾਂ ਨਾਲ ਸੰਬੰਧ ਸਨ। ਪੂਹਲਾ ਐਕਸ਼ਨ ਕਮੇਟੀ ਕੋਲ ਇਕ ਇਸਦੀ ਤਸਵੀਰ ਵੀ ਹੈ ਜਿਸ ਵਿਚ ਇਹ ਇਕ ਮੰਤਰੀ ਦੇ ਲੜਕੇ ਦੇ ਵਿਆਹ 'ਤੇ ਕਲਾਕਾਰਾਂ ਨਾਲ ਨੱਚ ਰਿਹਾ ਹੈ।

ਇਹ ਕਈ ਸਾਲਾਂ ਤੋਂ ਆਪਣੇ ਡੇਰੇ ਵਿਚ ਚੰਮਦੀਆਂ ਚਲਾ ਰਿਹਾ ਸੀ। ਗੁਰਦੁਆਰਾ ਭਾਈ ਤਾਰੂ ਸਿੰਘ ਤੋਂ ਇਸਦਾ ਕਬਜ਼ਾ ਛੱਡਵਾ ਲਿਆ ਹੈ। ਇਹੀ ਇਸਦਾ ਹੈੱਡ ਕੁਆਟਰ ਸੀ। ਹੁਣ ਇਹ ਲੁਧਿਆਣਾ ਜੇਲ੍ਹ ਵਿਚ ਬੰਦ ਹੈ। ਕਰਨਲ ਸੰਧੂ ਨੇ ਦੱਸਿਆ ਕਿ ਪੰਜਾਬ ਦੇ ਹੋਰਨਾਂ ਇਲਾਕਿਆਂ ਵਿਚੋਂ ਪੂਹਲਾ ਵੱਲੋਂ ਕੀਤੇ ਨਾਜਾਇਜ਼ ਕਬਜ਼ੇ ਹਟਾਏ ਜਾਣਗੇ।

## ਕੁਝ ਜਥੇਦਾਰਾਂ ਬਾਰੇ

ਗਿਆਨੀ ਪੂਰਨ ਸਿੰਘ ਜੋ ਸਿੱਖ ਕੌਮ ਦੀ ਬਦਕਿਸਮਤੀ ਕਾਰਨ ਕੁਝ ਚਿਰ ਅਕਾਲ ਤਖ਼ਤ ਦਾ ਜਥੇਦਾਰ ਵੀ ਰਿਹਾ। ਇਸਦੇ ਬਾਰੇ ਲਿਖਤੀ ਸਬੂਤ ਫੋਟੋਆਂ ਸਮੇਤ ਪੁਸਤਕ ਦੇ ਪਹਿਲੇ ਭਾਗ ਵਿਚ ਦੇ ਚੁੱਕੇ ਹਾਂ ਕਿ ਕਿਵੇਂ ਇਸ ਨੇ ਅਕਾਲ ਤਖ਼ਤ ਦਾ ਜਥੇਦਾਰ ਹੁੰਦਿਆਂ ਹੋਇਆਂ R.S.S. ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕੀਤੀ। ਸਿੱਖਾਂ ਨੂੰ ਲਵ-ਕੁਸ਼ ਦੀ ਔਲਾਦ ਆਖਿਆ। R.S.S. ਦੇ ਕਹੇ ਨਾਨਕਸ਼ਾਹੀ ਕੈਲੰਡਰ ਦਾ ਡੱਟ ਕੇ ਵਿਰੋਧ ਕੀਤਾ। ਕੈਲੰਡਰ ਦੇ ਹੱਕ ਵਾਲਿਆਂ ਨੂੰ ਮੱਧ ਪ੍ਰਦੇਸ਼ (R.S.S. ਦੇ ਹੈੱਡਕੁਆਟਰ) ਤੋਂ ਫੈਕਸ ਭੇਜ ਕੇ ਪੰਥ ਵਿਚੋਂ ਛੇਕਿਆ। ਅਠਾਰ੍ਹਵੀਂ ਸਦੀ ਵਿਚ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਹੋਰਾਂ ਨੇ ਪੱਥਰ ਦੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚੋਂ ਚੁੱਕਵਾਈਆਂ ਸਨ। ਹੁਣ ਕਾਫ਼ੀ ਚਿਰ ਤੋਂ ਇਹ ਪੂਰਨ ਸਿੰਘ ਮਾਸ ਦੀ ਮੂਰਤੀ ਇਥੇ ਲੱਗੀ ਰਹੀ। ਹੁਣ ਬੀਬੀ ਜਾਗੀਰ ਕੌਰ ਨੇ ਇਹ ਮੂਰਤੀ ਹਰਿਮੰਦਰ ਸਾਹਿਬ ਵਿਚੋਂ ਬਾਹਰ ਕੱਢ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਇਹ ਪੂਰਨ ਸਿੰਘ ਕੇਵਲ

ਤੇ ਕੇਵਲ ਹਿੰਦੂ ਮੱਤ ਦਾ ਪ੍ਰਚਾਰਕ ਹੈ। ਕਥਾ ਦੌਰਾਨ ਇਹ ਸ਼ਿਵ ਜੀ, ਪਾਰਬਤੀ, ਬਾਲਮੀਕ, ਮਾਰਕੰਡੇ ਰਿਖੀ ਅਤੇ ਸ਼ਿਵਲਿੰਗ, ਮਹਾਂਭਾਰਤ, ਰਮਾਇਣ ਦੀਆਂ ਕਹਾਣੀਆਂ ਸੁਣਾਉਂਦਾ ਹੈ। ਗੁਰਮਤਿ, ਸਿੱਖ ਮੱਤ ਦੀ ਗੱਲ ਕਰਨ ਵਾਲਿਆਂ ਨੂੰ ਇਹ ਨਾਸਤਿਕ ਕਹਿੰਦਾ ਹੈ। ਸਿੱਖ ਰਹਿਤ ਮਰਯਾਦਾ ਅਤੇ ਸਿੱਖ ਸਿਧਾਂਤਾਂ ਦਾ ਇਹ ਮਖੌਲ ਉਡਾਉਂਦਾ ਹੈ। ਇਸ ਨੂੰ ਕੌਣ ਦੱਸੇ ਕਿ ਸਿੱਖ ਇਤਿਹਾਸ ਨੂੰ ਤੁਸੀਂ R.S.S. ਨਾਲ ਮਿਲ ਕੇ ਕਲੰਕਤ ਕਰ ਰਹੇ ਹੋ ਨਾ ਕਿ ਖੋਜੀ ਸਿੱਖ ਵਿਦਵਾਨ।

## ਭਾਈ ਇਕਬਾਲ ਸਿੰਘ ਜਥੇਦਾਰ ਤਖ਼ਤ ਪਟਨਾ ਸਾਹਿਬ (ਬਿਹਾਰ)

ਕੀ ਕਹਿੰਦੇ ਹਨ ਇਹ ਜਥੇਦਾਰ ਲਓ ਸੁਣੋ—ਖ਼ਾਲਸੇ ਦਾ ਜਨਮ ਅਸਥਾਨ ਪਟਨਾ ਹੈ ਨਾ ਕਿ ਅਨੰਦਪੁਰ। ਸਿੱਖਾਂ ਦਾ ਪਹਿਲਾ ਤਖ਼ਤ ਪਟਨਾ ਹੈ ਅਕਾਲ ਤਖ਼ਤ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਪਣੀ ਤਸਵੀਰ ਬਣਵਾ ਕੇ ਪਟਨਾ ਵਿਖੇ ਭੇਜੀ ਜੋ ਅੱਜ ਵੀ ਉਥੇ ਮੌਜੂਦ ਹੈ। ਦਸ ਪਾਤਸ਼ਾਹੀਆਂ ਹੀ ਅਕਾਲ ਪੁਰਖ ਹਨ।

ਗੁਰੂ ਅਰਜਨ ਦੇਵ ਜੀ ਨੇ ਗੱਦੀ ਉੱਤੇ ਬੈਠਣ ਸਮੇਂ ਬਚਨ ਕੀਤੇ। ਜਦ ਤਕ ਗੁਰਿਆਈ ਮੇਰੇ ਕੋਲ ਰਹੇਗੀ, ਗੋਇੰਦਵਾਲ ਵਿਚ ਜਮ ਨਹੀਂ ਆਵੇਗਾ। ਗੁਰੂ ਜੀ 25 ਸਾਲ ਗੁਰਗੱਦੀ 'ਤੇ ਬਿਰਾਜਮਾਨ ਰਹੇ ਜਿਸ ਦੌਰਾਨ ਗੋਇੰਦਵਾਲ ਵਿਖੇ ਕੋਈ ਨਾ ਮਰਿਆ।

ਗੁਰੂ ਤੇਗ਼ ਬਹਾਦਰ ਜੀ ਨੇ ਇਕ ਦੈਂਤ ਨੂੰ ਮਾਰ ਕੇ ਮਾਖੋਵਾਲ (ਅਨੰਦਪੁਰ) ਵਸਾਇਆ ਸੀ।

ਇਸ ਜਥੇਦਾਰ ਨੇ ਸਿੱਖ ਮਿਸ਼ਨਰੀਆਂ 'ਤੇ ਵੀ ਕਿੰਤੂ ਕੀਤਾ ਹੈ। ਜਦ ਕਿ ਮਿਸ਼ਨਰੀ ਵੀਰ/ਭੈਣਾਂ ਬੜੀ ਹੀ ਨਿਸ਼ਠਾ ਅਤੇ ਲਗਨ ਨਾਲ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਲੱਗੇ ਹੋਏ ਹਨ ਅਤੇ ਇਹੀ ਉਹਨਾਂ ਦੀ ਗੁਰਮਤਿ ਪ੍ਰਤੀ ਪ੍ਰੇਮ ਅਤੇ ਦ੍ਰਿੜਤਾ ਦਾ ਹੀ ਨਤੀਜਾ ਹੈ ਕਿ ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿਚ ਸਿੱਖੀ ਹੁਣ ਤਕ ਕਾਇਮ ਹੈ।

ਇਹ ਜਥੇਦਾਰ ਗੁਰਮਤਿ ਪ੍ਰਤੀ ਕਿੰਨਾ ਕੁ ਗਿਆਨ ਰੱਖਦੇ ਹਨ। ਉਕਤ ਵਿਚਾਰਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਹ ਆਪਸ ਵਿਚ ਇਕ ਦੂਜੇ ਤੋਂ ਆਪਣੇ ਆਪ ਨੂੰ ਵੱਡਾ ਸਿੱਧ ਕਰਨ 'ਤੇ ਸਾਰਾ ਜ਼ੋਰ ਲਾ ਰਹੇ ਹਨ। ਜਿਹੜੇ ਅਸਲ ਵਿਚ ਪੰਥ ਦੋਖੀ ਹਨ।

ਡੇਰਾਵਾਦ ਸਾਧ ਵਾਧੇ ਨੂੰ ਖਤਮ ਕਰਨ ਦੀ ਬਜਾਏ ਇਹ ਡੇਰੇਦਾਰਾਂ ਨੂੰ ਸਿੰਘ ਸਾਹਿਬਾਂ ਦੀਆਂ ਪਦਵੀਆਂ ਨਾਲ ਨਿਵਾਜ ਰਹੇ ਹਨ। ਇਸੇ ਜਥੇਦਾਰ ਨੇ ਮਿਤੀ 25-12-98 ਪੋਹ ਸੁਦੀ ਸਤਵੀਂ ਨੂੰ ਬਾਬਾ ਗੁਰਬਚਨ ਸਿੰਘ ਅੰਮ੍ਰਿਤਸਰ ਵਾਲੇ

ਨੂੰ ਸ੍ਰੀ ਸਿੰਘ ਸਾਹਿਬ ਦੀ ਉਪਾਧੀ ਦਿੱਤੀ। ਸ਼੍ਰੋਮਣੀ ਕਮੇਟੀ ਪ੍ਰਧਾਨਾਂ ਨੇ ਵੀ ਕਈ ਵਾਰੀ ਅਖ਼ਬਾਰਾਂ ਵਿਚ ਬਿਆਨ ਦੇ ਕੇ ਕਿਹਾ ਹੈ ਕਿ ਡੇਰਾਵਾਦ ਪੰਥ ਵਾਸਤੇ ਨੁਕਸਾਨ ਦੇਹ। ਪਰ ਇਹਨਾਂ ਜਥੇਦਾਰਾਂ ਉੱਤੇ ਕੋਈ ਅਸਰ ਨਹੀਂ ਹੈ।

## ਧਰਮ ਪ੍ਰਚਾਰ ਕਮੇਟੀ ਦੀ ਅਗਿਆਨਤਾ ਕਿ ਗੋਲਕ ਦਾ ਮੋਹ

ਧਰਮ ਪ੍ਰਚਾਰ ਕਮੇਟੀ ਤੋਂ 10 ਸਵਾਲਾਂ ਦੇ ਉੱਤਰ ਮੰਗੇ ਜੋ ਸਾਢੇ ਚਾਰ ਮਹੀਨੇ ਦੇ ਲੰਮੇ ਸਮੇਂ ਤੋਂ ਉਪਰੰਤ, ਉਨ੍ਹਾਂ ਸਵਾਲਾਂ ਦੇ ਜਵਾਬ, ਧਰਮ ਪ੍ਰਚਾਰ ਕਮੇਟੀ ਦੇ ਲੈਟਰ-ਪੈਡ 'ਤੇ ਲਿਖੇ ਹੋਏ ਮਿਲੇ।

ਮੇਰੇ ਵਜੋਂ ਭੇਜੇ ਗਏ ਦਸ ਸਵਾਲ ਅਤੇ ਉੱਚ ਪਧਰੀ ਧਾਰਮਕ ਕਮੇਟੀ ਵੱਲੋਂ ਦਿੱਤੇ ਗਏ ਜਵਾਬ, ਸਪੋਕਸਮੈਨ ਦੇ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਨ ਦੀ ਆਗਿਆ ਚਾਹਾਂਗਾ :

1. ਮੂਲ ਮੰਤਰ ਕਿਥੋਂ ਤੀਕ ਹੈ—ਗੁਰਪ੍ਰਸਾਦਿ ਤਕ ਜਾਂ ਨਾਨਕ ਹੋਸੀ ਭੀ ਸਚੁ ਤਕ ?

2. ਅਰਦਾਸ ਵਿਚ "ਦਾਨਾ ਸਿਰ ਦਾਨ" ਨਾਮ ਦਾਨ ਹੀ ਹੈ, ਜਾਂ ਫਿਰ ਕੇਸ ਦਾਨ ਜਾਂ ਰਹਿਤਦਾਨ ਵੀ ਹੋ ਸਕਦਾ ਹੈ ਜਿਹਾ ਕਿ ਬਹੁਤ ਸਾਰੇ ਅਰਦਾਸੀਏ ਕਹਿੰਦੇ ਸੁਣੇ ਗਏ ਹਨ ?

3. ਕੀ ਭਗਤ ਧੰਨਾ ਜੀ ਨੇ ਠਾਕਰ ਵਿਚੋਂ ਭਗਵਾਨ (ਵਾਹਿਗੁਰੂ) ਨੂੰ ਪਾਇਆ ਸੀ ਜਾਂ ਨਾਮ ਦੇ ਲੜ ਲੱਗ ਕੇ ?

4. ਗੁਰ-ਸ਼ਬਦ ਦੀ ਵਿਚਾਰ ਜਾਂ ਕਥਾ ਕਰਦਿਆਂ, ਮਿਥਹਾਸਕ ਕਥਾਵਾਂ ਜਾਂ ਮਨ-ਘੜਤ ਕਹਾਣੀਆਂ ਸੁਣਾਉਣੀਆਂ ਕਿਥੋਂ ਤੀਕ ਉਚਿਤ ਹਨ ?

5. ਕੀ ਗੁਰਮਤਿ ਅਨੁਸਾਰ ਸੰਗਰਾਂਦ, ਮਸਾਂਤ, ਪੂਰਨਮਾਸ਼ੀ, ਇਕਾਦਸੀ, ਦੁਆਦਸੀ ਆਦਿ ਪੁਰਬ ਮਨਾਉਣੇ ਉਚਿਤ ਹਨ ?

6. ਕੜਾਹ ਪ੍ਰਸ਼ਾਦ ਵਿਚ ਕਿਰਪਾਨ ਭੇਟ ਕਰ ਕੇ ਪ੍ਰਵਾਨਗੀ ਲਈ ਜਾਂਦੀ ਹੈ ਜਾਂ ਭੋਗ ਲੁਆਇਆ ਜਾਂਦਾ ਹੈ।

7. ਕੀ ਗੁਰ-ਸਿੱਖ ਨਰਕ, ਸੁਰਗ ਵਿਚ ਵਿਸ਼ਵਾਸ ਰੱਖਦਾ ਹੈ ? ਸਰੀਰ ਤਿਆਗ ਕੇ ਕੀ ਗੁਰਸਿੱਖ ਵਾਹਿਗੁਰੂ ਦੇ ਚਰਨਾਂ ਵਿਚ ਨਿਵਾਸ ਪਾਉਂਦਾ ਹੈ ਜਾਂ ਸਵਰਗ ਵਿਚ।

8. ਸ੍ਰੀ ਅਖੰਡ ਪਾਠ ਦੇ ਨਾਲ ਪੋਥੀ ਪਾਠ ਕਰਨਾ ਕਿਥੋਂ ਤੀਕ ਉਚਿਤ ਹੈ ?

9. ਕੀ ਪਾਠ ਦੇ ਲਾਗੇ ਰੱਖਿਆ ਹੋਇਆ ਜਲ ਅੰਮ੍ਰਿਤ ਬਣ ਜਾਂਦਾ ਹੈ ?

10. ਅਖੰਡ ਪਾਠ ਸਮੇਂ "ਮਧ ਦੇ ਭੋਗ" ਦੀ ਕੀ ਮਹਾਨਤਾ ਹੈ ?

ਇਨ੍ਹਾਂ ਸਵਾਲਾਂ ਦੇ ਜਵਾਬ ਉਸ ਕਮੇਟੀ ਵੱਲੋਂ ਮਿਲੇ, ਜਿਸ ਦੇ ਜ਼ਿੰਮੇ ਧਰਮ

ਪ੍ਰਚਾਰ ਕਰਨਾ ਤੇ ਗੁਰਮਤਿ ਸਿਧਾਂਤ ਦੀ ਵਿਆਖਿਆ ਕਰ ਕੇ ਸੰਗਤ ਨੂੰ ਸੇਧ ਦੇਣਾ ਹੈ। ਉਸ ਵੱਲੋਂ ਸੁਆਲਾਂ ਦੇ ਜਵਾਬ ਇਸ ਪ੍ਰਕਾਰ ਹਨ :

• ਮੂਲ ਮੰਤਰ ਜੇਕਰ "ਨਾਨਕ ਹੋਸੀ ਭੀ ਸੱਚ" ਤਕ ਪੜ੍ਹ ਲਿਆ ਜਾਏ ਤਾਂ ਕੀ ਹਰਜ਼ ਹੈ ? ਇਹ ਸਾਰੀ ਗੁਰਬਾਣੀ ਹੀ ਤਾਂ ਹੈ ਜੋ ਸਤਿਗੁਰਾਂ ਦੀ ਉਚਾਰੀ ਹੋਈ ਹੈ।

• ਭਗਤ ਧੰਨਾ ਜੀ ਨੇ ਠਾਕਰ (ਪੱਥਰ) ਵਿਚੋਂ ਅਕਾਲ-ਪੁਰਖ ਦੀ ਪ੍ਰਾਪਤੀ ਕੀਤੀ। ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਆਪਣੀ ਵਾਰ ਨੰ. 10 ਪਉੜੀ ਨੰ. 13 ਵਿਚ ਗਵਾਹੀ ਦਿੰਦੇ ਹਨ। ਕੀ ਉਹ ਝੂਠ ਬੋਲਦੇ ਹਨ ?

• ਗੁਰੂ ਸ਼ਬਦ ਦੀ ਵਿਆਖਿਆ ਕਰਦੇ ਹੋਏ ਮਿਥਿਹਾਸਕ ਕਥਾ ਕਹਾਣੀਆਂ ਦਾ ਸਹਾਰਾ ਲੈਣਾ ਕੋਈ ਗ਼ਲਤ ਗੱਲ ਨਹੀਂ।

• ਸੰਗਰਾਂਦ ਅਤੇ ਪੂਰਨਮਾਸ਼ੀ, ਮੱਸਿਆ ਆਦਿ ਇਤਿਹਾਸਕ ਗੁਰੂ ਘਰਾਂ ਵਿਚ ਸਦੀਆਂ ਤੋਂ ਗੁਰਸਿੱਖ ਮਨਾਉਂਦੇ ਆਏ ਹਨ। ਗੁਰਬਾਣੀ ਦਾ ਆਸਰਾ ਲੈਣਾ ਕੋਈ ਗ਼ਲਤ ਨਹੀਂ।

• ਕ੍ਰਿਪਾਨ ਭੇਟ ਕਰਨ ਸਮੇਂ ਭੋਗ ਲਵਾਉਣ ਸੰਬੰਧੀ ਗੁਰਬਾਣੀ ਦੀ ਤੁਕ ਹੈ। "ਕਰੀ ਪਾਕਸਾਲ ਸੋਚ ਪਵਿਤ੍ਰਾ, ਹੁਣਿ ਲਾਵਹੁ ਭੋਗੁ ਹਰਿ ਰਾਏ।"

• ਪੋਥੀ ਪਾਠ ਵੀ ਤਾਂ ਗੁਰਬਾਣੀ ਦਾ ਹੀ ਪਾਠ ਹੈ। ਗੁਰਬਾਣੀ ਪੜ੍ਹਨ ਵਿਚ ਕੀ ਹਰਜ ਹੈ ?

• ਜੇਕਰ ਤੁਸੀਂ ਬਾਣੀ ਦੀ ਸ਼ਕਤੀ ਵਿਚ ਵਿਸ਼ਵਾਸ ਰੱਖਦੇ ਹੋ ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੁਰਬਾਣੀ ਪਸ਼ੂ, ਪੰਛੀ ਚਰਿੰਦ ਪਰਿੰਦ, ਇਥੋਂ ਤਕ ਕਿ ਪੱਥਰਾਂ 'ਤੇ ਵੀ ਅਸਰ ਕਰਦੀ ਹੈ। ਸੋ ਜਲ ਵੀ ਪ੍ਰਭਾਵਤ ਹੁੰਦਾ ਹੈ।

• ਮੱਧ ਦੇ ਭੋਗ ਵਾਲੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਨੇ ਇਹ ਤੁਕ ਲਿਖੀ—"ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸ਼ਰਹਿ।"

ਇਕ ਜ਼ਿੰਮੇਵਾਰ ਸੰਸਥਾ ਜਿਸ ਦੀ ਜ਼ਿੰਮੇਵਾਰੀ ਸਿੱਖ ਸੰਗਤ ਨੂੰ ਸੇਧ ਦੇਣਾ ਹੈ, ਉਸ ਵੱਲੋਂ ਇਹ ਜਵਾਬ ਸੁਣ ਕੇ ਨਾ ਕੇਵਲ ਹੈਰਾਨੀ ਹੀ ਹੁੰਦੀ ਹੈ ਸਗੋਂ ਦੁੱਖ ਵੀ ਹੁੰਦਾ ਹੈ। ਸਿੱਖ ਸੰਗਤ ਸੇਧ ਕਿੱਥੋਂ ਲਵੇ, ਇਹ ਸਵਾਲ ਜਵਾਬ ਦੀ ਮੰਗ ਕਰਦਾ ਹੈ।

## ਕੁਝ ਹੱਡ ਬੀਤੀਆਂ/ਜੱਗ ਬੀਤੀਆਂ

ਕੁਝ ਸਮਾਂ ਪਹਿਲਾਂ ਪਿੰਡ ਕਸੇਲ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਬੜੇ ਧੂਮ-ਧੜੱਕੇ ਨਾਲ ਮਨਾਇਆ ਗਿਆ। ਇਹ ਤਿੰਨ ਦਿਨਾਂ ਸਮਾਗਮ **ਬਾਬਾ ਦਇਆ ਸਿੰਘ ਸੁਰ ਸਿੰਘ** ਵਾਲਿਆਂ ਦੀ ਅਗ਼ਵਾਈ ਹੇਠ

ਕੀਤਾ ਗਿਆ। ਪਹਿਲੇ ਦਿਨ ਦਲ ਵੱਲੋਂ ਤਿਆਰ ਕੀਤੀ ਗਈ ਸਪੈਸ਼ਲ ਬੱਸ ਵਿਚ ਇਕੋ ਸਮੇਂ ਸ੍ਰੀ "ਗੁਰੂ ਗ੍ਰੰਥ ਸਾਹਿਬ ਜੀ" ਜਪੁਜੀ ਸਾਹਿਬ, ਦਸਮ ਗ੍ਰੰਥ ਪੜ੍ਹਨ ਵਾਲਾ ਸਿੰਘ ਥੋੜ੍ਹੀ-ਥੋੜ੍ਹੀ ਦੇਰ ਬਾਅਦ ਇਕ ਟੱਲੀ (ਘੰਟੀ) ਵਜਾਉਂਦਾ ਅਤੇ ਟੱਲੀ ਵੱਜਣ 'ਤੇ ਦੀਵਾਨ ਵਿਚ ਬੈਠਾ ਇਕ ਸਿੰਘ ਗੰਨਾ ਵੱਢ ਕੇ ਜਾਂ ਨਾਰੀਅਲ ਭੰਨ ਕੇ ਬਲੀ ਦਿੰਦਾ। ਇਹ ਸਿਲਸਿਲਾ ਤਿੰਨ ਦਿਨ ਚਲਦਾ ਰਿਹਾ। ਇਸ ਤਰ੍ਹਾਂ ਜਿੱਥੇ "ਗੁਰੂ ਗ੍ਰੰਥ ਸਾਹਿਬ" ਦੇ ਬਰਾਬਰ ਹੋਰ ਪੋਥੀਆਂ ਪ੍ਰਕਾਸ਼ ਕਰਕੇ ਗੁਰਬਾਣੀ ਦੀ ਨਿਰਾਦਰੀ ਕੀਤੀ ਗਈ। ਉਥੇ ਬਲੀ ਦੇ ਕੇ ਗੁਰਮਤਿ ਸਿਧਾਤਾਂ ਦੀ ਘੋਰ ਉਲੰਘਣਾ ਕੀਤੀ ਗਈ।

ਪਰ ਦੂਸਰੇ ਦਿਨ ਇਹਨਾਂ ਸਿੰਘਾਂ ਨੇ ਇਕ ਹੋਰ ਕਾਰਨਾਮਾ ਸਰ-ਅੰਜਾਮ ਦੇ ਦਿੱਤਾ। ਦੂਸਰੇ ਦਿਨ ਇਕ ਨਗਰ ਕੀਰਤਨ ਕੱਢਿਆ ਗਿਆ। ਨਗਰ ਕੀਰਤਨ ਦੀ ਅਰੰਭਤਾ ਵੇਲੇ ਪੰਜ ਪਿਆਰਿਆਂ ਨੂੰ ਤਿਆਰ ਹੋਣ ਦਾ ਸੱਦਾ ਦਿੱਤਾ ਗਿਆ। ਪਿੰਡ ਦੇ ਪੰਜ ਸਿੰਘ ਖ਼ਾਲਸਾਈ ਵਰਦੀ ਪਾ ਕੇ ਤਿਆਰ ਹੋ ਗਏ। ਇਹਨਾਂ ਵਿਚ ਇਕ ਮਜ਼੍ਹਬੀ ਸਿੰਘਾਂ ਨਾਲ ਸੰਬੰਧਤ ਸੀ। ਪਰ ਸਮਾਗਮ ਦੇ ਮੁੱਖ ਪ੍ਰਬੰਧਕ ਨੇ ਇਸ ਸਿੰਘ ਨੂੰ ਕਹਿ ਦਿੱਤਾ ਕਿ ਮਜ਼੍ਹਬੀ ਸਿੰਘ ਪੰਜ ਪਿਆਰੇ ਨਹੀਂ ਬਣ ਸਕਦੇ। ਤੂੰ ਵਰਦੀ ਲਾਹ ਦੇ। ਉਸਨੇ ਵਰਦੀ ਲਾਹ ਦਿੱਤੀ। ਧੰਨ ਨੇ ਇਹ ਸਾਡੀ ਕੌਮ ਦੇ ਸੰਤ ਅਤੇ ਧੰਨ ਹਨ ਇਹਨਾਂ ਦੇ ਚੇਲੇ।

ਜਦੋਂ ਅਸੀਂ ਗੁਰੂ ਤੇਗ਼ ਬਹਾਦਰ ਜੀ ਦੀ ਗੱਲ ਕਰਦੇ ਹਾਂ ਤਾਂ ਨਾਲ ਹੀ ਜਿਸ ਭਾਈ ਜੈਤਾ (ਭਾ. ਜੀਵਨ ਸਿੰਘ) ਨੇ ਮਹਾਰਾਜ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲਿਆਂਦਾ ਵਡਮੁੱਲੀ ਦੇਣ ਹੈ।

ਇਹਨਾਂ ਦਲ ਵਾਲਿਆਂ ਨੇ ਇਕ ਅੰਮ੍ਰਿਤਧਾਰੀ ਸਿੰਘ ਨੂੰ ਸਾਸ੍ਰੀ ਕਹਿ ਕੇ ਬੱਸ ਵਿਚ ਚੜ੍ਹਨ ਤੋਂ ਰੋਕ ਦਿੱਤਾ। ਇਹ ਧਰਮ ਦੇ ਠੇਕੇਦਾਰ ਇਹ ਨਹੀਂ ਜਾਣਦੇ ਕਿ ਜਦੋਂ ਕੋਈ ਵੀ ਸਿੰਘ ਸੱਜ ਜਾਵੇ ਤਾਂ ਉਸਦੀ ਜਾਤ-ਵਰਣ ਨਹੀਂ ਰਹਿੰਦੀ। ਅੰਮ੍ਰਿਤ ਛਕਣ ਵੇਲੇ ਇਹੋ ਹਦਾਇਤ ਕੀਤੀ ਜਾਂਦੀ ਹੈ ਕਿ ਅੱਜ ਤੋਂ ਤੁਹਾਡਾ ਪਿਤਾ ਗੁਰੂ ਗੋਬਿੰਦ ਸਿੰਘ ਮਾਤਾ ਸਾਹਿਬ ਕੌਰ ਜੀ ਹਨ। ਵਾਸੀ ਅਨੰਦਪੁਰ ਦੇ ਹੋ। ਸਿੱਟਾ ਇਹ ਹੈ ਕਿ ਇਹ ਧਰਮ ਦੇ ਠੇਕੇਦਾਰ, ਦਸਵੇਂ ਪਾਤਸ਼ਾਹ ਦੇ ਪੁੱਤਰਾਂ ਦਾ ਹੀ ਨਿਰਾਦਰ ਕਰ ਰਹੇ ਹਨ। ਇਹ ਅੰਮ੍ਰਿਤ ਵੀ ਵੱਖਰਾ ਛਕਾਉਂਦੇ ਹਨ।

ਇਸ ਤਰ੍ਹਾਂ ਇਸ ਮਹਾਨ ਗੁਰਮਤਿ ਸਮਾਗਮ ਵਿਚ ਕੁਝ ਵੀ ਵਿਚਾਰਿਆ ਸਮਝਿਆ, ਪ੍ਰਾਪਤੀ ਕੋਈ ਨਾ ਹੋਈ। ਆਖ਼ਰੀ ਦਿਨ ਗਿਆਰ੍ਹਾਂ ਬੱਕਰਿਆਂ ਦੀ ਬਲੀ ਦੇਣ ਤੋਂ ਜਿਹੜਾ ਡਲਿਆਂ ਦਾ ਲੰਗਰ ਤਿਆਰ ਹੋਇਆ। ਇਸ 'ਪਵਿੱਤਰ ਲੰਗਰ' ਦੇ ਨਾਲ ਹੀ ਇਹ ਸਮਾਗਮ ਬੜੇ ਧੂਮ ਧੜੱਕੇ ਨਾਲ ਆਪਣੇ ਅੰਜਾਮ ਨੂੰ ਪੁੱਜਾ।

ਅਜਿਹੇ ਹਾਲਾਤ ਵਿਚ ਗੁਰਮਤਿ ਤਾਂ ਇਹੀ ਸੋਚਦੀ ਹੋਵੇਗੀ (ਏਕ ਚਾਕ ਹੈ ਤੋ ਸੀਂਲੂ ਗਰੇਬਾਨ ਅਪਨਾ, ਜਾਲਿਮ ਨੇ ਫਾੜ ਡਾਲਾ ਹੈ ਤਾਰ ਤਾਰ ਕਰਕੇ।)

## ਪਹੁੰਚਿਆ ਹੋਇਆ ਬਾਬਾ

ਕੁਝ ਕੁ ਦਿਨ ਪਹਿਲਾਂ ਮੈਂ ਇਕ ਅਖੌਤੀ ਬਾਬੇ ਬਾਰੇ ਸੁਣਿਆ। ਸੁਣ ਕੇ ਹੈਰਾਨ ਰਹਿ ਗਿਆ। ਇਹ ਬਾਬਾ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਲਾਨੌਰ ਤੋਂ 4 ਕੁ ਕਿਲੋਮੀਟਰ ਦੂਰ ਇਕ ਪਿੰਡ ਵਿਚ ਆਪਣੀ ਲਹਿਰ ਚਲਾ ਰਿਹਾ ਹੈ। ਇਹ ਬਾਬਾ ਕੋਈ ਆਦਮੀ ਨਹੀਂ ਬਲਕਿ ਇਕ ਔਰਤ ਹੈ। ਜੋ ਕੋਰੀ ਅਨਪੜ੍ਹ ਹੈ। ਬਾਬਾ ਅਖਵਾਉਂਦੀ ਹੈ। ਉਹ ਕਹਿੰਦੀ ਹੈ ਕਿ ਮੈਨੂੰ "ਗੁਰੂ ਗੋਬਿੰਦ ਸਿੰਘ" ਦਾ ਪਹਿਰਾ ਆਉਂਦਾ ਹੈ। ਉਹ ਦਰਸ਼ਨ ਦਿੰਦੇ ਹਨ। ਇਹ ਵੀ ਕਹਿੰਦੀ ਹੈ ਕਿ ਮੈਨੂੰ ਪਾਠ ਕਰਨ ਦੀ ਕੋਈ ਲੋੜ ਨਹੀਂ ਗ੍ਰੰਥ ਸਾਹਿਬ ਮੇਰੇ ਹੱਥਾਂ ਵਿਚੋਂ ਦਿਸਦਾ ਹੈ। ਪੜ੍ਹੇ ਲਿਖੇ ਲੋਕ ਵੀ ਇਹਨੇ ਮੂਰਖ ਬਣਾਏ ਹੋਏ ਹਨ। ਉਹ ਲੋਕ ਇਸ ਬੀਬੀ ਨੂੰ ਦਸਵੇਂ ਪਾਤਸ਼ਾਹ ਦਾ ਅਵਤਾਰ ਮੰਨ ਰਹੇ ਹਨ। ਐਸੇ ਬਾਬਿਆਂ ਦੇ ਪਾਜ ਖੋਲ੍ਹ ਕੇ ਲੋਕਾਂ ਸਾਹਮਣੇ ਲਿਆਉਣ ਦੀ ਜ਼ਰੂਰਤ ਹੈ।

## ਦਰਖ਼ਤਾਂ ਦੇ ਪੱਤੇ ਪ੍ਰਸ਼ਾਦ ਦੇਣ ਵਾਲਾ ਬਾਬਾ

ਬਾਘਾ ਪੁਰਾਣਾ ਤੋਂ ਮੋਗੇ ਵੱਲ ਜਾਂਦਿਆਂ ਰੋਡ 'ਤੇ ਇਕ ਸਾਧ ਦਾ ਡੇਰਾ ਹੈ। ਇਹ ਬਾਬਾ ਗੋਲ ਕੇਸਰੀ ਪੱਗ ਬੰਨ੍ਹਦਾ ਹੈ ਅਤੇ ਗਾਤਰਾ ਕ੍ਰਿਪਾਨ ਉੱਤੋਂ ਦੀ ਪਾ ਕੇ ਸਿੱਖੀ ਬਾਣੇ ਵਿਚ ਹੀ ਸਿੱਖੀ ਨੂੰ ਢਾਹ ਲਾ ਰਿਹਾ ਹੈ। ਡੇਰੇ ਦੇ ਬਾਹਰ ਬਾਬੇ ਦੀਆਂ ਫੋਟੋਆਂ ਵਿਕਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅੰਦਰ ਇਕ ਛੋਟੇ ਕਮਰੇ ਵਿਚ ਹੈ। ਇਹ ਬਾਬਾ ਵਿਸ਼ੇਸ਼ ਆਸਣ ਲਾ ਕੇ ਬੈਠਦਾ ਹੈ। ਭੋਲੇ ਭਾਲੇ ਲੋਕ ਇਸ ਨੂੰ ਮੱਥਾ ਟੇਕ ਕੇ ਹੇਠਾਂ ਦਰੀਆਂ 'ਤੇ ਬੈਠ ਜਾਂਦੇ ਹਨ। ਬਾਬੇ ਦੇ ਇਕ ਪਾਸੇ ਦੋ ਟੈਲੀਫ਼ੋਨ ਅਤੇ ਦੂਜੇ ਪਾਸੇ ਦਰਖ਼ਤਾਂ ਦੇ ਪੱਤੇ ਅਤੇ ਇਕ ਬਾਟੇ ਵਿਚ ਪੰਜ, ਦਸ ਪੈਸੇ ਦੇ ਸਿੱਕੇ ਰੱਖੇ ਹੁੰਦੇ ਹਨ। ਇਕ ਚੇਲਾ ਪ੍ਰਸ਼ਾਦ ਦਿੰਦਾ ਹੈ ਅਤੇ ਹੋਰ ਵੀ ਬੇਅੰਮ੍ਰਿਤੀਏ ਚੇਲੇ ਇਸ ਬਾਬੇ ਨੇ ਪਾਲੇ ਹੋਏ ਹਨ।

ਲੋਕ, ਫੌਰਨ ਇਲਾਜ ਦੇ ਮੰਗਾਂ ਦੀ ਪੂਰਤੀ ਲਈ, ਬਾਬੇ ਦੀ ਕਚਿਹਰੀ ਵਿਚ ਪੇਸ਼ ਹੋ ਕੇ ਦੁੱਖ-ਦਰਦ ਦੀਆਂ ਕਹਾਣੀਆਂ ਦੱਸਦੇ ਹਨ ਅਤੇ ਬਾਬੇ ਦੇ ਚੇਲੇ, ਇਕ ਮੁੱਠ ਪੱਤਿਆਂ ਦੀ ਤੇ ਇਕ ਸਿੱਕਾ ਦੇ ਕੇ, ਕਈ ਤਰ੍ਹਾਂ ਦੇ ਕਰਮਕਾਂਡ ਕਰਨ ਦਾ ਹੁਕਮ ਕਰਕੇ ਅੱਗੇ ਤੋਰੀ ਜਾਂਦੇ ਹਨ। ਇਕ ਮੜ੍ਹੀ ਤੇ ਇਹਨਾਂ ਲੋਕਾਂ ਲਈ ਅਰਦਾਸਾਂ ਵੀ ਕੀਤੀਆਂ ਜਾਂਦੀਆਂ ਹਨ। ਅੰਮ੍ਰਿਤਧਾਰੀ ਸਿੱਖ ਵੀ ਕਬਰ ਨੂੰ ਮੱਥਾ ਟੇਕਦੇ ਅਤੇ ਕਰਮਕਾਂਡ ਕਰਦੇ ਵੇਖੇ ਜਾ ਸਕਦੇ ਹਨ।

## ਕੀਰਤਨੀਏ ਰਾਗੀਆਂ ਵੱਲੋਂ ਮਨਮੱਤ ਦਾ ਪ੍ਰਚਾਰ

ਰਾਗੀ ਵੀ ਮਾਇਆ ਦੇ ਵਪਾਰ ਵਾਸਤੇ ਮਨਮੱਤ ਦਾ ਪ੍ਰਚਾਰ ਕਰ ਰਹੇ ਹਨ। ਗੁਰੂ ਨਾਨਕ ਦੇਵ ਜੀ ਨਾਲ ਸ਼ਿਵ ਤੇ ਪਾਰਬਤੀ ਦੀ ਝੂਠੀ ਕਹਾਣੀ ਜੋੜ ਕੇ ਮਨੀਕਰਨ ਗੁਰਦੁਆਰਾ ਸਥਾਪਤ ਕਰ ਲਿਆ ਹੈ। ਉਥੇ ਵੇਖਣ ਵਿਚ ਆਇਆ ਹੈ ਕਿ ਗੁਰੂ ਸਾਹਿਬਾਨ ਦੀਆਂ ਫੋਟੋਆਂ ਉੱਪਰ ਹਨੂੰਮਾਨ ਤੇ ਹੋਰ ਦੇਵੀ ਦੇਵਤਿਆਂ ਦੀਆਂ ਫੋਟੋਆਂ ਲਗਾਈਆਂ ਗਈਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਅੱਗੇ ਗੁਰੂ ਨਾਨਕ ਦੇਵ ਜੀ ਤੇ ਸੰਤ ਨਰੈਣ ਦਾਸ ਦੀਆਂ ਫੋਟੋਆਂ ਵੀ ਰੱਖੀਆਂ ਹੋਈਆਂ ਹਨ। ਜਿਸ ਨਾਲ ਸ਼ਰਧਾਵਾਨ ਸਿੰਘ ਦੇ ਮਨ ਨੂੰ ਠੇਸ ਪਹੁੰਚਦੀ ਹੈ। ਉਥੇ ਕੀਰਤਨ ਵੀ ਬੇਅੰਮ੍ਰਿਤੀਏ ਅਤੇ ਗ਼ੈਰ ਸਿੱਖ ਕਰਦੇ ਹਨ। ਸਾਡੇ ਰਾਗੀ ਮਾਇਆ ਨਾਲ ਝੋਲੀਆਂ ਭਰਨ ਲਈ ਇਸ ਥਾਂ ਦਾ ਪ੍ਰਚਾਰ ਨਵੀਆਂ ਨਵੀਆਂ ਕੈਸਟਾਂ ਤਿਆਰ ਕਰਵਾ ਕੇ ਕਰ ਰਹੇ ਹਨ। ਜਗਾਦਰੀ ਵਾਲਾ ਇਕ ਕੈਸਟ ਵਿਚ ਗਾ ਰਿਹਾ ਹੈ 'ਮਨੀਕਰਨ ਵਿਚ ਗੁਰੂ ਨਾਨਕ ਆਏ, ਦੁਨੀਆਂ ਨੂੰ ਤਾਰਨ ਲਈ' ਇਹ ਕੈਸਟਾਂ ਕੇਬਲਾਂ ਉੱਪਰ ਵੀ ਦਿਖਾਈਆਂ ਜਾ ਰਹੀਆਂ ਹਨ। ਇਹ ਮਨਮੱਤੀ ਪ੍ਰਚਾਰ ਰੋਕਣ ਦੀ ਜ਼ਿੰਮੇਵਾਰੀ ਕਿਸਦੀ ਬਣਦੀ ਹੈ।

## ਰਾੜੇ ਵਾਲੇ ਬਾਬੇ

ਗੁਰਦੁਆਰਾ ਰਾੜਾ ਸਾਹਿਬ ਜੋ ਕਿ ਸੰਤ ਈਸ਼ਰ ਸਿੰਘ ਨਾਲ ਸੰਬੰਧਤ ਹੈ ਉਥੇ ਇਕ ਕਮਰੇ ਵਿਚ ਸੰਤ ਈਸ਼ਰ ਸਿੰਘ ਦੀ ਕੁਰਸੀ, ਸੋਟੀ, ਬਸਤਰ, ਜੁੱਤੀਆਂ ਜੋੜੇ, ਉਹ ਲੈਟਰੀਨ ਜਿਸ ਵਿਚ ਬਾਬੇ ਟੱਟੀ ਬੈਠਦੇ ਰਹੇ ਸੰਭਾਲ ਕੇ ਰੱਖੇ ਹੋਏ ਹਨ। ਇਹ ਡੇਰੇਦਾਰ ਆਪ ਵੀ ਇਹਨਾਂ ਲੈਟਰੀਨਾਂ ਦੀ ਪੂਜਾ ਕਰ ਰਹੇ ਹਨ ਅਤੇ ਆਈਆਂ ਹੋਈਆਂ ਸਿੱਖ ਸੰਗਤਾਂ ਨੂੰ ਦਰਸ਼ਨ ਕਰਵਾ ਕੇ ਪੂਜਾ ਕਰਵਾ ਰਹੇ ਹਨ ਕੀ ਇਹ ਸਾਧ ਦੱਸ ਸਕਦੇ ਹਨ ਕਿ ਇਹ ਕਿਸ ਕਿਸਮ ਦੇ ਸਿੱਖ ਹਨ ? ਅਤੇ ਸਿੱਖਾਂ ਨੂੰ ਜੁੱਤੀ ਪੂਜ ਅਤੇ ਲੈਟਰੀਨ ਪੂਜ ਕਿਉਂ ਬਣਾ ਰਹੇ ਹਨ ? ਲੁਧਿਆਣੇ ਜ਼ਿਲ੍ਹੇ ਵਿਚ ਸੁਧਾਰ ਪਿੰਡ ਹੈ ਉਥੇ ਦੱਸਦੇ ਹਨ ਕਿ ਛੇਵੇਂ ਪਾਤਸ਼ਾਹ ਦਾ ਜੋੜਾ, ਅੰਦਰ "ਗੁਰੂ ਗ੍ਰੰਥ ਸਾਹਿਬ ਜੀ" ਦੀ ਹਜ਼ੂਰੀ ਵਿਚ ਹੀ ਰੱਖਿਆ ਹੋਇਆ ਹੈ। ਜਿਥੇ ਸੰਗਤਾਂ ਗੁਰੂ ਨੂੰ ਮੱਥਾ ਟੇਕਦੀਆਂ ਹਨ ਉਥੇ ਜੋੜੇ ਨੂੰ ਵੀ ਮੱਥਾ ਟੇਕਦੀਆਂ ਹਨ। ਜਿਥੇ ਗੁਰੂ ਸਾਹਿਬ ਦੀ ਤਾਬਿਆ ਬੈਠੇ ਸਿੰਘ ਵਾਸਤੇ ਪ੍ਰਸ਼ਾਦ ਕੌਲੀ ਵਿਚ ਪਾ ਕੇ ਰੱਖਿਆ ਜਾਂਦਾ ਹੈ ਉਥੇ ਜੋੜੇ ਲਈ ਵੀ ਪ੍ਰਸ਼ਾਦ ਇਸੇ ਤਰ੍ਹਾਂ ਰੱਖਿਆ ਜਾਂਦਾ ਹੈ। ਕਈ ਦੁਕਾਨਾਂ, ਘਰਾਂ ਦੇ ਮਹੂਰਤਾਂ ਸਮੇਂ ਗੁਰੂ ਸਾਹਿਬ ਜੀ ਦੀ ਬਜਾਏ ਇਕੱਲਾ ਜੋੜਾ ਹੀ ਲਿਜਾਇਆ ਜਾਂਦਾ ਹੈ। ਇਹਨਾਂ ਮਨਮੱਤਾਂ ਵਾਸਤੇ ਕੌਣ ਜ਼ਿੰਮੇਵਾਰ ਹੈ। ਕੀ ਇਹ ਸ਼ਰਧਾ ਹੈ ਕਿ ਅਗਿਆਨਤਾ ? ਕਿ ਅੰਧ ਵਿਸ਼ਵਾਸ ?

## ਸ਼ਰਾਬ ਪ੍ਰੇਮੀ 'ਸੰਤ ਬਾਬੇ' ਦੀ ਸ਼ਰਾਬ ਭਰੀ ਬਰਸੀ

ਇਕ ਸ਼ਰਾਬੀ ਸੰਤ ਦੀ ਬਰਸੀ ਪਿੰਡ ਜ਼ਿਲ੍ਹਾ ਹੁਸ਼ਿਆਰਪੁਰ ਮਨਾਈ ਗਈ। 30-30 ਸ੍ਰੀ ਅਖੰਡ ਪਾਠ ਦੀਆਂ ਲੜੀਆਂ ਦੇ ਭੋਗ ਤਿੰਨ ਵਾਰ ਕੁਝ ਦਿਨਾਂ ਦੌਰਾਨ ਪਏ ਸਨ। ਇਕੋ ਚਾਰ ਦੀਵਾਰੀ ਅੰਦਰ, ਗੁਰੂ ਸਾਹਿਬ ਦਾ ਪ੍ਰਕਾਸ਼, ਪੀਰਾਂ ਦੀ ਸਮਾਧ, ਅਖੌਤੀ ਸਾਧ ਦੀ ਸਮਾਧ।

ਬਾਬੇ ਦੀ ਸਮਾਧ 'ਤੇ ਸ਼ਰਾਬ ਦੀਆਂ ਬੋਤਲਾਂ ਚੜ੍ਹ ਰਹੀਆਂ ਸਨ। ਸ਼ਰਾਬ ਦੇ ਪ੍ਰਸ਼ਾਦ ਦੀ ਸੇਵਾ ਕਰਨ ਵਾਲਾ ਨਾਲੋ ਨਾਲ ਬੋਤਲਾਂ ਚੁੱਕ ਕੇ ਸਾਈਡ 'ਤੇ ਰੱਖਣ ਦੀ ਸੇਵਾ ਕਰ ਰਿਹਾ ਸੀ। ਪਿਆਰੀ ਸੰਗਤ ਬੈਂਡ ਵਾਜਿਆਂ ਨਾਲ ਸ਼ਰਾਬ ਚੜ੍ਹਾਉਣ ਆ ਰਹੀ ਸੀ। ਸ਼ਾਮ ਨੂੰ ਲੰਗਰ ਵਾਲੇ ਕਮਰੇ ਵਿਚ ਹੀ ਟੱਬ ਵਿਚ ਪਾ ਕੇ ਸ਼ਰਾਬ ਵਰਤਾਈ ਜਾਂਦੀ ਹੈ। ਸਾਬਕਾ ਸੰਤ ਬਹੁਤ ਜ਼ਿਆਦਾ ਸ਼ਰਾਬ ਪੀਂਦਾ ਸੀ। ਬੈਨਰਾਂ 'ਤੇ ਗੁਰਬਾਣੀ ਦੀਆਂ ਤੁਕਾਂ "ਸੰਤ ਸਹਾਈ ਰਾਮ ਕੇ ਕੇ ਕਰਿ ਕਿਰਪਾ ਦਿਆ ਮਿਲਾਇ।" ਲਿਖੀਆਂ ਹੋਈਆਂ ਸਨ। ਉਥੇ ਲੋਕ ਇਹ ਵੀ ਗਾ ਰਹੇ ਸੀ। ਆਪ ਤਰ ਗਏ ਕਈਆਂ ਨੂੰ ਲੈ ਗਏ ਤਾਰ ਕੇ, ਆਏ ਸੀ ਮਲਾਹ ਬਣ ਕੇ।

ਦੁਨੀਆਂ ਬੱਧੀ ਕਰਮਾਂ ਦੀ ਆਉਂਦੀ ਐ ਸਾਧੂ ਭੇਜੇ ਆਪ ਰੱਬ ਨੇ" ਜ਼ਿੰਮੇਵਾਰ ਕੌਣ ?

## ਸੇਵਾ ਗੁਰੂ ਦੀ ਜਿੰਦੁੜੀਏ ਬੜੀ ਔਖੀ

ਪਿੰਡ ਧੂਲਕੇ ਵਾਲੇ ਸਿੰਘਾਂ ਦਾ ਫ਼ੋਨ ਆਇਆ ਕਿ ਅਸੀਂ ਸਤਿਕਾਰ ਕਮੇਟੀ ਦੇ ਸੇਵਾਦਾਰ ਬੋਲ ਰਹੇ ਹਾਂ। ਮੈਂ ਕਿਹਾ ਕਿ ਤੁਹਾਨੂੰ ਪਹਿਲਾਂ ਨਹੀਂ ਜਾਣਦਾ ਪਰ ਸਿੰਘ ਹੀ ਹੋਵੇਗਾ ਦੱਸੋ ਕੀ ਹੁਕਮ ਹੈ ਕਹਿੰਦੇ ਕਿ ਸਾਨੂੰ ਪਤਾ ਲੱਗਾ ਹੈ ਕਿ ਤੁਸੀਂ ਪਿੰਡ ਸਭਰਾ ਵੀ ਸਤਿਕਾਰ ਕਮੇਟੀ ਬਣਾਈ ਹੋਈ ਹੈ। ਮੈਂ ਕਿਹਾ ਕਿ ਸਤਿਕਾਰ ਵੀ ਬੜੀ ਕਿਸਮ ਦੇ ਇਥੇ ਬਣੇ ਹੋਏ ਹਨ ਅਸੀਂ ਤਾਂ ਜਿਨ੍ਹਾਂ ਲੋਕਾਂ ਨੇ "ਗੁਰੂ ਗ੍ਰੰਥ ਸਾਹਿਬ ਜੀ" ਨੂੰ ਦੁਕਾਨਦਾਰੀ ਬਣਾਇਆ ਹੋਇਆ ਹੈ। ਉਹਨਾਂ ਵਿਰੁੱਧ ਸੰਘਰਸ਼ ਦੀ ਸੇਵਾ ਕਰ ਰਹੇ ਹਾਂ। ਧੂਲਕੇ ਵਾਲੇ ਸਿੰਘ ਕਹਿੰਦੇ ਅੱਜ 12 ਵਜੇ ਸਾਡੇ ਪਿੰਡ ਧੂਲਕੇ ਜ਼ਰੂਰ ਪਹੁੰਚੋ। ਮੈਂ ਕਿਹਾ ਅੱਜ ਹੋਰ ਵੀ ਪ੍ਰੋਗਰਾਮ ਹਨ ਪਰ ਫਿਰ ਵੀ ਅਸੀਂ 12 ਵਜੇ ਤੁਹਾਡੇ ਕੋਲ ਪਹੁੰਚ ਜਾਵਾਂਗੇ। ਅਸੀਂ ਵਕਤ ਵਿਚੋਂ ਵਕਤ ਕੱਢ ਕੇ ਉਥੇ ਧੂਲਕੇ ਪਹੁੰਚੇ ਮੀਟਿੰਗ ਹੋ ਰਹੀ ਸੀ। ਟਕਸਾਲੀ ਸਿੰਘ ਵੀ ਉਥੇ ਆਏ ਹੋਏ ਸਨ। ਪਤਾ ਲੱਗਾ ਕਿ ਧੂਲਕੇ ਵਾਲੇ ਸਿੰਘਾਂ ਨੇ ਕਿਸੇ ਕਬਰ ਤੋਂ ਪਾਠ ਰੁਕਵਾਇਆ ਸੀ ਤਾਂ ਉਹਨਾਂ ਲੋਕਾਂ ਨੇ ਇਹਨਾਂ ਨੂੰ ਧਮਕੀ ਦਿੱਤੀ ਸੀ ਕਿ ਅਸੀਂ ਤੁਹਾਡੇ ਨਾਲ ਵੇਖਣਾ ਹੈ। ਸੋ ਉਥੇ ਸਿੰਘਾਂ ਦਾ ਇਕੱਠ ਵੇਖ ਕੇ ਧੂਲਕੇ ਦੇ ਲੋਕ ਹੈਰਾਨ ਰਹਿ ਗਏ। ਉਹਨਾਂ ਫਿਰ ਇਹਨਾਂ ਨੂੰ ਕੀ ਕਹਿਣਾ ਸੀ। ਉਥੇ ਇਹ ਵੀ ਵਿਚਾਰਾਂ ਹੋਈਆਂ

ਕਿ ਰਲ ਮਿਲ ਕੇ ਇਕੱਠੇ ਹੋ ਕੇ ਗੁਰੂ ਸੇਵਾ ਕਰੀਏ। ਉਸ ਤੋਂ ਬਾਅਦ ਧੂਲਕੇ ਵਾਲੇ ਸਿੰਘਾਂ ਨੇ ਸਾਨੂੰ ਅੰਮ੍ਰਿਤਸਰ ਸੱਦਿਆ ਕਿ ਸਕੱਤਰ ਨੂੰ ਮਿਲਣਾ ਹੈ ਅਸੀਂ ਉਥੇ ਵੀ ਔਖੇ ਹੋ ਕੇ, ਗੱਡੀ ਕਿਰਾਏ 'ਤੇ ਕਰਕੇ ਪਹੁੰਚੇ। ਉਥੇ ਵੀ ਵਿਚਾਰਾਂ ਹੋਈਆਂ ਕਿ ਰਲ ਮਿਲ ਕੇ ਸੇਵਾ ਕਰੀਏ।

ਇਕ ਮੀਟਿੰਗ ਮਹਿਤੇ ਚੌਕ ਟਕਸਾਲ ਵਾਲਿਆਂ ਨਾਲ ਹੋਈ ਕਿ ਆਪਾਂ ਸਾਰੇ ਇਕੱਠੇ ਆਪਣੇ ਫਰਜ਼ਾਂ ਨੂੰ ਪਛਾਣਦੇ ਹੋਏ ਗੁਰਮਤਿ ਸਿਧਾਤਾਂ ਦੀ ਪਹਿਰੇਦਾਰੀ ਕਰੀਏ। ਜਿਥੇ ਲੋੜ ਪਵੇ ਸਾਰੇ ਇਕੱਠੇ ਹੋ ਜਾਇਆ ਕਰੀਏ। ਮਹਿਤੇ ਵਾਲੀ ਮੀਟਿੰਗ ਵਿਚ ਵੀ ਅਸੀਂ 2 ਗੱਡੀਆਂ ਕਿਰਾਏ 'ਤੇ ਲੈ ਕੇ ਗਏ। ਕੁਝ ਦਿਨ ਬਾਅਦ ਹੀ ਅਸੀਂ ਪਿੰਡ ਰੱਤੋਕੇ ਕਬਰ ਤੋਂ ਅਖੰਡ ਪਾਠ ਰੋਕਣ ਵਾਸਤੇ ਜਾਣਾ ਸੀ। ਅਸੀਂ ਮਹਿਤੇ ਫ਼ੋਨ ਕੀਤੇ, ਧੂਲਕੇ ਫ਼ੋਨ ਕੀਤੇ ਕਿ ਸਵੇਰੇ 8 ਵਜੇ ਰੱਤੋਕੇ ਪਹੁੰਚੋ। ਧੂਲਕੇ ਵਾਲਿਆਂ ਨੇ ਆਪਣੇ ਸਾਰੇ ਫ਼ੋਨ ਬੰਦ ਕਰ ਰੱਖੇ। ਸਵੇਰ ਤਕ ਫ਼ੋਨ ਹੀ ਨਾ ਚੁੱਕਿਆ ਅਤੇ ਮਹਿਤੇ ਵਾਲੇ ਸਵੇਰ ਤਕ ਹਾਂ ਕਰੀ ਗਏ ਆਵਾਂਗੇ ਆਵਾਂਗੇ, ਪਰ ਸਵੇਰੇ 8 ਵਜੇ ਮਹਿਤੇ ਵਾਲਿਆਂ ਨੇ ਜਵਾਬ ਦੇ ਦਿੱਤਾ ਕਿ ਸਾਡੀਆਂ ਮਜ਼ਬੂਰੀਆਂ ਹਨ ਅਸੀਂ ਨਹੀਂ ਆ ਸਕਦੇ। ਧੂਲਕੇ ਵਾਲਾ ਵੀ ਇਕ ਵੀ ਸਿੰਘ ਉਥੇ ਗੁਰੂ ਸੇਵਾ ਵਾਸਤੇ ਨਾ ਆਇਆ। ਅਸੀਂ ਕੇਵਲ ਸਭਰਾਵਾਂ ਵਾਲੇ ਸਿੰਘ ਉਥੇ ਪਹੁੰਚੇ ਅਤੇ ਭਾਈ ਗੁਰਮੁਖ ਸਿੰਘ ਮੌੜ ਜੋਤੀ ਸ਼ਾਹ ਵਾਲੇ ਆਪਣੇ ਸਾਥੀਆਂ ਸਮੇਤ ਉਥੇ ਕਬਰ ਤੋਂ ਅਖੰਡ ਪਾਠ ਰੋਕਣ ਵਾਸਤੇ ਮੌਕੇ 'ਤੇ ਪਹੁੰਚੇ। ਗੁਰੂ ਦੀ ਕ੍ਰਿਪਾ ਹੋਈ। ਕਬਰ 'ਤੇ ਅਖੰਡ ਪਾਠ ਰੋਕ ਦਿੱਤਾ ਗਿਆ ਪਰ ਧੂਲਕੇ ਵਾਲੇ ਸਿੰਘਾਂ ਬਾਰੇ ਮੈਂ ਸੋਚ ਰਿਹਾ ਸੀ। ਸੇਵਾ ਗੁਰੂ ਦੀ ਜਿੰਦੜੀਏ ਬੜੀ ਔਖੀ ਅਤੇ ਜਿਹੜੇ ਟਕਸਾਲੀਆਂ ਬਾਰੇ ਕਈ ਕਹਿੰਦੇ ਇਹਨਾਂ ਦੀ ਕੁਰਬਾਨ ਬੜੀ ਹੈ। ਮੈਂ ਸੋਚ ਰਿਹਾ ਸੀ। ਕੁਰਬਾਨੀ ਕਰਨੀ ਜਿੰਦੁੜੀਏ ਬੜੀ ਔਖੀ ਤੇ ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।

## ਵਿਸ਼ਵਾਸਘਾਤ

ਇਕ ਵਾਰੀ 35-40 ਪੰਥ ਦਰਦੀ ਸਿੰਘਾਂ ਦੀ ਮੀਟਿੰਗ ਵਿਚ 'ਇਕਾ ਬਾਣੀ ਇਕੁ ਗੁਰ" ਤੇ ਵਿਚਾਰ ਹੋ ਰਹੀ ਸੀ। ਉਸ ਮੀਟਿੰਗ ਵਿਚ ਭਾਈ ਮੋਹਕਮ ਸਿੰਘ ਸੰਪਾਦਤ ਖੰਡੇਧਾਰ ਵੀ ਸ਼ਾਮਲ ਸੀ। ਜਦੋਂ ਗੱਲ ਹੋਈ ਕਿ ਸਿੱਖਾਂ ਦਾ ਗੁਰੂ ਕੇਵਲ ਇਕ ਹੀ ਹੈ। ਦੂਜਾ ਹੋਰ ਕੋਈ ਨਹੀਂ ਹੋ ਸਕਦਾ ਤਾਂ ਭਾਈ ਮੋਹਕਮ ਸਿੰਘ ਕਹਿੰਦੇ ਇਸ ਮਤੇ ਵਿਚ ਦਮਦਮੀ ਟਕਸਾਲ ਦਾ ਨਾਂ ਕਿਉਂ ਲਿਆ ਗਿਆ ਜਦੋਂ ਕਿ ਚੌਕ ਮਹਿਤੇ ਦਮਦਮੀ ਟਕਸਾਲ ਦੇ ਹੈਡਕੁਆਟਰ 'ਤੇ ਕੇਵਲ "ਗੁਰੂ ਗ੍ਰੰਥ ਸਾਹਿਬ ਜੀ" ਦੇ ਹੀ ਦੋ ਸਰੂਪ ਪ੍ਰਕਾਸ਼ ਹਨ ਨਾ ਕਿ ਨਾਲ ਦਸਮ ਗ੍ਰੰਥ ਪਰ ਮੈਗਜੀਨ ਸਿੱਖ ਬੁਲਿਟਨ ਵਿਚਲੇ ਲੇਖ ਦੇ ਲੇਖਕ ਭਾ. ਸੁਖਦੇਵ ਸਿੰਘ ਨੇ ਕਿਹਾ ਕਿ ਜੋ ਭਾ. ਮੋਹਕਮ

ਸਿੰਘ ਬੋਲ ਰਹੇ ਹਨ ਕਾਸ਼! ਉਹ ਸੱਚ ਹੋ ਜਾਵੇ ਤਾਂ 26-10-03 ਦੇ ਵਿਸ਼ਵ ਸਿੱਖ ਸੰਮੇਲਨ ਦਾ ਅੱਧਾ ਪੰਧ ਸਫ਼ਲ ਹੋ ਗਿਆ।

ਘਰ ਆ ਕੇ ਲੇਖਕ ਨੇ ਸਿੰਘਣੀ ਨਾਲ ਵਿਚਾਰੀ ਕੀਤੀ ਉਹ ਬੋਲੀ ਕਿ ਤੁਸੀਂ ਭਾ. ਮੋਹਕਮ ਸਿੰਘ 'ਤੇ ਕਿਉਂ ਵਿਸ਼ਵਾਸ ਕਰ ਰਹੇ ਹੋ। ਉਹ ਤਾਂ ਦਸਮ ਗ੍ਰੰਥ ਵਿਚੋਂ ਹੁਕਮਨਾਮਾ ਵੀ ਲੈਂਦੇ ਹਨ। ਸੱਚਾਈ ਜਾਣਨ ਵਾਸਤੇ ਮਹਿਤਾ ਚੌਂਕ ਗੁਰਦਰਸ਼ਨ ਪ੍ਰਕਾਸ਼ ਦਮਦਮੀ ਟਕਸਾਲ ਦੇ ਹੈੱਡਕੁਆਟਰ 'ਤੇ ਗਏ ਪੁੱਛਿਆ ਕਿ ਅਸੀਂ ਹੁਕਮਨਾਮਾ ਲੈ ਸਕਦੇ ਹਾਂ। ਟਕਸਾਲੀ ਨਿਯਮ ਮੁਤਾਬਕ ਪੈਂਟ ਉਤਾਰ ਕੇ ਖੱਬੇ ਹੱਥ ਹੋਏ ਪ੍ਰਕਾਸ਼ ਦੀ ਤਾਬਿਆ ਬੈਠਣ ਹੀ ਲੱਗਾ ਸੀ ਕਿ ਹਾਜ਼ਰ ਕਿਸੇ ਵਿਅਕਤੀ ਨੇ ਕਿਹਾ ਇਹ ਤਾਂ ਦਸਮ ਗ੍ਰੰਥ ਹੈ। ਦਾਸ ਦੀ ਖਾਨਿਓਂ ਗਈ। ਏਡਾ ਵੱਡਾ ਝੂਠ ਚਿੱਟੇ ਦਿਨ, ਚਿੱਟਾ ਝੂਠ ਉਹ ਵੀ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਵੱਲੋਂ ਏਡਾ ਵੱਡਾ ਝੂਠ ਅਤੇ ਗ਼ਲਤ ਬਿਆਨੀ।

ਸਿੱਖੀ ਤੋਂ ਬਾਗ਼ੀ ਹੋ ਰਹੇ ਨੌਜਵਾਨ ਸਵਾਲ ਕਰਦੇ ਹਨ ਕਿ ਦੋਨਾਂ ਸਰੂਪਾਂ ਵਿਚੋਂ ਗੁਰੂ ਕਿਹੜਾ ਹੈ ? ਗੁਰੂ ਕੇਵਲ "ਗੁਰੂ ਗ੍ਰੰਥ ਸਾਹਿਬ ਜੀ" ਹਨ ਬਾਕੀ ਸਾਰੇ ਕਿਸੇ ਨਾ ਕਿਸੇ ਰੂਪ ਵਿਚ ਸ਼ਰੀਕ ਹਨ ਚਾਹੇ ਦਸਮ ਗ੍ਰੰਥ ਹੈ ਚਾਹੇ ਦੇਹਧਾਰੀ ਗੁਰੂ ਹਨ ਚਾਹੇ ਸਾਧਵਾਧ ਹੈ। ਦਸ਼ਮੇਸ਼ ਦੇ ਦੁਲਾਰਿਓ। ਕਦੋਂ ਅੰਨ੍ਹੀ ਸ਼ਰਧਾ ਵਿਚੋਂ ਨਿਕਲ ਕੇ 'ਮੈਂ ਨਾ ਮਾਨੂੰ' ਵਾਲੀ ਜਿੱਦ ਛੱਡ ਕੇ, ਦਸ਼ਮੇਸ਼ ਪਿਤਾ ਦੇ ਅੰਤਮ ਫ਼ੈਸਲੇ "ਗੁਰੂ ਮਾਨਿਓ ਗ੍ਰੰਥ" ਦੀ ਪਾਲਣਾ ਕਰੋਗੇ।

## ਅਖੰਡ ਕੀਰਤਨੀ ਜਥਾ ਵੀ ਸਿਆਸੀਕਰਣ ਤੋਂ ਨਾ ਬਚਿਆ (ਜਥਾ ਦੋਫਾੜ)

28 ਜਨਵਰੀ 2005 ਦੀ ਅਖ਼ਬਾਰੀ ਖ਼ਬਰ ਦੇ ਮੁਤਾਬਕ ਅਖੰਡ ਕੀਰਤਨੀ ਜਥਾ ਦੋਫਾੜ ਹੋ ਗਿਆ। ਇਕ ਮੀਟਿੰਗ ਦੌਰਾਨ ਭਾਈ ਰਾਮ ਸਿੰਘ ਦੀ ਥਾਂ 'ਤੇ ਭਾਈ ਬਲਦੇਵ ਸਿੰਘ ਨੂੰ ਜਥੇ ਦਾ ਮੁਖੀ ਥਾਪ ਦਿੱਤਾ ਗਿਆ ਹੈ। ਜਦੋਂ ਕਿ ਦੂਜੇ ਪਾਸੇ ਭਾਈ ਰਾਮ ਸਿੰਘ ਦੀ ਸਰਪ੍ਰਸਤੀ ਹੇਠ ਉਹਨਾਂ ਦੇ ਘਰ ਹੋਈ ਇਕ ਮੀਟਿੰਗ ਵਿਚ ਭਾਈ ਬਲਦੇਵ ਸਿੰਘ ਵੱਲੋਂ ਕੀਤੀ ਕਾਰਵਾਈ ਦੀ ਨਿੰਦਾ ਕਰਦਿਆਂ ਉਹਨਾਂ ਨੂੰ ਅਖੰਡ ਕੀਰਤਨੀ ਜਥੇ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ ਗਿਆ। ਭਾਈ ਰਾਮ ਸਿੰਘ ਧੜੇ ਨੇ ਇਹ ਵੀ ਕਿਹਾ ਕਿ ਭਾਈ ਬਲਦੇਵ ਸਿੰਘ ਵੱਲੋਂ ਜਿਸ ਤਰੀਕੇ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਆਰ.ਐਸ.ਐਸ. ਨੂੰ ਬੁਲਾ ਕੇ ਸਟੇਜ ਤੋਂ ਜੋ ਧਮਕੀ ਰੂਪ ਗੱਲਾਂ ਕੀਤੀਆਂ ਗਈਆਂ। ਇਕੱਠ ਨੇ ਉਸਦੀ ਨਿੰਦਾ ਕੀਤੀ। ਭਾ. ਰਾਮ ਸਿੰਘ ਧੜੇ ਨੇ ਇਹ ਵੀ ਕਿਹਾ ਕਿ ਅਖੰਡ ਕੀਰਤਨੀ ਜਥੇ ਦੇ ਜਥੇਦਾਰ ਭਾ. ਰਾਮ ਸਿੰਘ ਦੇ ਸਰੀਰਕ ਰੂਪ ਵਿਚ ਮੌਜੂਦ ਹੋਣ ਦੇ ਬਾਵਜੂਦ ਭਾਈ ਬਲਦੇਵ

ਸਿੰਘ ਵੱਲੋਂ ਜਥੇ ਦੀ ਜਥੇਦਾਰੀ ਸੰਬੰਧੀ ਜੋ ਮਸਲਾ ਉਠਾਇਆ ਗਿਆ ਹੈ ਉਹ ਨਿੰਦਣਯੋਗ ਹੈ ਅਤੇ ਅਖੰਡ ਕੀਰਤਨੀ ਜਥਾ ਪਹਿਲਾਂ ਹੋਏ ਫ਼ੈਸਲੇ ਮੁਤਾਬਕ ਹੀ ਭਾਈ ਰਾਮ ਸਿੰਘ ਹੈ ਆਯੂ ਪ੍ਰਯੰਤ ਪ੍ਰਵਾਨ ਕਰਦਾ ਹੈ। ਇਸਦੇ ਵਿਰੁੱਧ ਕਿਸੇ ਵੀ ਕਾਰਵਾਈ ਦਾ ਵਿਰੋਧ ਕੀਤਾ ਜਾਵੇਗਾ। ਜਥੇਦਾਰ ਅਧੀਨ 11 ਮੈਂਬਰੀ ਕਮੇਟੀ ਵੀ ਬਣਾਈ ਗਈ ਹੈ ਅਤੇ ਭਾਈ ਬਲਦੇਵ ਸਿੰਘ ਨੂੰ ਅਖੰਡ ਕੀਰਤਨੀ ਜਥੇ ਦੇ ਪ੍ਰਤੀਨਿਧ ਜਾਂ ਮੈਂਬਰ ਦੇ ਰੂਪ ਵਿਚ ਨਾ ਪ੍ਰਵਾਨਿਆ ਜਾਵੇ।

ਓਧਰ ਭਾਈ ਬਲਦੇਵ ਸਿੰਘ ਅਖੰਡ ਕੀਰਤਨੀ ਜਥੇ ਦੇ ਮੁਖੀ ਐਲਾਨੇ ਜਾਣ ਬਾਅਦ ਦਰਬਾਰ ਸਾਹਿਬ ਮੱਥਾ ਟੇਕਣ ਗਏ। ਉਥੇ ਉਹਨਾਂ ਨੂੰ ਸਿਰਪਾਉ ਵੀ ਦਿੱਤਾ ਗਿਆ।

ਇਸ ਤਰ੍ਹਾਂ ਇਹਨਾਂ ਨੂੰ ਆਪੋ ਆਪਣੀ ਪਈ ਹੋਈ ਹੈ।

## ਡੇਰੇਦਾਰ ਵੀ ਕਿਰਾਏ 'ਤੇ ਪਾਠੀ ਲਿਆਉਂਦੇ

ਕਾਰ ਸੇਵਾ ਅਤੇ ਹੋਰ ਡੇਰਿਆਂ ਵਿਚ ਗੁਰਬਾਣੀ ਦੀ ਪੜ੍ਹਾਈ ਬਿਲਕੁਲ ਨਹੀਂ ਕਰਵਾਈ ਜਾਂਦੀ। ਗੱਡੀਆਂ ਦੀ ਡਰਾਈਵਰੀ ਸਿਖਾਉਂਦੇ ਹਨ, ਘੜੀਆਂ ਬੰਨ੍ਹਣੀਆਂ, ਸੋਨੇ ਦੇ ਛਾਪਾਂ ਕੜੇ ਪਾਉਣੇ ਸਿਖਾਉਂਦੇ ਹਨ। ਹਥਿਆਰ, ਪਿਸਟਲ, ਬੰਦੂਕਾਂ ਚਲਾਉਣੀਆਂ ਸਿਖਾਉਂਦੇ ਹਨ। ਰਾਜਨੀਤਕ ਲੀਡਰਾਂ ਨਾਲ ਮਿਲਣਾ ਵਰਤਣਾ, ਉਹਨਾਂ ਦੀ ਆਉ ਭਗਤ ਕਰਨੀ ਸਿਖਾਉਂਦੇ ਹਨ। ਡੇਰੇਦਾਰਾਂ ਨੂੰ ਮੱਥੇ ਟੇਕਣੇ, ਇਹਨਾਂ ਦੀ ਸਿਫ਼ਤਾਂ ਕਰਨੀਆਂ, ਇਹਨਾਂ ਦੇ ਨਾਂਵਾਂ ਨਾਲ ਅੰਤਰਯਾਮਤਾ ਵਾਲੀਆਂ ਕਹਾਣੀਆਂ ਜੋੜਨੀਆਂ ਸਿਖਾਈਆਂ ਜਾਂਦੀਆਂ ਹਨ। ਝੂਠ ਬੋਲਣਾ ਧਰਮ ਦੇ ਨਾਂ 'ਤੇ ਕਰਮ ਕਾਂਡ ਕਰਨੇ ਸਿਖਾਏ ਜਾਂਦੇ ਹਨ, ਉਗਰਾਹੀ ਕਰਨ ਦੀ ਜਾਚ ਵੀ ਇਹ ਸਿਖਾਉਂਦੇ ਹਨ। ਗੁਰਬਾਣੀ, ਗੁਰਮਤਿ ਨਾਲ ਇਹਨਾਂ ਦਾ ਦੂਰ ਦਾ ਵੀ ਸੰਬੰਧ ਨਹੀਂ ਹੈ ਕਿਉਂਕਿ ਜਿਨ੍ਹਾਂ ਦਾ ਮਨਮੱਤਾਂ ਕਰਦਿਆਂ ਸਰਦਾ ਹੋਵੇ ਉਹਨਾਂ ਨੂੰ ਗੁਰਮਤਿ ਦੀ ਲੋੜ ਵੀ ਕੀ ਹੈ। ਗੁਰਬਾਣੀ ਦੀ ਇਹਨਾਂ ਨੂੰ ਲੋੜ ਵੀ ਕੀ ਹੈ। ਗੁਰੂ ਦੇ ਬਚਨ (ਹੁਕਮ) ਦੀ ਬਜਾਏ ਡੇਰਿਆਂ ਵਿਚ ਬਾਬਿਆਂ ਦੇ ਹੀ ਹੁਕਮ ਚਲਦੇ ਹਨ। ਬਹੁਤ ਡੇਰੇਦਾਰ ਕੇਵਲ ਸਤਿਨਾਮ ਵਾਹਿਗੁਰੂ ਹੀ ਬੁਲਾ ਛੱਡਦੇ ਹਨ ਅਤੇ ਇਹ ਸਵਰਗਾਂ ਵਿਚ ਜਾਣ ਦੀਆਂ ਬੜੀਆਂ ਆਸਾਂ ਲਾਈ ਬੈਠੇ ਹਨ, ਪਰ ਹੋਵੇਗਾ ਇਹਨਾਂ ਦੀ ਆਸ ਦੇ ਉਲਟ। ਸਾਡੇ ਲਾਗੇ ਕਈ ਡੇਰੇ ਹਨ। ਪਿੰਡ ਸਰਹਾਲੀ ਕਲਾਂ ਵੀ ਡੇਰਿਆਂ ਵਿਚ ਜਦੋਂ ਅਖੰਡ ਪਾਠ ਹੁੰਦੇ ਹਨ ਤਾਂ ਪਿੰਡ ਸਭਰਾ ਤੋਂ ਉਹ ਅਖੰਡ ਪਾਠੀ ਲਿਜਾਂਦੇ ਹਨ ਜੋ ਪਾਠ ਦੀ ਭੇਟਾ ਨਹੀਂ ਲੈਂਦੇ ਕਿਉਂਕਿ ਇਹਨਾਂ ਕੋਲ ਗੁਰਬਾਣੀ ਪੜ੍ਹਨ ਵਾਲੇ ਨਹੀਂ ਹਨ। ਬਹੁਤੇ ਡੇਰਿਆਂ ਵਾਲੇ ਕਿਰਾਏ 'ਤੇ ਪਾਠ ਕਰਾਉਣ ਦੇ ਆਦੀ ਹੋ ਚੁੱਕੇ ਹਨ। ਜਿੰਮੇਵਾਰ ਕੌਣ ?

## ਜੀਊਬਾਲੇ ਵਾਲਾ ਬਾਬਾ

ਇਹ ਬਾਬਾ ਵੀ ਲੋਕਾਂ ਨੂੰ ਮੁੰਡੇ ਵੰਡ ਰਿਹਾ ਹੈ। ਇਹ 13 ਮਾਸੇ ਸੋਨਾ, 13 ਕਿਲੋ ਮਾਂਹ, 13 ਮੀਟਰ ਕੱਪੜਾ, ਸਾਰਾ ਕੁਝ 13-13 ਦੇ ਹਿਸਾਬ ਨਾਲ ਲੈਂਦਾ ਹੈ। ਮੁੰਡੇ ਦੇਣ ਦੇ ਦਾਅਵੇ ਕਰਦਾ ਹੈ ਪਰ ਕਈਆਂ ਦੇ ਕੁੜੀਆਂ ਵੀ ਹੋ ਜਾਂਦੀਆਂ ਹਨ। ਇਹਦੇ ਡੇਰੇ ਵੀ ਨਸ਼ੇ ਆਦਿ ਵਰਤੇ ਜਾਂਦੇ ਹਨ। ਸਿੱਖ ਰਹਿਤ ਮਰਯਾਦਾ ਦੇ ਉਲਟ ਇਹ ਅਖੰਡ ਪਾਠਾਂ ਤੇ ਕਾਫੀ ਕਰਮਕਾਂਡ ਕਰਦੇ ਹਨ। ਦੀਵੇ ਬਾਲ ਕੇ ਆਰਤੀਆਂ ਵੀ ਕਰਦੇ ਹਨ ਜੋ ਕਿ ਸਰਾਸਰ ਗੁਰਮਤਿ ਦੇ ਉਲਟ ਕੰਮ ਹਨ।

## ਧਰਮ ਓਹਲੇ ਕੁਕਰਮ

### ਨੈਸਲੇ ਡੇਅਰੀ ਤੋਂ ਤੁਰ ਕੇ ਕਿੱਥੇ ਪਹੁੰਚ ਗਿਐ ਚੰਦਾਂ ਵਾਲਾ ਬਾਬਾ ਨਛੱਤਰ ਸਿੰਘ

ਬਾਘਾ ਪੁਰਾਣਾ, 2 ਜੁਲਾਈ—ਧਰਮ ਦੀ ਆੜ ਹੇਠ ਲੋਕਾਂ ਦੀ ਖ਼ੂਨ-ਪਸੀਨੇ ਦੀ ਕਮਾਈ ਇਕੱਠੀ ਕਰਕੇ ਆਪਣੀਆਂ ਨਿੱਜੀ ਜ਼ਮੀਨਾਂ ਵਿਚ ਆਪੇ ਬਣੇ ਪਾਖੰਡੀ ਬਾਬਿਆਂ ਵੱਲੋਂ ਬਣਾਏ ਗਏ ਮਹਿਲਾਂਰੂਪੀ ਡੇਰੇ ਜਿੱਥੇ ਇਹਨਾਂ ਬਾਬਿਆਂ ਲਈ ਵਰਦਾਨ ਸਾਬਤ ਹੋ ਰਹੇ ਹਨ, ਉੱਥੇ ਇਹ ਬਾਬੇ ਸਿੱਖ ਧਰਮ ਨੂੰ ਕਲੰਕਤ ਵੀ ਕਰ ਰਹੇ ਹਨ। ਇੱਥੇ ਹੀ ਬਸ ਨਹੀਂ, ਇਹ ਬਾਬੇ ਆਪਣਾ ਤੋਰੀ ਫੁਲਕਾ ਚਲਾਉਣ ਲਈ ਧਰਮ ਦੀ ਆੜ ਹੇਠ ਸਮਾਜ ਸੇਵਾ ਦੇ ਨਾਂਅ 'ਤੇ ਲੋਕਾਂ ਨੂੰ ਠੱਗ ਰਹੇ ਹਨ। ਅਜਿਹਾ ਹੀ ਇਕ ਬਾਬਾ ਹੈ ਨਛੱਤਰ ਸਿੰਘ ਚੰਦ ਪੁਰਾਣੇ ਵਾਲਾ ਜੋ ਇਕ ਸਾਧਾਰਨ ਵਿਅਕਤੀ ਤੋਂ ਕੁਝ ਹੀ ਸਮੇਂ ਵਿਚ ਲੋਕਾਂ ਨੂੰ ਭੰਬਲਭੂਸੇ 'ਚ ਪਾਉਣ ਵਿਚ ਪੂਰੀ ਤਰ੍ਹਾਂ ਮਾਹਿਰ ਹੋ ਗਿਆ।

ਇਕੱਠੀ ਕੀਤੀ ਜਾਣਕਾਰੀ ਅਨੁਸਾਰ ਇਹ ਬਾਬਾ 1990-91 ਦਰਮਿਆਨ ਮੋਗਾ ਹੀ ਨੈਸਲੇ ਡੇਅਰੀ ਵਿਚ ਛੋਟੀ ਜਿਹੀ ਨੌਕਰੀ ਕਰਦਾ ਸੀ। ਉਸ ਟਾਈਮ ਇਸ ਦੇ ਦਾੜ੍ਹੀ ਕੇਸ ਵੀ ਕੱਟੇ ਹੋਏ ਸਨ। ਉਨ੍ਹਾਂ ਦਿਨਾਂ ਵਿਚ ਇਸ ਨੇ ਆਪਣੀ ਨਿੱਜੀ ਜ਼ਮੀਨ ਵਿਚ ਬਣੀ ਹੋਈ ਆਪਣੇ ਦਾਦੇ-ਪੜਦਾਦੇ ਦੀ ਸਮਾਧ 'ਤੇ ਆਉਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਵਿਚ ਉਸ ਸਮਾਧ ਵਾਲੇ ਸ਼ਹੀਦ ਬਾਬਾ ਤੇਗਾ ਸਿੰਘ ਦੀ ਰੂਹ ਆਉਣ ਦਾ ਪਾਖੰਡ ਰਚਿਆ। ਪਤਾ ਲੱਗਾ ਹੈ ਕਿ ਇਹ ਆਪੇ ਬਣੇ ਬਾਬੇ ਵੱਲੋਂ ਡੇਅਰੀ ਵਿਖੇ ਨੌਕਰੀ ਦਰਮਿਆਨ ਇਕ ਵਾਰ ਆਪਣੇ-ਆਪ ਨੂੰ ਕਰਾਮਾਤੀ ਸਿੱਧ ਕਰਨ ਦੀ ਖ਼ਾਤਰ ਕਥਿਤ ਤੌਰ 'ਤੇ ਡੇਅਰੀ ਵਿਚ ਅੱਗ ਲਗਾ ਦਿੱਤੀ ਗਈ ਸੀ, ਤਾਂ ਜੋ ਉਥੋਂ ਦੇ ਕਰਮਚਾਰੀ, ਅਧਿਕਾਰੀ ਇਸ ਨੂੰ ਗ਼ੈਰ ਹਾਜ਼ਰ ਰਹਿਣ 'ਤੇ ਕੋਈ ਕਿੰਤੂ-ਪ੍ਰੰਤੂ ਨਾਂ ਕਰਨ, ਕਿਉਂਕਿ ਇਹ ਬਾਬਾ ਲੋਕਾਂ ਦੇ ਘਰੀਂ ਜਾ ਸਕੇ ਤਵੀਤ ਕੱਢਣ ਦਾ ਪਾਖੰਡ ਕਰਦਾ ਹੁੰਦਾ ਸੀ, ਇਸ ਕਰਕੇ ਇਹ ਡੇਅਰੀ

ਵਿਚੋਂ ਅਕਸਰ ਗ਼ੈਰ-ਹਾਜ਼ਰ ਰਹਿੰਦਾ ਸੀ।

ਇਸ ਤੋਂ ਬਾਅਦ 1995 ਵਿਚ ਇਸ ਨੇ ਪਿੰਡ ਬੁੱਟਰ ਮੋਗਾ ਵਿਖੇ ਬੇਅਬਾਦ ਪਏ ਥੇਹ ਦੀ ਜ਼ਮੀਨ, ਜੋ ਲਗਭਗ ਚਾਰ ਕਿੱਲੇ ਦੱਸੀ ਜਾਂਦੀ ਹੈ, ਵਿਚੋਂ ਸੋਨੇ ਦੀਆਂ ਮੋਹਰਾਂ ਨਾਲ ਭਰਿਆ ਹੋਇਆ ਕੜਾਹਾ ਕੱਢਣ ਦਾ ਪਾਖੰਡ ਰਚਿਆ। ਪਿੰਡ ਬੁੱਟਰ ਦੇ ਸੂਝਵਾਨ ਲੋਕਾਂ ਨੇ ਇਸ ਪਾਖੰਡ ਵਿਰੁਧ ਸਟੈਂਡ ਲਿਆ ਅਤੇ ਮਿੱਥੀ ਹੋਈ 'ਤਰੀਕ ਤੋਂ ਤਿੰਨ ਦਿਨ ਪਹਿਲਾਂ ਹੀ ਉਸ ਜਗ੍ਹਾ 'ਤੇ ਨਿਗਰਾਨੀ ਲਈ ਉਥੇ ਬੈਠ ਗਏ। ਉਨ੍ਹਾਂ ਇਸ ਸਾਰੀ ਘਟਨਾ ਦੀ ਜਾਣਕਾਰੀ ਤਰਕਸ਼ੀਲਾਂ ਨੂੰ ਵੀ ਦਿੱਤੀ। ਮਿੱਥੀ ਹੋਈ ਤਰੀਕ ਨੂੰ ਇਹ ਬਾਬਾ ਆਪਣੇ ਸ਼ਰਧਾਲੂਆਂ ਅਤੇ ਅਸਲੇ ਨਾਲ ਲੈਸ ਵਿਅਕਤੀਆਂ ਨਾਲ ਪਿੰਡ ਬੁੱਟਰ ਥੇਹ 'ਤੇ ਪੁੱਜਾ, ਜਿੱਥੇ ਪਹਿਲਾਂ ਹੀ ਤਰਕਸ਼ੀਲ ਸੁਸਾਇਟੀ ਬਰਗਾਵੜੀ ਦੇ ਆਗੂ ਅਤੇ ਪਿੰਡ ਵਾਸੀਆਂ ਦਾ ਭਾਰੀ ਇਕੱਠ ਹੋ ਚੁੱਕਾ ਸੀ। ਬਾਬੇ ਨੇ ਜਦੋਂ ਮੋਹਰਾਂ ਵਾਲਾ ਕੜਾਹਾ ਕੱਢਣ ਲਈ ਉਥੋਂ ਸਭ ਨੂੰ ਚਲੇ ਜਾਣ ਲਈ ਕਿਹਾ ਤਾਂ ਲੋਕਾਂ ਨੇ ਕਿਹਾ ਕਿ ਕੜਾਹਾ ਸਭ ਦੇ ਸਾਹਮਣੇ ਕੱਢਿਆ ਜਾਵੇ। ਆਖ਼ਰ ਇਸ ਦੇ ਪਾਖੰਡ ਦਾ ਭਾਂਡਾ ਭੱਜਿਆ, ਜਦ ਉਥੋਂ ਕੁਝ ਵੀ ਹੱਥ ਪੱਲੇ ਨਾ ਪਿਆ। ਲੋਕਾਂ ਸਾਹਮਣੇ ਸੱਚ ਨੰਗਾ ਹੁੰਦਾ ਦੇਖ ਕੇ ਅਖ਼ੀਰ ਇਸ ਬਾਬੇ ਨੇ ਉਥੋਂ ਭੱਜ ਨਿਕਲਣ ਲਈ ਥਾਣਾ ਮੇਹਣਾ ਦੀ ਮਦਦ ਲਈ ਅਤੇ ਕੜਾਹਾਂ ਫੇਰ ਕੱਢਣ ਦੀ ਗੱਲ ਕਹਿ ਕੇ ਖਿਸਕ ਗਿਆ। ਅਸਲ ਵਿਚ ਇਹ ਬਾਬਾ ਇਸ ਚਾਰ ਕਿੱਲੇ ਜ਼ਮੀਨ, ਜੋ ਕਿ ਬੇਆਬਾਦ ਪਈ ਹੋਈ ਸੀ, ਨੂੰ ਕਰਾਮਾਤੀ ਜ਼ਮੀਨ ਦਾ ਭੁਲੇਖਾ ਪਾ ਕੇ ਇਸ 'ਤੇ ਆਪਣਾ ਕਬਜ਼ਾ ਕਰਕੇ ਡੇਰਾ ਉਸਾਰਨਾ ਚਾਹੁੰਦਾ ਸੀ, ਜੋ ਪਿੰਡ ਦੇ ਲੋਕਾਂ ਦੀ ਸੋਚ ਤਰਕਸ਼ੀਲ ਹੋਣ ਕਾਰਨ ਉਨ੍ਹਾਂ ਨੇ ਬਚਾ ਲਈ। ਇਸ ਨਾਲ ਜਿੱਥੇ ਇਸ ਬਾਬੇ ਦਾ ਸੋਨੇ ਦੀਆਂ ਮੋਹਰਾਂ ਕੱਢਣ ਦਾ ਪਾਖੰਡ ਨੰਗਾ ਹੋਇਆ, ਓਥੇ ਇਸ ਬਾਬੇ ਨੇ ਤਰਕਸ਼ੀਲਾਂ ਤੋਂ ਥਾਣਾ ਬਾਘਾ ਪੁਰਾਣਾ ਵਿਖੇ ਲਿਖਤੀ ਮੁਆਫ਼ੀ ਮੰਗ ਕੇ ਖਹਿੜਾ ਛੁਡਾਇਆ ਅਤੇ ਅੱਗੇ ਤੋਂ ਇਹ ਪਾਖੰਡ ਬੰਦ ਕਰਨ ਦਾ ਵਾਅਦਾ ਵੀ ਕੀਤਾ, ਪਰ ਇਸ ਨੇ ਆਪਣੇ ਪਾਖੰਡ ਦਾ ਸਿਲਸਿਲਾ ਉਸੇ ਤਰ੍ਹਾਂ ਜਾਰੀ ਰੱਖਿਆ।

ਇਸ ਤੋਂ ਬਾਅਦ ਬਾਬੇ ਨੇ ਸਿੱਖੀ ਰੂਪ ਧਾਰਨ ਕਰਕੇ ਦਾੜ੍ਹੀ ਅਤੇ ਕੇਸ ਰੱਖ ਲਏ ਤੇ ਪੈਂਟ ਸ਼ਰਟਾਂ ਦੀ ਥਾਂ ਗੋਡਿਆਂ ਤਕ ਚੋਲਾ ਪਾਉਣਾ ਸ਼ੁਰੂ ਕਰ ਦਿੱਤਾ। ਇਸਦੇ ਨਾਲ ਹੀ ਇਸ ਨੇ 'ਸਾਧ ਤੇ ਸਿਆਸਤ' ਦੀ ਪਰੰਪਰਾ ਨੂੰ ਕਾਇਮ ਰਖਦਿਆਂ ਸਿਆਸੀ ਲੀਡਰਾਂ ਨਾਲ ਹੱਥ ਮਿਲਾਉਣ ਦਾ ਸਿਲਸਿਲਾ ਜਾਰੀ ਕਰ ਦਿੱਤਾ। ਇਸ ਦਾ ਸਬੂਤ ਇਸ ਦੇ ਆਲੀਸ਼ਾਨ ਬੰਗਲੇ ਰੂਪ ਡੇਰੇ ਵਿਚ ਲੱਗੀਆਂ ਤਸਵੀਰਾਂ ਮੂੰਹੋਂ ਬੋਲਦੀਆਂ ਹਨ। ਇਥੇ ਹੀ ਬਸ ਨਹੀਂ, ਇਸ ਡੇਰੇ ਨੂੰ ਜਾਂਦੇ ਕੱਚੇ ਰਸਤੇ ਨੂੰ ਅਕਾਲੀ-ਭਾਜਪਾ ਸਰਕਾਰ ਦੌਰਾਨ ਸਰਕਾਰੀ ਖਰਚੇ ਨਾਲ ਪੱਕਾ ਕੀਤਾ ਗਿਆ,

ਜਿਸ ਦਾ ਉਦਘਾਟਨ ਬਾਘਾ ਪੁਰਾਣਾ ਦੇ ਅਕਾਲੀ ਵਿਧਾਇਕ ਨੇ ਕੀਤਾ।

ਅੱਜ ਦੇ ਵਿਗਿਆਨਕ ਯੁੱਗ ਵਿਚ ਜਿੱਥੇ ਕੈਂਸਰ, ਏਡਜ਼ ਅਤੇ ਹੋਰ ਜਾਨ ਲੇਵਾ ਬਿਮਾਰੀਆਂ ਲਈ ਵਿਗਿਆਨੀ ਵੀ ਜਵਾਬ ਦੇ ਜਾਂਦੇ ਹਨ, ਉਕਤ ਬਾਬਾ ਅਜਿਹੀਆਂ ਬਿਮਾਰੀਆਂ ਵਾਲੇ ਮਰੀਜ਼ਾਂ ਨੂੰ ਵੀ ਭਰਮ-ਭੁਲੇਖਿਆਂ ਵਿਚ ਪਾ ਕੇ ਉਨ੍ਹਾਂ ਨੂੰ ਆਪਣੇ ਚੰਗੁਲ ਵਿਚ ਫਸਾ ਲੈਂਦਾ ਹੈ। ਅਜਿਹੀਆਂ ਬਿਮਾਰੀਆਂ ਲਈ ਅਤੇ ਪੁੱਤਰਾਂ ਦੀਆਂ ਦਾਤਾਂ ਦੇਣ ਲਈ ਇਸ ਬਾਬੇ ਵੱਲੋਂ ਚਿੱਟੀ ਸਰ੍ਹੋਂ ਅਤੇ ਜਲ ਆਦਿ ਮੰਤਰ ਕੇ ਦਿੱਤੇ ਜਾਂਦੇ ਹਨ।

ਪੱਤਰਕਾਰਾਂ ਵੱਲੋਂ ਦੇਖਿਆ ਗਿਆ ਹੈ ਕਿ ਬਾਬਾ ਅਜਿਹੇ ਹੀ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀਆਂ, ਜਿਨ੍ਹਾਂ ਵਿਚ ਆਦਮੀ, ਔਰਤਾਂ ਅਤੇ ਅਣ-ਵਿਆਹੀਆਂ ਲੜਕੀਆਂ ਵੀ ਸ਼ਾਮਲ ਸਨ, ਨੂੰ ਆਪਣੇ ਹੱਥ ਵਿਚਲੀ ਖੂੰਡੀ ਨਾਲ 'ਦਮ' ਕਰ ਰਿਹਾ ਸੀ ਅਤੇ ਉਨ੍ਹਾਂ ਦੇ ਸਰੀਰ 'ਤੇ ਥਾਪੜਾ ਜਿਹਾ ਦੇ ਕੇ ਉਨ੍ਹਾਂ ਦੇ ਦੁੱਖ ਦੂਰ ਹੋਣ ਦੇ ਲਾਰੇ ਲਗਾ ਰਿਹਾ ਸੀ, ਜਦਕਿ ਸਿੱਖ ਧਰਮ ਵਿਚ ਧਾਗੇ-ਤਵੀਤਾਂ, ਪੁੱਛਾਂ-ਟੇਵਿਆਂ ਆਦਿ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਲਈ ਵਰਜਿਆ ਗਿਆ ਹੈ। ਸਿੱਖ ਧਰਮ ਨੂੰ ਕਲੰਕਿਤ ਕਰਨ ਵਾਲਾ ਇਹ ਬਾਬਾ ਹੁਣ ਭਾਵੇਂ ਅੰਮ੍ਰਿਤ ਛਕਣ ਅਤੇ ਸਾਦਾ ਜੀਵਨ ਬਤੀਤ ਕਰਨ ਦੇ ਉਪਦੇਸ਼ ਦਿੰਦਾ ਹੈ, ਪਰ ਇਸ ਬਾਬੇ ਦੀ ਟੌਹਰ ਵੱਲ ਝਾਤ ਮਾਰੀ ਜਾਵੇ ਤਾਂ ਬੜੀ ਹੈਰਾਨਗੀ ਹੁੰਦੀ ਹੈ। ਕੰਨਾਂ ਤੋਂ ਉੱਚਾ ਚੁੱਕ ਕੇ ਬੰਨ੍ਹਿਆ ਹੋਇਆ ਸਫ਼ੈਦ ਗੋਲ ਪਰਨਾ, ਅੱਖਾਂ 'ਤੇ ਐਨਕ, ਗੋਲ ਕੁੰਢੀਆਂ ਮੁੱਛਾਂ, ਮੋਬਾਇਲ ਫ਼ੋਨ, ਆਵਾਜਾਈ ਦੇ ਸਾਧਨ ਲਈ ਜਿਪਸੀ, ਬਾਬੇ ਦੀ ਸੁਰੱਖਿਆ ਲਈ ਹਮੇਸ਼ਾਂ ਨਾਲ ਰਹਿਣ ਵਾਲੇ ਗੰਨਮੈਨ ਆਦਿ ਕਈ ਹੋਰ ਸਹੂਲਤਾਂ ਦਾ ਆਨੰਦ ਮਾਣ ਰਿਹਾ ਹੈ। ਇਸ ਡੇਰੇ ਵਿਚ ਮਾਨਸਿਕ ਬਿਮਾਰੀ ਨਾਲ ਪੀੜਤ ਔਰਤ ਨੂੰ ਭੂਤ-ਪ੍ਰੇਤ ਕੱਢਣ ਲਈ ਦੇਸੀ ਘਿਓ ਦੀ ਧੂਣੀ ਕੋਲ ਬਿਠਾ ਕੇ ਉਸ ਦੀ ਓਪਰੀ ਕਸਰ ਕੱਢਣ ਲਈ ਬਾਬੇ ਵੱਲੋਂ ਉਸ ਔਰਤ ਨੂੰ ਤਸੀਹੇ ਦਿੱਤੇ ਜਾਂਦੇ ਵੇਖੇ ਗਏ। ਉਸ ਦੇ ਵਾਲ ਪੁੱਟਣ ਅਤੇ ਚਿਮਟੇ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਬਾਬੇ ਕੋਲ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਵੀ ਆਉਣਾ-ਜਾਣਾ ਬਣਿਆ ਰਹਿੰਦਾ ਹੈ। ਇਹ ਬਾਬਾ ਕਿਸੇ ਨਾ ਕਿਸੇ ਬਹਾਨੇ ਜ਼ਿਲ੍ਹਾ ਪੱਧਰ ਦੇ ਅਫ਼ਸਰਾਂ ਨੂੰ ਇਥੇ ਬੁਲਾ ਲੈਂਦਾ ਹੈ ਅਤੇ ਸਿਰੋਪਾਓ ਆਦਿ ਦੇ ਕੇ ਉਨ੍ਹਾਂ ਨਾਲ ਤਾਲਮੇਲ ਬਣਾਈ ਰੱਖਦਾ ਹੈ, ਇਸ ਕਰਕੇ ਇਸ ਬਾਬੇ ਵਿਰੁੱਧ ਬੋਲਣ ਦੀ ਕੋਈ ਹਿੰਮਤ ਨਹੀਂ ਕਰਦਾ। ਇਸ ਤਰ੍ਹਾਂ ਇਹ ਡੇਰਾ ਸਿਆਸੀ ਅਤੇ ਸਰਕਾਰੀ ਛਤਰ-ਛਾਇਆ ਹੇਠ ਹਰ ਰੋਜ਼ ਫਲ-ਫੁਲ ਰਿਹਾ ਹੈ ਤੇ ਹਜ਼ਾਰਾਂ ਲੋਕਾਂ ਨੂੰ ਲੁੱਟ ਦਾ ਸ਼ਿਕਾਰ ਬਣਾ ਕੇ ਆਪਣਾ ਕੂੜ-ਪਸਾਰਾ ਫੈਲ ਰਿਹਾ ਹੈ। ਸਿੱਖ ਵਿਚਾਰਧਾਰਾ ਦੇ ਧਾਰਨੀ ਲੋਕਾਂ ਨੇ ਸ਼੍ਰੋਮਣੀ

ਕਮੇਟੀ ਨੂੰ ਕਿਹਾ ਹੈ ਕਿ ਸਿੱਖ ਧਰਮ ਕਲੰਕਿਤ ਕਰਨ ਵਾਲੇ ਇਸ ਅਖੌਤੀ ਸਿੱਖ ਬਾਬੇ, ਜੋ ਸਿੱਖੀ ਦੇ ਨਾਂਅ ਹੇਠ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਮੜ੍ਹੀਆਂ-ਮਸਾਣੀਆਂ ਆਦਿ ਦੀ ਪੂਜਾ ਵਿਚ ਪਾ ਕੇ ਭਰਮਾਂ ਵਿਚ ਪਾਉਣ ਲਈ ਤੁਲਿਆ ਹੋਇਆ ਹੈ, ਦੇ ਵਿਰੁੱਧ ਤੁਰੰਤ ਕੋਈ ਠੋਸ ਕਦਮ ਉਠਾਵੇ।

## ਬਾਬਾ ਮਾਨ ਸਿੰਘ ਪਿਹੋਵਾ ਵਾਲਿਆਂ 'ਤੇ ਦੋਸ਼-ਕਾਰਵਾਈ ਦੀ ਮੰਗ ਭਖੀ

ਸ. ਤੀਰਥ ਸਿੰਘ ਪੁੱਤਰ ਸਰਬਣ ਸਿੰਘ ਵਾਸੀ ਪਿੰਡ ਬੁੱਢਾ ਭੌਰਾ ਜ਼ਿਲ੍ਹਾ ਰੋਪੜ ਹਾਲ ਵਾਸੀ ਮਕਾਨ ਨੰਬਰ 286 ਗੋਬਿੰਦਪੁਰਾ ਦੋਰਾਹਾ ਜ਼ਿਲ੍ਹਾ ਲੁਧਿਆਣਾ ਨੇ ਪਿਹੋਵਾ ਵਾਲੇ ਸੰਤ ਮਾਨ ਸਿੰਘ 'ਤੇ ਅਨੇਕਾਂ ਤਰ੍ਹਾਂ ਦੇ ਗੰਭੀਰ ਦੋਸ਼ ਲਗਾਉਂਦੇ ਹੋਏ ਕਥਿਤ ਬਾਬੇ ਦੇ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਅੱਜ ਇਥੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਸ. ਤੀਰਥ ਸਿੰਘ ਨੇ ਸੰਤ ਮਾਨ ਸਿੰਘ ਪਿਹੋਵਾ ਵਾਲਿਆਂ 'ਤੇ ਜ਼ਮੀਨ ਹੜੱਪਣ ਦਾ ਦੋਸ਼ ਲਗਾਉਂਦਿਆਂ ਦੱਸਿਆ ਕਿ ਉਨ੍ਹਾਂ ਨੇ ਬਾਬੇ ਤੋਂ ਪ੍ਰਭਾਵਿਤ ਹੋ ਕੇ ਆਪਣੀ ਸਾਢੇ ਤਿੰਨ ਏਕੜ ਜ਼ਮੀਨ ਜਿਸ ਵਿਚ ਕਿੰਨੂਆਂ ਦਾ ਬਾਗ ਲੱਗਾ ਹੋਇਆ ਹੈ, 1992 ਵਿਚ ਡੇਰੇ ਦੇ ਨਾਂ ਕਰਵਾ ਦਿੱਤੀ ਅਤੇ ਉਨ੍ਹਾਂ ਦਾ ਪੂਰਾ ਪਰਿਵਾਰ ਬਾਬੇ ਦੇ ਫੂਲ ਪਿੰਡ ਸਥਿਤ ਡੇਰੇ 'ਚ ਸੇਵਾ ਕਰਨ ਲੱਗ ਪਿਆ ਪਰ ਬਾਅਦ 'ਚ ਜਦ ਉਨ੍ਹਾਂ ਨੂੰ ਡੇਰੇ 'ਚ ਰਹਿੰਦਿਆਂ ਬਾਬੇ ਅਤੇ ਉਸ ਦੇ ਸੇਵਕਾਂ ਦੀਆਂ ਹਰਕਤਾਂ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ, ਜਿਸ 'ਤੇ ਬਾਬੇ ਨੇ ਉਨ੍ਹਾਂ ਨੂੰ ਡਰਾਉਣਾ-ਧਮਕਾਉਣਾ ਸ਼ੁਰੂ ਕਰ ਦਿੱਤਾ ਤੇ ਅੰਤ ਉਨ੍ਹਾਂ ਨੇ 1994 'ਚ ਇਹ ਡੇਰਾ ਛੱਡ ਦਿੱਤਾ। ਆਪਣੀ ਫੀਏਟ ਤੇ ਅੰਬੈਸਡਰ ਕਾਰ ਅਤੇ ਮਹਿੰਦਰਾ ਜੀਪ ਬਾਬੇ ਦੇ ਨਾਂ ਕਰਨ ਵਾਲੇ ਸ. ਹਰਪਾਲ ਸਿੰਘ ਸੋਢੀ ਵਾਸੀ ਰੋਪੜ ਅਤੇ 14 ਸਾਲ ਬਾਬੇ ਦੇ ਗੜਵਈ (ਪੀ.ਏ.) ਰਹੇ ਸ. ਸਾਹਿਬ ਸਿੰਘ ਨੇ ਵੀ ਬਾਬੇ 'ਤੇ ਇਸ ਤਰ੍ਹਾਂ ਦੇ ਗੰਭੀਰ ਦੋਸ਼ ਲਗਾਏ ਹਨ। ਸਾਹਿਬ ਸਿੰਘ ਨੇ ਦੱਸਿਆ ਕਿ ਬਾਬੇ ਵੱਲੋਂ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਸੰਬੰਧੀ ਉਨ੍ਹਾਂ ਨੇ ਥਾਣਾ ਬੱਸੀ ਪਠਾਣਾਂ ਦੀ ਪੁਲੀਸ ਨੂੰ ਸੂਚਿਤ ਕੀਤਾ ਹੋਇਆ ਹੈ। ਉਧਰ ਸੰਤ ਮਾਨ ਸਿੰਘ ਪਿਹੋਵਾ ਵਾਲਿਆਂ ਨਾਲ ਕੋਸ਼ਿਸ਼ ਕੀਤੇ ਜਾਣ ਦੇ ਬਾਵਜੂਦ ਸੰਪਰਕ ਨਹੀਂ ਹੋ ਸਕਿਆ।

## ਸੰਤ ਸੁਖਚੈਨ ਸਿੰਘ ਲੱਧੂ ਵਾਲਾ

ਇਹ ਸਾਧ ਪੱਟੀ ਇਲਾਕੇ ਵਿਚ ਡੇਰਾ ਬਣਾ ਕੇ ਬੈਠਾ ਹੈ ਇਸਨੇ ਇਥੇ ਲਿਖ ਕੇ ਇਕ ਬੋਰਡ ਲਾਇਆ ਹੋਇਆ ਹੈ ਕਿ ਇਥੇ ਸੁੱਕੇ ਬੱਚੇ ਹਰੇ ਹੁੰਦੇ ਹਨ। ਇਹ

ਸਾਧ ਆਮ ਹੀ ਇਹ ਗੱਲ ਕਹਿੰਦੇ ਹਨ ਕਿ ਫਲਾਨੇ ਨੇ ਇਥੇ ਇੰਨੀ ਇੱਟੀ ਦੀ ਸੇਵਾ ਕੀਤੀ ਹੈ ਫਲਾਨੇ ਨੇ ਇਤਨਾ ਸੀਮੈਂਟ ਦਿੱਤਾ ਹੈ। ਭਾਵੇਂ ਉਹ ਸੀਮੈਂਟ ਇਹਨਾਂ ਨੇ ਕੋਲੋਂ ਹੀ ਪੈਸੇ ਖਰਚ ਕੇ ਲਿਆਂਦਾ ਹੋਵੇ। ਇਸ ਤਰ੍ਹਾਂ ਕਹਿਣ ਨਾਲ ਲੋਕ ਹੋਰ ਵੀ ਚੜ੍ਹਾਵੇ ਚੜ੍ਹਾਉਣ ਵਾਸਤੇ ਤਿਆਰ ਹੋ ਜਾਂਦੇ ਹਨ। ਬਹੁਤੇ ਸਾਧਾਂ ਦੀ ਗਿਣਤੀ ਸੰਗਤ ਨੂੰ ਸੱਚ ਨਹੀਂ ਦੱਸਦੀ। ਲੋਕਾਂ ਨੂੰ ਹਮੇਸ਼ਾਂ ਭੁਲੇਖਿਆਂ ਵਿਚ ਪਾ ਕੇ ਰੱਖਣਾ ਚਾਹੁੰਦੇ ਹਨ। ਇਸਨੇ ਇਹ ਵੀ ਦੱਸਿਆ ਹੈ ਕਿ 40 ਲੱਖ ਰੁਪਏ ਲਾ ਕੇ ਸਰੋਵਰ ਬਣਾਇਆ ਹੈ ਅਤੇ ਸੱਤਾਂ ਸਰੋਵਰਾਂ ਦਾ ਜਲ ਲਿਆ ਕੇ ਇਸ ਸਰੋਵਰ ਵਿਚ ਪਾਇਆ ਹੈ। ਇਥੇ ਸੁੱਕੇ ਬੱਚੇ ਹਰੇ ਹੁੰਦੇ ਹਨ ਇਹ ਧਾਰਣਾ ਇਸ ਨੇ ਆਪਣੇ ਕੋਲੋਂ ਘੜੀ ਹੈ।

## ਸੰਤ ਸਰੂਪ ਸਿੰਘ ਚੰਡੀਗੜ੍ਹ

ਇਹ ਵੀ ਗੁਰਮਤਿ ਦੇ ਉਲਟ ਸਿੱਧੀਆਂ ਧਾਰਨਾ ਦਾ ਦੀਵਾਨ ਲਾਉਂਦਾ ਹੈ। ਆਪਣੇ ਆਪ ਨੂੰ ਬਹੁਤ ਵੱਡਾ ਸੰਤ ਇਹ ਸਮਝਦਾ ਹੈ। ਇਸਦੀ ਇਹ ਵੀ ਕੋਸ਼ਿਸ ਹੁੰਦੀ ਹੈ ਕਿ ਜਿਸ ਸਟੇਜ 'ਤੇ ਇਹ ਬੋਲੇ ਉਥੇ ਹੋਰ ਕੋਈ ਵੀ ਨਾ ਬੋਲੇ। ਇਸਨੇ ਇਕ ਵਾਰੀ ਇਹ ਵੀ ਕਿਹਾ ਸੀ ਕਿ ਤੁਸੀਂ ਰੇੜੀਆਂ ਆਦਿ ਤੋਂ ਖਾ ਪੀ ਸਕਦੇ ਹੋ ਪਰ ਮੈਂ ਤਾਂ ਰੇੜੀਆਂ ਤੋਂ ਕੁਝ ਵੀ ਨਹੀਂ ਖਾ ਸਕਦਾ ਕਿਉਂਕਿ ਮੈਂ ਤਾਂ ਹੁਣ ਵੱਡਾ ਸੰਤ ਹਾਂ।

## ਇੰਗਲੈਂਡ ਵਾਸੀ ਬਾਬਾ ਕਰਨੈਲ ਸਿੰਘ ਨੌਗੱਜਾ

ਜਦੋਂ ਕਿ ਹੋਰ ਕਈ ਸਾਧ ਇਸਦੇ ਸਾਥੀ ਸੋਨੇ ਨੂੰ ਕਲਜੁੱਗ ਕਰਕੇ ਵਿਆਖਿਆ ਕਰ ਰਹੇ ਹਨ ਪਰ ਇਹਨੇ 3 ਕਿਲੋ ਸੋਨਾ ਲਾ ਕੇ "ਗੁਰੂ ਗ੍ਰੰਥ ਸਾਹਿਬ ਜੀ" ਦਾ ਸਰੂਪ ਤਿਆਰ ਕਰਵਾਇਆ ਹੈ। ਜੋ ਗੁਰਮਤਿ, ਤੱਤ ਸੱਚ ਰੂਪੀ ਸੋਨਾ ਗੁਰੂਆਂ ਨੇ ਲਾਇਆ ਹੈ ਉਹ ਇਸ ਸਾਧ ਨੂੰ ਨਜ਼ਰ ਨਹੀਂ ਆਇਆ। ਹੀਰੇ, ਜਵਾਹਰਾਤਾਂ, ਸਇਨੇ ਨਾਲੋਂ ਵੀ ਅਮੁੱਲੋ ਅਮੁੱਲ ਗੁਰੂ ਦੇ ਬਚਨ ਹਨ। ਗੁਰੂ ਦੇ ਬਚਨ ਹੁਕਮ ਨੂੰ ਜੀਵਨ ਵਿਚ ਢਾਲਣਾ, ਕਮਾਉਣ ਦੀ ਲੋੜ ਹੈ। ਕੀ ਇਹਨਾਂ ਸਾਧਾਂ ਨੇ ਕਦੇ ਸੋਚਿਆ ਹੈ ਕਿ ਕਈ ਗ਼ਰੀਬ ਸਿੱਖਾਂ ਕੋਲ ਤਾਂ ਕਛਹਿਰਾ ਬਣਾਉਣ ਵਾਸਤੇ, ਉਹਨਾਂ ਦੇ ਬੱਚਿਆਂ ਦੀ ਪੜ੍ਹਾਈ ਵਾਸਤੇ ਪੈਸਾ ਨਹੀਂ ਹੈ।

# ਦੇਹਧਾਰੀ ਗੁਰੂ ਡੰਮ

## ਰਾਧਾ ਸੁਆਮੀ ਗੁਰੂ ਡੰਮ

ਸ਼ਿਵ ਦਿਆਲ ਸਿੰਹੁ ਪਹਿਲਾਂ ਆਗਰੇ ਵਿਚ ਗੁਰਬਾਣੀ ਕਥਾ ਕਰਦੇ ਹੁੰਦੇ ਸੀ। ਉਥੇ ਗੁਰਦਵਾਰੇ ਕਿਸੇ ਕਾਰਨ ਤਕਰਾਰ ਹੋ ਗਿਆ। ਉਥੋਂ ਇਹਨਾਂ ਦੀ ਛੁੱਟੀ ਕਰਵਾ ਦਿੱਤੀ ਗਈ। ਇਹ ਘਰੇ ਹੀ ਬੈਠ ਕੇ ਸੰਗਤ ਨਾਲ ਵਿਚਾਰਾਂ ਕਰਨ ਲੱਗੇ। ਕਹਿੰਦੇ ਪੰਡਤ ਜਵਾਹਰ ਲਾਲ ਨਹਿਰੂ ਨੇ ਗੁਪਤ ਸਾਜ਼ਸ਼ ਅਧੀਨ ਇਕ ਗੁਪਤ ਆਵਾਜ਼ ਮਾਰੀ ਕਿ ਕੋਈ ਐਸਾ ਸਿੱਖ ਹੈ ਜੋ ਸਿੱਖਾਂ ਵਿਚ ਫੁੱਟ ਪਾਉਣ (ਸਿੱਖਾਂ ਵਿਚ ਵੰਡੀਆਂ ਪਾਉਣ), ਸਿੱਖ ਸਿਧਾਂਤਾਂ ਦਾ ਖੰਡਨ ਕਰਕੇ ਸਿੱਖਾਂ ਨੂੰ ਕਮਜ਼ੋਰ ਕਰਨ ਦਾ ਕੰਮ ਤਨਦੇਹੀ ਨਾਲ ਨਿਭਾਵੇ। ਇਹ ਗੁਪਤ ਆਵਾਜ਼ ਸ਼ਿਵ ਦਿਆਲ ਸਿੰਹੂ ਦੇ ਕੰਨਾਂ ਵਿਚ ਪਈ ਇਹਨੇ ਆਪ ਮਿਲ ਕੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਕਿਹਾ ਕਿ ਮੈਂ ਇਹ ਕੰਮ ਪੂਰੀ ਜ਼ਿੰਮੇਵਾਰੀ ਨਾਲ ਨਿਭਾਵਾਂਗਾ, ਪੈਸਾ ਟਕਾ ਲੈਣ ਦੇਣ ਮਿਥ ਲਿਆ ਗਿਆ।

ਇਹ ਆਗਰੇ ਦੇ ਖੱਤਰੀ ਸਨ, ਇਹਨਾਂ ਪਹਿਲਾ ਆਗਰੇ ਵਿਚ ਸਤਸੰਗ ਸ਼ੁਰੂ ਕੀਤਾ। ਇਹਨਾਂ ਦੇ ਸ਼ਰਧਾਲੂ ਇਹਨਾਂ ਨੂੰ 'ਸਵਾਮੀ' ਕਹਿਣ ਲਗੇ। ਇਹਨਾਂ ਦੀ ਇਸਤਰੀ ਦਾ ਨਾਂ ਰਾਧਾ ਸੀ। ਇਹ ਰਾਧਾ ਸੁਆਮੀ ਕਰਕੇ ਪ੍ਰਸਿੱਧ ਹੋਏ, ਇਹਨਾ ਦੇ ਉਤਰ ਅਧਿਕਾਰੀਆਂ ਨੇ ਰਾਧਾਸੁਆਮੀ ਗੁਰੂਡੰਮ ਚਲਾ ਲਿਆ।

ਇਸ ਮਤ ਵਿਚ ਸ਼ਖਸੀ ਗੁਰੂ ਦੀ ਪੂਜਾ, ਸ਼ਬਦ ਸੁਰਤ ਦਾ ਮਨੋਕਲਪਿਤ ਅਭਿਆਸ, ਤ੍ਰਿਕੁਟੀ, ਸੁੰਨ-ਗੁਫ਼ਾ ਤੇ ਦਸਮ ਦੁਆਰ ਵਿਚ ਸੁਰਤ ਚੜ੍ਹਾ ਕੇ ਅਨਹਦ ਸ਼ਬਦ ਸੁਣਨ ਤੇ ਕਲਪਤ ਰਾਧਾ ਸੁਆਮੀ ਧਾਮ ਤੀਕ ਪੁੱਜਣ ਦੀ ਯੋਗ ਮਤ ਵਾਂਗੂੰ ਸਿੱਖਿਆ ਦਿੱਤੀ ਜਾਂਦੀ ਹੈ। ਗੁਰੂ ਦੀ ਜੂਠ ਜਿਸ ਨੂੰ ਇਹ ਪ੍ਰਸ਼ਾਦੀ ਕਹਿੰਦੇ ਹਨ, ਖਾਣ ਨੂੰ ਪੁੰਨ ਕਰਮ ਸਮਝਿਆ ਜਾਂਦਾ ਹੈ। ਇਹ ਮਾਸ, ਸ਼ਰਾਬ ਨਹੀਂ ਵਰਤਦੇ ਪਰ ਹੁੱਕਾ, ਬੀੜੀ, ਸਿਗਰੇਟ ਜੋ ਸਭ ਤੋਂ ਨਖਿਧ ਨਸ਼ਾ ਹੈ ਤੋਂ ਆਪਣੇ ਸ਼ਰਧਾਲੂਆਂ ਨੂੰ ਨਹੀਂ ਵਰਜਦੇ ਕਿਉਂਕਿ ਐਸਾ ਕਰਨ ਕਰਕੇ ਹਿੰਦੂਆਂ ਦੀ ਬਹੁ ਗਿਣਤੀ ਇਸ ਮਤ ਤੋਂ ਬਾਗ਼ੀ ਹੋ ਸਕਦੀ ਹੈ। 'ਸਾਰ ਬਚਨ' ਇਸ ਮਤ ਦੀ ਪ੍ਰਸਿੱਧ ਪੁਸਤਕ ਹੈ। ਸ਼ਖਸੀ ਪੂਜਾ ਤੇ ਗੁਰੂ-ਡੰਮ੍ਹ ਦੇ ਕਾਰਨ ਸੌ ਸਾਲ ਦੇ ਸਮੇਂ ਵਿਚ ਇਸ ਮਤ ਦੀਆਂ ਕਈ ਗੱਦੀਆਂ ਅਤੇ ਸ਼ਾਖਾ ਬਣ ਗਈਆਂ ਹਨ। ਇਸ ਮਤ ਦਾ ਇਕ ਕੇਂਦਰ ਆਗਰੇ ਵਿਚ ਹੈ। ਦੂਸਰੀ ਸ਼ਾਖ ਬਿਆਸ ਵਿਚ ਹੈ। ਸਿੱਖ ਪਲਟਨ ਵਿਚੋਂ ਬਾਬਾ ਜੈਮਲ ਸਿੰਘ ਸੁਆਮੀ ਸ਼ਿਵ ਦਿਆਲ ਦੇ ਸੰਪਰਕ ਵਿਚ ਆਏ ਜੋ ਬਾਅਦ ਵਿਚ ਬਿਆਸ ਵਾਲੀ ਗੱਦੀ ਦੇ ਮੋਢੀ ਬਣੇ। ਦੂਸਰੇ ਆਗਰੇ ਦੇ, ਇਕ ਡਾਕਖਾਨੇ ਮਹਿਕਮੇ ਦੇ

ਮੁਲਾਜ਼ਮ ਰਾਇ ਬਹਾਦਰ ਸਾਲਗ ਰਾਮ ਦੇ ਚੇਲੇ ਬਣੇ। ਇਹ ਹੀ ਅਸਲ ਵਿਚ ਰਾਧਾ ਸੁਆਮੀ ਮਤ ਦੇ ਚਲਾਉਣ ਵਾਲੇ ਹਨ।

ਰਾਧਾ ਸੁਆਮੀ ਨਾਮ ਕੋਈ ਈਸ਼ਵਰਵਾਦੀ ਨਾਮ ਨਹੀਂ ਹੈ, ਨਾ ਹੀ ਇਸਦੇ ਮਾਇਨੇ ਸ਼ਬਦ ਸੁਰਤ ਦੇ ਹਨ। ਉੱਪਰ ਦੱਸ ਆਏ ਹਾਂ ਪਤਨੀ ਦਾ ਨਾਂ ਰਾਧਾ ਸੀ ਅਤੇ ਘਰ ਵਾਲਾ ਸੁਆਮੀ। ਰਾਧਾ ਸੁਆਮੀ ਕੀ ਰਾਧਾ ਸੁਆਮੀਆਂ ਨੂੰ ਗੁਰੂ ਨਾਨਕ ਸਾਹਿਬ ਦੇ ਇਹਨਾਂ ਵਾਕਾਂ ਦਾ ਗਿਆਨ ਨਹੀਂ ਹੈ:

1. ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

2. ਸਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉ ਰਾਨੰ॥ (ਪੰਨਾ 635)

ਇਹ ਜੋਗ ਮਤ ਦੀ ਨਕਲ ਕਰਕੇ, ਰਾਧਾ ਸੁਆਮੀ ਪੰਜ ਨਾਮ। ਉਹਨਾਂ ਦੇ ਟਿਕਾਣੇ ਤੇ ਅੰਦਰ ਸ਼ਬਦ ਹੋਣੇ ਮੰਨਦੇ ਹਨ। ਉਹ ਪੰਜ ਨਾਮ ਇਹ ਹਨ:

1. ਜੋਤਿ ਨਿਰੰਜਣ 2. ਓਅੰਕਾਰ, 3. ਰਰੰਕਾਰ, 4. ਸੋਹੰ, 5. ਸਤਿਨਾਮ। ਰਾਧਾ ਸੁਆਮੀਆਂ ਨੇ ਰਾਧਾ ਸੁਆਮੀ ਧਾਰਾ ਤੀਕਰ ਪੁੱਜਣ ਵਾਸਤੇ ਇਕ ਬਹੁਤ ਲੁਭਾਣਾ ਰੂਹਾਨੀ ਸਫ਼ਰ ਦਾ ਨਕਸ਼ਾ ਖਿੱਚਿਆ ਹੈ। ਇਸ ਸਫ਼ਰ ਨੂੰ ਤੈਅ ਕਰਨ ਲਈ ਪਹਿਲਾਂ ਆਲਤੀ ਪਾਲਤੀ ਆਸਣ ਲਾਉਣਾ ਪੈਂਦਾ ਹੈ, ਜਿਸ ਅਨੁਸਾਰ ਪੈਰਾਂ ਭਾਰ ਬੈਠਣਾ, ਉਂਗਲਾਂ ਨਾਲ ਕੰਨ ਬੰਦ ਕਰ ਲੈਣੇ ਅਤੇ ਦੋ ਉਂਗਲਾਂ ਅੱਖਾਂ ਪਰ ਰੱਖ ਲੈਣੀਆਂ। ਇਸ ਆਸਨ ਤੋਂ ਉਪਰੰਤ ਅੱਖਾਂ ਦੇ ਮੱਧ ਤ੍ਰਿਕੁਟੀ ਵਿਚ ਸੁਰਤਿ ਨੂੰ ਟਿਕਾਉਣਾ ਅਤੇ ਰਾਧਾ ਸੁਆਮੀ ਗੁਰੂ ਦੇ ਸਰੀਰ ਜਾਂ ਫੋਟੋ ਦਾ ਧਿਆਨ ਕਰਨਾ ਅਤੇ ਨਾਮ ਨੂੰ ਰਟਨਾ ਮੁਖ ਸਾਧਨ ਹੈ। ਸਾਰ ਬਚਨ ਦੇ ਕਥਨ ਮੁਤਾਬਿਕ ਇਥੋਂ ਰੂਹਾਨੀ ਸਫ਼ਰ ਦਾ ਆਰੰਭ ਹੁੰਦਾ ਹੈ। ਇਸ ਸਫ਼ਰ ਵਿਚ ਯੋਜਨਾ ਦੀ ਗਿਣਤੀ ਕਿਸੇ ਹਿਸਾਬੀ ਕਿਤਾਬੀ ਦਾ ਕੰਮ ਹੈ ਕਿਉਂਕਿ ਕਿਧਰੇ ਲਿਖਿਆ ਹੈ ਕਿ ਪਹਿਲਾਂ ਰੂਹ ਪੰਜ ਅਰਬ ਕਰੋੜ ਯੋਜਨ ਉਤਾਂਹ ਗਈ। ਫਿਰ ਖਰਬ ਯੋਜਨ ਡੂੰਘਾਈ ਵਿਚ ਚਲੇ ਗਈ। ਉਥੇ ਜਾ ਕੇ ਫਿਰ ਉਤਾਂਹ ਆ ਗਈ, ਇਹ ਵੀ ਇਕ ਨਿਰੋਲ ਗਪੀਗੋੜ ਹੀ ਹੈ।

ਰੂਹਾਨੀ ਸਫ਼ਰ ਦੀਆਂ ਝਾਕੀਆਂ ਤੋਂ ਬਿਨਾਂ ਰਾਧਾ ਸੁਆਮੀ, ਜੋਗ ਮਤ ਦੇ ਦੱਸੇ ਹੋਏ ਛੇ ਚੱਕਰਾਂ ਵਿਚੋਂ ਵੀ ਸੁਰਤ ਨੂੰ ਘੁਮਾਉਂਦੇ ਹਨ। ਇਸ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਕਿਵੇਂ ਯੋਗ ਮਤ ਦੀ ਨਕਲ ਕਰਕੇ ਇਹਨਾਂ ਨੇ ਲੋਕਾਂ ਨੂੰ ਚੱਕਰਾਂ ਵਿਚ ਪਾਇਆ ਹੋਇਆ ਹੈ।

ਜੋ ਨਾਮ ਰਾਧਾ ਸੁਆਮੀ ਦਿੰਦੇ ਹਨ ਉਸ ਨੂੰ ਬੜਾ ਗੁਪਤ, ਗੁੰਝਲਦਾਰ, ਜਲੇਬੀਦਾਰ ਬਿਆਨ ਕਰਦੇ ਹਨ ਕਿ ਕਿਸੇ ਨੂੰ ਦੱਸਣਾ ਨਹੀਂ। ਪਰ ਸਿੱਖੀ ਵਿਚ ਐਸਾ ਨਹੀਂ ਹੈ। ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ ਗੁਰਮੰਤਰ ਦਾ ਅਧਿਕਾਰ

ਦੇ ਕੇ ਸਪਸ਼ਟ ਕਰ ਦਿੱਤਾ ਕਿ ਨਾਮ ਕੋਈ ਗੁਪਤ ਨਹੀਂ।

ਰਾਧਾ ਸੁਆਮੀ ਵਕਤ ਗੁਰੂ ਅਤੇ ਬੇਵਕਤ ਗੁਰੂ ਵੀ ਮੰਨਦੇ ਹਨ। ਸਾਰ ਬਚਨ ਵਿਚ ਇੰਝ ਲਿਖਿਆ ਹੈ:

ਪਿਛਲੋਂ ਕੀ ਤਜ ਟੇਕ, ਤੇਰੇ ਭਲੇ ਕੀ ਕਹੂੰ॥
ਵਕਤ ਗੁਰੂ ਕੋ ਮਾਨ, ਤੇਰੇ ਭਲੇ ਕੀ ਕਹੂੰ।

(ਪੁਸਤਕ ਸਾਰ ਬਚਨ)

ਜੇ ਇਹਨਾਂ ਨੇ ਬੀਤ ਚੁੱਕਿਆਂ ਦੀ ਟੇਕ ਹੀ ਨਹੀਂ ਰੱਖਣੀ ਤੇ ਵਕਤ ਗੁਰੂ ਨੂੰ ਹੀ ਮੰਨਣਾ ਹੈ ਤਾਂ ਰਾਧਾ ਸੁਆਮੀਆਂ ਦੇ ਪਿਛਲੇ ਸਾਰੇ ਗੁਰੂਆਂ ਦੀ ਕੋਈ ਮਹਾਨਤਾ ਨਹੀਂ ਰਹਿੰਦੀ। ਤਾਂ ਫਿਰ ਆਗਰੇ ਵਿਚ ਸ਼ਿਵ ਦਿਆਲ ਸਿੰਘ ਦੀ ਸਮਾਧੀ (ਸਮਾਧ) ਇਕ ਸੌ ਸਾਲ ਤੋਂ ਉੱਪਰ ਸਮੇਂ ਤੋਂ ਬਣ ਰਹੀ ਹੈ। ਕੀ ਇਹ ਦੱਸਣਗੇ ਕਿ ਮਰ ਚੁੱਕੇ ਬੇ-ਵਕਤ ਗੁਰੂ ਦੀ ਸਮਾਧੀ ਬਣਾਉਣ ਅਤੇ ਉਹਨਾਂ ਦੀਆਂ ਪੁਸਤਕਾਂ ਛਾਪਣ ਦਾ ਕੀ ਲਾਭ ਹੈ? ਜੇ ਵਕਤ ਗੁਰੂ ਨੂੰ ਹੀ ਮੰਨਦੇ ਹਨ ਤਾਂ?

ਜੇ ਇਹਨਾਂ ਪਾਸੋਂ ਪੁੱਛੀਏ ਕਿ ਸੁਆਮੀ ਸ਼ਿਵ ਦਿਆਲ ਦਾ ਗੁਰੂ ਕੌਣ ਸੀ ਤਾਂ ਕਹਿੰਦੇ ਹਨ:

'ਉਨ ਕਾ ਗੁਰੂ ਨਾਦ ਥਾ। ਉਨੋ ਨੇ ਔਰ ਕਿਸੀ ਸੇ ਉਪਦੇਸ਼ ਨਹੀਂ ਲੀਆ।

ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਕਿਹੜੇ ਵਕਤ ਗੁਰੂ ਦੀ ਗੱਲ ਕਰਦੇ ਹਨ? ਜੇ ਸ਼ਿਵ ਦਿਆਲ ਦਾ ਗੁਰੂ 'ਨਾਦ' ਹੋ ਸਕਦਾ ਹੈ ਤਾਂ ਸਿੱਖਾਂ ਦਾ ਗੁਰੂ ਸ਼ਬਦ ਹੈ। ਇਹਨਾਂ ਦੀ ਪੁਸਤਕ 'ਸਾਰ ਬਚਨ' ਛੋਟੀ ਵਿਚ ਲਿਖਿਆ ਹੈ।

'ਗਰੰਥ ਗੁਰੂ ਨਹੀਂ ਹੋ ਸਕਤਾ, ਵੋਹ ਤੋਂ ਜੜ੍ਹ ਹੈ, ਖੁਦ ਬੋਲਤਾ ਨਹੀਂ ਔਰ ਨਾ ਉਪਦੇਸ਼ ਕਰ ਸਕਤਾ ਹੈ।'

ਇਸਦੇਂ ਉਲਟ ਰਾਧਾ ਸੁਆਮੀ ਮਤ ਦੇ ਦੂਜੇ ਗੁਰੂ ਰਾਇ ਬ੍ਰਹਾਦਰ ਸਾਲਗਰਾਮ ਲਿਖਦੇ ਹਨ:

ਕੁਲ ਮਾਲਕ ਦਾ ਸਰੂਪ ਸ਼ਬਦ ਹੈ। ਸਤਿਨਾਮ ਪਾਰਬ੍ਰਹਮ ਆਤਮਾ, ਪਰਮਾਤਮਾ ਕੁਲ ਜੀਵ ਵੀ ਸ਼ਬਦ ਸਰੂਪ ਹੈ। ਬਗ਼ੈਰ ਸ਼ਬਦ ਦੀ ਉਪਾਸਨਾ ਔਰ ਕੋਈ ਧਿਆਨ ਨਿਜ ਘਰ ਮੇ ਨਹੀਂ ਪਹੁੰਚਾ ਸਕਤਾ। ਕੁਲ ਜੀਵੋਂ ਕਾ ਜੋ ਆਪਨਾ ਉਧਾਰ ਚਾਹਤੇ ਹੈਂ ਲਾਜਮੀ ਹੈ ਕਿ ਅੰਤਰ ਮੇਂ ਸ਼ਬਦ ਗੁਰ ਕੇ ਚਰਨੋਂ ਮੇਂ ਲਗੇਂ।

(ਪ੍ਰੇਮ ਪੱਤਰ, ਸਫ਼ਾ 14, ਜਿਲਦ 4, ਬਚਨ 2)

ਇਹਨਾਂ ਦੇ ਆਪਸ ਵਿਚ ਵੀ ਵਿਚਾਰ ਮੇਲ ਨਹੀਂ ਖਾਂਦੇ ਕੋਈ ਕੁਝ ਬੋਲਦਾ ਹੈ ਕੋਈ ਕੁਝ। ਸ਼ਿਵ ਦਿਆਲ ਦਾ ਗੁਰੂ 'ਨਾਦ' ਕਹਿੰਦੇ ਹਨ ਇਹ ਵੀ ਕਹਿੰਦੇ ਹਨ ਗਰੰਥ ਗੁਰੂ ਨਹੀਂ ਹੋ ਸਕਦਾ। ਤੀਸਰੀ ਥਾਂ ਵਕਤ ਗੁਰੂ ਦੀ ਡੁੱਗੀ ਪਿੱਟਦੇ ਹਨ। ਚੌਥੀ ਥਾਂ ਬੇਵਕਤ ਗੁਰੂਆਂ ਦੀਆਂ ਮੜ੍ਹੀਆਂ ਬਣਾਈ ਜਾਂਦੇ ਹਨ। ਅਸਲ

ਵਿਚ ਇਹਨਾਂ ਨੂੰ ਪਤਾ ਨਹੀਂ ਹੈ ਕਿ ਅਸਲ ਗੁਰੂ ਕੌਣ ਹੈ?

ਇਹਨਾਂ ਦੀਆਂ ਵੀ ਕਈ ਗੱਦੀਆਂ ਹਨ ਆਪਸ ਵਿਚ ਮੁਕੱਦਮੇ ਚੱਲ ਰਹੇ ਹਨ। ਦਿਆਲ ਬਾਗ, ਸੁਆਮੀ ਬਾਗ ਅਤੇ ਅਲਾਹਾਬਾਦ ਦੇ ਗੁਰੂਆਂ ਵਿਚਕਾਰ ਕਈ ਮੁਕੱਦਮੇ ਹੋ ਚੁੱਕੇ ਹਨ। ਇਹ ਮੁਕੱਦਮੇਬਾਜ਼ੀ ਲੰਡਨ ਦੀ ਪ੍ਰੀਵੀ ਕੌਂਸਲ ਤਕ ਗਈ ਹੈ।

ਇਹ ਰਾਧਾ ਸੁਆਮੀ ਕਈ ਕਿਸਮ ਦੇ ਗੁਰੂ ਮੰਨਦੇ ਹਨ। ਸ਼ਿਵ ਦਿਆਲ ਨੂੰ ਸੰਤ ਸਤਿਗੁਰੂ, ਕੁਝ ਮਾਲਕ, ਰਾਧਾ ਸੁਆਮੀ ਦਾ ਅਵਤਾਰ ਮੰਨਦੇ ਹਨ। ਉਸ ਤੋਂ ਪਿੱਛੋਂ ਕਿਸੇ ਨੂੰ ਸਾਧ ਗੁਰੂ, ਕਿਸੇ ਨੂੰ ਗੁਰਮੁਖ ਗੁਰੂ, ਕਿਸੇ ਨੂੰ ਵਕਤ ਗੁਰੂ ਅਤੇ ਹੋ ਚੁੱਕੇ ਗੁਰੂਆਂ ਨੂੰ ਬੇਵਕਤ ਗੁਰੂ ਮੰਨਦੇ ਹਨ।

ਇਹਨਾਂ ਦੀ ਜੋ ਬਿਆਸ ਵਾਲੀ ਗੱਦੀ ਚੱਲ ਰਹੀ ਹੈ। ਇਹ ਬਾਬਾ ਜੈਮਲ ਸਿੰਘ ਨੇ ਚਲਾਈ ਸੀ। ਫ਼ੌਜ ਤੋਂ ਰਿਟਾਇਰ ਹੋ ਕੇ 1891 ਵਿਚ ਦਰਿਆ ਬਿਆਸ ਦੇ ਕੰਢੇ ਪਿੰਡ ਵੜੈਚ ਅਤੇ ਬਲ ਸਰਾਂ ਦੇ ਲਾਗੇ ਆ ਟਿਕੇ। ਬਲ ਸਰਾਂ ਦੇ ਸਿੱਖਾਂ ਨੇ ਬਾਬਾ ਜੈਮਲ ਸਿੰਘ ਨੂੰ ਸਿੱਖ ਸਾਧੂ ਸਮਝ ਕੇ ਪਿੰਡ ਦੀ ਸਾਂਝੀ ਜ਼ਮੀਨ ਵਿਚੋਂ ਧਰਮਸ਼ਾਲਾ ਬਣਾਉਣ ਲਈ ਗਿਆਰ੍ਹਾਂ ਕਨਾਲ 16 ਮਰਲੇ ਜ਼ਮੀਨ ਦਿੱਤੀ, ਜਿਸ ਦੀ ਰਜਿਸਟਰੀ ਨੰਬਰ 254 ਮਿਤੀ 14 ਜੂਨ 1897 ਨੂੰ 'ਗੁਰੂ ਗਰੰਥ ਸਾਹਿਬ" ਦੇ ਨਾਮ ਹੋਈ। ਉਸ ਵਿਚ ਲਿਖਿਆ ਹੈ—ਗੁਰੂ ਗਰੰਥ ਸਾਹਿਬ ਵਾਕਿਆ ਧਰਮਸ਼ਾਲਾ ਮੁਤੰਜਿਮ ਬਾ ਇਹਤਮਾਮ ਜੈਮਲ ਸਿੰਘ ਸਾਧ ਜੱਟ।

ਇੰਤਕਾਲ ਦੀ ਤਸਦੀਕ ਵਿਚ ਦਰਜ ਹੈ—ਭਾਈ ਜੈਮਲ ਸਿੰਘ ਨੂੰ ਇਹ ਜ਼ਮੀਨ ਰਹਿਣ ਜਾਂ ਬੈਅ ਕਰਨ ਦਾ ਹੱਕ ਹਾਸਲ ਨਹੀਂ ਹੈ। ਆਮ ਧਰਮਸ਼ਾਲਾ ਮੁਤੱਲਕਾ ਰਹੇਗੀ।

ਬਲ ਸਰਾਂ ਪਿੰਡ ਦੇ ਜਿਨ੍ਹਾਂ ਮੁਖੀਆਂ ਨੇ ਇਹ ਜ਼ਮੀਨ "ਗੁਰੂ ਗਰੰਥ ਸਾਹਿਬ ਦੇ ਨਾਮ ਰਜਿਸਟਰੀ ਕੀਤੀ ਉਹਨਾਂ ਦੇ ਨਾਮ ਸਨ ਲਾਲੂ ਨੰਬਰਦਾਰ, ਮਤਾਬ ਸਿੰਘ, ਭਾਨ ਸਿੰਘ, ਬੂੜ ਸਿੰਘ, ਸ਼ੇਰ ਸਿੰਘ ਅਤੇ ਗੁਰਦਿੱਤ ਸਿੰਘ।

ਬਾਬਾ ਜੈਮਲ ਸਿੰਘ ਦਾ 1903 ਵਿਚ ਦੇਹਾਂਤ ਹੋ ਗਿਆ। ਉਹਨਾਂ ਦੀ ਥਾਂ ਬਾਬੂ ਸਾਵਣ ਸਿੰਘ ਜਾਨਸ਼ੀਨ ਬਣੇ। 10 ਮਈ 1905 ਨੂੰ "ਸ੍ਰੀ ਗੁਰੂ ਗਰੰਥ ਸਾਹਿਬ" ਦੇ ਨਾਮ ਧਰਮਸ਼ਾਲਾ ਦੀ ਹੋਈ ਰਜਿਸਟਰੀ ਦਾ ਇੰਤਕਾਲ ਨੰਬਰ 536 ਹੋਇਆ। ਉਸ ਵਿਚ ਲਿਖਿਆ ਹੈ ਕਿ ਸਾਵਣ ਸਿੰਘ ਚੇਲਾ ਜੈਮਲ ਸਿੰਘ ਬਰਾਏ ਮੋਹਤਮਿਮ। ਡੇਰੇ ਵਾਲੀ ਅਸਲ ਥਾਂ "ਗੁਰੂ ਗਰੰਥ ਸਾਹਿਬ" ਦੇ ਨਾਮ ਹੀ ਰਹੀ।

ਬਾਬੂ ਸਾਵਣ ਸਿੰਘ ਨੇ ਗੁਰਬਾਣੀ ਦੇ ਸ਼ਬਦ ਇਕੱਤਰ ਕਰਕੇ ਗੁਰਮਤਿ ਸਿਧਾਂਤ ਨਾਮ ਦੀ ਪੋਥੀ ਛਪਵਾਈ। ਜਿਸ ਵਿਚ ਕਿਧਰੇ ਕਿਧਰੇ ਜਿੰਦਾ ਗੁਰੂ ਅਤੇ ਗੁਰਮਤਿ ਦੇ ਉਲਟ ਵਾਕ ਲਿਖੇ ਹਨ।

ਜਿਵੇਂ ਕਿ ਪੰਨਾ 66 'ਤੇ ਲਿਖਿਆ ਹੈ:

ਗ੍ਰੰਥ ਪੋਥੀਆਂ ਸਾਨੂੰ ਸਤਿ ਦੀ ਛੋਹ ਨਹੀਂ ਦੇ ਸਕਦੀਆਂ।

ਕੇਹੀ ਬੇ-ਦਲੀਲ ਆਪਾ ਵਿਰੋਧੀ ਗੱਲ ਲਿਖੀ ਹੈ। ਇਕ ਪਾਸੇ ਗੁਰਮਤਿ ਸਿਧਾਂਤ, ਪ੍ਰੇਮ ਪੱਤਰ, ਸਾਰ ਬਚਨ ਤੇ ਹੋਰ ਪੋਥੀਆਂ ਛਾਪ ਕੇ ਲੋਕਾਂ ਨੂੰ ਦਿੰਦੇ ਹਨ ਤੇ ਉਹਨਾਂ ਦੀ ਕਥਾ ਸੁਣਾਉਂਦੇ ਹਨ। ਜੇ ਗ੍ਰੰਥਾਂ ਤੋਂ ਸਤਿ ਦੀ ਛੋਹ ਪ੍ਰਾਪਤ ਨਹੀਂ ਹੋ ਸਕਦੀ ਤਾਂ ਉਹਨਾਂ ਦੇ ਛਾਪਣ ਅਤੇ ਕਥਾ ਦਾ ਇਹਨਾਂ ਨੂੰ ਕੀ ਲਾਭ ?

ਕਈ ਕਹਿੰਦੇ ਹਨ ਕਿ ਰਾਧਾ ਸੁਆਮੀ ਤਾਂ ਸਤਿਸੰਗ ਵੇਲੇ ਗੁਰਬਾਣੀ ਦੀ ਵਰਤੋਂ ਹੀ ਕਰਦੇ ਹਨ। ਪਰ ਯਾਦ ਰੱਖਣਾ ਕਿ ਰਾਧਾ ਸੁਆਮੀ, ਗੁਰਬਾਣੀ ਨੂੰ ਗੁਰਮਤਿ ਦਰਸਾਉਣ ਲਈ ਨਹੀਂ ਪੜ੍ਹਦੇ ਸਗੋਂ ਆਪਣੇ ਗੁਰੂ ਡੰਮ੍ਹ ਦੇ ਪ੍ਰਚਾਰ ਹਿਤ ਵਰਤਦੇ ਹਨ। ਅਨੁਭਵ ਅਤੇ ਆਤਮ ਗਿਆਨ ਸਤਿਗੁਰੂਆਂ ਅਤੇ ਭਗਤਾਂ ਦਾ ਬਿਆਨ ਕਰਕੇ ਪਿੱਛੋਂ ਇਹ ਕਹਿਣਾ ਕਿ ਦੇਹਧਾਰੀ ਹੀ ਗੁਰੂ ਹੈ। ਇਹ ਆਪਾ ਵਿਰੋਧੀ ਅਤੇ ਹਾਸੋਹੀਣੀ ਗੱਲ ਹੈ।

ਸੰਨ 1947 ਵਿਚ ਬਾਬੂ ਸਾਵਣ ਸਿੰਘ ਨੇ ਕਈ ਸਾਥੀਆਂ ਨੂੰ ਕਿਹਾ ਕਿ ਮੇਰੇ ਉੱਤਰਧਿਕਾਰੀ ਸੰਤ ਕਿਰਪਾਲ ਸਿੰਘ ਹੋਣਗੇ। ਪਰ ਉਹ ਨਹੀਂ ਬਣ ਸਕੇ। ਸੰਨ 1948 ਵਿਚ ਬਾਬੂ ਜੀ ਦਾ ਦੇਹਾਂਤ ਹੋ ਗਿਆ। ਬਾਬੂ ਜੀ ਦੇ ਪੋਤਰੇ ਚਰਨ ਸਿੰਘ ਨੇ ਬਿਆਸ ਵਾਲੇ ਰਾਧਾ ਸੁਆਮੀਆਂ ਨਾਲ ਗੰਡ-ਤੁਪ ਕਰਕੇ ਸਰਦਾਰ ਬਹਾਦਰ ਜਗਤ ਸਿੰਘ ਨੂੰ ਗੁਰੂ ਬਣਾਇਆ। ਸੰਨ 1951 ਵਿਚ ਉਹਨਾਂ ਦਾ ਦੇਹਾਂਤ ਹੋ ਗਿਆ। ਫਿਰ ਸ. ਚਰਨ ਸਿੰਘ ਗੁਰੂ ਬਣੇ। ਇਹਨਾਂ ਵਿਰੁੱਧ ਸੰਨ 1954 ਵਿਚ ਪਿੰਡ ਬਲ ਸਰਾਂ ਦੇ ਸਾਧੂ ਸਿੰਘ, ਤੇਜਾ ਸਿੰਘ, ਦਰਸ਼ਨ ਸਿੰਘ ਅਤੇ ਗੁਰਦਾਸ ਮੱਲ ਨੇ ਸੀਨੀਅਰ ਸਬ ਜੱਜ ਅੰਮ੍ਰਿਤਸਰ ਦੀ ਅਦਾਲਤ ਵਿਚ ਕੇਸ ਦਾਇਰ ਕੀਤਾ ਕਿ ਡੇਰਾ ਬਾਬਾ ਜੈਮਲ ਸਿੰਘ ਗਿਆਰ੍ਹਾਂ ਕਨਾਲਾਂ 16 ਮਰਲੇ ਜ਼ਮੀਨ "ਸ੍ਰੀ ਗੁਰੂ ਗ੍ਰੰਥ ਸਾਹਿਬ" ਦੇ ਨਾਂ ਰਜਿਸਟਰੀ ਹੈ। ਉਥੇ ਪੁਰਾਤਨ ਮਰਯਾਦਾ ਕਾਇਮ ਰੱਖੀ ਜਾਵੇ। 24 ਜੂਨ 1954 ਨੂੰ ਸ. ਚਰਨ ਸਿੰਘ ਨੇ ਜਵਾਬੀ ਦਾਅਵੇ ਵਿਚ ਕਿਹਾ—ਅਸੀਂ "ਗੁਰੂ ਗਰੰਥ ਸਾਹਿਬ" ਨੂੰ ਗੁਰੂ ਨਹੀਂ ਮੰਨਦੇ। ਇਹ ਥਾਂ ਸਾਡੀ ਨਿੱਜੀ ਜਾਇਦਾਦ ਹੈ। "ਗੁਰੂ ਗ੍ਰੰਥ ਸਾਹਿਬ' ਦੀ ਬੀੜ ਇਥੋਂ ਚੁੱਕ ਦਿੱਤੀ ਗਈ ਹੈ।

ਕੇਸ ਹਾਈ ਕੋਰਟ ਵਿਚ ਗਿਆ ਸ. ਤੇਜਾ ਸਿੰਘ ਅਤੇ ਸਾਧੂ ਸਿੰਘ ਦੇ ਹੱਕ ਵਿਚ ਫ਼ੈਸਲਾ ਹੋਇਆ।

1957 ਵਿਚ ਸ਼. ਚਰਨ ਸਿੰਘ ਰਾਧਾ ਸੁਆਮੀ ਨੇ 30 ਏਕੜ ਜ਼ਮੀਨ ਦਾ ਕਾਨੂੰਨ ਲਾਗੂ ਹੋਣ ਪਰ 'ਰਾਧਾ ਸੁਆਮੀ ਸਤਿਸੰਗ ਬਿਆਸ' ਸੁਸਾਇਟੀ ਬਣਾਈ ਅਤੇ ਉਸਦੀ ਵੀਟੋ ਪਾਵਰ ਆਪਣੇ ਹੱਥ ਵਿਚ ਰੱਖੀ। ਸ. ਚਰਨ ਸਿੰਘ ਕਹਿੰਦੇ ਮੈਂ ਮਾਲਕ ਹਾਂ ਉਹ ਬਾਬੂ ਸਾਵਣ ਸਿੰਘ ਵਾਂਗ ਸਿੱਖ ਹੋਣ ਕਰਕੇ, ਭੋਲੇ ਭਾਲੇ

ਸਿੱਖਾਂ ਨੂੰ ਗੁਰਬਾਣੀ ਦੀ ਆੜ ਵਿਚ ਫਸਾ ਕੇ ਆਪਦਾ ਗੁਰੂ ਡੰਮ੍ਹ ਚਲਾ ਰਹੇ ਹਨ।

ਡੇਰੇ ਦਾ ਪ੍ਰਬੰਧ ਨਵੀਨ ਹੋਣ ਕਰਕੇ ਚਾਹ, ਰੋਟੀ ਆਦਿ ਸਸਤੀ ਛਕਾ ਕੇ, ਸੇਵਾਦਾਰਾਂ ਦੀ ਭਰਮਾਰ, ਆਏ ਗਏ 'ਤੇ ਪ੍ਰਭਾਵ ਪਾ ਕੇ ਲੋਕਾਂ ਨੂੰ ਆਪਣੇ ਮਤ ਵਿਚ ਦਾਖ਼ਲ ਕਰ ਰਹੇ ਹਨ। ਲੋੜ ਹੈ ਵੇਲਾ ਸੰਭਾਲਣ ਦੀ ਸਿੱਖੀ ਦੀ ਸੱਚਾਈ ਨੂੰ ਪ੍ਰਗਟ ਕਰਕੇ ਦੇਹਧਾਰੀ ਗੁਰੂ ਡੰਮ੍ਹ ਦੀ ਅਸਲੀਅਤ ਤੋਂ ਲੋਕਾਂ ਨੂੰ ਜਾਣੂੰ ਕਰਾਉਣ ਦੀ ਤਾਂ ਕਿ ਗੁਰਬਾਣੀ ਚੁਰਾ ਕੇ ਆਪ ਗੁਰੂ ਬਣਨ ਵਾਲਿਆਂ ਦੇ ਜਾਲ ਵਿਚ ਫਸਣ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ।

ਮੈਂ ਇਹਨਾਂ ਰਾਧਾ ਸੁਆਮੀਆਂ ਨੂੰ ਇਹ ਵੀ ਕਹਾਂਗਾ ਕਿ ਜੇ ਇਹਨਾਂ ਨੂੰ ਦਸਵੇਂ ਪਾਤਸ਼ਾਹ ਦਾ ਹੁਕਮ। "ਗੁਰੂ ਮਾਨਿਓ ਗ੍ਰੰਥ" ਮਨਜ਼ੂਰ ਨਹੀਂ ਹੈ ਤਾਂ ਹੋਰ ਕੁਝ ਵੀ ਇਹਨਾਂ ਨੂੰ ਮਨਜ਼ੂਰ ਨਹੀਂ ਹੋ ਸਕਦਾ।

## ਨਕਲੀ ਨਿਰੰਕਾਰੀ

ਨਿਰੰਕਾਰੀ ਲਹਿਰ ਇਕ ਸਿੱਖ ਸੁਧਾਰਨ ਲਹਿਰ ਸੀ, ਜੋ ਉੱਨੀਵੀਂ ਸਦੀ ਦੇ ਪਹਿਲੇ ਸਾਲਾਂ ਵਿਚ ਆਰੰਭ ਹੋਈ। ਇਹ ਸਮਾਂ ਮਹਾਰਾਜਾ ਰਣਜੀਤ ਸਿੰਘ ਦਾ ਸੀ। ਰਾਜ ਤਾਂ ਉਸ ਵੇਲੇ ਭਾਵੇਂ ਸਿੱਖਾਂ ਦਾ ਸੀ, ਪਰ ਸਿੱਖ, ਰਹੁ-ਰੀਤੀ ਵਿਚ ਇਤਨੇ ਪੱਕੇ ਨਹੀਂ ਸਨ ਰਹੇ ਅਤੇ ਪੁਰਾਣੇ ਸਨਤਨ ਧਰਮ ਦੀ ਮਰਯਾਦਾ, ਦੇਵੀ ਦੇਵਤਿਆ ਦੀ ਅਰਾਧਨਾ, ਅਸ਼ਟ ਭੁਜੀ ਦੇਵੀ ਦੁਰਗਾ ਅਤੇ ਭਗਉਤੀ ਦੀਆਂ ਮੂਰਤੀਆਂ ਦੀ ਪੂਜਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਤਰਨ ਤਾਰਨ ਜਿਹੇ ਮਹਾਨ ਧਰਮ ਅਸਥਾਨਾਂ ਦੀਆਂ ਪ੍ਰਕਰਮਾ ਵਿਚ ਆ ਗਈ ਸੀ। ਗੁਰਬਾਣੀ ਦਾ ਪਾਠ ਬਹੁਤਾ ਸੰਸਕ੍ਰਿਤ ਦੇ ਮੰਤਰਾਂ ਵਾਂਗ ਹੀ ਹੋ ਗਿਆ ਸੀ। ਜੰਮਣ, ਮਰਨ, ਵਿਆਹ-ਸ਼ਾਦੀ ਵੇਲੇ ਪੰਡਤ ਪ੍ਰਧਾਨ ਹੋ ਗਏ ਸਨ। ਅਜਿਹੇ ਸਮੇਂ ਗੁਰਬਾਣੀ ਦਾ ਚਾਨਣ ਕਰਕੇ ਅਗਿਆਨਤਾ ਦਾ ਹਨੇਰਾ ਦੂਰ ਕਰਨ ਲਈ ਬਾਬਾ ਦਿਆਲ ਜੀ ਨੇ "ਗੁਰੂ ਨਾਨਕ", "ਗੁਰੂ ਗੋਬਿੰਦ ਸਿੰਘ" ਜੀ ਦੀ ਸਿੱਖਿਆ ਅਨੁਸਾਰ ਗੁਰਮਤਿ ਦਾ ਪ੍ਰਚਾਰ ਕਰਨਾ ਆਰੰਭ ਕੀਤਾ। ਭਾਵੇਂ ਗ੍ਰੰਥੀਆਂ, ਭਾਈਆਂ ਗੁਰੂ ਅੰਸ਼ ਸਾਹਿਬਜ਼ਾਦਿਆਂ ਬੇਦੀਆਂ, ਸੋਢੀਆਂ ਅਤੇ ਬਾਹਮਣਾਂ ਵੱਲੋਂ ਆਪਦਾ ਬਹੁਤ ਵਿਰੋਧ ਕੀਤਾ ਗਿਆ। ਪਰ ਆਪ ਆਪਣੀ ਧੁਨ ਵਿਚ ਪੱਕੇ ਰਹੇ ਅਤੇ ਨਿਡਰ ਹੋ ਕੇ ਪ੍ਰਚਾਰ ਕਰਦੇ ਰਹੇ। ਅੰਤ ਆਪ ਦੀ ਲਗਨ ਅਤੇ ਸੇਵਾ ਬਰ ਆਈ ਅਤੇ ਨਿਰੋਲ ਸਿੱਖੀ ਦੇ ਪ੍ਰਚਾਰ ਦੀ ਲਹਿਰ ਚੱਲ ਪਈ।

ਪਰ ਜਿਸ ਤਰ੍ਹਾਂ ਅਸਲੀ ਘਿਉ ਦੀ ਥਾਂ ਬਨਸਪਤੀ ਵਿਕਦਾ ਹੈ, ਨਕਲੀ ਕੇਸਰ, ਕਸਤੂਰੀ, ਮੋਤੀ ਸ਼ਿਲਾਜੀਤ ਆਦਿ ਕਈ ਚੀਜ਼ਾਂ ਮਾਰਕੀਟ ਵਿਚ

ਵਿਕਦੀਆਂ ਹਨ। ਇਸੇ ਤਰ੍ਹਾਂ ਦਿੱਲੀ ਵਿਚ ਇਕ ਨਕਲੀ ਨਿਰੰਕਾਰੀ ਮੰਡਲ ਵੀ ਚੱਲਿਆ ਹੈ। ਜਿਸਦਾ ਬਾਨੀ ਪਿੰਡ ਅਧਵਾਲ ਜ਼ਿਲ੍ਹਾ ਕੈਂਬਲਪੁਰ ਪੱਛਮੀ ਪਾਕਿਸਤਾਨ ਦਾ ਇਕ ਸ਼ਰਾਬੀ ਕਬਾਬੀ ਭਾਈ ਬੂਟਾ ਸਿੰਘ ਦੱਸਿਆ ਜਾਂਦਾ ਹੈ। ਉਸਨੂੰ ਪੱਕਾ ਸ਼ਰਾਬੀ ਹੋਣ ਕਰਕੇ ਨਿਰੰਕਾਰੀ ਦਰਬਾਰ ਰਾਵਲਪਿੰਡੀ ਵਿਚੋਂ ਖ਼ਾਰਜ ਕੀਤਾ ਗਿਆ ਸੀ। ਉਸਨੇ ਪਿਸ਼ੌਰ ਜਾ ਕੇ ਅਵਤਾਰ ਸਿੰਘ ਨਾਲ ਨਕਲੀ ਨਿਰੰਕਾਰੀ ਜੁੰਡਲੀ ਬਣਾਉਣ ਦੀ ਕੋਸ਼ਿਸ਼ ਕੀਤੀ। ਅਵਤਾਰ ਸਿੰਘ ਉਹਨਾਂ ਦਿਨਾਂ ਵਿਚ ਪਿਸ਼ੌਰ ਵਿਚ ਡਬਲ ਰੋਟੀਆਂ ਅਤੇ ਕੁਲਚੇ ਤਿਆਰ ਕਰਨ ਦੀ ਦੁਕਾਨ ਕਰਦਾ ਸੀ। ਪਿਸ਼ੌਰ, ਰਾਵਲਪਿੰਡੀ ਤੇ ਪੋਠੋਹਾਰ ਵਿਚ ਗੁਰਸਿੱਖੀ ਦਾ ਬਹੁਤ ਪ੍ਰਚਾਰ ਸੀ। ਇਸ ਲਈ ਉਥੇ ਬੂਟਾ ਸਿੰਘ ਅਤੇ ਅਵਤਾਰ ਸਿੰਘ ਦੀ ਉਥੇ ਕੋਈ ਦਾਲ ਨਾ ਗਲੀ। ਇਹਨਾਂ ਦਾ ਗੁਰੂ ਡੰਮ੍ਹ ਉਥੋਂ ਨਾ ਚੱਲਿਆ। ਸੰਨ 1947 ਵਿਚ ਭਾਰਤ ਅਤੇ ਪਾਕਿ ਦੀ ਵੰਡ ਹੋਈ। ਬੂਟਾ ਸਿੰਘ ਕੋਹਮਰੀ ਦੀ ਬਿਮਾਰੀ ਨਾਲ ਮਰ ਗਿਆ ਅਤੇ ਅਵਤਾਰ ਸਿੰਘ ਡਰ ਦਾ ਮਾਰਿਆ ਹੋਇਆ ਦਿੱਲੀ ਆ ਗਿਆ। ਇਸਨੇ ਪਹਾੜਗੰਜ ਦਿੱਲੀ ਵਿਚ ਇਕ ਮਕਾਨ ਕਿਰਾਏ 'ਤੇ ਲੈ ਕੇ ਆਪਣਾ ਗੁਰੂ ਡੰਮ੍ਹ ਅਤੇ ਦੰਭ ਪਾਖੰਡ ਖਿਲਾਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਬਹੁਤ ਲੋਕ ਅਨਪੜ੍ਹ ਹਨ। ਇਹਨਾਂ ਦੇ ਜਾਲ ਵਿਚ ਫਸ ਜਾਂਦੇ ਹਨ, ਇਹਨੂੰ ਵੀ ਮੱਥੇ ਟੇਕਣ ਵਾਲੇ ਚੇਲੇ ਮਿਲ ਗਏ। ਪੂਜਾ-ਭੇਟਾ ਵੀ ਚੜ੍ਹਨ ਲੱਗ ਪਈ। ਉਸਨੇ ਪੂਜਾ ਦੇ ਧਨ ਨਾਲ ਆਲੀਸ਼ਾਨ ਕੋਠੀ ਪਾ ਲਈ। ਗੁਰੂ ਡੰਮ੍ਹ ਦੀ ਡੁੱਗੀ ਪਿੱਟਣ ਲਈ ਪੇਡ ਏਜੰਟ ਅਤੇ ਚੇਲੀਆਂ ਰੱਖ ਲਈਆਂ। ਨਿਰੰਕਾਰ ਦੇ ਝੂਠੇ ਦਰਸ਼ਨ ਕਰਾਉਣ ਦਾ ਛਲ ਨਾਟਕ, ਸ਼ਖਸੀ ਪੂਜਾ ਤੇ ਕੁਟੰਬ ਪੂਜਾ ਸਟੰਟ ਰਚ ਲਿਆ। ਉਹ ਸਿਨੇਮੇ ਦੇ ਨਾਚੇ ਨਾਚੀਆਂ ਵਾਂਗ ਸੁਨਹਿਰੀ ਮੁਕਟ ਤੇ ਰੇਸ਼ਮੀ ਕੱਪੜੇ ਪਾ ਕੇ ਤਖ਼ਤ ਉੱਤੇ ਬੈਠ ਕੇ ਆਪਣੇ ਆਪ ਨੂੰ ਹਜ਼ੂਰ ਸ਼ਹਿਨਸ਼ਾਹ ਤੇ ਸੱਚਾ ਪਾਤਸ਼ਾਹ ਅਖਵਾਉਣ ਲੱਗ ਪਿਆ। ਉਸਨੇ ਅਵਤਾਰ, ਰਾਮ, ਅੱਲ੍ਹਾ ਤੇ ਗਾਡ ਦੇ ਬਰਾਬਰ ਹੋਣ ਦਾ ਝੂਠਾ ਦਾਅਵਾ ਕੀਤਾ।

'ਅੰਨ੍ਹੀ ਅੰਨ੍ਹਾਂ ਖੂਹੇ ਠੇਹਲੇ' ਦੀ ਕਹਾਵਤ ਅਨੁਸਾਰ ਅੰਧ ਵਿਸ਼ਵਾਸੀ ਚੇਲੇ ਚੇਲੀਆਂ ਨੂੰ ਆਲੇ-ਦੁਆਲੇ ਬਿਠਾ ਕੇ ਉਹਨਾਂ ਤੋਂ ਗੁਆਂਦਾ ਸੀ—ਇਹਦੀਆਂ ਤਲੀਆਂ ਵਿਚ ਰੱਬ ਵੱਸਦਾ।

ਜਿਹੜਾ ਨਿਰੰਕਾਰ ਵਾਹਿਗੁਰੂ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਮਨ ਤੇ ਬੁੱਧੀ ਤੋਂ ਪਰ੍ਹੇ ਹੈ। ਖੰਡਾਂ ਬ੍ਰਹਮੰਡਾਂ ਤੇ ਸਾਰੇ ਵਿਸ਼ਵ ਵਿਚ ਵਿਆਪਕ ਹੈ। ਉਹ ਨਕਲੀ ਨਿਰੰਕਾਰੀਆਂ ਦੀਆਂ ਤਲੀਆਂ ਵਿਚ ਕਿਵੇਂ ਫਸ ਗਿਆ ? ਇਸ ਗੱਲ ਦਾ ਉਹ ਕੋਈ ਉੱਤਰ ਨਹੀਂ ਸੀ ਦਿੰਦਾ। ਉਸਨੇ ਮਾਇਆ ਮੋਹਣੀ ਦਾ ਜਾਲ ਤਾਣ ਕੇ ਲੋਕਾਂ ਨੂੰ ਫਾਹੁਣ ਦਾ ਜਤਨ ਕੀਤਾ।

ਇਸ ਅਵਤਾਰ ਸਿੰਘ ਨੇ ਇਕ ਘੋਰ ਅਪਰਾਧ ਇਹ ਕੀਤਾ ਕਿ ਪੰਜਾਬੀ

ਦੇ ਇਕ ਟੁੱਕੜ ਬੋਚ ਕਵੀ ਤੋਂ ਤੁਕਬੰਦੀ ਕਰਵਾ ਕੇ ਆਪਣੇ ਨਾਮ ਜਾਹਲੀ 'ਅਵਤਾਰ ਬਾਣੀ' ਛਪਵਾਈ। ਜਿਸ ਵਿਚ ਪੁੱਤਰਾਂ, ਪਤਨੀ ਨੂੰਹ ਤੇ ਪਿਛਲੱਗਾਂ ਨੂੰ ਸੰਤ ਦੱਸਕੇ ਉਹਨਾਂ ਦੇ ਨਾਮ ਪਰ ਆਪਣੀ ਉਸਤਤ ਕਰਵਾਈ ਅਤੇ ਗੁਰਬਾਣੀ ਅੰਮ੍ਰਿਤ ਰਹਿਤ, ਕਕਾਰਾਂ ਬਾਰੇ ਮੰਦ ਭਾਸ਼ਾ ਵਰਤੀ।

ਝੂਠੇ ਖ਼ੁਦਾਈ ਦਾਅਵੇ ਕਰਨ ਵਾਲਾ, ਝੂਠ, ਜੂਠ ਅਤੇ ਵਾਮ ਮਾਰਗ ਦਾ ਪ੍ਰਚਾਰਕ ਅਵਤਾਰ ਸਿੰਘ 17 ਦਸੰਬਰ 1969 ਨੂੰ ਦਿੱਲੀ ਵਿਚ ਇਕ ਭੈੜੀ ਬਿਮਾਰੀ ਨਾਲ ਮਰ ਗਿਆ। ਪਿਉ ਦੀ ਰੀਸੇ ਉਸਦਾ ਪੁੱਤਰ ਗੁਰਬਚਨ ਸਿੰਘ ਆਪਣੇ ਆਪ ਨੂੰ ਸਤਿਗੁਰੂ, ਜਗਤ ਦਾ ਪਾਲਣਹਾਰ ਅਤੇ ਸਿਰਜਣਹਾਰ ਦੱਸਣ ਲੱਗਾ। ਇਸਦੇ ਪੇਡ ਏਜੰਟ ਤੇ ਅੰਧ ਵਿਸ਼ਵਾਸੀ ਚੇਲੇ ਚੇਲੀਆਂ ਨਿਰੰਕਾਰ ਤੋਂ ਬੇਮੁੱਖ ਹੋ ਕੇ ਆਦਮ ਪ੍ਰਸਤੀ ਕਰਦੇ ਹੋਏ ਇਹ ਟੱਪੇ ਗਾਉਂਦੇ ਸਨ :

1. ਗੁਰ ਬਚਨ ਗੁਰੂ ਹੈ ਜਗਤ ਦਾ, ਆਪੇ ਹੈ ਅਵਤਾਰ।
2. ਆਇਆ ਗੁਰਬਚਨ ਅਵਤਾਰ, ਸਾਰੇ ਜਗ ਦਾ ਪਾਲਣਹਾਰ।
   ਸਾਡਾ ਕਰ ਗਿਆ ਬੇੜਾ ਪਾਰ।

ਆਜ਼ਾਦੀ ਤੋਂ ਬਾਅਦ ਭਾਰਤ ਵਿਚ ਰਾਜੇ ਰਾਣੀਆਂ ਦੀ ਫੂਹੜੀ ਵਲ੍ਹੇਟੀ ਗਈ ਪਰ ਲੋਕਾਂ ਦੀ ਪੂਜਾ ਦੇ ਆਸਰੇ ਐਸ਼ ਕਰਨ ਵਾਲਾ ਗੁਰਬਚਨ ਸਿੰਘ ਮਜ਼ਬੀ ਮਜਾਵਰ ਆਪਣੀ ਪਤਨੀ ਕੁਲਵੰਤ ਕੌਰ ਨੂੰ ਚੇਲੇ ਚੇਲੀਆਂ ਤੋਂ 'ਰਾਜ ਮਾਤਾ' ਅਖਵਾਉਂਦਾ ਤੇ ਆਪਣੇ ਮੈਗਜੀਨ ਵਿਚ ਲਿਖਵਾਉਂਦਾ ਸੀ। ਬਾਪ ਪਰ ਬੇਟਾ, ਤੁਖਮ ਪਰ ਘੋੜੇ ਦੀ ਕਹਾਵਤ ਅਨੁਸਾਰ ਜੇ ਪਿਉ ਰਾਮ, ਗਾਡ ਤੇ ਅੱਲ੍ਹਾ ਦਾ ਸਾਨੀ ਬਣਦਾ ਸੀ ਤਾਂ ਪੁੱਤਰ ਸ੍ਰੀ ਰਾਮ, ਕ੍ਰਿਸ਼ਨ, ਆਦਮ, ਮੂਸਾ ਈਸਾ ਤੇ ਮੁਹੰਮਦ ਦਾ ਆਪਣੇ ਆਪ ਨੂੰ ਉੱਤਰਾਧਿਕਾਰੀ ਬਿਆਨ ਕਰਦਾ ਸੀ। ਇਕੋ ਵਕਤ ਵਿਚ ਲੋਕਾਂ ਨੂੰ ਬੁੱਧੂ ਬਣਾਉਣ ਤੇ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਹਿੰਦੂ ਅਵਤਾਰਾਂ ਅਤੇ ਇਬਰਾਨੀ ਪੈਗੰਬਰਾਂ ਨਾਲ ਆਪਣੀ ਪੂਛ ਜੋੜਦਾ ਸੀ। ਜਿਨ੍ਹਾਂ ਦੀ ਆਪਸ ਵਿਚ ਵਿਚਾਰਧਾਰਾ ਜਾਂ ਕੋਈ ਸਿਧਾਂਤ ਨਹੀਂ ਮਿਲਦਾ। ਇਸ਼ਤਿਹਾਰੀ ਹਕੀਮਾਂ, ਫ਼ਿਲਮੀ ਤੇ ਸਰਕਸ ਕੰਪਨੀਆਂ ਵਾਂਗ ਆਪਣੇ ਗੁਰੂ ਡੰਮ੍ਹ ਦੀ ਝੂਠੀ ਇਸ਼ਤਿਹਾਰਬਾਜੀ ਕਰਕੇ ਸਿਨਮਿਆਂ ਵਿਚ ਰੀਲਾਂ ਦਿਖਾ ਕੇ ਲੋਕਾਂ ਨੂੰ ਪਾਖੰਡ ਜਾਲ ਵਿਚ ਫਾਹੁੰਦਾ ਸੀ। ਗੁਰਬਚਨ ਸਿੰਘ ਭਾਰਤ ਦੇ ਧਾਰਮਿਕ ਵਿਦਵਾਨਾਂ ਦੇ ਕਿਸੇ ਇਕੱਠ ਵਿਚ ਕਿਸੇ ਅਧਿਆਤਮਕ ਵਿਸ਼ੇ 'ਤੇ ਚੰਗੀ ਤਕਰੀਰ ਨਹੀਂ ਸੀ ਕਰ ਸਕਦਾ, ਨਾ ਹੀ ਇਸ ਦੀ ਲੋਕ ਸੇਵਾ ਜਾਂ ਕੁਰਬਾਨੀ ਸੀ। ਨਿਰੋਲ ਦੰਭ, ਪਾਖੰਡ ਮਾਇਆ ਤੇ ਮੋਹਣੀਆਂ ਦੇ ਆਸਰੇ ਕਈ ਮੂਰਖਾਂ ਨੂੰ ਵਧੇਰੇ ਮੂਰਖ ਬਣਾਉਂਦਾ ਸੀ।

ਸਾਡੇ ਦੇਸ਼ ਵਿਚ ਜਿਸ ਤਰ੍ਹਾਂ ਭਾੜੇ ਉੱਤੇ ਪਿੱਟਣ ਵਾਲੀਆਂ ਨਾਇਣਾਂ ਮਿਲ ਜਾਂਦੀਆਂ ਹਨ, ਉਸੇ ਤਰ੍ਹਾਂ ਟੁੱਕੜ ਬੋਚ ਕਵੀ ਅਤੇ ਲੇਖਕ ਝੂਠੀ ਉਸਤਤ ਕਰਨ

ਵਾਲੇ ਵੀ ਮਿਲ ਜਾਂਦੇ ਹਨ। 'ਗੁਰੂ ਜਿੰਨਾ ਦੇ ਟੱਪਣੇ ਚੇਲੇ ਜਾਣ ਛੜੱਪ' ਅਨੁਸਾਰ ਇਕ ਰਿੰਦ ਕਵੀ ਨੇ ਰਸਾਲਾ 'ਸੰਤ ਨਿਰੰਕਾਰੀ' ਮਈ 1964 ਦੇ ਅੰਕ ਵਿਚ ਸਫ਼ਾ 9 ਉੱਤੇ ਅਵਤਾਰ ਸਿੰਘ ਦੀ ਕੋਝੀ ਉਸਤਤ ਕਰਦੇ ਹੋਏ ਇਕ ਕਵਿਤਾ ਛਪਵਾਈ। ਜਿਸ ਵਿਚ ਰਿੰਦ ਕਵੀ ਨੇ ਲਿਖਿਆ ਹੈ—'ਅੱਲ੍ਹਾ' ਆਪੇ ਮੁੜ ਆਇਆ ਜੇ। ਗਾਡ ਵੀ ਨਾਲ ਲਿਆਇਆ ਜੇ। 'ਰਾਮ' ਵੀ ਇਸਦੀ ਬੁੱਕਲ ਖੇਲੇ। ਇਹ ਰੱਬ ਆਪੇ ਹੈ ਆਇਆ। ਫਰਵਰੀ 1966 ਦੇ ਰਸਾਲਾ 'ਸੰਤ ਨਿਰੰਕਾਰੀ' ਵਿਚ ਇਕ ਹੋਰ ਅੰਧ ਵਿਸ਼ਵਾਸੀ ਤੇ ਟੁੱਕੜ ਬੋਚ ਕਵੀ ਐਸ.ਐਸ. ਅਨੰਦ ਨੇ ਲਿਖਿਆ ਹੈ:

ਦੁਨੀਆ ਵਾਲਿਉ ਦਸਾਂ ਮੈਂ ਗੱਲ ਇਕੋ।
ਇਹੋ ਬੈਠਾ ਜੇ ਦੁਨੀਆ ਬਣਾਉਣ ਵਾਲਾ।
ਸਦਾ ਇਸ ਨੇ ਕਾਇਮ ਤੇ ਦਾਇਮ ਰਹਿਣਾ।
ਬਾਕੀ ਜੱਗ ਹੈ ਆਉਣ ਤੇ ਜਾਣ ਵਾਲਾ।

ਅਵਤਾਰ ਸਿੰਘ ਕੈਂਸਰ ਨਾਲ ਮਰ ਗਿਆ ਸੀ। ਕਾਹਲੀ ਨਾਲ ਇਸਨੂੰ ਬਿਜਲੀ ਦੀ ਭੱਠੀ ਵਿਚ ਸਾੜ ਦਿੱਤਾ ਗਿਆ। ਕੀ ਰਿੰਦ ਕਵੀ ਜਾਂ ਨਕਲੀ ਨਿਰੰਕਾਰੀ ਦੱਸਣਗੇ ਕਿ ਰਾਮ, ਅੱਲ੍ਹਾ, ਗਾਡ, ਮਰ ਗਏ ਜਾਂ ਉਸਦੇ ਨਾਲ ਹੀ ਕਿਧਰੇ ਤੁਰ ਗਏ ? ਜਿਹੜਾ 'ਰਾਮ' ਬੁੱਕਲ ਵਿਚ ਵਸਦਾ ਸੀ ਕੀ ਉਹ ਅਵਤਾਰ ਸਿੰਘ ਦੇ ਨਾਲ ਹੀ ਭੱਠੀ ਵਿਚ ਫੂਕਿਆ ਗਿਆ ਸੀ। ਹਰਗਿਜ਼ ਨਹੀਂ। ਇਹ ਜਿਸਨੂੰ ਕਾਇਮ ਦਾਇਮ ਦੱਸਦੇ ਸਨ ਉਹ ਕਿੱਥੇ ਹੈ ? ਪਰਮਾਤਮਾ ਤਾਂ ਸਦੀਵੀ ਹੈ। ਆਦਿ ਸਚੁ, ਜੁਗਾਦਿ ਸਚੁ, ਨਾਨਕ ਹੋਸੀ ਭੀ ਸਚੁ ਹੈ ਪਰ ਇਹ ਮਲ ਮੂਤਰ ਦਾ ਥੈਲਾ, ਦੰਭ, ਪਾਖੰਡ, ਈਰਖਾ, ਦਵੈਸ਼ ਦਾ ਪੁਤਲਾ ਅਵਤਾਰ ਸਿੰਘ ਕਦੋਂ ਦਾ ਮਰ ਚੁੱਕਾ ਹੈ।

ਕਹਿੰਦੇ ਹਨ ਕਿ ਲੰਡਨ ਵਿਚ ਇਕ ਵੇਸਵਾ ਨੇ ਆਪਣੇ ਘਰ ਦੇ ਅੱਗੇ ਮਹਾਤਮਾ ਬੁੱਧ ਦੀ ਮੂਰਤੀ ਰੱਖੀ ਹੋਈ ਸੀ। ਉਸਨੂੰ ਕਿਸੇ ਨੇ ਪੁੱਛਿਆ—ਪਾਪਣੇ ! ਮਹਾਤਮਾ ਬੁੱਧ ਤਾਂ ਨੇਕ ਪੁਰਸ਼ ਹੋਏ ਹਨ ਤੂੰ ਦੁਰਾਚਾਰੀ ਹੋ ਕੇ ਉਸਦੀ ਮੂਰਤੀ ਬੂਹੇ ਅੱਗੇ ਕਿਉਂ ਰੱਖੀ ਹੋਈ ਹੈ ? ਉਸ ਵੇਸਵਾ ਦਾ ਉੱਤਰ ਸੀ—ਮੈਂ ਇਹ ਮੂਰਤੀ ਬੋਧੀਆਂ ਅਤੇ ਹਿੰਦੁਸਤਾਨੀਆਂ ਨੂੰ ਫਾਹੁਣ ਵਾਸਤੇ ਰੱਖੀ ਹੋਈ ਹੈ। ਇਹੀ ਹਾਲ ਇਹਨਾਂ ਨਿਰੰਕਾਰੀਆਂ ਦਾ ਹੈ।

ਅਫ਼ਸੋਸ ਦੀ ਗੱਲ ਇਹ ਹੈ ਕਿ ਸਿੰਘ ਨਾਮ ਰਖਵਾ ਕੇ ਗੁਰੂ ਦਾ ਰੂਪ ਦਾਹੜੀ ਤੇ ਕੇਸ ਰੱਖ ਕੇ, ਗੁਰਬਾਣੀ ਦੇ ਸ਼ਬਦ ਪੜ੍ਹ ਕੇ ਤੇ ਲੋਕਾਂ ਨੂੰ ਪੋਥੀਆਂ ਦੇ ਕੇ ਇਹ 'ਨਿਰੰਕਾਰੀ' ਨਾਂ ਨੂੰ ਬਦਨਾਮ ਕਰ ਰਹੇ ਹਨ। ਇਹ ਭੋਲੇ ਭਾਲੇ ਲੋਕਾਂ ਨੂੰ ਨਾਟਕੀ ਢੰਗ ਨਾਲ ਦਰਸ਼ਨ (ਰੱਬ ਦਾ) ਕਰਾਉਣ ਬਾਰੇ ਇਸ ਤਰ੍ਹਾਂ ਪਾਖੰਡ ਰਚਦੇ ਹਨ—ਭੋਲੇ ਭਾਲੇ ਬੰਦੇ ਨੂੰ ਕਹਿੰਦੇ ਦਰਸ਼ਨ ਕਰਨੇ ਜੇ ਨਿਰੰਕਾਰ ਦੇ। ਭੋਲੇ ਭਾਲੇ ਲੋਕ ਕਹਿੰਦੇ ਹਾਂ ਬਾਬਾ ਜੀ ਕਰਨੇ ਹਨ। ਫਿਰ ਨਕਲੀ ਨਿਰੰਕਾਰੀ ਉਸ ਵਕਤ ਵਿਚ ਇਕ

ਹੱਥ ਉੱਤੇ ਤੇ ਇਕ ਥੱਲੇ, ਬਿਲਮੁਕਾਬਲ ਰੱਖ ਕੇ ਕਹਿੰਦੇ ਹਨ—ਵਿਚ ਤੱਕੋ। ਭੁੱਲੜ ਆਦਮੀ ਦੋਹਾਂ ਹੱਥਾਂ ਦੇ ਵਿਚਕਾਰ ਦੇਖਦੇ ਹਨ। ਫਿਰ ਛਲੀਏ ਕਹਿੰਦੇ ਬੱਸ ਇਹੀ ਨਿਰੰਕਾਰ ਜੇ।

ਅਸਲ ਵਿਚ ਇਹ ਪਾਖੰਡੀ, ਨਿਰੰਕਾਰ ਤੋਂ ਇਤਨੇ ਦੂਰ ਹਨ ਜਿੰਨਾ ਸ਼ੈਤਾਨ, ਨੇਕੀ ਤੋਂ ਦੂਰ ਹੈ। ਦਰਸ਼ਨ ਆਪਣੇ ਹੀ ਕਰਵਾਉਂਦੇ ਹਨ ਪਰ ਧੋਖਾ ਨਿਰੰਕਾਰ ਦੇ ਨਾਂ ਪਰ ਕਰਦੇ ਹਨ।

ਕਹਿੰਦੇ ਇਕ ਵਾਰੀ ਦੋ ਸਿਆਣੇ ਆਦਮੀ ਅਵਤਾਰ ਸਿੰਘ ਨਿਰੰਕਾਰੀ ਕੋਲ ਗਏ। ਜਾ ਕੇ ਕਿਹਾ ਕਿ ਤੁਸੀਂ ਲੋਕਾਂ ਨੂੰ ਨਿਰੰਕਾਰ ਦੇ ਦਰਸ਼ਨ ਕਰਵਾਉਂਦੇ ਹੋ ਸਾਨੂੰ ਵੀ ਕਰਵਾ ਦਿਉ। ਅਵਤਾਰ ਸਿੰਘ ਕਹਿਣ ਲੱਗਾ—ਜਿੰਨੇ ਚਿਰ ਮਰਦ ਇਸਤਰੀ ਭੋਗ ਵਿਲਾਸ ਕਰਦਿਆਂ ਖਾਰਜ ਹੁੰਦੇ ਹਨ ਉਤਨੇ ਚਿਰ ਵਿਚ ਮੈਂ ਤੁਹਾਨੂੰ ਦਰਸ਼ਨ ਕਰਵਾ ਦੇਣੇ ਹਨ। ਉਹਨਾਂ ਬੰਦਿਆਂ ਨੇ ਸੋਚਿਆ ਕਿ ਬਿੱਲੀ ਨੂੰ ਚੂਹਿਆਂ ਦੇ ਸੁਪਨੇ, ਅਨੁਸਾਰ ਜਿਸ ਬਿਗਾਨੀ ਕਮਾਈ ਵਿਚੋਂ ਰੋਜ਼ ਕਾਜੂ, ਬਦਾਮ ਛਕਣੇ ਹਨ ਤੇ ਸਕਾਚ ਵਿਸਕੀ ਪੀਣੀ ਹੈ, ਉਹ ਕਾਮ ਦੇਵ ਜਾਂ ਸ਼ੈਤਾਨ ਦੇ ਦਰਸ਼ਨ ਤਾਂ ਕਰਵਾ ਸਕਦਾ ਹੈ ਪਰ ਨਿਰੰਕਾਰ ਦੇ ਦਰਸ਼ਨ ਨਾ ਉਸਨੂੰ ਆਪ ਹੋ ਸਕਦੇ ਹਨ ਨਾ ਹੀ ਕਿਸੇ ਹੋਰ ਨੂੰ ਕਰਵਾ ਸਕਦਾ ਹੈ। ਤਲੀਆਂ ਵਿਚ ਰੱਬ ਵੱਸਦਾ—ਨਿਰੇ ਵਿਕਾਰੀ ਗੁਰਬਚਨ ਸਿੰਘ ਦਾ ਇਕ ਚੇਲਾ ਬਿੱਕਰ ਸਿੰਘ ਲੁਧਿਆਣਾ ਕਹਿੰਦਾ ਹੈ ਕਿ 'ਨਿਰੰਕਾਰੀ ਬਾਬੇ ਦੀਆਂ ਤਲੀਆਂ ਹਿੱਲੀਆਂ ਤਾਂ ਰੱਬ ਪ੍ਰਤੱਖ ਨਜ਼ਰੀ ਆਇਆ ਆਵਾਗਵਨ ਤੋਂ ਮੁਕਤੀ ਮਿਲ ਗਈ।

(ਸੰਤ ਨਿਰੰਕਾਰੀ, ਅਗਸਤ 1970, ਪੰਨਾ 32)

ਇਹੀ ਨਕਲੀ ਨਿਰੰਕਾਰੀ ਗੁਰਬਾਣੀ ਤੋਂ ਬਿਲਕੁਲ ਅਣਜਾਣ ਹਨ। ਇਸਦੀ ਉਦਾਹਰਣ ਦਿੰਦੇ ਹਾਂ—ਸਤਿਗੁਰ ਬਚਨ ਤੁਮਾਰੇ॥ ਨਿਰਗੁਣ ਨਿਸਤਾਰੇ॥ ਮਹਾਂ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥ (ਪੰਨਾ 406)

ਇਸਦੇ ਅਰਥ ਨਕਲੀ ਨਿਰੰਕਾਰੀਆਂ ਨੇ ਮੈਗ਼ਜੀਨ 'ਸੰਤ ਨਿਰੰਕਾਰੀ' ਮਈ 1964 ਦੇ ਪੰਨਾ 7 'ਤੇ ਇਉਂ ਕੀਤੇ ਹਨ:

ਮਹਾਂ ਵਿਖਾਦੀ ਦੁਸਟ ਅਪਵਾਦੀ ਪੰਜਾਂ ਤੱਤਾਂ ਨੂੰ ਕਹਿੰਦੇ ਹਨ:

ਇਨਸਾਨ ਪੰਜਾਂ ਤੱਤਾਂ ਦੇ ਮੋਹ ਵਿਚ ਫਸ ਗਿਆ ਹੈ। ਸਰਾਸਰ ਗਲਤ ਅਰਥ ਕਰ ਰਹੇ ਹਨ।

ਸਹੀ ਅਰਥ ਗੁਰਬਾਣੀ ਵਿਚ 'ਮਹਾ ਬਿਖਾਦੀ ਦੁਸ਼ਟ ਅਪਵਾਦੀ, ਪੰਜਾਂ ਤੱਤਾਂ ਨੂੰ ਨਹੀਂ ਬਲਕਿ ਪੰਜ ਵਿਕਾਰਾਂ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਕਿਹਾ ਗਿਆ ਹੈ। ਪੰਜਾਂ ਤੱਤਾਂ ਨੂੰ ਪੰਜ ਬਿਖਾਦੀ ਦੱਸਣਾ ਇਹਨਾਂ ਦੀ ਜਹਾਲਤ ਦਾ ਪ੍ਰਤੱਖ ਸਬੂਤ ਹੈ।

ਜੂਨ 1973 ਵਿਚ ਲੱਖਨਊ ਵਿਖੇ ਗੁਰਬਚਨ ਦੀ ਘਰਵਾਲੀ 'ਰਾਜ ਮਾਤਾ' ਨੇ ਇਕ ਲੈਕਚਰ ਵਿਚ ਇਸ ਤਰ੍ਹਾਂ ਕਿਹਾ—ਕਲਜੁਗ ਦਾ ਬੋਹਥ ਮੇਰਾ ਪਤੀ ਹੈ ਉਹੀ ਤੁਹਾਡਾ ਕਲਿਆਣ ਕਰ ਸਕਦਾ ਹੈ। ਹੋਰ ਕੋਈ ਬਾਣੀ ਦਾ ਪੋਥਾ ਤੁਹਾਡਾ ਕੁਝ ਨਹੀਂ ਸਵਾਰ ਸਕਦਾ।

ਕੀ ਇਹ ਨਕਲੀ ਨਿਰੰਕਾਰੀ ਦੱਸਣਗੇ ਕਿ ਫਿਰ ਇਹ ਗੁਰਬਾਣੀ ਸ਼ਬਦਾਂ ਦੀ ਵਰਤੋਂ ਆਪਣੇ ਲੈਕਚਰਾਂ ਵਿਚ ਤੋੜ ਮਰੋੜ ਕੇ ਕਿਉਂ ਕਰਦੇ ਹਨ ? ਜਾਹਲੀ ਅਵਤਾਰ ਬਾਣੀ ਕਿਉਂ ਲਿਖੀ ?

ਨਕਲੀ ਨਿਰੰਕਾਰੀ ਦੀਆਂ ਚੇਲੀਆਂ ਕਈ ਮਰਦਾਂ ਦੇ ਮੂੰਹ ਵਿਚ ਜੂਠਾ ਭੋਜਨ ਪਾਉਂਦੀਆਂ ਹਨ। ਫਿਰ ਉਹ ਆਪ ਵੀ ਦੂਜੇ ਮਰਦਾਂ ਦੀ ਜੂਠ ਖਾਂਦੀਆਂ ਹਨ। ਔਰਤਾਂ ਨੂੰ ਜੂਠ ਖਵਾਉਣ ਦਾ ਮਕਸਦ ਇਕੋ ਹੀ ਹੈ ਕਿ ਉਹ ਲਿੰਗ ਸੁਤੰਤਰਤਾ ਦੇ ਅਭਿਆਸ ਵਿਚ ਨਾ ਝਕਣ। ਮਾਸ, ਸ਼ਰਾਬ, ਖ਼ੂਬਸੂਰਤ ਔਰਤਾਂ ਨਾਲ ਵਿਭਚਾਰ ਹੀ ਇਹਨਾਂ ਦਾ ਇਕੋ ਇਕ ਨਿਸ਼ਾਨਾ ਹੈ।

ਨਕਲੀ ਨਿਰੰਕਾਰੀਆਂ ਨੂੰ ਕਈ ਵਾਰ ਸਿੱਖਾਂ ਦਾ ਡੈਪੂਟੇਸ਼ਨ ਮਿਲਿਆ ਕਿ ਤੁਸੀਂ ਸਿੱਖ ਗੁਰੂਆਂ ਅਤੇ ਗੁਰਬਾਣੀ ਬਾਰੇ ਕੋਈ ਭਾਸ਼ਾ ਨਾ ਵਰਤੋ ਪਰ ਸਰਕਾਰ ਦੀ ਸ਼ਹਿ 'ਤੇ ਇਹ ਦਿਨੋ ਦਿਨ ਅਗਾਂਹ ਵਧਦੇ ਗਏ। ਅਖ਼ੀਰ 1978 ਵਿਚ ਵੈਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਇਹਨਾਂ ਨੇ ਆਪਣੇ ਕੁਸੱਤਸੰਗ ਵਿਚ ਤਿੱਖੇ ਹਮਲੇ ਕੀਤੇ। ਜਦੋਂ ਸਿੱਖ ਇਹਨਾਂ ਨੂੰ ਅਜਿਹਾ ਕਰਨ ਤੋਂ ਵਰਜਣ ਗਏ ਤਾਂ ਇਹਨਾਂ ਨੇ ਸਿੱਖਾਂ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ ਜਿਸ ਦੇ ਫਲਸਰੂਪ 13 ਸਿੰਘ ਸ਼ਹੀਦ ਹੋ ਗਏ ਅਤੇ 78 ਜ਼ਖ਼ਮੀ ਹੋ ਗਏ। ਫਿਰ 14 ਮਈ 1978 ਨੂੰ ਦਿੱਲੀ ਵਿਚ ਸਿੱਖ ਸੰਗਤਾਂ ਨੇ ਅੰਮ੍ਰਿਤਸਰ ਦੇ ਖ਼ੂਨੀ ਕਾਂਡ ਬਾਰੇ ਭਾਰੀ ਜਲੂਸ ਕੱਢਿਆ। ਨਿਰੰਕਾਰੀਆਂ ਤੇ ਮੁਕੱਦਮੇ ਬਣੇ ਪਰ ਇਕ ਵੀ ਬੰਦਾ ਸਜ਼ਾ ਨਾ ਹੋਇਆ। 26 ਸਤੰਬਰ 1978 ਨੂੰ ਕਾਨਪੁਰ ਵਿਖੇ ਨਕਲੀ ਨਿਰੰਕਾਰੀਆਂ ਨੇ ਫੇਰ ਅੰਮ੍ਰਿਤਸਰ ਦਾ ਖ਼ੂਨੀ ਕਾਂਡ ਦੁਹਰਾਇਆ ਜਿਸ ਵਿਚ 8 ਸਿੰਘ ਸ਼ਹੀਦ ਹੋ ਗਏ। ਸਰਕਾਰ ਦੀ ਸ਼ਹਿ 'ਤੇ ਨਕਲੀ ਨਿਰੰਕਾਰੀਆਂ ਨੂੰ ਉਕਤ ਘਟਨਾਵਾਂ ਨੂੰ ਨਜ਼ਰ ਅੰਦਾਜ ਕਰਕੇ 4 ਤੋਂ 6 ਨਵੰਬਰ 1978 ਨੂੰ ਇੰਡੀਆ ਗੇਟ ਦਿੱਲੀ ਵਿਖੇ ਸਲਾਨਾ ਸਮਾਗਮ ਕਰਨ ਦੀ ਦੀ ਆਗਿਆ ਦੇ ਦਿੱਤੀ ਗਈ ਤੇ ਰਾਖੀ ਦੇ ਕਰੜੇ ਪ੍ਰਬੰਧ ਸਰਕਾਰ ਵੱਲੋਂ ਕੀਤੇ ਗਏ। ਜਿਸ ਦੇ ਰੋਸ ਵਜੋਂ ਦਿੱਲੀ ਦੇ ਸਿੰਘਾਂ ਨੇ 5 ਨਵੰਬਰ ਨੂੰ ਸ਼ਾਂਤਮਈ ਪ੍ਰੋਟੈਸਟ ਜਲੂਸ, ਗੁਰਦੁਆਰਾ ਬੰਗਲਾ ਸਾਹਿਬ ਤੋਂ ਆਰੰਭ ਕੀਤਾ। ਜਿਸ 'ਤੇ ਪੁਲੀਸ ਦੇ ਅੰਨ੍ਹੇ ਤਸ਼ੱਦਦ ਨਾਲ 3 ਸਿੰਘ ਸ਼ਹੀਦ ਹੋ ਗਏ। ਅਣਗਿਣਤ ਜ਼ਖ਼ਮੀ ਹੋਏ। ਸੈਂਕੜੇ ਸਿੰਘ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਡੱਕ ਦਿੱਤੇ ਗਏ।

ਸਿੰਘਾਂ ਨੇ ਉਕਤ ਸ਼ਹੀਦੀ ਸਾਕਿਆਂ ਰਾਹੀਂ ਇਹ ਦ੍ਰਿੜ ਕਰਵਾ ਦਿੱਤਾ ਕਿ

ਦੇਹਧਾਰੀ ਗੁਰੂ ਡੰਮ੍ਹ ਦੀਆਂ ਵਿਭਚਾਰ ਫੈਲਾਉਣ ਵਾਲੀਆਂ ਇਹਨਾਂ ਗੱਦੀਆਂ ਪਾਸੋਂ ਗੁਰੂ ਦੇ ਸ਼ਬਦ ਦੀ ਨਿੰਦਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਆਖ਼ਰ ਕਿਸੇ ਨੇ ਇਸ ਗੁਰਬਚਨ ਸਿੰਘ ਨੂੰ ਗੋਲੀਆਂ ਮਾਰ ਕੇ ਨਰਕਾਂ ਨੂੰ ਤੋਰ ਦਿੱਤਾ। ਹੁਣ ਇਸਦਾ ਪੁੱਤਰ ਹਰਦੇਵ ਸਿੰਘ ਮੋਟਰ ਪਾਰਟਸ ਦੀ ਦੁਕਾਨ ਤੋਂ ਪੁਰਜ਼ੇ ਵੇਚਣ ਦਾ ਕੰਮ ਛੱਡ ਕੇ ਨਕਲੀ ਨਿਰੰਕਾਰੀਆਂ ਦੀ ਗੁਰੂ ਡੰਮ੍ਹ ਦੀ ਝੂਠੀ ਦੁਕਾਨਦਾਰੀ ਚਲਾਉਣ ਲਈ ਗੁਰੂ ਬਣ ਬੈਠਾ ਹੈ। ਖ਼ਾਲਸਾ ਪੰਥ ਨੂੰ ਸੁਚੇਤ ਰਹਿ ਕੇ ਇਸ ਗੁਰੂ ਡੰਮ੍ਹ ਦੀ ਦੁਕਾਨ ਦਾ ਡਟਵਾਂ ਵਿਰੋਧ ਕਰਨ ਲਈ ਤਤਪਰ ਰਹਿਣਾ ਚਾਹੀਦਾ ਹੈ ਤਾਂਕਿ ਇਹ ਝੂਠ ਦੀ ਦੁਕਾਨ ਭੋਲੇ ਭਾਲੇ ਸਿੱਖਾਂ ਨੂੰ ਵਰਗਲਾ ਨਾ ਸਕੇ।

## ਨਾਮਧਾਰੀ (ਕੂਕਾ ਗੁਰੂ-ਡੰਮ੍ਹ)

ਸਿੱਖ ਧਰਮ ਵਿਚ "ਗੁਰ ਸੰਗਤਿ ਬਾਣੀ ਬਿਨਾਂ ਦੂਜੀ ਓਟ ਨਹੀਂ ਹੈ ਰਾਈ" ਦਾ ਉੱਚਤਮ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੀਂ ਪਾਤਸ਼ਾਹੀ ਤੀਕ 239 ਸਾਲ ਇਕ ਰਸ ਜਾਰੀ ਰਿਹਾ।

ਸਰਬੰਸ ਦਾਨੀ ਸ੍ਰੀ ਦਸ਼ਮੇਸ਼ ਜੀ ਨੇ ਸੰਨ 1699 ਦੀ ਵੈਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਪੰਜਾਂ ਪਿਆਰਿਆਂ ਤੋਂ ਸੀਸ ਭੇਟ ਲੈ ਕੇ ਉਹਨਾਂ ਨੂੰ ਚਰਣਾਮਿਤ ਦੇਣ ਦੀ ਥਾਂ ਖੰਡੇ ਦੀ ਪਾਹੁਲ ਛਕਾ ਕੇ 'ਖ਼ਾਲਸਾ ਮੇਰੋ ਰੂਪ ਹੈ ਖਾਸ' ਹੋਣ ਦਾ ਮਾਣ ਬਖਸ਼ਿਆ। ਫਿਰ ਉਹਨਾਂ ਪੰਜਾਂ ਤੋਂ ਆਪ ਅੰਮ੍ਰਿਤ ਛਕ ਕੇ ਗੁਰੂ ਸਿੱਖ, ਸਿੱਖ ਗੁਰੂ ਹੈ। ਏਕੋ ਗੁਰ ਉਪਦੇਸ ਚਲਾਏ। (ਪੰਨਾ 444) ਦੇ ਮਹਾਨ ਆਦਰਸ਼ ਨੂੰ ਸੰਪੂਰਨ ਕੀਤਾ।

ਸ੍ਰੀ ਦਸ਼ਮੇਸ਼ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ, ਗੁਰੂ ਮੰਤਰ, ਦੀਖਿਆ ਅਤੇ ਸਿੱਖ ਵਿਧਾਨ ਤੇ ਦੰਡ ਦਾ ਅਧਿਕਾਰ ਦੇ ਕੇ ਸ਼ਖਸ਼ੀ ਗੁਰਤਾ ਨੂੰ ਪੰਥ ਵਿਚ ਅਭੇਦ ਕਰ ਦਿੱਤਾ। ਪਹਿਲਾਂ ਗੁਰੂ ਜੋਤੀ ਵਿਅਕਤੀ ਰੂਪ ਵਿਚ, ਗੁਰਮੰਤ੍ਰ ਤੇ ਚਰਨ ਪਾਹੁਲ ਦਿੰਦੀ ਸੀ, ਦਸਮ ਪਾਤਸ਼ਾਹ ਨੇ ਉਸਨੂੰ ਪੰਜਾਂ ਵਿਚ ਬਦਲ ਦਿੱਤਾ।

ਸ੍ਰੀ ਦਸ਼ਮੇਸ਼ ਜੀ ਨੇ 7 ਅਕਤੂਬਰ ਸੰਨ 1708 ਨੂੰ ਸਚਖੰਡ ਹਜ਼ੂਰ ਸਾਹਿਬ (ਨੰਦੇੜ) ਵਿਖੇ ਜੀਵਨ ਯਾਤਰਾ ਸਮਾਪਤ ਕਰਨ ਤੋਂ ਪਹਿਲਾਂ ਖ਼ਾਲਸਾ ਜੀ ਨੂੰ ਸੰਬੋਧਨ ਕਰਕੇ ਅੰਤਮ ਬਚਨ ਕਹੇ:

ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਕਾ।

ਆਤਮਾ ਗ੍ਰੰਥ ਵਿਚ ਸਰੀਰ ਪੰਥ ਵਿਚ, ਆਖ ਕੇ ਗੁਰਿਆਈ ਜੁੱਗੋ ਜੁੱਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਨੂੰ ਸੌਂਪ ਦਿੱਤੀ ਤੇ ਪੰਥ ਦੇ

ਵਾਲੀ ਜੋਤੀ ਜੋਤ ਸਮਾ ਗਏ। ਗੁਰੂ ਗ੍ਰੰਥ-ਪੰਥ ਨੂੰ ਗੁਰਿਆਈ ਮਿਲਣ ਤੋਂ ਬਾਅਦ ਖ਼ਾਲਸਾ ਪੰਥ ਵਿਚ ਸ਼ਖਸ਼ੀ ਪੂਜਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਹੜਾ ਸ਼ਖਸ਼ ਗਿਆਰ੍ਹਵਾਂ, ਬਾਰ੍ਹਵਾਂ ਗੁਰੂ ਮੰਨਦਾ ਹੈ, ਉਹ ਸਿੱਖ ਧਰਮ ਦਾ ਵਿਰੋਧੀ ਹੈ ਅਤੇ ਮਨੁਮਖ ਹੈ ਤੇ ਉਸਨੂੰ ਸਿੱਖੀ ਤੋਂ ਖਾਰਜ ਸਮਝਿਆ ਜਾਣਾ ਚਾਹੀਦਾ ਹੈ।

ਕਿਸੇ ਇਤਿਹਾਸਕਾਰ ਨੇ ਇਹ ਨਹੀਂ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਸ਼ਖਸ਼ ਜਾਂ ਵਿਅਕਤੀ ਨੂੰ ਗੁਰਿਆਈ ਦੇ ਕੇ ਅੱਗੇ ਗਿਆਰ੍ਹਵੀਂ, ਬਾਰ੍ਹਵੀਂ ਸ਼ਖਸ਼ੀ ਗੱਦੀ ਚਲਾਈ ਹੈ। ਪਰ ਦਸਮ ਪਿਤਾ ਤੋਂ ਬਹੁਤ ਲੰਮਾ ਸਮਾਂ ਬਾਅਦ ਚੱਲੀ ਨਾਮਧਾਰੀ ਜਾਂ ਕੂਕਾ ਸੰਪਰਦਾਇ ਦੇ ਲਿਖਾਰੀਆਂ ਨਿਧਾਨ ਸਿੰਘ ਅਤੇ ਇੰਦਰ ਸਿੰਘ ਚੱਕਰਵਤੀ ਨੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਬਾਬਾ ਬਾਲਕ ਸਿੰਘ ਤੇ ਬਾਬਾ ਰਾਮ ਸਿੰਘ ਨੂੰ ਗੁਰੂ ਬਣਾ ਕੇ ਕੂਕਾ ਗੁਰੂ ਡੰਮ੍ਹ ਦੀ ਡੁੱਗੀ ਪਿੱਟਣ ਲਈ ਇਕ ਝੂਠੀ ਤੇ ਬਿਨ੍ਹਾਂ ਸਿਰ ਪੈਰ ਕਹਾਣੀ ਘੜ ਮਾਰੀ ਕਿ ਦਸ਼ਮੇਸ਼ ਜੀ ਹਜ਼ੂਰ ਸਾਹਿਬ ਜੋਤੀ ਜੋਤ ਨਹੀਂ ਸਮਾਏ ਸਗੋਂ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਨਾਭੇ ਦੀ ਇਕ ਝਿੜੀ ਵਿਚ ਛਿਪੇ ਰਹੇ। ਇਸ ਗੁਰੂ ਡੰਮ੍ਹ ਨੂੰ ਕਾਮਯਾਬ ਕਰਨ ਲਈ ਕੂਕਿਆਂ ਨੇ ਮਨੋਕਲਪਿਤ ਤੇ ਝੂਠੀਆਂ ਤਸਵੀਰਾਂ ਵੀ ਛਪਵਾਈਆਂ ਹਨ, ਜਿਨ੍ਹਾਂ ਵਿਚ ਪ੍ਰਗਟ ਕੀਤਾ ਗਿਆ ਹੈ ਕਿ ਦਸ਼ਮੇਸ਼ ਜੀ ਨੇ ਹਜ਼ਰੋ ਜ਼ਿਲ੍ਹਾ ਕੈਂਥਲਪੁਰ, ਵਿਚ ਜਾ ਕੇ ਬਾਬਾ ਬਾਲਕ ਸਿੰਘ ਨੂੰ ਗੱਦੀ ਦਿੱਤੀ।

ਗੁਰਤਾ ਕਦੋਂ ਦਿੱਤੀ ? ਕਿਸ ਦੇ ਸਾਹਮਣੇ ਦਿੱਤੀ ? ਇਸ ਦਾ ਕੂਕੇ ਲਿਖਾਰੀਆਂ ਪਾਸ ਕੋਈ ਸਬੂਤ ਨਹੀਂ।

ਕੂਕਾ ਲਿਖਾਰੀ ਨਿਧਾਨ ਸਿੰਘ ਆਲਮ ਨੇ 1932 ਵਿਚ ਇਹ ਕਲਪਿਤ ਕਹਾਣੀ "ਗੁਰੂ ਪਦ ਪ੍ਰਕਾਸ਼" ਵਿਚ ਪ੍ਰਕਾਸ਼ਤ ਕੀਤੀ। ਉਸਦਾ ਯੁਕਤੀ ਪੂਰਵਕ ਉੱਤਰ ਭਾਈ ਸੇਵਾ ਸਿੰਘ ਐਡੀਟਰ 'ਖ਼ਾਲਸਾ ਸਮਾਚਾਰ' ਨੇ ਆਪਣੀ ਲੇਖ ਕੜੀ ਤੇ ਪੁਸਤਕ 'ਗੁਰੂ ਪਦ ਨਿਰਣਯ' ਵਿਚ ਦਿੱਤਾ। ਜਿਸ ਪਰ ਬਹਿਸ ਬੰਦ ਹੋ ਗਈ।

ਸੰਨ 1934 ਵਿਚ ਬਾਬਾ ਪ੍ਰਤਾਪ ਸਿੰਘ ਨਾਮਧਾਰੀ ਵੱਲੋਂ ਭੈਣੀ ਰਾਈਆਂ, ਜ਼ਿਲ੍ਹਾ ਲੁਧਿਆਣਾ ਵਿਚ ਇਕ ਸਰਬ ਸਿੱਖ ਸੰਪਰਦਾਇ ਕਾਨਫ਼ਰੰਸ ਕੀਤੀ ਗਈ। ਉਸ ਵਿਚ ਸ. ਜੋਗਿੰਦਰ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ ਆਦਿਕ ਮੁਖੀ ਸ਼ਾਮਲ ਸਨ। ਉਸ ਕਾਨਫ਼ਰੰਸ ਵਿਚ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਕੀਤੀ ਗਈ। ਲੋਕਾਂ ਨੇ ਸਮਝਿਆ ਕਿ ਝਗੜਾ ਮੁੱਕ ਗਿਆ ਹੈ। ਪਰ ਜਿਸ ਤਰ੍ਹਾਂ ਤਪਦਿਕ ਤੇ ਖਈ ਰੋਗ ਜਾਂਦੇ ਨਹੀਂ, ਇਸੇ ਤਰ੍ਹਾਂ ਗੁਰੂ ਡੰਮ੍ਹ ਦਾ ਉਹ ਰੋਗ ਗਿਆ ਨਹੀਂ। ਫਿਰ ਉਹੀ ਕਹਾਣੀ। ਕਲਪਿਤ ਤਸਵੀਰਾਂ ਨਸ਼ਰ ਕਰਨ ਦਾ ਚਾਅ ਕੁੱਦਿਆ ਹੈ।

ਕੂਕਿਆਂ ਨੇ ਤਰਨ ਸਿੰਘ ਵਹਿਮੀ ਕੋਲੋਂ ਇਕ ਪੁਸਤਕ 'ਨੰਦੇੜ' ਤੋਂ ਬਾਅਦ

ਦਸਮ ਗੁਰੂ ਦਰਸ਼ਨ ਲਿਖਵਾਈ ਹੈ। ਉਸ ਵਿਚ ਪੁਰਾਣੀਆਂ ਗੱਲਾਂ 'ਤੇ ਮਿਥਿਆਵਾਦ ਨੂੰ ਹੀ ਦੁਹਰਾਇਆ ਹੈ। ਬਾਬਾ ਬਾਲਕ ਸਿੰਘ ਨੂੰ ਗੁਰਤਾ ਦੇਣ ਦੀ ਝੂਠੀ ਤੇ ਸਰਕਾਰ ਵੱਲੋਂ ਜ਼ਬਤ ਹੋ ਚੁੱਕੀ ਤਸਵੀਰ ਫਿਰ ਦਿੱਤੀ ਹੈ। ਜੋ ਸਾਹਿਤਕਾਰੀ ਦੇ ਨਿਯਮਾਂ ਅਤੇ ਕਾਨੂੰਨ ਦੇ ਵਿਰੁੱਧ ਹੈ।

ਹੁਣ ਤਕ ਕੂਕੇ ਅੰਗਰੇਜ਼ੀ ਨੂੰ ਮਲੇਸ਼ ਭਾਸ਼ਾ ਮੰਨ ਕੇ ਪੜ੍ਹਨ ਤੋਂ ਇਨਕਾਰ ਕਰਦੇ ਰਹੇ ਹਨ। ਸੰਨ 1971 ਵਿਚ ਇਹਨਾਂ ਨੇ ਆਰੀਆ ਸਮਾਜੀ ਮਹਾਸ਼ਾ ਸ਼ਿਵ ਲਾਲ ਨੂੰ ਭਾੜੇ ਉੱਤੇ ਕਰਕੇ ਦਿੱਲੀ ਤੋਂ ਛਪਣ ਵਾਲੀ ਅੰਗਰੇਜ਼ੀ ਦੀ ਚੁਵਰਕੀ 'ਇੰਡੀਅਨ ਪ੍ਰਾਗਰੈਸ' ਜਾਰੀ ਕਰਵਾਈ। ਜਿਸ ਵਿਚ ਕੂਕਾ ਗੁਰੂ ਡੰਮ੍ਹ ਨੂੰ ਸਹੀ ਸਾਬਤ ਕਰਨ ਲਈ ਉਸਦੇ ਲਿਖਾਰੀਆਂ ਦੀਆਂ ਗਲਤ ਮਨੌਤਾਂ 'ਤੇ ਕਲਪਿਤ ਕਹਾਣੀਆਂ ਨੂੰ ਨਾਂਦੇੜ ਟੂ ਨਾਭਾ ਲੇਖ ਲੜੀ ਰਾਹੀਂ ਉਲਥਾਇਆ ਗਿਆ।

ਸਾਡੇ ਦੇਸ਼ ਵਿਚ ਕਈ ਲਿਖਾਰੀ ਅਜਿਹੇ ਮਿਲਦੇ ਹਨ, ਜਿਨ੍ਹਾਂ ਦਾ ਆਪਣਾ ਕੋਈ ਦੀਨ ਈਮਾਨ ਤੇ ਅਕੀਤਾ ਨਹੀਂ ਹੈ। ਉਹਨਾਂ ਨੂੰ ਮਾਇਆ ਦੇ ਗੱਫੇ ਦੇ ਕੇ ਜੋ ਚਾਹੋ ਲਿਖਵਾ ਸਕਦੇ ਹੋ। ਉਹਨਾਂ ਵਿਚੋਂ ਇਹ ਸ਼ਿਵਲਾਲ ਇਕ ਹੈ।

ਸ਼ਿਵ ਲਾਲ ਦੇ ਕੂਕਾ ਗੁਰੂ ਡੰਮ੍ਹ ਨੂੰ ਸਿਧ ਕਰਨ ਦੀ ਇਹ ਲੇਖ ਲੜੀ 26 ਦਸੰਬਰ 1971 ਨੂੰ ਚੰਦੇ ਦੀ ਕੁਝ ਰਕਮ ਭੇਜੋ ਅਤੇ 'We need your financial aid' ਸਾਨੂੰ ਆਪ ਦੀ ਮਾਇਕ ਸਹਾਇਤਾ ਦੀ ਲੋੜ ਹੈ। ਪਰ ਸਮਾਪਤ ਹੋ ਗਈ। ਇਸ ਦੇ ਲਿਖੇ ਲੇਖਾਂ ਨੂੰ ਸਿੱਖ ਲਿਖਾਰੀਆਂ ਗਿਆਨੀ ਪ੍ਰਤਾਪ ਸਿੰਘ ਸਾਬਕਾ ਜਥੇਦਾਰ, ਕੈਪਟਨ ਭਾਗ ਐਡੀਟਰ ਸਿੱਖ ਰੀਵਿਊ ਅੰਗਰੇਜ਼ੀ, ਕਲਕੱਤਾ, ਡਾ. ਗੰਡਾ ਸਿੰਘ, ਡਾ. ਤਰਲੋਚਨ ਸਿੰਘ ਜੋ ਆਪਣੇ ਜੁਆਬੀ ਲੇਖਾਂ ਰਾਹੀਂ ਗਲਤ ਸਾਬਤ ਕਰਕੇ ਚੈਲੰਜ ਕੀਤਾ। ਜਿਸ ਦਾ ਸ਼ਿਵ ਲਾਲ ਤੇ ਕੂਕੇ ਲਿਖਾਰੀਆਂ ਨੂੰ ਕੋਈ ਉੱਤਰ ਨਾ ਅਹੁੜਿਆ।

ਸੱਚ ਕਦੇ ਛੁਪਦਾ ਨਹੀਂ। ਝੂਠ ਉੱਤੇ ਸੌ ਪੜ੍ਹਦਾ ਪਾਉ ਇਹ ਜ਼ਰਰ ਪ੍ਰਗਟ ਹੋ ਜਾਂਦਾ ਹੈ। ਅਕਾਸ਼ ਵਿਚ ਕਿੰਨੇ ਕਾਲੇ ਬੋਲੇ ਬੱਦਲ ਛਾਏ ਹੋਣ, ਸੂਰਜ ਦੀ ਇਕ ਲਿਸ਼ਕ ਉਹਨਾਂ ਨੂੰ ਛਿੰਨ ਭਿੰਨ ਕਰ ਦਿੰਦੀ ਹੈ। ਇਸ ਲਈ ਗੁਰੂ ਡੰਮ੍ਹ ਬਾਰੇ ਕੂਕਿਆਂ ਦੀ ਮਨਘੜਤ ਕਹਾਣੀ ਉਹਨਾ ਦੀਆਂ ਆਪਣੀਆਂ ਆਪਾ ਵਿਰੋਧੀ ਲਿਖਤਾਂ ਤੋਂ ਖੰਡਨ ਹੋ ਜਾਂਦੀ ਹੈ ਅਤੇ ਗ਼ਲਤ ਸਾਬਤ ਹੁੰਦੀ ਹੈ।

ਵਿਚਾਰਨ ਵਾਲੀ ਗੱਲ ਹੈ ਕਿ ਦਸ਼ਮੇਸ਼ ਜੀ 1708 ਈ: ਵਿਚ ਜੋਤੀ ਜੋਤ ਸਮਾਏ। ਉਸ ਤੋਂ 208 ਸਾਲ ਬਾਅਦ ਤੀਕ ਕਿਸੇ ਸਿੱਖ ਜਾਂ ਗੈਰ ਸਿੱਖ ਇਤਿਹਾਸਕਾਰ ਨੇ ਇਹ ਨਹੀਂ ਲਿਖਿਆ ਕਿ ਦਸ਼ਮੇਸ਼ ਜੀ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਨਾਭੇ ਰਹੇ ਤੇ ਉਹਨਾਂ ਨੇ ਕਿਸੇ ਨੂੰ ਗੱਦੀ ਦਿੱਤੀ ਹੈ।

ਇਹ ਕੂਕੇ ਜਿਸ ਬਾਬਾ ਅਜਾਪਾਲ ਨੂੰ ਗੁਰੂ ਦੱਸਦੇ ਹਨ, ਉਸਦੇ ਡੇਰੇ ਦੀ

ਯਾਤਰਾ ਲਈ ਨਾ ਬਾਬਾ ਬਾਲਕ ਸਿੰਘ ਤੇ ਨਾ ਬਾਬਾ ਰਾਮ ਸਿੰਘ ਕਦੇ ਗਏ ਸਨ ਅਤੇ ਨਾ ਹੀ ਅੱਜ ਤੀਕ ਕਿਸੇ ਕੂਕੇ ਨੇ ਨਾਭੇ ਵੱਲ ਮੂੰਹ ਕੀਤਾ।

ਜਿਸ ਨਿਰਭੈ ਜੋਧੇ ਮਹਾਂਬਲੀ ਸਤਿਗੁਰੂ ਨੇ 42 ਸਾਲ ਗੱਜ ਵੱਜ ਕੇ ਮੁਗ਼ਲ ਹਕੂਮਤ ਦੇ ਜਬਰ ਜ਼ੁਲਮ ਵਿਰੁੱਧ ਜਹਾਦ ਕੀਤਾ। ਸਪਸ਼ਟ ਤੇ ਖੁੱਲ੍ਹੀ ਲੜਾਈ ਲੜੀ, ਜਿਸ ਨੇ ਚਮਕੌਰ ਵਿਚੋਂ ਨਿਕਲਣ ਸਮੇਂ ਤਾੜੀ ਮਾਰ ਕੇ ਗੱਜ ਕੇ ਕਿਹਾ ਸੀ—ਹਿੰਦ ਦਾ ਪੀਰ ਚੱਲਿਆ ਹੈ। ਸਭ ਕੁਝ ਵਾਰ ਕੇ ਔਰੰਗਜੇਬ ਨੂੰ ਦੀਨੇ-ਕਾਂਗੜੇ ਤੋਂ ਜ਼ਫਰਨਾਮਾ (ਜਿੱਤ ਦਾ ਪੱਤਰ) ਲਿਖਿਆ ਉਸਨੇ ਕੀ ਡਿਪਲੋਮੇਸੀ ਵਰਤਣੀ ਸੀ ? ਇਹ ਕਹਿਣਾ ਕਿ ਉਸਨੇ ਆਪਣਾ ਨਾਂ ਤੇ ਭੇਸ ਬਦਲ ਲਿਆ ਅਤੇ ਗੁਪਤ ਰੂਪ ਵਿਚ ਰਹੇ, ਇਹ ਦਸ਼ਮੇਸ਼ ਜੀ ਦੇ ਸ਼ੁਭ ਆਚਰਨ ਦੇ ਉਲਟ ਤੇ ਮਿਥਿਆਵਾਦ ਹੈ।

ਸ੍ਰੀ ਆਲਮ ਤੇ ਇੰਦਰ ਸਿੰਘ ਨੇ ਇਕ ਹੋਰ ਵੀ ਗ਼ਲਤ ਬਿਆਨੀ ਕੀਤੀ ਹੈ। ਕਿ ਭਾਈ ਦਇਆ ਸਿੰਘ ਆਦਿਕ ਆਗੂ ਸਿੱਖਾਂ ਨੇ ਬਾਕੀ ਸਿੱਖਾਂ ਨੂੰ ਭੁਲੇਖੇ ਵਿਚ ਪਾਈ ਰੱਖਿਆ ਕਿ ਗੁਰੂ ਜੀ ਜੋਤੀ ਜੋਤ ਸਮਾ ਗਏ ਹਨ ਜਾਂ ਉਹਨਾਂ ਦਾ ਅੰਤਮ ਸੰਸਕਾਰ ਹੋ ਗਿਆ ਹੈ। ਨਹੀਂ ਤਾਂ ਸਿੱਖ ਜ਼ਰੂਰ ਗੁਰੂ ਜੀ ਦੀ ਢੂੰਡ ਭਾਲ ਕਰਦੇ।

ਆਲਮ ਤੇ ਚਕਰਵਤੀ ਤੋਂ ਸਮੇਂ ਦਾ ਵੀ ਪੱਖ ਨਹੀਂ ਮਿਲਦਾ। ਦਸਮ ਪਾਤਸ਼ਾਹ ਕਤਕ ਸੁਦੀ 5 ਸੰਮਤ 1765 ਨੂੰ ਨਾਂਦੇੜ ਵਿਚ ਜੋਤੀ ਜੋਤ ਸਮਾਏ। ਬਾਬਾ ਅਜਾਪਾਲ ਸਿੰਘ ਸੰਮਤ 1830 ਬਿ. ਵਿਚ ਨਾਭੇ ਆਏ। ਕੂਕੇ ਦੱਸਣਗੇ ਕਿ ਉਹ 65 ਸਾਲ ਤਕ ਕਿੱਥੇ ਛੁਪੇ ਰਹੇ ?

ਇਸ ਤੋਂ ਸਪਸ਼ਟ ਹੈ ਕਿ ਬਾਬਾ ਅਜਾਪਾਲ ਸਿੰਘ ਨੂੰ ਸ੍ਰੀ ਦਸ਼ਮੇਸ਼ ਜੀ ਦੱਸਣ ਦੀ ਝੂਠੀ ਕਹਾਣੀ ਕੂਕਿਆਂ ਨੇ ਘੜੀ ਹੈ।

**ਬਾਬਾ ਬਾਲਕ ਸਿੰਘ**—ਇਸ ਦਾ ਜਨਮ ਸੰਮਤ 1846 ਬਿ. (ਸੰਨ 1799) ਵਿਚ ਪਿੰਡ ਸਰਵਾਲਾਂ ਜ਼ਿਲ੍ਹਾ ਕੈਂਥਲਪੁਰ ਵਿਚ ਭਾਈ ਦਿਆਲ ਸਿੰਘ ਦੇ ਘਰ ਮਾਤਾ ਭਾਗ ਭਰੀ ਦੀ ਕੁੱਖ ਤੋਂ ਸ੍ਰੀ ਦਸ਼ਮੇਸ਼ ਜੀ ਤੋਂ 91 ਸਾਲ ਬਾਅਦ ਹੋਇਆ। ਬਾਬਾ ਜੀ ਪਿੰਡ ਛੋਈ ਵਿਚ ਦੁਕਾਨ ਕਰਦੇ ਸਨ। ਉਥੋਂ ਹਜ਼ਰੋ ਆ ਗਏ। ਇਸ ਲਈ ਹਜ਼ਰੋ ਨਿਵਾਸੀ ਪ੍ਰਸਿੱਧ ਹੋਏ। ਆਪ ਦਸਾਂ ਗੁਰੂਆਂ ਨੂੰ ਇਸ਼ਟ ਦੇਵ ਮੰਨਦੇ ਸਨ। ਗੁਰਬਾਣੀ ਦੀ ਵਿਚਾਰ ਸ਼ਬਦ ਕੀਰਤਨ ਦੇ ਬੜੇ ਪ੍ਰੇਮੀ ਸਨ। ਲੋਕੀਂ ਉਹਨਾਂ ਨੂੰ ਭਾਈ ਸਾਹਿਬ ਕਹਿ ਕੇ ਬੁਲਾਉਂਦੇ ਤੇ ਸਤਿਕਾਰ ਦਿੰਦੇ ਸਨ। ਗਿਆਨੀ ਗਿਆਨ ਸਿੰਘ ਨੇ ਉਹਨਾਂ ਬਾਰੇ ਲਿਖਿਆ ਹੈ:

ਨਾਮ ਸਿੰਘ ਬਾਲਕ ਪੈ ਪਲਕ ਪੈਗੰਬਰੋ ਕੇ,
ਅੰਬਰ ਕੇ ਮਾਲਕ ਅਡੰਬਰੋਂ ਕੇ ਤਿਆਗੀ ਹੈ।

ਬਾਬਾ ਬਾਲਕ ਸਿੰਘ ਨੇ ਕਦੇ ਨਹੀਂ ਸੀ ਕਿਹਾ ਉਹ ਸਿੱਖ ਪੰਥ ਦੇ ਗਿਆਰ੍ਹਵੇਂ ਗੁਰੂ ਹਨ ਜਾਂ ਉਹਨਾਂ ਨੂੰ ਦਸਵੇਂ ਪਾਤਸ਼ਾਹ ਨੇ ਅਜਾਪਾਲ ਸਿੰਘ ਦੇ ਰੂਪ ਵਿਚ ਗੁਰਤਾ ਦਿੱਤੀ ਹੈ। ਉਹ ਤਾਂ ਆਪਣੇ ਆਪ ਨੂੰ ਦਸਾਂ ਸਤਿਗੁਰੂਆਂ ਦੇ ਸਿੱਖ ਮੰਨਦੇ ਸਨ। ਗੁਰਬਾਣੀ ਦੀ ਟੇਕ ਰੱਖਦੇ ਸਨ। ਭਾਈ ਰਤਨ ਸਿੰਘ ਭੰਗੂ, ਭਾਈ ਸੰਤੋਖ ਸਿੰਘ ਜਾਂ ਗਿਆਨੀ ਗਿਆਨ ਸਿੰਘ ਆਦਿ ਕਿਸੇ ਸਮਕਾਲੀ ਇਤਿਹਾਸਕਾਰ ਨੇ ਇਹ ਗੁਰਤਾ ਵਾਲੀ ਗੱਲ ਕਿਤੇ ਨਹੀਂ ਲਿਖੀ। ਇਹ ਫਰਜੀ ਕਹਾਣੀ ਸੰਨ 1932 ਈ. ਵਿਚ ਪਹਿਲੀ ਵੇਰ ਨਿਧਾਨ ਸਿੰਘ ਨੇ ਨਸ਼ਰ ਕੀਤੀ ਹੈ ਜੋ ਗ਼ਲਤ ਹੈਂ। ਸਰਾਸਰ ਗ਼ਲਤ ਹੈ।

**ਬਾਬਾ ਰਾਮ ਸਿੰਘ**—ਇਹਨਾਂ ਦਾ ਜਨਮ ਸੰਨ 1816 ਨੂੰ ਪਿੰਡ ਭੈਣੀ ਰਾਂਈਆਂ, ਜ਼ਿਲ੍ਹਾ ਲੁਧਿਆਣਾ ਵਿਚ ਭਾਈ ਜੱਸਾ ਸਿੰਘ ਤਰਖਾਣ ਦੇ ਘਰ ਮਾਤਾ ਸਦਾ ਕੌਰ ਤੋਂ ਹੋਇਆ (ਮਹਾਨ ਕੋਸ਼, ਪੰਨਾ 1033)

ਆਪ ਦੇ ਮਾਤਾ-ਪਿਤਾ ਕਿਰਤੀ ਸਨ। ਆਪ ਵੀ ਬਚਪਨ ਤੋਂ ਹੀ ਧਾਰਮਿਕ ਰੁਚੀ ਰੱਖਦੇ ਸਨ। ਬਾਬਾ ਰਾਮ ਸਿੰਘ ਦਸਾਂ ਸਤਿਗੁਰਾਂ ਨੂੰ ਆਪਣਾ ਗੁਰੂ ਮੰਨਦੇ ਸਨ। ਗੁਰਬਾਣੀ ਦੀ ਟੇਕ ਰੱਖਦੇ ਸਨ। ਸਿੱਖੀ ਦੇ ਪ੍ਰਚਾਰਕ ਅਤੇ ਸੁਧਾਰਕ ਸਨ। ਪਰ ਕੂਕਿਆਂ ਨੇ ਜਿਸ ਤਰ੍ਹਾਂ ਬਾਬਾ ਬਾਲਕ ਸਿੰਘ ਦੀ ਗੁਰਤਾ ਦੀ ਮਨਘੜ੍ਹਤ ਕਹਾਣੀ ਜੋੜ ਲਈ ਹੈ। ਉਸੇ ਤਰ੍ਹਾਂ ਬਾਬਾ ਰਾਮ ਸਿੰਘ ਨੂੰ ਦਸ਼ਮੇਸ਼ ਦਾ ਅਵਤਾਰ ਤੇ ਬਾਰ੍ਹਵਾਂ ਗੁਰੂ ਪ੍ਰਗਟ ਕਰਨ ਲਈ ਮਨਘੜ੍ਹਤ ਦੋਹਰੇ ਤੇ ਸਾਖੀਆਂ ਘੜ ਲਈਆਂ ਹਨ। ਬਾਬਾ ਜੀ ਨੇ ਇਕ ਪ੍ਰੇਮੀ ਭਾਈ ਰਾਇ ਸਿੰਘ ਨੂੰ ਪਿੰਡ ਮਦੀਹਰ ਜ਼ਿਲ੍ਹਾ ਫਿਰੋਜ਼ਪੁਰ ਨੂੰ ਉਪਦੇਸ਼ ਕਰਦੇ ਹੋਏ ਕਿਹਾ ਸੀ :

ਗੁਰੂ ਦਸਮ ਕੀ ਰੀਤ ਸੰਭਾਲੋ। ਲੋਕ ਦੂਹਨ ਕੇ ਜੋ ਰਖਵਾਲੋ।
ਪਾਂਚ ਕੱਕਾ ਵਾ ਨਾਮ ਸ਼ਨਾਨ। ਦਾਨ ਕ੍ਰਿਆ ਸਤਿਗੁਰੈ ਸੁਖਦਾਨ।
ਗੁਰੂ ਗ੍ਰੰਥ ਮੇ ਜੋਈ ਲਿਖਿਆ। ਸੋਈ ਮਨ ਮੇਂ ਧਾਰੇ ਮਿਥਿਆ।

ਉਹਨਾਂ ਦੀਆਂ ਅਨੇਕ ਲਿਖਤਾਂ ਤੇ ਚਿੱਠੀਆਂ ਵਿਚ ਇਹੀ ਖ਼ਿਆਲ ਮਿਲਦੇ ਹਨ। ਜਿਨ੍ਹਾਂ ਤੋਂ ਹੁਣ ਕੂਕੇ ਇਨਕਾਰ ਕਰਨ ਲੱਗ ਪਏ ਹਨ।

ਬਾਈ ਸਾਲ ਦੀ ਉਮਰ ਵਿਚ ਸੰਨ 1837 ਵਿਚ ਬਾਬਾ ਰਾਮ ਸਿੰਘ ਜੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਫੌਜ ਵਿਚ ਭਰਤੀ ਹੋਏ। ਸੰਨ 1846 ਤੀਕ ਉਹਨਾਂ ਦੇ ਸਿੱਖ ਫੌਜ ਦੀ ਨੌਕਰੀ ਕੀਤੀ। ਉਸ ਦੌਰਾਨ ਹੀ ਸੰਨ 1841 ਈ. ਵਿਚ ਹਜ਼ਰੋ ਵਿਚ ਬਾਬਾ ਬਾਲਕ ਸਿੰਘ ਨੂੰ ਮਿਲੇ। ਉਹਨਾਂ ਦੀ ਸੰਗਤ ਕੀਤੀ। ਉਸ ਵਕਤ ਉਹਨਾਂ ਦਾ ਫੌਜ ਜਾਂ ਸਿੱਖ ਜਨਤਾ ਵਿਚ ਕੋਈ ਪ੍ਰਭਾਵ ਨਹੀਂ ਸੀ। ਕੋਈ ਉਹਨਾਂ ਨੂੰ ਗੁਰੂ ਨਹੀਂ ਸੀ ਕਹਿੰਦਾ (ਮੰਨਦਾ)।

ਸ਼ੇਰੇ ਪੰਜਾਬ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਸਾਜਿਸ਼ਾਂ ਦਾ ਅਖਾੜਾ ਬਣ ਗਿਆ। ਅੰਗਰੇਜ਼ ਸਾਮਰਾਜੀ ਸਾਰੇ ਭਾਰਤ ਵਿਚ ਛਾ ਗਏ ਸਨ। ਪੰਜਾਬ ਵਿਚ ਲੜਾਈ ਛੇੜ ਕੇ ਕਬਜ਼ਾ ਕਰਨਾ ਚਾਹੁੰਦੇ ਸਨ।

ਇੰਦਰ ਸਿੰਘ ਚਕਰਵਤੀ ਨੇ ਬਾਬਾ ਰਾਮ ਸਿੰਘ ਦਾ ਜੀਵਨ ਲਿਖਿਆ ਹੈ। ਉਸਦਾ ਨਾਂ 'ਮਾਲਵੇਂਦਰ' ਹੈ ਉਸ ਵਿਚ ਲਿਖਦੇ ਹਨ :

1. ਰਫਲ ਸੁੱਟੀ ਦਰਿਆ ਵਿਚ ਬੈਠੇ ਹੋ ਅਟੰਕ।
   ਕਿਹਾ ਇਹ ਵੀ ਸੀ ਪਿਆ ਸਾਡੇ ਗਲ ਕਲੰਕ।
2. ਅਸੀਂ ਤੇ ਹੁਣ ਹਾਂ ਚਲਦੇ, ਸਤਿ ਸ੍ਰੀ ਅਕਾਲ।
   ਆਵੋ ਜੇ ਕਿਸੇ ਚੱਲਣਾ ਰਲਕੇ ਸਾਡੇ ਨਾਲ।

ਰਣ ਖੇਤਰ ਵਿਚੋਂ ਕਿਸੇ ਸਿਪਾਹੀ ਦਾ ਸ਼ਸ਼ਤਰ ਸੁੱਟ ਕੇ ਦੌੜ ਜਾਣਾ ਕਾਇਰਤਾ ਸਮਝੀ ਜਾਂਦੀ ਹੈ। ਇੰਦਰ ਸਿੰਘ ਚਕਰਵਤੀ ਨੇ ਇਹ ਲਿਖਕੇ ਬਾਬਾ ਜੀ ਨੂੰ ਨੀਵਾਂ ਸਿੱਧ ਕੀਤਾ ਹੈ। ਸਿੱਖ ਨੂੰ ਸੰਤ ਸਿਪਾਹੀ ਤੇ ਸ਼ਸ਼ਤਰਧਾਰੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਛੇਵੀਂ ਪਾਤਸ਼ਾਹੀ ਨੇ ਬਣਾਇਆ ਹੈ। ਸ੍ਰੀ ਦਸ਼ਮੇਸ਼ ਪਿਤਾ ਨੇ ਖ਼ਾਲਸਾ ਸਾਜ ਕੇ ਕਿਰਪਾਨ ਨੂੰ ਰਹਿਤ ਵਿਚ ਸ਼ਾਮਲ ਕੀਤਾ।

ਦੂਜੀ ਗੱਲ ਇੰਦਰ ਸਿੰਘ ਚਕਰਵਤੀ ਨੇ ਇਸ ਤੋਂ ਵੱਧ ਦੁਖਦਾਈ ਲਿਖੀ ਹੈ ਕਿ ਬਾਬਾ ਜੀ ਨੇ ਪਿੰਡ ਜਾ ਕੇ ਭਾਈ ਬੁੱਧ ਸਿੰਘ ਨੂੰ ਕਿਹਾ ਕਿ ਮੇਰੇ ਕੇਸ ਸਾੜ ਦਿਉ। ਜਿਹਾ ਕਿ :

ਮਹਾਰਾਜ, ਬੁੱਧ ਸਿੰਘ ਦੇ ਹਥ ਮਿਸ਼ਾਲ ਫੜਾ।
ਕਹਿੰਦੇ ਲਾਉ ਅਸਾਂ ਨੂੰ ਲਹਿਣਾ ਸਿੰਘ ਬੁਝਾ।
ਲਹਿਣਾ ਸਿੰਘ ਜੀ ਆਖਿਆ ਇਉਂ ਨਾ ਸਾੜੋ ਕੇਸ।
ਆਂਹਦੇ ਇਹ ਨਾ ਰੱਖਣੀ ਸਿੱਖੀ ਅਸੀਂ ਮਲੇਸ਼।
ਛੋਟੇ ਛੋਟੇ ਰਹਿ ਗਏ ਬਾਵਰੀਆ ਜਿਉ ਵਾਲ।

(ਦੇਖੋ ਮਾਲਵੇ ਦਰ, ਪੰਨਾ 47)

ਪਾਵਨ ਗੁਰਬਾਣੀ ਹੈ : "ਸਾਬਤ ਸੂਰਤਿ ਦਸਤਾਰ ਸਿਰਾ।"

ਦਸਮ ਪਾਤਸ਼ਾਹ ਫੁਰਮਾਨ ਕਰਦੇ ਹਨ :

ਨਿਸਾਨੇ ਸਿਖੀ ਈਂ ਪੰਜ ਹਰਫ ਕਾਫ।
ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ।
ਕੜਾ ਕਾਰਦੋ ਕਛ ਕੰਘਾ ਬਿਦਾਂ।
ਬਿਲਾ ਕੇਸ ਹੇਤ ਅਸਤ ਜੁਮਲਾਂ ਨਿਸ਼ਾਂ।

ਰਹਿਤ ਨਾਮਿਆਂ ਵਿਚ ਵੀ ਅੰਕਤ ਹੈ ਕਿ ਕੇਸ ਕਟਾਉਣ ਵਾਲਾ ਪਤਿਤ ਹੈ। ਅਸੀਂ ਅਰਦਾਸ ਕਰਦੇ ਹਾਂ "ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇ' ਭਾਈ ਤਾਰੂ

ਸਿੰਘ ਨੇ ਖੋਪੜੀ ਲੁਹਾ ਲਈ, ਪਰ ਕੇਸ ਨਾ ਕਟਾਏ। ਅਹਿਮਦਸ਼ਾਹ ਅਬਦਾਲੀ ਨੇ ਬਾਬਾ ਆਲਾ ਸਿੰਘ ਦੇ ਕੇਸ ਕੱਟਣੇ ਚਾਹੇ ਪਰ ਉਹਨਾਂ ਦੀ ਪਤਨੀ ਨੇ ਕੱਟਣ ਨਹੀਂ ਦਿੱਤੇ। ਉਸ ਹਾਲਤ ਵਿਚ ਜਿਹੜੇ ਬਾਬਾ ਰਾਮ ਸਿੰਘ ਆਪਣੇ ਛੋਟੇ ਭਾਈ ਬੁੱਧ ਸਿੰਘ ਨੂੰ ਖ਼ੁਦ ਕਹਿਣ ਕਿ ਮੇਰੇ ਕੇਸ ਸਾੜ ਦੇ ਉਹ ਤਾਂ ਸਿੱਖ ਵੀ ਨਹੀਂ ਹੋ ਸਕਦੇ।

ਤੀਸਰੀ ਗੱਲ ਇੰਦਰ ਸਿੰਘ ਚਕਰਵਤੀ ਨੇ ਅੱਤ ਦੁਖਦਾਈ ਲਿਖੀ ਹੈ ਕਿ ਬਾਬਾ ਰਾਮ ਸਿੰਘ ਨੇ "ਗੁਰੂ ਗ੍ਰੰਥ ਸਾਹਿਬ" ਦੀ ਬੀੜ ਸਾੜ ਦਿੱਤੀ। ਚਕਰਵਤੀ ਲਿਖਦਾ ਹੈ:

ਲੈ ਕੇ ਬੀੜ ਦਰਬਾਰ ਦੀ, ਉਪਰ ਬਾਲਣ ਪਾਇ।
ਸਫਾ ਫੂਹੜੀਆਂ ਵਿਚ ਧਰ, ਤੀਲੀ ਦਿੱਤੀ ਲਾਇ।

(ਮਾਲਵੇਂਦਰ, ਪੰਨਾ 27)

ਰਣ ਖੇਤਰ ਵਿਚੋਂ ਬੰਦੂਕ ਸੁੱਟ ਕੇ ਨੱਠਣਾ ਕਾਇਰਤਾ ਹੈ।

ਕੇਸ ਸਾੜਨੇ ਕੁਰਹਿਤ ਹੈ।

ਗੁਰੂ ਸਾਹਿਬ ਦੀ ਬੀੜ ਸਾੜਨੀ ਪਾਪ ਹੈ।

ਇਹ ਤਿੰਨੇ ਗੱਲਾਂ ਸਿੱਖੀ ਆਚਰਣ ਅਤੇ ਰਹਿਣੀ ਦੇ ਬਿਲਕੁਲ ਉਲਟ ਹਨ। ਮਾਨਸਕ ਕਮਜ਼ੋਰੀ ਤੇ ਨਿਰਾਸ਼ਤਾ ਦਾ ਸਬੂਤ ਹਨ। ਬੀੜ ਸਾੜਨ ਦੀ ਕਹਾਣੀ ਇਸ ਲਈ ਜੋੜੀ ਗਈ ਜਾਪਦੀ ਹੈ ਕਿ ਕੂਕਿਆਂ ਵਿਚੋਂ ਗੁਰਬਾਣੀ ਦਾ ਸਤਿਕਾਰ ਕਤਈ ਖਤਮ ਕਰਕੇ ਉਹਨਾਂ ਨੂੰ ਸ਼ਖਸ਼ੀ ਗੁਰੂ ਡੰਮ੍ਹ ਦੇ ਜਾਲ ਵਿਚ ਵਧੇਰੇ ਜਕੜ ਦਿੱਤਾ ਜਾਵੇ।

ਇਕ ਵਾਰ ਜਦੋਂ ਬਾਬਾ ਰਾਮ ਸਿੰਘ ਦੀਪਮਾਲਾ ਦੇ ਮੌਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨ ਆਏ ਤਾਂ ਸ੍ਰੀ ਅਕਾਲ ਤਖ਼ਤ ਹਾਜ਼ਰ ਹੋਏ। 100 ਰੁਪਏ ਸੇਵਾ ਭੇਟਾ ਕਰਕੇ ਅਰਦਾਸ ਲਈ ਕਿਹਾ। ਪੁਜਾਰੀਆਂ ਨੇ ਉਹਨਾਂ ਦੀ ਅਰਦਾਸ ਨਹੀਂ ਕੀਤੀ। ਬਾਬਾ ਜੀ ਨੇ ਪੁਜਾਰੀਆਂ ਨੂੰ ਕਿਹਾ—ਅਰਦਾਸ ਜ਼ਰੂਰ ਕਰੋ। ਆਪ ਸਾਨੂੰ ਯਥਾਯੋਗ ਤਨਖ਼ਾਹ ਲਾਵੋ, ਸਾਨੂੰ ਪ੍ਰਵਾਨ ਹੈ। ਪਰ ਪੰਥ ਵਿਚ ਫੁੱਟ ਨਾ ਪਵੇ, ਮੈਂ ਗੁਰੂ ਨਹੀਂ ਮੈਂ ਤਾਂ ਗੁਰੂ ਦਾ ਦਾਸ ਹਾਂ।

ਬਾਬਾ ਰਾਮ ਸਿੰਘ ਨੀਲੇ ਬਸਤਰ ਸਜਾਂਦੇ ਅਤੇ ਦਸਤਾਰ ਵਿਚ ਖੰਡਾ ਰੱਖਦੇ ਸਨ। ਉਹਨਾਂ ਦੇ ਸਾਥੀ ਨਿਹੰਗ ਹਰਨਾਮ ਸਿੰਘ ਗੜ੍ਹਦੀ ਵਾਲਾ ਜ਼ਿਲ੍ਹਾ ਹੁਸ਼ਿਆਰਪੁਰ, ਤੇ ਭਾਈ ਕਾਹਨ ਸਿੰਘ ਵੀ ਨੀਲੇ ਬਸਤਰ ਰੱਖਦੇ ਸਨ।

ਬਾਬਾ ਰਾਮ ਸਿੰਘ ਜੀ ਨੇ ਫੌਜ ਵਿਚ ਭਰਤੀ ਹੋਣ ਸਮੇਂ ਭਾਈ ਮਹਾਰਾਜ ਸਿੰਘ ਤੋਂ ਅੰਮ੍ਰਿਤ ਛਕਿਆ। ਜੋ ਬੜੇ ਇਨਕਲਾਬ ਪਸੰਦ ਸਨ ਅਤੇ ਜਿਨ੍ਹਾਂ ਨੇ ਵਿਦੇਸ਼ੀ ਰਾਜ ਵਿਰੁੱਧ ਜ਼ੋਰਦਾਰ ਸੰਗਰਾਮ ਕੀਤਾ। ਭਜਨ ਬੰਦਗੀ ਵਾਲੀ ਰੁਚੀ

ਹੋਣ ਕਰਕੇ ਇਹਨਾਂ ਦਾ ਨਾਮਧਾਰੀ ਨਾਮ ਪਿਆ। ਫਿਰ ਕੁਝ ਲੋਕ ਸ਼ਬਦ ਕੀਰਤਨ ਵਿਚ ਕੂਕਾਂ ਮਾਰਨ ਲੱਗੇ ਪਏ, ਨੱਚਣ ਲੱਗੇ ਪਏ। ਜਿਸ ਤੋਂ ਕੂਕਾ ਸ਼ਬਦ ਪ੍ਰਸਿੱਧ ਹੋਇਆ। ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ:

ਸਹੀ ਨਾਮਧਾਰੀ ਆਹਿ ਤਿਨਕੋ ਉਚਾਰੀ।
ਕੂਕਾਂ ਮਾਰਨੇ ਤੇ ਕੂਕੇ ਜਗਤ ਬਖਾਨ ਹੈ।

ਉਸ ਵਕਤ ਅੰਗਰੇਜ਼ੀ, ਕਿਸੇ ਮੁਖੀ ਦੁਆਲੇ ਸਿੱਖਾਂ ਦਾ ਇਕੱਤਰ ਹੋਣਾ ਖ਼ਤਰਨਾਕ ਸਮਝਦੇ ਸਨ। ਇਸ ਲਈ ਉਹਨਾਂ ਨੇ ਬਾਬਾ ਰਾਮ ਸਿੰਘ ਜੀ ਨਾਲ ਸੀ.ਆਈ.ਡੀ. ਦੇ ਅਜਿਹੇ ਬੰਦੇ ਲਾ ਦਿੱਤੇ, ਜਿਹੜੇ ਉਹਨਾਂ ਨੂੰ ਦਸ਼ਮੇਸ਼ ਅਵਤਾਰ ਅਤੇ ਸਿੱਖਾਂ ਦਾ ਬਾਰ੍ਹਵਾਂ ਗੁਰੂ ਪ੍ਰਗਟ ਕਰਨ। ਮਕਸਦ ਸੀ ਕਿ ਪਾੜੋ।

ਇਸ ਤਰ੍ਹਾਂ ਕੁਟਲ ਨੀਤਵਾਨ ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਨੂੰ ਦੁਪਾਸੜ ਕੁੜਿੱਕੀ ਵਿਚ ਫਸਾਇਆ। ਕੂਕੇ, ਅੰਗਰੇਜ਼ਾਂ ਦੇ ਤਣੇ ਹੋਏ ਗੁਰੂ ਡੰਮ੍ਹ ਦੇ ਜਾਲ ਵਿਚ ਫਸਦੇ ਗਏ। ਨਤੀਜਾ ਇਹ ਹੋਇਆ ਕਿ ਕੂਕਾ ਲਹਿਰ ਦੀ ਪੁਜੀਸ਼ਨ ਸਿੱਖਾਂ ਵਿਚ ਖਰਾਬ ਹੋਈ।

ਕੂਕਿਆਂ ਨੇ 14-15 ਜੂਨ 1871 ਨੂੰ ਅੰਮ੍ਰਿਤਸਰ ਵਿਚ ਬੁੱਚੜ ਵੱਢੇ ਜਿਸ 'ਤੇ ਚਾਰ ਨਾਮਧਾਰੀਆਂ ਨੂੰ ਰਾਮ ਬਾਗ ਅੰਮ੍ਰਿਤਸਰ ਦੇ ਇਕ ਬੋਹੜ ਨਾਲ ਫਾਂਸੀ ਦੀ ਸਜਾ ਹੋਈ। ਫਿਰ 14-15 ਜਨਵਰੀ 1872 ਨੂੰ ਕੂਕਿਆਂ ਨੇ ਮਲੌਦ ਤੇ ਮਲੇਰ ਕੋਟਲੇ 'ਤੇ ਹਮਲਾ ਕੀਤਾ। ਇਸ ਗੜਬੜ ਕਰਕੇ D.C. ਮਿਸਟਰ ਕਾਵਨ ਨੇ 50 ਕੂਕੇ ਤੋਪਾਂ ਨਾਲ ਉਡਾ ਦਿੱਤੇ। ਬਾਬਾ ਰਾਮ ਸਿੰਘ 17-18 ਜਨਵਰੀ ਰਾਤ ਨੂੰ ਲੁਧਿਆਣੇ ਪੁੱਜ ਗਏ। ਉਹਨਾਂ ਨੂੰ ਪੰਜ ਸਾਥੀਆਂ ਸਮੇਤ ਗ੍ਰਿਫਤਾਰ ਕਰਕੇ ਬਰਮਾ ਵਿਚ ਜਲਾਵਤਨ ਕੀਤਾ ਗਿਆ। ਸੰਨ 1885 ਈ. ਵਿਚ ਬਾਬਾ ਜੀ ਦਾ ਦੇਹਾਂਤ ਹੋ ਗਿਆ। ਜਿਸ ਨੂੰ ਮੰਨਣ ਤੋਂ ਕੂਕੇ ਇਨਕਾਰੀ ਹਨ।

ਭੈਣੀ ਵਿਚ ਪੁਲੀਸ ਚੌਂਕੀ ਬਿਠਾ ਦਿੱਤੀ ਗਈ। ਅੰਗਰੇਜ਼ਾਂ ਨੇ ਕੂਕਿਆਂ ਨੂੰ ਏਨਾ ਦਬਕਾ ਦਿੱਤਾ ਕਿ ਬਾਬਾ ਜੀ ਦੀ ਜਲਾਵਤਨੀ ਦੀ ਅੱਧੀ ਸਦੀ ਤੀਕ ਕਿਸੇ ਨੇ ਕੋਈ ਕੁਰਬਾਨੀ ਨਹੀਂ ਕੀਤੀ। ਸਰਕਾਰ ਅੰਗਰੇਜ਼ੀ ਵਿਰੁੱਧ ਕੋਈ ਬੋਲਿਆ ਤਕ ਨਹੀਂ।

ਅੰਗਰੇਜ਼ਾਂ ਦੇ ਦਬਾਏ ਹੋਏ ਕੂਕਿਆਂ ਨੇ ਨਿਹੰਗ ਸਿੰਘਾਂ ਦੇ ਨੀਲੇ ਬਾਣੇ ਨੂੰ ਤਿਆਗ ਦਿੱਤਾ। ਕਿਰਪਾਨ ਲਾਹ ਦਿੱਤੀ, ਉਸਦੀ ਥਾਂ ਉੱਨ ਦੀ ਮਾਲਾ ਪਾ ਲਈ। ਕੜਾਹ ਪ੍ਰਸ਼ਾਦ ਭੇਟ ਕਰਨਾ ਛੱਡ ਦਿੱਤਾ। ਜਿਸਦੀ ਮਰਯਾਦਾ 6ਵੇਂ ਗੁਰੂ ਤੋਂ ਚੱਲੀ ਆ ਰਹੀ ਸੀ। ਸ਼ਸ਼ਤਰ ਤਿਆਗ ਕੇ ਉੱਨ ਦੀ ਮਾਲਾ ਅਤੇ ਪਿੱਤਲ ਦੇ ਗੜਵੇ ਦੇ ਧਾਰਨੀ ਹੋ ਗਏ।

ਇਹਨਾਂ ਦੇ ਖੰਡੇ ਕਿਧਰੇ ਅਲੋਪ ਹੋ ਗਏ। ਸ਼ਸ਼ਤਰਧਾਰੀ ਬੁੱਚੜਾਂ ਨੂੰ ਵੱਢਣ

ਵਾਲੇ ਤੇ ਹੱਲੇ ਦੇ ਬੀਰ ਰਸ ਵਾਲੇ ਸ਼ਬਦ ਪੜ੍ਹਨ ਵਾਲੇ ਕੂਕੇ ਅੰਗਰੇਜ਼ ਨੇ ਏਨੇ ਯਰਕਾਏ ਕਿ ਉਹ ਆਪਣੇ ਆਪ ਨੂੰ ਵੈਸ਼ਨੂੰ ਭਗਤ ਅਤੇ ਅਹਿੰਸਕ ਦੱਸਦੇ ਹਨ।

ਬਰਮਾ ਤੋਂ ਲਿਖੀਆਂ ਬਾਬਾ ਰਾਮ ਸਿੰਘ ਦੀਆਂ ਚਿੱਠੀਆਂ ਹੇਠ ਲਿਖੇ ਅਨੁਸਾਰ ਹਨ:

1. ਦੇਹਾਂ ਦਾ ਮੇਲ ਤੋ ਅਨਿਤ ਹੈ। ਜੋ ਸ਼ਬਦ ਸੇ ਮਿਲੇਗਾ, ਉਹ ਸਦਾ ਹੀ ਮਿਲਿਆ ਰਹੇਗਾ। ਇਕ "ਗੁਰੂ ਗ੍ਰੰਥ ਸਾਹਿਬ" ਹੀ ਗੁਰੂ ਹੈ। ਗੁਰੂ ਗ੍ਰੰਥ ਜੀ ਮਾਨੀਐਂ ਪ੍ਰਗਟ ਗੁਰਾਂ ਕੀ ਦੇਹ। ਜੋ ਸਿਖ ਮਿਲਬੋ ਚਹੈ ਖੋਜ ਸ਼ਬਦ ਮੇਂ ਲੇਹ। ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥ (ਚਿੱਠੀ ਨੰ. 46)

2. ਹੋਰ ਭਾਈ ਦਸਾਂ ਪਾਤਸ਼ਾਹੀਆਂ ਦੇ ਪਿੱਛੇ ਗੁਰੂ ਤਾਂ ਮਹਾਰਾਜ ਜੀ "ਸ੍ਰੀ ਗੁਰੂ ਗ੍ਰੰਥ ਸਾਹਿਬ" ਨੂੰ ਅਸਥਾਪਨ ਕਰ ਗਏ ਹੈਂ। ਜੋ ਸਦਾ ਇਸਥਿਤ ਹੈ ਹੋਰ ਗੁਰੂ ਕੋਈ ਨਹੀਂ। (ਚਿੱਠੀ ਨੰ. 55)

3. ਤੁਸੀਂ ਗੁਰੂ ਗ੍ਰੰਥ ਜੀ ਦਾ ਧਿਆਨ ਧਰਨਾ। ਗੁਰੂ ਗ੍ਰੰਥ ਸਾਹਿਬ ਗੁਰੂ ਜੀ ਦੀ ਦੇਹ ਹਨ ਪ੍ਰਤੱਖ। (ਚਿੱਠੀ ਨੰ. 57)

4. ਬਾਬਾ ਰਾਮ ਸਿੰਘ, ਸਾਥੀਆਂ ਦੇ ਪੁੱਛ ਕਰਨ ਪਰ ਇਕ ਚਿੱਠੀ ਵਿਚ ਲਿਖਦੇ ਹਨ।

ਸੰਮੂਹ ਸੰਗਤ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਬੁਲਾਣੀ ਵਾਚਣੀ ਜੀ। ਭੋਗ "ਗੁਰੂ ਗ੍ਰੰਥ ਸਾਹਿਬ" ਦੇ ਪਾਉ। ਜਿਤਨੇ ਪੁੱਜ ਆਉਣ (ਅਰਦਾਸ ਤੀਸਰੀ)

5. ਬਾਬਾ ਜੀ ਦੇ ਜੀਵਨ ਵਿਚ ਇਹ ਘਟਨਾ ਵੀ ਆਉਂਦੀ ਹੈ ਕਿ ਇਕ ਵੇਰ ਕੁਝ ਬੰਦੇ ਇਕ ਪੋਥੀ ਚੁੱਕ ਕੇ ਆ ਰਹੇ ਸਨ। ਆਪ ਨੇ ਪੁੱਛਿਆ ਇਹ ਕੀ ਹੈ? ਉਹ ਕਹਿੰਦੇ—ਸ੍ਰੀ ਮਦ ਭਾਗਵਤ।

ਬਾਬਾ ਜੀ ਕਹਿੰਦੇ, ਅਸੀਂ ਤਾਂ "ਗੁਰੂ ਗ੍ਰੰਥ ਸਾਹਿਬ" ਸਮਝਦੇ ਸੀ ਸਾਨੂੰ ਕੀ ਪਤਾ ਸੀ ਕਿ ਤੁਸੀਂ ਕੱਚੀ ਬਾਣੀ ਚੁੱਕੀ ਫਿਰਦੇ ਹੋ।

6. ਬਾਬਾ ਜੀ ਆਪਣੇ ਆਪ ਨੂੰ ਗੁਰੂ ਨਹੀਂ ਸੀ ਮੰਨਦੇ। ਇਕ ਚਿੱਠੀ ਵਿਚ ਲਿਖਦੇ ਹਨ—'ਜਦ ਅਰਦਾਸ ਲਿਖਣ ਲਗਦੇ ਹਾਂ ਤਾਂ ਗੁਰੂ ਅੱਗੇ ਦੋਇ ਕਰ ਜੋੜ ਕੇ ਬੇਨਤੀ ਕਰਦੇ ਹਾਂ, ਹੇ ਗੁਰੂ ਸਾਹਿਬ ਜੋ ਤੈਨੂੰ ਹਛੀ ਲੱਗੇ, ਸੋ ਮੇਰੇ ਤੇ ਲਿਖਾਈਂ। ਜੋ ਮੇਰੇ ਤੋਂ ਲਿਖਵਾਂਦੇ ਹਨ ਮੈਂ ਸੰਗਤ ਓਰ ਲਿਖ ਭੇਜਦਾ ਹਾਂ।

ਬਾਬਾ ਰਾਮ ਸਿੰਘ ਦੀਆਂ ਬਰਮਾ ਵਿਚੋਂ ਜੋ ਚਿੱਠੀਆਂ ਤੇ ਅਰਦਾਸਾਂ ਭਾਈ ਹਰਨਾਮ ਸਿੰਘ ਰਾਹੀਂ ਆਈਆਂ, ਉਹ ਭਾਈ ਸੰਤੋਖ ਸਿੰਘ ਪਿੰਡ ਮੋਦ ਗਿਲ, ਜ਼ਿਲ੍ਹਾ ਗੁਰਦਾਸਪੁਰ ਪਾਸ ਇਕ ਪੋਥੀ ਦੇ ਰੂਪ ਵਿਚ ਸਨ। ਸੰਨ 1927-28 'ਚ ਉਹ ਪੋਥੀ ਬਾਬਾ ਪ੍ਰਤਾਪ ਸਿੰਘ ਕੋਲ ਆਈ। ਉਹਨਾਂ ਨੇ ਸੰਤ ਟਹਿਲ ਸਿੰਘ ਨਿਹੰਗ

ਨੂੰ ਉਤਾਰਾ ਕਰਨ ਲਈ ਦਿੱਤੀ। ਉਤਾਰੇ ਤੋਂ ਪਹਿਲਾਂ ਸਾਰੀਆਂ ਚਿੱਠੀਆਂ ਸੁਣੀਆਂ। ਜਿਸ ਥਾਂ "ਗੁਰੂ ਗ੍ਰੰਥ ਸਾਹਿਬ" ਜੀ ਦੀ ਗੁਰਤਾ ਦਾ ਜ਼ਿਕਰ ਆਇਆ ਜਾਂ ਲਿਖਿਆ ਸੀ ਬਾਬਾ ਜੀ ਗੁਰੂ ਜੀ ਗੁਰੂ ਨਹੀਂ ਹਨ। ਬਾਬਾ ਪ੍ਰਤਾਪ ਸਿੰਘ ਨੇ ਉਹਨਾਂ ਪਰ ਲਾਲ ਸਿਆਹੀ ਫੇਰ ਦਿੱਤੀ। ਨਿਹੰਗ ਟਹਿਲ ਸਿੰਘ ਨੇ ਉਸ ਪੋਥੀ ਦੇ ਦੋ ਉਤਾਰੇ ਕਰ ਲਏ। ਇਕ ਬਾਬਾ ਪ੍ਰਤਾਪ ਸਿੰਘ ਨੂੰ ਸੁਣਾ ਦਿੱਤਾ। ਦੂਜਾ ਕੋਲ ਰੱਖ ਲਿਆ। ਬਾਬਾ ਜੀ ਨੇ ਉਹ ਪੋਥੀ (ਰਾਮਸਰ) ਭੈਣੀ ਦੇ ਖੂਹ ਲਾਗੇ ਘਿਉ ਵਿਚ ਭਿਉਂ ਕੇ ਕੜਾਹੀ ਵਿਚ ਪਾ ਕੇ ਸੜਵਾ ਦਿੱਤੀ। ਨਿਹੰਗ ਟਹਿਲ ਸਿੰਘ ਨੇ ਉਸਦਾ ਉਤਾਰਾ 1938 ਵਿਚ ਪ੍ਰਕਾਸ਼ਤ ਕਰਵਾ ਦਿੱਤਾ। ਉਸਤੋਂ ਪਾਠਕ ਅਨੁਮਾਨ ਲਾ ਸਕਦੇ ਹਨ ਕਿ ਕਿਤਨੀ ਤਬਦੀਲੀ ਕੀਤੀ ਗਈ ਹੈ।

ਬਾਬਾ ਜੀ ਦੇ 60 ਸਾਲ ਪਿੱਛੋਂ ਤੀਹ ਚਾਲੀ ਸਾਲਾਂ ਵਿਚ ਨਵੀਨ ਕੂਕੇ ਲਿਖਾਰੀਆਂ ਆਲਮ ਤੇ ਚਕਰਵਤੀ ਨੇ ਜੋ ਲਿਖਤਾਂ ਲਿਖੀਆਂ ਹਨ ਉਹਨਾਂ ਵਿਚ ਨਾਮਧਾਰੀਆਂ ਨੂੰ ਖ਼ਾਲਸਾ ਪੰਥ ਨਾਲੋਂ ਵਿਛੋੜਨ ਦਾ ਜਤਨ ਕੀਤਾ ਗਿਆ ਹੈ। ਉਹਨਾਂ ਨੇ ਮਿੱਤਰਤਾ ਦੀ ਆੜ ਵਿਚ ਦੁਸ਼ਮਣੀ ਕੀਤੀ ਹੈ।

ਬਾਬਾ ਰਾਮ ਸਿੰਘ ਸਤਿਗੁਰੂ ਨਹੀਂ ਸੀ ਅਖਵਾਉਂਦੇ। ਉਹ ਕਹਿੰਦੇ ਸਨ ਮੈਂ ਸਤਿਗੁਰੂ ਦਾ ਚੌਂਕੀਦਾਰ ਹਾਂ। ਅੱਜ ਬਾਬਾ ਰਾਮ ਸਿੰਘ ਨੂੰ ਮੰਨਣ ਵਾਲੇ ਕਿਸ ਮੂੰਹ ਨਾਲ ਕਹਿੰਦੇ ਹਨ ਕਿ ਅਸੀਂ "ਗੁਰੂ ਗ੍ਰੰਥ ਸਾਹਿਬ" ਨੂੰ ਗੁਰੂ ਨਹੀਂ ਮੰਨਦੇ।

'ਸਤਿਜੁਗ' ਮੈਗਜੀਨ ਦੇ ਸ਼ਤਾਬਦੀ ਅੰਕ ਵਿਚ ਲਿਖਿਆ ਹੈ ਕਿ ਸ੍ਰੀ ਮਾਨ ਬਾਬਾ ਪ੍ਰਤਾਪ ਸਿੰਘ ਜੀ ਨੇ ਸੰਮਤ 1963 ਬਿ. ਤੋਂ 2016 ਤਕ ਤ੍ਰਿਵੰਜਾ ਸਾਲ ਲਗਾਤਾਰ ਕਈ ਵਾਰ ਇਕੱਤਰ ਸੌ ਅਖੰਡ ਪਾਠ ਕਰਵਾਏ। ਜੇ ਕੂਕੇ ਗੁਰਬਾਣੀ ਨੂੰ ਗੁਰੂ ਨਹੀਂ ਮੰਨਦੇ ਤਾਂ ਉਹਨਾਂ ਨੂੰ ਨਿੱਤਨੇਮ, ਅਖੰਡ ਪਾਠ ਤੇ ਕੀਰਤਨ ਕਰਨ ਦੀ ਕੀ ਲੋੜ ਹੈ? ਉਹ ਆਪਣੇ ਅਸਥਾਨ ਤੇ ਦੀਵਾਨਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਿਉਂ ਕਰਦੇ ਹਨ?

ਨਾਮਧਾਰੀਆਂ ਵਿਚ 'ਵਰਨੀਆਂ' ਕਰਨ ਉੱਪਰ ਬੜਾ ਜ਼ੋਰ ਦਿੱਤਾ ਜਾਂਦਾ ਹੈ। ਇਕ 'ਵਰਨੀ' ਵਿਚ ਕਿਸੇ ਬਾਣੀ ਜਾਂ ਸਬਦ ਦੇ 2700 ਪਾਠ ਕੀਤੇ ਜਾਂਦੇ ਹਨ। ਜੇ ਗੁਰਬਾਣੀ ਨੂੰ ਗੁਰੂ ਨਹੀਂ ਮੰਨਣਾ ਤਾਂ ਵਰਨੀਆਂ ਦਾ ਕੀ ਲਾਭ ਹੈ?

ਸੈਂਕੜੇ ਥਾਂਵਾਂ 'ਤੇ ਕੂਕੇ ਗ੍ਰੰਥੀ ਤੇ ਪਾਠੀ ਸਪਤਾਹ ਜਾਂ ਅਖੰਡ ਪਾਠ ਕਰ ਕੇ ਪੂਜਾ ਭੇਟ ਲੈਂਦੇ ਹਨ। "ਸ੍ਰੀ ਗੁਰੂ ਗ੍ਰੰਥ ਸਾਹਿਬ" ਦੇ ਸਾਹਮਣੇ ਖੜੋ ਕੇ ਅਰਦਾਸ ਕਰਦੇ ਹਨ। ਅਰਦਾਸ ਹਮੇਸ਼ਾਂ ਆਪਣੇ ਇਸ਼ਟ ਦੇ ਸਾਹਮਣੇ ਕਰੀਦੀ ਹੈ। ਕੀ ਉਹ ਪਾਖੰਡ ਹੈ?

ਗੁਰਬਾਣੀ ਦਾ ਨਿੱਤਨੇਮ, ਕੀਰਤਨ ਤੇ ਪਾਠ ਕਰਦਿਆਂ ਉਸਨੂੰ ਗੁਰੂ ਮੰਨਣ ਤੋਂ ਇਨਕਾਰ ਕਰਨਾ ਬਹੁਤ ਬੇਤੁਕੀ-ਬੇਦਲੀਲੀ ਹਾਸੋਹੀਣੀ ਗੱਲ ਹੈ।

ਜੇ ਇਹਨਾਂ ਨੇ ਗੁਰਬਾਣੀ ਨੂੰ ਮੰਨਣਾ ਨਹੀਂ ਹੈ ਤਾਂ ਉਪਰੋਕਤ ਗੱਲਾਂ ਕਰਨ ਦੀ ਕੋਈ ਲੋੜ ਨਹੀਂ। ਗੁਰਬਾਣੀ ਦਾ ਪਾਠ ਕੀਰਤਨ ਕਰਦਿਆਂ ਫਿਰ ਸ੍ਰੀ ਗੁਰੂ ਸਾਹਿਬ ਦਾ ਸਤਿਕਾਰ ਨਾ ਕਰਨਾ 'ਤਾਲੋਂ ਉੱਖੜੀ ਡੂਮਣੀ ਗਾਵੇ ਤਾਲ ਬੇਤਾਲ' ਵਾਲੀ ਪੁਜੀਸ਼ਨ ਹੈ।

ਇਕ ਵਾਰੀ ਦਿੱਲੀ ਵਿਖੇ ਸਕੂਲਾਂ ਕਾਲਜਾਂ ਵਿਚ 'ਗੁਰਮਤਿ ਕਿਆਰੀ' ਕੈਂਪ ਦੌਰਾਨ ਇਕ ਸਿੱਖ ਬੱਚੀ ਨੇ ਕਹਿ ਦਿੱਤਾ ਕਿ ਅੰਕਲ ਸਾਡੇ ਗੁਰੂ ਤਾਂ ਸਤਿਗੁਰੂ ਜਗਜੀਤ ਸਿੰਘ ਹਨ, "ਗੁਰੂ ਗ੍ਰੰਥ ਸਾਹਿਬ" ਤਾਂ ਸਾਡੇ ਗੁਰੂ ਨਹੀਂ। ਪਰ ਕੌਣ ਦੱਸੇ ਕਿ ਜਗਜੀਤ ਸਿੰਘ ਤਾਂ ਇਕ ਦਿਨ ਮਰ ਹੀ ਜਾਵੇਗਾ, ਪਰ "ਗੁਰੂ ਗ੍ਰੰਥ ਸਾਹਿਬ" ਤਾਂ ਜੁਗੋ ਜੁਗ ਅਟੱਲ ਗੁਰੂ ਹਨ।

## ਪਿਆਰਾ ਭਨਿਆਰੇ ਵਾਲਾ

ਬਾਗ਼ਬਾਨੀ ਵਿਭਾਗ, ਪੰਜਾਬ ਦੇ ਅਸਮਾਨਪੁਰ (ਨੂਰਪੁਰ ਬੇਦੀ, ਰੋਪੜ) ਸਥਿਤ ਸਰਕਾਰੀ ਸੈਰੀਕਲਚਰ ਫਾਰਮ ਦਾ ਇਕ ਚੌਥਾ ਦਰਜਾ ਕਰਮਚਾਰੀ ਇਕ ਬੇਲਦਾਰ ਸੀ ਇਹ ਪਿਆਰਾ ਭਨਿਆਰਾ।

ਕੌਣ ਹੈ ਇਹ ਪਿਆਰਾ ?

ਇਹ ਉਹੀ ਪਿਆਰਾ ਹੈ ਜਿਹੜਾ ਬਣ ਗਿਐ—ਆਪ ਬਣਾਇਆ ਸਤਿਗੁਰੂ ਪਿਆਰਾ। ਕੇਵਲ 35 ਕਿਲੋ ਭਾਰ ਦਾ ਸੜਿਆ ਇਹ ਬਿੱਜੂ ਕੀ ਕੁਝ ਕਿਵੇਂ ਬਣਿਆ ? ਸਾਰਾ ਹਾਲ ਲਿਖ ਰਹੇ ਹਾਂ। ਇਹਦੇ ਗ੍ਰੰਥ (ਕੂੜ ਕਿਤਾਬ) ਦੇ ਪੰਨੇ ਪੰਨੇ 'ਤੇ ਲਿਖਿਆ ਸਤਿਗੁਰੂ ਪਿਆਰਾ। ਇਹ 2704 ਸਫ਼ੇ ਵਾਲਾ ਕੂੜ ਕਹਾਣੀਆਂ ਨਾਲ ਭਰਿਆ, ਜਿਹਨੂੰ ਇਹ ਗ੍ਰੰਥ ਆਖਦਾ ਹੈ ਉਹਦੇ ਬਾਹਰ ਜਿਲਦ 'ਤੇ ਲਿਖਿਆ 'ਬਾਣੀ ਪੂਰੇ ਰੱਬ ਦੀ ਪੜ੍ਹੀ ਧਿਆਨ ਦੇ ਨਾਲ ਸਤਿਗੁਰੂ ਪਿਆਰੇ ਆਪ ਉਚਾਰੀ ਬਾਣੀ।' ਇਸ ਕਿਤਾਬ ਦੀ ਜਿਲਦ 'ਤੇ ਇਹ ਵੀ ਲਿਖਿਆ ਹੈ—ਸਰਬ ਕਲਾ ਸਮਰੱਥ ਧੰਨ ਧੰਨ ਮਹਾਂਬਲੀ ਅਵਤਾਰ ਸਤਿਗੁਰੂ ਪਿਆਰਾ ਸਿੰਘ ਜੀ।

ਪਿੰਡ ਧਮਾਣਾ ਦੇ ਰਹਿਣ ਵਾਲੇ ਪਿਆਰੇ ਦਾ ਪਿਤਾ ਤੁਲਸੀ ਰਾਮ ਰਾਜ ਮਿਸਤਰੀ ਵਜੋਂ ਕੰਮਾਂ ਦੇ ਨਾਲ ਨਾਲ ਪਿੰਡ ਧਮਾਣਾ ਵਿਚ ਹੀ ਪੁਰਾਣੀਆਂ ਬਣੀਆਂ ਦੋ ਦੇਹਰੀਆਂ 'ਤੇ ਧੂਫ ਬੱਤੀ ਕਰਦਾ ਹੁੰਦਾ ਸੀ। ਉਹ ਚੌਂਕੀ ਲਾਉਣ ਲੱਗਾ। ਇਹ ਵੀ ਦੱਸਿਆ ਜਾਂਦਾ ਹੈ ਕਿ ਪਿਆਰੇ ਦੇ ਪਿਤਾ ਦੀ ਮੌਤ ਭੇਦ ਭਰੇ ਹਾਲਾਤ ਵਿਚ ਹੋਈ ਸੀ। ਇਸ ਤੋਂ ਬਾਅਦ ਪਿਆਰਾ ਧੂਫਬੱਤੀ ਕਰਨ ਲੱਗ ਪਿਆ। ਬੇਲਦਾਰੀ ਕਰਨ ਦੇ ਨਾਲ ਨਾਲ ਉਹ 'ਬਾਬਾਗਿਰੀ' ਵੀ ਕਰਦਾ ਰਿਹਾ। ਪਿਆਰੇ ਦੇ ਪਰਿਵਾਰ ਵਿਚ ਤਿੰਨ ਭੈਣਾਂ ਅਤੇ ਤਿੰਨ ਭਰਾ ਹੋਰ ਸਨ। ਅਤੇ ਬਾਬਾ ਬਣਨ ਤੋਂ ਪਹਿਲਾਂ ਉਹ ਪਿੰਡ ਮਾਜਰੀ ਦੀ ਸੁਰਜੀਤ ਕੌਰ ਉਰਫ਼ ਸੀਸੋ ਨਾਲ ਵਿਆਹਿਆ ਹੋਇਆ

ਸੀ। ਇਸ ਤੋਂ ਇਸਦੇ ਤਿੰਨ ਪੁੱਤਰ ਹਨ। ਇਸ ਤੋਂ ਬਾਅਦ ਇਹਦੇ 2 ਵਿਆਹ ਹੋਰ ਵੀ ਹਨ।

ਅੱਗੇ ਪੜ੍ਹੋ ਕਿ ਕਿਵੇਂ ਇਹਨੇ ਆਪਣੇ ਲਿਖੇ ਝੂਠੇ ਗ੍ਰੰਥ ਨੂੰ, 'ਗੁਰੂ ਗ੍ਰੰਥ ਸਾਹਿਬ' ਆਖਣ ਦੀ ਕੋਝੀ ਹਰਕਤ ਕੀਤੀ। ਲੁਧਿਆਣੇ ਦੇ ਉਹ ਨੌਜਵਾਨ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਇਹਦੀ ਕੂੜ ਕਿਤਾਬ ਨੂੰ ਸਾੜਿਆ। ਉਸ ਤੋਂ ਬਾਅਦ ਇਹਨੇ ਪਿਆਰੇ ਨੇ "ਧੰਨ ਗੁਰੂ ਗ੍ਰੰਥ ਸਾਹਿਬ" ਦੇ ਸਰੂਪ ਅਗਨ ਭੇਟ ਕਰਵਾਏ। ਇਹ ਜੇਲ੍ਹ ਗਿਆ। ਸਿੱਖ ਸੰਗਤਾਂ ਨੇ ਬੜੀ ਜੁਅਰਤ ਦਿਖਾਈ।

ਜ਼ਿਲ੍ਹਾ ਰੋਪੜ ਦੇ ਬਲਾਕ ਨੂਰਪੁਰ ਬੇਦੀ 'ਚ ਸਥਿਤ ਪਾਖੰਡੀ ਸਾਧ ਪਿਆਰੇ ਦਾ ਡੇਰਾ ਸਮੁੱਚੀ ਸਿੱਖ ਕੌਮ ਦੀਆਂ ਨਜ਼ਰਾਂ 'ਚ ਭਾਵੇਂ ਉਸ ਦੇ ਪੈਰੋਕਾਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਹੋਣ ਤੋਂ ਬਾਅਦ ਆਇਆ ਹੈ। ਪਰ ਇਕ ਦਹਾਕਾ ਪਹਿਲਾਂ ਜਿਹੜੀ ਭੰਗ ਇਸ ਡੇਰੇ 'ਚ ਭੁੱਜਦੀ ਰਹੀ ਹੈ, ਉਸ ਬਾਰੇ ਸ਼ਾਇਦ ਇੱਥੋਂ ਦੇ ਲੋਕਾਂ ਤੋਂ ਬਿਨਾਂ ਕਿਸੇ ਨੂੰ ਕੋਈ ਇਲਮ ਨਹੀਂ। ਇਥੋਂ ਦੇ ਸਿਰੜੀ ਲੋਕਾਂ ਨੇ ਭਨਿਆਰੇ ਵਿਰੁੱਧ ਲੰਮੀ ਤੇ ਸਿਰੜੀ ਲੜਾਈ ਲੜੀ ਹੈ। ਬਾਕੀ ਜਾਣਕਾਰੀ ਤੋਂ ਪਹਿਲਾਂ ਇਸ ਡੇਰੇ ਦੇ ਅਤੀਤ 'ਤੇ ਇਕ ਨਜ਼ਰ ਮਾਰਦੇ ਹਾਂ। ਉਕਤ ਡੇਰਾ ਜੋ ਸ਼ਿਵਾਲਕ ਦੇ ਨੀਮ ਪਰਬਤਾਂ 'ਤੇ ਸਥਿਤ ਹੈ, ਦਾ ਕੋਈ ਇਤਿਹਾਸਕ ਮਹੱਤਵ ਨਹੀਂ, ਪਰੰਤੂ ਲੋਕਲ ਇਲਾਕੇ ਵਿਚ ਇਹ ਰਵਾਇਤ ਧਾਰਨਾ ਜ਼ਰੂਰ ਪ੍ਰਚਲਤ ਹੈ ਕਿ ਉਕਤ ਅਸਥਾਨ ਬਾਬਾ ਸ੍ਰੀ ਚੰਦ ਦੇ ਜੀਵਨ ਕਾਲ ਨਾਲ ਸੰਬੰਧਤ ਹੈ, ਪਰੰਤੂ ਇਸ ਦਾ ਕਿਸੇ ਕੋਲ ਕੋਈ ਠੋਸ ਸਬੂਤ ਨਹੀਂ। ਇਥੇ ਜ਼ਿਕਰਯੋਗ ਹੈ ਕਿ ਜਿਥੇ ਅੱਜਕਲ੍ਹ ਪਿਆਰੇ ਪਾਖੰਡੀ ਦਾ ਡੇਰਾ ਜਿਸ ਨੂੰ ਕਿ ਡੇਰਾ ਭਨਿਆਰਾ ਵਾਲੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਉਸ ਦੇ ਹੇਠ ਆਉਂਦੀ 19 ਏਕੜ ਤੋਂ ਜ਼ਿਆਦਾ ਜ਼ਮੀਨ ਜੰਗਲਾਤ ਵਿਭਾਗ ਤੇ ਪਿੰਡ ਧਮਾਣਾ ਦੀ ਸ਼ਾਮਲਾਤ ਹੈ, ਜਿਸ 'ਤੇ ਕਿ 'ਮਹਾਂਬਲੀ ਅਵਤਾਰ' ਅਖਵਾਉਣ ਵਾਲੇ ਉਕਤ ਅਖੌਤੀ ਪਿਆਰੇ ਨੇ ਆਪਣਾ ਕਬਜ਼ਾ ਕਰ ਰੱਖਿਆ ਸੀ। ਸਮਾਂ ਬੀਤਣ ਨਾਲ ਕੁਝ ਕੁ ਲੋਕ ਇਸ ਡੇਰੇ ਅੰਦਰ ਆਪਣੀ ਕਰਮਕਾਂਡੀ ਲਾਲਸਾ ਦੀ ਪੂਰਤੀ ਲਈ ਇਥੇ ਆ ਕੇ ਨੱਕ ਰਗੜਦੇ ਰਹੇ ਤੇ ਪਿਆਰੇ ਦਾ ਤੋਰੀ-ਫੁਲਕਾ ਚੱਲਦਾ ਰਿਹਾ। ਪੰਜਾਬ 'ਚ ਜਦੋਂ ਖਾੜਕੂ ਲਹਿਰ ਥਮ ਗਈ ਤਾਂ ਪਿਆਰੇ ਦੇ ਮੁੱਲ ਖਰੀਦੇ ਪ੍ਰਚਾਰਕਾਂ ਨੇ ਉਸ ਦੀ ਫੋਕੀ ਵਡਿਆਈ ਨੂੰ ਲੋਕਾਂ ਤਕ ਪੰਜਾਬ ਦੇ ਕੋਨੇ-ਕੋਨੇ ਵਿਚ ਘੁੰਮ ਕੇ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਡੇਰੇ ਅੰਦਰ ਲੋਕਾਂ ਦੀ ਗਿਣਤੀ ਵਧਣ ਲੱਗੀ। ਇਸੇ ਤਰ੍ਹਾਂ ਦੀ ਮਾਨਸਿਕਤਾ ਦਾ ਸ਼ਿਕਾਰ ਕਾਂਗਰਸੀ ਮੰਤਰੀ ਬੂਟਾ ਸਿੰਘ ਵੀ ਇਕ ਸਮੇਂ ਇਸ ਡੇਰੇ ਵਿਚ ਆਇਆ ਅਤੇ ਖੁਦ ਨੂੰ ਮਹਾਂਬਲੀ ਅਖਵਾਉਣ ਵਾਲੇ ਪਿਆਰੇ ਤੋਂ ਅਸ਼ੀਰਵਾਦ ਲੈ ਕੇ ਗਿਆ। (ਪਿਛਲੇ ਸਮੇਂ ਬੂਟਾ ਸਿੰਘ ਨੇ ਸਿੱਖਾਂ ਦੇ ਵਿਰੋਧ ਵਿਚ

ਦਿੱਲੀ ਸਰਕਾਰ ਦੀ ਰੱਜ ਕੇ ਸੇਵਾ ਕੀਤੀ, ਜਿਸ ਕਾਰਨ ਇਸ ਨੂੰ ਖ਼ਾਲਸਾ ਪੰਥ ਵਿਚੋਂ ਛੇਕ ਦਿੱਤਾ ਸੀ, ਜਿਸ ਕਾਰਨ ਬੂਟਾ ਸਿੰਘ ਦੇ ਲੜਕੇ ਨੂੰ ਵਿਆਹੁਣ ਲਈ ਸਿੱਖ ਪਰਿਵਾਰਾਂ 'ਚੋਂ ਕੋਈ ਲੜਕੀ ਨਹੀਂ ਮਿਲੀ, ਆਖ਼ਰ ਇਸ ਨੂੰ ਇਕ ਬੰਗਾਲਣ ਲੜਕੀ ਨੂੰ ਆਪਣੀ ਨੂੰਹ ਬਣਾਉਣਾ ਪਿਆ ਸੀ। ਫਿਰ ਬਾਅਦ ਵਿਚ ਪ੍ਰੋ. ਮਨਜੀਤ ਸਿੰਘ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕੁਝ ਦਿਨ ਭਾਂਡੇ ਮਾਂਜਣ ਦੀ ਸਜ਼ਾ ਲਾ ਕੇ ਪੰਥ ਵਿਚ ਸ਼ਾਮਲ ਕਰ ਲਿਆ ਸੀ) ਇਸ ਤੋਂ ਬਾਅਦ ਉਹ ਨਿਰੰਤਰ ਕਈ ਵਾਰ ਡੇਰੇ ਆਉਂਦਾ ਰਿਹਾ। ਜਿਸ ਦੇ ਸਬੂਤ ਅੱਜ ਵੀ ਉਸ ਡੇਰੇ 'ਚ ਲੱਗੇ ਨੀਂਹ ਪੱਥਰ ਤੋਂ ਮਿਲਦੇ ਹਨ। ਇਸ ਤੋਂ ਬਾਅਦ ਪਿਆਰੇ ਦੀ ਬੱਲੇ-ਬੱਲੇ ਹੋ ਗਈ ਤੇ 'ਅੰਨ੍ਹੇ ਪਿਆਰੇ ਦੇ ਹੱਥ ਬਟੇਰਾ ਆ ਗਿਆ।'

## ਸਿੱਖੀ 'ਤੇ ਸਾਜਿਸ਼ੀ ਹਮਲਾ

ਜਦੋਂ ਭਨਿਆਰੇ ਦੇ ਖੂਹ ਟਿੰਡਾਂ ਬਿਨਾਂ ਗਿੜਨ ਲੱਗ ਪਏ ਤਾਂ ਉਸ ਨੇ ਸਿੱਖੀ 'ਤੇ ਸਾਜਿਸ਼ੀ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਜ਼ਿਕਰਯੋਗ ਗੱਲ ਇਹ ਹੈ ਕਿ ਪਿਆਰਾ ਖ਼ੁਦ ਤਾਂ ਕੋਈ ਇਲਮ ਨਹੀਂ ਜਾਣਦਾ ਪਰੰਤੂ ਉਹ ਕਿਹੜਾ ਮਨਸੂਬਾ ਸੀ, ਜੋ ਉਸ ਦੇ ਪਿੱਛੇ ਚੱਲ ਰਿਹਾ ਸੀ ? ਉਸ ਨੂੰ ਸਿਰ 'ਤੇ ਕਲਗੀ ਲਗਾ ਕੇ ਹੱਥ 'ਤੇ ਬਾਜ਼ ਬਿਠਾ ਕੇ ਗੁਰੂ ਕਲਗੀਆਂ ਵਾਲਾ ਅਖਵਾਉਣ ਲਈ ਕਿਸੇ ਨੇ ਚੁੱਕਣਾ ਦਿੱਤੀ ? ਕਿਸ ਨੇ ਉਸ ਨੂੰ ਗ੍ਰੰਥ (ਕੂੜ ਕਿਤਾਬ) ਲਿਖਣ ਲਈ ਕਿਹਾ ? ਇਹ ਸਾਰੀਆਂ ਗੱਲਾਂ ਰਾਜ਼ ਹਨ, ਜਿਨ੍ਹਾਂ ਨੂੰ ਅਜੇ ਤਕ ਬੇਨਕਾਬ ਨਹੀਂ ਕੀਤਾ ਗਿਆ। ਪਿਆਰੇ ਦੀ ਕੂੜ ਕਿਤਾਬ ਵਿਚ ਗੁਰਬਾਣੀ ਦੀਆਂ ਤੁਕਾਂ ਨੂੰ ਵਿਗਾੜ ਕੇ ਜਿਥੇ ਬਾਣੀ ਦਾ ਘੋਰ ਨਿਰਾਦਰ ਕੀਤਾ ਗਿਆ ਹੈ, ਉਥੇ ਕਈ ਥਾਂਵਾਂ 'ਤੇ 'ਨਾਨਕ' ਸ਼ਬਦ ਕੱਟ ਕੇ ਪਿਆਰਾ ਸ਼ਬਦ ਲਿਖਿਆ ਗਿਆ ਹੈ। ਇਹ ਸਾਰੀਆਂ ਗੱਲਾਂ ਸਿੱਖ ਮਾਨਸਿਕਤਾ ਲਈ ਹਿਰਦੇਵੇਧਕ ਹਨ। ਉਸ ਦੇ ਡੇਰੇ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥ ਲਿਖਤ ਸਰੂਪ ਮਿਲਿਆ ਹੈ, ਉਹ ਵੀ ਇਕ ਸਿੱਖ ਕੌਮ ਲਈ ਵੱਡਾ ਸਵਾਲ ਬਣ ਕੇ ਖੜ੍ਹੀ ਹੈ ਕਿ ਉਸ ਦੇ ਡੇਰੇ 'ਚ ਉਹ ਸਰੂਪ ਕਿੱਥੋਂ ਆਇਆ ? ਜਿਸ ਰਾਤ ਡੇਰੇ 'ਚ ਪੁਲੀਸ ਅਪਰੇਸ਼ਨ ਹੋਇਆ, ਉਸ ਤੋਂ ਦੂਜੇ ਦਿਨ ਜਦੋਂ ਮੈਂ ਡੇਰਾ ਭਨਿਆਰਾਂ ਵਾਲੀ ਗਿਆ ਤਾਂ ਪਿਆਰੇ ਦੀ ਇਕ ਝੌਂਪੜੀ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਸਰੂਪ ਨੂੰ ਬੇਅਦਬੀ ਢੰਗ ਨਾਲ ਪਈ ਤੱਕਿਆ। ਉਕਤ ਸਰੂਪ ਨੂੰ ਇਕ ਪੁਰਾਣੇ ਟਰੰਕ ਵਿਚ ਪਾ ਕੇ ਪਿਆਰੇ ਨੇ ਆਪਣਾ ਨਿਕ-ਸੁਕ ਸਮਾਨ ਵਿਚ ਰੱਖਿਆ ਹੋਇਆ ਸੀ। ਡੇਰੇ ਵਿਚ ਅਪਰੇਸ਼ਨ ਦੀ ਦੇਖ-ਰੇਖ ਕਰਦੇ ਡੀ.ਐਸ.ਪੀ. ਅਨੰਦਪੁਰ ਸਾਹਿਬ ਸ. ਜਗਦੀਸ਼ ਸਿੰਘ ਖਹਿਰਾ ਨੇ ਕਿਹਾ ਕਿ ਅਸੀਂ ਕਿੰਨੇ ਵਡਭਾਗੀ ਹਾਂ ਕਿ ਸਾਨੂੰ ੧੮ਵੀਂ ਸਦੀ ਦੀ ਉਕਤ ਹੱਥ ਲਿਖਤ

ਸਰੂਪ ਦੇ ਦਰਸ਼ਨ ਹੋ ਗਏ। ਪਰ ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਸਾਂ ਇਸ ਸਰੂਪ ਬਾਰੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਸੂਚਿਤ ਕੀਤਾ ਹੈ, ਤਾਂ ਉਹਨਾਂ ਨੇ ਆਪਣੀ ਮਜ਼ਬੂਰੀ ਦੱਸੀ, ਜਿਸ ਤਹਿਤ ਮੈਂ ਪਹਿਲਾਂ ਮੈਨੇਜ਼ਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਸੂਚਨਾ ਦਿੱਤਾ ਤੇ ਫੋਨ 'ਤੇ ਤੁਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਸੰਪਰਕ ਕੀਤਾ, ਜਿਸ ਕਾਰਨ ਉਕਤ ਸਰੂਪ ਕੇਸਗੜ੍ਹ ਪਹੁੰਚਾਇਆ।

ਸਿੱਖ ਕੌਮ ਪ੍ਰਤੀ ਪਿਆਰੇ ਦੀ ਗੰਦੀ ਆਤਮਾ ਨਫ਼ਰਤ ਨਾਲ ਨੱਕੋ-ਨੱਕ ਭਰੀ ਪਈ ਸੀ। 1998 ਵਿਚ ਜਦੋਂ ਅਕਾਲ ਤਖ਼ਤ ਸਾਹਿਬ ਦੇ ਮੌਕੇ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੇ ਉਸ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਹੋਣ ਦੀ ਹਿਦਾਇਤ ਕੀਤੀ ਤਾਂ ਉਹ ਹੱਥ 'ਚ ਜੁੱਤੀ ਫੜ੍ਹ ਕੇ ਅਕਸਰ ਆਖਦਾ ਸੀ, ਕਿ ਅਕਾਲ ਤਖ਼ਤ ਨੂੰ ਮੇਰੀ ਜੁੱਤੀ ਜਾਵੇਗੀ। ਪਿਆਰੇ ਵੱਲੋਂ 2704 ਪੰਨੇ ਦੀ ਜੋ ਕੂੜ ਕਿਤਾਬ (ਭਵਸਾਗਰ) ਲਿਖੀ ਹੈ, ਉਸ ਵਿਚ 19 ਸੰਗੀਨ ਇਤਰਾਜ਼ ਹਨ, ਜੋ ਸਿੱਧੇ ਸਿੱਖ ਭਾਵਨਾਵਾਂ 'ਤੇ ਸੱਟ ਮਾਰਨ ਵਾਲੇ ਹਨ। ਇਨ੍ਹਾਂ ਵਿਚ ਉਸ ਨੇ ਗੁਰੂ ਗੋਬਿੰਦ ਸਿੰਘ, ਗੁਰੂ ਗ੍ਰੰਥ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਖਿਲਾਫ਼ ਬਹੁਤ ਹੀ ਊਲ ਜਲੂਲ ਲਿਖਿਆ ਹੈ, ਪਰ ਅੱਜ ਛਿੱਤਰਾਂ ਤੋਂ ਡਰਦਾ ਉਹ ਖ਼ੁਦ ਆਖ ਰਿਹਾ ਹੈ ਕਿ ਮੈਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਦਾ ਹਾਂ। ਇਸ ਤੋਂ ਪਹਿਲਾਂ ਜਦੋਂ ਉਸ ਦੀ ਕੂੜ ਦੀ ਦੁਕਾਨ ਚੱਲਦੀ ਸੀ, ਉਹ ਸਿੱਖ ਭਾਵਨਾਵਾਂ ਨੂੰ ਭੜਕਾਉਣ ਲਈ ਤਰ੍ਹਾਂ-ਤਰ੍ਹਾਂ ਦੇ ਮਨਸੂਬੇ ਘੜਦਾ ਸੀ। ਉਹ ਕਦੇ ਡੁਪਲੀਕੇਟ ਨਿਹੰਗ ਬਣਾ ਕੇ ਉਨ੍ਹਾਂ ਤੋਂ ਬਿਪਰਨਵਾਦੀ ਕੰਮ ਕਰਾਉਂਦਾ। ਕਦੇ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਹੇਠਾਂ ਅਤੇ ਆਪਣੀ ਫੋਟੋ ਉੱਤੇ ਲਗਾਉਂਦਾ। ਉਸ ਨੇ ਆਪਣੀ ਕੂੜ ਕਿਤਾਬ ਵਿਚ ਡੰਡਾਉਤ ਕਰਦੇ ਇਕ ਨਿਹੰਗ ਸਿੰਘ ਦੇ ਭੇਸ ਵਿਚ ਕਿਸੇ ਭੇਖੀ ਵਿਅਕਤੀ ਉੱਤੇ ਆਪਣਾ ਪੈਰ ਧਰਕੇ ਵੀ ਫੋਟੋ ਲਗਵਾਈ ਹੈ। ਉਹ ਪਾਖੰਡ ਦਾ ਮੁਜ਼ਾਹਰਾ ਕਰਨ ਲਈ ਕਦੇ ਘੋੜੇ 'ਤੇ ਚੜ੍ਹਦਾ, ਕਦੇ ਹਾਥੀ 'ਤੇ ਅਤੇ ਕਦੇ ਉਹ ਰੱਥ 'ਤੇ ਚੜ੍ਹ ਕੇ ਕੂੜ ਪ੍ਰਚਾਰ ਕਰਦਾ। ਉਸ ਨੇ ਸੁਰਜੀਤ ਕੌਰ, ਭੁਪਿੰਦਰ ਕੌਰ ਤੇ ਕੁਸਮ ਦੇਵੀ ਨਾਂਅ ਦੀਆਂ ਤਿੰਨ ਔਰਤਾਂ ਨਾਲ ਵਿਆਹ ਕਰਵਾਇਆ ਸੀ। ਇਸ ਤੋਂ ਇਲਾਵਾ ਅਨੇਕਾਂ ਅਣਵਿਆਹੀਆਂ ਨੌਜਵਾਨ ਕੁੜੀਆਂ ਉਸ ਨੇ ਆਪਣੇ ਡੇਰੇ ਵਿਚ ਰੱਖੀਆਂ ਹੋਈਆਂ ਸਨ। ਉਸ ਦੇ ਇਕ ਸਾਬਕਾ ਚੇਲੇ ਦਾ ਕਹਿਣਾ ਹੈ ਕਿ ਉਹ ਹੁਸੀਨ ਤੋਂ ਹੁਸੀਨ ਕੁੜੀ ਦਾ ਸ਼ੌਕੀਨ ਸੀ। ਉਸ ਦੇ ਕਈ ਅਜਿਹੇ ਸ਼ੌਂਕ ਸਨ ਜੋ ਸਮਾਜ ਅਤੇ ਧਰਮ ਤੋਂ ਉਲਟ ਸਨ। ਡੇਰੇ ਵਿਚੋਂ ਅਪਰੇਸ਼ਨ ਉਪਰੰਤ ਜਿਥੇ ਉਹ ਬੈਠਿਆ ਕਰਦਾ ਸੀ, ਉਸ ਕਮਰੇ ਵਿਚੋਂ ਬਲਿਊ ਫਿਲਮਾਂ, ਸੈਕਸ ਵਧਾਉਣ ਦੇ ਅਮਰੀਕਨ ਕੈਪਸੂਲ, ਜਿਨ੍ਹਾਂ ਦੀ ਕੀਮਤ ਹਜ਼ਾਰਾਂ ਰੁਪਏ ਦੱਸੀ ਜਾਂਦੀ ਹੈ। ਵੱਖ-ਵੱਖ ਥਾਂਵਾਂ ਤੋਂ ਕੁੜੀਆਂ ਵੱਲੋਂ ਪਿਆਰੇ ਨੂੰ ਲਿਖੇ ਪ੍ਰੇਮ ਪੱਤਰ ਤੇ ਤਸਵੀਰਾਂ

ਆਦਿ ਵੱਡੀ ਗਿਣਤੀ ਵਿਚ ਮਿਲੇ ਸਨ, ਜਿਨ੍ਹਾਂ ਬਾਰੇ ਪੁਲੀਸ ਨੇ ਭਾਵੇਂ ਕੋਈ ਪੁਸ਼ਟੀ ਨਹੀਂ ਕੀਤੀ, ਪਰ ਪਿਆਰੇ ਦੀ ਹਕੀਕਤ ਜੱਗ ਜ਼ਾਹਰ ਹੋ ਗਈ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਆਰਾ ਜਿਥੇ ਆਪਣੇ ਨਾਂਅ ਨਾਲ 'ਨਿਹਕਲੰਕ ਅਵਤਾਰ', 'ਮਹਾਂਬਲੀ ਅਵਤਾਰ' ਆਦਿ ਲਿਖਵਾਉਂਦਾ ਸੀ, ਉਥੇ ਆਪਣੀਆਂ ਤਿੰਨ ਪਤਨੀਆਂ ਦੇ ਨਾਂਅ ਨਾਲ 'ਮਾਤਾ' ਤੇ ਆਪਣੇ ਤਿੰਨ ਪੁੱਤਰਾਂ ਦੇ ਨਾਂਅ ਨਾਲ 'ਸਾਹਿਬਜ਼ਾਦਾ' ਲਿਖਵਾਉਂਦਾ ਸੀ।

## ਪਿਆਰੇ ਦੇ ਰਾਜਸੀ ਜ਼ਜਮਾਨ




ਪਿਆਰੇ ਭਨਿਆਰੇ ਕੋਲ ਜ਼ਿਆਦਾ ਇਕ ਖਾਸ ਜਾਤ ਅਤੇ ਅਗਿਆਨਤਾ ਦੇ ਮਾਰੇ ਲੋਕ ਵੱਡੀ ਗਿਣਤੀ ਵਿਚ ਆਉਂਦੇ ਸਨ। ਸੱਤਾ ਦੇ ਭੁੱਖੇ ਆਗੂਆਂ ਦੀ ਹਮੇਸ਼ਾਂ ਇਹ ਸੋਚ ਰਹੀ ਹੈ, ਕਿ ਬਾਬਿਆਂ ਦੇ ਡੇਰੇ ਜਾਣ ਸ਼ਾਇਦ ਉਨ੍ਹਾਂ ਦੀ ਰਾਜਸੀ ਸ਼ਕਤੀ ਮਜ਼ਬੂਤ ਹੋਵੇਗੀ। ਪਰ ਇਹ ਬੜਾ ਵੱਡਾ ਭੁਲੇਖਾ ਸੀ, ਪੰਜਾਬ ਦੇ ਸਿਆਸਤਦਾਨਾਂ ਨੂੰ, ਭਨਿਆਰੇ ਦੇ ਡੇਰੇ ਆਉਣ ਵਾਲੇ ਆਗੂ ਅੱਜ ਆਪਣਾ ਰਾਜਸੀ ਭਵਿੱਖ ਪਿਆਰੇ ਦੀ ਕਿਸਮਤ ਨਾਲ ਹੀ ਡੋਬ ਬੈਠੇ ਹਨ। ਕਹਾਵਤ ਹੈ ਕਿ 'ਆਪ ਤਾਂ ਡੁਬਿਉ ਬ੍ਰਾਹਮਣਾ ਜ਼ਜਮਾਨ ਵੀ ਡੋਬੇ।' ਇਹੋ ਕੁਝ ਹੋਇਆ ਹੈ ਉਸ ਦੇ ਡੇਰੇ ਹਾਜ਼ਰੀ ਭਰਨ ਵਾਲੇ ਲੀਡਰਾਂ ਨਾਲ ਜੋ ਚੰਦ ਕੁ ਵੋਟਾਂ ਬਣਾਉਂਦੇ-ਬਣਾਉਂਦੇ ਸਿੱਖ ਧਰਮ ਦੀਆਂ ਸਮੁੱਚੀਆਂ ਵੋਟਾਂ ਹੀ ਗਵਾ ਬੈਠੇ। ਇਨ੍ਹਾਂ ਲੀਡਰਾਂ ਨੇ ਭਾਵੇਂ ਉਸ ਦੇ ਡੇਰੇ ਵਿਚ ਲੁਕ-ਛਿਪ ਕੇ ਹੀ ਹਾਜ਼ਰੀ ਲਗਵਾਈ ਹੋਵੇ, ਪਰੰਤੂ ਪਿਆਰੇ ਦਾ ਸਭ ਤੋਂ ਜ਼ਿਆਦਾ ਇਸ ਗੱਲ ਵੱਲ ਖ਼ਾਸ ਧਿਆਨ ਹੁੰਦਾ ਸੀ ਕਿ ਉਹ ਹਰ ਵਿਅਕਤੀ ਦੇ ਡੇਰੇ ਆਉਣ ਸਮੇਂ ਫੋਟੋ ਖਿਚਵਾ ਲਵੇ। ਭਾਵੇਂ ਉਹ

ਸਿਵਲ ਅਧਿਕਾਰੀ ਹੋਵੇ, ਜਾਂ ਪੁਲੀਸ ਅਫ਼ਸਰ ਤੇ ਭਾਵੇਂ ਕੋਈ ਰਾਜਸੀ ਆਗੂ। ਅੱਜ ਬੇਸ਼ੱਕ ਗੁਰਦੇਵ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹ ਲਗਵਾਈ ਹੈ, ਪਰ ਸਹੀ ਅਰਥਾਂ ਵਿਚ ਉਸ ਦੇ ਦਿਲ ਵਿਚ ਅਜੇ ਵੀ ਮੈਲ ਹੈ। ਕਿਉਂਕਿ ਉਹ ਇਸ ਦਾਅਵੇ ਨੂੰ ਲੈ ਕੇ ਦੁਹਾਈ ਦੇ ਰਿਹਾ ਹੈ, ਕਿ ਜਦੋਂ ਮੈਂ ਤੇ ਮੇਰਾ ਪੁੱਤਰ ਜਗਰਾਉਂ ਵਿਚ ਭਨਿਆਰੇ ਦੇ ਇਕ ਸਮਾਗਮ ਵਿਚ ਗਏ ਸੀ ਤਾਂ ਇਹ ਤਸਵੀਰ ਖਿੱਚੀ ਗਈ। ਪਰੰਤੂ ਇਹ ਬਿਆਨ ਸੱਚਾਈ 'ਤੇ ਪਰਦਾ ਪਾਉਣ ਲਈ ਦਿੱਤੇ ਜਾ ਰਹੇ ਹਨ, ਜਦ ਕਿ ਹਕੀਕਤ ਇਹ ਹੈ ਕਿ ਗੁਰਦੇਵ ਸਿੰਘ ਬਾਦਲ ਦੀਆਂ ਤਿੰਨ ਤਸਵੀਰਾਂ ਅਜਿਹੀਆਂ ਹਨ, ਜੋ ਪਿਆਰੇ ਦੀ ਰਚਿਤ ਪੁਸਤਕ (ਭਵਸਾਗਰ) ਵਿਚ ਪ੍ਰਕਾਸ਼ਤ ਹੋਈਆਂ ਹਨ, ਤੇ ਇਹ ਗੱਲ ਸਪਸ਼ਟ ਤੌਰ 'ਤੇ ਲਿਖੀ ਗਈ ਹੈ ਕਿ ਸ. ਗੁਰਦੇਵ ਸਿੰਘ ਬਾਦਲ ਤੇ ਕੇਵਲ ਸਿੰਘ ਕਈ ਵਾਰ ਡੇਰੇ ਆਏ ਹਨ। ਇਸੇ ਤਰ੍ਹਾਂ ਹੀ ਅਮਰੀਕ ਸਿੰਘ ਆਲੀਵਾਲ ਦਾਅਵਾ ਕਰਦਾ ਹੈ ਕਿ ਮੇਰੇ ਕਿਸੇ ਦੋਸਤ ਦਾ ਭਨਿਆਰਾਂ ਵਾਲੀ ਦੇ ਨਜ਼ਦੀਕ ਫਾਰਮ ਹੈ, ਇਸ ਲਈ ਉਹ ਉਥੇ ਗਿਆ। ਇਹ ਵੀ ਸਰਾਸਰ ਗਲਤ ਹੈ। ਪਿਆਰੇ ਦੇ ਇਕ ਨਜ਼ਦੀਕੀ ਵਿਅਕਤੀ ਦਾ ਕਹਿਣਾ ਕਿ ਸ. ਆਲੀਵਾਲ ਲੋਕ ਸਭਾ ਚੋਣਾਂ ਵੇਲੇ ਕਈ ਕਈ ਵਾਰ ਪਿਆਰੇ ਨੂੰ ਫੋਨ ਕਰਦੇ ਰਹੇ ਸਨ ਤੇ ਉਸ ਦੇ ਕਹਿਣ 'ਤੇ ਉਹ ਸਪੈਸ਼ਲ ਡੇਰਾ ਭਨਿਆਰਾ ਵਾਲੀ ਆਏ ਸਨ। ਪਰੰਤੂ ਖ਼ੁਦ ਝੂਠੇ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਸੱਚੇ ਹੋਣ ਦੀ ਲਾਲਸਾ ਨਾਲ ਆਪਣੇ ਝੂਠ ਨੂੰ ਪਾਲਸ਼ ਕਰ ਕੇ ਸੱਚਾਈ ਦੀਆਂ ਅੱਖਾਂ ਵਿਚ ਘੱਟਾ ਪਾਉਣਾ, ਕੀ ਇਹ ਅਕਾਲ ਤਖ਼ਤ ਸਾਹਿਬ ਨਾਲ ਦੂਜਾ ਧੋਖਾ ਨਹੀਂ ? ਦੂਜੇ ਪਾਸੇ ਅਕਾਲੀ ਦਲ (ਅ) ਦੇ ਜ਼ਿਲ੍ਹਾ ਪ੍ਰਧਾਨ ਭਾਗ ਸਿੰਘ ਸੁਰਤਾਪੁਰ ਵੀ ਕਥਿਤ ਤੌਰ 'ਤੇ ਭਨਿਆਰੇ ਦੇ ਨਜ਼ਦੀਕੀ ਸਾਥੀ ਸਨ, ਉਹ ਵੀ ਇਹੋ ਵੀ ਸਫ਼ਾਈ ਵਾਰ-ਵਾਰ ਪੇਸ਼ ਕਰੀ ਜਾ ਰਹੇ ਹਨ ਕਿ ਉਹ ਸੁਨਾਮ ਦੀ ਜ਼ਿਮਨੀ ਚੋਣ ਲਈ ਪ੍ਰੋ. ਸੁਖਜਿੰਦਰ ਸਿੰਘ ਨਾਲ ਉਨ੍ਹਾਂ ਲਈ ਵੋਟਾਂ ਮੰਗਣ ਪਿਆਰੇ ਦੇ ਡੇਰੇ ਗਏ ਸਨ, ਪਰ ਅਤਿ ਸ਼ਰਮਨਾਕ ਗੱਲ ਹੈ ਕਿ ਦਸੰਬਰ 1999 ਵਿਚ ਪਿਆਰੇ ਦੀ ਗ੍ਰਿਫ਼ਤਾਰੀ ਲਈ ਬਲਾਕ ਨੂਰਪੁਰ ਬੇਦੀ ਵਿਚ ਵੱਡਾ ਸੰਘਰਸ਼ ਚਲਦਾ ਰਿਹਾ ਤਾਂ ਇਹੋ ਭਾਗ ਸਿੰਘ 'ਭਨਿਆਰਾ ਵਾਲਾ ਵਿਰੋਧੀ ਐਕਸ਼ਨ ਕਮੇਟੀ' ਦੇ ਚੇਅਰਮੈਨ ਜਥੇਦਾਰ ਬਚਨ ਸਿੰਘ ਬੈਂਸ ਜੋ ਅਕਾਲੀ ਦਲ (ਅ) ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਵੀ ਹਨ, ਨੂੰ ਸ. ਸਿਮਰਨਜੀਤ ਸਿੰਘ ਮਾਨ ਦਾ ਝੂਠਾ ਨਾਂ ਇਸਤੇਮਾਲ ਕਰਕੇ ਇਹ ਕਹਿੰਦਾ ਰਿਹਾ ਕਿ ਸ. ਮਾਨ ਸਾਹਿਬ ਦਾ ਹੁਕਮ ਹੈ ਕਿ ਤੁਸੀਂ ਉਕਤ ਸੰਘਰਸ਼ ਦੀ ਅਗਵਾਈ ਨਾ ਕਰੋ। ਬਾਅਦ ਵਿਚ ਜਦੋਂ ਇਹ ਗੱਲ ਸ. ਮਾਨ ਸਾਹਿਬ ਦੀ ਹਾਜ਼ਰੀ ਵਿਚ ਝੂਠੀ ਸਾਬਤ ਹੋਈ ਤਾਂ ਜਥੇਦਾਰ ਬੈਂਸ ਦੇ ਪੈਰਾਂ ਨੂੰ ਹੱਥ ਲਗਾ ਕੇ ਭਾਗ ਸਿੰਘ ਨੇ ਆਪਣੀ ਗਲਤੀ ਕਬੂਲੀ ਤੇ ਮਾਨ ਸਾਹਿਬ

ਤੋਂ ਝਿੜਕਾਂ ਖਾਧੀਆਂ। 13 ਅਪ੍ਰੈਲ 2001 ਨੂੰ ਜਦੋਂ ਪਿਆਰੇ ਨੇ ਆਪਣਾ ਗ੍ਰੰਥ (ਕੂੜ ਕਿਤਾਬ) ਪ੍ਰਕਾਸ਼ਤ ਕੀਤਾ, ਉਦੋਂ ਵੀ ਭਾਗ ਸਿੰਘ ਦੀ ਤਸਵੀਰ ਜਲੰਧਰ ਤੋਂ ਛਪਦੇ ਇਕ ਮਹਾਸ਼ਾ ਅਖ਼ਬਾਰ ਨੇ ਛਾਪੀ ਜਿਸ ਵਿਚ ਉਹ ਭਨਿਆਰੇ ਨੂੰ ਕਿਤਾਬ ਪ੍ਰਕਾਸ਼ਤ ਹੋਣ ਦੀ ਵਧਾਈ ਦੇ ਰਿਹਾ ਸੀ। ਬਾਕੀ ਰਹੀ ਗੱਲ ਕਾਂਗਰਸੀਆਂ ਦੀ, ਜਿਨ੍ਹਾਂ ਦੀਆਂ ਤਸਵੀਰਾਂ ਸਾਰੀਆਂ ਪਾਰਟੀਆਂ ਦੇ ਆਗੂਆਂ ਤੋਂ ਵੱਧ ਉਕਤ ਡੇਰੇ ਵਿਚੋਂ ਮਿਲੀਆਂ ਹਨ। ਇਸ ਤੋਂ ਇਲਾਵਾ ਬੁੱਢਾ ਦਲ 96 ਕਰੋੜੀ ਦੇ ਮੁਖੀ ਬਲਵੀਰ ਸਿੰਘ, ਬਾਬਾ ਵੀਰ ਸਿੰਘ ਮਿਸਲ ਦੇ ਸਤਨਾਮ ਸਿੰਘ, ਇੰਟਰਨੈਸ਼ਨਲ ਸ਼੍ਰੋਮਣੀ ਸੰਤ ਫਾਊਂਡੇਸ਼ਨ ਦੇ ਸੰਤ ਸਮਸ਼ੇਰ ਸਿੰਘ ਜੰਗੇੜਾ ਵੀ ਭਨਿਆਰੇ ਦੇ ਡੇਰੇ ਜਾ ਚੁੱਕੇ ਹਨ।

## ਕੁਝ ਰੌਚਕ ਤੱਤ

ਪਿਆਰੇ ਦੇ ਡੇਰੇ ਨਾਲ ਸੰਬੰਧਿਤ ਕੁਝ ਅਜਿਹੇ ਰੌਚਕ ਤੱਤ ਵੀ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਸੁਣ ਕੇ ਹੋਰ ਵੀ ਜ਼ਿਆਦਾ ਹੈਰਾਨਗੀ ਹੁੰਦੀ ਹੈ। 'ਭਨਿਆਰਾ ਵਾਲਾ ਵਿਰੋਧੀ ਐਕਸ਼ਨ ਕਮੇਟੀ' ਦਾ ਦੋਸ਼ ਹੈ ਕਿ ਉਹ ਕਰਨਾਟਕ ਤੋਂ ਸ਼ੇਰ ਅਤੇ ਚੀਤਿਆਂ ਦੀ ਖੱਲ੍ਹਾਂ ਮੰਗਵਾ ਕੇ ਸਮਗਲਿੰਗ ਕਰਦਾ ਹੁੰਦਾ ਸੀ। ਇਸ ਦੀ ਪੁਸ਼ਟੀ ਭਨਿਆਰੇ ਦੇ ਇਕ ਸਾਬਕਾ ਸ਼ਰਧਾਲੂ ਜਗਦੀਸ਼ ਰਾਮ ਰਾਹੀਂ ਵੀ ਕੀਤੀ ਗਈ ਹੈ। ਇਹ ਵੀ ਸੱਚਾਈ ਹੈ ਕਿ ਉਹ ਸਿਵਲ ਤੇ ਪੁਲੀਸ ਅਧਿਕਾਰੀਆਂ, ਲੀਡਰਾਂ, ਵਕੀਲਾਂ, ਵਿਕਾਊ ਮੀਡੀਏ, ਪੱਤਰਕਾਰਾਂ ਅਤੇ ਜੱਜਾਂ ਆਦਿ ਤਕ ਨੂੰ ਮਾਇਆ ਦੇ ਖੁੱਲ੍ਹੇ ਗੱਫੇ ਵੰਡਦਾ ਸੀ। ਅਪਰੇਸ਼ਨ ਸਮੇਂ ਉਸ ਦੇ ਡੇਰੇ ਵਿਚੋਂ ਇਕ ਅਜਿਹੀ ਡਾਇਰੀ ਵੀ ਮਿਲੀ ਸੀ ਜਿਸ ਵਿਚ ਉਨ੍ਹਾਂ ਨੇ ਉਕਤ ਮਹਿਕਮਿਆਂ ਨਾਲ ਸੰਬੰਧਤ ਵੱਖ-ਵੱਖ ਲੋਕਾਂ ਦੇ ਖਾਤੇ ਲਗਾਏ ਸਨ, ਜਿਸ ਵਿਚ ਉਨ੍ਹਾਂ ਨੂੰ ਵੱਖ-ਵੱਖ ਲੋਕਾਂ ਦੇ ਖਾਤੇ ਲਗਾਏ ਸਨ, ਜਿਸ ਵਿਚ ਉਨ੍ਹਾਂ ਨੂੰ ਵੱਖ-ਵੱਖ ਤਰੀਕਾਂ ਵਿਚ ਤਕਸੀਮ ਕੀਤੀ ਰਾਸ਼ੀ ਦੇ ਵੇਰਵੇ ਲਿਖੇ ਸਨ। ਪਰੰਤੂ ਪੁਲੀਸ ਇਸ ਗੱਲ ਦੀ ਪੁਸ਼ਟੀ ਕਰਨ ਲਈ ਬਿਲਕੁਲ ਤਿਆਰ ਨਹੀਂ। ਪਤਾ ਲੱਗਾ ਹੈ ਕਿ ਉਹ ਡਾਇਰੀ ਇਕ ਉੱਚ ਪੁਲੀਸ ਅਧਿਕਾਰੀ ਦੇ ਕਬਜ਼ੇ ਵਿਚ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਆਰਾ ਇਕ ਸੋਨੇ ਦੀ ਜੁੱਤੀ ਵੀ ਪਹਿਨਦਾ ਹੁੰਦਾ ਸੀ। 'ਭਨਿਆਰਾ ਵਾਲਾ ਵਿਰੋਧੀ ਐਕਸ਼ਨ ਕਮੇਟੀ' ਦਾ ਇਹ ਵੀ ਦੋਸ਼ ਹੈ ਕਿ ਡੇਰੇ ਵਿਚੋਂ ਪੁਲੀਸ ਅਪਰੇਸ਼ਨ ਸਮੇਂ ਤਿੰਨ ਅਜਿਹੀਆਂ ਲੜਕੀਆਂ ਵੀ ਮਿਲੀਆਂ ਸਨ, ਜੋ ਮੈਡੀਕਲ ਹੋਣ ਉਪਰੰਤ ਗਰਭਵਤੀ ਪਾਈਆਂ ਗਈਆਂ ਸਨ, ਪਰ ਉਕਤ ਅਪਰੇਸ਼ਨ ਕਰਨ ਵੇਲੇ ਪਿਆਰੇ ਦੇ ਇਕ ਸ਼ਰਧਾਲੂ ਪੁਲੀਸ ਅਧਿਕਾਰੀ ਨੇ ਉਨ੍ਹਾਂ ਨੂੰ ਬਚਾਉਣ ਦਾ ਸ਼ੱਕੀ ਰੋਲ ਅਦਾ ਕੀਤਾ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਉਕਤ ਪੁਲੀਸ ਅਧਿਕਾਰੀ ਪਿਆਰੇ ਦਾ ਸ਼ਰਧਾਲੂ ਸੀ ਤੇ ਪਿਆਰੇ ਦੀ ਕਿਤਾਬ ਵਿਚ ਥਾਂ-ਥਾਂ ਉਸ ਦੀਆਂ ਤਸਵੀਰਾਂ

ਲੱਗੀਆਂ ਹੋਈਆਂ ਹਨ। ਪਿਆਰਾ ਆਪਣੇ ਡੇਰੇ ਆਉਣ ਵਾਲੇ ਸ਼ਰਧਾਲੂਆਂ, ਭਾਵੇਂ ਉਹ ਮਰਦ ਹੋਵੇ ਜਾਂ ਔਰਤ ਜਾਂ ਕੋਈ ਲੜਕੀ, ਨੂੰ ਅਤਿ-ਸ਼ਰਮਨਾਕ ਗੰਦੀਆਂ ਗਾਲ੍ਹਾਂ ਕੱਢਦਾ ਹੁੰਦਾ ਸੀ। ਉਸ ਵੱਲੋਂ ਸ਼ਰਧਾਲੂਆਂ ਨੂੰ ਗਾਲ੍ਹਾਂ ਕੱਢਦਿਆਂ ਹੋਇਆਂ, ਉਸ ਦੇ ਡੇਰੇ ਵਿਚੋਂ ਬਰਾਮਦ ਕੀਤੀਆਂ ਵੀਡੀਓ ਫਿਲਮਾਂ ਵਿਚ ਦੇਖਣ ਨੂੰ ਮਿਲਿਆ ਹੈ। ਪਰ ਉਸ ਦੇ ਸ਼ਰਧਾਲੂ ਉਸ ਦੀਆਂ ਗਾਲ੍ਹਾਂ ਨੂੰ ਸੁਣਨਾ ਵੀ ਆਪਣੀ ਖੁਸ਼ਕਿਸਮਤੀ ਸਮਝਦੇ ਸਨ। ਪਿਆਰੇ ਨੇ ਆਪਣੇ ਨਜਾਇਜ਼ ਕਬਜ਼ੇ ਵਾਲੀ ਜ਼ਮੀਨ ਵਿਚ ਇਕ ਬਿਨਾਂ ਲਾਇਸੰਸ ਤੋਂ ਇੱਟਾਂ ਦਾ ਭੱਠਾ ਲਗਵਾਇਆ ਸੀ। ਇਸ ਭੱਠੇ ਨਾਲ ਜਿਥੇ ਗ਼ੈਰ-ਕਾਨੂੰਨੀ ਢੰਗ ਨਾਲ ਸਰਕਾਰ ਨੂੰ ਚੂਨਾ ਲੱਗਦਾ ਸੀ, ਉਥੇ ਪੁਰਾਣੇ ਡਿਜ਼ਾਇਨ ਦੀਆਂ ਪਾਬੰਦੀਸ਼ੁਦਾ ਚਿਮਨੀਆਂ ਨਾਲ ਜੰਗਲ ਦੇ ਵਾਤਾਵਰਣ ਵਿਚ ਪ੍ਰਦੂਸ਼ਣ ਫੈਲਦਾ ਸੀ। ਪਿਆਰੇ ਨੇ ਜੰਗਲਾਤ ਵਿਭਾਗ ਦੀ ਜ਼ਮੀਨ ਵਿਚ ਹੀ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਇਕ ਤਲਾਬ ਵੀ ਪੁੱਟਿਆ ਹੋਇਆ ਸੀ, ਜਦਕਿ ਕਿਸੇ ਵਿਅਕਤੀ ਨੂੰ ਜੰਗਲ ਦੀ ਜ਼ਮੀਨ ਵਿਚ ਹੱਲ ਵਾਹੁਣ ਦੀ ਵੀ ਆਗਿਆ ਨਹੀਂ। ਬੀਤੀਆਂ ਪੰਚਾਇਤੀ ਚੋਣਾਂ ਵਿਚ ਪਿਆਰੇ ਨੇ 116 ਵੋਟਾਂ ਡੇਰੇ ਦੇ ਸੇਵਾਦਾਰਾਂ ਦੀਆਂ ਬਣਾ ਕੇ ਪਿੰਡ ਵਿਚ ਆਪਣੇ ਪੱਖ ਦੀ ਪੰਚਾਇਤ ਬਣਵਾਈ ਸੀ। ਦੂਜੇ ਪਾਸੇ ਵਿਕਾਊ ਮੀਡੀਏ ਦੇ ਵੱਡੇ ਹਿੱਸੇ ਨੇ ਪਿਆਰੇ ਦੀਆਂ ਕਰਤੂਤਾਂ ਨੂੰ ਕੇਵਲ ਢੱਕ ਕੇ ਹੀ ਨਹੀਂ ਰੱਖਿਆ ਬਲਕਿ ਉਸ ਦੇ ਹੱਕ ਵਿਚ ਧੜਾਧੜ ਪ੍ਰਚਾਰ ਵੀ ਕੀਤਾ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਆਰੇ ਨੇ ਜਾਇਜ਼ ਤੇ ਨਜਾਇਜ਼ ਤਰੀਕੇ ਨਾਲ ਡੇਰੇ ਦੇ ਨਾਲ ਲਗਦੇ ਪਿੰਡਾਂ ਧਮਾਣਾ, ਰਾਜਗਿਰੀ ਤੇ ਖਟਾਣਾ ਦੀ ਹੱਦ ਅੰਦਰ 52 ਏਕੜ ਨਾਮੀ ਤੇ ਬੇਨਾਮੀ ਜਾਇਦਾਦ ਡੇਰੇ ਦੇ ਨਾਂਅ 'ਤੇ ਖਰੀਦ ਕੇ ਆਪਣੇ ਤੇ ਆਪਣੀਆਂ ਪਤਨੀਆਂ ਦੇ ਨਾਂਅ ਕਰਵਾਈ ਸੀ।

## ਲਾਚਾਰ ਲੋਕਾਂ ਦੀ ਦਾਸਤਾਨ

ਭਨਿਆਰੇ ਦੀ ਤਲਖ਼ੀ ਦਾ ਸ਼ਿਕਾਰ ਹੋਏ ਅਨੇਕਾਂ ਲੋਕ ਅੱਜ ਉਸ ਦੇ ਜੇਲ੍ਹ ਜਾਣ ਤੋਂ ਬਾਅਦ ਚੈਨ ਦੀਂ ਨੀਂਦ ਸੁੱਤੇ ਹਨ। ਜਿਸ ਕਿਸੇ ਵਿਅਕਤੀ ਨੇ ਪਿਆਰੇ ਦੇ ਖਿਲਾਫ਼ ਸੱਚ ਦੀ ਆਵਾਜ਼ ਬੁਲੰਦ ਕੀਤੀ, ਉਸ ਨੂੰ ਪਿਆਰੇ ਤੇ ਉਸ ਦੇ ਪੈਰੋਕਾਰਾਂ ਨੇ ਸਬਕ ਸਿਖਾਉਣ ਦਾ ਤਹੱਈਆ ਕੀਤਾ ਹੋਇਆ ਸੀ। ਪਿਆਰੇ ਦਾ ਚਚੇਰਾ ਭਰਾ ਵਿਸਾਖੀ ਸਿੰਘ ਜਿਸ ਨੂੰ ਪਹਿਲਾਂ ਤਾਂ ਪਿਆਰੇ ਦੇ ਬੰਦਿਆਂ ਨੇ ਕੁੱਟਿਆ, ਪਿੱਛੋਂ ਉਸ 'ਤੇ ਪੰਜਾਬ ਸਰਕਾਰ ਕੋਲੋਂ 4-5 ਨਜਾਇਜ਼ ਕੇਸ ਬਣਵਾ ਦਿੱਤੇ। ਉਸ ਦੇ ਪਿੰਡ ਦਾ ਕਾਮਰੇਡ ਆਗੂ ਮੋਹਣ ਸਿੰਘ ਧਮਾਣਾ, ਪਿਆਰੇ ਦੇ ਜਬਰ ਦਾ ਸ਼ਿਕਾਰ ਅੱਜਕਲ੍ਹ ਕਈ ਮੁਕੱਦਮਿਆਂ ਦੀਆਂ ਤਰੀਕਾਂ ਭੁਗਤ ਰਿਹਾ ਹੈ। ਪਿੰਡ ਮੂਸਾਪੁਰ ਦਾ ਲੇਖਕ ਮੰਗਤ ਰਾਮ, ਜਿਸ ਨੇ ਪਿਆਰੇ ਦੀਆਂ ਕਰਤੂਤਾਂ ਦੀ ਪਟਾਰੀ ਨੂੰ ਜੱਗ

ਦੀ ਕਚਹਿਰੀ ਵਿਚ ਖੋਲ੍ਹਿਆ, ਤਾਂ ਨਾ ਕੇਵਲ ਪਿਆਰੇ ਦੇ ਬੰਦਿਆਂ ਨੇ ਜਾਨ ਲੇਵਾ ਹਮਲੇ ਕੀਤੇ, ਬਲਕਿ ਉਸ 'ਤੇ ਕਈ ਝੂਠੇ ਕੇਸ ਦਰਜ ਕਰਵਾਏ ਗਏ। ਪਿੰਡ ਬੈਂਸ ਦੇ ਨੌਜਵਾਨਾਂ ਨੂੰ ਪਿਆਰਾ ਆਪਣੇ ਸਰਕਾਰੀ ਤੇ ਗ਼ੈਰ-ਸਰਕਾਰੀ ਗੰਨਮੈਨਾਂ ਸਮੇਤ ਚੁੱਕ ਕੇ ਆਪਣੇ ਡੇਰੇ ਲੈ ਗਿਆ, ਜਿਥੇ ਉਨ੍ਹਾਂ ਦੀ ਕੁੱਟਮਾਰ ਕੀਤੀ ਤੇ ਹੱਥ ਵਿਚ ਸ਼ਰਾਬ ਦੀਆਂ ਬੋਤਲਾਂ ਫੜ੍ਹਾ ਕੇ ਤਸਵੀਰਾਂ ਖਿਚਵਾਈਆਂ ਗਈਆਂ। ਇਸ ਸੰਬੰਧੀ ਦੋ ਸਾਲ ਪਿੱਛੋਂ ਅਨੰਦਪੁਰ ਸਾਹਿਬ ਸਿਵਲ ਕੋਰਟ ਨੇ ਉਸ ਨੂੰ ਜ਼ਮਾਨਤੀ ਵਾਰੰਟ ਜਾਰੀ ਕੀਤੇ ਸਨ, ਪਰ ਉਹ ਪੇਸ਼ ਨਹੀਂ ਸੀ ਹੋਇਆ। ਪਿੰਡ ਤਖ਼ਤਗੜ੍ਹ ਦੇ ਵਸਨੀਕ ਮਣਸਾ ਰਾਮ ਦੀ ਜ਼ਮੀਨ ਖਰੀਦ ਕੇ ਉਸ ਨੇ ਆਪਣੇ ਨਾਂਅ ਬਿਆਨਾ ਕਰਵਾ ਲਿਆ, ਜਦੋਂ ਉਸ ਨੂੰ ਪੈਸੇ ਦੇਣ ਦਾ ਸਮਾਂ ਆਇਆ ਤਾਂ ਉਸ ਨੂੰ ਕੇਵਲ 19 ਹਜ਼ਾਰ 50 ਰੁਪਏ ਦੇ ਕੇ ਬਾਕੀ ਫਿਰ ਦੇਣ ਲਈ ਕਿਹਾ ਤੇ ਅੱਜ ਤਕ ਉਸ ਨੂੰ ਨਵਾਂ ਪੈਸਾ ਵੀ ਨਾ ਦਿੱਤਾ। ਜਗਰਾਉਂ ਦੇ ਇਕ ਨੌਜਵਾਨ ਦੀ ਪਤਨੀ ਉਸ ਨੇ ਜ਼ਬਰੀ ਡੇਰੇ ਵਿਚ ਰੱਖ ਲਈ ਤੇ ਉਕਤ ਨੌਜਵਾਨ ਨੇ ਜਦੋਂ ਆਪਣੀ ਪਤਨੀ ਬਾਰੇ ਉਸ ਨੂੰ ਪੁੱਛਿਆ ਤਾਂ ਉਸ ਨੂੰ ਕੁੱਟ-ਮਾਰ ਕੇ ਡੇਰੇ ਵਿਚੋਂ ਭਜਾ ਦਿੱਤਾ ਗਿਆ ਤੇ ਉਕਤ ਨੌਜਵਾਨ ਨੇ ਘਰ ਜਾ ਕੇ ਖ਼ੁਦਕੁਸ਼ੀ ਕਰ ਲਈ, ਜਿਸ ਦਾ ਕੇਸ ਉਕਤ ਨੌਜਵਾਨ ਦੇ ਪਿਤਾ ਵੱਲੋਂ ਜਗਰਾਉਂ ਵਿਖੇ ਦਰਜ਼ ਕਰਵਾਇਆ ਗਿਆ ਹੈ। ਇਸੇ ਤਰ੍ਹਾਂ ਪਿੰਡ ਧਮਾਣਾ ਦੇ ਵਸਨੀਕ ਰਾਣਾ ਐਚਲ ਸਿੰਘ ਦੀ ਜ਼ਮੀਨ ਪਿਆਰੇ ਦੀ ਕੋਠੀ ਦੇ ਸਾਹਮਣੇ ਲੱਗਦੀ ਸੀ, ਪਿਆਰੇ ਵੱਲੋਂ ਆਪਣੀ ਗੱਡੀ ਸਿੱਧੀ ਕੋਠੀ ਅੰਦਰ ਲਿਜਾਣ ਅਤੇ ਸੜਕ ਤੋਂ ਉਸਦੀ ਕੋਠੀ ਸਾਫ਼ ਨਜ਼ਰ ਆਉਣ ਦੀ ਨੀਅਤ ਨਾਲ ਉਸ਼ ਦਾ ਬੀਜਿਆ ਖੇਤ ਉਜਾੜ ਦਿੱਤਾ ਤੇ ਡੰਗਰ ਖੋਲ੍ਹ ਦਿੱਤੇ। ਇਸ ਦਾ ਵਿਰੋਧ ਕਰਨ 'ਤੇ ਆਪਣੇ ਬੰਦਿਆਂ ਵੱਲੋਂ ਰਾਣਾ ਐਚਲ ਸਿੰਘ 'ਤੇ ਫ਼ੌਜਦਾਰੀ ਹਮਲਾ ਕਰਵਾਇਆ ਗਿਆ। ਇਹ ਕੇਸ ਵੀ ਅਨੰਦਪੁਰ ਸਾਹਿਬ ਦੀ ਅਦਾਲਤ ਵਿਚ ਚਲਦਾ ਰਿਹਾ ਹੈ। 'ਭਨਿਆਰਾ ਵਾਲਾ ਵਿਰੋਧੀ ਐਕਸ਼ਨ ਕਮੇਟੀ' ਦੇ ਚੇਅਰਮੈਨ ਜਥੇਦਾਰ ਬਚਨ ਸਿੰਘ ਬੈਂਸ (ਅਕਾਲੀ ਦਲ ਅੰਮ੍ਰਿਤਸਰ ਦੇ ਆਗੂ) 'ਤੇ ਵੀ ਪਿਆਰੇ ਵੱਲੋਂ ਦੋ ਝੂਠੇ ਕੇਸ ਪਵਾਏ ਗਏ ਹਨ।

## ਲੋਕ ਸ਼ਕਤੀ ਦੀ ਜਿੱਤ

ਪਿਆਰੇ ਦੇ ਪਾਖੰਡ ਦਾ ਅੰਤ ਲੋਕ ਸ਼ਕਤੀ ਤੇ ਪੰਥ ਪ੍ਰਸਤੀ ਦੀ ਜਿੱਤ ਹੈ। ਬਲਾਕ ਨੂਰਪੁਰ ਬੇਦੀ ਦੇ ਲੋਕ ਦੋ ਸਾਲਾਂ ਤੋਂ ਉਕਤ ਪਾਖੰਡੀ ਦੇ ਵਿਰੁੱਧ ਸੰਘਰਸ਼ ਉਲੀਕਦੇ ਰਹੇ ਹਨ। ਪਰ ਹਕੂਮਤ ਦੇ ਕੰਨ 'ਤੇ ਜੂੰ ਨਹੀਂ ਸੀ ਸਰਕਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਕਾਰਨ ਸਿੱਖਾਂ ਦੇ ਜ਼ਖਮੀ ਮਨਾ ਦੇ ਰੋਸ ਵਜੋਂ

ਉੱਠਿਆ ਸੰਘਰਸ਼, ਰੋਸ ਮੁਜ਼ਾਹਰੇ ਪੰਜਾਬ ਬੰਦ ਤੇ ਰੋਸ ਮਾਰਚ ਆਦਿ ਆਪਣੀ ਮਿਸਾਲ ਆਪ ਸਨ।

(ਖੰਡੇਧਾਰ 'ਚੋਂ ਧੰਨਵਾਦ ਸਹਿਤ)

## ਲਓ ਹੁਣ ਇਕ ਬਾਬੇ ਨੇ ਆਪਣਾ 'ਗੁਰੂ ਗ੍ਰੰਥ' ਵੀ ਲਿਖ ਮਾਰਿਆ ਜੇ

13 ਅਪ੍ਰੈਲ, 2001 ਦੀ ਜੱਗਬਾਣੀ ਅਖ਼ਬਾਰ ਵਿਚ ਸਿੱਖ ਹਿਰਦਿਆਂ ਨੂੰ ਵਲੂੰਧਰਣ ਵਾਲੀ ਖ਼ਬਰ (ਸਪਲੀਮੈਂਟ ਦੇ ਰੂਪ ਵਿਚ) ਪ੍ਰਕਾਸ਼ਿਤ ਹੋਈ ਜਿਸ ਨੂੰ ਪੜ੍ਹ ਕੇ ਹਰ ਗੁਰਸਿੱਖ ਦਾ ਹਿਰਦਾ ਅਸਹਿ ਪੀੜਾ ਨਾਲ ਤੜਪ ਉਠਿਆ। ਸਪਲੀਮੈਂਟ ਵਿਚ ਬਾਬਾ ਪਿਆਰਾ ਸਿੰਘ ਪਿੰਡ ਭਨਿਆਰਾ ਜ਼ਿਲ੍ਹਾ ਰੋਪੜ ਨੇ ਇਕ 2704 ਪੰਨਿਆਂ ਵਾਲਾ ਗ੍ਰੰਥ ਤਿਆਰ ਕੀਤਾ ਹੈ ਜਿਸ ਬਾਰੇ ਉਸ ਦੇ ਚੇਲਿਆਂ ਨੇ ਅਖ਼ਬਾਰ ਵਿਚ ਫ਼ੋਟੋਆਂ ਦੇ ਹੇਠਾਂ "ਆਪ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਤਸਵ 'ਤੇ ਲੱਖ ਲੱਖ ਵਧਾਈ ਹੋਵੇ" ਲਿਖਿਆ ਹੈ। ਇਸ 'ਗ੍ਰੰਥ' ਦਾ ਵਿਸਾਖੀ ਵਾਲੇ ਦਿਨ ਅਖੰਡ ਪਾਠ ਦਾ ਭੋਗ ਪਾਇਆ ਗਿਆ। ਇਸ ਗ੍ਰੰਥ ਦਾ ਮਕਸਦ ਧੁਰ ਕੀ ਬਾਣੀ (ਗੁਰੂ ਗ੍ਰੰਥ ਸਾਹਿਬ) ਤੋਂ ਲੋਕਾਈ ਨੂੰ ਤੋੜਨਾ ਹੈ। ਪਿਆਰਾ ਸਿੰਘ ਦੇ ਡੇਰੇ 'ਤੇ ਤਾਂ ਜੋ ਹੋਇਆ ਸੋ ਹੋਇਆ ਪਰ ਕਲ ਨੂੰ ਇਹ ਮੰਡਲੀ ਇਹ ਗ੍ਰੰਥ ਟਰਾਲੀ 'ਤੇ ਰੱਖ ਕੇ ਪਾਲਕੀ ਵਿਚ ਸਜਾ ਕੇ ਬਜ਼ਾਰਾਂ ਵਿਚ ਲੈ ਆਈ ਤਾਂ ਭੁਲੇਖੇ ਵਿਚ ਸਿੱਖ ਇਸ ਨੂੰ ਮੱਥੇ ਵੀ ਟੇਕਣ ਲੱਗ ਜਾਣਗੇ। ਸਥਿਤੀ ਬੜੀ ਹਾਸੋਹੀਣੀ ਹੋ ਜਾਵੇਗੀ ਕਿਉਂਕਿ ਸਿੱਖ ਤਾਂ ਗੁਰੂ ਗ੍ਰੰਥ ਸਾਹਿਬ ਤੋਂ ਛੁੱਟ ਕਿਸੇ ਅੱਗੇ ਸੀਸ ਨਹੀਂ ਝੁਕਾਉਂਦਾ। ਇਹ ਟਪਲਾ ਹਰ ਸਿੱਖ ਖਾ ਸਕਦਾ ਹੈ ਕਿਉਂਕਿ ਇਸ ਦੇ ਪ੍ਰਬੰਧਕ ਅੰਮ੍ਰਿਤਧਾਰੀ ਹੀ ਹੋਣਗੇ। ਇਸ ਸਪਲੀਮੈਂਟ ਵਿਚ 72 ਫ਼ੋਟੋਆਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚ 8 ਫ਼ੋਟੋਆਂ ਨਿਹੰਗਾਂ ਦੀਆਂ (ਜੱਥੇ ਸਮੇਤ) ਸਨ ਤੇ ਬਾਕੀ 64 ਫ਼ੋਟੋਆਂ ਵਿਚੋਂ 34 ਸਿੱਖਾਂ ਦੀਆਂ। ਇਕ ਫ਼ੋਟੋ ਵਿਚ ਨਿਹੰਗ ਸਿੰਘ ਜੱਥਾ ਖੜ੍ਹਾ ਹੈ ਤੇ ਹੱਥ ਵਿਚ ਤਖ਼ਤੀ ਫੜੀ ਹੋਈ ਹੈ ਜਿਸ ਉੱਪਰ ਲਿਖਿਆ ਸੀ, "ਧੰਨ ਧੰਨ ਮਹਾਂਬਲੀ ਅਵਤਾਰ ਸਤਿਗੁਰੂ ਪਿਆਰਾ ਸਿੰਘ ਜੀ ਨੇ ਇਹ ਗ੍ਰੰਥ ਲਿਖਣ ਲਈ ਨਾ ਕਿਸੇ ਪੀਰ ਪੈਗ਼ੰਬਰ ਦੀ, ਨਾ ਕਿਸੇ ਅਵਤਾਰ ਦੀ ਓਟ ਲਈ ਤੇ ਨਾ ਹੀ ਕਿਸੇ ਗ੍ਰੰਥ ਦੀ ਨਕਲ ਕੀਤੀ...। ਇਹਨਾਂ ਆਪਣਾ ਗ੍ਰੰਥ ਆਪ ਹੀ ਤਿਆਰ ਕੀਤਾ ਹੈ। ਇਸ ਗ੍ਰੰਥ ਸਾਹਿਬ ਦੀ ਸੱਭ ਨੂੰ ਲੱਖ ਲੱਖ ਵਧਾਈ ਹੋਵੇ।" ਇਕ ਫ਼ੋਟੋ ਵਿਚ ਭਾਗ ਸਿੰਘ ਸ਼੍ਰੋਮਣੀ ਅਕਾਲੀ ਦਲ ਮਾਨ (ਰੋਪੜ) ਦੇ ਪ੍ਰਧਾਨ ਨੇ ਤਖ਼ਤੀ ਫੜੀ ਹੋਈ ਹੈ। ਇਕ ਵਿਚ ਨਿਹੰਗ ਜਾਗੋ ਕੱਢ ਰਹੇ ਹਨ। ਇਕ ਫ਼ੋਟੋ ਵਿਚ ਸਿਰਫ਼ ਗਿਣਤੀ ਦੇ 21 ਵਿਅਕਤੀ ਖਲੋਤੇ ਹਨ ਜਿਨ੍ਹਾਂ ਵਿਚੋਂ ਕੁਝ ਦੇ ਗਲਿਆਂ ਵਿਚ ਕ੍ਰਿਪਾਨਾਂ ਸਨ ਪਰ ਫ਼ੋਟੋ ਦੇ ਹੇਠਲੇ ਪਾਸੇ ਲਿਖਿਆ ਸੀ "35000 (ਪੈਂਤੀ ਹਜ਼ਾਰ)

ਅੰਮ੍ਰਿਤਧਾਰੀ ਸਿੰਘ ਬਾਬਾ ਪਿਆਰਾ ਸਿੰਘ ਜੀ ਦੇ ਜੈਕਾਰੇ ਲਾਉਂਦੇ ਹੋਏ ਅਤੇ ਗ੍ਰੰਥ ਸਾਹਿਬ ਦੀ ਵਧਾਈ ਦੇਂਦੇ ਹੋਏ।" ਕਿੰਨੀ ਹੈਰਾਨੀ ਦੀ ਗੱਲ ਹੈ ਕਿ ਬੰਦੇ 21 ਲਿਖਣਾ 35000 ਤਾਂਕਿ ਦੁਨੀਆ ਸਮਝੇ ਕਿ ਇਹ ਪੰਥ ਦਾ ਹੀ ਕੰਮ ਹੈ ਤੇ ਨੇਪਰੇ ਚੜ੍ਹਨਾ ਹੀ ਚਾਹੀਦਾ ਹੈ। ਇਕ ਸੱਚਾ ਅੰਮ੍ਰਿਤਧਾਰੀ ਤਾਂ ਅਕਾਲ ਦਾ ਪੁਜਾਰੀ ਹੈ, ਕਿਸੇ ਦੇਹਧਾਰੀ ਦੇ ਸੋਹਲੇ ਨਹੀਂ ਗਾਉਂਦਾ। ਇਹ ਕੈਸੇ ਅੰਮ੍ਰਿਤਧਾਰੀ ਹਨ ਜੋ ਗੁਰਤਾ ਗੱਦੀ 'ਤੇ ਬਿਰਾਜਮਾਨ ਧੁਰ ਕੀ ਬਾਣੀ ਦੇ ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਕਿਸੇ ਬਾਬੇ ਵੱਲੋਂ ਤਿਆਰ ਕੀਤੇ ਹੋਏ ਗ੍ਰੰਥ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦੇ ਰਹੇ ਹਨ ? ਇਹਨਾਂ 'ਅੰਮ੍ਰਿਤਧਾਰੀਆਂ' ਦੀਆਂ ਕਰਤੂਤਾਂ ਨੇ ਪੰਥ ਅੰਦਰ ਤਰਥੱਲੀ ਮਚਾ ਦਿੱਤੀ ਹੈ ਤੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਇਕੱਠਿਆਂ ਹੋਣਾ ਸਮੇਂ ਦੀ ਮੰਗ ਹੈ। ਅੱਜ ਤਖ਼ਤਾਂ ਦੇ ਜਥੇਦਾਰਾਂ ਦੇ ਜਾਗਣ ਦਾ ਸਮਾਂ ਹੈ ਤਾਂ ਜੋ ਪੰਥ ਨੂੰ ਨਾਲ ਲੈ ਕੇ ਕੋਈ ਸਾਰਥਕ ਹੱਲ ਲੱਭਿਆ ਜਾ ਸਕੇ, ਭਵਿੱਖ ਵਿਚ ਐਸੀਆਂ ਘਟਨਾਵਾਂ ਨਾ ਹੋਣ ਤੇ ਕੋਈ ਵੀ ਪੰਥ-ਵਿਰੋਧੀ, ਸਿੱਖ ਪੰਥ ਦੇ ਮੁੱਢਲੇ ਅਸੂਲਾਂ, ਸਿਧਾਂਤਾਂ ਤੇ ਮਰਯਾਦਾ ਦੇ ਵਿਰੁੱਧ ਖਲੋਣ ਦਾ ਹੀਆ ਨਾ ਕਰੇ।

**ਬਾਬੇ ਭਨਿਆਰਾ ਵਾਲੇ ਦੇ ਗ੍ਰੰਥ ਵਿਚ ਇਤਰਾਜ਼ਯੋਗ ਗੱਲਾਂ ਹੇਠ ਲਿਖੀਆਂ ਹਨ।**

27 (1) ਪਹਿਲਾਂ ਜਿੰਨੇ ਵੀ ਲੋਕਾਂ ਕੋਲ ਤੀਰ ਕਮਾਨ, ਕਲਗੀ ਅਤੇ ਕ੍ਰਿਪਾਨਾਂ ਸਨ। ਉਹ ਸ਼ਸ਼ਤਰ ਲੈ ਕੇ ਰੱਖਦੇ ਸਨ ਪਰ ਮੇਰੀ ਕਲਗੀ, ਕ੍ਰਿਪਾਨ ਅਤੇ ਤੀਰ ਕਮਾਨ ਉਸਦੇ ਆਪ ਭੇਜੇ ਹਨ।

70 (2) ਇਕ ਵਾਰੀ ਇਕ ਅੰਮ੍ਰਿਤਧਾਰੀ ਸਿੱਖ ਗੁਰਦੁਆਰੇ ਜਾਂਦਾ ਹੁੰਦਾ ਸੀ। ਉਸਨੇ ਬਹੁਤ ਅਰਦਾਸਾਂ ਕੀਤੀਆਂ ਪਰ ਕਿਸੇ ਨੇ ਉਸਦੀ ਬਾਂਹ ਨਾ ਫੜੀ ਪਿਆਰਾ ਸਿੰਘ ਨੇ ਉਸ ਨੂੰ ਦਰਸ਼ਨ ਦੇ ਕੇ ਭਨਿਆਰੇ ਲਿਆਂਦਾ ਉਸਦੀ ਬਾਂਹ ਫੜੀ।

116 (3) ਅੰਮ੍ਰਿਤਧਾਰੀਆਂ ਨੂੰ ਦਰਸ਼ਨ ਦੇ ਕੇ ਫੜ ਲਿਆਂਦਾ ਵਿਚ ਮੈਦਾਨ ਤੋੜਿਆ ਉਨ੍ਹਾਂ ਦਾ ਅਭਿਮਾਨ।

134 (4) ਦੀਨ ਗੁਆਇਆ ਦੁਨੀ ਸਿਉਂ ਦੁਨੀ ਨਾ ਚਲੀ ਸਾਥ ਰੱਬ ਨੂੰ ਭੁੱਲ ਬੈਠ ਗਿਆ ਕਿਸੇ ਨਾ ਦਿਤਾ ਸਾਥ।

144 (5) ਕਰਨੀ ਆਪੋ ਆਪਣੀ ਲੇਖੇ ਹੋਏ ਹਿਸਾਬ ਰੱਬ ਨੇ ਲੇਖਾ ਮੰਗਣਾ ਦੇਣਾ ਪਵੇਗਾ ਜਵਾਬ।

701 (6) ਇਕ ਵਾਰੀ ਇਕ ਅੰਮ੍ਰਿਤਧਾਰੀ ਡੇਰੇ ਆਇਆ ਅਤੇ ਕਿਹਾ ਤੁਸੀਂ ਗੁਰੂ ਗ੍ਰੰਥ ਦਾ ਪ੍ਰਕਾਸ਼ ਕਿਉਂ ਨਹੀਂ ਕੀਤਾ ਬਾਬਾ ਪਿਆਰਾ ਸਿੰਘ

ਨੇ ਕਿਹਾ ਇਸ ਦਾ ਕੋਈ ਮਹਾਤਮ ਨਹੀਂ ਹੈ ਕੁਝ ਦੇਰ ਬਾਅਦ ਉਸ ਅੰਮ੍ਰਿਤਧਾਰੀ ਦੀਆਂ ਲੱਤਾਂ ਟੁੱਟ ਗਈਆਂ। ਅਕਾਲਪੁਰਖ ਨੇ ਮੇਰਾ ਰੂਪ ਧਾਰਨ ਕਰਕੇ ਭਨਿਆਰੇ ਲੈ ਆਂਦਾ ਅਤੇ ਠੀਕ ਕੀਤਾ। ਮੈਂ ਪੁੱਛਦਾਂ ਇਸ ਨੇ ਅੰਮ੍ਰਿਤ ਛਕਿਆ ਹੋਇਆ ਸੀ। ਠੀਕ ਕਿਉਂ ਨਹੀਂ ਹੋਇਆ। ਇਹ ਸਿੰਘ ਮੇਹਤਿਆਣੇ ਗੁਰਦੁਆਰਾ ਸੇਵਾ ਕਰਦਾ ਹੁੰਦਾ ਸੀ। ਉਥੇ ਰੱਬ ਨੇ ਕਿਸੇ ਅੰਮ੍ਰਿਤਧਾਰੀ ਦੇ ਰੂਪ ਵਿਚ ਦਰਸ਼ਨ ਕਿਉਂ ਨਹੀਂ ਦਿੱਤੇ।

757 (7) ਗੁਰਦੁਆਰੇ ਜਾਂ ਮੰਦਰ ਉੱਪਰ ਸੋਨਾ ਚੜ੍ਹਾਉਣ ਨਾਲ ਕਲਯੁਗ ਵਿਚ ਵਾਸਾ ਹੁੰਦਾ ਹੈ।

826 (8) ਇਕ ਵਾਰ ਗੁਰੂ ਗੋਬਿੰਦ ਸਿੰਘ ਲੋਕਾਂ ਦੇ ਸਤਾਏ ਜੰਗਲਾਂ ਵਿਚ ਚਲੇ ਗਏ ਸਨ।

830 (9) ਚਾਨਣੀਆਂ ਨੂੰ ਅੱਗ ਲੱਗਣ ਦੀ ਸਾਖੀ—ਇਕ ਦਿਨ ਅਨੰਦਪੁਰ ਦੇ ਲਾਗੇ ਇਕ ਪਿੰਡ ਵਿਚ ਅਖੰਡ ਪਾਠ ਚੱਲ ਰਹੇ ਸਨ। ਗ੍ਰੰਥੀ ਸਿੰਘ ਨੇ ਮੱਧ ਦੀ ਅਰਦਾਸ ਵੇਲੇ ਸਾਡੇ ਗ੍ਰੰਥ ਦਾ ਸਤਿਕਾਰ ਨਹੀਂ ਕੀਤਾ। ਆਪਣੇ ਗ੍ਰੰਥ ਦਾ ਉਹਨਾਂ ਨੇ ਸਤਿਕਾਰ ਕਰ ਲਿਆ ਤਾਂ ਦੇਖਦੇ ਹੀ ਚਾਨਣੀਆਂ ਨੂੰ ਅੱਗ ਲੱਗ ਗਈ। ਘਰ ਵਾਲਿਆਂ ਨੇ ਦੇਖਿਆ ਕਿ ਸਤਿਗੁਰ ਪਿਆਰਾ ਸਿੰਘ ਨੇ ਸੀਸ ਗੰਜ ਗੁਰਦੁਆਰੇ ਤੋਂ ਉਤਰ ਕੇ ਅਤੇ ਉਸ ਨਾਲ ਪੰਜ ਆਦਮੀ ਹੋਰ ਸਨ ਅੱਗ ਬੁਝਾ ਦਿੱਤੀ। ਸਤਿਗੁਰੂ ਪਿਆਰਾ ਸਿੰਘ ਨੇ ਕਿਹਾ ਕਿ ਗ੍ਰੰਥੀ ਨੇ ਸਾਡੇ ਗ੍ਰੰਥ ਦਾ ਸਤਿਕਾਰ ਨਹੀਂ ਕੀਤਾ ਇਸ ਲਈ ਲੱਗ ਲੱਗੀ ਹੈ। ਇਸ ਦਾ ਵੀ ਸਤਿਕਾਰ ਕਰੋ ਨਹੀਂ ਤਾਂ ਅਖੰਡ ਪਾਠ ਸਿਰੇ ਨਹੀਂ ਚੜ੍ਹਨ ਦੇਵਾਂਗੇ।

919 (10) ਮੈਹਤੀਆਣੇ ਗੁਰਦੁਅਰੇ ਵਿਚ ਇਕ ਅੰਮ੍ਰਿਤਧਾਰੀ ਯੁਗਰਾਜ ਸਿੰਘ ਰਹਿੰਦਾ ਹੁੰਦਾ ਸੀ ਉਸਨੇ ਬਹੁਤ ਅਰਦਾਸਾਂ ਕੀਤੀਆਂ ਪਰ ਉਸ ਨੂੰ ਦਰਸ਼ਨ ਨਾ ਹੋਏ ਤਾਂ ਸਤਿਗੁਰੂ ਪਿਆਰਾ ਸਿੰਘ ਨੇ ਉਸਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ।

995 (11) ਮਨਜੀਤ ਕੌਰ ਦੀ ਸਾਖੀ—ਕਰਮਜੀਤ ਸਿੰਘ ਜੋ ਕਿ ਪਿੰਡ ਦੇ ਗੁਰਦੁਆਰੇ ਵਿਚ ਗ੍ਰੰਥੀ ਸਿੰਘ ਦੀ ਡਿਊਟੀ ਕਰਦਾ ਸੀ ਉਸਦੀ ਅੱਖਾਂ ਦੀ ਲਾਈਟ ਬੰਦ ਹੋ ਗਈ ਅਤੇ ਉਸਦੀ ਪਤਨੀ ਅਧਰੰਗ ਦੀ ਮਰੀਜ਼ ਹੋ ਗਈ। ਇਹਨਾਂ ਨੇ ਦਰਬਾਰ ਸਾਹਿਬ ਅਖੰਡ ਪਾਠ ਵੀ ਕਰਵਾਇਆ ਅਤੇ ਅਰਦਾਸਾਂ ਵੀ ਕਰਵਾਈਆਂ। ਕਈ

ਗੁਰਦੁਆਰਿਆਂ ਵਿਚ ਸੇਵਾ ਵੀ ਕੀਤੀ ਪਰ ਠੀਕ ਨਹੀਂ ਹੋਏ। ਬਾਬੇ ਭਨਿਆਰੇ ਵਾਲੇ ਨੇ ਉਹਨਾਂ ਦੀ ਬਿਮਾਰੀ ਦੂਰ ਕੀਤੀ। ਕਰਮਜੀਤ ਸਿੰਘ ਨੇ ਅਨੰਦਪੁਰ ਸਾਹਿਬ 300 ਸਾਲਾ ਜਸ਼ਨ ਮਨਾਉਣ ਲਈ ਜਾਣਾ ਸੀ। ਉਸਨੇ ਆਪਣੀ ਪਤਨੀ ਨੂੰ ਕਿਹਾ ਤੂੰ ਵੀ ਚੱਲ ਪਰ ਉਹ ਭਨਿਆਰੇ ਆ ਗਈ ਅਤੇ ਬਾਬੇ ਨੂੰ ਦੱਸਿਆ। ਬਾਬੇ ਨੇ ਕਿਹਾ ਕਿ 300 ਸਾਲਾ ਮਨਾਉਣ ਵਾਲੇ ਚੌਰਾਸੀ ਦੇ ਚੱਕਰਾਂ ਵਿਚ ਪਏ ਹੋਏ ਹਨ ਜੇ ਗੁਰਦੁਆਰੇ ਵਿਚ ਕੁਝ ਹੁੰਦਾ ਤੇਰੀ ਬਿਮਾਰੀ ਉਥੋਂ ਠੀਕ ਨਹੀਂ ਹੁੰਦੀ।

1044 (12) ਕਿਸੇ ਵੀ ਅਵਤਾਰ ਜਾਂ ਮਹਾਂਪੁਰਖ ਨੇ ਇਕੋ ਸਮੇਂ ਦੋ ਜਗ੍ਹਾ ਨਾਮ ਦਾਨ ਜਾਂ ਅੰਮ੍ਰਿਤ ਨਹੀਂ ਛਕਾਇਆ। ਸਤਿਗੁਰੂ ਪਿਆਰਾ ਸਿੰਘ ਧਰਮ ਕਲਾ ਅਸਥਾਨ ਬੈਠੇ ਨਾਮ ਦਾਨ ਦੇ ਰਹੇ ਹੁੰਦੇ ਹਨ ਦੂਜੇ ਪਾਸੇ ਅਕਾਲ ਪੁਰਖ ਦਾ ਰੂਪ ਧਾਰ ਕੇ ਸੰਗਤਾਂ ਨੂੰ ਤਾਰ ਰਹੇ ਹੁੰਦੇ ਹਨ।

1050 (13) ਗੁਰੂ ਨਾਨਕ ਦੇਵ ਜੀ, ਕਬੀਰ ਸਾਹਿਬ, ਭਗਤ ਰਵਿਦਾਸ ਜੀ, ਭਗਤ ਨਾਮਦੇਵ ਜੀ ਇਸ ਧਰਤੀ 'ਤੇ ਆਏ ਜੇ ਉਹ ਵੀ ਕ੍ਰਿਸ਼ਮੇ ਨਾ ਦਿਖਾਉਂਦੇ ਤਾਂ ਉਹਨਾਂ ਨੂੰ ਕਿਸੇ ਨੇ ਮੰਨਣਾ ਨਹੀਂ ਸੀ। ਭਾਈ ਸਿੱਖਾ ਅਸੀਂ ਕੁਝ ਨਹੀਂ ਲੈਣਾ ਸੱਚ ਦੀ ਟੋਲ ਕਰਕੇ ਪਰਮਾਤਮਾ ਨੂੰ ਮਿਲਣਾ ਹੈ।

1107 (14) ਸਾਖੀ ਮਨਜੀਤ ਕੌਰ—ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ 'ਤੇ ਮਨਜੀਤ ਕੌਰ ਨੂੰ ਸਤਿਗੁਰੂ ਪਿਆਰਾ ਸਿੰਘ ਨੇ ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ ਦਰਸ਼ਨ ਦਿੱਤੇ ਅਤੇ ਤੱਤੀ ਤਵੀ 'ਤੇ ਬੈਠੇ ਦਿਖਾਇਆ। ਸਾਰਾ ਸਰੀਰ ਛਾਲਿਆਂ ਨਾਲ ਭਰਿਆ ਪਿਆ ਸੀ। ਰੂਪ ਪਲਟ ਕੇ ਦੇਖਿਆ ਤਾਂ ਪਿਆਰਾ ਸਿੰਘ ਬੈਠੇ ਦਿਖਾਈ ਦਿੱਤੇ। ਉਸ ਦੇ ਕੋਲ ਜਵਾਨ ਲੜਕੀ ਖੜੀ ਦਿਖਾਈ ਦਿੱਤੀ। ਗੁਰੂ ਅਰਜਨ ਦੇਵ ਜੀ ਨੇ ਪਿਆਰਾ ਸਿੰਘ ਦੇ ਰੂਪ ਵਿਚ ਕਿਹਾ ਕਿ ਭਾਈ ਤੂੰ ਜੰਗਲ ਵਿਚ ਜਾਨਵਰਾਂ ਦੀ ਸੇਵਾ ਕਰਨ ਕਿਉਂ ਨਹੀਂ ਗਈ। ਮੇਰੇ ਹੁਕਮ ਦੀ ਕਾਰ ਕਰ ਇਹ ਹੁਕਮ ਦੀ ਸੇਵਾ ਹੈ। ਫਿਰ ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ ਕਿਹਾ ਕਿ ਮੈਨੂੰ ਤਾਂ ਇਹ ਦੁਨੀਆਂ ਵਾਲਿਆਂ ਨੇ ਤੱਤੀ ਤਵੀ 'ਤੇ ਬਿਠਾ ਦਿੱਤਾ ਮੈਨੂੰ ਵੀ ਨਹੀਂ ਬਖਸ਼ਿਆ।

1202 (15) ਇਕ ਪਿੰਡ ਦੇ ਗੁਰਦੁਆਰੇ ਵਿਚ ਸਤਿਗੁਰੂ ਪਿਆਰਾ ਸਿੰਘ ਦੀ

ਗੀਲ ਲੱਗੀ ਹੋਈ ਸੀ। ਗੰਥੀ ਜੀ ਨੇ ਗੀਲ ਬੰਦ ਕਰ ਦਿੱਤੀ। ਸਤਿਗੁਰੂ ਪਿਆਰਾ ਸਿੰਘ ਨੇ ਦਰਸ਼ਨ ਦੇ ਕੇ ਭਨਿਆਰੇ ਚੁੱਕ ਲਿਆਂਦਾ ਗੰਥੀ ਸਿੰਘ ਸ਼ਰਧਾਵਾਨ ਹੋ ਗਿਆ ਅਤੇ ਕਹਿੰਦਾ ਹੈ ਕਿ ਮੈਨੂੰ ਅਸਲ ਰੱਬ ਹੁਣ ਮਿਲਿਆ ਹੈ ਜਿਸ ਨੇ ਹੁਣ ਮੇਰੀ ਬਾਂਹ ਫੜੀ ਹੈ।

1240 (16) ਅੰਮ੍ਰਿਤਸਰ ਤੋਂ ਕਿਸੇ ਵਿਅਕਤੀ ਨੇ ਸਤਿਗੁਰ ਪਿਆਰਾ ਸਿੰਘ ਨੂੰ ਚਿੱਠੀ ਕੱਢ ਦਿੱਤੀ ਕਿ ਆ ਕੇ ਅਕਾਲ ਤਖ਼ਤ 'ਤੇ ਪੇਸ਼ ਹੋ। ਸਤਿਗੁਰ ਜੀ ਨੇ ਕਿਹਾ ਕਿ ਮੈਂ ਰੱਬ ਦਾ ਭੇਜਿਆ ਹੋਇਆ ਹਾਂ ਹੁਕਮ ਦੀ ਕਾਰ ਕਰਦਾ ਹਾਂ ਮੈਂ ਤਲਬ ਨਹੀਂ ਹੋਵਾਂਗਾ ਕੁਝ ਦਿਨ ਬਾਅਦ ਮੇਰੇ ਸੇਵਕਾਂ ਨੇ ਦੱਸਿਆ ਕਿ ਅਖ਼ਬਾਰ ਵਿਚ ਆਇਆ ਹੈ ਕਿ ਤੁਹਾਨੂੰ ਪੰਥ ਵਿਚੋਂ ਕੱਢ ਦਿੱਤਾ ਹੈ। ਸਤਿਗੁਰ ਜੀ ਨੇ ਜਵਾਬ ਦਿੱਤਾ ਕਿ ਮੈਂ ਪੰਥ ਵਿਚ ਰਲਿਆ ਕਦੋਂ ਸੀ ਮੈਂ ਤੇਰਾ ਸਵਾਲੀ ਕਦੋਂ ਹੋਇਆ ਸੀ ਕਿ ਮੈਨੂੰ ਪੰਥ ਵਿਚ ਰਲਾ ਦਿੱਤਾ ਮੈਂ ਤਾਂ ਕੀ ਮੇਰੀ ਜੁੱਤੀ ਵੀ ਤੈਨੂੰ ਸਲਾਮ ਨਹੀਂ ਕਰਦੀ ਅਕਾਲ ਪੁਰਖ ਨੇ ਕਿਹਾ ਸੀ ਕਿ ਝੂਠੇ ਪੰਥ ਨਹੀਂ ਰਹਿਣੇ। ਅਗਲੇ ਦਿਨ ਸਵੇਰੇ ਪਿੰਡ ਲਡਾਲੇ ਦੀ ਰਹਿਣ ਵਾਲੀ ਮਾਤਾ ਅੰਮ੍ਰਿਤ ਵੇਲੇ ਗੁਰਦੁਆਰੇ ਚੱਲੀ ਤਾਂ ਗੁਰੂ ਅਰਜਨ ਦੇਵ ਜੀ ਨੇ ਦਰਸ਼ਨ ਦੇ ਕੇ ਕਿਹਾ ਕਿ ਗੁਰਦੁਆਰੇ ਵਿਚ ਕੁਝ ਨਹੀਂ ਤੂੰ ਓਥੇ ਨਾ ਜਾਹ, ਤੂੰ ਭਨਿਆਰੇ ਜਾ। ਦੁਨੀਆ ਦਾ ਅਵਤਾਰ ਸਤਿਗੁਰ ਪਿਆਰਾ ਸਿੰਘ ਧਰਤੀ ਪਰ ਆ ਗਿਆ ਹੈ ਜਾ ਕੇ ਦਰਸ਼ਨ ਕਰ ਲੈ ਨਾਲ ਮੱਕੀ ਦਾ ਪ੍ਰਸ਼ਾਦਾ

1295 (17) ਜੋ ਅੰਮ੍ਰਿਤ ਛਕਾ ਕੇ ਸਿੱਖ ਬਣਾ ਕੇ ਤਾਰੇ ਉਹ ਮੁਰਸ਼ਦ ਨਹੀਂ ਕਹਾਉਂਦਾ।

1325 (18) ਹੁਕਮੈ ਲੈ ਅੰਦਰ ਸਭ ਕੋ ਬਾਹਰ ਹੁਕਮ ਨਾ ਕੋਇ ਜਿੱਥੇ ਰੱਖੇ ਪਰਮੇਸ਼ਰ ਸਵਾਮੀ ਉਥੇ ਕਰੇ ਵਾਸ।

1415 (19) ਸਤਿਗੁਰ ਪਿਆਰਾ ਸਿੰਘ ਜੀ ਪਾਸ ਨਿਹੰਗ ਸਿੰਘਾਂ ਦੀ ਫੌਜ ਆਈ ਉਹਨਾਂ ਵਿਚ ਜਥੇਦਾਰ ਬਾਬਾ ਸਤਨਾਮ ਸਿੰਘ ਪ੍ਰਧਾਨ ਸ਼੍ਰੋਮਣੀ ਪੰਥ, ਅਕਾਲੀ ਤਰਨਾ ਦਿਲ ਪੰਜਵਾਂ ਤਖ਼ਤ ਗੁਰਦੁਆਰਾ ਸਾਹਿਬ ਅਕਾਲਗੜ੍ਹ ਬਟਾਲਾ ਵੀ ਨਾਲ ਸੀ। ਸਤਿਗੁਰ ਪਿਆਰਾ ਸਿੰਘ ਨੇ ਉਹਨਾਂ ਨੂੰ ਦਰਸ਼ਨ ਦਿੱਤੇ ਉਹਨਾਂ ਨੇ ਰਸਦ ਦੀ ਮੰਗ ਕੀਤੀ। ਸਤਿਗੁਰ ਜੀ ਨੇ ਉਹਨਾਂ ਨੂੰ ਰਾਸ਼ਨ, ਘਿਓ ਦੇ ਪੀਪੇ, ਬਸਤਰ ਅਤੇ ਮਾਇਆ ਦੇ ਕੇ ਵਿਦਾ ਕੀਤਾ।

## ਨਕਲੀ ਗੁਰੂ, ਆਸ਼ਤੋਸ਼, ਨੂਰ ਮਹਿਲੀਆ

ਅਖੌਤੀ ਸਾਧ ਆਸ਼ੂਤੋਸ਼ ਦਾ ਅਸਲੀ ਨਾਂ ਮਹੇਸ਼ ਕੁਮਾਰ ਝਾਅ ਹੈ ਤੇ ਪਿਤਾ ਦਾ ਨਾਂ ਦੇਵਾਨੰਦ ਝਾਅ ਹੈ। ਜਾਤ ਦਾ ਇਹ ਬ੍ਰਾਹਮਣ ਹੈ। ਆਸ਼ੂਤੋਸ਼ ਦਾ ਪਿੰਡ ਲਖਨੌਰ, ਤਹਿਸੀਲ ਲਾਲ ਬਾਗ, ਜ਼ਿਲਾ ਦਰਭੰਗਾ (ਬਿਹਾਰ) ਹੈ। ਦਰਭੰਗਾ ਜ਼ਿਲ੍ਹੇ ਦੇ ਡੀ.ਸੀ. ਵੱਲੋਂ ਦਿੱਤਾ ਪ੍ਰਮਾਣ ਪੱਤਰ ਇਸ ਦਾ ਸਬੂਤ ਹੈ। ਸ਼ੁਰੂ ਵਿਚ ਇਸ ਨੇ ਮਾਨਵ ਕੇਂਦਰੀ ਦਿੱਲੀ ਤੋਂ ਨਾਮ ਸਿਮਰਨ ਲਿਆ ਅਤੇ ਥੋੜ੍ਹੀ ਦੇਰ ਬਾਅਦ ਮਾਨਵ ਕੇਂਦਰੀ ਦਿੱਲੀ ਦਾ ਪ੍ਰਚਾਰਕ ਬਣ ਗਿਆ। ਇਸ ਨੇ ਆਪਣਾ ਦੂਜਾ ਨਾਂ 'ਵੇਦ ਪ੍ਰਪੱਕਤਾ ਨੰਦ' ਰੱਖ ਲਿਆ ਜਿਸ ਦੀ ਪੁਸ਼ਟੀ ਇਸ ਦੇ ਪਾਸਪੋਰਟ ਤੋਂ ਹੁੰਦੀ ਹੈ। ਮਾਨਵ ਕੇਂਦਰ ਦਿੱਲੀ ਨੇ ਵੇਦ ਪ੍ਰਪੱਕਤਾ ਨੰਦ ਨੂੰ ਆਪਣੀ ਸੰਸਥਾ ਦੇ ਪ੍ਰਚਾਰ ਲਈ ਪ੍ਰਚਾਰਕ ਦਾ ਸਰਟੀਫ਼ਿਕੇਟ ਦੇ ਕੇ ਇਕ ਮਹੀਨੇ ਲਈ ਇੰਗਲੈਂਡ ਭੇਜਿਆ। ਕਾਮ ਵਾਸਨਾ ਦਾ ਭੁੱਖਾ ਪ੍ਰਪੱਕਤਾ ਨੰਦ ਪ੍ਰਚਾਰ ਨੂੰ ਭੁੱਲ ਕੇ ਮੌਜ-ਮਸਤੀਆਂ ਵਿਚ ਪੈ ਗਿਆ। ਜਦੋਂ ਇਕ ਮਹੀਨੇ ਬਾਅਦ ਉਹ ਦਿੱਲੀ ਵਾਪਸ ਨਾ ਆਇਆ ਤਾਂ ਮਾਨਵ ਕੇਂਦਰੀ ਦਿੱਲੀ ਵਾਲਿਆਂ ਨੇ ਆਪਣੀ ਇੰਗਲੈਂਡ ਵਾਲੀ ਸ਼ਾਖਾ ਤੋਂ ਇਸ ਦੀਆਂ ਮਾੜੀਆਂ ਕਰਤੂਤਾਂ ਦੀ ਰਿਪੋਰਟ ਸੁਣ ਕੇ ਦਿੱਲੀ ਕੇਂਦਰ ਵਾਲੇ ਹੈਰਾਨ ਹੋ ਗਏ। ਜਦੋਂ ਵੇਦ ਪ੍ਰਪੱਕਤਾ ਨੰਦ ਚਾਰ ਮਹੀਨੇ ਬਾਅਦ ਵਾਪਸ ਆਇਆ ਤਾਂ ਦਿੱਲੀ ਮਾਨਵ ਕੇਂਦਰ ਵਾਲਿਆਂ ਨੇ ਇਸ ਤੋਂ ਸੰਸਥਾ ਦਾ ਪ੍ਰਚਾਰਕ ਵਾਲਾ ਸਰਟੀਫ਼ਿਕੇਟ ਖੋਹ ਲਿਆ ਤੇ ਇਸ ਨੂੰ ਮਾਨਵ ਕੇਂਦਰ 'ਚੋ ਕੱਢ ਦਿੱਤਾ। 1985 ਵਿਚ ਪ੍ਰਪੱਕਤਾਨੰਦ ਉਰਫ਼ ਮਹੇਸ਼ ਕੁਮਾਰ ਝਾਅ ਪਟਿਆਲੇ ਆ ਵੱਸਿਆ। ਇਥੇ ਬਹੁਤਾ ਕਾਮਯਾਬ ਨਾ ਹੁੰਦਾ ਦੇਖ ਕੇ ਉਹ 1987 ਵਿਚ ਨੂਰ ਮਹਿਲ ਆ ਗਿਆ ਤੇ ਆਪਣਾ ਨਾਮ "ਆਸ਼ੂਤੋਸ਼ ਮਹਾਰਾਜ ਲਾਈਟਾਂ ਵਾਲਾ" ਰੱਖ ਲਿਆ ਤੇ ਨਵੀਂ ਸੰਸਥਾ "ਦਿਵਯ ਜਯੋਤੀ ਜਾਗ੍ਰਤੀ ਸੰਸਥਾਨ" ਬਣਾ ਲਈ। ਆਸ਼ੂਤੋਸ਼ ਆਪ ਤਾਂ ਬਹੁਤਾ ਵਿਦਵਾਨ ਨਹੀਂ ਪਰ ਇਸਨੇ ਆਪਣੇ ਪਾਖੰਡ ਦਾ ਪ੍ਰਚਾਰ ਕਰਨ ਲਈ ਕੁਝ ਸਿੱਖ ਪ੍ਰਚਾਰਕ ਤੇ ਹਿੰਦੂ ਵਿਦਵਾਨਾਂ ਨੂੰ ਖ਼ਰੀਦ ਕੇ ਪਿੰਡਾਂ ਦੀ ਭੋਲ਼ੀ ਭਾਲੀ ਜਨਤਾ ਨੂੰ ਆਪਣੇ ਜਾਲ ਵਿਚ ਫਸਾਉਣ ਦਾ ਪ੍ਰਬੰਧ ਕੀਤਾ ਹੋਇਆ ਹੈ। ਆਪਣੀ ਸ਼ੈਤਾਨ ਬੁੱਧੀ ਰਾਹੀਂ ਗੁਰਬਾਣੀ ਦੇ ਗਲਤ ਅਰਥ ਕੱਢ ਕੇ ਡੇਰੇ 'ਤੇ ਆਉਣ ਵਾਲੇ ਸ਼ਰਧਾਲੂਆਂ ਨੂੰ ਆਪਣੀਆਂ ਸੋਹਣੀਆਂ ਸੁਨੱਖੀਆਂ ਕੁੜੀਆਂ ਨੂੰ ਡੇਰੇ 'ਤੇ ਸਮਰਪਤ ਕਰਨ ਲਈ ਕਹਿੰਦਾ ਹੈ। ਆਪਣੇ ਆਲੇ ਦੁਆਲੇ ਦੇ ਨੌਜਵਾਨ ਮੁੰਡਿਆਂ ਨੂੰ ਡੇਰੇ 'ਤੇ ਆਉਣ ਲਈ ਕਹਿੰਦਾ ਹੈ। ਇਸ ਵਕਤ ਨੂਰ ਮਹਿਲ ਦੇ ਚਿੱਕੜ ਵਿਚ ਸੈਂਕੜੇ ਮੁੰਡੇ-ਕੁੜੀਆਂ ਗ਼ਰਕ ਹੋ ਰਹੇ ਹਨ ਜਿਨ੍ਹਾਂ ਨੂੰ ਡੇਰੇ ਅੰਦਰ ਹੀ ਤਰ੍ਹਾਂ-ਤਰ੍ਹਾਂ ਦੀਆਂ ਕਾਮ ਵਾਸਨਾ ਦੀਆਂ ਦਵਾਈਆਂ ਖੁਆ ਕੇ ਕਾਮ ਵਾਸਨਾ ਲਈ ਉਤੇਜਿਤ ਕੀਤਾ ਜਾਂਦਾ ਹੈ। ਲੋਕਾਂ ਨੂੰ ਭੁਲੇਖਾ ਪਾਉਣ ਲਈ ਨਸ਼ੀਲੀਆਂ ਦਵਾਈਆਂ ਦੇ ਸਟੋਰ

ਦੇ ਬਾਹਰ ਆਯੁਰਵੈਦਿਕ ਤੇ ਹੋਮਿਓਪੈਥਿਕ ਡਿਸਪੈਂਸਰੀ ਲਿਖਿਆ ਹੋਇਆ ਹੈ। ਬਿਹਾਰੀ ਭਈਆ ਆਸ਼ਤੋਸ਼ ਆਪ ਵੀ ਸਿਰੇ ਦੀ ਕਾਮ ਵਾਸਨਾ ਦਾ ਭੁੱਖਾ ਹੈ। ਲੇਕਿਨ ਆਪਣੇ ਆਪ ਨੂੰ ਲੋਕਾਂ ਵਿਚ ਬ੍ਰਹਮਚਾਰੀ ਦੱਸਦਾ ਹੈ। ਜਦੋਂ ਉਸ ਦੇ ਡਰਾਈਵਰ ਪੂਰਨ ਸਿੰਘ ਨੇ ਆਸ਼ੂਤੋਸ਼ ਦੀਆਂ ਕਰਤੂਤਾਂ ਤੋਂ ਪਰਦਾ ਲਾਹਿਆ ਤਾਂ ਉਸ ਵੱਲੋਂ ਦਿੱਤੇ ਸਬੂਤਾਂ ਤੋਂ ਪਤਾ ਲੱਗਾ ਕਿ ਇਸ ਭਈਏ ਨੇ ਘਟੋ-ਘੱਟ ਤਿੰਨ ਪਤਨੀਆਂ ਰੱਖੀਆਂ ਹੋਈਆਂ ਨੇ ਜਿਨ੍ਹਾਂ ਵਿਚੋਂ ਇਕ ਪਹਿਲੀ ਪਤਨੀ ਹੀ ਕਾਨੂੰਨੀ ਹੈ ਜੋ ਬਿਹਾਰ ਵਿਖੇ ਰਹਿ ਰਹੀ ਹੈ ਤੇ ਜਿਸ ਦਾ ਮਾਧੋਪੁਰ 83 ਵਿਧਾਨ ਸਭਾ ਨਿਰਵਾਚਤ ਸੂਚੀ ਭਾਗ ਨੰ. 30 ਦੇ ਕੁਮਾਰ ਨੰ. .275 ਨਾਜ਼ੇਦੀ ਦੇਵੀ ਪਤਨੀ ਮਹੇਸ਼ ਕੁਮਾਰ ਝਾਅ ਅਤੇ 276 ਨੰ. ਦਲੀਪ ਕੁਮਾਰ ਝਾਅ ਪੁੱਤਰ ਮਹੇਸ਼ ਕੁਮਾਰ ਝਾਅ ਦਾ ਵੋਟਰ ਸੂਚੀ ਵਿਚ ਨਾਂ ਦਰਜ ਹੈ ਜਿਸ ਨੂੰ ਕੁਝ ਲਾਲਚ ਅਤੇ ਡਰ ਦੇ ਕੇ ਪੰਜਾਬ ਆਉਣ ਤੋਂ ਮਨ੍ਹਾਂ ਕੀਤਾ ਹੋਇਆ ਹੈ।

ਪੰਜਾਬ ਦੇ ਅੰਦਰ ਇਸ ਨੇ ਸਿੱਖ ਦੀ ਅਣਖ ਨੂੰ ਵੰਗਾਰਿਆ। ਤਰਨ ਤਾਰਨ ਆ ਕੇ ਇਸ ਦੇ ਪ੍ਰਚਾਰਕ ਸ਼ਰਧਾ ਨੰਦ ਨੇ ਇਕ ਮੰਦਰ ਵਿਚ ਸਿੱਖ ਸਿਧਾਤਾਂ ਨੂੰ ਠੇਸ ਪਹੁੰਚਾਉਣ ਵਾਲਾ ਪ੍ਰਚਾਰ, ਗੁਰਬਾਣੀ ਦੇ ਅਰਥ ਤੋੜ ਮਰੋੜ ਕੇ ਕਰਨੇ ਸ਼ੁਰੂ ਕੀਤੇ, ਜਾਗਦੀ ਜ਼ਮੀਰ ਵਾਲੇ ਸਿੰਘ ਇਕੱਠੇ ਹੋਏ। ਇੱਟ ਵੱਟਾ ਵੀ ਚੱਲਿਆ, ਸ. ਜੋਗਿੰਦਰ ਸਿੰਘ ਫੌਜੀ ਤਰਨ ਤਾਰਨ ਅਤੇ ਹੋਰ ਸਿੰਘਾਂ ਨੇ ਇਸਦਾ ਕੂੜ ਪ੍ਰਚਾਰ ਬੰਦ ਕਰਵਾਇਆ ਇਹ ਕੇਸ ਅਜੇ ਵੀ ਤਰਨ ਤਾਰਨ ਅਦਾਲਤ ਵਿਚ ਚੱਲ ਰਿਹਾ ਹੈ।

31 ਜੁਲਾਈ ਨੂੰ ਮਲੋਟ ਵਿਚ ਜੋ ਕੁਝ ਹੋਇਆ, ਉਸ ਨੂੰ ਵੇਖ ਕੇ ਇਹ ਆਸ ਨਹੀਂ ਬੱਝਦੀ ਕਿ ਪੰਜਾਬ ਸਰਕਾਰ ਆਪਣਾ ਫਰਜ਼ ਪਹਿਚਾਣੇਗੀ। ਉਸ ਦੀਆਂ ਘਟਨਾਵਾਂ ਤੋਂ ਇਹ ਵੀ ਪਤਾ ਲੱਗ ਗਿਆਂ ਕਿ ਪੰਜਾਬ ਸਰਕਾਰ ਵਿਚ ਆਸ਼ੂਤੋਸ਼ ਹਮਾਇਤੀ ਤੱਤਾਂ ਦੀ ਕੋਈ ਕਮੀ ਨਹੀਂ। ਖ਼ਾਲਸਾ ਪੰਚਾਇਤ, ਸਿੱਖ ਸਟੂਡੈਂਟ ਫੈਡਰੇਸ਼ਨ ਤੇ ਕੁਝ ਹੋਰ ਜਥੇਬੰਦੀਆਂ ਦੇ ਵਰਕਰ ਉਸ ਦਿਨ ਪੁਰ ਅਮਨ ਢੰਗ ਨਾਲ ਆਸ਼ੂਤੋਸ਼ ਨੂੰ ਸਿੱਖ ਧਰਮ ਵਿਰੁੱਧ ਅਪਮਾਨਜਨਕ ਸ਼ਬਦ ਕਹਿਣੋਂ ਰੋਕਣ ਲਈ ਗਈਆਂ ਸਨ। ਮਲੋਟ ਦੇ ਬਾਹਰਵਾਰ ਆਸ਼ੂਤੋਸ਼ ਹਮਾਇਤੀ, ਡਾਂਗਾਂ ਚੁੱਕੀ, ਪੁਰਅਮਨ ਵਿਖਾਵਾਕਾਰਾਂ ਨੂੰ ਸਿੱਧਿਆਂ ਕਰਨ ਲਈ ਸੜਕ ਦੇ ਦੋਹੀਂ ਪਾਸੀਂ ਸਵੇਰ ਤੋਂ ਹੀ ਖੜ੍ਹੇ ਹੋ ਗਏ ਸਨ ਤੇ ਉਹਨਾਂ ਨੇ ਪੁਜੀਸ਼ਨਾਂ ਸੰਭਾਲ ਲਈਆਂ ਸਨ, ਪਰ ਪੁਲੀਸ ਨੇ ਨਾ ਤਾਂ ਉਹਨਾਂ ਨੂੰ ਉਥੋਂ ਖਦੇੜਿਆ ਹੀ ਅਤੇ ਨਾ ਹੀ ਉਹਨਾਂ ਵਿਰੁੱਧ ਹੋਰ ਕੋਈ ਕਾਰਵਾਈ ਕੀਤੀ। ਉਲਟਾ, ਆਪਣੇ ਧਾਰਮਿਕ ਹੱਕ ਦੀ ਵਰਤੋਂ ਕਰਨ ਵਾਲੇ ਪੁਰ ਅਮਨ ਸਿੱਖ ਵਿਖਾਵਾਕਾਰੀਆਂ ਉੱਤੇ ਲਾਠੀਚਾਰਜ ਕੀਤਾ ਗਿਆ ਤੇ ਉਹਨਾਂ ਦੀਆਂ ਕਾਰਾਂ, ਵੈਨਾਂ ਦੇ ਸ਼ੀਸ਼ੇ ਲਾਠੀਆਂ ਮਾਰ ਮਾਰ ਭੰਨ ਦਿੱਤੇ ਗਏ।

ਇਕ ਪੁਲੀਸ ਅਫ਼ਸਰ ਨੇ ਆਪ ਖ਼ਾਲਸਾ ਪੰਚਾਇਤ ਦੇ ਚਰਨਜੀਤ ਸਿੰਘ ਚੰਨੀ ਦੀਆਂ ਲੱਤਾਂ ਵਿਚ ਦੋ ਗੋਲੀਆਂ ਉਸਦੇ ਕੋਲ ਆ ਕੇ ਮਾਰੀਆਂ ਜਦੋਂ ਕਿ ਉਹ ਪੁਰਅਮਨ ਰਹਿ ਕੇ ਨਾਹਰੇ ਮਾਰ ਰਹੇ ਸਨ।

ਉਸੇ ਦਿਨ ਸ਼੍ਰੋਮਣੀ ਖ਼ਾਲਸਾ ਪੰਚਾਇਤ ਦੇ ਕਨਵੀਨਰ ਭਾਈ ਰਜਿੰਦਰ ਸਿੰਘ ਨੇ ਜੋਸ਼ ਭਰੀ ਤਕਰੀਰ ਕਰਦਿਆਂ ਇੰਝ ਕਿਹਾ 'ਜੇ ਜੀਵੈ ਪਤਿ ਲਥੀ ਜਾਇ ਸਭੁ ਹਰਾਮੁ ਜੇਤਾ ਕਿਛ ਖਾਇ॥ ਜਿਹੜੀਆਂ ਕੌਮਾਂ ਸੱਚ ਵੱਲੋਂ ਮੂੰਹ ਮੋੜ ਲੈਂਦੀਆਂ ਹਨ, ਉਹ ਮੌਤ ਦੇ ਰਾਹ ਪੈ ਜਾਂਦੀਆਂ ਹਨ, ਸਰੀਰਕ ਮੌਤ, ਮੌਤ ਨਹੀਂ ਹੁੰਦੀ। ਜ਼ਮੀਰ ਦਾ ਮਰ ਜਾਣਾ ਹੀ ਮੌਤ ਹੁੰਦੀ ਹੈ। ਦਿੱਲੀ ਦੀਆਂ ਏਜੰਸੀਆਂ ਨੇ ਬਿਹਾਰੀ ਭਈਏ ਨੂੰ ਪੰਜਾਬ ਭੇਜ ਕੇ ਅੱਜ 'ਗੁਰੂ ਗ੍ਰੰਥ' ਅਤੇ ਗੁਰੂ ਪੰਥ ਨੂੰ ਚੈਲੰਜ ਕੀਤਾ ਹੈ। ਗੋਲੀਆਂ ਦਾ ਡਰਾਵਾ ਦੇ ਕੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਸਿੰਘਾਂ ਨੂੰ ਰੋਕਿਆ ਨਹੀਂ ਜਾ ਸਕਦਾ। ਖ਼ਾਲਸਾ ਜੀ ਜਾਗੋ! ਆਓ ਸੰਘਰਸ਼ ਕਰੀਏ।

ਆਓ! ਸਮੂਹ ਖ਼ਾਲਸਾ ਪੰਥ ਦੀ ਸ਼ਕਤੀ ਨੂੰ ਖ਼ਾਲਸਾ ਪੰਚਾਇਤਾਂ ਰਾਹੀਂ ਇਕੱਠੀ ਕਰੀਏ ਤੇ ਨਰਕਧਾਰੀਏ ਅਤੇ ਭਨਿਆਰੀਏ ਵਾਂਗ ਸਿੱਖ ਪੰਥ ਦੀ ਅਣਖ ਨੂੰ ਵੰਗਾਰਨ ਵਾਲੇ ਬਿਹਾਰੀ ਭਈਏ ਆਸ਼ੂਤੋਸ਼ ਨੂਰ ਮਹਿਲੀਏ ਦੇ ਚੁੰਗਲ ਵਿਚੋਂ ਸਿੱਖ ਕੌਮ ਦੀਆਂ ਧੀਆਂ, ਭੈਣਾਂ ਨੂੰ ਆਜ਼ਾਦ ਕਰਾਈਏ। ਐਸੀ ਮਾਰ ਮਾਰੀਏ ਕਿ ਅੱਗੇ ਤੋਂ ਕੋਈ ਪਾਖੰਡੀ ਸਾਧ ਕੌਮ ਦੀ ਅਣਖ ਨੂੰ ਵੰਗਾਰਨ ਦੀ ਹਿੰਮਤ ਨਾ ਕਰ ਸਕੇ।

ਸ. ਰਜਿੰਦਰ ਸਿੰਘ ਕਨਵੀਨਰ ਸ਼੍ਰੋਮਣੀ ਖਾਲਸਾ ਪੰਚਾਇਤ

## ਆਸ਼ੂਤੋਸ਼ ਤੇ ਉਸ ਦੇ ਚੇਲਿਆਂ ਦੇ ਸਿੱਖਾਂ ਅਤੇ ਸਿੱਖੀ ਪ੍ਰਤੀ ਅਪਮਾਨਜਨਕ ਕੁਝ ਪ੍ਰਵਚਨ

'ਯੇ ਦੁਸ਼ਟ ਲੋਕ ਪਾਕਿਸਤਾਨ ਕੇ ਏਜੰਟ (ਸਿੱਖ ਪ੍ਰਚਾਰਕ) ਅਪਨੇ ਆਪ ਨੂੰ 'ਖ਼ਾਲਸਾ' ਕਹਤੇ ਹੈਂ...ਕਿਆ ਖ਼ਾਲਸਾ ਐਸਾ ਹੋਤਾ ਹੈ ? ਖ਼ਾਲਸਾ ਤੋ ਵੋ ਹੈ ਜਿਸ ਕੇ ਬਾਰੇ ਮੇਂ ਕਹਾ ਗਯਾ ਹੈ ਕਿ 'ਖ਼ਾਲਸਾ ਸੋ ਜੋ ਨਿੰਦਾ ਤਿਆਗੈ'।

"ਗੁਰੂ ਗੋਬਿੰਦ ਸਿੰਘ ਜੀ ਨੇ ਸ਼ਿਵਾ (ਸ਼ਿਵ ਭਗਵਾਨ) ਕੀ ਅਰਾਧਨਾ ਕੀ।"

"ਤੁਮਹਾਰੇ ਸਿੱਖ ਤੋਂ ਬਾਹਰ ਸੇ ਪ੍ਰਕਾਸ਼ ਕਰਤੇ ਹੈਂ ਹਮਾਰੇ ਭੀਤਰ ਪ੍ਰਕਾਸ਼ ਹੈ, ਹਮ ਹੈਂ ਖ਼ਾਲਸਾ।"

"ਯਹ (ਪਾਕਿਸਤਾਨੀ) ਭਾਰਤ ਕੋ ਤੋੜਨਾ ਚਾਹਤੇ ਹੈਂ : ਹਮ ਭਾਰਤ ਮੇਂ ਹੀ ਉਨ ਕੋ ਮਿਲਾ ਲੇਂਗੇ।"

"ਜਬ ਪੰਜਾਬ ਮੇਂ ਆਤੰਕਵਾਦ ਥਾ, ਆਸ਼ੂਤੋਸ਼ ਜੀ ਨੇ ਅੰਮ੍ਰਿਤਸਰ, ਗੁਰਦਾਸਪੁਰ ਆਦਿ ਸਥਾਨੋਂ ਕੀ ਯਾਤਰਾ ਕੀ। ਲੋਗ ਆਤੰਕਵਾਦ ਸੇ ਬਹੁਤ ਦੁਖੀ

ਥੇ। ਸਤਿਗੁਰੂ ਆਸ਼ੂਤੋਸ਼ ਜੀ ਨੇ ਕਹਾ ਕਿ "ਮੈਂ ਸਿਖੋਂ ਕੇ ਹੀ ਬਦਲ ਡਾਲੂੰਗਾ।" ਵੈਸਾ ਹੀ ਸਮਾਂ ਆਇਆ। ਅਬ 20 ਲਾਖ ਸੇ ਜ਼ਿਆਦਾ ਸਿੱਖ ਸਤਿਗੁਰੂ ਆਸ਼ੂਤੋਸ਼ ਕੇ ਸ਼ਿਸ਼ ਹੈਂ।"

"ਪੰਜਾਬ ਕੇ ਅਖ਼ਬਾਰ (ਕੁਝ ਪੰਥਕ ਰਸਾਲਿਆਂ ਦਾ ਨਾਂ ਲੈ ਕੇ) ਪਾਕਿਸਤਾਨ ਦੀ ਪ੍ਰਤੀਨਿਧਤਾ ਕਰ ਰਹੇ ਹੈਂ।"

"ਦੇਸ਼ ਮੇਂ ਸ਼ਾਂਤੀ ਔਰ ਰਾਸ਼ਟਰੀ ਏਕਤਾ ਕੀ ਬਾਤ ਕੁਛ ਅਖ਼ਬਾਰ ਹੀ ਕਰਤੇ ਹੈਂ, ਜੈਸੇ ਇੰਡੀਅਨ ਐਕਸਪ੍ਰੈਸ, ਟਾਈਮਜ਼ ਆਫ਼ ਇੰਡੀਆ, ਹਿੰਦ ਸਮਾਚਾਰ ਗਰੁੱਪ, ਅਮਰ ਉਜਾਲਾ, ਦੈਨਿਕ ਜਾਗਰਨ।"

"ਹਮ ਬਹੁਤ ਦੇਰ ਦੇਖਤੇ ਰਹੇ ਹੈਂ...ਅਬ ਨਹੀਂ ਦੇਖੇਂਗੇ...ਭੈ ਭੀ ਦਿਖਾਨਾ ਪੜਤਾ ਹੈ।"

"ਪੰਜਾਬ ਮੇਂ ਪੋਟੋ ਕਾ ਇਸਤੇਮਾਲ ਕਰਨਾ ਚਾਹੀਏ।"

"ਇਕ ਦਿਨ ਸਭ ਕੋ ਸ੍ਰੀ ਆਸ਼ੂਤੋਸ਼ ਜੀ ਕੀ ਸ਼ਰਨ ਮੇਂ ਆਨਾ ਹੀ ਪੜੇਗਾ।"

ਕੁਛ ਲੋਕ ਯੇ ਕਹਤੇ ਹੈਂ ਕਿ ਗੁਰਬਾਣੀ ਸਿਰਫ਼ ਉਨ ਕੀ ਹੈ। ਅਰੇ ਦੁਸ਼ਟ ਤੁਮ ਭੇਖੀ ਖ਼ਾਲਸੇ ਹੋ, ਅਸਲੀ ਖ਼ਾਲਸੇ ਹਮ ਹੈਂ (ਸ੍ਰੀ) ਆਸ਼ੂਤੋਸ਼ ਮਹਾਰਾਜ ਕੇ ਚੇਲੇ। ਬਾਲ ਲੰਬੇ ਰਖ ਕਰ ਤੁਮ ਅਪਨੇ ਆਪ ਕੋ ਖ਼ਾਲਸਾ ਸਮਝਨੇ ਲਗੇ। ਯੇ ਬਾਹਰੀ ਭੇਖ ਹੈ। ਖ਼ਾਲਸੇ ਕੇ ਲਿਯੇ ਕੇਸ ਰਖਨੇ ਕੀ ਕੋਈ ਜ਼ਰੂਰਤ ਨਹੀਂ।

"ਹਮ ਬਹੁਤ ਦੁਖੀ ਹੂਆ ਕਰਤੇ ਥੇ ਕਿ ਹਮ ਭੀ ਗੁਰੂ ਜੀ ਕੇ ਸਮੇਂ ਪੈਦਾ ਹੂਏ ਹੋਤੇ ਤੋਂ ਗੁਰੂ ਜੀ ਸੇ ਦੀਖਸ਼ਾ ਲੇਤੇ, ਸਿਮਰਨ ਕਰਤੇ ਵ ਸ਼ਹੀਦੀ ਪ੍ਰਾਪਤ ਕਰਤੇ। ਗੁਰੂ ਜੀ ਹਮ ਸੇ ਬਿਛੜ ਗਏ ਥੇ। ਬਹੁਤ ਲੰਬੇ ਸਮੇਂ ਕੇ ਬਾਅਦ ਗੁਰੂ ਜੀ ਫਿਰ (ਆਸ਼ੂਤੋਸ਼ ਦੀ ਫ਼ੋਟੋ ਵੱਲ ਇਸ਼ਾਰਾ ਕਰ ਕੇ) ਪ੍ਰਗਟ ਹੂਏ ਹੈਂ। ਗੁਰੂ ਜੀ ਨੇ ਹਮੇਂ ਭੀ ਵੋ ਸਭ ਕੁਝ ਸਿਖਾਯਾ ਹੈ ਜੋ ਉਸ ਸਮਯ ਸਿਖਾਯਾ ਥਾ। ਸਭੀ ਹੁਨਰ ਗੁਰੂ ਜੀ ਨੇ ਹਮੇਂ ਸਿਖਾ ਦੀਏ ਹੈਂ। ਆਜ ਭੀ ਹਮ ਸਭ ਸਤਿਗੁਰੂ ਮਹਾਰਾਜ ਜੀ ਕੇ ਸ਼ਿਸ਼ ਸਬ ਕੁਛ ਨਿਛਾਵਰ ਕਰਨੇ ਕੇ ਲੀਏ ਤੈਯਾਰ ਹੈਂ। ਸੁਨ ਲੋ ਸਾਰੇ, ਖ਼ੁਦਾ ਨੂਰ ਮਹਿਲ ਮੇਂ ਰਹਤਾ ਹੈ।

"ਹਮੇਂ ਸਤਸੰਗ ਕਰਨੇ ਵਾਲੇ ਸਾਧੂ ਮੱਤ ਸਮਝਨਾ, ਹਮ ਸੰਤ ਸਿਪਾਹੀ ਹੈਂ। ਸਤਸੰਗ ਸੇ ਜੋ ਨਾ ਸਮਝੇ, ਉਸੇ ਹਮ ਬਦਸੰਗ ਸੇ ਸਮਝਾਤੇ ਹੈਂ। ਜੋ ਬਦਸੰਗ ਸੇ ਭੀ ਨਾ ਸਮਝੇ, ਉਸ ਹਮ ਉਸੇ ਹਮ (ਖੱਬੀ ਬਾਂਹ ਨੱਕ ਦੀ ਸੇਧ ਵਿਚ ਲੰਬੀ ਕਰ ਕੇ ਸੱਜੇ ਹੱਥ ਦਾ ਕਲਮ, ਅੰਗੂਠੇ ਦੇ ਨਾਲ ਉਂਗਲ ਮੋੜ ਕੇ ਅਤੇ ਸੱਜੇ ਹੱਥ ਮੋਢੇ ਦੇ ਬਰਾਬਰ ਕਰ ਕੇ) ਐਸੇ ਸਮਝਾਤੇ ਹੈਂ (ਭਾਵ ਗੋਲੀ ਮਾਰ ਦਿੰਦੇ ਹਾਂ)। ਹਮਾਰੇ ਪਾਸ ਭੀ ਸਭ ਕੁਝ ਹੈ, ਜੋ ਗੁਰੂ ਜੀ ਕੇ ਪਾਸ ਥਾ। ਹਮੇਂ ਭੀ ਸਤਿਗੁਰੂ ਮਹਾਰਾਜ ਨੇ ਸਭ ਹੁਨਰ ਸਿਖਾਏ ਹੈਂ।"

"ਕੁਛ ਲੋਕ ਸਤਿਗੁਰੂ ਮਹਾਰਾਜ ਪਰ ਲਾਂਛਨ ਲਗਾ ਰਹੇ ਹੈਂ। ਮੈਂ ਉਨਹੇਂ ਕਹਤਾ ਹੂੰ ਅਗਰ ਡੂਬੇਗੀ ਕਸ਼ਤੀ ਤੋ ਡੂਬੋਗੇ ਤੁਮ ਸਾਰੇ। ਤੁਮ ਸਭ ਮਾਰੇ ਜਾਉਗੇ।"

"ਕੁਛ ਅਖ਼ਬਾਰ ਜੋ ਅਪਨੇ ਆਪ ਕੋ ਪੰਜਾਬ ਦੀ ਆਵਾਜ਼ ਕਹਿਤੇ ਹੈਂ, ਉਗਰਵਾਦ ਕੇ ਵਕਤ ਵੋਹ ਉਗਰਵਾਦੀਉਂ ਕੇ ਇਸ਼ਤਿਹਾਰ ਛਾਪਤੇ ਥੇ। ਇਨ ਕੇ ਪੱਤਰਕਾਰ ਵ ਸੰਪਾਦਕ ਰਹਿਤ ਤੋਂ ਪੰਜਾਬ ਮੇਂ ਹੈਂ ਔਰ ਇਨ ਕੀ ਸੁਰ ਮਿਲਤੀ ਹੈ ਪਾਕਿਸਤਾਨ ਸੇ। ਯੇ ਪਾਕਿਸਤਾਨ ਕੇ ਏਜੰਟ ਹੈਂ। ਮੁਸ਼ੱਰਫ ਕੇ ਚਮਚੇ ਹੈਂ। ਯੇ ਭਾਰਤ ਕੋ ਤੋੜਨਾ ਚਾਹਤੇ ਹੈਂ। ਯੇ ਸੁਨ ਲੋ ਅਰੇ ਦੁਸ਼ਟੋ, ਅਬ ਹਮ ਸਹਿਨ ਨਹੀਂ ਕਰੇਂਗੇ...ਬਹੁਤ ਹੋ ਗਿਆ...ਅਬ ਤੋ ਵਕਤ ਆ ਗਿਆ ਹੈ...।"

## ਦਿਵਿਯ ਜਯੋਤੀ ਜਾਗ੍ਰਤੀ ਸੰਸਥਾਨ ਦੇ ਮੁਖੀ ਸ੍ਰੀ ਆਸ਼ੂਤੋਸ਼ ਦੇ ਸਾਬਕਾ ਡਰਾਇਵਰ ਪੂਰਨ ਸਿੰਘ ਦੇਸਲ ਨੇ ਆਸ਼ੂਤੋਸ਼ ਦੇ ਚਰਿੱਤਰ ਦੇ ਖਿਲਾਫ਼ ਸਨਸਨੀਖੇਜ ਦੋਸ਼ ਲਗਾ ਕੇ ਨੂਰਮਹਿਲੀਆਂ ਦੇ ਖੇਮੇ ਵਿਚ ਤਹਿਲਕਾ ਮਚਾ ਦਿੱਤਾ ਹੈ।

ਸ਼ਹੀਦਾਂ ਦੇ ਸਿਰਤਾਜ, ਬਾਣੀ ਕੇ ਬੋਹਿਥ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਵਸਾਈ ਗਈ ਨਗਰੀ ਤਰਨ-ਤਾਰਨ ਸਾਹਿਬ ਵਿਖੇ ਹਰ ਸਾਲ ਪਿਛਲੇ ਕੁਝ ਸਾਲਾਂ ਤੋਂ ਦਿਵਯ ਜਯੋਤੀ ਜਾਗਰਣ ਸੰਸਥਾਨ ਵੱਲੋਂ ਸਮਾਗਮ ਕੀਤਾ ਜਾਂਦਾ ਹੈ। ਇਸ ਪਾਖੰਡੀ ਸੰਸਥਾ ਦੇ ਗੁਰੂ ਪੰਥ ਦੋਖੀ ਪ੍ਰਚਾਰਕਾਂ ਵੱਲੋਂ ਦਿਵਯ ਜੋਤੀ ਜਾਗਰਣ ਸੰਸਥਾਨ ਦੇ ਮੁਖੀ "ਆਸ਼ੂਤੋਸ਼" ਭਈਏ ਦੀ ਤੁਲਨਾ ਗੁਰੂ ਸਾਹਿਬਾਨ ਨਾਲ ਕੀਤੀ ਜਾਂਦੀ ਹੈ, ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਪਵਿੱਤਰ ਬਾਣੀ ਦੀਆਂ ਸ਼ਬਦ/ਤੁਕਾਂ ਨੂੰ ਤੋੜ ਮਰੋੜ ਕੇ ਅਤੇ ਗਲਤ ਅਰਥ ਕਰਕੇ ਭਾਵ ਆਪਣੇ ਸੁਆਰਥ ਲਈ ਵਰਤਿਆ ਜਾਂਦਾ ਹੈ। ਜਦੋਂ ਵੀ ਆਸ਼ੂਤੋਸ਼ ਦੇ ਕਰਿੰਦੇ ਐਸੀ ਕੋਝੀ ਹਰਕਤ ਕਰਦੇ ਹਨ, ਤਾਂ ਗੁਰਸਿੱਖਾਂ ਦੇ ਕਲੇਜੇ ਅੱਗ ਲੱਗਦੀ ਹੈ ਤੇ ਉਹ ਘਰਾਂ ਤੋਂ ਉੱਠ ਕੇ ਭੱਜਦੇ ਹਨ ਅਤੇ ਗੁਰੂ ਘਰ ਦੇ ਦੋਖੀਆਂ ਨੂੰ ਅਜਿਹਾ ਕਰਨ ਤੋਂ ਰੋਕਦੇ ਹਨ।

ਇਸੇ ਤਰ੍ਹਾਂ ਹੀ ਆਸ਼ੂਤੋਸ਼ ਪਾਖੰਡੀ ਦੇ ਚਾਟੜਿਆਂ ਵੱਲੋਂ 17-20 ਅਪ੍ਰੈਲ ਨੂੰ ਸਮਾਗਮ ਕਰਨ ਲਈ ਮਦਨ ਮੋਹਨ ਮੰਦਰ ਵਿਖੇ ਪਾਖੰਡ ਮੰਡਲ ਰਚਾਇਆ ਗਿਆ। ਜਿਸ ਵਿਚ 19 ਅਪ੍ਰੈਲ ਨੂੰ ਰਾਤ ਦੇ ਸਮੇਂ ਆਸ਼ੂਤੋਸ਼ ਦੇ ਪ੍ਰਚਾਰਕ (ਸ਼ਰਧਾ ਨੰਦ) ਨੇ ਭੌਂਕਦਿਆਂ ਹੋਇਆਂ ਆਸ਼ੂਤੋਸ਼ ਦੀ ਤੁਲਨਾ ਗੁਰੂ ਸਾਹਿਬਾਨ ਨਾਲ ਕੀਤੀ, ਸਿੱਖਾਂ ਨੂੰ ਉੱਲੂ ਅਤੇ ਆਈ.ਐੱਸ.ਆਈ. ਦੇ ਏਜੰਟ ਦੱਸਿਆ। ਏਥੋਂ ਤਕ ਕੇ ਪੰਥਕ ਮੈਗ਼ਜੀਨਾਂ ਦੇ ਵਿਰੁੱਧ ਵੀ ਬਹੁਤ ਕੂੜ ਪ੍ਰਚਾਰ ਕੀਤਾ। ਉਸਨੇ ਇਹ ਵੀ ਕਿਹਾ ਕਿ ਜੇਕਰ ਕੋਈ ਪ੍ਰੇਮ ਨਾਲ ਨਾ ਸਮਝੇ ਤਾਂ ਸਾਨੂੰ (ਹਥਿਆਰ ਚਲਾਉਣ ਵਾਲਾ ਐਕਸ਼ਨ ਕਰਕੇ) ਇਸ ਤਰ੍ਹਾਂ ਵੀ ਸਮਝਾਉਣਾ ਆਉਂਦਾ ਹੈ।

ਜੇਕਰ ਕੋਈ ਦੁਸ਼ਟ ਗੁਰਸਿੱਖਾਂ ਦੀ ਨਗਰੀ ਵਿਚ ਇਸ ਤਰ੍ਹਾਂ ਜ਼ਹਿਰ ਉਗਲ ਰਿਹਾ ਹੋਵੇ, ਤਾਂ ਸਿੱਖ ਚੁੱਪ ਕਰਕੇ ਕਿਵੇਂ ਸਹਿਣ ਕਰ ਸਕਣਗੇ। ਸ਼ਰਧਾਨੰਦ ਦੇ ਕੂੜ ਪ੍ਰਚਾਰ ਨੇ ਸਿੱਖਾਂ ਦੇ ਕਲੇਜਿਆਂ 'ਤੇ ਡੂੰਘੇ ਫੱਟ ਲਾਏ ਹਨ, ਪੰਥ ਪ੍ਰਤੀ ਦਰਦ ਰੱਖਣ ਵਾਲਿਆਂ ਨੇ ਆ ਕੇ ਇਸ 'ਕੂੜ ਮੰਡਪ' ਨੂੰ ਰੋਕਣ ਲਈ ਪ੍ਰਸ਼ਾਸਨ ਨੂੰ ਕਿਹਾ, ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਿੱਖ ਪੁਲੀਸ ਵਾਲਿਆਂ ਦੀ ਸੁੱਤੀ ਹੋਈ ਜਮੀਰ, ਇਸ ਕੂੜ ਪ੍ਰਚਾਰ ਦੇ ਆਏ ਹੋਏ ਤੂਫ਼ਾਨ ਨੂੰ ਸੁਣਦਿਆਂ-ਵੇਖਦਿਆਂ ਵੀ ਨਾ ਜਾਗੀਂ, ਤੇ ਉਹਨਾਂ ਨੂੰ ਉਲਟਾ ਪੰਥ ਦਰਦੀਆਂ 'ਤੇ ਲਾਠੀ ਚਾਰਜ ਕੀਤਾ, ਪਰ ਆਸ਼ੂਤੋਸ਼ ਦੇ ਕਰਿੰਦਿਆਂ 'ਤੇ ਕੋਈ ਵੀ ਕਾਨੂੰਨੀ ਕਾਰਵਾਈ ਨਾ ਕੀਤੀ। ਸੰਗਤਾਂ ਦੇ ਮਨ ਵਿਚ ਇਹ ਵੀਚਾਰ ਉੱਠਦੀ ਹੋਵੇਗੀ ਕਿ ਇਹ ਦਿਵਯ ਜਯੋਤੀ ਜਾਗਰਨ ਸੰਸਥਾਨ ਕੀ ਹੈ ? ਆਸ਼ੂਤੋਸ਼ ਕੌਣ ਹੈ ? ਇਹ ਪਾਖੰਡ ਦੀ ਲਹਿਰ ਕਿਵੇਂ ਚੱਲਦੀ ਹੈ ?

**ਪੇਸ਼ ਹੈ** : ਜਸਮੇਲ ਸਿੰਘ ਚੀਦਾ ਅਤੇ ਨਿਸ਼ਾਨ ਸਿੰਘ ਗੰਡੀਵਿੰਡ ਪੱਤਰਕਾਰਾਂ ਵੱਲੋਂ ਪੂਰਨ ਸਿੰਘ ਦੇਸਲ ਨਾਲ ਕੀਤੀ ਭੇਂਟ ਵਾਰਤਾ (ਇੰਟਰਵਿਊ) ਦਾ ਵੇਰਵਾ :

**ਸਵਾਲ**—ਦੇਸ਼ਲ ਜੀ ਸਤਿ ਸ੍ਰੀ ਅਕਾਲ-ਪਹਿਲਾਂ ਆਪਣੇ ਪਿਛੋਕੜ ਬਾਰੇ ਕੁਝ ਦੱਸਣ ਦੀ ਕ੍ਰਿਪਾ ਕਰੋ ?

**ਜਵਾਬ**—ਮੇਰਾ ਨਾਂ ਪੂਰਨ ਸਿੰਘ ਅਤੇ ਪਿਤਾ ਦਾ ਨਾਮ ਸ. ਬੁੱਧ ਸਿੰਘ ਹੈ ਮੇਰਾ ਪਿੰਡ ਕਪੂਰਥਲਾ ਜ਼ਿਲ੍ਹੇ ਵਿਚ ਦੇਸਲ ਹੈ। ਇਸ ਸਮੇਂ ਮੈਂ ਆਪਣੀ ਧਰਮ ਪਤਨੀ ਨਿਰਮਲ ਕੌਰ ਅਤੇ ਚਾਰ ਬੱਚਿਆਂ ਸਮੇਤ ਨੂਰ ਮਹਿਲ ਤੋਂ ਥੋੜ੍ਹੀ ਦੂਰ ਪਿੰਡ ਬਾਠ ਵਿਖੇ ਰਿਹ ਰਿਹਾ ਹਾਂ। ਮੈਂ ਸਿਰਫ਼ 8 ਜਮਾਤਾਂ ਪੜ੍ਹਿਆ ਹਾਂ ਅਤੇ ਕਿੱਤੇ ਵਜੋਂ ਡਰਾਇਵਰ ਹਾਂ। ਮੇਰੀ ਉਮਰ ਇਸ ਸਮੇਂ 38 ਸਾਲ ਹੈ।

**ਸਵਾਲ**—ਅੱਛਾ ਦੇਸਲ ਜੀ ਪਹਿਲਾਂ ਸਾਨੂੰ ਇਹ ਦੱਸੋ ਕਿ ਦਿਵਯ ਜਯੋਤੀ ਜਾਗਰਣ ਸੰਸਥਾਨ ਕੀ ਹੈ ਅਤੇ ਇਸ ਨੂੰ ਕੌਣ ਚਲਾ ਰਿਹਾ ਹੈ ?

**ਜਵਾਬ**—ਇਹ ਪਾਖੰਡ ਦੀ ਲਹਿਰ (ਦਿਵਯ ਜਯੋਤੀ ਜਾਗਰਣ ਸੰਸਥਾਨ) 17-18 ਸਾਲ ਤੋਂ ਨੂਰ ਮਹਿਲ ਵਿਖੇ ਸ਼ੁਰੂ ਹੋਈ ਅਤੇ ਇਸ ਨੂੰ ਚਲਾਉਣ ਵਾਲਾ ਬਿਹਾਰ ਦੇ ਪਿੰਡ ਲਖਨੌਰ ਦਾ ਰਹਿਣ ਵਾਲਾ ਭਈਆ ਹੈ ਜੋ ਆਪਣਾ ਨਾਮ ਆਸ਼ੂਤੋਸ਼ ਰੱਖੀ ਬੈਠਾ ਹੈ।

**ਸਵਾਲ**—ਤੁਸੀਂ ਨੂਰ ਮਹਿਲੀਆਂ ਦੇ ਸੰਪਰਕ ਵਿਚ ਕਿਵੇਂ ਆਏ ?

**ਜਵਾਬ**—ਕਾਫ਼ੀ ਸਮਾਂ ਪਹਿਲਾਂ ਮੈਂ ਪੰਜਾਬੀ ਲੋਕ ਗਾਇਕ ਬਰਕਤ ਸਿੱਧੂ ਪਾਸੋਂ ਸੰਗੀਤ ਸਿੱਖਦਾ ਹੁੰਦਾ ਸੀ। ਉਥੇ ਮੇਰੀ ਮੁਲਾਕਾਤ ਇਕ ਹੋਰ ਗਾਇਕ ਸ੍ਰੀ ਮਕਬੂਲ ਮਾਈਕਲ ਨਾਲ ਹੋਈ, ਜਿਸਨੇ ਨੂਰ ਮਹਿਲੀਆਂ ਪਾਸੋਂ ਨਾਮ ਲਿਆ ਹੋਇਆ ਸੀ। ਉਸਦੇ ਨਾਲ ਮੈਂ ਵੀ ਕਈ ਵਾਰ ਨੂਰ ਮਹਿਲ ਡੇਰੇ ਵਿਚ ਗਿਆ

ਤੇ ਫਿਰ 1988 ਵਿਚ ਮੈਂ ਇਸ ਸੰਸਥਾਨ ਪਾਸੋਂ ਬਕਾਇਦਾ ਨਾਮ ਲਿਆ।

**ਸਵਾਲ**—ਤੁਸੀਂ ਕਹਿੰਦੇ ਹੋ ਕਿ ਮੈਂ ਸੰਸਥਾਨ ਦੇ ਮੁਖੀ ਸ੍ਰੀ ਆਸ਼ੂਤੋਸ਼ ਦਾ ਨਿੱਜੀ ਡਰਾਇਵਰ ਰਿਹਾ ਹਾਂ। ਤੁਹਾਨੂੰ ਉਹਨਾਂ ਆਪਣਾ ਡਰਾਇਵਰ ਕਿਵੇਂ ਰੱਖਿਆ ?

**ਜਵਾਬ**—ਪਹਿਲਾਂ ਪਹਿਲ ਨੂਰਮਹਿਲੀਆਂ ਦੇ ਸ਼ਰਧਾਲੂਆਂ ਦੀ ਗਿਣਤੀ ਘੱਟ ਹੁੰਦੀ ਸੀ। ਆਪਣਾ ਕਾਰੋਬਾਰ ਵਧਾਉਣ ਲਈ ਬਾਹਰੋਂ ਆਏ ਲੋਕਾਂ ਨਾਲ ਪਹਿਲਾਂ ਅਸੀਂ ਗੱਲਬਾਤ ਕਰਦੇਅਤੇ ਫਿਰ ਅਸੀਂ ਆਸ਼ੂਤੋਸ਼ ਨੂੰ ਸੰਬੰਧਤ ਵਿਅਕਤੀ ਦੇ ਦੁਖ ਦਰਦ ਤੋਂ ਜਾਣੂੰ ਕਰਵਾ ਦੇਂਦੇ ਅਤੇ ਜਦੋਂ ਆਸ਼ੂਤੋਸ਼ ਸਾਡੇ ਵੱਲੋਂ ਦੱਸੀਆਂ ਗਈਆਂ ਗੱਲਾਂ ਸੰਬੰਧਤ ਵਿਅਕਤੀ ਨਾਲ ਸਾਂਝੀਆਂ ਕਰਦੇ ਤਾਂ ਆਪਣੇ ਪ੍ਰਤੀ ਸੱਚੀਆਂ ਗੱਲਾਂ ਸੁਣ ਕੇ ਲੋਕਾਂ ਦਾ ਆਸ਼ੂਤੋਸ਼ ਵਿਚ ਵਿਸ਼ਵਾਸ ਬੱਝ ਜਾਂਦਾ। ਮੇਰੀ ਭੂਮਿਕਾ ਇਸ ਕੰਮ ਵਿਚ ਮੋਹਰੀ ਵਜੋਂ ਗਿਣੀ ਜਾਣ ਲੱਗੀ ਅਤੇ ਖੁਸ਼ ਹੋ ਕੇ ਆਸ਼ੂਤੋਸ਼ ਨੇ ਮੈਨੂੰ ਆਪਣਾ ਡਰਾਇਵਰ ਰੱਖ ਲਿਆ।

**ਸਵਾਲ**—ਕੀ ਤੁਹਾਨੂੰ ਡਰਾਇਵਰ ਵਜੋਂ ਕੋਈ ਤਨਖਾਹ ਮਿਲਦੀ ਸੀ ਜਾਂ ਸੇਵਾ ਭਾਵਨਾ ਨਾਲ ਕੰਮ ਕਰਦੇ ਸੀ ?

**ਜਵਾਬ**—ਮੈਨੂੰ ਬਕਾਇਦਾ ਤਨਖਾਹ ਮਿਲਦੀ ਸੀ। ਪਹਿਲਾਂ ਪਹਿਲ ਮੈਨੂੰ 500 ਰੁਪਿਆ ਮਹੀਨਾ ਅਤੇ ਰੋਟੀ ਪਾਣੀ ਮਿਲਦਾ ਸੀ। ਫਿਰ ਮੈਨੂੰ 1000 ਰੁਪਿਆ ਮਹੀਨਾ ਅਤੇ ਰੋਟੀ ਪਾਣੀ ਮਿਲਦਾ ਰਿਹਾ। ਇਸ ਤੋਂ ਇਲਾਵਾ ਕਈ ਵਾਰ ਚੜ੍ਹਾਵੇ ਦੇ ਪੈਸਿਆਂ ਵਿਚੋਂ 500, 100 ਅਤੇ 50-50 ਦੇ ਨੋਟ ਬਾਬਾ ਰੱਖ ਲੈਂਦਾ ਸੀ ਅਤੇ ਭਾਨ ਵਗੈਰਾ ਸਾਨੂੰ ਦੇ ਦਿੰਦਾ ਸੀ। ਕਿਉਂਕਿ ਮੈਂ ਬਾਬੇ ਨੂੰ ਕਾਰ ਚਲਾਉਣ ਦੀ ਜਾਚ ਵੀ ਸਿਖਾਉਂਦਾ ਸੀ।

**ਸਵਾਲ**—ਕੀ ਆਸ਼ੂਤੋਸ਼ ਨੂੰ ਖ਼ੁਦ ਕਾਰ ਚਲਾਉਣ ਦੀ ਜਾਚ ਨਹੀਂ ਸੀ ?

**ਜਵਾਬ**—ਨਹੀਂ। ਬਾਬੇ ਨੂੰ ਕਾਰ ਚਲਾਉਣ ਦੀ ਜਾਚ ਨਹੀਂ ਸੀ। ਬਾਬਾ ਅੱਧੀ ਰਾਤ ਤੋਂ ਬਾਅਦ ਮੇਰੇ ਪਾਸੋਂ ਕਾਰ ਚਲਾਉਣ ਦੀ ਜਾਂਚ ਸਿੱਖਦਾ ਸੀ ਤਾਂ ਕਿ ਲੋਕਾਂ ਨੂੰ ਪਤਾ ਨਾ ਲੱਗ ਸਕੇ—ਇਕ ਵਾਰ ਬਾਬੇ ਨੇ ਕਾਰ ਸਿੱਖਦੇ ਸਿੱਖਦੇ ਨੂਰ ਮਹਿਲ ਤੋਂ ਭੰਡਾਲ ਨੂੰ ਜਾਂਦਿਆਂ ਫੀਏਟ ਕਾਰ ਤੀਰਥ ਰਾਮ ਦੇ ਭੱਠੇ ਲਾਗੇ ਮਾਰ ਦਿੱਤੀ ਜਿਸ 'ਤੇ ਅਸੀਂ ਉਸ ਸਮੇਂ ਦੋਨੋਂ ਮਰਦੇ-ਮਰਦੇ ਮਸਾਂ ਬਚੇ।

**ਸਵਾਲ**—ਕੀ ਤੁਸੀਂ ਆਸ਼ੂਤੋਸ਼ ਦੇ ਪਿਛੋਕੜ ਬਾਰੇ ਜਾਣਦੇ ਹੋ ?

**ਜਵਾਬ**—ਆਸ਼ੂਤੋਸ਼ ਦਾ ਅਸਲੀ ਨਾਮ ਮਹੇਸ਼ ਕੁਮਾਰ ਝਾਅ ਅਤੇ ਪਿਤਾ ਦਾ ਨਾਮ ਦੇਵਾਨੰਦ ਝਾਅ ਹੈ। ਇਹ ਬਿਹਾਰ ਦੇ ਪਿੰਡ ਲਖਨੌਰ, ਤਹਿਸੀਲ ਲਾਲ ਬਾਗ ਜ਼ਿਲ੍ਹਾ ਦਰਬੰਗਾ ਦਾ ਰਹਿਣ ਵਾਲਾ ਹੈ। ਪਹਿਲਾਂ ਪਹਿਲ ਇਹ ਮਾਨਵ ਧਰਮ ਦਿੱਲੀ ਵਾਲਿਆਂ ਦਾ ਪ੍ਰਚਾਰਕ ਹੁੰਦਾ ਸੀ ਉਸਨੇ ਆਪਣਾ ਦੂਜਾ ਨਾਮ ਵੇਦ ਪ੍ਰਪੱਕਤਾ

ਨੰਦ ਰੱਖ ਲਿਆ। ਫਿਰ ਉਹਨਾਂ ਇਸ ਨੂੰ ਕੱਢ ਦਿੱਤਾ ਅਤੇ ਇਸਨੇ ਆਪਣਾ ਵੱਖਰਾ ਸਥਾਨ ਬਣਾ ਲਿਆ।

**ਸਵਾਲ**—ਕੀ ਤੁਹਾਡੇ ਕੋਲ ਕੋਈ ਸਬੂਤ ਹੈ ?

**ਜਵਾਬ**—ਹਾਂ ਜੀ, "ਸਤਪਾਲ" ਨੂੰ ਮੱਥਾ ਟੇਕ ਰਹੇ ਆਸ਼ੂਤੋਸ਼ ਦੀਆਂ ਮੇਰੇ ਕੋਲ ਫੋਟੋਆਂ ਹਨ।

**ਸਵਾਲ**—ਆਸ਼ੂਤੋਸ਼ ਨੂੰ ਇੰਨਾ ਵੱਡਾ ਸੰਸਥਾਨ ਚਲਾਉਣ ਲਈ ਪੈਸਾ ਕਿੱਥੋਂ ਮਿਲਦਾ ਹੈ ?

**ਜਵਾਬ**—ਪਹਿਲਾਂ ਪਹਿਲ ਕਨੇਡਾ ਦਾ ਇਕ ਸ਼ਰਧਾਲੂ ਬਲਵੰਤ ਸਿੰਘ ਇਸਨੂੰ ਬਹੁਤ ਪੈਸੇ ਭੇਜਿਆ ਕਰਦਾ ਸੀ ਅਤੇ ਅੱਜਕਲ੍ਹ ਚੜ੍ਹਾਵਾ ਬਹੁਤ ਚੜ੍ਹਦਾ ਹੈ, ਲੋਕ ਆਸ਼ੂਤੋਸ਼ ਨੂੰ ਮੱਥਾ ਟੇਕਦੇ ਹਨ ਅਤੇ ਜੇਕਰ ਇਹ ਕਿਤੇ ਬਾਹਰ ਗਿਆ ਹੋਵੇ ਤਾਂ ਫਿਰ ਉਸਦੀ ਖਾਲੀ ਕੁਰਸੀ ਨੂੰ ਮੱਥਾ ਟੇਕੀ ਜਾਂਦੇ ਹਨ। ਮੈਨੂੰ ਹੋਰ ਨਹੀਂ ਪਤਾ ਕਿ ਪੈਸੇ ਕਿੱਥੋਂ ਕਿੱਥੋਂ ਆਉਂਦੇ ਹਨ, ਪਰ ਇਸ ਪਾਸ ਬਹੁਤ ਪੈਸਾ ਹੈ।

**ਸਵਾਲ**—ਕੀ ਆਸ਼ੂਤੋਸ਼ ਸ਼ਰਾਬ ਜਾਂ ਨਸ਼ੇ ਵਾਲੀਆਂ ਚੀਜ਼ਾਂ ਦਾ ਸੇਵਨ ਕਰਦਾ ਹੈ ਜਾਂ ਮੁਰਗਾ-ਮੀਟ ਖਾ ਲੈਂਦਾ ਹੈ ?

**ਜਵਾਬ**—ਨਹੀਂ। ਸ਼ਰਾਬ ਬਿਲਕੁਲ ਨਹੀਂ ਪੀਂਦਾ ਅਤੇ ਨਾ ਹੀ ਉਹ ਮੀਟ ਵਗੈਰਾ ਖਾਂਦਾ ਹੈ। ਸਿਰਫ਼ ਚਾਵਲ ਅਤੇ ਫ਼ਰੂਟ ਵਗੈਰਾ ਖਾਂਦਾ ਹੈ ਅਤੇ ਆਪਣੀ ਜੂਠ ਪ੍ਰਸ਼ਾਦ ਵਜੋਂ ਆਪਣੇ ਸ਼ਰਧਾਲੂਆਂ ਵਿਚ ਵੰਡ ਦਿੰਦਾ ਹੈ।

**ਸਵਾਲ**—ਆਸ਼ੂਤੋਸ਼ ਭਜਨ ਬੰਦਗੀ ਕਿਸ ਸਮੇਂ ਕਰਦਾ ਹੈ।

**ਜਵਾਬ**—ਮੈਂ ਕਦੀ ਵੀ ਇਸ ਨੂੰ ਭਜਨ ਬੰਦਗੀ ਕਰਦੇ ਨਹੀਂ ਵੇਖਿਆ ਜਦੋਂ ਵੀ ਇਹ ਵਿਹਲਾ ਹੁੰਦਾ ਓਦੋਂ ਵੀ.ਸੀ.ਆਰ. ਤੇ ਫਿਲਮਾਂ ਵੇਖਦਾ ਰਹਿੰਦਾ ਹੈ।

**ਸਵਾਲ**—ਦੇਸਲ ਜੀ, ਤੁਸੀਂ ਕਿੰਨਾ ਸਮਾਂ ਆਸ਼ੂਤੋਸ਼ ਨਾਲ ਰਹੇ ?

**ਜਵਾਬ**—ਮੈਂ 1988 ਤੋਂ 1992 ਤਕ ਆਸ਼ੂਤੋਸ਼ ਦਾ ਨਿਜੀ ਡਰਾਇਵਰ ਹੋਣ ਦੇ ਨਾਤੇ ਉਸ ਦੇ ਨਾਲ ਰਿਹਾ ਹਾਂ।

**ਸਵਾਲ**—ਤੁਸੀਂ ਆਖ਼ਰ ਆਸ਼ੂਤੋਸ਼ ਨਾਲ ਕਿਉਂ ਨਰਾਜ ਹੋਏ, ਜਦ ਕਿ ਤੁਹਾਡੇ ਕਹਿਣ ਅਨੁਸਾਰ ਆਸ਼ੂਤੋਸ਼ ਜੀ ਪਾਸੋਂ ਤੁਹਾਨੂੰ ਸਾਰੀਆਂ ਸਹੂਲਤਾਂ ਮਿਲਦੀਆਂ ਸਨ।

**ਜਵਾਬ**—ਇਹ ਇਕ ਮਹੱਤਵਪੂਰਨ ਸਵਾਲ ਹੈ। ਇਹ 1992 ਦੀ ਗੱਲ ਹੈ। ਅਸੀਂ ਨੂਰ ਮਹਿਲ ਤੋਂ 6 ਆਦਮੀ ਜਿਹਨਾਂ ਵਿਚ ਆਸ਼ੂਤੋਸ਼ ਸ੍ਰੀ ਮਸਤ ਰਾਮ, ਸੁਖਦੇਵ ਸਿੰਘ ਅਤੇ ਮੈਂ ਸ਼ਾਮਿਲ ਸੀ ਅਤੇ ਇਸ ਤੋਂ ਇਲਾਵਾ ਦੋ ਕੁੜੀਆਂ ਮੁਕਤਾ ਅਤੇ ਸਵੀਟੀ ਵੀ ਸਾਡੇ ਨਾਲ ਦਿੱਲੀ ਸਤਿਸੰਗ ਕਰਨ ਗਏ ਅਸੀਂ ਉਥੇ ਰਾਜੌਰੀ ਗਾਰਡਨ ਵਿਖੇ ਸ੍ਰੀ ਵਿਜੇ ਕੁਮਾਰ ਦੀ ਕੋਠੀ ਨੰਬਰ ਟੀ-8 ਵਿਚ ਠਹਿਰੇ ਸੀ। ਇਹ

ਕੋਠੀ 6 ਕਮਰਿਆਂ ਦੀ ਹੈ, ਇਥੇ ਆਸ਼ੂਤੋਸ਼ ਲਾਗਲੇ ਘਰਾਂ ਅਤੇ ਇਸੇ ਕੋਠੀ ਵਿਚ ਸਤਿਸੰਗ ਕਰਦਾ ਹੁੰਦਾ ਸੀ। ਰਾਤ ਸਮੇਂ ਜਦ ਆਸ਼ੂਤੋਸ਼ ਆਰਾਮ ਕਰਦਾ ਸੀ ਤਾਂ ਅਸੀਂ ਵਾਰੀ ਵਾਰੀ ਦੇ ਕਮਰੇ ਦੇ ਬਾਹਰ ਪਹਿਰਾ ਦਿੰਦੇ ਸੀ। ਇਕ ਰਾਤ ਤਕਰੀਬਨ ਇਕ ਡੇਢ ਵਜੇ ਮੈਂ ਦੇਖਿਆ ਕਿ ਸਵੀਟੀ ਆਪਣੇ ਕਮਰੇ ਵਿਚੋਂ ਉੱਠ ਕੇ ਆਸ਼ੂਤੋਸ਼ ਦੇ ਕਮਰੇ ਵਿਚ ਦਾਖਲ ਹੋਈ ਪਰ ਜਦੋਂ 5-7 ਮਿੰਟ ਤਕ ਸਵੀਟੀ ਬਾਹਰ ਨਾ ਆਈ ਤਾਂ ਮੈਨੂੰ ਸ਼ੱਕ ਹੋਇਆ ਅਤੇ ਮੈਂ ਇਕ ਦਮ ਕਮਰੇ ਵਿਚ ਦਾਖਲ ਹੋਇਆ। ਮੈਂ ਦੇਖਿਆ ਕਿ ਸਵੀਟੀ ਅਤੇ ਆਸ਼ੂਤੋਸ਼ ਅਲਫ਼ ਨੰਗੀ ਹਾਲਤ ਵਿਚ ਬਹੁਤ ਹੀ ਇਤਰਾਜਯੋਗ ਹਾਲਤ ਵਿਚ ਸਨ। ਜਿਸ 'ਤੇ ਮੈਂ ਗੁੱਸੇ ਵਿਚ ਅੱਗ ਬਬੂਲਾ ਹੋ ਉਠਿਆ ਜਿਸ ਆਸ਼ੂਤੋਸ਼ ਨੂੰ ਮੈਂ ਰੱਬ ਦੇ ਸਮਾਨ ਸਮਝਦਾ ਸੀ ਅੱਜ ਉਸ ਨੂੰ ਮੈਂ ਅਸ਼ਲੀਲ ਕਰਦੇ ਆਪਣੇ ਅੱਖੀਂ ਦੇਖਿਆ ਸੀ। ਸਵੀਟੀ ਕੱਪੜੇ ਪਾ ਕੇ ਇਕ ਦਮ ਕਮਰੇ 'ਚੋਂ ਬਾਹਰ ਚਲੀ ਗਈ ਪਰ ਮੈਂ ਆਸ਼ੂਤੋਸ਼ ਨੂੰ ਵਾਲਾਂ ਤੋਂ ਫੜ ਲਿਆ। ਉਹ ਮੇਰੇ ਤਰਲੇ ਕਰ ਰਿਹਾ ਸੀ ਕਿ ਮੈਂ ਇਹ ਗੱਲ ਕਿਸੇ ਨੂੰ ਨਾ ਦੱਸਾਂ ਪਰ ਮੈਂ ਉਸੇ ਪਲ ਹੀ ਆਸ਼ੂਤੋਸ਼ ਨੂੰ ਛੱਡ ਦੇਣ ਦਾ ਫੈਸਲਾ ਕੀਤਾ ਤਾਂ ਕਿ ਇਸ ਦੀਆਂ ਕਰਤੂਤਾਂ ਤੋਂ ਲੋਕਾਂ ਨੂੰ ਜਾਣੂੰ ਕਰਵਾ ਸਕਾਂ। ਮੈਂ ਕਮਰੇ ਵਿਚੋਂ ਬਾਹਰ ਨਿਕਲ ਆਇਆ ਤੇ ਵਾਪਿਸ ਨੂਰ ਮਹਿਲ ਆ ਗਿਆ।

**ਸਵਾਲ**—ਕੀ ਤੁਸੀਂ ਆਸ਼ੂਤੋਸ਼ ਦੇ ਇਸ ਕਾਰਨਾਮੇ ਬਾਰੇ ਉਥੇ ਮੌਜੂਦ ਦੂਸਰੇ ਵਿਅਕਤੀਆਂ ਨੂੰ ਦੱਸਿਆ ਸੀ ?

**ਜਵਾਬ**—ਹਾਂ। ਮੈਂ ਰੌਲਾ ਪਾਇਆ, ਸਾਡੇ ਬਾਕੀ ਸਾਥੀ ਇਕੱਠੇ ਹੋਏ ਪਰ ਉਹਨਾਂ ਇਸ ਘਟਨਾ ਨੂੰ ਆਸ਼ੂਤੋਸ਼ ਦੇ ਕੌਤਕ ਵਜੋਂ ਲੈਂਦਿਆਂ ਮੈਨੂੰ ਚੁੱਪ ਰਹਿਣ ਲਈ ਕਿਹਾ। ਮੈਨੂੰ ਨਹੀਂ ਪਤਾ ਕਿ ਉਹਨਾਂ ਲੋਕਾਂ ਨੇ ਮੇਰੇ ਵਾਂਗ ਉਸ ਦੇ ਖਿਲਾਫ਼ ਆਵਾਜ਼ ਕਿਉਂ ਨਹੀਂ ਉਠਾਈ। ਇਹ ਵੀ ਹੋ ਸਕਦਾ ਹੈ ਕਿ ਉਹ ਵੀ ਉਸ ਦੀਆਂ ਕਾਲੀਆਂ ਕਰਤੂਤਾਂ ਵਿਚ ਭਾਗੀਦਾਰ ਹੋਣ।

**ਸਵਾਲ**—ਕੀ ਤੁਸੀਂ ਦਿੱਲੀ ਵਾਲੀ ਇਸ ਘਟਨਾ ਤੋਂ ਬਾਅਦ ਲੁਕ ਕੇ ਦਿਨ ਕੱਟਦੇ ਰਹੇ ?

**ਜਵਾਬ**—ਨਹੀਂ ਮੈਂ ਆਸ਼ੂਤੋਸ਼ ਤੋਂ ਡਰਦਾ ਕਿਉਂ ਲੁਕਦਾ ਸਗੋਂ ਉਸ ਨੂੰ ਮੇਰੇ ਕੋਲ ਡਰਨਾ ਚਾਹੀਦਾ ਹੈ। ਮੈਂ ਉਸ ਤੋਂ ਬਾਅਦ ਨੂਰ ਮਹਿਲ ਹੀ ਆਪਣੇ ਪਰਿਵਾਰ ਸਮੇਤ ਰਹਿੰਦਾ ਰਿਹਾ। ਹਾਂ ਇਕਵਾਰ ਬਾਬੇ ਦੇ ਪਾਲਤੂ ਗੁੰਡਿਆਂ ਜਿਨ੍ਹਾਂ ਵਿਚ ਕੁਝ ਪੁਲਿਸ ਕਰਮਚਾਰੀ ਵੀ ਸ਼ਾਮਿਲ ਸਨ ਨੇ ਮੈਨੂੰ ਉਸ ਦੇ ਡੇਰੇ ਵਿਚ ਕੁੱਟ ਮਾਰ ਕੀਤੀ ਸੀ। ਮੈਂ ਇਸ ਸੰਬੰਧੀ ਨੂਰ ਮਹਿਲ ਥਾਣੇ ਵਿਚ ਨੂਰ ਮਹਿਲੀਆਂ ਦੇ ਖਿਲਾਫ਼ ਸ਼ਿਕਾਇਤ ਕੀਤੀ ਸੀ ਪਰ ਉਹਨਾਂ ਮੇਰੇ ਪਾਸੋਂ ਮੁਆਫ਼ੀ ਮੰਗ ਲਈ ਅਤੇ ਮਾਮਲਾ ਖਤਮ ਹੋ ਗਿਆ। ਇਸ ਦੇ ਬਾਅਦ ਮੈਂ ਨੂਰ ਮਹਿਲੀਆਂ ਦੇ ਖਿਲਾਫ਼ ਨੂਰ ਮਹਿਲ

ਵਿਖੇ ਇਕ ਤਰਕਸ਼ੀਲ ਮੇਲਾ ਕਰਵਾਇਆ ਜਿਸ ਨੂੰ ਕਰੀਬ 10,000 ਲੋਕਾਂ ਨੇ ਵੇਖਿਆ।

**ਸਵਾਲ**—ਸੁਣਿਆ ਹੈ ਕਿ ਤੁਸੀਂ ਆਸ਼ੂਤੋਸ਼ ਨੂੰ ਹਲਫੀਆ ਬਿਆਨ ਲਿਖਕੇ ਦਿੱਤਾ ਸੀ ਕਿ ਮੈਂ ਉਸ ਦੇ ਖਿਲਾਫ਼ ਕੋਈ ਗੱਲ ਨਹੀਂ ਕਰਾਂਗਾ। ਕੀ ਇਹ ਸੱਚ ਹੈ ?

**ਜਵਾਬ**—ਹਾਂ। ਇਹ ਸੱਚ ਹੈ।

**ਸਵਾਲ**—ਕੀ ਤੁਸੀਂ ਬਾਬੇ ਪਾਸੋਂ ਪੈਸੇ ਲੈ ਕੇ ਜਾਂ ਫਿਰ ਬਾਬੇ ਤੋਂ ਡਰਦਿਆਂ ਹਲਫੀਆ ਬਿਆਨ ਲਿਖਿਆ ਸੀ ?

**ਜਵਾਬ**—ਨਹੀਂ ਮੈਂ ਬਾਬੇ ਤੋਂ ਕੋਈ ਪੈਸਾ ਨਹੀਂ ਲਿਆ ਅਤੇ ਨਾ ਹੀ ਮੈਨੂੰ ਆਸ਼ੂਤੋਸ਼ ਨੇ ਧਮਕੀ ਦੇ ਕੇ ਹਲਫੀਆ ਬਿਆਨ ਲਿਖਵਾਇਆ।

**ਸਵਾਲ**—ਫਿਰ ਤੁਸੀਂ ਹਲਫੀਆ ਬਿਆਨ ਕਿਉਂ ਦਿੱਤਾ।

**ਜਵਾਬ**—ਮੈਂ ਹਲਫੀਆ ਬਿਆਨ ਦੇ ਕੇ ਬਾਬੇ ਦੀ ਨਿਗਾਹ ਵਿਚ ਚੰਗਾ ਬਣਨਾ ਚਾਹੁੰਦਾ ਸੀ ਤਾਂਕਿ ਮੈਂ ਬਾਬੇ ਦੇ ਰਹਿੰਦੇ ਰਾਜ ਵੀ ਜਾਣ ਸਕਾਂ ਅਤੇ ਮੈਂ ਇਕ ਮਹੀਨੇ ਦੇ ਵਿਚ ਆਸ਼ੂਤੋਸ਼ ਦੇ ਬਾਕੀ ਰਹਿੰਦੇ ਸਾਰੇ ਰਾਜ ਜਾਣ ਲਏ ਹਨ। ਇਹਨਾਂ ਵਿਚੋਂ ਕਈ ਦਸਤਾਵੇਜ ਸਬੂਤਾਂ ਵਜੋਂ ਮੇਰੇ ਪਾਸ ਮੌਜੂਦ ਹਨ।

**ਸਵਾਲ**—ਕੀ ਇਹ ਸੱਚ ਹੈ ਕਿ ਦਿਵਯ ਜਯੋਤ ਜਾਗਰਨ ਸੰਸਥਾਨ ਹਰ ਨਾਮ ਲੈਣ ਵਾਲੇ ਵਿਅਕਤੀ ਨੂੰ ਪਰਮਾਤਮਾ ਦੇ ਦਰਸ਼ਨ ਕਰਵਾ ਦਿੰਦੇ ਹਨ ?

**ਜਵਾਬ**—ਇਹ ਕੋਰਾ ਝੂਠ ਹੈ ਨਾਮ ਲੈਣ ਵਾਲੇ ਵਿਅਕਤੀ ਨੂੰ ਰੱਬ ਦੇ ਦਰਸ਼ਨ ਨਹੀਂ ਹੁੰਦੇ ਮੈਂ ਵੀ ਨਾਮ ਲਿਆ ਸੀ। ਮੈਨੂੰ ਕੁਝ ਨਹੀਂ ਦਿਸਿਆ। ਅਸਲ ਵਿਚ ਜਿਨ੍ਹਾਂ ਵਿਅਕਤੀਆਂ ਨੇ ਨਾਮ ਲੈਣਾ ਹੁੰਦਾ ਹੈ ਉਹਨਾਂ ਦੀ ਲਿਸਟ ਤਿਆਰ ਕਰ ਕਰ ਥੋੜ੍ਹੀ ਥੋੜ੍ਹੀ ਵਿੱਥ ਦੇ ਫਾਸਲੇ 'ਤੇ ਇਕ ਹਾਲ ਵਿਚ ਬਿਠਾ ਦਿੱਤਾ ਜਾਂਦਾ ਹੈ ਅਤੇ ਹਾਲ ਦੇ ਗੇਟਾਂ ਨੂੰ ਤਾਲੇ ਲਾ ਦਿੱਤੇ ਜਾਂਦੇ ਹਨ। ਨਾ ਹੀ ਕੋਈ ਵਿਅਕਤੀ ਹਾਲ ਦੇ ਅੰਦਰ ਆ ਸਕਦਾ ਹੈ ਤੇ ਨਾ ਹੀ ਜਾ ਸਕਦਾ ਹੈ। ਇਹ ਪ੍ਰਕਿਰਿਆ ਤਿੰਨ ਘੰਟੇ ਦੀ ਹੁੰਦੀ ਹੈ। ਤਕਰੀਬਨ ਤਿੰਨ ਘੰਟੇ ਹਰ ਨਾਮ ਲੈਣ ਵਾਲੇ ਵਿਅਕਤੀ ਨੂੰ ਚੌਂਕੜੀ ਮਾਰ ਕੇ ਬੈਠਣਾ ਪੈਂਦਾ ਹੈ। ਅਤੇ ਸਤਿਸੰਗ ਹੁੰਦਾ ਰਹਿੰਦਾ ਹੈ। ਸਤਿਸੰਗ ਕਰਦੇ ਸਮੇਂ ਪ੍ਰਚਾਰਕ ਦੱਸਦੇ ਹਨ ਕਿ ਜੇ ਕਿਸੇ ਵਿਅਕਤੀ ਨੂੰ ਪਰਮਾਤਮਾ ਦੇ ਦਰਸ਼ਨ ਨਾ ਹੋਣ ਤਾਂ ਉਹ ਮਹਾਂ ਪਾਪੀ ਹੈ। ਫਿਰ ਨਾਮ ਲੈਣ ਵਾਲੇ ਵਿਅਕਤੀ ਦੀਆਂ ਅੱਖਾਂ ਜ਼ੋਰ ਨਾਲ ਘੁੱਟ ਦਿੱਤੀਆਂ ਜਾਂਦੀਆਂ ਹਨ ਜਿਸ ਕਰਕੇ ਉਸਨੂੰ ਆਪਣੀਆਂ ਅੱਖਾਂ ਅੱਗੇ ਭੰਬਰ ਤਾਰੇ ਦਿਸਦੇ ਹਨ ਇਸੇ ਨੂੰ ਨੂਰ ਮਹਿਲੀਏ ਕਹਿ ਦਿੰਦੇ ਹਨ ਕਿ ਇਹ ਪਰਮਾਤਮਾ ਦਾ ਪ੍ਰਕਾਸ਼ ਹੈ। ਫਿਰ ਇਕ ਹੋਰ ਪਾਖੰਡ ਕੀਤਾ ਜਾਂਦਾ ਹੈ। ਪਹਿਲਾਂ ਤਿੰਨ ਘੰਟੇ ਨਾਮ ਲੈਣ ਲਈ ਥੱਕੇ ਬੈਠੇ ਵਿਅਕਤੀ ਨੂੰ ਆਪਣੀ

ਜੁਬਾਨ ਤਾਲੂ ਨਾਲ ਲਾਉਣ ਲਈ ਕਿਹਾ ਜਾਂਦਾ ਹੈ। ਭੁੱਖਾ ਤਿਹਾਇਆ ਬੈਠਾ ਵਿਅਕਤੀ ਜਦ ਜੁਬਾਨ ਤਾਲੂ ਨਾਲ ਲਗਾਉਂਦਾ ਹੈ ਤਾਂ ਉਹ ਆਪਣੇ ਅੰਦਰ ਆਪਣੇ ਥੁੱਕ ਦੇ ਘੁੱਟ ਲੰਘਾਉਂਦਾ ਹੈ, ਜਿਸ ਨੂੰ ਨੂਰ ਮਹਿਲੀਏ ਕਹਿੰਦੇ ਹਨ ਕਿ ਇਹ ਧੁਰੋਂ ਹੀ ਆਇਆ ਅੰਮ੍ਰਿਤ ਹੈ ਅਤੇ ਅੰਤ ਵਿਚ ਨਾਮ ਲੈਣ ਵਾਲਿਆਂ ਨੂੰ "ਸੋਂਹ" ਸ਼ਬਦ ਨਾਮ ਵਜੋਂ ਦਿੱਤਾ ਜਾਂਦਾ ਹੈ ਅਤੇ ਆਸ਼ੂਤੋਸ਼ ਮਹਾਰਾਜ ਜੀ ਦੀ ਜੈ ਕਹਿਣ ਲਈ ਵੀ ਪ੍ਰੇਰਿਆ ਜਾਂਦਾ ਹੈ। ਇਸ ਤੋਂ ਵੱਧ ਹੋਰ ਕੁਝ ਨਹੀਂ ਹੈ। ਜਦੋਂ ਕੰਨਾਂ ਵਿਚ ਸ਼ਾਂ-ਸ਼ਾਂ ਹੋਣ ਲੱਗਦੀ ਹੈ, ਇਹ ਕਹਿੰਦੇ ਹਨ ਕਿ ਅਨਹਦ ਨਾਦ ਵੱਜ ਰਿਹਾ ਹੈ।

**ਸਵਾਲ**—ਕੀ ਇਹ ਸੱਚ ਹੈ ਕਿ ਕੁਝ ਲੋਕਾਂ ਨੇ ਆਪਣੀਆਂ ਲੜਕੀਆਂ ਡੇਰੇ ਨੂੰ ਸਮਰਪਿਤ ਕੀਤੀਆਂ ਹੋਈਆਂ ਹਨ ?

**ਜਵਾਬ**—ਹਾਂ ਇਹ ਸੱਚ ਹੈ ਅਜਿਹੀਆਂ ਕਈ ਨੌਜਵਾਨ ਲੜਕੀਆਂ ਡੇਰੇ ਵਿਚ ਰਹਿੰਦੀਆਂ ਹਨ।

**ਸਵਾਲ**—ਕੀ ਆਸ਼ੂਤੋਸ਼ ਦੇ ਡੇਰੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਹੈ ?

**ਜਵਾਬ**—ਹਾਂ ਜੀ। ਡੇਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਸਰੂਪ ਹੁੰਦੇ ਸਨ।

**ਸਵਾਲ**—ਕੀ ਗੁਰੂ ਜੀ ਦੇ ਸਰੂਪ ਆਦਰ ਸਹਿਤ ਰੱਖੇ ਜਾਂਦੇ ਹਨ।

**ਜਵਾਬ**—ਜੀ ਨਹੀਂ। ਚੰਦੋਏ ਪੀੜ੍ਹੇ ਰੁਮਾਲੇ ਆਦਿਕ ਬਗੈਰ ਫਰਸ਼ 'ਤੇ ਹੀ ਰੱਖ ਕੇ ਪੜ੍ਹਦੇ ਸਨ।

**ਸਵਾਲ**—ਕੀ ਆਸ਼ੂਤੋਸ਼ ਖ਼ੁਦ ਗੁਰਬਾਣੀ ਪੜ੍ਹਦਾ ਹੈ।

**ਜਵਾਬ**—ਨਹੀਂ ਆਸ਼ੂਤੋਸ਼ ਨਾ ਹੀ ਪੰਜਾਬੀ ਬੋਲ ਸਕਦਾ ਹੈ ਤੇ ਨਾ ਹੀ ਪੜ੍ਹ ਸਕਦਾ ਹੈ ਤੇ ਉਸਨੂੰ ਗੁਰਬਾਣੀ ਦਾ ਉੱਕਾ ਹੀ ਗਿਆਨ ਨਹੀਂ।

**ਸਵਾਲ**—ਕੀ ਪ੍ਰਚਾਰਕਾਂ ਨੂੰ ਕੁਦਰਤੀ ਗਿਆਨ ਹੈ ਜਾਂ ਉਹਨਾਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

**ਜਵਾਬ**—ਪ੍ਰਚਾਰਕਾਂ ਨੂੰ ਡੇਰੇ ਵਿਚ ਟ੍ਰੇਨਿੰਗ ਦਿੱਤੀ ਜਾਂਦੀ ਹੈ।

**ਸਵਾਲ**—ਕੀ ਇਹ ਸੱਚ ਹੈ ਕਿ ਹੁਣ ਆਸ਼ੂਤੋਸ਼ ਦੇ ਸ਼ਰਧਾਲੂਆਂ ਦੀ ਗਿਣਤੀ ਲੱਖਾਂ ਵਿਚ ਹੈ।

**ਜਵਾਬ**—ਹਾਂ ਇਹ ਸੱਚ ਹੈ। ਉਹਨਾਂ ਦੇ ਪ੍ਰਚਾਰਕਾਂ ਦੀ ਗਿਣਤੀ ਵੀ ਇਸ ਸਮੇਂ 500 ਤੋਂ ਵੱਧ ਹੈ।

**ਸਵਾਲ**—ਸ. ਪੂਰਨ ਸਿੰਘ ਜੀ, ਤੁਸੀਂ ਗੁੰਮਰਾਹ ਹੋਈ ਸੰਗਤ ਨੂੰ ਕੀ ਸੰਦੇਸ਼

ਦੇਣਾ ਚਾਹੁੰਦੇ ਹੋ।

ਜਵਾਬ—ਵੀਰ ਜੀ ਮੈਂ ਦੋਵੇਂ ਹੱਥ ਜੋੜ ਕੇ ਸਿੱਖ ਸੰਗਤ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਿੱਖ ਧਰਮ ਸਭ ਤੋਂ ਨਿਆਰਾ ਤੇ ਪਿਆਰਾ ਧਰਮ ਹੈ, ਸਾਡੇ ਕੋਲ ਗੁਰੂ ਸਾਹਿਬਾਨ ਵੱਲੋਂ ਗਿਆਨ ਦਾ ਅਥਾਹ ਭਰਿਆ ਹੋਇਆ ਸਾਗਰ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਿਸ ਵਿਚ ਨਾਮ ਰੂਪੀ ਹੀਰੇ ਜਵਾਹਰ ਹਨ, ਪਰ ਆਪ ਭੁੱਲ ਕੇ ਅਖੌਤੀ ਪਾਖੰਡੀਆਂ ਦੇ ਡੇਰੇ 'ਤੇ ਜਾ ਕੇ ਭਾਵ ਛਪੜੀ ਵਿਚ ਹੱਥ ਮਾਰ ਰਹੇ ਹੋ। ਯਾਦ ਰਹੇ ਕਿ ਛਪੜੀ ਵਿਚ ਚਿੱਕੜ ਹੀ ਲੱਭੇਗਾ।

**ਸਵਾਲ**—ਕੀ ਤੁਹਾਡੀ ਆਸ਼ੂਤੋਸ਼ ਨਾਲ ਕੋਈ ਨਿੱਜੀ ਦੁਸ਼ਮਣੀ ਹੈ ?

**ਜਵਾਬ**—ਨਹੀਂ।

**ਸਵਾਲ**—ਕੀ ਤੁਹਾਡਾ ਪਰਿਵਾਰ ਤੁਹਾਡੇ ਇਸ ਵਿਢੇ ਹੋਏ ਸੰਘਰਸ਼ ਤੋਂ ਸੰਤੁਸ਼ਟ ਹੈ ?

**ਜਵਾਬ**—ਜੀ ਹਾਂ, ਸਾਰਾ ਹੀ ਪਰਿਵਾਰ ਮੈਨੂੰ ਆਸ਼ੂਤੋਸ਼ ਦੇ ਪਾਖੰਡ ਦਾ ਭਾਂਡਾ ਫੋੜਨ ਵਾਸਤੇ ਉਤਸ਼ਾਹ ਦੇ ਰਿਹਾ ਹੈ। ਪਰਿਵਾਰ ਮੇਰਾ ਤਾਂ ਇਹ ਵੀ ਕਹਿੰਦਾ ਹੈ, ਕਿ ਤੁਹਾਡੇ ਵਰਗੇ ਸਿੱਖ ਜੋ ਆਪਣੀ ਡਫਲੀ ਵਜਾ ਰਹੇ ਹਨ, ਜੇ ਇਕ ਹੋ ਜਾਣ ਤਾਂ ਮਿੰਟਾਂ-ਸਕਿੰਟਾਂ ਵਿਚ ਪਾਖੰਡੀ ਗੁਰੂਆਂ ਨੂੰ ਪੰਜਾਬ 'ਚੋਂ ਕੀ ਹਿੰਦੁਸਤਾਨ ਵਿਚੋਂ ਕੱਢ ਸਕਦੇ ਹਾਂ।

**ਸਵਾਲ**—ਤੁਸੀਂ ਕਹਿੰਦੇ ਹੋ ਕਿ ਮੈਂ ਹੁਣ ਸਿਰਫ਼ ਸਿੱਖ ਕੌਮ ਵਾਸਤੇ ਹੀ ਪ੍ਰਚਾਰ ਕਰਾਂਗਾ ਪਰ ਤੁਸੀਂ ਆਪਣੀ ਦਾੜ੍ਹੀ ਕੱਟੀ ਹੋਈ ਹੈ ਅਤੇ ਅੰਮ੍ਰਿਤ ਵੀ ਨਹੀਂ ਛਕਿਆ।

**ਜਵਾਬ**—ਮੈਂ ਕੋਸ਼ਿਸ਼ ਕਰਾਂਗਾ ਕਿ ਥੋੜ੍ਹੇ ਸਮੇਂ ਵਿਚ ਅੰਮ੍ਰਿਤ ਪਾਨ ਕਰ ਲਵਾਂ।

ਦੇਸਲ ਜੀ ਤੁਹਾਡਾ ਧੰਨਵਾਦ ਕਿ ਤੁਸੀਂ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਕੱਢ ਕੇ ਮਾਸਿਕ ਅਕਾਲ ਉਪਮਾ ਦੇ ਦਫ਼ਤਰ ਫੋਕਲ ਪੁਆਇੰਟ ਤਰਨ-ਤਾਰਨ ਪੁੱਜੇ ਅਤੇ ਸਾਡੇ ਨਾਲ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ।

(ਅਕਾਲ ਉਪਮਾ ਵਿਚੋਂ ਧੰਨਵਾਦ ਸਹਿਤ)

## ਸੱਚੇ ਸੌਦੇ ਵਾਲਾ ਗੁਰਮੀਤ ਰਾਮ ਰਹੀਮ ਸਿੰਘ

ਇਹ ਸਿਰਸੇ ਵਾਲਾ ਡੇਰਾ ਸੱਚਾ ਸੌਦਾ ਕਰਕੇ ਜਾਣਿਆ ਜਾਂਦਾ ਹੈ, ਇਥੇ ਪਹਿਲਾਂ ਵੀ ਕਈ ਦੇਹਧਾਰੀ ਮਹਾਰਾਜ ਹੋ ਚੁੱਕੇ ਹਨ। ਹੁਣ ਇਹ ਵੀ ਸਤਿਗੁਰੂ ਮਹਾਰਾਜ ਕਹਾਉਂਦਾ ਹੈ। ਵੱਲ ਵਿੰਗ ਪਾ ਕੇ ਮਨੁੱਖਤਾ ਦੀ ਭਲਾਈ ਦਾ ਢੰਡੋਰਾ ਪਿੱਟਣ ਵਾਲਾ ਇਹ ਸਤਿਗੁਰੂ ਮਹਾਰਾਜ ਆਪਣੇ ਆਪ ਨੂੰ ਜਗਤ ਦਾ ਮਸੀਹਾ ਦੱਸ ਰਿਹਾ ਹੈ। ਵੱਡੇ ਵੱਡੇ ਪ੍ਰਧਾਨ ਮੰਤਰੀ ਅਤੇ ਸਟੇਟਾਂ ਦੇ ਮੁੱਖ ਮੰਤਰੀਆਂ ਨਾਲ ਸਾਂਝਾਂ ਦੱਸਦਾ ਹੈ। ਸੋਹੰ ਮੰਤਰ ਦੇ ਜਾਪ ਦੀ ਗੱਲ ਵੀ ਉਥੇ ਚਲਦੀ ਹੈ, ਉਹ ਖ਼ੁਦ ਕਹਿ ਰਿਹਾ ਕਿ ਮੈਨੂੰ ਰੋਜ਼ ਦੀ ਕਰੋੜ ਰੁਪਏ ਦੀ ਆਮਦਨ ਹੈ। ਕੀ ਕੁਝ ਦੁਨੀਆਂ ਦੇ ਸਾਹਮਣੇ ਆਇਆ, ਉਥੇ ਕੀ ਹੈ ? ਕਿਉਂ ਹੈ, ਕਿਵੇਂ ਹੈ ? ਅਖ਼ਬਾਰਾਂ ਦੀ ਜ਼ਬਾਨੀ ਹੇਠ ਲਿਖਿਆ ਪੜ੍ਹੋ।

## ਡੇਰਾ ਸੱਚਾ ਸੌਦਾ ਦੀ ਸੀ.ਬੀ.ਆਈ. ਜਾਂਚ ਦੇ ਆਦੇਸ਼

ਹਰਿਆਣਾ ਵਿਚ ਸਿਰਸਾ ਲਾਗੇ ਸਥਿਤ ਡੇਰਾ ਸੱਚਾ ਸੌਦਾ ਅੱਜ ਉਸ ਵੇਲੇ ਗੰਭੀਰ ਸੰਕਟ ਵਿਚ ਫਸ ਗਿਆ ਜਦੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਇਸ ਡੇਰੇ ਦੇ ਅੰਦਰੂਨੀ ਹਾਲਾਤ ਬਾਰੇ ਸੀ.ਬੀ.ਆਈ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਗਏ। ਹਾਈਕੋਰਟ ਨੇ ਡੇਰੇ ਦੀ ਇਕ ਲੜਕੀ ਵੱਲੋਂ ਲਿਖੇ ਗੁੰਮਨਾਮ ਪੱਤਰ 'ਤੇ ਕਾਰਵਾਈ ਕਰਦਿਆਂ ਇਹ ਆਦੇਸ਼ ਦਿੱਤੇ। ਇਸ ਲੜਕੀ ਵੱਲੋਂ ਕਈ ਮਹੀਨੇ ਪਹਿਲਾਂ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਈ ਦੇ ਨਾਂ ਇਕ ਬੇਨਾਮ ਪੱਤਰ ਲਿਖਿਆ ਗਿਆ ਸੀ ਜਿਸ ਦੀਆਂ ਕਾਪੀਆਂ ਗ੍ਰਹਿ ਮੰਤਰੀ ਸ੍ਰੀ ਐਲ.ਕੇ.ਅਡਵਾਨੀ, ਮਨੁੱਖੀ ਅਧਿਕਾਰ ਕਮਿਸ਼ਨ, ਮੁੱਖ ਮੰਤਰੀ ਹਰਿਆਣਾ, ਡੀ.ਆਈ.ਜੀ. ਹਰਿਆਣਾ, ਐਸ.ਪੀ. ਸਿਰਸਾ ਅਤੇ ਅਖ਼ਬਾਰਾਂ ਦੇ ਸੰਪਾਦਕਾਂ ਨੂੰ ਭੇਜੀਆਂ ਗਈਆਂ ਹਨ। ਹਾਈਕੋਰਟ ਵੱਲੋਂ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ ਸਿਰਸਾ ਰਾਹੀਂ ਇਸ ਮਾਮਲੇ ਦੀ ਕਰਵਾਈ ਗਈ ਜਾਂਚ ਤੋਂ ਬਾਅਦ ਕੁਝ ਪੜਤਾਲ ਯੋਗ ਵੇਰਵੇ ਸਾਹਮਣੇ ਆਏ ਅਤੇ ਇਨ੍ਹਾਂ 'ਕੇ ਕਾਰਵਾਈ ਕਰਦਿਆਂ ਜਸਟਿਸ ਏ.ਕੇ. ਗੋਇਲ 'ਤੇ ਆਧਾਰਤ ਡਵੀਜ਼ਨ ਬੈਚ ਨੇ ਅੱਜ ਪੂਰੇ ਮਾਮਲੇ ਦੀ ਸੀ.ਬੀ.ਆਈ. ਜਾਂਚ ਦੇ ਆਦੇਸ਼ ਦਿੱਤੇ ਹਨ।

ਇਥੇ ਇਹ ਜ਼ਿਕਰਯੋਗ ਹੈ ਕਿ ਇਸ ਚਿੱਠੀ ਨੂੰ ਲੈ ਕੇ ਡੇਰਾ ਸੱਚਾ ਸੌਦਾ ਪਿਛਲੇ ਲੰਮੇ ਸਮੇਂ ਤੋਂ ਚਰਚਾ ਵਿਚ ਹੈ। ਇਹ ਚਰਚਾ ਅੰਦਰੋਂ ਅੰਦਰੀ ਸੁਲਘ ਰਹੀ ਸੀ ਅਤੇ ਡੇਰੇ ਵੱਲੋਂ ਆਪਣੇ ਪ੍ਰਭਾਵ ਸਦਕਾ ਇਸ ਨੂੰ ਦਬਾਅ ਕੇ ਰੱਖਿਆ ਗਿਆ। ਸਿਰਸਾ ਦੇ ਕੁਝ ਸਥਾਨਕ ਅਖ਼ਬਾਰਾਂ ਨੇ ਇਸ ਬਾਰੇ ਖ਼ਬਰਾਂ ਛਾਪੀਆਂ ਤਾਂ ਡੇਰਾ ਸੱਚਾ ਸੌਦਾ ਦੇ ਗੁੰਡਿਆਂ ਵੱਲੋਂ ਉਹਨਾਂ ਨੂੰ ਡਰਾਇਆ ਧਮਕਾਇਆ ਗਿਆ। ਇਨ੍ਹਾਂ

ਵੱਲੋਂ ਇਹ ਪੱਤਰ ਲਿਖਣ ਵਾਲੇ ਦੀ ਨਿਸ਼ਾਨਦੇਹੀ ਦੇ ਨਾਂ 'ਤੇ ਵੀ ਕਈ ਲੋਕਾਂ ਨੂੰ ਆਪਣੇ ਗੁੱਸੇ ਦਾ ਸ਼ਿਕਾਰ ਬਣਾਇਆ ਗਿਆ। ਤਰਕਸ਼ੀਲ ਸੁਸਾਇਟੀ ਹਰਿਆਣਾ ਦੇ ਪ੍ਰਧਾਨ ਸ੍ਰੀ ਰਾਜਾ ਰਾਮ ਹੰਡਿਆਇਆ ਵੀ ਡੇਰਾ ਸੱਚਾ ਸੌਦਾ ਦੇ ਸ਼ਰਧਾਲੂਆਂ ਦੇ ਗੁੱਸੇ ਦਾ ਸ਼ਿਕਾਰ ਬਣੇ ਅਤੇ ਉਸਦੀ ਮਾਰ ਕੁੱਟ ਕੀਤੀ ਗਈ। ਕੁਝ ਅਰਸਾ ਪਹਿਲਾਂ ਉਹ ਬੇਹੱਦ ਸਹਿਮੀ ਹੋਈ ਹਾਲਤ ਵਿਚ ਦੇਸ਼ ਸੇਵਕ ਦੇ ਦਫ਼ਤਰ ਵੀ ਆਏ ਸਨ ਅਤੇ ਉਨ੍ਹਾਂ ਆਪਣੀ ਵਿਥਿਆ ਬਿਆਨ ਕੀਤੀ ਸੀ। ਦੇਸ਼ ਸੇਵਕ ਵੱਲੋਂ ਇਸ ਮਾਮਲੇ ਦੀ ਮੁੱਢਲੀ ਪੜਤਾਲ ਕੀਤੀ ਗਈ ਅਤੇ ਡੇਰਾ ਸੱਚਾ ਸੌਦਾ ਦੀਆਂ ਕਾਰਵਾਈਆਂ ਬਾਰੇ ਕੁਝ ਵੇਰਵੇ ਇਕੱਤਰ ਕੀਤੇ ਗਏ। ਪਰ ਡੇਰੇ ਦੀ ਵਿਸ਼ਾਲ ਅਤੇ ਡਰਾਉਣੇ ਤੰਤਰ ਕਾਰਨ ਕਾਨੂੰਨੀ ਨੁਕਤਾ ਨਜ਼ਰ ਤੋਂ ਲੋੜੀਂਦੇ ਬਿਆਨ ਅਤੇ ਵੇਰਵੇ ਪ੍ਰਾਪਤ ਕਰਨ 'ਚ ਅੜਚਨਾਂ ਆ ਰਹੀਆਂ ਸਨ।

ਡੇਰੇ ਦੇ ਅੰਦਰ ਰਹਿ ਚੁੱਕੇ ਕੁਝ ਲੋਕਾਂ ਦੇ ਬਿਆਨਾਂ ਅਨੁਸਾਰ ਬਾਬਾ ਗੁਰਮੀਤ ਰਾਮ ਰਹੀਮ ਸਿੰਘ ਦੁਆਲੇ ਕਾਫ਼ੀ ਕੁਝ ਅਜਿਹਾ ਸੀ ਜਿਸਦੀ ਉਚੇਚੀ ਜਾਂਚ ਪੜਤਾਲ ਦੀ ਲੋੜ ਸੀ। ਡੇਰੇ ਕੋਲ ਮਾਲੀ ਸਾਧਨਾਂ ਅਤੇ ਸ਼ਰਧਾਲੂਆਂ ਦਾ ਏਨਾ ਵਿਸ਼ਾਲ ਘੇਰਾ ਹੈ ਕਿ ਕੋਈ ਵੀ ਸਥਾਨਕ ਸਰਕਾਰੀ ਏਜੰਸੀ ਅਤੇ ਸਥਾਨਕ ਮੀਡੀਆ ਇਸ ਬਾਰੇ ਜਾਂਚ ਕਰਨ ਦੀ ਹਿੰਮਤ ਨਹੀਂ ਸੀ ਜੁਟਾ ਰਿਹਾ। ਪੰਜਾਬ ਦੇ ਮਾਲਵਾ ਖੇਤਰ ਅਤੇ ਹਰਿਆਣਾ ਵਿਚ ਲੱਖਾਂ ਸ਼ਰਧਾਲੂਆਂ ਕਾਰਨ ਡੇਰੇ ਦਾ ਜ਼ਬਰਦਸਤ ਰਾਜਨੀਤਕ ਪ੍ਰਭਾਵ ਹੈ ਅਤੇ ਦੋਵਾਂ ਰਾਜਾਂ ਦੇ ਸਿਖ਼ਰਲੇ ਸਿਆਸੀ ਆਗੂ ਚੋਣਾਂ ਦੇ ਮੌਕੇ ਡੇਰੇ ਦੀ ਹਮਾਇਤ ਜੁਟਾਉਣ ਲਈ ਬਾਬਾ ਗੁਰਮੀਤ ਰਾਮ ਰਹੀਮ ਸਿੰਘ ਦੀ ਚੌਂਕੀ ਭਰਦੇ ਹਨ। ਗੁੰਮਨਾਮ ਲੜਕੀ ਵੱਲੋਂ ਲਿਖੇ ਪੱਤਰ ਵਿਚ ਵੀ ਬਾਬਾ ਗੁਰਮੀਤ ਸਿੰਘ ਦੁਆਰਾ ਇਹ ਕਹਿਣ ਦਾ ਹਵਾਲਾ ਹੈ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀ ਉਸ ਕੋਲ ਆਉਂਦੇ ਹਨ ਅਤੇ ਕੋਈ ਵੀ ਉਸਦੇ ਖਿਲਾਫ਼ ਕਾਰਵਾਈ ਨਹੀਂ ਕਰ ਸਕਦਾ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਪੰਜਾਬ ਦੇ ਅਨੇਕਾਂ ਸਿਆਸੀ ਆਗੂਆਂ ਦੁਆਰਾ ਚੋਣਾਂ ਮੌਕੇ ਡੇਰਾ ਸੱਚਾ ਸੌਦਾ ਦੀ ਹਮਾਇਤ ਲੈਣ ਦੀਆਂ ਖ਼ਬਰਾਂ ਚਰਚਾ ਰਹੀਆਂ ਹਨ। ਹਾਈਕੋਰਟ ਵੱਲੋਂ ਦਿੱਤੀ ਸੀ.ਬੀ.ਆਈ. ਜਾਂਚ ਦੇ ਤਾਜ਼ਾ ਆਦੇਸ਼ਾਂ ਤੋਂ ਬਾਅਦ ਇਸ ਬਾਰੇ ਸਨਸਨੀਖੇਜ਼ ਵੇਰਵੇ ਸਾਹਮਣੇ ਆਉਣ ਦੀ ਉਮੀਦ ਹੈ।

ਸਿਰਸੇ ਲਾਗੇ ਸਥਿਤ ਇਹ ਡੇਰਾ ਵਿਸ਼ਾਲ ਖੇਤਰ ਵਿਚ ਫੈਲਿਆ ਹੋਇਆ ਹੈ ਅਤੇ ਇਸ ਦੇ ਅੰਦਰ ਕਈ ਤਰ੍ਹਾਂ ਦੇ ਸੰਸਥਾਨ ਹਨ। ਡੇਰੇ ਦੀ ਰੋਜ਼ਾਨਾ ਦੀ ਆਮਦਨ 1 ਕਰੋੜ ਰੁਪਏ ਦੱਸਦਾ ਹੈ। ਉਹ ਕਹਿੰਦਾ ਹੈ ਕਿ ਏਨੇ ਪੈਸਿਆਂ ਨਾਲ ਉਹ ਸਿਆਸਤਦਾਨਾਂ, ਪੁਲੀਸ ਅਫ਼ਸਰਾਂ ਅਤੇ ਜੱਜਾਂ ਆਦਿ ਕਿਸੇ ਨੂੰ ਵੀ ਖਰੀਦ ਸਕਦਾ ਹੈ। ਲੜਕੀ ਨੇ ਇਸ ਪੱਤਰ 'ਚ ਲਿਖਿਆ ਹੈ ਕਿ ਉਹ ਆਪਣਾ ਨਾਮ

ਜੇ ਲਿਖ ਦੇ ਤਾਂ ਬਾਬਾ ਉਸ ਨੂੰ ਅਤੇ ਉਸਦੇ ਪਰਿਵਾਰ ਨੂੰ ਖ਼ਤਮ ਕਰ ਦੇਵੇਗਾ। ਕਿਉਂਕਿ ਬਾਬਾ ਜੀ ਨੇ ਖ਼ੁਦ ਹੀ ਉਸਨੂੰ ਦੱਸਿਆ ਸੀ ਕਿ ਡੇਰੇ ਦੇ ਮੈਨੇਜਰ ਫ਼ਕੀਰ ਚੰਦ ਨੂੰ ਅਸੀਂ ਇੰਝ ਵੀ ਮਰਵਾ ਦਿੱਤਾ ਸੀ ਅਤੇ ਅੱਜ ਤਕ ਉਸਦੀ ਭਾਫ਼ ਤਕ ਨਹੀਂ ਨਿਕਲੀ। ਪੱਤਰ 'ਚ ਲਿਖਿਆ ਗਿਆ ਹੈ ਕਿ ਉਸ ਵਰਗੀਆਂ ਕਈ ਲੜਕੀਆਂ ਹਨ ਜਿਹੜੀਆਂ ਬਾਬੇ ਦੇ ਡਰੋਂ ਕੁਝ ਵੀ ਕਹਿਣ ਲਈ ਤਿਆਰ ਨਹੀਂ।

ਮਹਾਰਾਜ ਪਿਛਲੇ ਤਿੰਨ ਸਾਲ ਤੋਂ ਮੇਰੇ ਨਾਲ ਇਹ ਕੁਝ ਕਰਦੇ ਆ ਰਹੇ ਹਨ। ਹਰ 25-30 ਦਿਨ ਬਾਅਦ ਮੇਰੀ ਵਾਰੀ ਆਉਂਦੀ ਹੈ। ਮੈਨੂੰ ਹੁਣ ਇਹ ਵੀ ਪਤਾ ਚੱਲਿਆ ਹੈ ਕਿ ਮਹਾਰਾਜ ਨੇ ਮੈਥੋਂ ਪਹਿਲਾਂ ਵੀ ਡੇਰੇ 'ਚ ਮੌਜੂਦ ਜਿਹੜੀਆਂ ਕੁੜੀਆਂ ਨੂੰ ਬੁਲਾਇਆ ਉਨ੍ਹਾਂ ਨਾਲ ਵੀ ਇਹੀ ਕੁਝ ਕੀਤਾ। ਇਨ੍ਹਾਂ 'ਚੋਂ ਬਹੁਤ ਸਾਰੀਆਂ ਕੁੜੀਆਂ ਦੀ ਉਮਰ 35 ਤੋਂ 40 ਸਾਲ ਹੈ ਅਤੇ ਉਹ ਵਿਆਹ ਦੀ ਉਮਰ ਵੀ ਲੰਘਾ ਚੁੱਕੀਆਂ ਹਨ। ਉਨ੍ਹਾਂ ਕੋਲ ਇਸ ਹਾਲਾਤ ਵਿਚ ਰਹਿਣ ਤੋਂ ਸਿਵਾਅ ਹੋਰ ਕੋਈ ਰਾਹ ਹੀ ਨਹੀਂ ਬਚਿਆ। ਜ਼ਿਆਦਾਤਰ ਕੁੜੀਆਂ ਪੜ੍ਹੀਆਂ ਲਿਖੀਆਂ ਹਨ ਅਤੇ ਉਨ੍ਹਾਂ ਕੋਲ ਬੀ.ਏ., ਐਮ.ਏ., ਬੀ.ਐੱਡ. ਆਦਿ ਡਿਗਰੀਆਂ ਹਨ। ਪਰ ਉਹ ਡੇਰੇ ਵਿਚ ਨਰਕ ਭੋਗ ਰਹੀਆਂ ਹਨ ਸਿਰਫ਼ ਇਸ ਕਰਕੇ ਕਿਉਂਕਿ ਉਨ੍ਹਾਂ ਦੇ ਪਰਿਵਾਰ ਵਾਲਿਆਂ ਦੀ ਮਹਾਰਾਜ ਵਿਚ ਅੰਨ੍ਹੀ ਸ਼ਰਧਾ ਹੈ। ਅਸੀਂ ਚਿੱਟੇ ਕੱਪੜੇ ਪਹਿਨਦੀਆਂ, ਸਿਰ ਤੇ ਪਟਕਾ ਬੰਨ੍ਹਦੀਆਂ, ਮਰਦਾਂ ਵੱਲ ਨਹੀਂ ਦੇਖ ਸਕਦੀਆਂ ਅਤੇ ਮਹਾਰਾਜ ਦੇ ਆਦੇਸ਼ ਮੁਤਾਬਕ ਬੰਦਿਆਂ ਨਾਲ 5-10 ਫੁੱਟ ਦੀ ਦੂਰੀ 'ਤੇ ਖਲੋ ਕੇ ਗੱਲ ਕਰਦੀਆਂ ਹਾਂ। ਅਸੀਂ ਦੇਖਣ ਵਾਲਿਆਂ ਨੂੰ ਦੇਵੀਆਂ ਲਗਦੀਆਂ ਹਾਂ ਪਰ ਅਸੀਂ ਵੇਸਵਾਵਾਂ ਦੀ ਜੂਨ ਭੋਗ ਰਹੀਆਂ ਹਾਂ। ਇਕ ਵਾਰ ਮੈਂ ਆਪਣੇ ਘਰ ਵਾਲਿਆਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ ਡੇਰੇ ਵਿਚ ਸਭ ਕੁਝ ਅੱਛਾ ਨਹੀਂ। ਪਰ ਮੇਰੇ ਪਰਿਵਾਰ ਵਾਲਿਆਂ ਨੇ ਮੈਨੂੰ ਡਾਂਟ ਦਿੱਤਾ ਤੇ ਕਿਹਾ ਕਿ ਡੇਰੇ ਤੋਂ ਅੱਛੀ ਥਾਂ ਹੋਰ ਕੋਈ ਨਹੀਂ। ਕਿਉਂਕਿ ਇਥੇ ਅਸੀਂ ਭਗਵਾਨ ਮਹਾਰਾਜ ਜੀ ਦੀ ਸੰਗਤ ਵਿਚ ਹਾਂ। ਉਨ੍ਹਾਂ ਕਿਹਾ ਕਿ ਮੈਂ ਡੇਰੇ ਬਾਰੇ ਆਪਣੇ ਮਨ ਵਿਚ ਮੰਦੀ ਸੋਚ ਪੈਦਾ ਕਰ ਲਈ ਹੈ। ਉਨ੍ਹਾਂ ਨੇ ਮੈਨੂੰ ਸਤਿਗੁਰੂ ਦਾ ਜਾਪ ਕਰਨ ਲਈ ਕਿਹਾ। ਮੈਂ ਇਥੇ ਮਜ਼ਬੂਰ ਹਾਂ ਕਿਉਂਕਿ ਮੈਨੂੰ ਮਹਾਰਾਜ ਦੇ ਹੁਕਮ ਦੀ ਪਾਲਣਾ ਕਰਨੀ ਪੈਂਦੀ ਹੈ। ਕਿਸੇ ਕੁੜੀ ਨੂੰ ਦੂਜੀ ਕੁੜੀ ਨਾਲ ਗੱਲ ਕਰਨ ਦੀ ਆਗਿਆ ਨਹੀਂ। ਮਹਾਰਾਜ ਦੇ ਆਦੇਸ਼ਾਂ ਮੁਤਾਬਕ ਕੁੜੀਆਂ ਆਪਣੇ ਘਰਦਿਆਂ ਨਾਲ ਵੀ ਟੈਲੀਫ਼ੋਨ 'ਤੇ ਗੱਲ ਨਹੀਂ ਕਰ ਸਕਦੀਆਂ। ਜੇ ਕੋਈ ਕੁੜੀ ਡੇਰੇ ਦੀ ਅਸਲੀਅਤ ਬਾਰੇ ਕਿਤੇ ਗੱਲ ਕਰੇ ਤਾਂ ਮਹਾਰਾਜ ਦੇ ਆਦੇਸ਼ ਮੁਤਾਬਕ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ। ਪਿੱਛੇ ਜਿਹੇ ਬਠਿੰਡੇ ਦੀ ਇਕ ਕੁੜੀ ਨੇ ਮਹਾਰਾਜੇ ਦੀਆਂ ਕਰਤੂਤਾਂ ਬਾਰੇ ਦੱਸ ਦਿੱਤਾ। ਇਸ ਤੋਂ ਬਾਅਦ ਸਾਰੀਆਂ ਚੇਲੀਆਂ ਨੇ ਉਸ ਨੂੰ ਕੁਟਾਪਾ

ਚਾੜ੍ਹਿਆ। ਗੀੜ੍ਹ ਦੀ ਹੱਡੀ ਵਿਚ ਫਰੈਕਚਰ ਕਾਰਨ ਉਹ ਹਾਲੇ ਵੀ ਬੈੱਡ 'ਤੇ ਪਈ ਹੋਈ ਹੈ। ਇਸ ਤੋਂ ਬਾਅਦ ਉਸਦੇ ਪਿਤਾ ਨੇ ਡੇਰੇ ਦੀ ਸੇਵਾਦਾਰੀ ਛੱਡ ਦਿੱਤੀ ਅਤੇ ਆਪਣੇ ਘਰ ਚਲੇ ਗਏ। ਉਹ ਮਹਾਰਾਜ ਦੇ ਡਰ ਅਤੇ ਬਦਨਾਮੀ ਕਾਰਨ ਕਿਸੇ ਨੂੰ ਕੁਝ ਨਹੀਂ ਦਸ ਰਿਹਾ।

ਇਸੇ ਤਰ੍ਹਾਂ ਕੁਰੂਕਸ਼ੇਤਰ ਦੀ ਇਕ ਕੁੜੀ ਵੀ ਡੇਰਾ ਛੱਡ ਕੇ ਆਪਣੇ ਘਰ ਚਲੀ ਗਈ। ਜਦੋਂ ਉਸਨੇ ਸਾਰੀ ਕਹਾਣੀ ਆਪਣੇ ਪਰਿਵਾਰ ਵਾਲਿਆਂ ਨੂੰ ਦੱਸੀ ਤਾਂ ਉਸਦੇ ਭਰਾ ਨੇ ਛੱਡ ਦਿੱਤਾ ਜਿਹੜਾ ਕਿ ਡੇਰੇ ਵਿਚ ਸੇਵਾਦਾਰ ਵਜੋਂ ਕੰਮ ਕਰਦਾ ਸੀ। ਜਦੋਂ ਸੰਗਰੂਰ ਦੀ ਇਕ ਕੁੜੀ ਡੇਰਾ ਛੱਡ ਕੇ ਆਪਣੇ ਘਰ ਗਈ ਅਤੇ ਉਸਨੇ ਡੇਰੇ ਵਿਚ ਹੁੰਦੀਆਂ ਕਰਤੂਤਾਂ ਬਾਰੇ ਲੋਕਾਂ ਨੂੰ ਦੱਸ ਦਿੱਤਾ ਤਾਂ ਡੇਰੇ ਦੇ ਹਥਿਆਰਬੰਦ ਸੇਵਾਦਾਰ/ਗੁੰਡੇ ਕੁੜੀ ਦੇ ਘਰ ਪਹੁੰਚ ਗਏ। ਦਰਵਾਜ਼ਾ ਅੰਦਰੋਂ ਬੰਦ ਕਰਨ ਤੋਂ ਬਾਅਦ ਉਨ੍ਹਾਂ ਕੁੜੀ ਨੂੰ ਮਾਰ ਦੇਣ ਦੀ ਧਮਕੀ ਦਿੱਤੀ। ਨਾਲ ਹੀ ਉਨ੍ਹਾਂ ਕਿਹਾ ਕਿ ਅੱਜ ਤੋਂ ਬਾਅਦ ਕੋਈ ਗੱਲ ਬਾਹਰ ਨਹੀਂ ਨਿਕਲਣੀ ਚਾਹੀਦੀ। ਇਸੇ ਤਰ੍ਹਾਂ ਮਾਨਸਾ, ਫਿਰੋਜ਼ਪੁਰ, ਪਟਿਆਲਾ ਅਤੇ ਲੁਧਿਆਣਾ ਜ਼ਿਲ੍ਹਿਆਂ ਦੀਆਂ ਹੋਰ ਵੀ ਕੁੜੀਆਂ ਜਿਹੜੀਆਂ ਡੇਰੇ ਬਾਰੇ ਕੁਝ ਵੀ ਦੱਸਣ ਤੋਂ ਡਰ ਰਹੀਆਂ ਹਨ। ਭਾਵੇਂ ਉਹ ਡੇਰਾ ਛੱਡ ਚੁੱਕੀਆਂ ਹਨ ਪਰ ਉਹ ਆਪਣੀ ਜਾਨ ਨੂੰ ਖ਼ਤਰੇ ਦੇ ਡਰੋਂ ਕੁਝ ਵੀ ਨਹੀਂ ਦੱਸਦੀਆਂ। ਫਤਿਆਬਾਦ, ਹਨੂਮਾਨਗੜ੍ਹ ਅਤੇ ਮੇਰਠ ਜ਼ਿਲ੍ਹਿਆਂ ਦੀਆਂ ਕੁੜੀਆਂ ਡੇਰੇ ਦੇ ਗੁੰਡਿਆਂ ਕਾਰਨ ਆਪਣੇ ਨਾਲ ਹੋਈਆਂ ਕਹਾਣੀਆਂ ਬਾਹਰ ਨਹੀਂ ਕੱਢ ਰਹੀਆਂ।

ਜੇ ਮੈਂ ਆਪਣਾ ਨਾਂ ਦੱਸ ਦੇਵਾਂ ਤਾਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਖਤਮ ਕਰ ਦਿੱਤਾ ਜਾਵੇਗਾ। ਮੈਂ ਆਮ ਲੋਕਾਂ ਨੂੰ ਇਹ ਸੱਚਾਈ ਦੱਸਣਾ ਚਾਹੁੰਦੀ ਹਾਂ, ਕਿਉਂਕਿ ਮੈਂ ਅਜਿਹੀ ਪਰੇਸ਼ਾਨੀ ਬਰਦਾਸ਼ਤ ਨਹੀਂ ਕਰ ਸਕਦੀ। ਪਰ ਮੈਨੂੰ ਆਪਣੀ ਜਾਨ ਦਾ ਖਤਰਾ ਹੈ। ਜੇ ਪ੍ਰੈੱਸ ਜਾਂ ਕਿਸੇ ਹੋਰ ਏਜੰਸੀ ਜ਼ਰੀਏ ਜਾਂਚ ਕਰਵਾਈ ਜਾਵੇ ਤਾਂ ਡੇਰੇ ਵਿਚ ਰਹਿ ਰਹੀਆਂ 40-50 ਕੁੜੀਆਂ, ਸੱਚਾਈ ਬਿਆਨ ਕਰਨ ਲਈ ਸਾਹਮਣੇ ਆ ਜਾਣਗੀਆਂ। ਸਾਡੀ ਮੈਡੀਕਲ ਜਾਂਚ ਵੀ ਹੋ ਸਕਦੀ ਹੈ ਤਾਂ ਕਿ ਪਤਾ ਚੱਲ ਸਕੇ ਕਿ ਅਸੀਂ ਕੁਆਰੀਆਂ ਚੇਲੀਆਂ ਹਾਂ ਜਾਂ ਨਹੀਂ। ਜੇ ਅਸੀਂ ਕੁਆਰੀਆਂ ਨਹੀਂ ਤਾਂ ਇਸ ਦੀ ਪੜਤਾਲ ਕੀਤੀ ਜਾਵੇ ਕਿ ਕਿਸਨੇ ਸਾਡਾ ਕੁਆਰ ਭੰਗ ਕੀਤਾ। ਇਹ ਗੱਲ ਸਾਹਮਣੇ ਆਏਗੀ ਕਿ ਮਹਾਰਾਜ ਗੁਰਮੀਤ ਰਾਮ ਰਹੀਮ ਸਿੰਘ ਜੀ ਡੇਰਾ ਸੱਚਾ ਸੌਦਾ ਨੇ ਸਾਡੀਆਂ ਜ਼ਿੰਦਗੀਆਂ ਬਰਬਾਤ ਕੀਤੀਆਂ ਹਨ।

## ਡੇਰਾ ਸੱਚਾ ਸੌਦਾ ਦੇ ਹਾਲਾਤ ਬਾਰੇ ਇਕ ਗੁੰਮਨਾਮ ਲੜਕੀ ਵੱਲੋਂ ਪ੍ਰਧਾਨ ਮੰਤਰੀ ਦੇ ਨਾਂ ਲਿਖਿਆ ਪੱਤਰ

ਵੱਲ

ਪ੍ਰਧਾਨ ਮੰਤਰੀ
ਸ੍ਰੀ ਅਟਲ ਬਿਹਾਰੀ ਵਾਜਪਾਈ

ਵਿਸ਼ਾ : **ਸੱਚੇ ਸੌਦੇ ਵਾਲੇ ਮਹਾਰਾਜ ਵੱਲੋਂ ਸੈਂਕੜੇ ਕੁੜੀਆਂ ਨਾਲ ਕੀਤੇ ਬਲਾਤਕਾਰਾਂ ਦੀ ਜਾਂਚ ਸੰਬੰਧੀ।**

ਸ੍ਰੀ ਮਾਨ ਜੀ,

ਮੈਂ ਪੰਜਾਬ ਦੀ ਰਹਿਣ ਵਾਲੀ ਇਕ ਲੜਕੀ ਹਾਂ। ਮੈਂ ਡੇਰਾ ਸੱਚਾ ਸੌਦਾ ਸਿਰਸਾ (ਹਰਿਆਣਾ) ਵਿਚ ਸਾਧਵੀ ਦੇ ਤੌਰ 'ਤੇ ਪਿਛਲੇ ਪੰਜ ਸਾਲ ਤੋਂ ਸੇਵਾ ਕਰ ਰਹੀ ਹਾਂ। ਮੈਥੋਂ ਬਿਨਾਂ ਇਸ ਡੇਰੇ ਵਿਚ ਹੋਰ ਵੀ ਸੈਂਕੜੇ ਕੁੜੀਆਂ ਹਨ ਜਿਹੜੀਆਂ ਹਰ ਰੋਜ਼ 18 ਘੰਟੇ ਸੇਵਾ ਕਰਦੀਆਂ ਹਨ। ਪਰ ਸਾਡਾ ਇਥੇ ਸਰੀਰਕ ਸ਼ੋਸ਼ਣ ਹੁੰਦਾ ਹੈ। ਡੇਰੇ ਦੇ ਮਹਾਰਾਜ ਗੁਰਮੀਤ ਸਿੰਘ ਕੁੜੀਆਂ ਨਾਲ ਬਲਾਤਕਾਰ ਕਰਦੇ ਹਨ। ਮੈਂ ਬੀ.ਏ. ਪਾਸ ਹਾਂ। ਮੇਰੇ ਪਰਿਵਾਰ ਦੀ ਮਹਾਰਾਜ ਵਿਚ ਅੰਨ੍ਹੀ ਸ਼ਰਧਾ ਹੈ। ਉਨ੍ਹਾਂ ਦੇ ਕਹਿਣ 'ਤੇ ਹੀ ਮੈਂ ਸਾਧਵੀ ਬਣੀ। ਸਾਧਵੀ ਬਣਨ ਤੋਂ ਦੋ ਸਾਲ ਬਾਅਦ ਮਹਾਰਾਜਾ ਗੁਰਮੀਤ ਸਿੰਘ ਦੀ ਇਕ ਖ਼ਾਸ ਸਾਧਵੀ ਗੁਰਜੋਤ ਰਾਤੀਂ 10 ਵਜੇ ਮੇਰੇ ਕੋਲ ਆਈ ਅਤੇ ਮੈਨੂੰ ਕਿਹਾ ਕਿ ਮਹਾਰਾਜ ਨੇ ਮੈਨੂੰ ਆਪਣੀ ਗੁਫ਼ਾ ਵਿਚ ਬੁਲਾਇਆ ਹੈ। ਮੈਨੂੰ ਇਸ ਗੱਲ 'ਤੇ ਬੜਾ ਮਾਣ ਮਹਿਸੂਸ ਹੋ ਰਿਹਾ ਸੀ ਕਿ ਮਹਾਰਾਜ ਨੇ ਖ਼ੁਦ ਮੈਨੂੰ ਆਪਣੇ ਕੋਲ ਬੁਲਾਇਆ ਹੈ ਤੇ ਮੈਂ ਪਹਿਲੀ ਵਾਰ ਉਨ੍ਹਾਂ ਕੋਲ ਜਾ ਰਹੀ ਸੀ। ਮੈਂ ਜਦੋਂ ਪੌੜੀਆਂ ਚੜ੍ਹਕੇ ਉੱਤੇ ਗਈ ਅਤੇ ਮਹਾਰਾਜ ਬੈੱਡ 'ਤੇ ਬੈਠੇ ਸਨ। ਉਨ੍ਹਾਂ ਦੇ ਹੱਥ ਵਿਚ ਟੀ.ਵੀ ਦਾ ਰਿਮੋਟ ਫੜ੍ਹਿਆ ਹੋਇਆ ਸੀ ਤੇ ਉਹ ਬਲੂ ਫ਼ਿਲਮ ਦੇਖ ਰਹੇ ਸਨ। ਉਨ੍ਹਾਂ ਦੇ ਸਿਰਹਾਣੇ ਦੇ ਨਾਲ ਬੈੱਡ 'ਤੇ ਇਕ ਰਿਵਾਲਵਰ ਪਿਆ ਸੀ। ਇਹ ਸਾਰਾ ਕੁਝ ਦੇਖ ਕੇ ਮੈਂ ਘਬਰਾ ਗਈ। ਮੈਂ ਮਹਾਰਾਜ ਦੇ ਅਜਿਹੇ ਕਿਰਦਾਰ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਮਹਾਰਾਜ ਨੇ ਟੀ.ਵੀ. ਬੰਦ ਕਰ ਦਿੱਤਾ ਤੇ ਮੈਨੂੰ ਆਪਣੇ ਕੋਲ ਬਿਠਾ ਲਿਆ। ਮਹਾਰਾਜ ਨੇ ਮੈਨੂੰ ਪਾਣੀ ਪਿਲਾਇਆ ਅਤੇ ਕਿਹਾ ਕਿ ਉਨ੍ਹਾਂ ਨੇ ਮੈਨੂੰ ਇਸ ਕਰਕੇ ਬੁਲਾਇਆ ਹੈ ਕਿ ਉਹ ਮੈਨੂੰ ਆਪਣੇ ਕਰੀਬ ਸਮਝਦੇ ਹਨ। ਮੇਰਾ ਇਹ ਪਹਿਲਾ ਅਨੁਭਵ ਸੀ। ਮਹਾਰਾਜ ਨੇ ਮੈਨੂੰ ਆਪਣੀ ਜਕੜ ਵਿਚ ਲੈ ਲਿਆ ਅਤੇ ਕਿਹਾ ਕਿ ਉਹ ਮੈਨੂੰ ਆਪਣੇ ਦਿਲ ਦੀ ਗਹਿਰਾਈ 'ਚੋਂ ਪਿਆਰ ਕਰਦੇ ਹਨ। ਮਹਾਰਾਜ ਨੇ ਇਹ ਵੀ ਕਿਹਾ ਕਿ ਉਹ ਮੇਰੇ ਨਾਲ ਪਿਆਰ ਕਰਨਾ ਚਾਹੁੰਦੇ ਹਨ। ਮਹਾਰਾਜ ਨੇ ਮੈਨੂੰ ਕਿਹਾ ਕਿ ਮੈਂ ਉਨ੍ਹਾਂ ਦੀ ਚੇਲੀ ਬਣਨ ਵੇਲੇ ਆਪਣਾ ਤਨ ਮਨ ਧਨ ਉਨ੍ਹਾਂ ਨੂੰ

ਸੌਂਪ ਚੁੱਕੀ ਹਾਂ ਅਤੇ ਉਨ੍ਹਾਂ ਨੇ ਮੇਰੀ ਭੇਟਾ ਸਵੀਕਾਰ ਕਰ ਲਈ ਹੈ। ਮੈਂ ਜਦੋਂ ਇਸ 'ਤੇ ਇਤਰਾਜ਼ ਕੀਤਾ ਤਾਂ ਮਹਾਰਾਜ ਬੋਲੇ "ਇਸ 'ਚ ਕੋਈ ਸ਼ੱਕ ਨਹੀਂ ਕਿ ਮੈਂ ਰੱਬ ਹਾਂ" ਜਦ ਮੈਂ ਪੁੱਛਿਆ ਕਿ ਕੀ ਰੱਬ ਵੀ ਅਜਿਹੇ ਕੰਮ ਕਰਦਾ ਹੈ ਤਾਂ ਮਹਾਰਾਜ ਬੋਲੇ :

1. ਸ੍ਰੀ ਕ੍ਰਿਸ਼ਨ ਵੀ ਭਗਵਾਨ ਸਨ ਤੇ ਉਨ੍ਹਾਂ ਕੋਲ 360 ਗੋਪੀਆਂ ਸਨ ਜਿਨ੍ਹਾਂ ਨਾਲ ਉਹ ਪ੍ਰੇਮ ਲੀਲਾ ਰਚਾਉਂਦੇ ਸਨ। ਤਾਂ ਵੀ ਲੋਕ ਉਨ੍ਹਾਂ ਨੂੰ ਰੱਬ ਮੰਨਦੇ ਸਨ। ਇਸ ਵਿਚ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ।

2. ਮੈਂ ਤੈਨੂੰ ਇਸ ਰਿਵਾਲਵਰ ਨਾਲ ਮਾਰ ਸਕਦਾ ਹਾਂ ਤੇ ਇਥੇ ਹੀ ਤੇਰੀ ਲਾਸ਼ ਦਬਾ ਸਕਦਾ ਹਾਂ। ਤੇਰੇ ਪਰਿਵਾਰ ਵਾਲੇ ਮੇਰੇ ਪੱਕੇ ਸ਼ਰਧਾਲੂ ਹਨ ਤੇ ਉਨ੍ਹਾਂ ਨੂੰ ਮੇਰੇ 'ਤੇ ਅੰਨ੍ਹਾ ਵਿਸ਼ਵਾਸ ਹੈ। ਤੈਨੂੰ ਇਹ ਚੰਗੀ ਤਰ੍ਹਾਂ ਪਤਾ ਕਿ ਤੇਰੇ ਪਰਿਵਾਰ ਵਾਲੇ ਮੇਰੇ ਵਿਰੁੱਧ ਨਹੀਂ ਜਾ ਸਕਦੇ।

3. ਸਰਕਾਰਾਂ 'ਤੇ ਵੀ ਮੇਰਾ ਚੰਗਾ ਅਸਰ ਹੈ। ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਕੇਂਦਰੀ ਮੰਤਰੀ ਨੂੰ, ਮੱਥਾ ਟੇਕਣ ਆਉਂਦੇ ਹਨ। ਸਿਆਸਤਦਾਨ ਲੋਕ ਸਾਥੋਂ ਮਦਦ ਲੈਂਦੇ ਹਨ। ਉਹ ਸਾਥੋਂ ਪੈਸਾ ਵੀ ਲੈਂਦੇ ਹਨ। ਉਹ ਮੇਰੇ ਖਿਲਾਫ਼ ਕੋਈ ਕਾਰਵਾਈ ਨਹੀਂ ਕਰ ਸਕਦੇ। ਅਸੀਂ ਤੇਰੇ ਪਰਿਵਾਰ ਵਾਲਿਆਂ ਨੂੰ ਨੌਕਰੀਆਂ ਤੋਂ ਕਢਵਾ ਦਿਆਂਗੇ ਅਤੇ ਆਪਣੇ ਸੇਵਾਦਾਰਾਂ ਤੋਂ ਮੈਂ ਉਨ੍ਹਾਂ ਨੂੰ ਕਿਤੇ ਮਰਾ ਖਪਾ ਦਿਆਂਗਾ। ਅਸੀਂ ਉਨ੍ਹਾਂ ਦੇ ਕਤਲ ਦਾ ਕੋਈ ਸਬੂਤ ਵੀ ਨਹੀਂ ਛੱਡਾਂਗੇ। ਮੈਨੂੰ ਇਹ ਪਤਾ ਹੈ ਕਿ ਪਹਿਲਾਂ ਵੀ ਅਸੀਂ ਡੇਰੇ ਦੇ ਮੈਨੇਜਰ ਫ਼ਕੀਰ ਚੰਦ ਨੂੰ ਗੁੰਡਿਆਂ ਕੋਲੋਂ ਮਰਵਾ ਚੁੱਕੇ ਹਾਂ। ਅੱਜ ਤਕ ਉਸਦੇ ਕਤਲ ਦੀ ਉਘ-ਸੁਘ ਨਹੀਂ ਨਿਕਲੀ। ਡੇਰੇ ਨੂੰ ਹਰ ਰੋਜ਼ 1 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਇਸ ਨਾਲ ਅਸੀਂ ਲੀਡਰ, ਪੁਲੀਸ ਤੇ ਜੱਜਾਂ ਨੂੰ ਖਰੀਦ ਸਕਦੇ ਹਾਂ। ਇਸ ਤੋਂ ਬਾਅਦ ਮਹਾਰਾਜ ਨੇ ਮੇਰੇ ਨਾਲ ਖੇਹ ਖਾਦੀ।

## ਢੇਸੀਆਂ ਵਾਲਾ ਗੁਰੂ ਗੁਰਮੇਲ ਸਿੰਘ

ਇਸਦਾ ਪਿਤਾ ਤਰਲੋਕ ਸਿੰਘ ਜੋ ਕਿ ਮਿਸਤਰੀ ਸਿੰਘ ਸਨ। ਉਹ ਇੱਟਾਂ ਲਾਉਣ ਦਾ ਕੰਮ ਕਰਦਾ ਰਿਹਾ। ਪਤਾ ਲੱਗਾ ਹੈ ਕਿ ਉਹ ਕਰੀਬ 3000 ਇੱਟ ਵੀ ਇਕ ਦਿਨ ਵਿਚ ਲਾ ਦਿੰਦਾ ਸੀ। ਦੱਸਦੇ ਹਨ ਕਿ ਇਹਨਾਂ ਦੀ ਪਹਿਲਾਂ ਬਿਆਸ ਰਾਧਾ ਸੁਆਮੀ ਡੇਰੇ ਆਉਣੀ ਜਾਣੀ ਹੋਈ। ਬਾਅਦ ਵਿਚ ਇਥੇ ਢੇਸੀਆਂ ਹੀ ਦੁਖੀਆਂ ਦੇ ਦੁੱਖ ਦੂਰ ਕਰਨੇ ਸ਼ੁਰੂ ਕਰ ਦਿੱਤੇ। ਇਥੇ ਕੁਝ ਕਾਰਖ਼ਾਨੇ ਆਦਿ ਵੀ ਲਾ ਲਏ। ਹੁਣ ਉਥੇ ਬਹੁਤ ਵੱਡਾ ਡੇਰਾ ਹੈ। ਹੁਣ ਉਥੇ ਗੁਰੂ ਗੁਰਮੇਲ ਸਿੰਘ ਦੁਖੀਆਂ ਦੇ ਦੁੱਖ ਦੂਰ ਕਰ ਰਹੇ ਹਨ। ਕਈ ਥਾਂਵਾਂ 'ਤੇ ਇਹਨਾਂ ਦੀਆਂ ਗੱਦੀਆਂ ਲੱਗੀਆਂ

ਹੋਈਆਂ ਹਨ। ਸਾਰਿਆਂ ਨੂੰ ਚਾਨਣ ਉਥੇ ਢੇਸੀਆਂ ਤੋਂ ਮਿਲ ਰਿਹਾ ਹੈ। ਪਤਾ ਲੱਗਾ ਹੈ ਕਿ ਇਹਨਾਂ ਨੇ ਉਥੇ ਸਰਕਾਰੀ ਕਮਾਂਡੋ ਵੀ ਰੱਖਿਆ ਵਾਸਤੇ ਰੱਖੇ ਹੋਏ ਹਨ। ਦੱਸਦੇ ਹਨ ਕਿ ਇਹ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਖੰਡ ਪਾਠ ਵੀ ਰਸਮੀ ਤੌਰ 'ਤੇ ਕਰ ਰਹੇ ਹਨ ਅਤੇ ਨੇੜੇ ਹੀ ਕੁਰਸੀ ਡਾਹ ਕੇ ਬਾਬੇ ਨੂੰ ਕੁਰਸੀ ਉੱਪਰ ਬਿਠਾ ਕੇ ਬੰਦਿਆਂ ਦੀਆਂ ਲਾਈਨਾਂ ਲਵਾ ਕੇ ਮੱਥੇ ਟਿਕਾ ਕੇ ਥਾਪੜੇ ਦੇ ਰਹੇ ਹਨ। ਮਾਇਆ ਆਦਿ ਬਹੁਤ ਚੜ੍ਹਦੀ ਹੈ। ਇਹ ਘਿਉ ਰੂੰ ਵਾਲੀ ਜੋਤ ਵੀ ਬੜੀ ਜਗਾਉਂਦੇ ਹਨ। ਰੂਹਾਂ ਦੀ ਗੱਲ ਕਰਦੇ ਹਨ, ਧਾਗੇ ਤਵੀਤਾਂ, ਜਾਦੂ-ਟੂਣਿਆਂ ਦੀਆਂ ਗੱਲਾਂ ਕਰਦੇ ਹਨ। ਕੁਝ ਰੂਹਾਂ ਇਹਨਾਂ ਨੇ ਉਥੇ ਕਿਸੇ ਕਮਰੇ ਵਿਚ ਕੈਦ ਕੀਤੀਆਂ ਹੋਈਆਂ ਹਨ। ਉਹਨਾਂ ਰੂਹਾਂ ਵਾਸਤੇ ਆਟਾ, ਦਾਣਾ, ਰਾਸ਼ਨ ਆਦਿ ਉਥੇ ਚੜ੍ਹਾਵਾ ਚੜ੍ਹਾਉਣਾ ਪੈਂਦਾ ਹੈ। ਉਹ ਰੂਹਾਂ ਉਸ ਰਾਸ਼ਨ ਦੇ ਆਸਰੇ ਜੀ ਰਹੀਆਂ ਹਨ। ਜਿਥੇ ਇਹਨਾਂ ਦੇ ਬੰਦੇ ਗੱਦੀਆਂ ਲਾਉਂਦੇ ਹਨ ਉਥੇ ਵੀ ਮਾਇਆ ਦੇ ਚੜ੍ਹਾਵੇ ਚੜ੍ਹਦੇ ਹਨ। ਇਹ ਪੁੱਛਾਂ ਦੱਛਣਾ ਦੇਣ ਦਾ ਕੰਮ ਵੀ ਕਰਦੇ ਹਨ ਜੋ ਕਿ ਗੁਰਮਤਿ ਦੇ ਮੁਤਾਬਿਕ ਸਰਾਸਰ ਗਲਤ ਹੈ।

## ਵਡਭਾਗ ਸਿੰਘ ਗੁਰੂਡੰਮ

ਇਥੇ ਸੰਤ ਸਵਰਨਜੀਤ ਸਿੰਘ ਮੁਖੀ ਹੈ। ਇਹ ਗੁਰਮਤਿ ਦਾ ਭੁਲੇਖਾ ਪਾ ਕੇ ਮਨਮਤ ਦਾ ਪ੍ਰਚਾਰ ਕਰ ਰਿਹਾ ਹੈ। ਇਹ ਵੀ ਰਸਮੀ ਅਖੰਡ ਪਾਠਾਂ ਦਾ ਵੀ ਦਾਅਵਾ ਕਰਦੇ ਹਨ, ਆਪਣੇ ਆਪ ਨੂੰ ਗੁਰੂ ਕੀ ਅੰਸ਼ ਵੀ ਦੱਸਦੇ ਹਨ, ਉਥੇ ਵੀ ਬਿਲਕੁਲ ਗੁਰਮਤਿ ਦੇ ਉਲਟ ਭੂਤਾਂ ਪ੍ਰੇਤਾਂ ਦੀ ਗੱਲ, ਧੌਲੀ ਧਾਰ ਦੇ ਫੋਕੇ ਇਸ਼ਨਾਨ ਆਦਿ ਹੋ ਰਹੇ ਹਨ। ਭੋਲੇ ਭਾਲੇ ਲੋਕ ਠੱਗੇ ਜਾ ਰਹੇ ਹਨ।

ਨੋਟ—ਇਸਦਾ ਵਿਸਥਾਰ ਸਹਿਤ ਜ਼ਿਕਰ ਅਗਲੇ ਭਾਗ ਵਿਚ ਕਰਾਂਗੇ।

## ਦੇਹਧਾਰੀ ਗੁਰੂ ਡੰਮ੍ਹ ਦੇ ਸ਼ੰਕਿਆਂ ਦਾ ਉੱਤਰ

ਸਿੱਖ ਧਰਮ ਨੇ ਸ਼ਬਦ ਨੂੰ ਹੀ ਗੁਰੂ ਸਵੀਕਾਰ ਕੀਤਾ ਹੈ, ਜਿਸ ਦਾ ਭਾਵ ਹੈ; ਉਹ ਗਿਆਨ ਜੋ ਗੁਰੂ ਸਾਹਿਬਾਨ ਨੂੰ ਪ੍ਰਭੂ ਨਾਲ ਇਕ ਸੁਰ (ਅਭੇਦ) ਹੋਣ ਮਗਰੋਂ ਪ੍ਰਾਪਤ ਹੋਇਆ ਅਤੇ ਜਿਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸੰਕਲਿਤ ਕੀਤਾ ਗਿਆ। ਸੋ, ਇੰਝ ਵੀ ਆਖ ਸਕਦੇ ਹਾਂ ਕਿ ਗੁਰਬਾਣੀ ਹੀ ਗੁਰੂ ਹੈ। ਗੁਰਬਾਣੀ ਅਮਰ ਹੈ ਅਤੇ ਇਸ ਦੇ ਉਲਟ ਦੇਹ (ਸਰੀਰ) ਨਾਸ਼ਵਾਨ ਹੈ ਅਤੇ ਨਾਸ਼ ਹੋਣ ਵਾਲੀ ਚੀਜ਼ ਨੂੰ ਗੁਰੂ ਨਹੀਂ ਮੰਨਿਆ ਜਾ ਸਕਦਾ। ਇਸ ਬਾਰੇ ਸਤਿਗੁਰਾਂ ਦੇ ਕੁਝ ਫ਼ੁਰਮਾਨ ਇਸ ਪ੍ਰਕਾਰ ਹਨ:

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਰਾਮਕਲੀ ਮ: 1, ਪੰਨਾ 943)

ਸਬਦੁ ਗੁਰੂ ਪੀਰਾ ਗਹਿਰ ਗੰਭੀਰਾ,
ਬਿਨ ਸਬਦੈ ਜਗੁ ਬਉਰਾਨੰ॥ (ਸੋਰਠਿ ਮ: 1, ਪੰਨਾ 935)
ਬਾਣੀ ਗੁਰ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥
ਗੁਰੂ ਬਾਣੀ ਕਹੈ ਸੇਵਕ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥
(ਨਟ, ਮ: 4, ਪੰਨਾ 982)

ਗੁਰ ਕਾ ਬਚਨੁ ਬਸੈ ਜੀਅ ਨਾਲੇ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ,
ਭਾਹਿ ਨ ਸਾਕੈ ਜਾਲੇ॥ਰਹਾਉ॥ (ਧਨਾਸਰੀ, ਮ: 5, ਪੰਨਾ 679)

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸ਼ਬਦ-ਗੁਰਬਾਣੀ (ਗੁਰੂ ਗ੍ਰੰਥ ਸਾਹਿਬ ਜੀ) ਨੂੰ ਗੁਰਿਆਈ ਬਖਸ਼ੀ ਅਤੇ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਹਮੇਸ਼ਾਂ ਲਈ ਸਮਾਪਤ ਕਰ ਦਿੱਤਾ। ਪਰ ਸ਼ਖਸੀ ਪੂਜਾ ਦੇ ਚਾਹਵਾਨ ਸਮੇਂ ਸਮੇਂ ਦੇਹਧਾਰੀ ਗੁਰੂ ਦੇ ਆਪੂੰ ਬਣਾਏ ਸਿਧਾਂਤ ਦਾ ਪ੍ਰਚਾਰ ਕਰਦੇ ਰਹੇ ਹਨ ਅਤੇ ਆਪਣੀ ਦੁਕਾਨਦਾਰੀ ਚਲਾਉਂਦੇ ਰਹੇ ਹਨ। ਇਹ ਲੋਕ ਜਨਤਾ ਨੂੰ ਆਪਣੇ ਮਗਰ ਲਾਉਣ ਲਈ ਸ਼ਬਦ-ਗੁਰੂ ਬਾਰੇ ਤਰ੍ਹਾਂ ਤਰ੍ਹਾਂ ਦੇ ਭੁਲੇਖੇ ਪਾਉਂਦੇ ਰਹੇ ਹਨ। ਇਨ੍ਹਾਂ ਦਾ ਮਕਸਦ ਸਿੱਖਾਂ ਨੂੰ ਸ਼ਬਦ ਗੁਰੂ ਨਾਲੋਂ ਤੋੜ ਕੇ ਆਪਣੇ ਚਰਨਾਂ ਨਾਲ ਜੋੜਨਾ ਹੁੰਦਾ ਹੈ। ਦੇਹਧਾਰੀ ਗੁਰੂ-ਡੰਮ੍ਹ ਦੇ ਹਾਮੀ ਇਹ ਕਹਿੰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਪੋਥੀ ਹੈ ਤੇ ਪੋਥੀ ਤਾਂ ਬੋਲਦੀ ਨਹੀਂ। ਆਪ ਪੜ੍ਹੇ ਹੋਈਏ ਤਾਂ ਪਾਠ ਕਰ ਲਈਏ ਨਹੀਂ ਤਾਂ ਕੋਈ ਪੜ੍ਹ ਕੇ ਸੁਣਾਵੇ ਤਾਂ ਕੁਝ ਸਮਝ ਆ ਸਕਦੀ ਹੈ, ਪਰ ਦੇਹਧਾਰੀ ਗੁਰੂ ਤਾਂ ਆਪ ਉਪਦੇਸ਼ ਕਰਦਾ ਹੈ। ਇਸ ਲਈ ਪੋਥੀ ਕਿਸ ਤਰ੍ਹਾਂ ਗੁਰੂ ਹੈ? ਆਓ, ਅਸੀਂ ਪਹਿਲਾਂ ਇਹ ਵੇਖੀਏ ਕਿ ਅਸੀਂ ਆਪਣੇ ਆਲੇ ਦੁਆਲੇ ਦੀ ਵਾਸਤਵਿਕ ਦੁਨੀਆਂ ਦਾ ਗਿਆਨ ਕਿਸ ਤਰ੍ਹਾਂ ਕਰਦੇ ਹਾਂ? ਇਸ ਨੂੰ ਜਾਣਨ ਲਈ ਅਸੀਂ ਕੁਦਰਤ ਵੱਲੋਂ ਦਿੱਤੀਆਂ ਪੰਜ ਇੰਦਰੀਆਂ ਦੀ ਸਹਾਇਤਾ ਲੈਂਦੇ ਹਾਂ। ਚੀਜ਼ਾਂ ਵੇਖ ਕੇ, ਸੁੰਘ ਕੇ, ਚੱਖ ਕੇ, ਸੁਣ ਕੇ ਤੇ ਛੂਹ ਕੇ ਉਨ੍ਹਾਂ ਦੀ ਪੂਰੀ ਤਸਵੀਰ ਸਾਡੇ ਦਿਮਾਗ ਵਿਚ ਉਤਰ ਆਉਂਦੀ ਹੈ। ਇਨ੍ਹਾਂ ਇੰਦਰੀਆਂ ਦੁਆਰਾ ਹੀ ਹਰ ਵਸਤੂ ਦੀ ਹੋਂਦ ਦੀ ਪਛਾਣ ਕੀਤੀ ਜਾਂਦੀ ਹੈ। ਸ਼ਬਦ ਦਾ ਅਸਲ ਭਾਵ ਆਵਾਜ਼ ਜਾਂ ਸਵਰ ਹੈ। ਆਵਾਜ਼ ਚੀਜ਼ਾਂ ਦੇ ਟਕਰਾਓ ਤੋਂ ਪੈਦਾ ਹੁੰਦੀ ਹੈ। ਆਵਾਜ਼ ਜਾਂ ਸ਼ਬਦ ਤੋਂ ਹੀ ਸਾਨੂੰ ਸਮਝ ਪੈਂਦੀ ਹੈ ਜਾਂ ਗਿਆਨ ਪ੍ਰਾਪਤ ਹੁੰਦਾ ਹੈ, ਜਿਵੇਂ ਕੋਈ ਬੰਦਾ ਇਕ ਕਮਰੇ ਵਿਚ ਬੈਠਾ ਹੋਵੇ, ਬਾਹਰ ਜ਼ੋਰ ਦੀ ਮੀਂਹ ਪੈ ਰਿਹਾ ਹੋਵੇ, ਮੀਂਹ ਪੈਂਦਾ ਉਸ ਵੇਖਿਆ ਨਹੀਂ ਹੁੰਦਾ। ਕੇਵਲ ਮੀਂਹ ਪੈਣ ਦੀ ਆਵਾਜ਼ (ਸ਼ਬਦ) ਤੋਂ ਉਹ ਸਮਝ ਜਾਂਦਾ ਹੈ ਤੇ ਹੁੰਦਾ ਵੀ ਠੀਕ ਹੈ।

ਤੁਸੀਂ ਪਹਾੜ 'ਤੇ ਜਾ ਰਹੇ ਹੋ। ਦੂਰ ਹੇਠਾਂ ਕਿਸੇ ਵਾਦੀ ਵਿਚ ਪਾਣੀ ਵਗ

ਰਿਹਾ ਹੈ। ਦਰਿਆ ਵਗਦਾ ਤੁਸਾਂ ਵੇਖਿਆ ਨਹੀਂ, ਕੇਵਲ ਚਲਦੇ ਪਾਣੀ ਦੀ ਆਵਾਜ਼ ਤੋਂ ਹੀ ਤੁਹਾਨੂੰ ਗਿਆਨ ਹੁੰਦਾ ਹੈ ਕਿ ਦਰਿਆ ਜਾਂ ਨਦੀ ਹੇਠਾਂ ਚੱਲ ਰਹੀ ਹੈ। ਆਵਾਜ਼ ਦੇ ਲਿਖਤ ਰੂਪ ਨੂੰ ਹੀ ਸ਼ਬਦ ਕਿਹਾ ਜਾਂਦਾ ਹੈ। ਜਿਵੇਂ ਮੀਂਹ ਪੈਣ ਦੀ ਆਵਾਜ਼ ਸੁਣ ਕੇ ਹੀ ਮੀਂਹ ਪੈਣ ਤੇ ਪਾਣੀ ਦੇ ਵਗ੍ਹਣ ਦੀ ਆਵਾਜ਼ ਤੋਂ ਦਰਿਆ ਦਾ ਪਤਾ ਲੱਗਦਾ ਹੈ, ਤਿਵੇਂ ਹੀ ਸੰਸਾਰ ਦੀਆਂ ਹੋਰ ਬਹੁਤ ਸਾਰੀਆਂ ਵਸਤਾਂ ਦਾ ਗਿਆਨ ਵੀ ਸਾਨੂੰ ਆਵਾਜ਼ (ਸ਼ਬਦ) ਤੋਂ ਹੁੰਦਾ ਹੈ। ਮਨੁੱਖ ਜੋ ਕੰਮ ਕਰਦਾ ਹੈ ਉਹ ਬਹੁਤਾ ਵੇਖ ਕੇ ਜਾਂ ਸੁਣ ਕੇ ਹੀ ਕਰਦਾ ਹੈ। ਨਿਰੀ ਆਵਾਜ਼ ਤਾਂ ਭਾਵੇਂ ਅਸੀਂ ਕੇਵਲ ਕੰਨਾਂ ਨਾਲ ਹੀ ਸੁਣ ਸਕਦੇ ਹਾਂ ਪਰ 'ਸ਼ਬਦ' ਨੂੰ ਅੱਖਾਂ ਨਾਲ ਵੇਖਿਆ ਜਾ ਸਕਦਾ ਹੈ ਤੇ ਕੰਨਾਂ ਨਾਲ ਸੁਣਿਆ ਵੀ ਜਾ ਸਕਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ 'ਸ਼ਬਦ' ਹੀ ਇਕ ਐਸੀ ਵਸਤੂ ਹੈ ਜਿਸ ਦੇ ਸੁਣਨ, ਪੜ੍ਹਨ ਤੇ ਵੇਖਣ ਨਾਲ ਸਾਨੂੰ ਕਿਸੇ ਵਸਤੂ ਦੀ ਸਮਝ ਜਾਂ ਗਿਆਨ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਹਨ ? ਸ਼ਬਦਾਂ ਦਾ ਸੰਗ੍ਰਹਿ। ਜਿਸ ਤਰ੍ਹਾਂ ਸੰਸਾਰਕ ਵਸਤਾਂ ਦਾ ਗਿਆਨ ਸ਼ਬਦ ਤੋਂ ਹੁੰਦਾ ਹੈ, ਉਸੇ ਤਰ੍ਹਾਂ ਪ੍ਰਭੂ ਬਾਰੇ ਗਿਆਨ ਗੁਰੂ ਦੇ ਸ਼ਬਦ ਦੁਆਰਾ ਹੁੰਦਾ ਹੈ। ਇਸਨੂੰ ਅਸੀਂ ਗੁਰੂ ਕਹਿੰਦੇ ਹਾਂ, ਗੁਰੂ ਮੰਨਦੇ ਹਾਂ। ਕਿਸੇ ਦਾ ਸਰੀਰ ਤਾਂ ਗੁਰੂ ਨਹੀਂ ਹੁੰਦਾ। ਉਸ ਵਿਚ ਵਸਦੀ ਜੋਤਿ ਤੇ ਉਸ ਜੋਤਿ ਦਾ ਸ਼ਬਦਾਂ ਦੁਆਰਾ ਪ੍ਰਗਟਾਵਾ ਹੀ ਗੁਰੂ ਅਖਵਾ ਸਕਦਾ ਹੈ।

ਕੌਣ ਕਹਿੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਬੋਲਦੇ ਨਹੀਂ। ਗੁਰੂ ਗ੍ਰੰਥ ਸਾਹਿਬ ਦੀ ਆਵਾਜ਼ ਅੱਖਾਂ ਰਾਹੀਂ ਅੰਦਰ ਪੁੱਜਦੀ ਹੈ, ਜਿਸ ਤਰ੍ਹਾਂ ਜੀਉਂਦੇ ਮਨੁੱਖ ਦੀ ਕੰਨਾਂ ਰਾਹੀਂ ਪੁੱਜਦੀ ਹੈ। ਜਿਹੋ ਜਿਹੀ ਅੱਖ ਗਿਆਨ ਇੰਦਰੀ ਹੈ, ਉਸੇ ਤਰ੍ਹਾਂ ਹੀ ਕੰਨ ਹਨ, ਫ਼ਰਕ ਕੀ ਹੋਇਆ ? ਇਹ ਕੋਈ ਜ਼ਰੂਰੀ ਨਹੀਂ ਕਿ ਗਿਆਨ ਕੇਵਲ ਮੂੰਹ ਤੋਂ ਬੋਲਣ ਰਾਹੀਂ ਹੋ ਸਕਦਾ ਹੈ। ਇਹ ਕੋਈ ਜ਼ਰੂਰੀ ਨਹੀਂ ਕਿ ਕੋਈ ਵਿਅਕਤੀ ਜਾਂ ਵਸਤੂ ਬੋਲ ਕੇ ਹੀ ਗਿਆਨ ਦੇਵੇ। ਮਿਸਾਲ ਦੇ ਤੌਰ 'ਤੇ ਇਕ ਆਦਮੀ ਨੇ ਸ਼ਿਮਲੇ ਜਾਣਾ ਹੈ। ਉਹ ਕਿਸੇ ਚੁਰਸਤੇ ਵਿਚ ਪਹੁੰਚਦਾ ਹੈ। ਚੌਰਾਹੇ ਵਿਚ ਇਕ ਸੀਮਿੰਟ ਦਾ ਥੰਮ੍ਹ ਖੜ੍ਹਾ ਹੈ। ਉਸ ਥੰਮ੍ਹ ਉੱਪਰ ਚਾਰ ਹੱਥ ਲੋਹੇ ਦੇ ਬਣੇ ਹੋਏ ਹਨ। ਇਹ ਚੌਹਾਂ ਪਾਸਿਆਂ ਦੀਆਂ ਸੜਕਾਂ ਦੀਆਂ ਦਿਸ਼ਾਵਾਂ ਵੱਲ ਫਿੱਟ ਕੀਤੇ ਹੋਏ ਹਨ। ਉਹਨਾਂ ਲੋਹੇ ਦੇ ਹੱਥਾਂ ਵਿਚੋਂ ਇਕ ਉੱਪਰ ਚੰਡੀਗੜ੍ਹ, ਦੂਜੇ ਉੱਪਰ ਅੰਬਾਲਾ, ਤੀਜੇ ਉੱਪਰ ਪਟਿਆਲਾ ਅਤੇ ਚੌਥੇ ਉੱਪਰ ਸ਼ਿਮਲਾ ਲਿਖਿਆ ਹੋਇਆ ਹੈ। ਇਨ੍ਹਾਂ ਰਸਿਤਆਂ ਤੋਂ ਅਨਜਾਣ ਆਦਮੀ ਸ਼ਿਮਲੇ ਵੱਲ ਇਸ਼ਾਰਾ ਕਰਨ ਵਾਲੇ ਹੱਥ ਉਪਰੋਂ ਪੜ੍ਹ ਕੇ ਇਹ ਜਾਣ ਲੈਂਦਾ ਹੈ ਕਿ ਸ਼ਿਮਲਾ ਇਸ ਪਾਸੇ ਹੈ ?

ਦਰਅਸਲ ਜਿਵੇਂ ਕੰਨ ਆਵਾਂਜ਼ ਨੂੰ ਸੁਣਕੇ ਸਾਡੇ ਦਿਮਾਗ ਨੂੰ ਜਾਣਕਾਰੀ ਦਿੰਦੇ ਹਨ ਓਵੇਂ ਹੀ ਅੱਖਾਂ ਵੇਖ ਕੇ ਵਾਕਫ਼ੀ ਦਿੰਦੀਆਂ ਹਨ। ਅੱਗੋਂ ਉਹ ਕੰਮ

ਕਰਨ ਜਾਂ ਨਾ ਕਰਨ ਬਾਰੇ ਬੁੱਧੀ ਸੋਚਦੀ ਹੈ। ਅਤੇ ਸਰੀਰ ਨੂੰ ਕੰਮ ਕਰਨ ਲਈ ਪ੍ਰੇਰਨਾ ਦਿੰਦੀ ਹੈ। ਜਿਸ ਤਰ੍ਹਾਂ ਮੁਸਾਫ਼ਰ ਸ਼ਿਮਲੇ ਦਾ ਬੋਰਡ ਵੇਖ ਕੇ ਉਧਰ ਤੁਰ ਕੇ ਸ਼ਿਮਲੇ ਪੁੱਜ ਜਾਂਦਾ ਹੈ। ਤਿਵੇਂ ਹੀ ਗੁਰਬਾਣੀ ਪੜ੍ਹ ਕੇ ਮਨੁੱਖ ਆਪਣਾ ਜੀਵਨ 'ਗੁਰ ਫੁਰਮਾਏ ਗੁਰਸਿਖ ਕਰਣਾ' ਦੇ ਅਨੁਸਾਰ ਬਣਾ ਲੈਂਦਾ ਹੈ ਤਾਂ ਉਹ ਨਿਸ਼ਚਿਤ ਹੀ ਪਰਮਾਤਮਾ ਦਾ ਮਿਲਾਪ ਕਰਕੇ ਟਿਕਾਣੇ ਪੁੱਜ ਜਾਂਦਾ ਹੈ। ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਕਹਿੰਦੇ ਹਨ ਕਿ ਜੇ ਕੋਈ ਅਨਪੜ੍ਹ ਹੋਵੇ ਤਾਂ ਫਿਰ ਕਿਵੇਂ ਪੜ੍ਹੇ ?

ਇਸਦਾ ਉੱਤਰ ਇਹ ਹੈ ਕਿ ਗੁਰਬਾਣੀ ਨੂੰ ਪੜ੍ਹ ਕੇ ਸੁਣਾਉਣ ਵਾਲਾ ਸਾਡਾ ਗੁਰੂ ਨਹੀਂ ਹੋ ਸਕਦਾ। ਉਹ ਗੁਰਸਿੱਖ, ਸਿੱਖ ਜਾਂ ਗਿਆਨੀ ਹੋ ਸਕਦਾ ਹੈ। ਇਕ ਉਦਾਹਰਣ ਦਿੰਦੇ ਹਾਂ ਕਿ ਇਕ ਅਨਪੜ੍ਹ ਔਰਤ ਹੈ ਉਸਦਾ ਪਤੀ ਪ੍ਰਦੇਸ ਗਿਆ ਹੈ। ਉਹ ਆਪਣੀ ਪਤਨੀ ਨੂੰ ਚਿੱਠੀ ਘਲਦਾ ਹੈ। ਉਸ ਦੀ ਚਿੱਠੀ ਮਿਲਣ 'ਤੇ ਪਤਨੀ ਖੁਸ਼ ਹੁੰਦੀ ਹੈ। ਪਰ ਆਪ ਪੜ੍ਹ ਨਹੀਂ ਸਕਦੀ। ਉਹ ਚਿੱਠੀ ਕਿਸੇ ਹੋਰ ਪੜ੍ਹੇ ਲਿਖੇ ਬੰਦੇ ਤੋਂ ਪੜ੍ਹਾਉਂਦੀ ਹੈ। ਉਹ ਪੜ੍ਹਦਾ ਹੈ 'ਮੇਰੀ ਪਿਆਰੀ ਪਤਨੀ। ਕੀ ਉਹ ਚਿੱਠੀ ਪੜ੍ਹ ਕੇ ਸੁਣਾਉਣ ਨਾਲ ਹੀ ਉਸਦਾ ਪਤੀ ਬਣ ਗਿਆ ? ਸੋ ਚਿੱਠੀ ਪੜ੍ਹ ਕੇ ਸੁਣਾਉਣ ਵਾਲਾ ਭਰਾ ਹੋ ਸਕਦਾ ਹੈ, ਪਤੀ ਨਹੀਂ ਹੋ ਸਕਦਾ, ਪਤੀ ਤਾਂ ਉਹ ਹੈ ਜਿਸਨੇ ਚਿੱਠੀ ਲਿਖੀ ਹੈ। ਇਸ ਤਰ੍ਹਾਂ ਗੁਰਬਾਣੀ ਅਤੇ ਗੁਰਬਾਣੀ ਉਚਾਰਣ ਵਾਲੇ ਹੀ ਗੁਰੂ ਹਨ। ਪੜ੍ਹਕੇ ਸੁਣਾਉਣ ਵਾਲੇ, ਵਿਆਖਿਆ ਸੁਣਾਉਣ ਵਾਲੇ ਕਦੇ ਵੀ ਗੁਰੂ ਨਹੀਂ ਹੋ ਸਕਦੇ।

ਕਈ ਕਹਿੰਦੇ ਗੁਰਬਾਣੀ ਦਾ ਅਰਥ ਦੱਸਣ ਲਈ ਦੇਹਧਾਰੀ ਦੀ ਲੋੜ ਹੈ ?

ਇਸਦਾ ਉੱਤਰ ਕਿ ਕਲਾਸ ਦੇ ਵਿਚ ਮਾਸਟਰ ਮੁੰਡਿਆਂ ਨੂੰ ਕਈ ਸਾਇੰਸਦਾਨਾਂ (ਖੋਜੀਆਂ) ਦੀਆਂ ਖੋਜਾਂ ਸਿਧਾਂਤ ਪੜ੍ਹਾਉਂਦੇ ਹਨ ਪਰ ਕਦੇ ਵੀ ਉਹਨਾਂ ਮਾਸਟਰਾਂ ਨੂੰ ਸਾਇੰਸਦਾਨਾਂ ਖੋਜੀਆਂ ਦੀ ਪਦਵੀ ਨਹੀਂ ਮਿਲੀ। ਇਸ ਕਰਕੇ ਗੁਰਬਾਣੀ ਦੇ ਅਰਥ ਦੱਸਣ ਵਾਲੇ ਵੀ ਕਦੇ ਵੀ ਗੁਰੂ ਨਹੀਂ ਕਹਾ ਸਕਦੇ।

ਕਈ ਇਹ ਵੀ ਸਵਾਲ ਕਰਦੇ ਹਨ ਕਿ ਗੁਰਬਾਣੀ ਹੋਰ ਹੈ, ਨਾਮ ਹੋਰ ਹੈ।

ਉੱਤਰ—ਨਹੀਂ ਜੀ ਸਤਿਗੁਰੂ ਕਹਿੰਦੇ ਹਨ :

ਗੁਰਬਾਣੀ ਵਰਤੀ ਜਗ ਅੰਤਰਿ।
ਇਸ ਬਾਣੀ ਤੇ ਹਰਿ ਨਾਮੁ ਪਾਇਦਾ।

ਗੁਰਬਾਣੀ ਨਾਮ ਇਕ ਹੀ ਹੈ।

ਵੱਖ ਵੱਖ ਕਹਿਣ ਵਾਲੇ ਥੋੜ੍ਹੀ ਅਕਲ ਵਾਲੇ ਹਨ।

ਕਈ ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਗੁਰੂ ਦੇ ਚਰਨਾਂ ਦੀ ਗੱਲ ਕਰਦੇ ਹਨ ਕਿ ਚਰਨ ਤਾਂ ਦੇਹਧਾਰੀ ਦੇ ਹੀ ਹੋ ਸਕਦੇ ਹਨ।

ਉੱਤਰ—ਗੁਰੂ ਦੇ ਸ਼ਬਦ ਹੀ ਗੁਰੂ ਦੇ ਚਰਨ ਹਨ। ਗੁਰੂ ਦੇ ਸ਼ਬਦ (ਬਚਨ)

ਦਾ ਧਿਆਨ ਹੀ ਗੁਰੂ ਦੇ ਚਰਨਾਂ ਨੂੰ ਹਿਰਦੇ ਵਿਚ ਟਿਕਾਉਣਾ ਹੈ। ਦੇਹਧਾਰੀ ਗੁਰੂ ਦੇ ਹੱਡ ਮਾਸ ਦੇ ਪੈਰ ਕੋਈ ਸੇਵਕ ਆਪਣੀ ਛਾਤੀ ਵਿਚ ਕਿਵੇਂ ਟਿਕਾਏਗਾ ?

"ਹਿਰਦੈ ਸਬਦੁ ਚਰਨੁ ਸਤਿਗੁਰ ਕੈ ਨਾਨਕ ਬਾਧਿਓ ਪਾਲਿ"॥ ਗੁਰੂ ਦੇ ਸ਼ਬਦ ਹੀ ਗੁਰੂ ਦੇ ਚਰਨ ਹਨ।

ਕਈ ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਇਹ ਸ਼ੰਕਾ ਕਰਦੇ ਹਨ ਕਿ ਖ਼ਾਸ-ਖ਼ਾਸ ਸ਼ਖਸ਼ੀਅਤਾਂ ਵਿਚ ਚੁੰਬਕੀ ਖਿੱਚ ਹੁੰਦੀ ਹੈ।

ਉੱਤਰ—ਉਹ ਖਿੱਚ ਦੇਹ ਵਿਚ ਨਹੀਂ। ਚਾਲ ਚਲਣ ਵਿਚ ਹੈ। ਸਰੀਰ ਦੇ ਨਾਸ਼ ਹੋ ਜਾਣ ਨਾਲ ਵੀ ਇਹ ਅਸਰ ਨਾਸ਼ ਨਹੀਂ ਹੁੰਦਾ। ਸ਼ਹੀਦਾਂ ਦੇ ਕਾਰਨਾਮੇ ਰਹਿੰਦੀ ਦੁਨੀਆਂ ਤਕ ਆਪਣਾ ਅਸਰ ਪਾਈ ਜਾਣਗੇ। ਗੁਰੂ ਦੇ ਸਿੱਖਾਂ ਨੇ ਕਈ ਥਾਂਈਂ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ, ਕਈ ਪ੍ਰਭਾਵਤ ਹੋਏ ਪਰ ਗੁਰੂ ਦੇ ਸਿੱਖਾਂ ਨੇ ਕਦੇ ਨਾ ਆਖਿਆ ਕਿ ਸਾਡੀ ਦੇਹੀ ਗੁਰੂ ਹੈ। ਪਹਿਲੇ ਪਾਤਸ਼ਾਹ ਨੇ ਵੀ ਦੇਹੀ ਨੂੰ ਪਿੱਛੇ ਕਰਕੇ ਸ਼ਬਦ ਨੂੰ ਅੱਗੇ ਕੀਤਾ।

ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਰੂਹਾਨੀ ਸ਼ਕਤੀ ਦੀ ਗੱਲ ਵੀ ਕਰਦੇ ਹਨ।

ਉੱਤਰ—ਗੁਰਬਾਣੀ ਗੁਰੂ ਨੇ ਪਰਮਾਤਮਾ ਨਾਲ ਅਭੇਦ ਹੋਣ ਦਾ ਢੰਗ ਸ਼ਬਦ-ਸੁਰਤਿ ਦਾ ਮੇਲ ਦੱਸਿਆ ਹੈ ਜੋ ਸ਼ਬਦ ਦੇ ਨਾਲ ਪ੍ਰੀਤ ਪਾਉਂਦੇ ਹਨ। ਸ਼ਬਦ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਂਦੇ ਹਨ ਉਹਨਾਂ ਨੂੰ ਕ੍ਰਿਸੇ ਦੇਹਧਾਰੀ ਦੀ ਰੂਹਾਨੀ ਸ਼ਕਤੀ ਦੀ ਲੋੜ ਨਹੀਂ ਹੈ।

ਕਈ ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਸ਼ੰਕਾ ਕਰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਕਾਗਜ਼ਾਂ ਦੀ ਪੋਥੀ ਹੈ, ਸਿਆਹੀ ਨਾਲ ਅੱਖਰ ਲਿਖੇ ਹੋਏ ਹਨ, ਕਾਗਜ਼ ਅਤੇ ਸਿਆਹੀ ਗੁਰੂ ਕਿਵੇਂ ਹੋ ਸਕਦੀ ਹੈ ?

ਉੱਤਰ—ਐਸੇ ਗੁਰੂ ਨਿੰਦਕਾਂ ਨੂੰ ਕੁਬੋਲ ਬੋਲਣ ਦਾ ਹੀਆ ਤਾਂ ਹੀ ਹੋ ਰਿਹਾ ਹੈ ਕਿਉਂਕਿ ਸਾਡੇ ਧਾਰਮਿਕ ਆਗੂ ਡੇਰੇਦਾਰ, ਸਾਧ, ਸੰਸਥਾਵਾਂ ਢਿੱਲੇ ਹੋ ਗਏ। ਸਾਡੇ ਗੁਰਮਤਿ ਪ੍ਰਚਾਰ ਅਤੇ ਪੰਜ ਕਕਾਰੀ ਰਹਿਤ ਬਹਿਤ ਵਾਲੇ ਜੀਵਨ ਵਿਚ ਢਿੱਲ ਆ ਗਈ ਹੈ। ਜੇ ਅਸੀਂ ਗੁਰੂ ਆਸ਼ੇ ਮੁਤਾਬਕ ਗੁਰਮਤਿ ਨੂੰ ਅਪਣਾ ਲੈਂਦੇ ਨੇਕ ਨੀਅਤੀ ਨਾਲ ਗੁਰੂ ਦਾ ਸੁਨੇਹਾ ਘਰ ਘਰ ਪਹੁੰਚਾਉਂਦੇ ਤਾਂ ਕਦੇ ਵੀ ਦੋਖੀ ਐਸਾ ਨਾ ਕਹਿੰਦੇ। ਐਸੇ ਮੂਰਖਾਂ ਨੂੰ ਇਹ ਨਹੀਂ ਪਤਾ ਕਿ ਸਿੱਖ ਕਾਗਜ਼ ਅਤੇ ਸਿਆਹੀ ਦੀ ਪੂਜਾ ਨਹੀਂ ਕਰਦੇ ਸਗੋਂ ਗੁਰੂ ਸ਼ਬਦ ਨੂੰ ਮੰਨਦੇ ਹਨ। ਜੇਕਰ ਕੋਈ ਪੋਥੀ ਜਿਸ ਉੱਪਰ ਗੁਰਬਾਣੀ ਨਾ ਲਿਖੀ ਹੋਵੇ ਤਾਂ ਰੁਮਾਲਿਆਂ ਵਿਚ ਲਪੇਟ ਕੇ ਰੱਖ ਦਿੱਤੀ ਜਾਵੇ ਸਿੱਖ ਕਦੇ ਵੀ ਮੱਥਾ ਨਹੀਂ ਟੇਕਣਗੇ। ਗੁਰ ਬਚਨ ਹੈ—"ਨਾਉ ਪੂਜੀਐ ਨਾਉ ਮੰਨੀਐ, ਕਿਲਵਿਖ ਸਭ ਹਿਰਿਆ" (ਪੰਨਾ 87) ਕਈ ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਇਹ ਕਹਿੰਦੇ ਹਨ ਕਿ ਜੇ ਕਿਸੇ ਪੁਰਸ਼ ਨੂੰ ਗਿਆਰ੍ਹਵਾਂ, ਬਾਰ੍ਹਵਾਂ,

ਤੇਰ੍ਹਵਾਂ ਗੁਰੂ ਮੰਨ ਲਿਆ ਜਾਵੇ ਤਾਂ ਕੀ ਹਰਜ ਹੈ?

ਉੱਤਰ—ਜਦੋਂ ਦਸਾਂ ਸਤਿਗੁਰਾਂ ਨੇ ਸਿੱਖੀ ਦੇ ਆਦਰਸ਼ ਨੂੰ ਸੰਪੂਰਨ ਕਰ ਲਿਆ ਤਾਂ ਗੁਰਗੱਦੀ ਦਸਮ ਪਾਤਸ਼ਾਹ ਨੇ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਨੂੰ ਦੇ ਕੇ 'ਪੰਥ' ਨੂੰ ਗੁਰੂ ਗ੍ਰੰਥ ਦੀ ਤਾਬਿਆ ਗੁਰੂ ਬਣਾ ਦਿੱਤਾ। ਸ਼ਖਸ਼ੀ ਗੁਰਤਾ ਦਾ ਸਿਲਸਿਲਾ ਹਮੇਸ਼ਾਂ ਲਈ ਖਤਮ ਕਰ ਦਿੱਤਾ। ਇਸ ਲਈ ਹੁਣ ਕੋਈ ਵੀ ਇਕੱਲਾ ਪੁਰਸ਼ ਖ਼ਾਲਸਾ ਪੰਥ ਦਾ ਗੁਰੂ ਨਹੀਂ ਹੋ ਸਕਦਾ। ਦਸਮ ਗੁਰੂ ਜੀ ਨੇ ਆਤਮਾ ਗ੍ਰੰਥ ਵਿਚ ਸਰੀਰ ਪੰਥ ਵਿਚ, ਜੋਤਿ ਗੁਰੂ ਕੀ ਬਾਣੀ ਵਿਚ ਜੇ ਜੁਗਤਿ ਖ਼ਾਲਸਾ ਪੰਥ ਵਿਚ ਸਦਾ ਵਾਸਤੇ ਜੁਗੋ ਜੁਗ ਅਟੱਲ "ਗੁਰੂ ਗ੍ਰੰਥ ਸਾਹਿਬ" ਨੂੰ ਸਦਾ ਵਾਸਤੇ ਗੁਰ ਗੱਦੀ ਸੌਂਪ ਦਿੱਤੀ। ਇਸ ਲਈ ਹੁਣ ਕਿਸੇ ਮਨੁੱਖ ਦਾ ਗਿਆਰ੍ਹਵਾਂ, ਬਾਰ੍ਹਵਾਂ, ਤੇਰ੍ਹਵਾਂ ਗੁਰੂ ਬਣਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਕਈ ਦੇਹਧਾਰੀ ਗੁਰੂ ਡੰਮ੍ਹ ਦੇ ਹਾਮੀ ਇਹ ਵੀ ਕਹਿੰਦੇ ਹਨ ਕਿ ਸ਼ਰਧਾ, ਨਿਸ਼ਚਾ ਹੋਣਾ ਚਾਹੀਦਾ ਹੈ। ਭਾਵੇਂ ਗੁਰੂ ਕੁਝ ਵੀ ਹੋਵੇ।

ਉੱਤਰ—ਸਿੱਖ ਧਰਮ ਵਿਚ ਗੁਰ ਗੁੰਗੈ ਗੁਰ ਬਾਵਰੇ ਵਾਲਾ ਅੰਧ ਵਿਸ਼ਵਾਸ ਨਹੀਂ ਦਿੱਤਾ ਗਿਆ। ਬਲਕਿ ਇਹ ਦੱਸਿਆ ਗਿਆ ਹੈ ਕਿ ਪੂਰੇ ਗੁਰ ਤੋਂ ਬਿਨ੍ਹਾਂ ਨਿਸਤਾਰਾ ਹੋ ਸਕਦਾ। ਅਗਿਆਨੀ ਦੰਭੀ, ਪਾਖੰਡੀ ਗੁਰੂਆਂ ਤੋਂ ਮੁਕਤੀ ਨਹੀਂ ਮਿਲ ਸਕਦੀ। ਐਸੇ ਦੰਭੀ ਪਾਖੰਡੀ ਗੁਰੂ ਤੋਂ ਬਚਣ ਲਈ ਇਸ ਤਰ੍ਹਾਂ ਹੁਕਮ ਕੀਤੇ ਹਨ :

ਗੁਰੂ ਜਿਨ੍ਹਾ ਕਾ ਅੰਧੁਲਾ। ਚੇਲੇ ਨਾਹੀ ਚਾਉ। (ਪੰਨਾ 58)
ਨਾਨਕ, ਅੰਧਾ ਹੋਇ ਕੈ, ਦਸੈ ਰਾਹੈ, ਸਭਸ ਮੁਹਾਏ ਸਾਥੈ॥
ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ॥ (ਪੰਨਾ 140)
ਗੁਰੂ ਜਿਨ੍ਹਾ ਕਾ ਅੰਧੁਲਾ, ਸਿਖ ਭੀ ਅੰਧੇ ਕਰਮ ਕਰੇਨਿ॥ (ਪੰਨਾ 951)
ਗੁਰੂ ਸਦਾਏ ਅਗਿਆਨੀ ਅੰਧਾ, ਕਿਸੁ ਓਹ ਮਾਰਗਿ ਪਾਏ॥ (ਪੰਨਾ 49)
ਅੰਧਾ ਆਗੂ ਜੇ ਥੀਐ, ਕਿਉ ਪਾਧਰ ਜਾਣੈ॥
ਆਪਿ ਮੁਸੈ ਮਤਿ ਹੋਛੀਐ, ਕਿਉ ਰਾਹ ਪਛਾਣੈ॥ (ਪੰਨਾ 767)
ਕਾਚੇ ਗੁਰ ਤੇ ਮੁਕਤਿ ਨ ਹੂਆ॥ (ਪੰਨਾ 932)
ਅੰਧੇ ਕੈ ਰਾਹਿ ਦਸੀਐ, ਅੰਧਾ ਹੋਇ ਸੁ ਜਾਇ॥
ਹੋਇ ਸੁਜਾਖਾ ਨਾਨਕਾ, ਸੋ ਕਿਉ ਉਝੜਿ ਪਾਇ॥ (ਪੰਨਾ 954)

ਕਈ ਗੁਰੂ-ਡੰਮ੍ਹ ਦੇ ਹਾਮੀ ਆਪਣੇ ਦੇਹਧਾਰੀ ਗੁਰੂ ਦਾ ਪ੍ਰਚਾਰ ਕਰਨ ਲਈ ਰਿਧੀਆਂ-ਸਿਧੀਆਂ ਤੇ ਕਰਾਮਾਤਾਂ ਨੂੰ ਆਪਣੇ ਗੁਰੂ ਨਾਨਕ ਜੋੜ ਕੇ ਦੱਸਦੇ ਹਨ ਕਿ ਸਾਡੇ ਗੁਰੂ ਵਿਚ ਇਹ ਕਰਾਮਾਤ ਹੈ। ਇਹ ਤਾਕਤ ਹੈ ਆਦਿ। ਇਸ ਤਰ੍ਹਾਂ ਕਈ ਭੋਲੇ ਭਾਲੇ ਇਹਨਾਂ ਦੇ ਚੁੰਗਲ ਵਿਚ ਫਸ ਜਾਂਦੇ ਹਨ।

ਗੁਰ ਸ਼ਬਦ ਹੈ—"ਰਿਧਿ ਸਿਧਿ ਸਭੁ ਮੋਹ ਹੈ, ਨਾਮੁ ਨ ਵਸੈ ਮਨਿ ਆਇ।" (ਪੰਨਾ 593)

ਬਿਨੁ ਨਾਵੈ ਪੈਨਣੁ ਖਾਣੁ ਸਭ ਬਾਦਿ ਹੈ, ਧਿਗੁ ਸਿਧੀ ਧਿਗੁ ਕਰਮਾਤਿ॥ (ਪੰਨਾ 650)

ਇਹਨਾਂ ਦੰਭੀਆਂ ਪਾਖੰਡੀਆਂ ਕੋਲ ਕੋਈ ਰਿਧੀ ਸਿਧੀ ਨਹੀਂ ਹੈ। ਗੁਰੂ ਦੇ ਸਿੱਖ ਜਾਣਦੇ ਹਨ ਕਿ ਮਨੁੱਖਾ ਜੀਵਨ ਮਨੋਰਥ ਇਹਨਾ ਰਿਧੀਆਂ ਸਿਧੀਆਂ ਦੇ ਚੱਕਰਾਂ ਵਿਚ ਪੈਣਾ ਨਹੀਂ ਹੈ। ਗੁਰੂ ਕਾ ਬਚਨ ਗੁਰਬਾਣੀ ਗੁਰਮਤਿ ਨੂੰ ਹਿਰਦੇ ਵਿਚ ਵਸਾ ਲੈਣਾ ਹੀ ਵੱਡੀ ਕਰਾਮਾਤ ਹੈ। ਇਹ ਰਿਧੀ ਸਿਧੀ ਹੈ।

ਆਉ! ਅਸੀਂ ਗੁਰੂ ਸ਼ਬਦ ਦੇ ਲੜ ਲੱਗੀਏ। ਕੰਨਾਂ ਵਿਚ ਮੰਤਰ ਦੇਣ ਵਾਲਿਆਂ, ਗੱਦੀਆਂ ਲਾਉਣ ਵਾਲਿਆਂ ਤੋਂ ਬਚੀਏ। ਇਹਨਾਂ ਗੁਰੂ ਨਿੰਦਕਾਂ ਨੂੰ ਕਦੇ ਮੂੰਹ ਨਾ ਲਾਈਏ।

ਸਦਾ ਯਾਦ ਰੱਖੋ—ਗੁਰੂ ਦੀ ਆਤਮਾ ਗ੍ਰੰਥ ਵਿਚ, ਸਰੀਰ ਪੰਥ ਵਿਚ।

ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ ਉੱਪਰ ਪੂਰੇ ਨਿਸ਼ਚੇ ਨਾਲ ਅਮਲ ਕਰਦੇ ਹੋਏ "ਗੁਰੂ ਗ੍ਰੰਥ ਸਾਹਿਬ" ਨੂੰ ਗੁਰੂ ਮੰਨਦੇ ਹੋਏ, ਗੁਰਮਤਿ ਅਨੁਸਾਰ ਜੀਵਨ ਬਤੀਤ ਕਰਦੇ ਹੋਏ ਆਪਣੇ ਆਪ ਨੂੰ ਪੰਥ ਦਾ ਅੰਗ ਸਮਝਦੇ ਹੋਏ ਆਪਣੇ ਫਰਜ਼ਾਂ ਨੂੰ ਨਿਭਾਉਂਦੇ ਹੋਏ ਹੋਰਨਾਂ ਨੂੰ ਇਸ ਸੱਚਾਈ ਬਾਰੇ ਦੱਸ ਕੇ ਭੁਲੇਖਿਆਂ ਤੋਂ ਬਚਾਈਏ।

## ਰਾਸ਼ਟਰੀ ਸਵੰਮ ਸੇਵਕ ਸੰਘ (ਆਰ.ਐਸ.ਐਸ.)

ਇਹ ਆਰ.ਐਸ.ਐਸ. ਹਮੇਸ਼ਾਂ ਤੋਂ ਸਿੱਖ ਪੰਥ ਦੇ ਅੰਦਰ ਘੁਸਪੈਠ ਕਰਕੇ ਆਪਣੀਆਂ ਕੁਟਿਲ ਨੀਤੀਆਂ ਰਾਹੀਂ ਸਾਡਾ ਵਿਰਸਾ ਕਮਜ਼ੋਰ ਕਰਨ ਦੇ ਵਤੀਰੇ ਘੜਦਾ ਰਹਿੰਦਾ ਹੈ। ਇਹ ਰਾਸ਼ਟਰੀ ਸਿੱਖ ਸੰਗਤ ਨਾਂ ਦੀ ਜਥੇਬੰਦੀ ਹੈ। ਇਹ ਸਿੱਖਾਂ ਨੂੰ ਕੇਸਧਾਰੀ ਹਿੰਦੂ ਬਣਾਉਣ ਵਾਸਤੇ ਸਾਰਾ ਜ਼ੋਰ ਲਾ ਰਹੀ ਹੈ। ਇਹ ਭਾਜਪਾ ਵੀ ਇਸਦਾ ਹੀ ਇਕ ਵਿੰਗ ਹੈ। ਵੱਡੇ ਵੱਡੇ ਅਕਾਲੀ ਲੀਡਰਾਂ, ਜਥੇਦਾਰਾਂ ਨਾਲ ਸਾਂਝ ਪਾ ਕੇ ਇਹ ਉਹਨਾਂ ਤੋਂ ਵੀ ਸਿੱਖ ਸਿਧਾਤਾਂ ਦੇ ਖਿਲਾਫ਼ ਪ੍ਰਚਾਰ ਕਰਵਾ ਰਹੀ ਹੈ। ਵੱਡੇ ਵੱਡੇ ਸਾਧਾਂ ਸੰਤਾਂ ਨਾਲ ਸਾਂਝ ਪਾ ਕੇ ਇਹ ਜਥੇਬੰਦੀ, ਸਾਧਾਂ ਤੋਂ ਵੀ ਹਿੰਦੂਮੱਤ ਦਾ ਪ੍ਰਚਾਰ ਕਰਵਾ ਰਹੀ ਹੈ। ਸਾਧਾਂ ਪਾਸ 50-50 ਲੱਖ ਦੀਆਂ ਗੱਡੀਆਂ ਇਸ R.S.S. ਕਰਕੇ ਹੀ ਹਨ। ਇਹ ਸਾਧ ਹਿੰਦੂ ਮੱਤ ਵਾਲੇ ਵਹਿਮ-ਭਰਮ, ਵਰਤ, ਤੀਰਥ, ਇਸ਼ਨਾਨ, ਸੁੱਚ-ਭਿੱਟ ਗਿਣਤੀਆਂ ਮਿਣਤੀਆਂ ਵਾਲੇ ਪਾਠ, ਮੰਤਰ ਜਾਪ, ਵਰਨੀਆਂ ਮਾਲਾ ਜਪਾ ਰਹੇ ਹਨ। ਇਹ ਸਾਧ ਵੀ ਸਿੱਖਾਂ ਨੂੰ ਕੇਸਧਾਰੀ ਹਿੰਦੂ ਬਣਾਉਣਾ ਚਾਹੁੰਦੇ ਹਨ। ਅਖੰਡ ਪਾਠਾਂ ਦੇ ਨਾਲ

ਸਮੱਗਰੀਆਂ, ਜੋਤਾਂ, ਧੂਪ, ਘੜੇ, ਮੌਲੀਆਂ, ਸਮੱਗਰੀਆਂ ਵੀ ਰਾਮਾਇਣ ਦੇ ਪਾਠਾਂ ਵਾਲੀਆਂ ਹੀ ਰੱਖ ਰਹੇ ਹਨ। ਇਹ ਆਰ.ਐਸ.ਐਸ. ਇਹਨਾਂ ਸਾਧਾਂ ਰਾਹੀਂ ਵੀ ਆਪਣਾ ਕੰਮ ਬੜੇ ਯੋਜਨਾਬੱਧ ਤਰੀਕੇ ਨਾਲ ਕਰ ਰਹੀ ਹੈ। ਦਿਖਾਵੇ ਮਾਤਰ ਇਹ ਸਾਧ ਸਿੱਖ ਲਗਦੇ ਹਨ ਪਰ ਇਹਨਾਂ ਦੇ ਅੰਦਰ ਸੋਚ ਹਿੰਦੂਮੱਤ ਵਾਲੀ ਹੀ ਹੈ। ਇਹ ਜ਼ਿਆਦਾ ਕਹਾਣੀਆਂ ਸ਼ਿਵ ਜੀ, ਸ਼ਿਵਲਿੰਗ ਪਾਰਬਤੀ ਦੀਆਂ ਹੀ ਸੁਣਾਉਂਦੇ ਹਨ। ਗਰੁੜ ਪੁਰਾਣ ਵਾਲੇ ਨਰਕਾਂ ਸਵਰਗਾਂ ਦੀ ਇਹ ਗੱਲ ਕਰਦੇ ਹਨ। ਇਹ ਆਰ.ਐਸ.ਐਸ. ਸਿੱਖੀ ਭੇਸ ਵਿਚ ਅੰਮ੍ਰਿਤ ਵੀ ਛਕਾ ਰਹੀ ਹੈ ਇਸ ਆਰ.ਐਸ.ਐਸ. ਦੀ ਇਹ ਕੋਸ਼ਿਸ ਹੈ ਕਿ ਜੇ ਸਿੱਖਾਂ ਦੇ ਅੰਦਰੋਂ, ਗੁਰਮਤਿ ਸਿਧਾਂਤ ਨਿਕਲ ਗਿਆ, ਸਿੱਖੀ ਸੋਚ ਮਰ ਗਈ ਤਾਂ ਇਹਨਾਂ ਨੂੰ ਮਾਰਨਾ ਬਹੁਤ ਸੌਖਾ ਹੋ ਜਾਵੇਗਾ ਪਰ ਇਸਦੀਆਂ ਇਹ ਕੋਸ਼ਿਸ਼ਾਂ ਗੁਰੂ ਦੇ ਸਿੱਖ ਨਕਾਰਦੇ ਰਹਿਣਗੇ। ਖ਼ਾਲਸਾ ਪੰਚਾਇਤ ਵੀ ਆਰ.ਐਸ.ਐਸ. ਦੀਆਂ ਨੀਤੀਆਂ ਵਿਰੁੱਧ ਡਟੀ ਹੋਈ ਹੈ। ਹਰ ਸਿੱਖ ਦਾ ਆਪ ਸੁਚੇਤ ਹੋਣਾ ਅਤੇ ਹੋਰਾਂ ਨੂੰ ਸੁਚੇਤ ਕਰਨਾ ਬਣਦਾ ਹੈ। ਇਸਦੀ ਡਿਟੇਲ ਵਾਸਤੇ ਇਕ ਸਿੱਖ ਵਿਦਵਾਨ ਦੀ ਲਿਖੀ ਹੋਈ ਕਾਫ਼ੀ ਵੱਡੀ ਪੁਸਤਕ "ਜਬੈ ਬਾਣ ਲਾਗਿਉ" ਪੜ੍ਹਨ ਦੀ ਖੇਚਲ ਕਰੋ ਜੀ।

## ਸ਼ੇਖ ਫੱਤੇ ਖੀਰ ਚੜ੍ਹਾਉਣ ਦਾ ਕੋਈ ਲਾਭ ਨਹੀਂ ਹੈ
## ਸ਼ੇਖ ਫੱਤਾ ਦੀ ਕਹਾਣੀ ਦੀ ਅਸਲੀਅਤ

**ਡਾ. ਸੁਖਪ੍ਰੀਤ ਸਿੰਘ ਉਦੋਕੇ**

ਸਰਬ ਗੁਣ ਸੰਪੰਨ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਅੰਧਵਿਸ਼ਵਾਸ, ਜਹਾਲਤ ਕਰਮ ਕਾਂਡਾਂ ਅਤੇ ਅਨਮਤਾਂ ਦੀ ਗੂੜ੍ਹੀ ਨੀਂਦ ਸੁੱਤੀ ਹੋਈ ਲੋਕਾਈ ਨੂੰ ਸੋਧਣ ਵਾਸਤੇ ਅਜਿਹੇ ਉਪਰਾਲੇ ਕੀਤੇ ਜਿਨ੍ਹਾਂ ਨੂੰ ਇਕ ਕਵੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

ਫਿਰ ਉਠੀ ਆਖਿਰ ਸਦਾਅ
ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦੇ-ਕਾਮਿਲ ਨੇ,
ਜਗਾਇਆ ਖ਼੍ਵਾਬ ਸੇ।

ਗੁਰੂ ਨਾਨਕ ਸਾਹਿਬ ਜੀ ਤੋਂ ਆਰੰਭ ਹੋਈ ਇਸ ਨਿਰੰਕਾਰੀ ਜੋਤਿ ਨੇ ਦਸ ਵੱਖ ਵੱਖ ਜਾਮਿਆਂ ਵਿਚ ਵਿਚਰ ਕੇ ਇਕ ਬੇਅਣਖ ਇਨਸਾਨ ਤੋਂ ਖ਼ਾਲਸੇ ਨੂੰ ਵਜੂਦ ਵਿਚ ਲਿਆਂਦਾ ਜੋ ਅਕਾਲ ਪੁਰਖ ਦੀ ਫੌਜ ਹੈ। ਜੋ ਕਰਮਕਾਂਡੀ ਬ੍ਰਾਹਮਣਵਾਦੀ ਬੰਧਨਾਂ ਤੋਂ ਮੁਕਤ ਹੈ। ਜੋ ਜਗਤ ਜੋਤ ਦਾ ਉਪਾਸ਼ਕ ਹੈ। ਪਰ ਜਦੋਂ ਤੋਂ ਹੀ ਇਸ ਨਿਆਰੇ ਖ਼ਾਲਸੇ ਨੇ ਸੰਸਾਰ ਮੰਚ ਉੱਪਰ ਕਦਮ ਧਰਿਆ ਉਸ

ਸਮੇਂ ਤੋਂ ਹੀ ਇਸ ਦੀ ਨਿਆਰੀ ਹਸਤੀ ਕਰਮਕਾਂਡੀ ਲੋਕਾਂ ਨੂੰ ਰੜਕਦੀ ਹੈ। ਅਤੇ ਹਰ ਮੱਤ ਇਹ ਚਾਹੁੰਦਾ ਹੈ ਕਿ ਇਸਦੀ ਵੱਖਰੀ ਹੋਂਦ ਨੂੰ ਖਤਮ ਕਰਕੇ ਆਪਣੀ ਆਗੋਸ਼ ਵਿਚ ਲਿਆ ਜਾਵੇ। ਇਸ ਦੀ ਹੋਂਦ ਨੂੰ ਖਤਮ ਕਰਨ ਲਈ ਕੋਈ ਰਾਜਨੀਤਕ ਸ਼ਕਤੀ ਦਾ ਸਹਾਰਾ ਲੈਂਦਾ ਹੈ ਅਤੇ ਕੋਈ ਇਸ ਨੂੰ ਆਪਣਾ ਅੰਗ ਦੱਸਦਾ ਹੈ। ਅੱਜ ਵੀ ਕਈ ਅਜਿਹੇ ਪ੍ਰਮੁੱਖ ਦੇਹਧਾਰੀ ਗੁਰੂਡੰਮ੍ਹ ਜਿਵੇਂ ਰਾਧਾ ਸੁਆਮੀ, ਨਿਰੰਕਾਰੀ, ਇਸਾਈ, ਨੂਰਮਹਿਲ ਅਤੇ ਸਖੀ ਸਰਵਰ (ਮੁਸਲਿਮ) ਅਜਿਹੇ ਹਨ ਜੋ ਖ਼ਾਲਸੇ ਦੀ ਨਿਆਰੀ ਹੋਂਦ ਨੂੰ ਖਤਮ ਕਰਨ ਲਈ ਤਤਪਰ ਹਨ। ਸਖੀ ਸਰਵਰ ਅਜਿਹੇ ਮੱਤ ਵਿਚੋਂ ਇਕ ਹੈ। ਇਸ ਦੀਆਂ ਸ਼ਖਾਵਾਂ ਭਾਵੇਂ ਪੰਜਾਬ ਵਿਚ ਘੱਟ ਹਨ, ਪਰ ਪੁਰਾਤਨ ਬਹੁਤ ਹਨ। ਅਤੇ ਕਈ ਭੋਲੇ ਭਾਲੇ ਸਿੱਖ ਵੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਉਹਨਾਂ ਦੇ ਉਪਾਸ਼ਕ ਹਨ।

ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਪੰਦਰਵੀਂ-ਸੋਲ੍ਹਵੀਂ ਸਦੀ ਵਿਚ ਲੋਕਾਂ ਨੂੰ ਆਪਣੇ ਦਾਇਰੇ ਵਿਚ ਲਿਆਉਣ ਲਈ ਇਸਲਾਮ ਮੱਤ ਸਰਗਰਮ ਸੀ। ਉਸ ਸਮੇਂ ਨਕਸ਼ਬੰਦੀਆਂ ਦੇ ਪ੍ਰਭਾਵ ਅਧੀਨ ਜਿਥੇ ਮੁਗ਼ਲ ਸ਼ਾਸਕ ਰਾਜਨੀਤਕ ਸ਼ਕਤੀ ਰਾਹੀਂ ਇਸਲਾਮ ਦੇ ਪਸਾਰੇ ਲਈ ਸਰਗਰਮ ਸਨ। ਓਥੇ ਸਖੀ ਸਰਵਰ ਜਿਸ ਨੂੰ ਨਿਗਾਹੇ ਵਾਲਾ, ਲੱਖਾਂ ਦਾ ਦਾਤਾ, ਆਦਿਕ ਨਾਮਾਂ ਨਾਲ ਵੀ ਜੋੜਦੇ ਹਨ, ਇਸਲਾਮ ਦੇ ਪਸਾਰ ਲਈ ਇਸਦੇ ਉਪਾਸਕ ਸਰਗਰਮ ਹਨ। ਇਹ ਲੋਕ ਹਿੰਦੂ ਜਨਤਾ ਤੇ ਮੁਸਲਮਾਨੀ ਮੱਤ ਵਿਚਕਾਰ ਕੜੀ ਦਾ ਕੰਮ ਕਰਦੇ ਹਨ। ਬਹੁਗਿਣਤੀ ਹਿੰਦੂ ਜਨਤਾ ਨੂੰ ਇਸਲਾਮੀ ਮੱਤ ਵਿਚ ਸ਼ਾਮਿਲ ਕਰਨ ਤੋਂ ਪਹਿਲਾਂ ਸਖੀ ਸਰਵਰ ਦੇ ਪ੍ਰਭਾਵ ਅਧੀਨ ਲਿਆਂਦਾ ਜਾਂਦਾ ਸੀ। ਸਖੀ ਸਰਵਰਾਂ ਦੇ ਡੇਰਿਆਂ ਉੱਪਰ ਮੁਸਲਮਾਨੀ ਸ਼ਰ੍ਹਾ ਨਰਮ ਸੀ। ਕਿਸੇ ਵੀ ਮੱਤ ਦਾ ਔਰਤ ਮਰਦ ਬੇ-ਰੋਕ ਟੋਕ ਆ ਸਕਦਾ ਸੀ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅੱਜ ਤਕ ਵੀ ਕਈ ਅਜਿਹੇ ਸਥਾਨ ਹਨ, ਜਿਥੇ ਸਖੀ ਸਰਵਰ ਦੀ ਪੂਜਾ ਕੀਤੀ ਜਾਂਦੀ ਹੈ। ਸਭ ਤੋਂ ਵੱਧ ਅਫ਼ਸੋਸ ਇਸ ਗੱਲ ਦਾ ਹੈ ਕਿ ਇਨ੍ਹਾਂ ਡੇਰਿਆਂ ਦਾ ਸੰਬੰਧ ਗੁਰੂ ਇਤਿਹਾਸ ਨਾਲ ਜੋੜਿਆ ਜਾ ਰਿਹਾ ਹੈ। ਅੰਨ੍ਹੀ ਸ਼ਰਧਾ ਵਸ ਹੋ ਕੇ ਭੋਲੇ ਭਾਲੇ ਲੋਕ ਗੁਰਮਤਿ ਦਾ ਤਿਆਗ ਕਰਕੇ ਇਨ੍ਹਾਂ ਪੀਰਖਾਨਿਆਂ ਨਾਲ ਜੁੜਦੇ ਜਾ ਰਹੇ ਹਨ। ਮਾਝੇ ਦੇ ਖਿੱਤੇ ਅੰਦਰ "ਸ਼ੇਖ ਫੱਤੇ" ਦਾ ਪੀਰ ਖਾਨਾ ਸਭ ਤੋਂ ਮਸ਼ਹੂਰ ਹੈ। ਜਿਸ ਦਾ ਸੰਬੰਧ ਕੋਝੇ ਢੰਗ ਨਾਲ ਗੁਰੂ ਅਰਜਨ ਸਾਹਿਬ ਨਾਲ ਜੋੜਿਆ ਜਾਂਦਾ ਹੈ। ਇਹ ਅਸਥਾਨ ਅੱਜ ਵੀ ਸਖੀ ਸਰਵਰ ਮਤਿ ਦੇ ਪ੍ਰਚਾਰ ਦਾ ਮਰਕਜ਼ ਹੈ। ਅੱਜ ਵੱਡੀ ਗਿਣਤੀ ਵਿਚ ਇਸ ਖਿੱਤੇ ਦੇ ਸਿੱਖ ਇਸ ਦੇ ਪ੍ਰਭਾਵ ਅਧੀਨ ਹਨ। ਇਹ ਪਿੰਡ ਪਖੋਕੇ ਦੇ ਸਥਾਨ 'ਤੇ ਸਥਿਤ ਹੈ। ਜੋ ਤਰਨ ਤਾਰਨ ਤੋਂ ੯ ਕਿ.ਮਿ. ਦੂਰ ਹੈ। ਇਸ ਜਗ੍ਹਾ ਇਕ ਪੁਰਾਤਨ ਕਬਰ ਹੈ। ਜਿਸ ਨੂੰ ਸ਼ੇਖ ਫੱਤੇ ਦੀ ਕਬਰ ਕਿਹਾ ਜਾਂਦਾ ਹੈ। ਇਥੇ ਦੁੱਧ ਦੀ ਖੀਰ ਚੜ੍ਹਾਈ

ਜਾਂਦੀ ਹੈ। ਇਥੋਂ ਦੇ ਉਪਾਸਕਾਂ ਵੱਲੋਂ ਇਸ ਪੀਰ ਦਾ ਮਿਥਿਹਾਸ ਜੋ ਛਪਾਇਆ ਗਿਆ ਹੈ। ਉਸ ਵਿਚ ਸ਼ਰਾਰਤ ਨਾਲ ਜਾਣ ਬੁਝ ਕੇ ਇਸ ਪੀਰ ਦਾ ਸੰਬੰਧ ਗੁਰੂ ਅਰਜਨ ਸਾਹਿਬ ਜੀ ਨਾਲ ਜੋੜ ਦਿੱਤਾ ਗਿਆ ਹੈ। ਇਸ ਕਰਕੇ ਬਹੁਤੀ ਸਿੱਖ ਵਸੋਂ ਗੁੰਮਰਾਹ ਹੋ ਕੇ ਇਸਦੀ ਸ਼ਰਧਾਲੂ ਬਣਦੀ ਜਾ ਰਹੀ ਹੈ। ਮਨਘੜਤ ਕਹਾਣੀਕਾਰ ਦੱਸਦੇ ਹਨ ਕਿ ਜਿਸ ਵੇਲੇ ਗੁਰੂ ਅਰਜਨ ਸਾਹਿਬ ੧੫੯੦ ਈ. ਵਿਚ ਤਰਨ ਤਾਰਨ ਸਾਹਿਬ ਵਿਖੇ ਪਾਵਨ ਸਰੋਵਰ ਦੀ ਕਾਰ ਸੇਵਾ ਕਰਵਾ ਰਹੇ ਸਨ ਉਸ ਵੇਲੇ ਸ਼ੇਖ ਫੱਤਾ ਨਾਮਕ ਪੀਰ ਗੁਰੂ ਜੀ ਨਾਲ ਸੇਵਾ ਕਰਿਆ ਕਰਦਾ ਸੀ। ਉਹ ਮੱਝਾਂ ਗਾਂਵਾਂ ਚਰਾ ਕੇ ਦੁੱਧ ਦੀ ਸੇਵਾ ਕਰਿਆ ਕਰਦਾ ਸੀ। ਇਕ ਦਿਨ ਇਹ ਪੀਰ ਮੱਝਾਂ ਗਾਂਵਾਂ ਚਰਾਉਂਦਾ ਹੋਇਆ ਕਾਫ਼ੀ ਦੂਰ ਚਲਿਆ ਗਿਆ। ਜਦੋਂ ਵਾਪਸ ਆਇਆ ਤਾਂ ਲੰਗਰ ਵਿਚ ਖੀਰ ਖਤਮ ਹੋ ਚੁੱਕੀ ਸੀ। ਇਹ ਪੀਰ ਇਹ ਸਮਝ ਕੇ ਰੁੱਸ ਗਿਆ ਕਿ ਸ਼ਾਇਦ ਮੁਸਲਮਾਨ ਹੋਣ ਕਾਰਨ ਗੁਰੂ ਜੀ ਨੇ ਮੈਨੂੰ ਖੀਰ ਨਹੀਂ ਦਿੱਤੀ ਉਹ ਤਰਨ-ਤਾਰਨ ਛੱਡ ਕੇ ਪੱਖੋਕੇ ਆ ਕੇ ਰਹਿਣ ਲੱਗ ਪਿਆ। ਗੁਰੂ ਜੀ ਨੂੰ ਪਤਾ ਲੱਗਾ ਤੇ ਆਪ ਚੱਲ ਕੇ ਇਸਦੇ ਪਾਸ ਆਏ ਤੇ ਵਰ ਦਿੱਤਾ ਕਿ ਤੇਰੇ ਦਰ 'ਤੇ ਹਮੇਸ਼ਾਂ ਖੀਰ ਦਾ ਚੜ੍ਹਾਵਾ ਚੜ੍ਹੇਗਾ ਤੇ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੋਣਗੀਆਂ। ਇਹ ਸ਼ਬਦ ਗੁਰੂ ਗਿਆਨ ਦੇ ਉਲਟ ਹਨ, ਜਿਸ ਕਰਕੇ ਗੁਰੂ ਅਰਜਨ ਸਾਹਿਬ ਦੇ ਬਚਨ ਨਹੀਂ ਹੋ ਸਕਦੇ। ਦੂਸਰੀ ਰੋਚਕ ਘਟਨਾ ਜੋ ਸਰੋਵਰ ਨਾਲ ਜੋੜੀ ਗਈ ਹੈ। ਉਹ ਇਸ ਤਰ੍ਹਾਂ ਹੈ—ਕਿ ਜਿਸ ਸਮੇਂ ਅਕਬਰ ਪੰਜਾਬ ਆਇਆ ਤਾਂ ਉਸਦੀ ਪਤਨੀ ਨੂੰ ਛਾਤੀ ਦਾ ਜ਼ਖਮ ਹੋ ਗਿਆ। ਜਦ ਕੋਈ ਵੈਦ ਹਕੀਮ ਠੀਕ ਨਾ ਕਰ ਸਕਿਆ ਤਾਂ ਅਕਬਰ ਜੰਡਿਆਲੇ ਵਿਖੇ ਭਾਈ ਹਿੰਦਾਲ ਕੋਲ ਆਇਆ ਤੇ ਪਤਨੀ ਦੇ ਇਲਾਜ ਲਈ ਬੇਨਤੀ ਕੀਤੀ ਤਾਂ ਭਾਈ ਹਿੰਦਾਲ ਨੇ ਆਪਣੀ ਅਸਮਰੱਥਾ ਜ਼ਾਹਿਰ ਕੀਤੀ ਅਤੇ ਅਕਬਰ ਨੂੰ ਕਿਹਾ ਕਿ ਇਥੋਂ ਕੁਝ ਦੂਰੀ ਉੱਪਰ ਪੂਰਨ ਪੁਰਸ਼ ਪੀਰ ਸ਼ੇਖ ਫੱਤਾ ਜੀ ਰਹਿੰਦੇ ਹਨ। ਅਕਬਰ ਬੇਗਮ ਨੂੰ ਲੈ ਕੇ ਪੀਰ ਜੀ ਦੇ ਪਾਸ ਆ ਗਿਆ ਤਾਂ ਪੀਰ ਜੀ ਨੇ ਉਸਨੂੰ ਅਰੋਗ ਕਰ ਦਿੱਤਾ। ਬੜੇ ਅਫ਼ਸੋਸ ਦੀ ਗੱਲ ਹੈ ਕਿ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਨੂੰ ੩੯੭ ਸਾਲ ਹੋ ਚੁੱਕੇ ਹਨ ਪਰ ਅੰਧਵਿਸ਼ਵਾਸੀ ਲੋਕ ਬਿਨਾਂ ਇਤਿਹਾਸ ਦੀ ਪੜਚੋਲ ਕੀਤਿਆਂ ਹੀ ਗੁਰਮਤਿ ਤੋਂ ਦੂਰ ਹੁੰਦੇ ਜਾ ਰਹੇ ਹਨ। ਜਿਸ ਸਮੇਂ ਪੰਜਾਬ ਅੰਦਰ ਗੁਰੂ ਅਰਜਨ ਸਾਹਿਬ ਸਿੱਖ ਮੱਤ ਦਾ ਪ੍ਰਚਾਰ ਕਰ ਰਹੇ ਸਨ। ਉਸ ਸਮੇਂ ਸਖੀ ਸਰਵਰੀਏ ਵੀ ਇਸਲਾਮਕ ਪ੍ਰਚਾਰ ਲਈ ਸਰਗਰਮ ਸਨ। ਗੁਰੂ ਅਰਜਨ ਸਾਹਿਬ ਜੀ ਦੇ ਸਿੱਖੀ ਪ੍ਰਚਾਰ ਸਦਕਾ ਇਨ੍ਹਾਂ ਦੇ ਪ੍ਰਚਾਰ ਨੂੰ ਕਾਫ਼ੀ ਢਾਹ ਲੱਗੀ। ਸਮੂਹ ਖ਼ਾਲਸਾ ਪੰਥ ਤੋਂ ਮੁਆਫ਼ੀ ਮੰਗਦੇ ਹੋਏ ਕੁਝ ਘਟਨਾਵਾਂ ਬਿਆਨ ਕਰਨ ਦੀ ਹਿੰਮਤ ਕਰ ਰਿਹਾ ਹਾਂ।

ਕੋਈ ਸੱਤ ਅੱਠ ਸਾਲ ਪਹਿਲਾਂ ਦਾਸ ਇਕ ਡੇਅਰੀ 'ਤੇ ਦੁੱਧ ਵੇਚਣ ਜਾਇਆ ਕਰਦਾ ਸੀ। ਹੋਰ ਵੀ ਦੋਧੀ ਦੁੱਧ ਲੈ ਕੇ ਆਇਆ ਕਰਦੇ ਸਨ। ਸਾਡੇ ਵਿਚ ਇਕ ਅੰਮ੍ਰਿਤਧਾਰੀ ਸਿੰਘ ਵੀ ਸੀ ਜਿਸ ਦੀ ਅਸੀਂ ਸਾਰੇ ਬਹੁਤ ਇੱਜ਼ਤ ਕਰਦੇ ਸਾਂ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਸਪੁੱਤਰ ਖ਼ਾਲਸਾ ਹੈ। ਪਰ ਡੇਅਰੀ ਵਾਲਾ ਉਸ ਵੱਲ ਕੁਝ ਸ਼ੱਕ ਦੀ ਨਜ਼ਰ ਨਾਲ ਵੇਖਦਾ ਸੀ ਇਕ ਦਿਨ ਡੇਅਰੀ ਵਾਲੇ ਨੇ ਸਾਰਿਆਂ ਦੇ ਸਾਹਮਣੇ ਉਸ ਦੇ ਦੁੱਧ ਵਿਚੋਂ ਕਿਸੇ ਹੋਰ ਪਦਾਰਥ, ਜਿਸ ਦੀ ਦੁੱਧ ਵਿਚ ਮਿਲਾਵਟ ਕੀਤੀ ਹੋਈ ਸੀ ਕਿ ਦੁੱਧ ਵਿਚ ਪਾਏ ਹੋਏ ਪਾਣੀ ਦਾ ਪਤਾ ਨਾ ਲੱਗੇ, ਨੂੰ ਸਪਸ਼ਟ ਕਰ ਦਿੱਤਾ। ਸਾਰੇ ਉਸ ਦੇ ਉੱਤੇ ਵਿਅੰਗ ਕੱਸ ਰਹੇ ਸੀ, ਮੈਂ ਸੋਚ ਰਿਹਾ ਸਾਂ ਕਿ ਇਹ ਕੈਸਾ ਖ਼ਾਲਸਾ ਹੈ। "ਖ਼ਾਲਸਾ ਮੇਰੋ ਭਵਨ ਭੰਡਾਰਾ॥ ਖਾਲਸੇ ਕਰ ਮੇਰੋ ਸਤਿਕਾਰਾ"॥ ਨਹੀਂ ਨਹੀਂ ਇਹ ਖ਼ਾਲਸਾ ਨਹੀਂ ਹੋ ਸਕਦਾ ਇਹ ਤਾਂ ਖ਼ਾਲਸੇ ਦੇ ਭੇਖ ਵਿਚ ਬੇਈਮਾਨ ਪਾੜ੍ਹ ਖਾਣਾ ਬਘਿਆੜ ਛੁਪਿਆ ਹੋਇਆ ਹੈ। ਇਕ ਦਿਨ ਇਕ ਅੰਮ੍ਰਿਤਧਾਰੀ ਦੁਕਾਨਦਾਰ ਨੂੰ ਵੇਖਿਆ ਜੋ ਨਸ਼ੇ ਵਾਲੀਆਂ ਗੋਲੀਆਂ ਵੀ ਵੇਚ ਰਿਹਾ ਸੀ। ਇਕ ਦਿਨ ਸੜਕ 'ਤੇ ਜਾ ਰਿਹਾ ਸਾਂ, ਸੜਕ ਦੇ ਕੰਢੇ ਇਕ ਕਬਰ ਤੇ ਸਮਾਧ ਬਣੀ ਹੋਈ ਸੀ, ਵੀਰਵਾਰ ਦਾ ਦਿਨ ਸੀ, ਵੇਖ ਕੇ ਹੈਰਾਨ ਹੋ ਗਿਆ ਕਿ ਕੁਝ ਅੰਮ੍ਰਿਤਧਾਰੀ ਸਿੰਘ ਵੀ ਹੱਥਾਂ ਵਿਚ ਤੇਲ ਵਾਲੀਆਂ ਕੌਲੀਆਂ ਤੇ ਸ਼ੀਸ਼ੀਆਂ ਫੜਕੇ ਤੇਲ ਚੜ੍ਹਾਉਣ ਜਾ ਰਹੇ ਹਨ ਮਨ ਵਿਚ ਸੋਚ ਰਿਹਾ ਸਾਂ ਕਿ ਖ਼ਾਲਸੇ ਦੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਤਾਂ "ਬ੍ਰਤ ਗੋਰ ਮੜ੍ਹੀ ਮੱਤ ਭੂਲ ਨਾ ਮਾਨੇ' ਦਾ ਉਪਦੇਸ਼ ਦਿੰਦੇ ਹਨ, ਇਹ ਕਬਰਾਂ ਪੂਜਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਤਾਂ ਨਹੀਂ ਹੋ ਸਕਦੇ ਹਨ, ਫਿਰ ਇਹ ਭੇਖਧਾਰੀ ਕੌਣ ਹਨ ? ਇਕ ਦਿਨ ਦੀਵਾਨ ਸੁਣਨ ਦਾ ਮੌਕਾ ਮਿਲਿਆ। ਇਕ ਦਿਨ ਕਾਫ਼ੀ ਪ੍ਰਸਿੱਧ ਕਵੀਸ਼ਰ ਵੀਰ ਜਿਸਨੂੰ 15 ਮਿੰਟ ਦਾ ਸਮਾਂ ਮਿਲਿਆ ਸੀ, ਉਹ ਵਾਧੂ ਦੀਆਂ ਗੱਲਾਂ ਵਿਚ ਹੀ 30 ਮਿੰਟ ਬਿਤਾ ਗਏ, ਕੋਈ ਪ੍ਰਮਾਣਿਕ ਇਤਿਹਾਸ ਵੀ ਨਾ ਸੁਣਾਇਆ, ਸਿਰਫ਼ ਆਪਣੇ ਜਥੇ ਦੀਆਂ ਵਡਿਆਈਆਂ ਤੇ ਕੁਝ ਸਿਆਸੀ ਖੁਸ਼ਾਮਦਾਂ ਵਿਚ ਹੀ ਸਮਾਂ ਖਰਾਬ ਕਰ ਦਿੱਤਾ। ਪਿੱਛੋਂ ਸਟੇਜ ਸੈਕਟਰੀ ਸਾਹਿਬ ਨੇ ਉਕਤ ਕਵੀਸ਼ਰ ਤੇ ਪੈਸੇ ਦੇ ਲਾਲਚ ਕਾਰਨ ਅਨੁਸ਼ਾਸਨ ਨੂੰ ਤੋੜਨ ਦਾ ਦੋਸ਼ ਲਾਇਆ ਤਾਂ ਸੋਚ ਰਿਹਾ ਸਾਂ ਕਿ ਸੰਗਤਾਂ ਨੂੰ ਸਿੱਖਿਆਵਾਂ ਦੇਣ ਵਾਲੇ ਇਕ ਕਵੀਸ਼ਰ ਵੀਰ ਲਈ ਅਨੁਸ਼ਾਸਨ ਵਿਚ ਰਹਿਣਾ ਕੋਈ ਜ਼ਰੂਰੀ ਨਹੀਂ ਸੀ ? ਅਨੁਸ਼ਾਸਨ ਤੋਂ ਯਾਦ ਆਇਆ ਕਿ ਸਮੁੱਚੇ ਪੰਥ ਨੂੰ ਇਕ ਅਨੁਸ਼ਾਸਨ ਵਿਚ ਰੱਖਣ ਲਈ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥ ਦੀ ਸਹਿਮਤੀ ਤੇ ਸਿੱਖ ਰਹਿਤ ਮਰਯਾਦਾ ਤਿਆਰ ਕਰਵਾਈ, ਪਰ ਅਸਾਂ ਉਸ ਨੂੰ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ, ਬੜੀ ਹੈਰਾਨੀ ਹੋਈ ਇਹ ਵੇਖ ਕੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ

ਗੁਰਦੁਆਰਾ ਸਾਹਿਬਾਨ ਵਿਚ ਵੀ ਇਹ ਮਰਯਾਦਾ ਲਾਗੂ ਨਹੀਂ ਕੀਤੀ ਗਈ। ਜ਼ਿਆਦਾ ਗੁਰਦੁਆਰਿਆਂ ਵਿਚ ਜੋਤਾਂ ਜਗ ਰਹੀਆਂ ਹਨ ਤੇ ਸ਼ਰਧਾਲੂਆਂ ਦੀਆਂ ਲਾਈਨਾਂ ਜਗਦੀ ਜੋਤ ਨੂੰ ਮੱਥਾ ਟੇਕਣ ਲਈ ਆਪਣੀ ਵਾਰੀ ਦਾ ਇੰਤਜਾਰ ਕਰ ਰਹੀਆਂ ਹਨ, "ਪੂਰਨ ਜੋਤ ਜਗੈ ਘਟ ਮੈਂ, ਤਬ ਖਾਲਸ ਤਾਹਿ ਨਖਾਲਸ ਜਾਨੈ"॥ ਇਕ ਦਿਨ ਇਕ ਸਰਕਾਰੀ ਮਹਿਕਮੇ ਦੇ ਅਧਿਕਾਰੀ ਨਾਲ ਕੰਮ ਪੈ ਗਿਆ ਜਦ ਵੇਖਿਆ ਕਿ ਕੁਰਸੀ 'ਤੇ ਬੈਠਾ ਹੋਇਆ ਵਿਅਕਤੀ ਇਕ ਅੰਮ੍ਰਿਤਧਾਰੀ ਸਿੰਘ ਹੈ ਤਾਂ ਮਨ ਵਿਚ ਇਕ ਖੁਸ਼ੀ ਜਿਹੀ ਅਨੁਭਵ ਕੀਤੀ। ਪਰ ਜਦ ਗੱਲ ਰਿਸ਼ਵਤ 'ਤੇ ਆ ਗਈ ਤਾਂ ਮਨ ਬਹੁਤ ਉਦਾਸ ਹੋਇਆ।

ਪਿੰਡ ਵਿਚ ਬਣੀ ਹੋਈ ਇੱਟਾਂ ਪੱਥਰਾਂ ਦੀ 'ਮਾਤਾ ਰਾਣੀ' 'ਤੇ ਇਕ ਜਗਰਾਤਾ ਹੋ ਰਿਹਾ ਸੀ, ਲਾਊਡ ਸਪੀਕਰ 'ਤੇ ਮਾਤਾ ਰਾਣੀ ਦੇ ਦਰਬਾਰ ਦੀਆਂ ਰੌਣਕਾਂ ਵਧਾਉਣ ਦੀ ਅਪੀਲ ਹੋ ਰਹੀ ਸੀ ਤੇ ਨਾਲ ਹੀ ਬੋਲਿਆ ਜਾ ਰਿਹਾ ਸੀ ਬੋਲ ਮਾਤਾ ਸ਼ੇਰਾਂ ਵਾਲੀ ਕੀ ਜੈ। ਇਹ ਆਵਾਜ਼ ਤਾਂ ਮੇਰੀ ਪਛਾਣੀ ਹੋਈ ਸੀ, ਇਹ ਤਾਂ ਇਕ ਅੰਮ੍ਰਿਤਧਾਰੀ ਸਿੰਘ, ਜੋ ਕਿ ਪਾਠੀ ਸਿੰਘ ਵੀ ਹੈ, ਜੋ ਬੋਲ ਰਿਹਾ ਸੀ। ਸਵੇਰੇ ਪਤਾ ਕਰਨ 'ਤੇ ਪਤਾ ਲੱਗਾ ਕਿ ਉਹ ਤਾਂ ਜਗਰਾਤੇ ਦੇ ਮੁੱਖ ਪ੍ਰਬੰਧਕਾਂ ਵਿਚ ਸ਼ਾਮਲ ਸੀ। "ਜਬ ਇਹ ਗਹੈ ਬਿਪਰਨ ਕੀ ਰੀਤ, ਮੈ ਨਾ ਕਰੋ ਇਨ ਕੀ ਪ੍ਰਤੀਤ"। ਇਕ ਦਿਨ ਮੇਰਾ ਵਾਹ ਨੂਰਮਹਿਲੀਏ ਆਸ਼ੂਤੋਸ਼ ਦੇ ਕੁਪ੍ਰਚਾਰਕਾਂ ਨਾਲ ਪੈ ਗਿਆ। ਮੈਂ ਵੇਖ ਕੇ ਹੈਰਾਨ ਹੋਇਆ ਕਿ ਉਸ ਦੇ ਚਾਟੜਿਆਂ ਵਿਚ ਕੁਝ ਅੰਮ੍ਰਿਤਧਾਰੀ ਵੀ ਸਨ। ਹੋਰ ਵੀ ਬਹੁਤ ਕੁਝ ਮਨਮੱਤੀ ਕਰਮਕਾਂਡ ਹੋ ਰਹੇ ਹਨ ਜਿਥੇ ਅਸੀਂ ਅੰਮ੍ਰਿਤਧਾਰੀ ਸਿੰਘਾਂ ਨੂੰ ਵੇਖ ਸਕਦੇ ਹਾਂ, ਮੂਰਤੀਆਂ ਅੱਗੇ ਨੱਕ ਰਗੜਦੇ, ਹਵਨ ਕਰਦੇ, ਵਡਭਾਗ ਸਿਹੁੰ ਦੀਆਂ ਚੌਂਕੀਆਂ ਭਰਦੇ, ਪੁੱਛਾਂ ਦੱਸਣ ਵਾਲਿਆਂ ਦੇ ਦੁਆਰ 'ਤੇ, ਦੇਹਧਾਰੀ ਗੁਰੂ ਡੰਮੀਆਂ ਦੇ ਡੇਰਿਆਂ 'ਤੇ, ਜੋਤਸ਼ੀਆਂ ਦੇ ਚੱਕਰਵਿਊ ਵਿਚ ਫਸੇ ਹੋਏ, ਖ਼ੁਦਗਰਜੀਆਂ ਵਿਚ, ਚੌਧਰਾਂ ਦੀ ਭੁੱਖ, ਸ਼ਾਇਦ ਹੀ ਕੋਈ ਐਸਾ ਮਾੜਾ ਕੰਮ ਹੋਵੇ, ਜਿਸ ਵਿਚ ਸਾਡੀ ਸ਼ਮੂਲੀਅਤ ਨਾ ਹੋਵੇ। ਐਸੇ ਕਰਮਕਾਂਡੀ ਮਨੁੱਖ ਨੂੰ ਖ਼ਾਲਸਾ ਪੰਥ ਵਿਚ ਕੋਈ ਥਾਂ ਹੈ ? ਵਿਚਾਰ ਕਰਨ ਦੀ ਲੋੜ ਹੈ। ਸ਼ਾਇਦ ਅੱਜ ਪਾਤਸ਼ਾਹ ਦੀ ਹਜ਼ੂਰੀ ਵਿਚ ਬੈਠ ਕੇ ਪੜਤਾਲ ਕਰਨ ਦੀ ਲੋੜ ਹੈ ਕਿ ਅਸਲ ਵਿਚ ਅੰਮ੍ਰਿਤਧਾਰੀ ਸਿੰਘਾਂ ਦੀ ਜੋ 'ਖ਼ਾਲਸਾ' ਅਖਵਾਉਣ ਦੇ ਯੋਗ ਦੀ ਗਿਣਤੀ ਕਿਤਨੀ ਕੁ ਹੈ। ਹੋਸ਼ਿਆਰ ਖ਼ਾਲਸਾ ਪੰਥ ਇਹ ਵੇਲਾ ਜਾਗਣ ਦਾ ਹੈ। ਨਹੀਂ ਤਾਂ ਜਿਸ ਤਰ੍ਹਾਂ ਸਿੱਖ ਸਮਾਜ ਦੇ ਸਮਾਜਿਕ, ਰਾਜਨੀਤਕ ਆਰਥਿਕ ਤਾਣੇ ਬਾਣੇ ਨੂੰ ਇਹਨਾਂ ਲੋਕਾਂ ਨੇ ਧੁੰਦਲਾ ਕਰ ਦਿੱਤਾ ਹੈ। ਇਹ ਲੋਕ ਇਸ ਤੋਂ ਵੀ ਅੱਗੇ ਜਾ ਸਕਦੇ ਹਨ। ਕਲਗੀਧਰ ਪਾਤਸ਼ਾਹ ਨੇ ਤਾਂ ਐਸਾ ਖ਼ਾਲਸਾ ਸਾਜਿਆ ਸੀ ਜਿਸਦਾ ਆਚਰਨ ਸ਼ੁੱਧ ਹੋਵੇ। ਅਖ਼ੀਰ ਵਿਚ ਪਿਛਲੇ ਸਾਲਾਂ ਵਿਚ ਅਖ਼ਬਾਰਾਂ

ਮੈਗਜੀਨਾਂ ਵਿਚ ਛਪੀ ਖ਼ਬਰ ਦਾ ਜ਼ਿਕਰ ਕਰਨਾ ਚਾਹਾਂਗਾ। "ਕੁਝ ਸ਼ਰਾਬ ਦੇ ਨਸ਼ੇ ਵਿਚ ਭੂਤਰੇ ਹੋਏ ਨੌਜਵਾਨਾਂ ਨੇ ਇਕ ਰਾਹਗੀਰ ਕੁੜੀ ਨੂੰ ਫੜਕੇ ਉਸ ਨਾਲ ਜਬਰਦਸਤੀ ਕਰਨ ਲੱਗੇ, ਸਭ ਕੁਝ ਸਥਾਨਕ ਪੁਲੀਸ ਵੀ ਤਮਾਸ਼ਬੀਨ ਬਣਕੇ ਵੇਖਦੀ ਰਹੀ, ਕਿਸੇ ਦੀ ਹਿੰਮਤ ਨਾ ਪਈ ਕਿ ਉਸ ਅਬਲਾ ਦੀ ਮਦਦ ਕੀਤੀ ਜਾਵੇ। ਉਸਦੀਆਂ ਚੀਕਾਂ ਦੀ ਆਵਾਜ਼ ਕਿਸੇ ਨੂੰ ਵੀ ਪਿਘਲਾ ਨਾ ਸਕੀ, ਪਰ ਅਚਨਚੇਤ ਇਕ ਖ਼ਾਲਸਾ ਉਧਰ ਆ ਗਿਆ। ਉਸ ਬਜ਼ੁਰਗ ਨੇ ਆਪਣੀ ਸ੍ਰੀ ਸਾਹਿਬ ਦੀ ਮਦਦ ਨਾਲ ਆਪਣੇ ਆਪ ਨੂੰ ਜੋਖਮ ਵਿਚ ਪਾ ਕੇ ਨੌਜਵਾਨ ਭਜਾ ਦਿੱਤੇ ਤੇ ਆਪਣੀ ਦਸਤਾਰ ਨਾਲ ਲੜਕੀ ਦਾ ਤਨ ਢੱਕ ਕੇ ਕਿਸੇ ਲਾਗਲੇ ਘਰ ਤੋਂ ਕੱਪੜੇ ਲੈ ਕੇ ਲੜਕੀ ਨੂੰ ਪਹਿਨਾਏ ਤੇ ਉਸਦੇ ਮਾਪਿਆਂ ਨੂੰ ਸੱਦ ਕੇ ਲੜਕੀ ਨੂੰ ਉਹਨਾਂ ਦੇ ਹਵਾਲੇ ਕਰ ਦਿੱਤਾ ਤੇ ਆਪ ਆਪਣੇ ਰਾਹ ਪੈ ਗਿਆ। ਖ਼ਾਲਸਾ ਸੀ ਸਚਮੁਚ ਖ਼ਾਲਸਾ। ਪੜ੍ਹਕੇ ਮਹਿਸੂਸ ਕੀਤਾ ਕਿ ਖ਼ਾਲਸਾ ਅੱਜ ਵੀ ਆਪਣੇ ਫ਼ਰਜ਼ਾਂ ਪ੍ਰਤੀ ਸੁਚੇਤ ਹੈ, ਇਸ ਖ਼ਾਲਸੇ ਨੇ ਹੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰੂਹਾਨੀ ਜੁਗਤ ਲੈ ਕੇ ਦੁਨੀਆਂ ਵਿਚ, ਹਲੇਮੀ ਰਾਜ, ਬੇਗਮਪੁਰ ਦੀ ਸਥਾਪਨਾ ਕਰਨੀ ਹੈ, ਖ਼ਾਲਸਾ ਹੀ ਸਰਬੱਤ ਦਾ ਭਲਾ ਮੰਗ ਸਕਦਾ ਹੈ। ਖ਼ਾਲਸਾ ਸਦਾ ਰਹਿੰਦੀ ਦੁਨੀਆਂ ਤਕ ਰਹੇਗਾ, ਜੁਗਾਂ-ਜੁਗਾਂਤਰਾਂ ਤਕ, ਜਦ ਤਕ ਇਹ ਧਰਤੀ ਹੈ, ਚੰਨ ਤਾਰੇ ਹਨ।

## ਸਾਧ ਤੇ ਸਿਆਸਤ

ਅਜੋਕੀ ਸਿਆਸਤ ਕਿਸੇ ਹਾਲਤ ਵਿਚ ਵੀ ਲੋਕ ਪੱਖੀ ਨਹੀਂ ਹੈ, ਇਸ ਦਾ ਇਕੋ ਇਕ ਮਕਸਦ ਲੋਕਾਂ ਦੀ ਅਗਿਆਨਤਾ ਦਾ ਲਾਹਾ ਲੈ ਕੇ ਆਪਣੇ ਰਾਜ ਭਾਗ ਦੀ ਉਮਰ ਲੰਮੀ ਕਰਨਾ ਹੈ। 'ਲੋਕ ਮਨਾਂ' ਵਿਚ ਅਗਿਆਨਤਾ ਦਾ ਬੀਜ ਬੀਜਣ ਵਾਲੇ ਤੇ ਸਮਾਜ ਵਿਚ ਇਸ ਹਨੇਰੇ ਦਾ ਪਾਸਾਰ ਕਰਨ ਵਾਲੇ ਸਾਧ, ਸਿਆਸਤ ਦਾ ਇਕ ਸੰਦ ਮਾਤਰ ਹਨ ਜੋ ਅਸਿੱਧੇ ਰੂਪ ਵਿਚ ਸਿਆਸਤ ਦੀ ਸੇਵਾ ਕਰਦੇ ਹਨ। ਇਹ ਲੋਕਾਂ ਦੀ ਸੋਚਣ ਸਮਝਣ ਦੀ ਸ਼ਕਤੀ ਨੂੰ ਕਿਸਮਤ ਕਰਮਾਂ ਦੇ ਚੱਕਰਵਿਊ ਵਿਚ ਉਲਝਾਉਂਦੇ ਹਨ। ਲੋਕਾਂ ਦੀਆਂ ਮਾੜੀਆਂ ਜਿਉਣ ਹਾਲਤਾਂ ਗਰੀਬੀ, ਕੰਗਾਲੀ ਆਦਿ ਨੂੰ ਪਿਛਲੇ 'ਕਰਮਾਂ ਦਾ ਫਲ' ਆਖ ਕੇ ਉਹਨਾਂ ਨੂੰ ਗੁੰਮਰਾਹ ਕਰਦੇ ਹਨ। ਦਿਨ ਰਾਤ ਕਿਸਮਤ ਕਰਮਾਂ ਦਾ ਵਪਾਰ ਕਰਦੇ ਹਨ। ਅੰਧਵਿਸ਼ਵਾਸਾਂ ਦੇ ਹਨੇਰੇ ਨੂੰ ਫੈਲਾਉਂਦੇ ਹਨ। ਆਪ ਸ਼ਾਹੀ ਠਾਠ ਵਾਲਾ ਜੀਵਨ ਜਿਉਂਦੇ ਹਨ ਤੇ ਲੋਕਾਂ ਨੂੰ ਮਾੜੇ ਜੀਵਨ ਪੱਧਰ ਵਿਚ ਭਾਣਾ ਮੰਨਦੇ ਹੋਏ ਸਬਰ ਨਾਲ ਜਿਉਣ ਦਾ ਉਪਦੇਸ਼ ਦਿੰਦੇ ਹਨ। ਲੋਕਾਂ ਨੂੰ ਸਮਾਜ ਨੂੰ ਸੁਧਾਰਨ ਦੀ ਸਿੱਖਿਆ ਦੇਣ ਦੀ ਬਜਾਏ 'ਅਗਲਾ ਜਨਮ' ਸੁਆਰਨ ਦੀ ਗੁੰਮਰਾਹ ਕੁੰਨ ਸਿੱਖਿਆ ਦਿੰਦੇ ਹਨ। ਲੋਕਾਂ ਨੂੰ ਮੋਹ, ਮਾਇਆ, ਲਾਲਚ ਤੇ ਸਭ ਸੁੱਖ ਸਹੂਲਤਾਂ ਦਾ ਤਿਆਗ

ਕਰਨ ਦੀ ਸਿੱਖਿਆ ਦੇਣ ਵਾਲੇ ਆਪੇ ਇਹਨਾਂ ਵਿਚ ਧੁਰ ਅੰਦਰ ਤਕ ਡੁੱਬੇ ਹੋਏ ਹਨ। ਆਪੋ ਆਪਣੇ ਡੇਰਿਆਂ ਵਿਚ ਬੈਠਕੇ ਆਪੋ ਆਪਣੇ ਧਰਮਾਂ ਨੂੰ ਚਲਾਉਣ ਵਾਲੇ ਇਹ ਸਾਧ ਸਮਾਜ ਵਿਚ ਪਿਛਾਂਹ ਖਿੱਚੂ ਕਦਰਾਂ ਕੀਮਤਾਂ ਦੀ ਸਥਾਪਨਾ ਲਈ ਯਤਨਸ਼ੀਲ ਹਨ।

ਸਾਧ ਤੇ ਸਿਆਸਤ ਇਕ ਦੂਸਰੇ ਦੇ ਪੂਰਕ ਹਨ। ਸਾਧ ਲੋਕਾਂ ਦੀ ਸੋਚਣੀ ਸ਼ਕਤੀ ਨੂੰ ਅੰਧਵਿਸ਼ਵਾਸਾਂ ਵਿਚ ਰੋਲ ਕੇ ਉਹਨਾਂ ਨੂੰ ਸਿਆਸਤਦਾਨਾਂ ਦੇ ਲੱਛੇਦਾਰ ਭਾਸ਼ਣਾਂ ਤੇ ਲੁੱਟ ਦਾ ਸ਼ਿਕਾਰ ਬਣਨ ਲਈ ਤਿਆਰ ਕਰਦੇ ਹਨ। ਲੋਕਾਂ ਦੀ ਅਗਿਆਨਤਾ ਤੇ ਅੰਨ੍ਹੀ ਸ਼ਰਧਾ ਨੂੰ ਸਿਆਸਤਦਾਨਾਂ ਦੇ ਵੋਟ ਬੈਂਕ ਵਿਚ ਤਬਦੀਲ ਕਰਕੇ ਕੁਰਸੀ ਤਕ ਪਹੁੰਚਣ ਲਈ ਰਾਹ ਪੱਧਰਾ ਕਰਦੇ ਹਨ। ਇਸੇ ਲਈ ਸਿਆਸੀ ਨੇਤਾ ਸਾਧਾਂ ਦੇ ਡੇਰਿਆਂ 'ਤੇ ਜਾ ਕੇ ਨੱਕ ਰਗੜਦੇ ਹਨ। ਸਾਧਾਂ ਤੇ ਉਹਨਾਂ ਦੇ ਸ਼ਰਧਾਲੂਆਂ ਰੂਪੀ ਵੋਟਾਂ ਦੀ ਭੀਖ ਮੰਗਦੇ ਹਨ। ਰਾਸ਼ਟਰਪਤੀ ਤੋਂ ਲੈ ਕੇ ਸੂਬੇ ਦੇ ਮੁੱਖ ਮੰਤਰੀ ਤਕ ਸਭ ਸਿਆਸਤਦਾਨ ਸਾਧਾਂ ਦੀ ਹਾਜ਼ਰੀ ਭਰਦੇ ਹਨ, ਉਹਨਾਂ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹਦੇ ਹਨ। ਭਾਵੇਂ ਸਾਧ ਤੇ ਉਹਨਾਂ ਦੇ ਸ਼ਰਧਾਲੂ ਲੱਖ ਦਾਅਵੇ ਕਰਨ ਕਿ ਉਹਨਾਂ ਦਾ ਸਿਆਸਤ ਨਾਲ ਕੋਈ ਸੰਬੰਧ ਨਹੀਂ ਹੈ ਪਰ ਵੋਟਾ ਦੇ ਸਮੇਂ ਸੱਚ ਸਾਹਮਣੇ ਆ ਹੀ ਜਾਂਦਾ ਹੈ। ਸਾਧਾਂ ਵੱਲੋਂ ਆਪਣੇ ਸ਼ਰਧਾਲੂਆਂ ਲਈ ਕੀਤਾ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ। ਐਤਕੀਂ ਵੀ ਹੋਇਆ ਹੈ ਜਦ ਲਾਈਲੱਗ ਸ਼ਰਧਾਲੂਆਂ ਨੇ ਆਪਣੇ 'ਸੰਤਾਂ' ਦੇ ਇਸ਼ਾਰੇ 'ਤੇ ਸਿਆਸੀ ਪਾਰਟੀਆਂ ਦੀ ਖੁੱਲ੍ਹ ਕੇ ਹਮਾਇਤ ਕੀਤੀ ਹੈ। ਹੁਣ ਕੁਰਸੀਆਂ 'ਤੇ ਬੈਠਣ ਵਾਲੇ ਸਿਆਸੀ ਨੇਤਾਵਾਂ ਵੱਲੋਂ 'ਸੰਤਾਂ' ਦੇ ਡੇਰਿਆਂ ਦੀ ਹਾਜ਼ਰੀ ਭਰਕੇ ਤੇ ਉਹਨਾਂ ਨੂੰ ਸੁਰੱਖਿਆ ਛੱਤਰੀ ਬਖਸ਼ ਕੇ ਆਪਸੀ ਰਿਸ਼ਤੇ ਵਿਚ ਵਿਸ਼ਵਾਸ ਪ੍ਰਗਟਾਇਆ ਜਾਵੇਗਾ। ਦੋਹਾਂ ਦਾ ਇਕ ਦੂਸਰੇ ਨਾਲ ਗੂੜ੍ਹਾ ਰਿਸ਼ਤਾ ਹੈ। ਦੋਹਾਂ ਦਾ ਸ਼ਿਕਾਰ ਭੋਲੇ-ਭਾਲੇ ਲੋਕ ਹਨ। ਪਹਿਲਾਂ ਲੋਕਾਂ ਨੂੰ ਅਗਲੇ ਜਨਮ ਰੂਪ 'ਸਵਰਗ' ਵਿਚ ਭੇਜਣ ਦਾ ਲਾਰਾ ਲਾਉਂਦਾ ਹੈ ਤੇ ਦੂਸਰਾ ਇਸ ਧਰਤੀ ਨੂੰ ਸਵਰਗ ਬਣਾਉਣ ਦੇ ਬਿਨਾਂ ਸਿਰ ਪੈਰ ਸੁਪਨੇ ਦਿਖਾਉਂਦਾਹੈ। ਦੋਹਾਂ ਦਾ ਅਜਿਹਾ ਆਪਸੀ ਰਿਸ਼ਤਾ ਸਮਾਜ ਲਈ ਬਹੁਤ ਹਾਨੀਕਾਰਕ ਹੈ। ਦੋਵੇਂ ਧਿਰਾਂ ਲੋਕਾਂ ਦੀ ਅਗਿਆਨਤਾ ਤੇ ਲਾਈਲੱਗਤਾ ਸਹਾਰੇ ਆਪਣਾ ਸੁਆਰਥ ਸਿੱਧ ਕਰਕੇ ਵੀ ਚੰਗਾ 'ਮਾਣ-ਤਾਣ' ਹਾਸਲ ਕਰਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਰਾਜੇ ਅਤੇ ਧਾਰਮਿਕ ਆਗੂਆਂ ਤੇ ਤਰਕ ਕੀਤੀ। ਵਿਅੰਗ ਕੈਸੇ ਹਨ ਇਹਨਾਂ ਧਾਰਮਿਕ ਆਗੂਆਂ ਨੇ ਗੁਰੂ ਜੀ ਨੂੰ ਕੁਰਾਹੀਆ ਆਖਿਆ। ਇਹ ਸਾਧ ਵੀ ਸਿੱਖ ਵਿਦਵਾਨਾਂ ਨੂੰ ਨਾਸਤਿਕ ਕਹਿ ਰਹੇ ਹਨ। ਇਹ ਉਹਨਾਂ ਦੇ ਪਿਛਾਂਹ ਖਿੱਚੂ ਫ਼ਲਸਫ਼ੇ ਦੀ ਹਾਰ ਦੀ ਨਿਸ਼ਾਨੀ ਹੈ। ਸੱਚ ਕਦੇ ਨਹੀਂ ਹਾਰਦਾ ਤੇ ਨਾ ਹੀ ਸੱਚ ਨੂੰ ਬਹੁਤਾ ਚਿਰ ਦਬਾ ਕੇ ਰੱਖਿਆ ਜਾ ਸਕਦਾ ਹੈ। ਅੰਧਵਿਸ਼ਵਾਸਾਂ ਤੇ ਗਲਤ

ਕਦਰਾਂ-ਕੀਮਤਾਂ ਦੇ ਪਹਿਰੇਦਾਰਾਂ ਦੀ ਹਾਰ ਲਾਜ਼ਮੀ ਹੈ। ਜਦੋਂ ਤਰਕ ਦੀ ਰੌਸ਼ਨੀ ਨਾਲ ਕਿਸਮਤ-ਕਰਮਾਂ ਦੇ ਵੇਲਾ ਵਿਹਾ ਚੁੱਕੇ ਫ਼ਲਸਫ਼ੇ ਦਾ ਹਨੇਰਾ ਦੂਰ ਹੋਵੇਗਾ ਤਾਂ ਲੋਕ ਆਪਣੀ ਕਿਸਮਤ ਆਪ ਘੜਨਗੇ, ਆਪਣਾ ਸਵਰਗ ਖ਼ੁਦ ਸਿਰਜਣਗੇ। ਓਦੋਂ ਉਹਨਾਂ ਦੀ ਅਖੌਤੀ ਸਾਧ-ਸੰਤ ਤੇ ਉਹਨਾਂ ਦੇ 'ਅੰਗ ਰੱਖਿਅਕ' ਸਿਆਸਤਦਾਨ ਆਪਣਾ ਸ਼ਿਕਾਰ ਨਹੀਂ ਬਣਾ ਸਕਣਗੇ।

## ਗੁਰਮਤ ਤੋਂ ਭਗੌੜੇ 'ਬਨਾਰਸ ਕੇ ਠੱਗਾਂ' ਨੇ ਦੇਗ ਤੇਗ ਤੋਂ ਬਿਨਾਂ ਹੀ ਅੱਧਾ ਪੰਥ ਕੀਲ ਰੱਖਿਆ ਹੈ

ਖ਼ਾਲਸੇ ਦੇ ਜੰਗਾਂ ਜੁੱਧਾਂ ਵੇਲਿਆਂ 'ਚ ਜਿਹੜੇ ਲੋਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਿਆ ਕਰਦੇ ਸਨ ਉਨ੍ਹਾਂ ਨੂੰ ਸਿੱਖ ਸਤਿਕਾਰ ਵਜੋਂ ਮਹੰਤ ਕਹਿੰਦੇ ਸਨ। ਮਹੰਤ ਤੋਂ ਭਾਵ ਹੈ ਮਹਾਨ ਜਾਂ ਮਹਾਂਪੁਰਸ਼। ਵੇਲੇ ਦੀ ਚਾਲ ਨਾਲ ਮਹੰਤਾਂ ਦੀ ਔਲਾਦ, ਨਾਮ-ਬਾਣੀ ਦੀ ਘਾਟ ਅਤੇ ਪੂਜਾ ਦੇ ਧਾਨ ਦੀ ਬਹੁਤਾਤ ਕਾਰਨ ਵਿਗੜ ਗਈ ਤਾਂ ਪੰਥ ਨੇ ਉਨ੍ਹਾਂ ਨੂੰ ਗੁਰਦੁਆਰਿਆਂ ਵਿਚੋਂ ਕੱਢ ਦਿੱਤਾ। ਅਜਿਹੇ ਹੀ ਲੋਕਾਂ ਨੇ ਆਪਣੇ ਨਿੱਜੀ ਡੇਰੇ ਬਣਾ ਕੇ ਮਹੰਤਾਂ ਤੋਂ ਸੰਤ ਬਣ ਕੇ ਅੱਜ ਅੱਧ ਤੋਂ ਵੱਧ ਪੰਥ ਕੀਲ ਰੱਖਿਆ ਹੈ।

ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਵੀਹਵੀਂ ਸਦੀ ਤੋਂ ਪਹਿਲਾਂ ਤਾਂ ਕੋਈ ਵੀ ਸਿੱਖ ਸੰਤ ਨਹੀਂ ਹੋਇਆ ਕਰਦਾ ਸੀ। ਬਾਬਾ ਬੁੱਢਾ ਜੀ, ਬਾਬਾ ਦੀਪ ਸਿੰਘ ਜੀ ਸ਼ਹੀਦ, ਭਾਈ ਮਨੀ ਸਿੰਘ ਜੀ ਸ਼ਹੀਦ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਸਿੰਘ ਜੀ ਆਦਿ ਅਨੇਕਾਂ ਮਹਾਂਪੁਰਸ਼ ਹੋਏ ਹਨ ਜਿਹੜੇ ਪੂਰਨ ਸੰਤ-ਸਿਪਾਹੀ ਤੇ ਬ੍ਰਹਮ ਗਿਆਨੀ ਸਨ ਪਰ ਉਹ ਤਾਂ ਸੰਤ ਬਣੇ ਹੀ ਨਹੀਂ ਅਤੇ ਨਾ ਹੀ ਕਦੇ ਉਨ੍ਹਾਂ ਨੇ ਗੁਰ-ਉਪਦੇਸ਼ ਦੀ ਕਥਾ-ਵਾਰਤਾ ਕਰਕੇ ਸਿੱਖਾਂ ਦੀ ਦਸਾਂ ਨਹੁੰਆਂ ਦੀ ਕਮਾਈ ਦੇ ਚੜ੍ਹਾਵੇ ਚੁੱਕ ਕੇ ਆਪਣੇ ਨਿੱਜੀ ਬਹੁ-ਮੰਜਲੇ ਡੇਰੇ ਬਣਾਏ ਸਨ। ਪਰ ਅੱਜ ਤਾਂ ਸ਼ਾਇਦ ਹੀ ਕੋਈ ਅਸਲੀ ਹੋਵੇ ਨਹੀਂ ਤਾਂ ਲਗਭਗ ਸਾਰੇ ਹੀ ਨਕਲੀ ਸੰਤ ਹਨ।

ਗੁਰਬਾਣੀ ਵਿਚ ਆਏ ਸੰਤ ਪਦ ਦੇ ਅਧਿਕਾਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਹੀ ਹਨ ਜਾਂ ਗੁਰੂ ਦੀ ਸੰਗਤ ਹੈ। ਗੁਰੂ ਸਾਹਿਬ ਨੇ ਤਾਂ ੧੫ ਭਗਤ ਜਿਨ੍ਹਾਂ ਨੂੰ ਸੰਤ ਕਿਹਾ ਜਾ ਸਕਦਾ ਸੀ, ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਸਮੇਂ 'ਭਗਤਾਂ ਦੀ ਬਾਣੀ' ਦਾ ਹੀ ਸਿਰਲੇਖ ਦਿੱਤਾ ਹੈ। ਇਸ ਲਈ ਆਪਣੇ ਆਪ ਨੂੰ ਸੰਤ ਅਖਵਾਉਣਾ ਜਾਂ ਕਿਸੇ ਬੰਦੇ ਨੂੰ ਕਹਿਣਾ ਹੀ ਬਹੁਤ ਵੱਡਾ ਕੁਕਰਮ ਹੈ। ਕਿਉਂਕਿ ਇਹ ਸ਼ਬਦ ਗੁਰੂ ਦਾ ਸ਼ਰੀਕ ਬਣਾਉਂਦਾ ਹੈ। ਸਿੱਖ ਆਪਣੇ ਗੁਰੂ ਦੇ ਬਰਾਬਰ ਕਿਸੇ ਬੰਦੇ ਨੂੰ ਮੰਨ ਕੇ ਗੁਰੂ ਦੀ ਤੌਹੀਨ ਕਰ ਹੀ ਨਹੀਂ ਸਕਦਾ। ਇਥੋਂ

ਤਕ ਕਿ ਡਰਾਮਿਆਂ ਜਾਂ ਫਿਲਮਾਂ ਵਿਚ ਵੀ ਕੋਈ ਬੰਦਾ ਗੁਰੂ ਦਾ ਰੋਲ ਨਹੀਂ ਕਰ ਸਕਦਾ। ਫਿਰ ਅੱਜ ਦੇ ਅਖਾਉਤੀ ਸੰਤ ਤਾਂ ਸਿੱਖੀ ਦੇ ਮੁੱਢਲੇ ਅਸੂਲਾਂ ਦੇ ਹੀ ਧਾਰਨੀ ਨਹੀਂ, ਜਿਵੇਂ ਕਿ ਸਿੱਖੀ ਗ੍ਰਿਹਸਤੀਆਂ ਦਾ ਧਰਮ ਹੈ ਪਰ ਇਹ ਆਮ ਤੌਰ 'ਤੇ ਛੜੇ ਹੀ ਹੁੰਦੇ ਹਨ। ਸਿੱਖੀ ਵਿਚ ਦੇਗ ਤੇਗ ਚੱਲਣੀ ਜ਼ਰੂਰੀ ਹੈ। ਪਰ ਕਈ ਡੇਰਿਆਂ ਵਿਚ ਦੇਗ ਕਿੱਥੋਂ ਚੱਲਣੀ ਹੈ, ਚੁੱਲ੍ਹਾ ਵੀ ਨਹੀਂ ਤਪਦਾ, ਰੋਟੀਆਂ ਵੀ ਨਾਲ ਦੇ ਪਿੰਡਾਂ ਤੋਂ ਬਣ ਕੇ ਆਉਂਦੀਆਂ ਅਤੇ ਕੜਾਹ ਪ੍ਰਸਾਦਿ ਦੀ ਥਾਂ ਖਿੱਲਾਂ ਦੇ ਦੇਂਦੇ ਹਨ।

ਤੇਗ ਵਾਲੀ ਤਾਂ ਗੱਲ ਹੀ ਅਣਹੋਣੀ ਹੈ। ਤੇਗ ਤੋਂ ਭਾਵ ਹੈ ਜ਼ੁਲਮ ਨਾਲ ਟੱਕਰ। ਸਿੱਖਾ ਦਾ ਧਰਮ ਜ਼ੁਲਮ ਨਾਲ ਟਾਕਰਾ ਕਰਨਾ ਹੈ ਪਰ ਜਦੋਂ ੧੯੮੪ ਵਿਚ ਅਕਾਲ ਤਖ਼ਤ ਢਾਹਿਆ ਗਿਆ ਅਤੇ ਸਾਰੇ ਭਾਰਤ ਵਿਚ ਸਿੱਖਾਂ ਦਾ ਕਤਲੇਆਮ ਹੋਇਆ ਤਾਂ ਸਾਰੇ ਸੰਤਾਂ ਨੇ ਕਬੂਤਰਾਂ ਵਾਂਗ ਅੱਖਾਂ ਮੀਚ ਲਈਆਂ ਸਨ। ਇਨ੍ਹਾਂ ਮਹਾਂਪੁਰਸ਼ਾਂ ਨੂੰ ਤਾਂ ਆਂਡਿਆਂ ਤੇ ਮੁਰਗੀਆਂ ਦਾ ਫ਼ਿਕਰ ਹੈ ਅਤੇ ਇਹੀ ਮੁੱਖ ਵਿਸ਼ੇ ਨੂੰ ਲੈ ਕੇ ਸਾਰੀ ਦੁਨੀਆਂ ਦਾ ਭ੍ਰਮਣ ਕਰਦੇ ਹਨ। ਅੱਜ ਤਾਂ ਸੰਤ ਬਣਨ ਦੀ ਕਸਵੱਟੀ ਵੀ ਸ਼ਾਇਦ ਇਹੋ ਹੀ ਹੈ।

ਕੋਈ ਵੀ ਡੇਰੇਦਾਰ ਅਕਾਲ ਤਖ਼ਤ ਸਾਹਿਬ ਦੀ ਪ੍ਰਮਾਣਿਤ ਰਹਿਤ ਮਰਯਾਦਾ ਨੂੰ ਨਹੀਂ ਮੰਨਦਾ। ਪਰ ਸਿੱਖਾਂ ਦੇ ਅੱਖੀਂ ਘੱਟਾ ਪਾ ਕੇ ਤਖ਼ਤ ਦੀ ਮਾਣ-ਮਰਯਾਦਾ ਨੂੰ ਖਤਮ ਕਰਨ ਲਈ ਸੰਤ ਸਮਾਜ ਵੱਡਾ ਰੋਲ ਅਦਾ ਕਰ ਰਿਹਾ ਹੈ। ਨਾਨਕਸ਼ਾਹੀ ਜੰਤਰੀ ਦੇ ਮੁੱਦੇ 'ਤੇ ਇਹ ਆਰ.ਐਸ.ਐਸ. ਵਾਲਿਆਂ ਨੂੰ ਨਾਰਾਜ਼ ਨਹੀਂ ਕਰ ਸਕਦੇ, ਸਿੱਖ ਭਾਵੇਂ ਸਾਰੇ ਨਾਰਾਜ਼ ਹੋ ਜਾਣ। ਅਨੇਕਾਂ ਵਾਰੀ ਸਿੱਖਾਂ 'ਤੇ ਜ਼ੁਲਮ ਹੋਇਆ ਹੈ ਤੇ ਹੁਣ ਕਸ਼ਮੀਰ ਵਿਚ ੪੦ ਸਿੱਖਾਂ ਦਾ ਕਤਲੇਆਮ ਹੋਇਆ ਹੈ। ਕਿਤਨੇ ਕੁ ਸੰਤ ਬੋਲੇ ਹਨ ? ਸਿਰਫ਼ ਆਪਣੀ ਰੱਖਿਆ ਲਈ ਹੀ ਬਹੁਤਿਆਂ ਨੇ ਬੰਦੂਕਾਂ ਚੁੱਕੀਆਂ ਹੋਈਆਂ ਹਨ। ਢੱਕੀ ਵਾਲੇ ਸੰਤ ਦਾ ਤਾਂ ਸਭ ਨੂੰ ਪਤਾ ਹੀ ਹੈ। ਹੁਣ ਇਕ ਹੋਰ ਸੰਤ ਦੀ ਵੀ ਖ਼ਬਰ ਸਭ ਨੇ ਅਖ਼ਬਾਰ 'ਚ ਪੜ੍ਹ ਲਈ ਹੋਵੇਗੀ ਕਿ ਕਿਵੇਂ ਇਕ ੧੩ ਸਾਲ ਦੇ ਬੱਚੇ ਨੂੰ ਆਪ ਗੱਡੀ ਮਾਰ ਕੇ ਫੱਟੜ ਕੀਤਾ ਅਤੇ ਜਦੋਂ ਉਸ ਦੇ ਘਰ ਵਾਲਿਆਂ ਨੇ ਰੋਸ ਕੀਤਾ ਤਾਂ ਉਨ੍ਹਾਂ ਨੂੰ ਵੀ ਮਰਨ ਕੰਢੇ ਕਰਕੇ ਹਸਪਤਾਲ ਪਹੁੰਚਾ ਦਿੱਤਾ। ਅਜਿਹੀ ਦਲੇਰੀ ਕੋਈ ਸੰਤ ਤਾਂ ਨਹੀਂ ਕਰ ਸਕਦਾ, ਕੇਵਲ ਗੁੰਡਾ ਹੀ ਕਰੇਗਾ। ਇਹੋ ਲੱਛਣ ਕਿਸੇ ਵੇਲੇ ਮਹੰਤਾਂ ਦੇ ਹੋ ਗਏ ਸਨ ਤੇ ਪੰਥ ਨੂੰ ਭਾਰੀ ਕੁਰਬਾਨੀ ਕਰਨੀ ਪਈ ਸੀ।

ਹਰਿਆਣੇ ਦਾ ਇਕ ਸਿੱਖ ਸੰਤ ਬਾਬਾ ਜੀ ਆਰ.ਐਸ.ਐਸ. ਦੀ ਬੋਲੀ ਬੋਲਦਾ ਹੋਇਆ ਗੁੰਮਰਾਹ ਕੁੰਨ ਪ੍ਰਚਾਰ ਕਰ ਰਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਸਿੱਖ ਕੌਮ ਹਿੰਦੂਆਂ ਦੀ ਰਾਖੀ ਲਈ ਬਣਾਈ ਹੈ; ਜਦ ਕਿ ਹਿੰਦੂ ਹਿੰਦੂ ਨਹੀਂ ਰਹੇ ਸਗੋਂ

ਮੁਗ਼ਲਾਂ ਵਾਂਗ ਹੀ ਜ਼ਾਲਮ ਹੋ ਗਏ ਹਨ। ਭਾਰਤ ਵਿਚ ਘਟੋ ਘੱਟ ਗਿਣਤੀ ਕੌਮਾਂ ਅਤੇ ਉਨ੍ਹਾਂ ਦੇ ਧਰਮ ਅਸਥਾਨ ਇਨ੍ਹਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਹੇ ਹਨ।

ਸਿੱਖ ਪੰਥ ਦੀ ਹਸਤੀ ਨੂੰ ਅੱਜ ਖ਼ਾਸ ਖ਼ਤਰਾ ਫਿਰਕੂ ਹਿੰਦੂਆਂ ਤੋਂ ਹੀ ਹੈ। ਸਿਤਮ ਦੀ ਗੱਲ ਇਹ ਹੈ ਕਿ ਪੌਂਡਾਂ ਦੀਆਂ ਪੰਡਾਂ ਸਿੱਖ ਦੇ ਰਹੇ ਹਨ ਪਰ ਫ਼ਿਕਰ ਸੰਤ ਜੀ ਨੂੰ ਹਿੰਦੂਆਂ ਦਾ ਹੈ। ਸਿੱਖਾਂ ਦੀ ਬਿਬੇਕ ਬੁੱਧੀ ਦੇ ਹਵਾਲੇ ਦੀ ਪੁਸ਼ਟੀ ਉਦੋਂ ਹੁੰਦੀ ਹੈ ਜਦੋਂ ਇਨ੍ਹਾਂ ਦੇ ਦੀਵਾਨਾਂ ਵਿਚ ਭੀੜ ਕਾਰਨ ਤਿਲ ਸੁੱਟਣ ਲਈ ਵੀ ਥਾਂ ਨਹੀਂ ਹੁੰਦਾ।

ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਹਰ ਇਕ ਸ਼ਬਦ ਦੇ ਗਾਇਨ ਕਰਨ ਲਈ ਰਾਗ ਅਤੇ ਧੁਨੀ ਨਿਯਤ ਕੀਤੀ ਹੋਈ ਹੈ, ਪਰ ਇਹ ਲੋਕ ਗੁਰੂ ਦੀ ਹਜ਼ੂਰੀ ਵਿਚ ਗੁਰੂ ਨਾਲੋਂ ਸਿਆਣੇ ਬਣ ਕੇ ਗੁਰੂ ਸ਼ਬਦ ਨੂੰ ਤੋੜ-ਮਰੋੜ ਕੇ ਉਸ ਦੀਆਂ ਸਿੱਧੀਆਂ ਧਾਰਨਾਂ ਬਣਾ ਕੇ ਗਾਉਂਦੇ ਹਨ ਕਿਉਂਕਿ ਸੰਗਤਾਂ ਨੂੰ ਪੇਂਡੂ, ਅਨਪੜ੍ਹ ਤੇ ਗਵਾਰ ਸਮਝਦੇ ਹਨ। ਇਸ ਤੋਂ ਬਿਨਾਂ ਜਦੋਂ ਇਕ ਸੰਤ ਮਰਦਾ ਹੈ ਤਾਂ ਉਸ ਦੇ ਤਿੰਨ ਚਾਰ ਜਿਹੜੇ ਗੜਵਈ ਹੁੰਦੇ ਹਨ, ਸਾਰੇ ਹੀ ਪਦਵੀ ਲਈ ਆਪਸ ਵਿਚ ਲੜਦੇ ਦੇਖੇ ਹਨ।

ਗੁਰੂ ਸਾਹਿਬ ਨੇ ਥਿੱਤਾਂ ਵਾਰਾਂ ਪੂਜਣ ਵਾਲਿਆਂ ਨੂੰ ਮੂਰਖ ਗਵਾਰ ਆਖਿਆ ਹੈ ਪਰ ਇਹ ਮੱਸਿਆ, ਪੂਰਨਮਾਸ਼ੀ ਆਦਿ ਨੂੰ ਥਿੱਤ ਵਾਰ ਦੇ ਰੂਪ ਵਿਚ ਉਚੇਚੇ ਤੌਰ 'ਤੇ ਮਨਾਉਂਦੇ ਹਨ। ਆਰਤੀਆਂ ਕਰਨੀਆਂ, ਪੈਰੀਂ ਹੱਥ ਲਗਵਾਉਣੇ, ਆਪਣੇ ਨਾਵਾਂ ਨਾਲ ੧੦੮, ੧੧੧ ਦੀਆਂ ਡਿਗਰੀਆਂ ਲਾਉਣੀਆਂ, ਹੱਥੀਂ ਕਿਰਤ ਨਾ ਕਰਨੀ, ਅਖੰਡ ਪਾਠ ਕਰਨ ਸਮੇਂ ਮਨਮੱਤਾਂ ਕਰਨੀਆਂ ਆਦਿ ਸਭ ਗੁਰਮਤ ਤੋਂ ਉਲਟ ਹਨ।

ਇਹ ਸੰਖੇਪ ਜਿਹੀਆਂ ਵਿਚਾਰਾਂ ਹਨ ਕੋਈ ਨਿੰਦਿਆ ਨਹੀਂ ਕੀਤੀ ਸਗੋਂ ਅਸਲੀਅਤ ਹੈ। ਅਸਲੀਅਤ ਦੱਸਣੀ ਹਰ ਗੁਰੂ ਦੇ ਸਿੱਖ ਦੀ ਪਹਿਲੀ ਜ਼ਿੰਮੇਵਾਰੀ ਹੈ ਤਾਂ ਕਿ ਭੋਲੀ-ਭਾਲੀ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੀ ਸੰਗਤ ਠੱਗੀ ਨਾ ਜਾਵੇ। ਕਿਸੇ ਨੂੰ ਪਾਠ ਕਰਦੇ ਦੇਖ ਕੇ ਸੰਤ ਨਹੀਂ ਸਮਝ ਲੈਣਾ ਚਾਹੀਦਾ। ਵੱਧ ਤੋਂ ਵੱਧ ਪਾਠ ਕਰਨਾ ਤਾਂ ਹਰ ਗੁਰਸਿੱਖ ਦਾ ਫਰਜ਼ ਹੈ ਅਤੇ ਪਾਠ ਸਿਰਫ਼ ਆਪਣੇ ਲਈ ਹੀ ਕੀਤਾ ਜਾਂਦਾ ਹੈ। ਜੋ ਦੂਜਿਆਂ ਦਾ ਦਰਦ ਹੈ ਤਾਂ ਮੈਦਾਨ ਵਿਚ ਨਿੱਤਰਨਾ ਪੈਂਦਾ ਹੈ ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨਿੱਤਰੇ ਸਨ। ਜੋ ਇਸ ਤਰ੍ਹਾਂ ਕੋਈ ਨਿੱਤਰਦਾ ਹੈ ਤਾਂ ਅਸਲੀ ਸੰਤ ਹੈ, ਨਹੀਂ ਤਾਂ ਸਭ ਨਕਲੀ ਹੀ ਹਨ। ਅਜਿਹੇ ਨਕਲੀ ਸੰਤਾਂ ਨੂੰ ਹੀ ਭਗਤ ਕਬੀਰ ਜੀ ਨੇ 'ਬਨਾਰਸ ਕੇ ਠੱਗ' ਆਖਿਆ ਸੀ। ਸੋ ਇਨ੍ਹਾਂ ਨਕਲੀਆਂ ਨੂੰ ਤਾਂ ਸਿੱਖ ਸਮਝਣਾ ਵੀ ਭੁੱਲ ਹੈ।

## ਜ਼ਿੰਮੇਦਾਰ ਕੌਣ ? ਮਰਯਾਦਾ ਨੂੰ ਚੁਣੌਤੀ; ਗੁਰਦਵਾਰੇ ਵਿਚ ਚੜ੍ਹਾਵੇ ਵਿਚ ਚੜ੍ਹ ਰਹੀ ਸ਼ਰਾਬ ਦਾ ਪ੍ਰਸ਼ਾਦ

ਗੁਰਦੁਆਰੇ ਦੇ ਪ੍ਰਧਾਨ ਅਤੇ ਕਮੇਟੀ ਨੇ 'ਅਜੀਤ' ਨਾਲ ਗੱਲਬਾਤ ਦੌਰਾਨ ਦਾਅਵਾ ਕੀਤਾ ਕਿ ਗੁਰਦੁਆਰਾ ਬਾਬਾ ਕਾਹਨ ਦਾਸ ਅਤੇ ਗੁਰ ਮਰਯਾਦਾ ਦਾ ਪੂਰਾ ਖ਼ਿਆਲ ਰੱਖਿਆ ਜਾਂਦਾ ਹੈ। ਉਹਨਾਂ ਇਹ ਵੀ ਦਾਅਵਾ ਕੀਤਾ ਕਿ ਜਿਸ ਜਗ੍ਹਾ ਸ਼ਰਾਬ ਦਾ ਚੜ੍ਹਾਵਾ ਚੜ੍ਹਦਾ ਹੈ ਉਹ ਜਗ੍ਹਾ ਗੁਰਦੁਆਰਾ ਸਾਹਿਬ ਤੋਂ ਵੱਖਰੀ ਹੈ, ਪਰ ਇਸ ਦੇ ਨਾਲ ਹੀ ਉਹਨਾਂ ਮੰਨਿਆ ਕਿ ਸਾਰੀ ਜਗ੍ਹਾ ਗੁਰਦੁਆਰਾ ਕਮੇਟੀ ਦੀ ਹੈ। ਕੰਪਲੈਕਸ ਇਕੱਠਾ ਹੈ ਗੁਰਦੁਆਰੇ ਵਿਚੋਂ ਹੀ ਸ਼ਰਾਬ ਵਾਲੇ ਪਾਸੇ ਜਾਣ ਦਾ ਰਸਤਾ ਹੈ ਅਤੇ ਸ਼ਰਾਬ ਲੈ ਕੇ ਜਾਂ ਪੀ ਕੇ ਲੋਕ ਗੁਰਦੁਆਰੇ ਵੱਲੋਂ ਲੰਘਦੇ ਜਾਂ ਵਾਪਸ ਜਾਂਦੇ ਹਨ। ਕਮੇਟੀ ਨੇ ਕਿਹਾ ਕਿ ਅਸੀਂ ਭਾਵੇਂ ਖ਼ਿਆਲ ਰੱਖਦੇ ਹਾਂ ਪਰ ਗਰੰਟੀ ਨਹੀਂ ਲਈ ਜਾ ਸਕਦੀ ਕਿ ਕੋਈ ਸ਼ਰਾਬ ਪੀ ਕੇ ਗੁਰਦੁਆਰਾ ਕੰਪਲੈਕਸ ਵਿਚ ਨਾ ਆਵੇ। ਕਮੇਟੀ ਨੇ ਕਿਹਾ ਕਿ ਕਿਸੇ ਬਹੁਤੇ ਡਿੱਗਦੇ ਜਾਂਦੇ ਵਿਅਕਤੀ ਨੂੰ ਤਾਂ ਲੰਗਰ ਵਿਚ ਆਉਣ ਤੋਂ ਰੋਕਿਆ ਜਾ ਸਕਦਾ ਹੈ। ਪਰ ਜੇ ਕੋਈ ਦੋ ਪੈੱਗ ਲਾ ਕੇ ਠੀਕ ਠਾਕ ਲੰਗਰ ਦੇ ਅੰਦਰ ਆ ਕੇ ਬਹਿ ਜਾਵੇ ਤਾਂ ਕੀ ਕੀਤਾ ਜਾਵੇ ? ਉਹਨਾਂ ਮੰਨਿਆ ਕਿ ਸ਼ਰਾਬ ਵਾਲੀ ਜਗ੍ਹਾ 'ਤੇ ਸ਼ਰਾਬ ਹੈ, ਗੁਰਦੁਆਰਾ ਸਾਹਿਬ ਦੇ ਦਫ਼ਤਰ ਵਿਚ ਸ਼ਰਾਬ ਹੈ। ਕਮੇਟੀ ਨੇ ਦੱਸਿਆ ਕਿ ਇਥੇ 100 ਸਾਲ ਤੋਂ ਸ਼ਰਾਬ ਚੜ੍ਹ ਰਹੀ ਹੈ। ਇਸ ਜਗ੍ਹਾ ਸ਼ਰਾਬ ਚੜ੍ਹਨ ਜਾਂ ਪੀਣ ਬਾਰੇ ਕੋਈ ਇਤਰਾਜ਼ ਨਹੀਂ ਹੈ। ਇਥੇ ਚੰਗੇ ਘਰਾਂ ਦੇ ਲੋਕ ਵੀ ਆਪਣੇ ਘਰੇ ਆਏ ਪ੍ਰਾਹੁਣਿਆਂ ਵਾਸਤੇ ਸ਼ਰਾਬ ਦਾ ਪ੍ਰਸ਼ਾਦ ਲੈ ਜਾਂਦੇ ਹਨ। ਇਥੇ ਕਈ ਸ਼ਰਾਬ ਪੀ ਕੇ ਰਹਿੰਦੇ ਹਨ। ਕਈ ਠੰਡ ਅਤੇ ਗਰਮੀ ਨਾਲ ਵੀ ਮਰ ਜਾਂਦੇ ਹਨ। ਹੁਣ ਠੰਡ ਅਤੇ ਗਰਮੀ ਤੋਂ ਬਚਾਉਣ ਲਈ ਕਮੇਟੀ, ਸ਼ਰਾਬੀਆਂ ਹੈ ਉਥੇ ਹੀ ਸੰਵਾਂ ਲੈਂਦੀ ਹੈ। ਕਈ ਰੇੜ੍ਹੀਆਂ 'ਤੇ ਲੱਦ ਕੇ ਆਪਣੇ ਸ਼ਰਾਬੀ ਨੂੰ ਲੋਕ ਘਰਾਂ ਵਿਚ ਲੈ ਜਾਂਦੇ ਹਨ। ਇਹਨਾਂ ਇਹ ਵੀ ਗੱਲ ਇਥੇ ਫੈਲਾਈ ਹੋਈ ਹੈ ਕਿ ਜਿਹੜਾ ਇਥੇ ਸ਼ਰਾਬ ਨਾ ਚੜ੍ਹਾਵੇ ਉਸਦਾ ਨੁਕਸਾਨ ਹੋ ਜਾਂਦਾ ਹੈ। ਅਕਤੂਬਰ 16-2004 ਦੀ ਅਖ਼ਬਾਰ ਵਿਚ 'ਅਜੀਤ' ਨੇ ਉਹ ਫੋਟੋਆਂ ਵੀ ਦਿੱਤੀਆਂ ਜਿਸ ਵਿਚ ਲੋਕ ਸ਼ਰਾਬ ਦਾ ਪ੍ਰਸ਼ਾਦ ਲੈਣ ਵਾਸਤੇ ਹੱਥੋ ਪਾਈ ਹੁੰਦੇ ਦਿਖਾਏ ਹਨ, ਕੁਝ ਸ਼ਰਾਬ ਪੀ ਕੇ ਡਿੱਗ ਪਏ ਹਨ।

## ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਮਾਨ ਸਿੰਘ ਦੀ ਦਲੇਰੀ

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਉਸ ਵੇਲੇ ਦੇ ਜਥੇਦਾਰ ਗਿਆਨੀ ਕੇਵਲ ਸਿੰਘ ਦੇ ਉੱਦਮ ਸਦਕਾ ਇਕ ਪਾਠ ਬੋਧ ਸਮਾਗਮ ਉਥੇ ਕਰਵਾਇਆ ਜਿਸ ਵਿਚ

ਸ਼ੁੱਧ ਪਾਠ ਦੇ ਉਚਾਰਨ ਦੇ ਨਾਲ ਨਾਲ ਨਿੱਤਨੇਮ ਦੀ ਸੁਧਾਈ ਅਤੇ ਸਿੱਖ ਰਹਿਤ ਮਰਯਾਦਾ ਵੀ ਦ੍ਰਿੜ ਕਰਵਾਈ ਗਈ ਪਰ ਉਸੇ ਅਸਥਾਨ 'ਤੇ ਦਮਦਮੀ ਟਕਸਾਲ ਅਤੇ ਹੋਰਾਂ ਸਾਧ ਸੰਪਰਦਾਵਾਂ ਨੇ ਪਾਠ ਬੋਧ ਸਮਾਗਮ ਕੀਤਾ ਜਿਸ ਵਿਚ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਦੀਆਂ ਧੱਜੀਆਂ ਉਡਾਈਆਂ ਜਿਸ ਦੇ ਰੋਸ ਵਜੋਂ, ਭਾਈ ਮਾਨ ਸਿੰਘ ਹੈੱਡ ਗ੍ਰੰਥੀ ਨੇ ਅਸਤੀਫ਼ਾ ਦੇ ਦਿੱਤਾ ਸੀ। ਕਿਸੇ ਵੀ ਸੰਪ੍ਰਦਾ ਜਾਂ ਡੇਰੇ ਵਾਲੇ ਨੂੰ ਕੋਈ ਹੱਕ ਨਹੀਂ ਹੈ ਕਿ ਉਹ ਸਿੱਖ ਰਹਿਤ ਮਰਯਾਦਾ ਦਾ ਮਖੌਲ ਉਡਾਵੇ। ਪੰਥਕ ਤੌਰ 'ਤੇ ਕੋਈ ਨਿਰਣਾ ਲਿਆ ਜਾ ਸਕਦਾ ਹੈ। ਇਕ ਵਾਰੀ ਸਾਡੇ ਵੱਡੇ ਵੱਡੇ ਸੰਪ੍ਰਦਾਈ ਸਾਧਾਂ ਨੇ ਮਰਯਾਦਾ ਇਕ ਕਰਨ ਵਾਸਤੇ ਇਕੱਠ ਕੀਤਾ ਸੀ ਪਰ 14 ਘੰਟੇ ਦੀ ਬਹਿਸ ਵਿਚ ਇਹ ਸਾਧ ਇਕ ਦੂਜੇ 'ਤੇ ਵਰਦੇ ਰਹੇ ਪਰ ਮਰਯਾਦਾ ਇਕ ਨਾ ਹੋ ਸਕੀ। ਜਿੰਨੇ ਸਾਧ ਹਨ ਇਹਨਾਂ ਸਾਰਿਆਂ ਦੀ ਮਰਯਾਦਾ ਵੱਖ ਵੱਖ ਹੈ। ਇਹ ਸਾਰਾ ਕੁਝ ਪਹਿਲੇ ਭਾਗ ਵਿਚ ਲਿਖਿਆ ਜਾ ਚੁੱਕਾ ਹੈ।

## ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਾਧਾ ਸੁਆਮੀਆਂ ਦੀ ਪੁਸਤਕ ਇਨਾਮ ਵਜੋਂ ?

ਦਿੱਲੀ ਕਮੇਟੀ ਵੱਲੋਂ 27 ਨਵੰਬਰ ਤੋਂ ਲੈ ਕੇ 11 ਦਸੰਬਰ ਤਕ ਸਿੱਖ ਸਾਹਿਤ ਅਤੇ ਚਿੱਤਰ ਪ੍ਰਦਰਸ਼ਨੀ ਲਗਾਈ ਗਈ ਜਿਸ ਵਿਚ ਸਿੱਖ ਧਰਮ ਦੀਆਂ ਪੁਸਤਕਾਂ ਅਤੇ ਕੈਸਟਾਂ ਦੇ ਨਾਲ ਨਾਲ ਕੁਝ ਇਹੋ ਜਿਹੀਆਂ ਚੀਜ਼ਾਂ ਵੀ ਵੇਖਣ ਵਿਚ ਆਈਆਂ ਜਿਹੜੀਆਂ ਗੁਰਮਤਿ ਦੇ ਖਿਲਾਫ਼ ਸਨ। ਗੋਬਿੰਦ ਸਦਨ ਦੇ ਸਟਾਲ 'ਤੇ ਹਵਨ ਕਰਾਉਣ ਦਾ ਲਿਟਰੇਚਰ ਵੰਡਿਆ ਗਿਆ। ਸਿਫ਼ਤ ਸਲਾਹ ਦੇ ਸਟਾਲ 'ਤੇ ਸੈਂਟ ਵਿਕਦਾ ਰਿਹਾ। ਆਤਮ ਰੰਗ ਦੇ ਸਟਾਲ 'ਤੇ ਗੁਰੂਆਂ ਦੀਆਂ ਤਸਵੀਰਾਂ ਵਾਲੇ ਚਾਬੀਆਂ ਦੇ ਛੱਲੇ ਵੇਚੇ ਜਾਂਦੇ ਰਹੇ। ਹੈਰਾਨੀ ਵਾਲੀ ਗੱਲ ਇਹ ਸੀ ਕਿ ਰੋਜ਼ ਸ਼ਾਮ ਨੂੰ 6 ਵਜੇ ਸ. ਕੁਲਮੋਹਣ ਸਿੰਘ ਜਨਰਲ ਸੈਕਟਰੀ ਦਿੱਲੀ ਸਿੱਖ ਗੁਰਦੁਆਰਾ ਕਮੇਟੀ, ਪੰਜਾਬ ਐਂਡ ਸਿੰਧ ਬੈਂਕ ਵੱਲੋਂ ਲਾਈ ਗਈ ਚਿੱਤਰ ਪ੍ਰਦਰਸ਼ਨੀ ਦੇ ਹਾਲ ਵਿਚ ਬੱਚਿਆਂ ਵਾਸਤੇ ਧਾਰਮਕ ਸੁਆਲਾਂ-ਜਵਾਬਾਂ ਦੀ ਪ੍ਰਤੀਯੋਗਤਾ ਕਰਾਉਂਦੇ ਸਨ, ਜਿਸ ਵਿਚ ਬੱਚਿਆਂ ਨੂੰ ਇਨਾਮ ਦੇ ਤੌਰ 'ਤੇ ਧਾਰਮਿਕ ਕਿਤਾਬਾਂ ਦਾ ਸੈੱਟ ਆਦਿ ਵੰਡੀਆਂ ਜਾਂਦੀਆਂ ਹਨ। ਇਕ ਬੱਚਾ ਜਿਸਦਾ ਨਾਂ ਅਮਨਦੀਪ ਸਿੰਘ ਸੀ, ਨੇ 6-7 ਇਨਾਮ ਜਿੱਤੇ। ਮਿਤੀ 6-12-01 ਸ਼ਾਮ ਨੂੰ 7 ਵਜੇ ਉਸਨੂੰ ਇਕ ਕਿਤਾਬਾਂ ਦਾ ਸੈੱਟ ਦਿੱਤਾ ਜਿਸ ਵਿਚ ਇਕ ਕਿਤਾਬ ਦਾ ਨਾਂ 'ਗੁਰੂ ਨਾਨਕ ਦਾ ਰੂਹਾਨੀ ਉਪਦੇਸ਼' ਸੀ ਜੋ ਕਿ ਪ੍ਰੋ. ਜੇ.ਆਰ ਪੁਰੀ ਦੀ ਲਿਖੀ ਹੋਈ ਸੀ ਅਤੇ ਰਾਧਾ ਸੁਆਮੀ ਸਤਿਸੰਗ ਬਿਆਸ ਦੀ ਕਿਤਾਬ ਸੀ। ਰਾਧਾ ਸੁਆਮੀ ਸ੍ਰੀ ਅਕਾਲ ਤਖ਼ਤ ਵੱਲੋਂ ਛੇਕੇ ਹੋਏ ਹਨ। ਕੀ ਦਿੱਲੀ ਕਮੇਟੀ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ

ਕਿ ਦੇਖੇ ਤਾਂ ਸਹੀ ਉਥੇ ਕੀ ਵਿਕ ਰਿਹਾ ਹੈ ਸਟਾਲਾਂ 'ਤੇ ? ਸਿੱਖ ਰਹਿਤ ਮਰਯਾਦਾ ਦੀ ਕਾਪੀ ਜੋ ਸ਼੍ਰੋਮਣੀ ਕਮੇਟੀ ਵੱਲੋਂ ਮੁਫ਼ਤ ਹੈ ਉਥੇ ਕੋਈ ਨਹੀਂ ਸੀ ਵੰਡ ਰਿਹਾ।

## ਸ਼੍ਰੋਮਣੀ ਕਮੇਟੀ ਦੀ ਟੀਮ ਨੇ ਕਲਗੀ ਵਾਲੇ ਬਾਬੇ ਦੀ ਕਲਗੀ ਲੁਹਾਈ

ਤਹਿਸੀਲ ਅਜਨਾਲਾ ਵਿਖੇ ਪਿੰਡ ਭੁੱਲਰ ਦੇ ਇਕ ਓਂਕਾਰ ਸਿੰਘ ਉਰਫ਼ ਕਾਰਾ ਨਾਂ ਦਾ ਗ੍ਰੰਥੀ, ਭਵਿੱਖ ਵਿਚ ਪਿਆਰਾ ਭਨਿਆਰੇ ਵਾਲਾ ਬਣਨ ਦੀ ਤਿਆਰੀ ਵਿਚ ਸ਼੍ਰੋਮਣੀ ਕਮੇਟੀ ਨੇ ਸਮੇਂ ਸਿਰ ਹੀ ਕਾਬੂ ਕਰ ਲਿਆ। ਇਹ ਗ੍ਰੰਥੀ ਗੁਰਮਤਿ ਤੋਂ ਕੋਰਾ, ਮਰਯਾਦਾ ਦੇ ਉਲਟ "ਗੁਰੂ ਗ੍ਰੰਥ ਸਾਹਿਬ" ਦੀ ਹਜ਼ੂਰੀ ਵਿਚ ਕਲਗੀ ਸਜਾ ਕੇ ਭੋਲੇ ਭਾਲੇ ਲੋਕਾਂ ਨੂੰ ਭਰਮਾਉਣ ਲਈ ਅਵਤਾਰ ਹੋਣ ਦਾ ਅਡੰਬਰ ਰਚਣ ਵਾਲੇ ਅਖੌਤੀ ਬਾਬੇ ਨੇ ਸ਼੍ਰੋਮਣੀ ਕਮੇਟੀ ਦੀ ਇੰਸਪੈਕਸ਼ਨ ਟੀਮ ਸਮੇਤ ਸ. ਦਲਜੀਤ ਸਿੰਘ ਸ਼੍ਰੋਮਣੀ ਕਮੇਟੀ ਅਧਿਕਾਰੀ ਦੀ ਅਗਵਾਈ ਵਿਚ ਪ੍ਰਚਾਰਕਾਂ ਦੀ ਇਕ ਟੀਮ ਸਾਹਮਣੇ ਪਿੰਡ ਦੇ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿਚ ਗੋਡੇ ਟੇਕਦਿਆਂ ਸੰਗਤਾਂ ਤੋਂ ਮੁਆਫ਼ੀ ਮੰਗ ਕੇ ਅੱਗੇ ਤੋਂ ਤਾਜਨੁਮਾ ਕਲਗੀ ਸਜਾਉਣ ਤੋਂ ਤੌਬਾ ਕੀਤੀ ਅਤੇ ਅੱਗੇ ਤੋਂ ਅਜਿਹਾ ਪਾਖੰਡ ਨਾ ਕਰਨ ਦਾ ਵਾਅਦਾ ਕੀਤਾ।

*(ਧੰਨਵਾਦ ਸਹਿਤ ਅਜੀਤ 'ਚੋਂ)*

## ਧਰਮ ਪ੍ਰਚਾਰ ਕਮੇਟੀ ਨੇ ਪਾਖੰਡੀ ਸਾਧ ਤੋਂ ਲਿਖਤੀ ਇਕਰਾਰਨਾਮਾ ਲਿਆ

ਕਲਾਨੌਰ ਦੀਆਂ ਸੰਗਤਾਂ ਵੱਲੋਂ ਪ੍ਰਾਪਤ ਰਿਪੋਰਟਾਂ ਦੇ ਆਧਾਰ 'ਤੇ ਇਹ ਪਤਾ ਲੱਗਣ ਪੁਰ ਕਿ ਮਨਜੀਤ ਸਿੰਘ ਉਰਫ਼ ਕਾਲੂ ਨਾਮਕ ਇਕ ਪਾਖੰਡੀ ਸਾਧ ਨੇ ਕਲਾਨੌਰ ਤੋਂ ਪੰਜ ਕਿਲੋਮੀਟਰ ਦੂਰ ਡੇਰਾ ਬਾਬਾ ਨਾਨਕ ਰੋਡ 'ਤੇ ਬੋਹੜ ਵਡਾਲਾ ਦੇ ਟੀ ਪੁਆਇੰਟ 'ਤੇ ਕਿਸੇ ਦੀ ਜ਼ਮੀਨ 'ਤੇ ਕੋਠਾ ਪਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਇਸ ਵੱਲੋਂ ਕਾਫ਼ੀ ਸਮੇਂ ਤੋਂ ਗੁਰੂ ਮਹਾਰਾਜ ਦੀ ਹਜ਼ੂਰੀ 'ਚ ਲੋਕਾਂ ਨੂੰ ਪੁੱਛਾਂ ਆਦਿ ਦੇਣ ਦਾ ਗੁਰਮਤਿ ਵਿਰੋਧੀ ਸਿਲਸਿਲਾ ਚਲਾਇਆ ਜਾ ਰਿਹਾ ਸੀ। ਆਪਣੇ ਪੁੱਤਰਾਂ ਅਤੇ ਦਿਹਾੜੀਦਾਰਾਂ ਨੂੰ ਰੱਖ ਕੇ ਲਾਗਲੇ ਪਿੰਡਾਂ ਤੋਂ ਗੁਰਦੁਆਰਾ ਸਾਹਿਬ ਦੇ ਨਾਂ 'ਤੇ ਉਗਰਾਹੀ ਇਕੱਤਰ ਕੀਤੀ ਜਾ ਰਹੀ ਸੀ। ਇਹੀ ਨਹੀਂ, ਮਿਲੀ ਸੂਚਨਾਂ ਮੁਤਾਬਕ ਮਨਜੀਤ ਸਿੰਘ ਉਰਫ਼ ਕਾਲੂ ਗੁਰੂ ਮਹਾਰਾਜ ਦੇ ਪ੍ਰਕਾਸ਼ ਵਾਲੇ ਕਮਰੇ 'ਚ ਸ਼ਰਾਬ ਪੀ ਪੀਵਿਆ ਕਰਦਾ ਸੀ। ਇਸ ਮਨਮਤਿ ਤੇ ਗੁਰਮਤਿ ਵਿਰੋਧੀ ਕਰਮ ਨੂੰ ਰੋਕਣ ਹਿਤ ਧਰਮ ਪ੍ਰਚਾਰ ਕਮੇਟੀ ਵੱਲੋਂ ਮਾਸਟਰ ਬਲਦੇਵ ਸਿੰਘ ਅਤੇ ਭਾਈ ਮਹਿੰਦਰਪਾਲ ਸਿੰਘ ਪ੍ਰਚਾਰਕ ਸਾਹਿਬਾਨ ਦੀ ਅਗਵਾਈ 'ਚ ਭੇਜੀ ਟੀਮ ਦੁਆਰਾ ਪੜਤਾਲ ਮੁਕੰਮਲ ਕਰਕੇ ਗੁਰੂ ਗ੍ਰੰਥ ਸਾਹਿਕ

ਜੀ ਦਾ ਸਰੂਪ ਉਪਰੋਕਤ ਕਮਰੇ 'ਚੋਂ ਸਤਿਕਾਰ ਸਹਿਤ ਸੁਖਆਸਨ ਕਰਵਾ ਕੇ ਕਲਾਨੌਰ ਦੇ ਇਤਿਹਾਸਕ ਗੁਰਦੁਆਰੇ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਸ਼ੁਸ਼ੋਭਿਤ ਕਰ ਦਿੱਤਾ ਗਿਆ। ਇਸ ਸਮੇਂ ਸਥਾਨਕ ਸਿਟੀ ਥਾਣੇ ਦੀ ਪੁਲੀਸ ਦਾ ਸਹਿਯੋਗ ਵੀ ਲਿਆ ਗਿਆ ਸੀ। ਉਕਤ ਅਖੌਤੀ ਸਾਧ ਮਨਜੀਤ ਸਿੰਘ ਉਰਫ਼ ਕਾਲੂ ਪਾਸੋਂ ਅੱਗੇ ਤੋਂ ਐਸੀ ਮਨਮਤਿ ਨਾ ਕਰਨ ਵਾਸਤੇ ਲਿਖਤੀ ਰੂਪ 'ਚ ਇਕਰਾਰਨਾਮਾ ਲਿਆ ਗਿਆ। (ਧੰਨਵਾਦ ਸਹਿਤ ਅਜੀਤ 'ਚੋਂ)

## ਅਰਦਾਸ ਉਪਰੰਤ ਬੋਲਣ ਤੇ ਸੁਣਨ ਦੀ ਸ਼ਕਤੀ ਪ੍ਰਾਪਤ ਕਰਨ ਦੇ ਦਾਅਵੇ ਵਾਲਾ ਧਾਰਮਿਕ ਸ਼ਖਸੀਅਤਾਂ ਅੱਗੇ ਝੂਠਾ ਪਿਆ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਸੁਣਨ ਤੇ ਬੋਲਣ ਦੀ ਚਮਤਕਾਰੀ ਢੰਗ ਨਾਲ ਸ਼ਕਤੀ ਪ੍ਰਾਪਤ ਹੋਣ ਦਾ ਦਾਅਵਾ ਕਰਨ ਵਾਲਾ ਬਾਬਾ ਗੁਰਬੀਰ ਸਿੰਘ ਅੱਜ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਸਿੰਘ ਸਾਹਿਬ ਜਥੇ ਗਿ. ਜੋਗਿੰਦਰ ਸਿੰਘ ਵੇਦਾਂਤੀ, ਗਿ. ਮੱਲ ਸਿੰਘ, ਗਿ. ਜਸਵੰਤ ਸਿੰਘ ਤੇ ਧਰਮ ਪ੍ਰਚਾਰ ਕਮੇਟੀ ਦੇ ਪੜਤਾਲੀਆ ਅਧਿਕਾਰੀਆਂ ਦੇ ਸਾਹਮਣੇ ਇਹ ਸਾਬਤ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਰਿਹਾ ਕਿ ਉਹ ਪਹਿਲਾਂ ਉਹ ਗੂੰਗਾ ਤੇ ਬੋਲਾ ਸੀ। ਇਥੇ ਦੱਸਣ ਯੋਗ ਹੈ ਕਿ 17 ਦਸੰਬਰ ਨੂੰ ਇਥੇ ਕੁਝ ਧਾਰਮਿਕ ਸ਼ਖਸੀਅਤਾਂ ਵੱਲੋਂ ਇਕ ਪੱਤਰਕਾਰ ਸੰਮੇਲਨ ਵਿਚ ਦਾਅਵਾ ਕੀਤਾ ਗਿਆ ਸੀ, ਕਿ ਮੱਖੂ ਦਾ ਰਹਿਣ ਵਾਲਾ ਉਕਤ ਵਿਅਕਤੀ ਗੁਰਬੀਰ ਸਿੰਘ ਜੋ ਬਚਪਨ ਤੋਂ ਗੂੰਗਾ ਤੇ ਬੋਲਾ ਹੈ, ਉਸਨੂੰ ਦੀਵਾਲੀ ਵਾਲੇ ਦਿਨ ਸਰੋਵਰ ਵਿਚ ਇਸ਼ਨਾਨ ਕਰਦਿਆਂ ਇਹ ਆਵਾਜ਼ ਸੁਣਾਈ ਦਿੱਤੀ ਕਿ ਜੇਕਰ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੰਘ ਸਾਹਿਬਾਨ ਤੋਂ ਅਰਦਾਸ ਕਰਵਾਏ ਤਾਂ ਉਸਦਾ ਇਹ ਜਮਾਂਦਰੂ ਰੋਗ ਖਤਮ ਹੋ ਜਾਏਗਾ ਅਤੇ ਉਹ ਬੋਲਣ ਤੇ ਸੁਣਨ ਦੇ ਸਮਰੱਥ ਹੋ ਜਾਏਗਾ। ਇਸ ਸੰਬੰਧ ਵਿਚ ਕੀਤੀ ਗਈ ਅਰਦਾਸ ਉਪਰੰਤ ਉਸ ਵੱਲੋਂ ਦਾਅਵਾ ਕੀਤਾ ਗਿਆ ਕਿ ਉਹ ਹੁਣ ਗੁਰੂ ਕ੍ਰਿਪਾ ਸਦਕਾ ਬੋਲ ਵੀ ਸਕਦਾ ਹੈ। ਇਸ ਸੰਬੰਧ ਵਿਚ ਕੁਝ ਅਖ਼ਬਾਰਾਂ ਵਿਚ ਸਮਾਚਾਰ ਪ੍ਰਕਾਸ਼ਤ ਹੋਣ ਤੋਂ ਬਾਅਦ ਇਥੇ ਪ੍ਰਬੰਧਕਾਂ ਲਈ ਭੰਬਲਭੂਸੇ ਵਾਲੀ ਸਥਿਤੀ ਪੈਦਾ ਹੋ ਗਈ। ਜਦ ਇਸ ਬਾਰੇ ਕਈ ਰੋਗੀਆਂ ਦੇ ਪੱਤਰ ਪੁੱਜੇ ਕਿ ਉਨ੍ਹਾਂ ਦੀ ਵੀ ਰੋਗ ਮੁਕਤੀ ਲਈ ਅਰਦਾਸ ਕੀਤੀ ਜਾਵੇ। ਇਸੇ ਖ਼ਬਰ ਤੋਂ ਬਾਅਦ ਹੀ ਸੰਬੰਧਤ ਪਿੰਡਾਂ ਦੇ ਕੁਝ ਲੋਕਾਂ ਨੇ ਇਥੇ ਜਾਣਕਾਰੀ ਦਿੱਤੀ ਕਿ ਧਾਰਮਿਕ ਸ਼ਖਸ਼ੀਅਤਾਂ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ ਹੈ। ਇਸ ਸੰਬੰਧ ਵਿਚ ਪੁੱਜੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਇਸ ਮਾਮਲੇ ਦੀ ਪੜਤਾਲ ਧਰਮ ਪ੍ਰਚਾਰ ਕਮੇਟੀ ਨੂੰ ਸੌਂਪੀ ਸੀ।

ਧਰਮ ਪ੍ਰਚਾਰ ਕਮੇਟੀ ਦੇ ਪੜਤਾਲੀਆ ਮਾਮਲਿਆਂ ਦੇ ਇੰਚਾਰਜ ਮਾਸਟਰ ਬਲਦੇਵ ਸਿੰਘ ਨੇ ਇਸ ਬਾਰੇ ਸੰਬੰਧਤ ਪਿੰਡ ਵਿਚ ਜਾ ਕੇ ਪੁੱਛ-ਪੜਤਾਲ ਕੀਤੀ, ਸੰਬੰਧਤ ਥਾਣੇ ਦੇ ਅਧਿਕਾਰੀਆਂ ਤੋਂ ਵੀ ਜਾਣਕਾਰੀ ਇਕੱਤਰ ਕੀਤੀ। ਮੁੱਢਲੀ ਜਾਣਕਾਰੀ ਤੋਂ ਇਹ ਪ੍ਰਤੀਤ ਹੋਇਆ ਕਿ ਇਸ ਮਾਮਲੇ ਵਿਚ ਦਾਲ ਵਿਚ ਕੁਝ ਕਾਲਾ ਹੈ। ਇਸ ਮਾਮਲੇ ਵਿਚ ਅੱਜ ਇਥੇ ਉਕਤ ਵਿਅਕਤੀ ਨੂੰ ਪੁੱਛ ਪੜਤਾਲ ਲਈ ਸੱਦਿਆ ਗਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਸਿੰਘ ਸਾਹਿਬਾਨ ਅਤੇ ਧਰਮ ਪ੍ਰਚਾਰ ਕਮੇਟੀ ਦੇ ਮਾ. ਬਲਦੇਵ ਸਿੰਘ, ਜੋਗਿੰਦਰ ਸਿੰਘ ਖ਼ਾਲਸਾ, ਸ. ਪ੍ਰਿਥੀਪਾਲ ਸਿੰਘ ਸੰਧੂ, ਸ. ਜਗਬੀਰ ਸਿੰਘ ਆਦਿ ਨੇ ਬਾਬਾ ਗੁਰਦਿੱਤ ਸਿੰਘ ਨਾਲ ਸਵਾਲ-ਜਵਾਬ ਕੀਤੇ ਤਾਂ ਉਹ ਤਸੱਲੀ ਬਖਸ਼ ਜਾਣਕਾਰੀ ਦੇਣ ਵਿਚ ਅਸਫਲ ਰਿਹਾ। ਉਹ ਇਹ ਦੱਸਣ ਤੋਂ ਅਸਫਲ ਰਿਹਾ ਕਿ ਉਸਦੇ ਘਰ ਦਾ ਪਤਾ ਕੀ ਹੈ, ਅਮਰੀਕਾ ਵਿਖੇ ਰਹਿੰਦੇ ਉਸਦੇ ਬੱਚਿਆਂ ਦਾ ਪਤਾ ਕੀ ਹੈ, ਉਸਦੀ ਪਤਨੀ ਕਿੱਥੇ ਹੈ ?

ਸਿੰਘ ਸਾਹਿਬ ਗਿ. ਜੋਗਿੰਦਰ ਸਿੰਘ ਵੇਦਾਂਤੀ ਨੇ ਦੱਸਿਆ ਕਿ ਉਹ ਉਕਤ ਵੇਰਵੇ ਪ੍ਰਾਪਤ ਕਰਕੇ ਸੰਬੰਧਤ ਲੋਕਾਂ ਨਾਲ ਸੰਪਰਕ ਕਰਨਾ ਚਾਹੁੰਦੇ ਹਨ ਤਾਂ ਜੋ ਇਹ ਜਾਣਕਾਰੀ ਮਿਲ ਸਕੇ ਕਿ ਕੀ ਉਹ ਅਸਲ ਵਿਚ ਹੀ ਬਚਪਨ ਤੋਂ ਗੂੰਗਾ ਬੋਲਾ ਸੀ, ਜਾਂ ਲੋਕਾਂ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਵਿਅਕਤੀ ਵੱਲੋਂ ਹੁਣ ਮਖੂ ਵਿਖੇ ਹੀ ਇਕ ਡੇਰਾ ਉਸਾਰਿਆ ਜਾ ਰਿਹਾ ਹੈ। ਇਸ ਦੌਰਾਨ ਮੱਖੂ ਤੋਂ ਹੀ ਆਏ ਕੁਝ ਆਗੂਆਂ ਸੁਖਚਰਨ ਸਿੰਘ, ਸ਼ਮਸ਼ੇਰ ਸਿੰਘ, ਮਹਿੰਦਰ ਸਿੰਘ, ਜੁਗਰਾਜ ਸਿੰਘ, ਸੁਖਚੈਨ ਸਿੰਘ ਕੱਟਾ, ਪ੍ਰਗਟ ਸਿੰਘ ਤਲਵੰਡੀ, ਅਨੂਪ ਸਿੰਘ ਫੌਜੀ, ਗੁਰਨਾਮ ਸਿੰਘ ਮੈਂਬਰ ਪੰਚਾਇਤ, ਸੁਖਮੰਦਰ ਸਿੰਘ ਲਹਿਰਾਂ, ਬਾਜ਼ ਸਿੰਘ ਵਰਿਆ ਆਦਿ ਨੇ ਸਿੰਘ ਸਾਹਿਬਾਨ ਦੇ ਸਾਹਮਣੇ ਦਾਅਵਾ ਕੀਤਾ ਕਿ ਪਿੰਡ ਦੇ ਇਕ ਗ੍ਰੰਥੀ ਨੇ ਦੱਸਿਆ ਕਿ ਇਹ ਵਿਅਕਤੀ ਇਸ ਤੋਂ ਪਹਿਲਾਂ ਵੀ ਸੁਣ ਤੇ ਬੋਲ ਸਕਦਾ ਸੀ। ਜਥੇ. ਗਿਆਨੀ ਵੇਦਾਂਤੀ ਨੇ ਦੱਸਿਆ ਕਿ ਇਸ ਵਿਅਕਤੀ ਨੂੰ 27 ਜਨਵਰੀ ਤਕ ਉਕਤ ਸਵਾਲਾਂ ਸੰਬੰਧੀ ਦਸਤਾਵੇਜ਼ੀ ਸਬੂਤ ਦੇਣ ਲਈ ਕਿਹਾ ਗਿਆ ਹੈ। ਲੇਕਿਨ ਇਸ ਦੌਰਾਨ ਮਿਲੀ ਹੋਰ ਜਾਣਕਾਰੀ ਮੁਤਾਬਕ ਇਸ ਵਿਅਕਤੀ ਨੇ ਆਪਣੀ ਗਲਤੀ ਕਬੂਲ ਕਰ ਲਈ ਹੈ ਅਤੇ ਲਿਖਤੀ ਰੂਪ ਵਿਚ ਮੁਆਫ਼ੀ ਮੰਗੀ ਹੈ। (ਧੰਨਵਾਦ ਸਹਿਤ ਅਜੀਤ 'ਚੋਂ)

## ਸੰਤ ਬਾਬੇ ਲੋਕਾਂ ਨੂੰ ਬੁੱਧੂ ਬਣਾ ਕੇ ਲੁੱਟ ਰਹੇ ਨੇ...

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਡੇਰਿਆਂ ਨੂੰ ਸਰਪ੍ਰਸਤੀ ਦੇਣ ਪਿੱਛੋਂ ਇਨ੍ਹਾਂ ਡੇਰਿਆਂ ਦੇ ਮੁਖੀਆਂ ਨੇ ਲੋਕਾਂ ਦਾ ਸ਼ੋਸ਼ਣ ਕਰਨਾ

ਸ਼ੁਰੂ ਕਰ ਦਿੱਤਾ ਹੈ। ਇਹ ਲੋਕ ਸਿੱਖੀ ਦੇ ਲਿਬਾਸ ਵਿਚ ਹੀ ਲੋਕਾਂ ਨੂੰ ਸਿੱਖੀ ਤੋਂ ਦੂਰ ਲਿਜਾ ਰਹੇ ਹਨ।

ਸਿੱਖਾਂ ਦੇ ਧਾਰਮਕ ਮਾਮਲਿਆਂ ਵਿਚ ਰਾਸ਼ਟਰੀ ਸੋਇਮਸੇਵਕ ਸੰਘ (ਆਰ.ਐਸ.ਐਸ.) ਦੀ ਦਖ਼ਲਅੰਦਾਜੀ ਅਤੇ ਬਾਬਾ ਪਿਆਰਾ ਸਿੰਘ ਭਨਿਆਰਾ ਨੂੰ ਦਿੱਤੀ ਸਰਪ੍ਰਸਤੀ ਜੱਗ-ਜ਼ਾਹਿਰ ਹੈ। ਹੁਣ ਡੇਰਿਆਂ ਦੇ ਬਾਬੇ ਸ਼ਰਧਾਲੂਆਂ ਕੋਲੋਂ ਰਕਮਾਂ ਵੀ ਇਕੱਠੀਆਂ ਕਰਨ ਲੱਗ ਪਏ ਹਨ। ਪਿੰਡ ਹੰਬੜਾ ਦੀ ਇਕ ਪਰਵਾਸੀ ਔਰਤ ਦੀ ਰਿਸ਼ਤੇਦਾਰ ਨੇ ਦੱਸਿਆ ਕਿ ਅਜਿਹੇ ਹੀ ਇਕ ਬਾਬੇ ਨੇ ਔਲਾਦ ਦੇਣ ਦੇ ਬਹਾਨੇ ਇਕ ਲੱਖ 65 ਹਜ਼ਾਰ ਰੁਪਏ ਲੈ ਲਏ। ਪਿੰਡ ਭੈਣੀ ਦੇੜਾਂ ਦੀ ਇਕ ਔਰਤ ਨੇ ਦੱਸਿਆ ਕਿ ਉਸ ਕੋਲੋਂ ਦੇਗ ਕਰਵਾਉਣ ਦੇ ਬਹਾਨੇ 1100 ਰੁਪਏ ਅਤੇ 51 ਹਜ਼ਾਰ ਰੁਪਏ ਦੀ ਭੇਟਾ ਲਈ ਗਈ ਪਰ ਉਨ੍ਹਾਂ ਦੇ ਘਰ 'ਜੀਅ' ਫਿਰ ਵੀ ਨਾ ਹੋਇਆ। ਲੁਧਿਆਣਾ-ਧੂਰੀ ਲਾਈਨ 'ਤੇ ਤਾਇਨਾਤ ਬੀ.ਐਸ.ਐਫ. ਦੇ ਇਕ ਮੁਲਾਜ਼ਮ ਨੇ ਦੱਸਿਆ ਕਿ ਉਸ ਕੋਲੋਂ ਵੀ ਬਾਬੇ ਨੇ 20 ਹਜ਼ਾਰ ਰੁਪਏ ਲਏ। ਉਂਜ ਇਹ ਪੈਸੇ ਬਾਅਦ ਵਿਚ ਵਾਪਸ ਮੋੜ ਲਏ ਗਏ।

ਇਸੇ ਤਰ੍ਹਾਂ ਲਾਗਲੇ ਪਿੰਡ ਰਾਜੋਆਣਾ ਵਿਖੇ ਬੈਠਾ ਬਾਬਾ ਲੋਕਾਂ ਨੂੰ ਮਿਸਰੀ ਅਤੇ ਇਲਾਇਚੀ ਦਾ ਪ੍ਰਸਾਦ ਦੇ ਕੇ ਆਪਣੇ ਜਾਲ ਵਿਚ ਫਸਾ ਰਿਹਾ ਹੈ। ਇਹ ਬਾਬਾ ਬਾਅਦ ਵਿਚ ਸ਼ਰਧਾਲੂਆਂ ਕੋਲੋਂ ਸ੍ਰੀ ਅਖੰਡ ਪਾਠ ਦੀ ਫੀਸ ਵਜੋਂ ਰਕਮਾਂ ਬਟੋਰਦਾ ਹੈ। ਪਹਿਲਾਂ ਹੀ ਕੀਤੇ-ਕਰਾਏ ਪਾਠ ਸ਼ਰਧਾਲੂਆਂ ਦੇ ਨਾਂ ਕੀਤੇ ਜਾ ਰਹੇ ਹਨ। ਪਿੰਡ ਨੂਰਪੁਰਾ ਵਿਖੇ ਵੀ ਇਕ ਬਾਬਾ ਬਿਰਧ ਆਸ਼ਰਮ ਦੇ ਨਾਂ ਹੇਠ ਕੈਂਸਰ, ਪੋਲੀਓ ਅਤੇ ਬਿਮਾਰੀਆਂ ਦੇ ਇਲਾਜ ਦੇ ਬਹਾਨੇ ਲੋਕਾਂ ਤੋਂ ਵੱਡੀਆਂ ਰਕਮਾਂ ਬਟੋਰ ਰਿਹਾ ਹੈ। ਪਿੰਡ ਘੁਮਾਣ ਵਿਚ ਇਕ ਵਿਅਕਤੀ ਜੋ ਹੋਮ ਗਾਰਡ ਵਿਚ ਵੀ ਹੈ, ਸਿੱਖ ਸੰਗਤਾਂ ਨੂੰ ਧਾਗੇ-ਤਵੀਤ ਦੇ ਕੇ ਲੁੱਟ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਇਸ ਲੁੱਟ ਦਾ ਹਿੱਸਾ ਕਿਸੇ ਨਾਲ ਕਿਸੇ ਰੂਪ ਵਿਚ ਸਿਆਸੀ ਆਗੂਆਂ ਦੀਆਂ ਜੇਬਾਂ ਵਿਚ ਵੀ ਜਾਂਦਾ ਹੈ।

ਉਂਜ ਵੀ ਸਿਆਸੀ ਆਗੂ ਇਨ੍ਹਾਂ ਡੇਰਿਆਂ ਉੱਤੇ ਨਿਰਭਰ ਕਰਦੇ ਹਨ ਕਿਉਂਕਿ ਬਾਬੇ ਦੇ ਇਕੋ ਹੁਕਮ ਨਾਲ ਸ਼ਰਧਾਲੂਅ ਸਿਆਸੀ ਆਗੂ ਦਾ ਘਰ ਪੂਰਾ ਕਰ ਦਿੰਦੇ ਹਨ। ਇਸ ਦੇ ਨਾਲ ਹੀ ਟੂਸੇ, ਬੋਪਾਰਾਵਾਂ, ਪੰਡੋਰੀ, ਕੋਠੇ ਪੋਨਾਂ ਆਦਿ ਵਿਖੇ ਚੌਂਕੀਆਂ ਵਾਲੇ ਬਾਬੇ ਆਪਣਾ ਕਾਰੋਬਾਰਨ ਚਲਾ ਰਹੇ ਹਨ। ਪਿੰਡ ਟੂਸੇ ਦੀ ਇਕ ਔਰਤ ਵੀਰਵਾਰ ਨੂੰ ਚੌਂਕੀਆਂ ਲਗਾ ਕੇ ਲੋਕਾਂ ਦਆਂ ਸਮੱਸਿਆਵਾਂ 'ਹੱਲ' ਕਰਦੀ ਹੈ ਪਰ ਉਸ ਦੀ ਆਪਣੀ ਨੂੰਹ ਰੁੱਸ ਕੇ ਪੇਕੇ ਬੈਠੀ ਹੈ।

ਵਰਨਣ ਯੋਗ ਹੈ ਕਿ ਇਸ ਇਲਾਕੇ ਦੇ ਬਹੁਤੇ ਬਾਬਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ, ਅਕਾਲ ਫੈਡਰੇਸ਼ਨ ਆਗੂ

ਸਨਮਾਨਿਤ ਕਰ ਚੁੱਕੇ ਹਨ। ਇਸ ਕਾਰਨ ਆਮ ਲੋਕਾਂ ਵਿਚ ਭੰਬਲਭੂਸਾ ਵੀ ਹੈ। ਇਸੇ ਦੌਰਾਨ ਲੋਕ ਭਲਾਈ ਪਾਰਟੀ ਦੇ ਮੀਤ ਪ੍ਰਧਾਨ ਅਵਤਾਰ ਸਿੰਘ ਮੁੱਲਾਂਪੁਰੀ, ਮਾਲਵਾ ਗ੍ਰੰਥੀ ਸਭਾ ਦੇ ਪ੍ਰਧਾਨ ਪਿਆਰਾ ਸਿੰਘ ਨੇ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਮੰਗ ਕੀਤੀ ਹੈ ਕਿ ਅਖੌਤੀ ਬਾਬਿਆਂ ਤੋਂ ਲੋਕਾਂ ਨੂੰ ਨਿਜਾਤ ਦਿਵਾਉਣ ਲਈ ਤੁਰੰਤ ਅਤੇ ਕਾਰਗਰ ਕਦਮ ਚੁੱਕੇ ਜਾਣ। (ਧੰਨਵਾਦ ਸਹਿਤ ਅਜੀਤ 'ਚੋ)

## ਡੇਰੇਵਾਦ, ਪਾਖੰਡਵਾਦ ਵਿਰੁੱਧ ਲਹਿਰ ਸ਼ੁਰੂ ਹੋਵੇ

੨ ਨਵੰਬਰ ਤੋਂ ੧੫ ਨਵੰਬਰ ਤਕ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਵਿਖੇ ਮਸਕੀਨ ਸਾਹਿਬ ਨੇ ਸਿੱਖ-ਪੰਥ 'ਚ ਅਮਰਵੇਲ ਵਾਂਗ ਫੈਲ ਰਹੇ ਬਾਬਾਵਾਦ ਸੰਬੰਧੀ ਪ੍ਰਭਾਵਸ਼ਾਲੀ ਸ਼ਬਦਾਂ 'ਚ ਝੰਜੋੜਾ ਦਿੱਤਾ ਕਿ ਅੱਜ ਪੰਜਾਬ ਵਿਚ ਪਿੰਡ ਪਿੰਡ ਗੁਰੂ ਤਾਂ ਮਿਲ ਜਾਣਗੇ ਪਰ ਸਿੱਖ ਟਾਵਾਂ ਟਾਵਾਂ ਮਿਲੇਗਾ। ਉਨ੍ਹਾਂ ਦਾ ਮਨਸ਼ਾ ਦੇਹਧਾਰੀ ਗੁਰੂ-ਡੰਮ੍ਹ, ਨਾਮਦਾਨੀਏ ਤੇ ਵੱਖ ਵੱਖ ਮਰਯਾਦਾ ਚਲਾਈ ਬੈਠੇ ਡੇਰੇਵਾਦੀਆਂ ਤੋਂ ਸੀ ਜੋ ਸ਼ਬਦ-ਗੁਰੂ ਦੀ ਮਹਾਨਤਾ ਨੂੰ ਅੱਖੋਂ ਪਰੋਖੇ ਕਰਕੇ ਗੋਡੀਂ ਹੱਥ ਆਪਣੇ ਲਵਾਉਂਦੇ ਹਨ। ਇਸੇ ਤਰ੍ਹਾਂ ਵਪਾਰਕ ਕਿਸਮ ਦੇ ਕੀਰਤਨੀਏਂ ਤੇ ਪ੍ਰਚਾਰਕਾਂ-ਕਥਾਵਾਚਕਾਂ 'ਤੇ ਵੀ ਪ੍ਰਸ਼ਨ ਉਠਿਆ ਕਿ ਬਹੁਤੇ ਰੋਟੀ ਦੇ ਮਸਲੇ ਤਕ ਸੀਮਤ ਹੋ ਕੇ ਰਹਿ ਗਏ ਹਨ। ਦੇਹਧਾਰੀ ਗੁਰੂ-ਡੰਮ੍ਹ ਤੋਂ ਕੌਮ ਨੂੰ ਸੁਚੇਤ ਕੀਤਾ। ਸਾਡੇ ਪ੍ਰਚਾਰਕ ਵਰਗ ਦੀਆਂ ਦੱਬਵੀਆਂ ਸੁਰਾਂ ਵੀ ਪਾਖੰਡਵਾਦ ਨੂੰ ਨੰਗਾ ਕਰਨ ਤੋਂ ਅਸਮਰੱਥ ਰਹੀਆਂ ਹਨ। ਬੀਤੇ ਦਿਨੀਂ ਦਲ-ਖ਼ਾਲਸਾ ਨੇ ਵੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਹੈ ਕਿ ਅਖੌਤੀ ਡੇਰੇਵਾਦ, ਬਾਬਾਵਾਦ ਤੇ ਸੰਤਵਾਦ ਵਿਰੁੱਧ ਸੰਘਰਸ਼ ਦਾ ਐਲਾਨ ਹੋਣਾ ਚਾਹੀਦਾ ਹੈ। ਗੱਲਾਂ ਦੀ ਗੱਲ ਤਾਂ ਇਹ ਹੈ ਕਿ ਇਸ ਸੰਬੰਧੀ ਰਾਗੀਆਂ, ਢਾਡੀਆਂ, ਪ੍ਰਚਾਰਕਾਂ, ਕਥਾਵਾਚਕਾਂ, ਲੇਖਕਾਂ, ਕਵੀਆਂ, ਕਵੀਸ਼ਰਾਂ, ਖੋਜੀਆਂ ਨੂੰ ਇਸ ਪਾਖੰਡਵਾਦ ਵਿਰੁੱਧ ਖੁੱਲ੍ਹ ਕੇ ਲਹਿਰ ਚਲਾਉਣੀ ਚਾਹੀਦੀ ਹੈ। ਪਰ ਕਰੀਏ ਕੀ ? ਬੀਤੇ ਦਿਨੀਂ ੩ ਨਵੰਬਰ ਦੀ ਉਦਾਹਰਣ ਲਈਏ ਤਾਂ ਮੰਜੀ ਸਾਹਿਬ ਥਾਤ ਦੇ ਕਵੀ ਦਰਬਾਰ ਵਿਚ ਬਹੁਤੇ ਕਵੀਆਂ ਨੇ ਸਿਹਰੇ-ਸਿਖਿਆ ਵਰਗੀਆਂ ਕਵਿਤਾਵਾਂ ਗਾ ਕੇ ਸਮਾਂ ਹੀ ਪੂਰਾ ਕੀਤਾ। ਹਾਂ, ਇਕ-ਦੋ ਕਵੀਆਂ ਨੇ ਵਰਤਮਾਨ ਵਿਸ਼ਿਆਂ ਨੂੰ ਚੰਗੀ ਤਰ੍ਹਾਂ ਝੰਜੋੜਿਆ ਤੇ ਸੰਗਤ ਨੇ ਵੀ ਚੇਤੰਨ ਹੋ ਕੇ ਸੁਣਿਆ। ਐਨੀ ਜੁੜੀ ਸੰਗਤ ਨੂੰ ਜੇ ਵਰਤਮਾਨ ਪ੍ਰਤੀ ਸੁਚੇਤ ਈ ਨਹੀਂ ਕਰਨਾ ਜਾਂ ਧਰਮ ਪ੍ਰਤੀ ਜਾਗਰਤੀ ਨਾ ਆਈ ਤਾਂ ਅਡੰਬਰ ਕਿਉਂ ਕੀਤਾ ਜਾਂਦਾ ? ਪੰਥ ਨੂੰ ਇਸ ਸਮੇਂ ਜਾਗਰਤੀ ਦੀ ਲੋੜ ਹੈ।

## ਡੇਰਿਆਂ 'ਚ ਫਸੇ ਸਿੱਖਾਂ ਨੂੰ ਪੰਥ ਵੱਲ ਕਿਵੇਂ ਮੋੜੀਏ ?

ਇਸ ਵਕਤ ਅੰਮ੍ਰਿਤਧਾਰੀ ਖ਼ਾਲਸਾ ਫੌਜ ਜੋ ਡੇਰਿਆਂ ਦੇ ਰੂਪ ਵਿਚ ਵਿਖਰੀ ਹੋਈ ਹੈ। ਸਾਨੂੰ ਚਾਹੀਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਵੱਧ ਤੋਂ ਵੱਧ ਸਤਿਕਾਰ ਕਾਇਮ ਰੱਖਣ ਵਾਸਤੇ ਇਕ ਵਿਸ਼ੇਸ਼ ਮੁਹਿੰਮ ਸ਼ੁਰੂ ਕਰੀਏ। ਸਾਡੇ ਸਾਰਿਆਂ ਵਿਚ ਮੁੱਖ ਘਾਟ ਇਹ ਹੈ ਕਿ ਅਸੀਂ ਜੋ ਕਹਿੰਦੇ ਹਾਂ ਉਹ ਕਰਦੇ ਨਹੀਂ ਹਾਂ। ਸੰਤ ਸ਼ਬਦ ਗੁਰੂ ਅਤੇ ਅਕਾਲ ਪੁਰਖ ਲਈ ਵਰਤੇ ਹਨ। ਇੰਜ ਹੀ ਗੁਰੂ ਗ੍ਰੰਥ ਸਾਹਿਬ ਵਿਚ 'ਸੰਤਹੁ' ਸ਼ਬਦ ਅੰਮ੍ਰਿਧਾਰੀ ਗੁਰ ਸਿੱਖ ਸੰਗਤ ਲਈ ਵਰਤਿਆ ਹੈ।

ਹੁਣ ਅਸੀਂ ਵੇਖਦੇ ਹਾਂ ਕਿ ਸੰਤ, ਸਾਧ, ਸੰਤਨ, ਸੰਤਹੁ ਸ਼ਬਦ ਨੂੰ ਹਰ ਐਰਾ-ਗੈਰਾ, ਜੋ ਵੇਖਣ ਨੂੰ ਅੰਮ੍ਰਿਤਧਾਰੀ ਗੁਰੂ ਸਿੱਖ ਭਾਈ ਲਗਦਾ ਹੈ, ਸੰਤ, ਸਾਧੂ, ਬ੍ਰਹਮ ਗਿਆਨੀ ਦੀ ਫੀਤੀ ਆਪਣੇ ਨਾਮ ਅੱਗੇ ਜੋੜ ਕੇ ਡੇਰਾ ਬਣਾਕੇ (ਸੰਤ-ਗੁਰੂ) ਬਣ ਬੈਠਦਾ ਹੈ। ਜੋ ਗਿਣਤੀ ਵਿਚ ਇਕ ਨਹੀਂ ਦੋ ਨਹੀਂ ਹਜ਼ਾਰਾਂ ਵਿਚ ਹਨ। ਇਸ ਅਖੌਤੀ ਖੇਡ ਲਈ ਅਸੀਂ ਸਣੇ ਲੀਡਰ ਸਾਰੇ ਹੀ ਜ਼ਿੰਮੇਵਾਰ ਹਾਂ। ਕਿਉਂਕਿ ਅਸੀਂ ਧਰਮ ਪ੍ਰਚਾਰ ਰਾਹੀਂ ਸੰਤ, ਸਾਧ, ਸੰਤਨ, ਸੰਤਹੁ ਸ਼ਬਦਾਂ ਦੇ ਭੇਦ ਸੰਗਤਾਂ ਨੂੰ ਨਹੀਂ ਦੱਸ ਰਹੇ।

ਇਹ "ਸਾਧੂ" "ਸੰਤਨ" ਗੁਰੂ ਨਾਨਕ ਸਾਹਿਬ ਅਤੇ ਅਕਾਲ ਪੁਰਖ ਲਈ ਰਾਖਵੇਂ ਰੱਖੇ ਹਨ। ਸੰਤਹੁ ਸ਼ਬਦ ਗੁਰ ਸਿੱਖਾਂ ਦੀ ਸੰਗਤ ਲਈ ਹੈ। ਅੰਮ੍ਰਿਤਧਾਰੀ, ਗੁਰੂ ਦਾ ਸਿੰਘ, ਇਕ ਪਰਿਵਾਰ ਦੀ ਤਰ੍ਹਾਂ ਆਪਸ ਵਿਚ ਭਾਈ-ਭਾਈ ਹੈ। ਹੁਣ ਦਾਸ ਦੀ ਬੇਨਤੀ ਹੈ ਕਿ ਡੇਰਿਆਂ ਦੀ ਸਮਾਪਤੀ ਲਈ ਆਪ ਜੀ ਉੱਦਮ ਕਰਕੇ ਧਰਮ ਪ੍ਰਚਾਰ ਕਮੇਟੀ ਮੈਂਬਰਾਂ ਅਤੇ ਗੁਰਬਾਣੀ ਦੇ ਸਹੀ ਅਰਥ ਜਾਨਣ ਵਾਲੇ ਵਿਦਵਾਨਾਂ ਨੂੰ ਸੱਦ ਕੇ (ਸੰਤ ਬ੍ਰਹਮ ਗਿਆਨੀ) ਸ਼ਬਦਾਂ ਨੂੰ ਇਕ ਵਿਅਕਤੀ ਲਈ ਵਰਤਣ 'ਤੇ ਪਾਬੰਧੀ ਲਾਉਣ ਲਈ ਹੁਕਮਨਾਮਾ ਤਿਆਰ ਕੀਤਾ ਜਾਵੇ ਤੇ ਸਿੱਖ ਡੇਰਿਆਂ ਵਿਚ ਬੈਠੇ ਅਖੌਤੀ ਸੰਤਾਂ ਗੁਰੂਆਂ ਦੇ ਭਰਮ ਪਾਖੰਡ ਦਾ ਪਰਦਾ ਫਾਸ਼ ਕੀਤਾ ਜਾਵੇ ਤਾਂ ਹੀ ਸਿੱਖ ਸੰਗਤਾਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਅਕਾਲ ਤਖ਼ਤ ਸਾਹਿਬ ਵੱਲ ਨੂੰ ਮੂੰਹ ਮੋੜਨ ਦੀ ਖੇਚਲ ਕਰਨਗੀਆਂ। ਉਹ ਵੀ ਤਾਂ, ਜੇਕਰ ਸਾਰਿਆਂ ਦਾ "ਮਨ" ਅਸਲ ਮਾਇਨਿਆਂ ਵਿਚ ਇਹ ਚਾਹੁੰਦਾ ਹੋਵੇ ਕਿ ਗੁਰੂ ਦਾ ਸਰੀਰ ਪੰਥ ਵਿਚ ਅਤੇ ਦੀਦਾਰ ਖ਼ਾਲਸੇ ਵਿਚ ਹੈ।

ਦਾਸ ਤਾਂ ਮਨ ਵਿਚ ਇਹ ਹੀ ਖੁਆਇਸ਼ ਰੱਖਦਾ ਹੈ ਕਿ ਜੇ "ਸੰਤ" ਸ਼ਬਦ ਦੀ ਵਰਤੋਂ ਇਕ ਵਿਅਕਤੀ ਲਈ ਵਰਤਣ 'ਤੇ ਪਾਬੰਧੀ ਲੱਗ ਜਾਵੇ ਤਾਂ ਹਰ ਗੁਰੂ ਦਾ ਸਿੰਘ ਆਪਣੇ ਨਾਮ ਨਾਲ ਭਾਈ ਸ਼ਬਦ ਜੋੜਨ ਲੱਗ ਪੈਣ ਤਾਂ ਡੇਰੇ ਆਪਣੇ ਆਪ ਹੀ ਖਤਮ ਹੋ ਜਾਣਗੇ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਸਲ ਸ਼ਬਦ ਗੁਰੂ ਵਿਅਕਤੀ ਦੀ ਪਦਵੀ ਮਿਲ ਜਾਵੇਗੀ। ਤੇ ਗੁਰੂ ਸਾਹਿਬ ਜੀ ਦਾ ਰੁਤਬਾ

ਕਿਸੇ ਵਿਅਕਤੀ ਦੀ ਦੇਹ ਤੋਂ ਉੱਚਾ ਹੋ ਜਾਵੇਗਾ। ਆਉ ਆਪਣੇ ਮਨਾਂ ਨੂੰ ਸਾਫ਼ ਕਰਕੇ ਇਹ ਕਦਮ ਚੁੱਕ ਲਈਏ ਤਾਂ ਕਿ ਸਾਰੇ ਸਿੰਘ ਅੰਮ੍ਰਿਤਧਾਰੀ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹੋ ਜਾਣ,

1. (ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਤੇ ਦੀਦਾਰੇ ਖ਼ਾਲਸਾ ਜੀ ਦੇ) ਅਸਲ ਸੁਪਨਾ ਪੂਰਾ ਹੋ ਜਾਵੇ।

2. ਮੁੱਖ ਮੰਤਰੀ, ਪੰਜਾਬ ਸਰਕਾਰ ਨੂੰ ਕਹਿ ਕੇ ਬੀੜੀਆਂ ਸਿਗਰੇਟਾਂ, ਗੁਟਖੇ ਜੋ ਸਰਕਾਰੀ ਬੱਸਾਂ, ਟੈਲੀਵਿਜ਼ਨਾਂ ਵਿਚ ਮਸ਼ਹੂਰੀ ਕਰ ਰਹੇ ਹਨ ਜਿਨ੍ਹਾਂ ਦੀ ਬਦੌਲਤ ਸਕੂਲਾਂ ਦੇ ਬੱਚੇ ਆਮ ਗੁਟਖੇ ਖ਼ਰੀਦ ਕੇ ਖਾ ਰਹੇ ਹਨ ਉਨ੍ਹਾਂ ਬੱਚਿਆਂ ਦੀ ਸਿਹਤ ਨੂੰ ਦੇਖਦਿਆਂ ਹੋਇਆਂ ਤੁਰੰਤ ਪਾਬੰਧੀ ਲਈ ਉੱਦਮ ਕੀਤਾ ਜਾਵੇ ਤੇ ਪੰਜਾਬ ਵਿਚ ਧੜਾਧੜ ਬਿਹਾਰ ਤੇ ਯੂ.ਪੀ. ਤੋਂ ਆ ਰਹੇ ਲੋਕਾਂ ਜੋ ਆ ਕੇ ਰੇਹੜੀਆਂ 'ਤੇ ਬੀੜਆਂ ਸਿਗਰੇਟਾਂ ਤੋ ਗੁਟਖੇ ਵੇਚ ਰਹੇ ਹਨ ਦੀਆਂ ਰੇਹੜੀਆਂ ਨੂੰ ਜਬਤ ਕਰਨ ਲਈ ਕਦਮ ਚੁੱਕਿਆ ਜਾਵੇ। ਪੰਜਾਬ ਦੀ ਬਰਬਾਦੀ ਲਈ ਭਈਆਂ ਦੀਆਂ ਹੇੜਾਂ ਜੋ ਆ ਰਹੀਆਂ ਹਨ ਇਨ੍ਹਾਂ 'ਤੇ ਪਾਬੰਦੀ ਲਾਈ ਜਾਵੇ ਤਾਂ ਜੋ ਪੰਜਾਬ ਅਤੇ ਸਿੱਖ ਕੌਮ ਦੇ ਬੱਚੇ ਸਿਗਰੇਟਾਂ ਦੇ ਮਾਰੂ ਧੂੰਏ ਦੇ ਹਮਲੇ ਤੋਂ ਬਚ ਸਕਣ। ਸਿੰਘ ਵੀ ਇਸ ਜਗਤ ਜੂਠ ਤੋਂ ਬਚ ਸਕਣ।

3. (ੳ) ਨਾਨਕਸਰ ਜਗਰਾਉਂ ਦੇ ਡੇਰੇ (ਠਾਠ) ਤੇ ਇਨ੍ਹਾਂ ਜਿਹਿਆਂ ਡੇਰਿਆਂ ਦੇ ਪਾਖੰਡ ਬਾਰੇ ਉਹ ਗੁਰੂ ਦਾ ਸਿੱਖ ਚੰਗੀ ਤਰ੍ਹਾਂ ਸਮਝ ਸਕਦਾ ਹੈ ਜੋ ਗੁਰੂ ਜੀ ਦੇ ਅਸੂਲਾਂ ਦੀ ਸਮਝ ਰੱਖਦਾ ਹੋਵੇ ਇਨ੍ਹਾਂ ਡੇਰੇਦਾਰਾਂ ਨੇ ਸੰਗਤਾਂ ਨੂੰ ਗੁੰਮਰਾਹ ਕਰਨ ਲਈ ਪਹਿਲਾਂ ਜਾਹਿਰਾ ਪੀਰ ਧੰਨ ਧੰਨ ਗੁਰੂ ਨਾਨਕ ਸਾਹਿਬ ਦੇ ਸੱਜੇ ਪਾਸੇ ਬੈਠੇ ਰਬਾਬ ਵਜਾਉਂਦੇ ਭਾਈ ਮਰਦਾਨਾ ਜੀ ਉਠਾ ਕੇ ਨੰਦ ਸਿੰਘ ਜੀ ਨੂੰ ਬਿਠਾ ਦਿੱਤਾ ਹੈ ਤੇ ਖੱਬੇ ਪਾਸੇ ਬੈਠੇ ਚਵਰ ਦੀ ਸੇਵਾ ਕਰਦਾ ਭਾਈ ਬਾਲਾ ਜੀ ਨੂੰ ਉਠਾ ਕੇ ਈਸ਼ਰ ਸਿੰਘ ਜੀ ਨੂੰ ਬਿਠਾ ਦਿੱਤਾ ਹੈ। ਅਸਲ ਇਤਿਹਾਸ ਨੂੰ ਖ਼ਤਮ ਕਰਨ ਦੀ ਸੰਗੀਨ ਤੇ ਵੱਡੀ ਗੁਸਤਾਖ਼ੀ ਕੀਤੀ।

(ਅ) ਆਪਣੇ ਨਿੱਜੀ ਸਥਾਨ "ਨਾਨਕਸਰ ਭਗਤੀ ਦਾ ਘਰ" ਆਖ ਕੇ ਅੰਮ੍ਰਿਤਸਰ ਸਿਫ਼ਤੀ ਦਾ ਘਰ ਗੁਰਬਾਣੀ ਦੀ ਤੁਕ ਨੂੰ ਵਿਗਾੜਨ ਦੀ ਦੂਜੀ ਗੁਸਤਾਖ਼ੀ ਕੀਤੀ।

(ੲ) ਇਕ ਤਸਵੀਰ ਵਿਚ ਇਨ੍ਹਾਂ ਨੇ ਨੰਦ ਸਿੰਘ ਜੀ ਨੂੰ ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਅਵਤਾਰ ਦਰਸਾਉਣ ਲਈ ਬਾਬਾ ਨੰਦ ਸਿੰਘ ਜੀ ਦੇ ਉੱਪਰ ਕਰਕੇ ਗੁਰੂ ਨਾਨਕ ਸਾਹਿਬ ਜੀ ਦੀ ਤਸਵੀਰ ਛਾਪੀ ਹੈ। ਤਸਵੀਰ ਦੇ ਖੱਬੇ ਪਾਸੇ ਈਸ਼ਰ ਜੀ ਦੇ ਉੱਤੇ ਦਸ਼ਮੇਸ਼ ਪਿਤਾ ਦੀ ਤਸਵੀਰ ਛਾਪ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਅਵਤਾਰ ਦਰਸਾਇਆ ਹੋਇਆ ਹੈ। ਸੰਗਤਾਂ ਨੂੰ ਗੁੰਮਰਾਹ

ਕਰਨ ਦੀ ਇਹ ਤੀਜੀ ਗੁਸਤਾਖ਼ੀ ਕੀਤੀ ਹੈ।

ਸੱਚ ਬੋਲਣਾ ਕੋਈ ਗ਼ੁਨਾਹ ਨਹੀਂ ਹੁੰਦਾ। ਹੁਣ ਪੰਥ ਦੇ ਆਗੂਆਂ ਨੇ ਜੋ ਡੇਰਿਆਂ ਬਾਰੇ ਗੁਰ ਇਤਿਹਾਸਕ ਅਸਥਾਨਾਂ ਤੋਂ ਬਾਹਰ ਅਲੱਗ ਸਿੱਖ ਸਰੂਪ ਵਿਚ ਆਪਣੀ ਵੱਖਰੀ ਅਖੌਤੀ ਸੰਪਰਦਾ ਚਲਾਉਣ ਵਾਲਿਆਂ ਵਿਰੁੱਧ ਆਵਾਜ਼ ਉਠਾਈ ਹੈ ਤਾਂ ਡੇਰੇਦਾਰਾਂ ਵੱਲੋਂ ਇਨ੍ਹਾਂ ਦੇ ਖਿਲਾਫ਼ ਜਹਾਦ ਖੜਾ ਕਰ ਲਿਆ ਹੈ। ਚਾਹੀਦਾ ਤਾਂ ਇਹ ਹੈ ਕਿ ਇਹ ਆਪਣੇ ਆਪਣੇ ਡੇਰੇ ਭੰਗ ਕਰਨ।

ਹੁਣ ਦਾਸ ਵੱਲੋਂ ਤਾਂ ਇਹ ਵੀ ਸਲਾਹ ਹੈ ਕਿ ਡੇਰੇਦਾਰਾਂ ਦੀਆਂ ਉਹ ਤਸਵੀਰਾਂ ਸਖ਼ਤ ਕਾਰਵਾਈ ਕਰਕੇ ਜਬਤ ਕੀਤੀਆਂ ਜਾਣ। ਪਾਬੰਧੀ ਦੇ ਬਾਵਜੂਦ ਵੀ ਇਨ੍ਹਾਂ ਡੇਰੇਦਾਰਾਂ ਵੱਲੋਂ ਛਾਪੀਆਂ ਗੁਰਬਾਣੀ ਦੀਆਂ ਪੋਥੀਆਂ ਗੁਰਦੁਆਰਿਆਂ ਦੇ ਨੇੜੇ ਕਕਾਰਾਂ ਦੀਆਂ ਦੁਕਾਨਾਂ ਵਿਚ ਵਿਕ ਰਹੀਆਂ ਹਨ। ਡੇਰੇਦਾਰਾਂ ਦੀਆਂ ਫੋਟੋਆਂ, ਕੱਚੀਆਂ ਧਾਰਨਾ ਵਾਲੀਆਂ ਕੈਸਟਾਂ ਤੇ ਵੇਚਣ 'ਤੇ ਪਾਬੰਦੀ ਲਗਾਉਣ ਦੀ ਖੇਚਲ ਕਰਨੀ ਚਾਹੀਦੀ ਹੈ।

4. ਇਤਿਹਾਸਕ ਗੁਰਦੁਆਰਿਆਂ ਦੇ ਸਾਰੇ ਮੈਨੇਜਰਾਂ ਨੂੰ ਸੂਚਿਤ ਕੀਤਾ ਜਾਵੇ ਕਿ ਗੁਰਦੁਆਰਿਆਂ ਦੀਆਂ ਕੰਧਾਂ 'ਤੇ ਜਾਂ ਬੋਰਡਾਂ ਤੇ ਮਰ ਚੁੱਕੇ ਅਖੌਤੀ ਸੰਤਾਂ, ਬ੍ਰਹਮ ਗਿਆਨੀਆਂ ਦੇ ਸੰਬੰਧ ਵਿਚ ਗੁਰਮਤਿ ਸਮਾਗਮ ਦੇ ਪੋਸਟਰ ਨਾ ਲੱਗਣ ਦੇਣ ਤਾਂ ਜੋ ਆਪਾਂ ਸਾਰੇ ਸੰਗਤਾਂ ਨੂੰ ਗੁਰੂ ਇਤਿਹਾਸਕ ਸਥਾਨਾਂ ਅਤੇ ਸ਼ਬਦ ਗੁਰੂ ਨਾਲੋਂ ਤੋੜਕੇ ਡੇਰੇਦਾਰਾਂ ਦੇ ਸੇਵਕ ਬਣਾਉਣ ਦੀ ਗੁਸਤਾਖ਼ੀ ਤੋਂ ਬਚ ਸਕੀਏ।

5. ਇਤਿਹਾਸਕ ਗੁਰਦੁਆਰਿਆਂ ਵਿਚ ਧਾਰਮਿਕ ਪੁਸਤਕਾਂ ਲਈ ਗੁਰਦੁਆਰਾ ਸਾਹਿਬ ਦੇ ਅੰਦਰ ਢੁਕਵੀਂ ਜਗ੍ਹਾ 'ਤੇ ਸ਼ੈੱਡ ਪਾ ਕੇ ਦਿੱਤਾ ਜਾਵੇ ਤਾਂ ਜੋ ਸੰਗਤਾਂ ਆਰਾਮ ਨਾਲ ਕਿਤਾਬਾਂ ਖਰੀਦ ਕੇ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ। ਦਾਸ ਨੇ ਵੇਖਿਆ ਹੈ ਕਿ ਗੁਰਦੁਆਰਾ ਭੱਠਾ ਸਾਹਿਬ ਜੀ ਵਿਖੇ ਸਿੱਖ ਫੁਲਵਾੜੀ ਦਾ ਲਿਟਰੇਚਰ ਵਾਲੇ ਸੇਵਾਦਾਰ ਧੁੱਪ ਵਿਚ ਖਲੋਕੇ ਵੇਚਦੇ ਹਨ ਤੇ ਸੰਗਤਾਂ ਵੀ ਧੁੱਪ ਦੇ ਕਾਰਨ ਧਾਰਮਿਕ ਪੁਸਤਕਾਂ ਨਹੀਂ ਖਰੀਦ ਸਕਦੀਆਂ।

6. ਗੁਰਦੁਆਰਿਆਂ ਦੇ ਬਾਹਰ ਭਈਏ ਜੋ ਗੁਰਦੁਆਰੇ ਦੇ ਨੇੜੇ ਰੇਹੜੀ ਲਿਆਉਣ ਤੋਂ ਪਹਿਲਾਂ ਆਪਣੇ ਘਰਾਂ ਵਿਚ ਚਾਟ, ਛੋਲੇ, ਫਲ ਫਰੂਟਾਂ ਤੇ ਬੀੜੀਆਂ ਸਿਗਰੇਟਾਂ ਦਾ ਧੂੰਆਂ ਮਾਰਿਆ ਜਾਂਦਾ ਹੈ ਤੇ ਫਿਰ ਗੁਰਦੁਆਰਿਆਂ ਦੇ ਸਾਹਮਣੇ ਆ ਕੇ ਖੜ ਜਾਂਦੇ ਹਨ ਤੇ ਸੰਗਤਾਂ ਨੂੰ ਜੂਠੇ ਬਰਤਨਾਂ ਵਿਚ ਉਪਰੋਕਤ ਧੂੰਏ ਵਾਲੇ ਪਦਾਰਥ ਛਕਾਏਜਾਂਦੇ ਹਨ। ਇਨ੍ਹਾਂ ਨੂੰ ਗੁਰਦੁਆਰਿਆਂ ਦੇ ਨੇੜੇ ਤੋਂ ਹਟਾਇਆ ਜਾਵੇ। ਕਿਉਂਕਿ ਸੰਗਤਾਂ ਗੁਰੂ ਘਰ ਵਿਚ ਲੰਗਰ ਖਾ ਕੇ ਭਈਆ ਦੀਆਂ ਰੇਹੜੀਆਂ ਤੋਂ ਵੀ ਕੁਝ ਨਾ ਕੁਝ ਜੂਠੇ ਭਾਂਡਿਆਂ ਵਿਚ ਵੀ ਛਕ ਲੈਂਦੀਆਂ ਹਨ ਜਿਨ੍ਹਾਂ ਨਾਲ

ਪੇਟ ਦੀ ਬਿਮਾਰੀ ਵੀ ਲੱਗ ਜਾਂਦੀ ਹੈ ਤੇ ਸਾਰਾ ਦੋਸ਼ ਗੁਰੂ ਜੀ ਦੇ ਲੰਗਰਾਂ ਨੂੰ ਦਿੱਤਾ ਜਾਂਦਾ ਹੈ। ਇਨ੍ਹਾਂ ਰੇਹੜੀਆਂ ਨੂੰ ਤੁਰੰਤ ਹਟਾਉਣ ਦੀ ਲੋੜ ਹੈ। ਇਸ ਨਾਲ ਗੁਰ ਸਿੱਖਾਂ ਦਾ ਜੂਠ ਵਿਚ ਮੂੰਹ ਪਾਉਣ ਦਾ ਜੋ ਵਰਤਾਰਾ ਵਰਤ ਰਿਹਾ ਹੈ, ਨੂੰ ਰੋਕ ਲੱਗ ਜਾਵੇਗੀ।

7. ਗੁਰਦੁਆਰਿਆਂ ਦੇ ਅੰਦਰ ਪ੍ਰਸ਼ਾਦ ਸਿਰਫ਼ ਦੇਗ ਦਾ ਹੀ ਵਰਤਾਣ ਦਾ ਹੁਕਮ ਹੋਣਾ ਚਾਹੀਦਾ ਹੈ ਹਰ ਤਰ੍ਹਾਂ ਦੀ ਬਜਾਰੂ ਮਿਠਾਈਆਂ ਵਗੈਰਾ ਦੇ ਭੋਗ ਵਰਤਾਣੇ ਬੰਦ ਕਰਾਏ ਜਾਣ ਜੋ ਗੁਰਮਤਿ ਦੇ ਅਸੂਲਾਂ ਤੋਂ ਉਲਟ ਹੈ। "ਦੇਗ ਤੇਗ ਫਤਹਿ" ਗੁਰੂ ਸਾਹਿਬ ਜੀ ਦੇ ਬਚਨਾ 'ਤੇ ਪਹਿਰਾ ਦੇਣ ਦਾ ਹੁਕਮ ਕਰੇਗੀ।

8. ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ ਗੁਰਦੁਆਰਾ ਸਾਹਿਬ ਜੀ ਦੇ ਅੰਦਰ ਜਿੰਨੇ ਵੀ ਸੇਵਾਦਾਰ ਭਾਵ ਹਰ ਪ੍ਰਕਾਰ ਦੀ ਸੇਵਾ ਨਾਲ ਸੰਬੰਧਿਤ ਅੰਮ੍ਰਿਤਧਾਰੀ ਵੀ ਰੱਖੇ ਜਾਣ 'ਤੇ ਇਹ ਵੇਖਣਾ ਜ਼ਰੂਰੀ ਹੈ ਕਿ ਅੰਮ੍ਰਿਤ ਛਕੇ ਹੋਣ ਦੀ ਸ਼੍ਰੋਮਣੀ ਕਮੇਟੀ ਵੱਲੋਂ ਜਾਂ ਗੁਰਸਿੱਖ ਮਿਸ਼ਨਰੀ ਦੀ ਲਿਸਟ ਵਿਚ ਨਾਂ ਦਰਜ ਹੋਣਾ ਚਾਹੀਦਾ ਹੈ। ਇਹ ਯਕੀਨੀ ਕਰਾਇਆ ਜਾਵੇ ਕਿ ਅਜਿਹਾ ਬੰਦਾ ਕਿਸੇ ਡੇਰੇਦਾਰ ਦਾ ਸ਼ਰਧਾਲੂ ਨਾ ਹੋਵੇ।

## ਸਾਧਾਂ ਬਾਰੇ

ਅਹਿ ਨੇ ਸੰਤ ਕਲੇਰਾਂ ਵਾਲੇ, ਇੱਧਰ ਸੰਤ ਝੰਡੇਰਾਂ ਵਾਲੇ।
ਇਹ ਸੰਤ ਨੇ ਜੌੜਾਂ ਵਾਲੇ, ਔਹ ਸੰਤ ਨੇ ਮੌੜਾਂ ਵਾਲੇ।
ਇਕ ਸੰਤ ਨੇ ਜਵੱਦੀ ਵਾਲੇ, ਦੂਜੇ ਸੰਤ ਨੇ ਘਵੱਦੀ ਵਾਲੇ।
ਇਹ ਬਾਬੇ ਹਨ ਨਾਨਕਸਰੀਏ, ਇਹ ਸੰਤ ਹਨ ਅੰਬਰਸਰੀਏ।
ਆਹ ਸੰਤ ਨੇ ਜੋਗੇ ਵਾਲੇ, ਇਹ ਬੈਠੇ ਹਨ ਮੋਗੇ ਵਾਲੇ।
ਇਹ ਸੰਤ ਹਨ ਜੌਹਲਾਂ ਵਾਲੇ, ਦੂਜੇ ਸੰਤ ਹਨ ਧੌਹਲਾਂ ਵਾਲੇ।
ਇਕ ਸੰਤ ਨੇ ਦੂਧਾਧਾਰੀ, ਦੂਜੇ ਸੰਤ ਨੇ ਇੱਛਿਆਧਾਰੀ।
ਬਾਗਾਂ ਵਾਲੇ, ਇਹ ਚਾਹ ਵਾਲੇ, ਮੱਖਣੀ ਵਾਲੇ, ਯੱਖਣੀ ਵਾਲੇ।
ਇਹ ਬਾਬੇ ਹਨ ਮਨਸੂਰਾਂ ਵਾਲੇ, ਆਹ ਸੰਤ ਨੇ ਹੂਰਾਂ ਵਾਲੇ।
ਇਹ ਬਾਬਾ ਬਨਖੰਡੀ ਏ, ਔਹ ਬਾਬਾ ਚੌਖੰਡੀ ਏ।
ਇਹ ਸੰਤ ਹਨ ਸਗਾਵਾਂ ਵਾਲੇ, ਦੂਜੇ ਸੰਤ ਮਨਾਵਾਂ ਵਾਲੇ।
ਇੱਧਰ ਵੇਖੋ ਊਨੇ ਵਾਲੇ, ਇਹ ਸੰਤ ਹਨ ਚੂਨੇ ਵਾਲੇ।
ਇਕ ਬਾਬੇ ਨੇ ਸਿਆੜ ਵਾਲੇ, ਤੇ ਆਹ ਬਾਬੇ ਨੇ ਮਨਵਾੜ ਵਾਲੇ।
ਇਕ ਸੰਤ ਨੇ ਕੰਬਲੀ ਵਾਲੇ, ਦੂਜੇ ਸੰਤ ਨੇ ਸੰਗਲੀ ਵਾਲੇ।
ਜੰਡਾਂ ਵਾਲੇ ਝੰਡਾਂ ਵਾਲੇ, ਲੀਰਾਂ ਵਾਲੇ, ਤੀਰਾਂ ਵਾਲੇ।

ਪੌਣਾਹਾਰੀ, ਦੁਧਾਧਾਰੀ, ਪਰੀਆਂ ਵਾਲੇ ਜ਼ਰੀਆਂ ਵਾਲੇ।
ਇਕੱ ਬਾਬੇ ਹੱਥ ਹੌਲਾ ਕਰਦੇ, ਇਹ ਬਾਬੇ ਹਨ ਝਾੜਾ ਕਰਦੇ।
ਲਾਲਾਂ ਵਾਲੇ, ਜਾਲਾਂ ਵਾਲੇ, ਮੋਤੀਆਂ ਵਾਲੇ, ਜੋਤੀਆਂ ਵਾਲੇ।
ਡੰਡੇ ਵਾਲੇ, ਝੰਡੇ ਵਾਲੇ, ਅਖਾੜੇ ਵਾਲੇ, ਬੁਲਾਰੇ ਵਾਲੇ।
ਤਪੜੀ ਵਾਲੇ, ਛਪੜੀ ਵਾਲੇ, ਰਾਧਾ ਸੁਆਮੀ, ਅੰਤਰਜਾਮੀ।
ਕਤਾਰਾਂ ਵਾਲੇ, ਪਹਾੜਾਂ ਵਾਲੇ, ਮਾਲਾ ਵਾਲੇ, ਜਵਾਲਾਂ ਵਾਲੇ।
ਕਿੰਗਰੀਆਂ ਵਾਲੇ, ਸਿੰਗਰੀ ਵਾਲੇ, ਮਿਆਣੀ ਤੇ ਲਲਿਆਣੀ ਵਾਲੇ।
ਟਾਟਾਂ ਵਾਲੇ, ਫਾਟਾਂ ਵਾਲੇ, ਫੂਕਾਂ ਵਾਲੇ ਧਾਗਾ ਕਰਦੇ।
ਕੋਈ ਸੰਤ ਕ੍ਰਿਸ਼ਨ ਭਗਤ ਹੈ ਕੋਈ ਬਾਬਾ ਰਾਮ ਭਗਤ ਹੈ।
ਕੋਈ ਸੰਤ ਵਰ ਸਾਰੇ ਦੇਵੇ, ਕੋਈ ਭੂਤ ਵਸ ਕਰ ਦੇਵੇ।
ਕੋਈ ਸੰਤ ਨਿਰੀ ਫੂਕ ਹੀ ਮਾਰੇ, ਕੋਈ ਨਾਲੇ ਪਾਠ ਕਰਾਵੇ।
ਕੋਈ ਰਿੱਧੀਆਂ, ਸਿੱਧੀਆਂ ਦੇਵੇ, ਕੋਈ ਬਾਬੇ ਨੇ ਲਾਂਦੇ ਟੇਵੇ।
ਕਈ ਕੰਨਾਂ ਵਿਚ ਮੰਤਰ ਦਿੰਦੇ, ਕੰਨਾ ਮੰਨਾ ਕੁਰਰ ਕਰੇਂਦੇ।
ਅੱਖਰ ਇਕ ਗਿਆਨ ਨਾ ਆਵੇ, ਫਿਰ ਵੀ ਪੂਰਨ ਸੰਤ ਕਹਾਵੇ।
ਕਈ ਰੱਬ ਨੂੰ ਕੰਨੋਂ ਫੜ ਲੈਂਦੇ, ਮੂੰਹ ਮੰਗੀਆਂ ਮੁਰਾਦਾਂ ਦਿੰਦੇ।

## ਇਹ ਅਜੋਕੀ ਜਥੇਦਾਰੀ ?

1. ਜਥੇਦਾਰੀ! ਜਥੇਦਾਰੀ! ਜਾਂ ਫਿਰ ਗੱਫੇਦਾਰੀ
   ਸਿੱਖੀ ਦੀ ਨਾ ਰਾਖੀ ਕਰੋ ਇਹ ਕੈਸੀ ਜਥੇਦਾਰੀ ?
2. ਆਪਣਾ ਹੁਕਮ ਛੱਡੇ, ਪੰਥ ਦੀਆਂ ਜੜ੍ਹਾਂ ਵੱਢੇ
   ਤਾਨਸ਼ਾਹੀ ਬਣ ਬੈਠੀ ਇਹ ਹੈਂਕੜਬਾਜ ਜਥੇਦਾਰੀ।
3. ਗੁਰੂ ਦਾ ਸਿਧਾਂਤ ਨਾਹੀ, ਮਨ ਇਹਦਾ ਸ਼ਾਂਤ ਨਾਹੀ
   ਕੂਕਰ ਦੇ ਵਾਂਗੂ ਲੋਭੀ ਇਹ ਅਜੋਕੀ ਜਥੇਦਾਰੀ।
4. ਸਿੱਖ ਮਸਲੇ ਦਾ ਹੱਲ ਨਾਹੀ, ਸਿਖੀ ਵਾਲੀ ਗੱਲ ਨਾਹੀ
   ਬਾਦਲ ਦੀ ਦਾਸੀ ਬਣੀ ਇਹ ਫੋਕੀ ਜਥੇਦਾਰੀ।
5. ਹਿੰਦੂ ਸਾਨੂੰ ਕਹੀ ਜਾਵੇ, ਗੰਗਾ ਵੱਲ ਲਈ ਜਾਵੇ
   ਲਵ ਕੁਸ਼ ਦੀ ਔਲਾਦ ਆਖੇ ਇਹ ਹਿੰਦੂ ਜਥੇਦਾਰੀ।
6. ਸਾਧਾਂ ਦੀ ਝੋਲੀ ਚੁੱਕ, ਲਵ ਕੁਸ਼ ਦੀ ਬਣੀ ਪੁੱਤ
   ਸਿੱਖਾਂ ਦੀ ਇਹ ਕਰੇ ਲੁੱਟ, ਇਹ ਬੇਸਮਝ ਜਥੇਦਾਰੀ।
7. ਨਕੇਲ ਸਿਆਸੀਆਂ ਪਾਈ ਹੋਈ ਆ, ਰਿੱਛ ਨਾਚ ਨਚਾਈ ਹੋਈ ਆ
   ਡੰਡੇ ਅੱਗੇ ਲਾਈ ਹੋਈ ਆ, ਇਹ ਚਾਪਲੂਸ ਜਥੇਦਾਰੀ।

8. ਬਾਣੀ ਬਾਣਾ ਕੋਲ ਨਾਹੀ, ਕਪੂਰ ਸਿੰਘ ਵਰਗਾ ਰੋਲ ਨਾਹੀ
ਸ਼ੋਹਰਤਾਂ ਦੀ ਭੁੱਖੀ ਵੇਖੋ ਇਹ ਅਜੋਕੀ ਜਥੇਦਾਰੀ।

9. ਪਾਓ ਸਿੱਖੋ ਨਕੇਲ ਇਹਦੇ, ਇਰਾਦੇ ਕਰੋ ਫੇਲ ਇਹਦੇ
ਨਹੀਂ ਤਾਂ ਇੱਜਤ ਰਹਿਣ ਨਾ ਦੇਊ ਇਹ ਅਜੋਕੀ ਜਥੇਦਾਰੀ।

10. ਰੱਬਾ ਸੁਣ ਲੈ ਅਰਜ ਮੇਰੀ, ਰਹਿਮਤ ਰਹੀ ਏ ਸਦਾ ਤੇਰੀ
ਭੇਜ, ਕਪੂਰ ਸਿੰਘ, ਸ਼ਾਮ ਸਿੰਘ, ਅੱਜ ਬਚ ਜਾਏ ਜਥੇਦਾਰੀ।

ਦਿਲ ਨਹੀਂ ਸੀ ਕਰਦਾ ਕਿ ਇਹ ਕੁਝ ਲਿਖਿਆ ਜਾਂਦਾ ਪਰ ਜਦੋਂ ਕਿਸੇ ਦੇ ਕੀਤੇ ਉਪਕਾਰਾਂ ਨੂੰ ਵਿਸਾਰ ਕੇ ਕਿਰਦਾਰ 'ਚੋਂ ਅਕ੍ਰਿਤਘਣਤਾ ਦੀ ਬਦਬੂ ਆਉਣ ਲਗਦੀ ਹੈ ਤਾਂ ਉਥੇ ਤਾਂ ਭਾਈ ਗੁਰਦਾਸ ਜੀ ਵਰਗੇ ਪੂਰਨ ਗੁਰਸਿੱਖਾਂ ਦੀ ਕਲਮ ਵੀ ਨਹੀਂ ਰੁਕਦੀ। ਸਾਡੇ ਅਜੋਕੇ ਜਥੇਦਾਰਾਂ ਤੇ ਆਗੂਆਂ ਗੁਰੂ ਦੇ ਕੀਤੇ ਉਪਕਾਰਾਂ ਨੂੰ ਵਿਸਾਰ ਗੁਰੂ ਘਰ ਦੇ ਸਿਧਾਂਤ ਵੱਲੋਂ ਜਿਵੇਂ ਪਾਸਾ ਮੋੜਿਆ ਹੈ ਉਹ ਖਿਮਾਂਯੋਗ ਨਹੀਂ।

**ਹਰਜਿੰਦਰ ਸਿੰਘ ਸਭਰਾ**
ਪ੍ਰਚਾਰਕ

ਅੰਤ ਵਿਚ ਬੇਨਤੀ ਕਰਦਾ ਹਾਂ ਕਿ "ਭੁੱਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ॥" (ਪੰਨਾ 61) ਅਨੁਸਾਰ ਪੁਸਤਕ ਲਿਖਦਿਆਂ ਸੁਝਾਅ, ਦਿੰਦਿਆਂ ਤਰੁੱਟੀਆਂ ਰਹਿ ਗਈਆਂ ਹੋਣਗੀਆਂ ਕਿਉਂਕਿ ਆਖ਼ਰ ਇਹ ਬੰਦੇ ਦੀ ਹੀ ਲਿਖੀ ਹੋਈ ਹੈ। ਤੁਹਾਡੇ ਸੁਝਾਵਾਂ ਦੀ ਉਡੀਕ ਕਰਦਾ ਰਹਾਂਗਾ, ਤੁਹਾਡੇ ਸਵਾਲਾਂ ਦੇ ਉਤਰ ਦਿੰਦਾ ਰਹਾਂਗਾ, ਹੋਰ ਜੋ ਕੁਝ ਵੀ ਵਾਪਰਿਆ ਉਹ ਖਿੜੇ ਮੱਥੇ ਪ੍ਰਵਾਨ ਕਰਾਂਗਾ। ਹੋਈਆਂ ਭੁੱਲਾਂ ਦੀ ਖ਼ਿਮਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਪਾਸੋਂ ਮੰਗਦਾ ਹਾਂ।

ਜ਼ਿਕਰ ਕਰਤਾ ਹੂੰ ਤੋ ਸ਼ਾਇਦ ਉਨ ਕੋ ਹੋ ਸ਼ਿਕਾਇਤ,
ਚੁੱਪ ਰਹਿਤਾ ਹੂੰ ਤੋ ਮੇਰੀ ਨਾਨਕ ਸੇ ਕੁਤਾਹੀ ਹੋਤੀ ਹੈ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਅਤੇ
ਗੁਰੂ ਪੰਥ ਦਾ ਦਾਸਨਿ ਦਾਸ
ਸੁਖਵਿੰਦਰ ਸਿੰਘ ਸਭਰਾ
ਪ੍ਰਚਾਰਕ ਗੁਰਮਤਿ ਸਿਧਾਂਤ
ਪਿੰਡ ਤੇ ਡਾਕਖਾਨਾ ਸਭਰਾ,
ਤਹਿ. ਪੱਟੀ, ਜ਼ਿਲ੍ਹਾ ਅੰਮ੍ਰਿਤਸਰ
ਫੋਨ : 01851-257728
ਮੋਬਾਈਲ : **9814645442**